

# ਮਾਟੀ ਕੁਦਮ ਕਰੇਂਦੀ ਯਾਰ

**ਖ਼ਾਲਿਦ ਹੁਸੈਨ**

CC-0. Sohail Kazmi Collection, Jammu. Digitized by eGangotri

# ਮਾਟੀ ਕੁਦਮ ਕਰੇਂਦੀ ਯਾਰ

ਏਸੇ ਕਲਮ ਤੋਂ:

ਪੰਜਾਬੀ ਕਹਾਣੀ ਸੰਗ੍ਰਹਿ:

1. ਤੇ ਜਿਹਲਮ ਵਗਦਾ ਰਿਹਾ
2. ਗੋਰੀ ਫਸਲ ਦੇ ਸੌਦਾਗਰ
3. ਡੂੰਘੇ ਪਾਣੀਆਂ ਦਾ ਦੁੱਖ
4. ਬਲਦੀ ਬਰਫ਼ ਦਾ ਸੇਕ
5. ਇਸ਼ਕ ਮਲੰਗੀ (ਛਪਾਈ ਅਧੀਨ)
6. ਗੁਆਚੀ ਝਾਂਜਰ ਦੀ ਚੀਖ (ਨਾਵਲਿਟ)
7. ਨੂਰੀ ਰਿਸ਼ਮਾ (ਜੀਵਨੀ ਹਜ਼ਰਤ ਮੁਹੰਮਦ, ਬੱਚਿਆਂ ਲਈ)
8. ਮੇਰੇ ਰੰਗ ਦੇ ਅੱਖਰ (ਲੇਖ) (ਪ੍ਰੈੱਸ 'ਚ)

ਉਰਦੂ ਕਹਾਣੀ ਸੰਗ੍ਰਹਿ:

9. ਠੰਡੀ ਕਾਂਗੜੀ ਕਾ ਧੂੰਆਂ
10. ਇਸ਼ਤਿਹਾਰੋਂ ਵਾਲੀ ਹਵੇਲੀ
11. ਸਤੀ ਸਰ ਕਾ ਸੂਰਜ

ਹੱਡ - ਬੀਤੀ

# ਮਾਟੀ ਕੁਦਮ ਕਰੇਂਦੀ ਯਾਰ

ਖ਼ਾਲਿਦ ਹੁਸੈਨ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# *Maati Kudam Karendi Yaar*

*by:*

**Khalid Hussain©**
Yasir Imran,
Near Government High School, Bathindi
JAMMU-181152 (J&K)
Mob: 098580-00099, 094191-83485
email: hussain.khalid47@gmail.com
website: www.khalidhussain.in

*Tital Photo: Biba Balwant*

**ISBN : 978-93-82851-05-9**

**Rs. 300/-**

**2013**

*Printing and Bound In India*

*Published by:*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-241...61..., 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book

ਕਮਲਦੀਪ ਦੇ ਨਾਂ

ਜਿਸ ਦੇ ਉੱਦਮ ਨੇ
ਇਸ ਸ੍ਵੈ-ਜੀਵਨੀ ਨੂੰ
ਪੁਸਤਕ ਦਾ ਰੂਪ ਦਿੱਤਾ

# ਤਤਕਰਾ


- ਮਾਟੀ ਕੁਦਮ ਕਰੇਂਦੀ ਯਾਰ  -ਮਨਮੋਹਨ  7
- ਅੱਗ ਦੀ ਨਦੀ ਦੇ ਤਾਰੂ  15
- ਯਾਦਾਂ ਦੇ ਰੰਗ ਗੂੜ੍ਹੇ  24
- ਮੇਲੇ ਸੱਜਣਾਂ ਦੇ  33
- ਕਾਦਰ ਦੇ ਹੱਥ ਡੋਰ  43
- ਸੂਰਜ ਦਾ ਮਰਸੀਆ  52
- ਸੁਖਣ ਜਿਨ੍ਹਾਂ ਦਾ ਹੋਵੇ ਦਾਰੂ  65
- ਚੇਤੇ ਆਈਆਂ ਕਿਸ ਦਫਨਾਈਆਂ  84
- ਖੇਡ ਤਮਾਸ਼ੇ  92
- ਕਾਬਕ ਵਿੱਚ ਫਸੇ ਸੂਫੀ ਕਬੂਤਰ  98
- ਦਿਲਗੀਰੀਆਂ  110
- ਘੁੰਮਣ ਘੇਰੀਆਂ  132
- ਉਚਾ ਨਾਮ ਸਾਂਈਂ ਦਾ  141
- ਔਗਣਹਾਰਾ  145
- ਸੱਜਰੇ ਫੁੱਲਾਂ ਦੇ ਗਜਰੇ  152
- ਨਿੱਘ ਦੇ ਗੀਤ  163
- ਮੋਮਿਨ ਕਾਫਿਰ ਮੈਂ ਕੀ ਜਾਣਾ  169
- ਉਚੀਆਂ ਬਾਂਗਾਂ ਚਾਂਗਾਂ ਮਾਰਨ  178
- ਬੁੱਕਲ ਦੇ ਚੋਰ  182
- ਨਰਕ ਨਿਵਾਸ  188
- ਮਿੱਤਰਾਂ ਦੀ ਮਜਮਾਨੀ  193
- ਧੂੰਆਂ ਧੁਖੇ ਮੇਰੇ ਅੰਦਰ ਬਾਹਰ  197
- ਬੋਲ ਮਿੱਟੀ ਦਿਆ ਬਾਵਿਆ  202

# 'ਮਾਟੀ ਕੁਦਮ ਕਰੇਂਦੀ ਯਾਰ' : ਪੰਜਾਬੀ ਸਵੈਜੀਵਨੀ ਸਾਹਿਤ ਦੀ ਕਾਬਿਲ-ਏ-ਗ਼ੌਰ ਲਿਖਤ

ਖ਼ਾਲਿਦ ਹੁਸੈਨ ਦੀ ਸਵੈਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' ਦਾ ਮੁੱਖਬੰਦ ਲਿਖਣਾ ਜਿੱਥੇ ਮੇਰੇ ਲਈ ਮਾਣ ਵਾਲੀ ਗੱਲ ਹੈ ਉਥੇ ਮੇਰੇ ਲਈ ਵੱਡੀ ਚੁਣੌਤੀ ਵੀ। ਅਕਸਰ ਮੈਂ ਆਪਣੇ ਆਪ ਨੂੰ ਇਮਤਿਹਾਨਾਂ 'ਚ ਪਾਉਣ ਤੋਂ ਗੁਰੇਜ਼ ਕਰਦਾ ਹਾਂ ਪਰ ਸ਼ਾਇਦ ਖ਼ਾਲਿਦ ਸਾਹਿਬ ਵਰਗੇ ਵੱਡੇ ਅਦੀਬ ਤੇ ਭਰਾਵਾਂ ਵਰਗੇ ਖ਼ਲੂਸ ਵਾਲੀ ਸ਼ਖ਼ਸੀਅਤ ਨੂੰ ਮੈਂ ਨਾਂਹ ਨਹੀਂ ਕਹਿ ਸਕਿਆ । ਇਸਦੇ ਕਈ ਕਾਰਨ ਨੇ, ਜਿਨ੍ਹਾਂ ਦਾ ਜ਼ਿਕਰ ਮੈਂ ਇਥੇ ਕਰਨਾ ਚਾਹ ਰਿਹਾ ਹਾਂ ।

ਦਰਅਸਲ ਖ਼ਾਲਿਦ ਸਾਹਿਬ ਦੀ ਇਸ ਨਿਬੰਧਮੂਲਕ ਸਵੈਜੀਵਨੀ ਵੱਲ ਮੇਰਾ ਧਿਆਨ ਖਿੱਚੇ ਜਾਣ ਦਾ ਪਹਿਲਾ ਕਾਰਨ ਇਹ ਹੈ ਕਿ ਇਸ ਦੇ ਪਹਿਲੇ ਅਧਿਆਇ 'ਅੱਗ ਦੀ ਨਦੀ ਦੇ ਤਾਰੂ' ਦੀ ਸ਼ੁਰੂਆਤ ਹੀ ਇਸ ਸਨਸਨੀਖੇਜ਼ ਖ਼ਬਰ ਨਾਲ ਹੁੰਦੀ ਹੈ ਕਿ ਮਸ਼ਹੂਰ ਸਾਹਿਤਕਾਰ, ਕਹਾਣੀਕਾਰ, ਪੱਤਰਕਾਰ ਤੇ ਯਾਰਾਂ ਦਾ ਯਾਰ ਖ਼ਾਲਿਦ ਹੁਸੈਨ ਜਿਸਨੇ ਜੰਮੂ-ਕਸ਼ਮੀਰ ਤੂੰ ਅੱਡ ਭਾਰਤ ਤੇ ਪਾਕਿਸਤਾਨ ਵਿੱਚ ਆਪਣੀਆਂ ਕਹਾਣੀਆਂ ਰਾਹੀਂ ਇਕ ਨਿਵੇਕਲਾ ਥਾਂ ਬਣਾਇਆ ਸੀ, ਉਹ ਕੱਲ੍ਹ ਸ਼ਾਮੀਂ ਫੌਤ ਹੋ ਗਿਆ। ਕਿਸੇ ਸਵੈਜੀਵਨੀ ਦਾ ਆਰੰਭ ਹੀ ਉਸ ਦੇ ਸੱਬਜੈਕਟ/ਨਾਇਕ ਦੀ ਮੌਤ ਨਾਲ ਹੋਵੇ ਇਹ ਵੱਡੀ ਰੌਚਿਕ ਬਿਰਤਾਂਤਕ ਜੁਗਤ ਹੋ ਨਿਬੜੀ ਜਿਸਨੇ ਮੈਨੂੰ ਇਸਨੂੰ ਹੋਰ ਅੱਗੇ ਪੜ੍ਹਨ ਲਈ ਪ੍ਰੇਰਿਤ ਕੀਤਾ ।

ਦੂਜਾ ਕਾਰਨ ਇਹ ਸੀ ਕਿ ਅਜੇ ਮੈਂ ਚੌਥੇ ਪੈਰ੍ਹੇ 'ਤੇ ਹੀ ਪਹੁੰਚਿਆ ਸਾਂ ਕਿ ਇਕ ਹੋਰ ਵੱਡਾ ਇੰਕਸ਼ਾਫ਼ ਹੋਇਆ ਕਿ ਇਸ ਅਧਿਆਇ ਦਾ ਵਕਤਾ ਖ਼ੁਦ ਲੇਖਕ ਨਹੀਂ ਸਗੋਂ ਕੋਈ ਹੋਰ ਭਾਵ ਖ਼ਾਲਿਦ ਦੀ ਵੱਡੀ ਭੈਣ ਜ਼ੁਬੈਦਾ ਹੈ ਜਿਸਨੇ ਉਸਨੂੰ ਪਾਲਿਆ ਤੇ ਪੜ੍ਹਾਇਆ । ਜ਼ੁਬੈਦਾ ਦੱਸਦੀ ਹੈ ਕਿ ਉਹ ਸੰਤਾਲੀ ਦੀ ਦੇਸ਼ ਵੰਡ ਤੇ ਉਸ ਕਾਰਨ ਹੋਏ ਲੋਕਾਈ ਦੇ ਕਤਲ-ਓ-ਗ਼ਾਰਤ, ਬਲਾਤਕਾਰੀ, ਬਰਬਾਦੀ ਤੇ ਮੰਦਹਾਲੀ ਦੀ ਅੱਖੀਂ ਵੇਖੀ ਹਕੀਕਤ ਹੈ ਇਸ ਲਈ ਉਹ ਖ਼ਾਲਿਦ ਹੁਸੈਨ ਦੇ ਬਚਪਨ ਤੇ ਉਸ ਨਾਲ ਜੁੜੀਆਂ ਗੱਲਾਂ ਦਾ ਵੇਰਵਾ ਦੇਵੇਗੀ ।

ਇਨ੍ਹਾਂ ਦੋਹਾਂ ਬਿਰਤਾਂਤ ਜੁਗਤਾਂ ਨੇ ਹੋਰ ਖਿੱਚ ਤੇ ਰੌਚਿਕਤਾ ਵਧਾਈ ਤੇ ਮੈਂ

ਇਕੋ ਬੈਠਕ 'ਚ ਹੀ ਸਾਰਾ ਖਰੜਾ ਪੜ੍ਹ ਗਿਆ । ਬਾਈ ਅਧਿਆਇਆਂ ਦੀ ਸਵੈਜੀਵਨੀ ਪੜ੍ਹਦਿਆਂ ਮੈਨੂੰ ਰੋਲਾਂ ਬਾਰਥ ਦੀ ਸਵੈਜੀਵਨੀ 'Roland Barthes by Roland Barthes (1977)' ਦਾ ਚੇਤਾ ਆਇਆ ਜਿਸ ਵਿਚ ਉਸਨੇ ਉਤਮ ਪੁਰਖ ਕਰਤੇ ਨੂੰ ਤਿਆਗ ਕੇ 'ਉਹ' ਤੇ 'ਆਰ. ਬੀ.' ਜਿਹੇ ਅੰਨਯਪੁਰਖੀ ਕਰਤਿਆਂ ਰਾਹੀਂ ਬਿਰਤਾਂਤ ਸਿਰਜਿਆ । ਦੂਜਾ ਚੇਤਾ ਮੈਨੂੰ ਸਾਅਦਤ ਹਸਨ ਮੰਟੋ ਦੇ ਜੀਵਨੀਮੂਲਕ ਲੇਖ 'ਸਾਅਦਤ ਹਸਨ ਮੰਟੋ ਕੀ ਨਿਗਾਹ ਮੇਂ ਮੰਟੋ' ਦਾ ਆਇਆ ਜਿਸ ਵਿਚ ਮੰਟੋ ਨੇ ਵੀ ਅੰਨਯਪੁਰਖੀ ਬਿਰਤਾਂਤ ਸਿਰਜਿਆ ਹੈ ਤੇ ਮੰਟੋ ਨੂੰ ਆਪਣਾ ਸਹਿ-ਜਨਮਿਆ ਦੱਸਿਆ ਅਤੇ ਇਹ ਵੀ ਲਿਖਿਆ ਹੈ ਕਿ ਜੇਕਰ ਮੰਟੋ ਮਰ ਜਾਵੇ ਤਾਂ ਸ਼ਾਇਦ ਸਾਅਦਤ ਹਸਨ ਮੰਟੋ ਦਾ ਵੀ ਕੋਈ ਵਜੂਦ ਨਾ ਰਹੇ।

ਪਰ ਖ਼ਾਲਿਦ ਸਾਹਿਬ ਦੀ ਸਵੈਜੀਵਨੀ ਇਸ ਤੋਂ ਵੀ ਪਰ੍ਹਾਂ ਦੀ ਇਕ ਜੁਗਤ ਸਥਾਪਿਤ ਕਰਦੀ ਹੈ ਕਿ ਇਸ 'ਚ ਅੰਨਯਪੁਰਖੀ 'ਮੈਂ' ਦੀ ਥਾਂ ਖ਼ਾਲਿਦ ਸਾਹਿਬ ਆਪਣੀ ਗੱਲ ਆਪਣੇ ਰਿਸ਼ਤੇਦਾਰਾਂ, ਸਹਿਕਰਮੀਆਂ, ਲੇਖਕ ਦੋਸਤਾਂ/ਯਾਰਾਂ ਨੂੰ ਵਕਤੇ ਦੇ ਰੂਪ 'ਚ ਪੇਸ਼ ਕਰਕੇ ਉਨ੍ਹਾਂ ਦੇ ਮੂੰਹੋਂ ਕਹਿਲਵਾਈ ਹੈ । ਇਹ ਵਕਤੇ ਹਨ; ਜ਼ੁਬੈਦਾ (ਭੈਣ), ਨਸੀਰ ਅਹਿਮਦ ਮੀਰ (ਬਾਲੜੀ ਉਮਰ ਦਾ ਦੋਸਤ), ਹਰਭਜਨ ਸਿੰਘ ਸਾਗਰ (ਬਜ਼ਾਤੇ ਖ਼ੁਦ ਕਹਾਣੀਕਾਰ ਤੇ ਖ਼ਾਲਿਦ ਸਾਹਿਬ ਨਾਲ ਕਲੱਰਕ ਦੀ ਨੌਕਰੀ ਦੀ ਸ਼ੁਰੂਆਤ ਕਰਨ ਦਾ ਸਾਥੀ), ਵਲੀ ਮੁਹੰਮਦ ਬੱਟ (ਛੇ ਸਾਲ ਇਕੱਠੇ ਨੌਕਰੀ ਕਰਨ ਦਾ ਸਹਿਕਰਮੀ), ਮੁਹੰਮਦ ਯਾਸੀਨ ਹਮਦਾਨੀ (1975-76 ਦੌਰਾਨ ਦਾ ਸਹਿਕਰਮੀ) ਨੂਰ ਸ਼ਾਹ (ਉਰਦੂ ਅਦੀਬ ਤੇ ਉਸਤਾਦ), ਕੁਲਦੀਪ ਸਿੰਘ ਬੇਦੀ (ਪੱਤਰਕਾਰ ਦੋਸਤ), ਡਾ. ਲਿਆਕਤ ਅਲੀ (ਪੁਣਛ ਤੋਂ ਲੈਕਚਰਾਰ ਦੋਸਤ), ਤਸੱਵਰ ਸਲਾਰੀਆ (ਨਜ਼ਦੀਕੀ ਰਿਸ਼ਤੇਦਾਰ), ਅਖ਼ਤਰ ਹੁਸੈਨ ਗੱਤੂ (ਸਹਿਕਰਮੀ ਤੇ ਸ਼ਾਗਿਰਦ), ਮੁਹੰਮਦ ਸਲੀਮ ਬੇਗ (ਅਫ਼ਸਰ ਦੋਸਤ), ਮੁਸਤਕੀਮ ਬੇਗ (ਪੋਤਰੇ ਦਾ ਮਾਮਾ), ਪਰਵੇਜ਼ ਖ਼ਤੀਬ (ਹੱਜ ਯਾਤਰਾ ਦਾ ਸਾਥੀ), ਯਾਸਿਰ ਇਮਰਾਨ (ਬੇਟਾ), ਸੁਸ਼ੀਲ ਸ਼ਰਮਾ (ਲੇਖਕ ਯਾਰ), ਭੋਲਾ ਨਾਥ (ਦਫਤਰ ਦਾ ਕਲੱਰਕ) ਜਾਵੇਦ ਅਹਿਮਦ ਨਰਵਰੀ (ਉਰਦੂ-ਕਸ਼ਮੀਰੀ ਲੇਖਕ) ਮੁਹੰਮਦ ਅਸ਼ਰਫ਼ (ਗਵਾਂਢੀ), ਬੀਬਾ ਬਲਵੰਤ, ਪ੍ਰਮਿੰਦਰਜੀਤ (ਲੇਖਕ ਦੋਸਤ), ਕੇਵਲ ਕ੍ਰਿਸ਼ਨ ਕਪੂਰ (ਨੇੜਿਓਂ ਜਾਣਕਾਰ) ਤੇ ਕਮਲਦੀਪ ਸਿੰਘ (ਪੰਜਾਬੀ ਖੋਜ ਵਿਦਿਆਰਥੀ ਤੇ ਅਜ਼ੀਜ਼) । ਮੇਰੀ ਸਮਝ ਮੁਜਬ ਇਹ ਪੰਜਾਬੀ ਸਵੈਜੀਵਨੀ ਸਾਹਿਤ ਵਿਚ ਪਹਿਲੀ ਵਾਰ ਇਸ ਤਰ੍ਹਾਂ ਦਾ ਬਿਰਤਾਂਤੀ ਜੁਗਤ ਘੜ੍ਹਨ ਦਾ ਤਜੁਰਬਾ ਹੈ ।

ਰੋਲਾਂ ਬਾਰਥ ਇਸ ਜੁਗਤ ਨੂੰ ਆਪਣੇ ਲੇਖ 'The Death of Author (1968)' ਵਿਚ ਨਿੱਜ ਤੋਂ ਵਿੱਥ ਸਥਾਪਿਤ ਕਰਨਾ ਕਹਿੰਦਾ ਹੈ ਭਾਵ ਦੂਜੇ (other) ਦੇ ਪਰਿਪੇਖ ਤੋਂ ਵੇਖਣਾ । ਇਹ ਵਿੱਥ (distant gaze) ਇਕਸੁਰ ਕਰਤਾ (coherent

subject) ਨੂੰ ਸਿਰਜਦੀ ਹੈ ਦੂਜਾ ਇਸ ਨਾਲ ਉਤਮ ਪੁਰਖੀ ਬਿਰਤਾਂਤ ਕਾਰਨ ਅੰਤਰਮੁਖੀ ਹੋ ਜਾਣ ਦਾ ਖ਼ਦਸ਼ਾ ਵੀ ਜਾਂਦਾ ਰਹਿੰਦਾ ਹੈ । ਇਸੇ ਕਾਰਨ ਇਸ ਸਵੈਜੀਵਨੀ ਵਿਚ ਸਵੈ ਪ੍ਰਗਟਾਵੇ ਨਾਲੋਂ 'ਸਵੈ ਪਛਾਣ' ਵੱਲ ਵਧੇਰੇ ਰੁਚਿਤ ਹੁੰਦੀ ਹੈ। ਇਹੋ ਸਵੈ ਪਛਾਣ ਮੂਲ ਰੂਪ 'ਚ ਸਮਕਾਲੀ ਸਥਿਤੀਆਂ/ਪ੍ਰਸਥਿਤੀਆਂ ਤੇ ਵਰਤਾਰਿਆਂ 'ਚ ਇਨ੍ਹਾਂ ਨੂੰ ਗਤੀਮਾਨ ਕਰਨ ਵਾਲੀਆਂ ਪ੍ਰਕਿਰਤਕ ਤੇ ਸਮਾਜਿਕ ਸ਼ਕਤੀਆਂ ਦੇ ਮੂਲ ਪ੍ਰਸੰਗ ਉਭਾਰਦੀ ਹੈ ।

ਖ਼ਾਲਿਦ ਸਾਹਿਬ ਦੀ ਸਵੈਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' 'ਚ ਦਰਅਸਲ ਵਕਤਿਆਂ ਰਾਹੀਂ ਸਵੈਜੀਵਨੀਕਾਰ ਦੀ 'ਮੈਂ' ਹੀ ਬੋਲਦੀ ਹੈ ਪਰ ਨਿੱਜ ਤੋਂ ਵਿੱਥ ਹੋਣ ਕਾਰਨ ਭਾਵ ਦੂਜੇ/ਹੋਰ ਦੇ ਪਰਿਪੇਖ ਤੋਂ ਦੇਖਦਿਆਂ ਸਬਜੈਕਟ ਦੀ ਹੋਂਦ ਬਹੁਬਚਨੀ ਹੋ ਨਿਬੜਦੀ ਹੈ ਕਿਉਂ ਕਿ ਇਹ 'ਮੈਂ' ਸੰਬੋਧਕ ਵੀ ਹੈ ਤੇ ਸੰਬੋਧਨ ਵੀ। ਇਸ ਨੂੰ ਜੀਵਨ/ ਤੱਥ ਤੇ ਸਿਰਜਣਾ/ਗਲਪ ਵਿਚਲੀ ਹੱਦ ਸਮਝਣੀ ਪੈਂਦੀ ਹੈ ਇਸ ਲਈ ਕਿ 'ਮੈਂ' ਕਦੋਂ ਗਲਪ ਹੋ ਜਾਂਦੀ ਹੈ ਤੇ ਕਦੋਂ ਯਥਾਰਥ, ਇਸੇ ਕਾਰਨ ਇਸ ਸੰਤੁਲਨ ਨੂੰ ਬਣਾਏ ਰੱਖਣਾ ਜ਼ਰੂਰੀ ਹੋ ਜਾਂਦਾ ਹੈ । ਇਥੇ ਹੀ ਖ਼ਾਲਿਦ ਸਾਹਿਬ ਦੀ ਲੇਖਕੀਯ ਰਾਜਨੀਤੀ ਉਭਰਦੀ ਹੈ । ਉਸਨੂੰ ਇਸ ਰਾਜਨੀਤੀ ਦਾ ਗਿਆਨ ਵੀ ਹੈ ਤੇ ਅਧਿਕਾਰ ਵੀ । ਰੋਲਾਂ ਬਾਰਥ ਇਸਨੂੰ ਆਪਣੀ ਕਿਤਾਬ 'Camera Lucida (1984)' ਵਿਚ ਕਹਿੰਦਾ ਹੈ; 'It is my political right to be a subject which i must protect' ।

ਮਜ਼ੇ ਦੀ ਗੱਲ ਇਹ ਹੈ ਕਿ ਯੱਕ ਦੈਰੀਦਾ ਇਸ ਬਾਰੇ ਆਪਣੀ ਕਿਤਾਬ 'Grammatology (1980)' 'ਚ ਕਹਿੰਦਾ ਹੈ ਕਿ ਕਿਸੇ ਸਵੈਜੀਵਨੀ 'ਚ ਜੋ 'ਮੈਂ' ਬੋਲਦੀ ਹੈ ਉਹ ਉਹ 'ਸਵੈ' ਨਹੀਂ ਹੁੰਦੀ ਜਿਸਦੀ ਜੀਵਨੀ ਲਿਖੀ ਜਾ ਰਹੀ ਹੈ ਕਿਉਂ ਕਿ ਜਿਹੜਾ ਸੰਦੇਸ਼ 'ਮੈਂ' ਭੇਜਦੀ ਹੈ ਉਹ ਓਨੀ ਦੇਰ ਤੱਕ ਵਾਪਿਸ ਨਹੀਂ ਆ ਸਕਦਾ ਜਿੰਨੀ ਦੇਰ ਦੂਜਾਪਣ (otherness) ਨੂੰ ਦਖ਼ਲ ਅੰਦਾਜ਼ ਹੋਣ ਦੀ ਇਜਾਜ਼ਤ ਨਹੀਂ ਮਿਲਦੀ । ਜਿਹੜਾ ਸੱਬਜੈਕਟ ਬੋਲਦਾ ਹੈ, ਜੋ ਬੋਲਦਾ ਹੈ, ਜਿਸ ਬਾਰੇ ਬੋਲਦਾ ਹੈ, ਇਹ ਸੱਭ ਕਦੇ ਇਕੋ ਸਥਾਨ/ਸਮੇਂ 'ਤੇ ਹਾਜ਼ਿਰ ਨਹੀਂ ਹੋ ਸਕਦੇ । ਦੈਰੀਦਾ ਇਸਨੂੰ ਦੂਸਰਾ ਆਪਾ (second self) ਕਹਿੰਦਾ ਹੈ । ਖ਼ਾਲਿਦ ਸਾਹਿਬ ਨੇ 'ਮਾਟੀ ਕੁਦਮ ਕਰੇਂਦੀ ਯਾਰ' 'ਚ ਇਸੇ ਦੂਸਰੇ ਆਪੇ ਦੀ ਪੇਸ਼ਕਾਰੀ ਬੁੱਲ੍ਹੇ ਦੇ ਸ਼ਬਦਾਂ ਰਾਹੀਂ ਮਿੱਟੀ ਦੇ ਕੁਦਮ ਕਰਨ ਦੀ ਚਿਹਨਕਾਰੀ ਰਾਹੀਂ ਕੀਤੀ ਹੈ । ਕਿਉਂ ਕਿ ਕੋਈ ਵੀ ਪ੍ਰਵਚਨ ਆਪਣੇ ਆਪ 'ਚ ਯਥਾਰਥ ਨਹੀਂ ਹੁੰਦਾ, ਯਥਾਰਥ ਦਾ ਚਿਹਨ ਹੁੰਦਾ ਹੈ । ਫਿਰ ਵੀ ਯਥਾਰਥ ਦੀ ਵਿਆਖਿਆ ਯਥਾਰਥ ਦੇ ਪ੍ਰਸੰਗ 'ਚ ਹੀ ਕਰਨੀ ਪੈਂਦੀ ਹੈ ।

ਤੀਜਾ ਕਾਰਨ ਸ਼ਾਇਦ ਸੀ ਖ਼ਾਲਿਦ ਸਾਹਿਬ ਦਾ ਜੀਵਨ । ਉਹ ਜੀਵਨ ਜੋ

ਵੱਡੇ ਉਤਰਾਵਾਂ ਚੜ੍ਹਾਵਾਂ, ਘਟਨਾਵਾਂ, ਹਾਦਸਿਆਂ, ਸੰਯੋਗਾਂ ਅਤੇ ਮਾਅਰਕਿਆਂ/ ਪ੍ਰਾਪਤੀਆਂ ਤੇ ਜ਼ਿੰਦਗੀ ਪ੍ਰਤਿ ਈਮਾਨਦਾਰਾਨਾ ਤੇ ਦਿਆਨਤਦਾਰ ਪਹੁੰਚ ਨਾਲ ਭਰਪੂਰ ਹੈ। ਸਵੈਜੀਵਨੀ, ਦਰਅਸਲ ਕਿਸੇ ਵਿਅਕਤੀ ਦੇ ਬੀਤ ਚੁੱਕੇ ਜੀਵਨ ਤੇ ਆਪਣੀ ਹੋਂਦ ਬਾਰੇ ਆਪੂੰ ਲਿਖਿਆ ਬਿਰਤਾਂਤ ਹੁੰਦੀ ਹੈ ਜਿਸ ਵਿਚ ਉਹ ਆਪਣੇ ਵਿਅਕਤੀਗਤ ਜੀਵਨ, ਵਿਸ਼ੇਸ਼ ਕਰਕੇ ਆਪਣੀ ਸ਼ਖ਼ਸੀਅਤ ਦੇ ਵਿਕਾਸ ਉਪਰ ਧਿਆਨ ਕੇਂਦ੍ਰਿਤ ਕਰਦਾ ਹੈ। ਇਸ ਵਿਚ ਇਤਿਹਾਸਕ ਪ੍ਰਮਾਣਿਕਤਾ ਦਾ ਪ੍ਰਤੌਅ ਵੀ ਜ਼ਰੂਰੀ ਹੈ, ਸ਼ਖ਼ਸੀਅਤ ਦਾ ਸਹੀ ਪ੍ਰਗਟਾਵਾ ਵੀ ਅਤੇ ਕਲਾਤਮਕ ਪੇਸ਼ਕਾਰੀ ਵੀ। ਇਸ ਸ਼ਰਤ ਦੀ ਸ਼ਾਅਦੀ ਇਸ ਸਵੈਜੀਵਨੀ ਦੇ ਪਹਿਲੇ ਅਧਿਆਇ 'ਅੱਗ ਦੀ ਨਦੀ ਦੇ ਤਾਰੂ' ਤੋਂ ਲੈ ਕੇ ਆਖ਼ਰੀ ਬੰਦ 'ਬੋਲ ਮਿੱਟੀ ਦਿਆ ਬਾਵਿਆ' ਤੱਕ ਸਹਿਜੇ ਹੀ ਮਿਲ ਜਾਂਦੀ ਹੈ।

ਸਵੈਜੀਵਨੀ ਵਿਚ ਦੋ ਮੁਖੀ ਵਿਸਤਾਰ ਹੁੰਦਾ ਹੈ, ਇਕ ਇਤਿਹਾਸਕ ਤੇ ਦੂਸਰਾ ਮਾਨਵੀ। ਸਵੈਜੀਵਨੀ ਵਿਚ ਜਿਥੇ ਮੁੱਖ ਪਾਤਰ ਦੀ ਜੀਵਨਗਤੀ ਦਾ ਵੇਰਵਾ ਹੁੰਦਾ ਹੈ ਉਥੇ ਇਹ ਉਸਦੇ ਚਰਿੱਤਰ ਅਤੇ ਸ਼ਖ਼ਸੀਅਤ ਨੂੰ ਵੀ ਪੇਸ਼ ਕਰਦੀ ਹੈ। ਸਵੈਜੀਵਨੀ ਦਾ ਇਤਿਹਾਸਕ ਪੱਖ ਇਸਦੀ ਸਰੰਚਨਾ ਨਾਲ ਸਬੰਧਿਤ ਹੈ ਤੇ ਇਸਦਾ ਚਰਿੱਤਰ ਚਿਤਰਨ ਦਾ ਪੱਖ ਇਸਦੀ ਸੰਰਚਨਾ ਟੈਕਸਚਰ ਨਾਲ। ਇਸੇ ਕਰਕੇ ਸਵੈਜੀਵਨੀ ਸਿਰਫ਼ ਘਟਨਾਵਾਂ ਦਾ ਕੋਰਾ ਵਰਣਨ ਨਹੀਂ ਸਗੋਂ ਲੇਖਕ ਇਨ੍ਹਾਂ ਘਟਨਾਵਾਂ ਪਿੱਛੇ ਵਰਤ ਰਹੇ ਵਿਚਾਰਾਂ ਤੇ ਭਾਵਨਾਵਾਂ ਨੂੰ ਵੀ ਧਿਆਨ ਵਿਚ ਰੱਖਦਾ ਹੈ।

ਪਹਿਲੇ ਅਧਿਆਇ 'ਚ ਹੀ ਖ਼ਾਲਿਦ ਸਾਹਿਬ ਦੇ ਖ਼ਾਨਦਾਨੀ ਸ਼ਜਰੇ ਤੇ ਪਿਛੋਕੜ ਦਾ ਪਤਾ ਉਨ੍ਹਾਂ ਦੀ ਭੈਣ ਜ਼ੁਬੇਦਾ ਦੁਆਰਾ ਲਗਦਾ ਹੈ ਕਿ ਉਨ੍ਹਾਂ ਦੇ ਵੱਡੇ-ਵਡੇਰੇ 'ਕੌਲ' ਕਸ਼ਮੀਰੀ ਪੰਡਿਤ ਸਨ। ਕਿਸੇ ਸੂਫ਼ੀ ਦਰਵੇਸ਼ ਦੀ ਸੰਗਤ ਕਾਰਨ ਉਨ੍ਹਾਂ ਦਾ ਇਕ ਵਡੇਰਾ ਮੁਸਲਮਾਨ ਹੋ ਗਿਆ। ਭਾਰਤ-ਪਾਕਿ ਵੰਡ ਦੌਰਾਨ ਕਿਵੇਂ ਉਨ੍ਹਾਂ ਦੇ ਘਰ ਦੇ ਜੀਆਂ ਦਾ ਨੁਕਸਾਨ ਹੋਇਆ, ਕਿਵੇਂ ਗ਼ਰੀਬੀ ਤੇ ਥੁੜ੍ਹਾਂ ਭਰਿਆ ਬਚਪਨ ਬੀਤਿਆ, ਤਾਲੀਮ ਹਾਸਿਲ ਕੀਤੀ ਅਤੇ ਕਿਵੇਂ ਛੋਟੀ ਜਿਹੀ ਨੌਕਰੀ ਤੋਂ ਕੈਰੀਅਰ ਸ਼ੁਰੂ ਕਰਕੇ ਵੱਡੇ ਅਹੁਦੇ ਤੱਕ ਪਹੁੰਚੇ, ਦਾ ਬੜਾ ਮਾਰਮਿਕ ਜ਼ਿਕਰ ਕੀਤਾ ਮਿਲਦਾ ਹੈ। ਦੂਜੇ ਅਧਿਆਇ 'ਮੇਲੇ ਸੱਜਣਾਂ ਦੇ' ਵਿਚ ਦੱਸਿਆ ਗਿਆ ਹੈ ਕਿ ਕਿਵੇਂ ਖ਼ਾਲਿਦ ਸਾਹਿਬ ਰਿਆਸਤ ਦੇ ਮੰਤਰੀ ਮਿਰਜ਼ਾ ਅਫ਼ਜ਼ਲ ਬੇਗ ਦੇ ਸਟੈਨੋਗਰਾਫ਼ਰ ਲੱਗੇ। ਉਥੋਂ ਕਿਸ ਤਰ੍ਹਾਂ ਬੀ. ਡੀ. ਓ. ਬਣਨ ਦਾ ਸੰਯੋਗ ਬਣਿਆ ਅਤੇ ਕਿਵੇਂ ਜੰਮੂ ਕਸ਼ਮੀਰ ਸਰਕਾਰ ਦੀ ਸਹੀ ਨੁਮਾਇੰਦਗੀ ਕਰਨ ਲਈ ਜਲੰਧਰ ਵਿਖੇ ਪੀ. ਆਰ. ਓ. ਨਿਯੁਕਤ ਹੋਏ ਤਾਂ ਕਿ ਸਰਕਾਰ ਦੀ ਕਾਰਗੁਜ਼ਾਰੀ ਦੀਆਂ ਸਹੀ ਰਿਪੋਰਟਾਂ ਨੂੰ ਪੰਜਾਬ ਦੀਆਂ ਅਖ਼ਬਾਰਾਂ 'ਚ ਥਾਂ ਮਿਲ ਸਕੇ ਅਤੇ ਸਰਕਾਰ ਦਾ ਪੱਖ ਪੇਸ਼ ਹੋ ਸਕੇ। ਇਥੇ ਹੀ ਉਹ

'ਇਬਨ-ਏ-ਹੁਸੈਨ' ਦੇ ਕਲਮੀ ਨਾਮ ਹੇਠ ਪੱਤਰਕਾਰੀ ਕਰਦੇ ਰਹੇ ਜੋ ਕਿ ਉਨ੍ਹਾਂ ਦੇ ਲੇਖਕ ਬਣਨ ਵੱਲ ਇਕ ਹੋਰ ਕਦਮ ਸੀ ਜਿਸ ਦੀ ਕਿ ਸ਼ੁਰੂਆਤ ਉਨ੍ਹਾਂ ਆਪਣੇ ਇਕ ਸੀਨੀਅਰ ਅਫ਼ਸਰ ਦੀ ਝਲਕ ਦਿੰਦਾ ਲੇਖ ਲਿਖ ਕੇ ਜੰਮੂ ਕਸ਼ਮੀਰ 'ਚ ਪਹਿਲਾਂ ਹੀ ਕਰ ਦਿੱਤੀ ਸੀ ਅਤੇ ਇਸੇ ਲੇਖ ਕਾਰਨ ਉਨ੍ਹਾਂ ਨੂੰ ਕਈ ਦੁਸ਼ਵਾਰੀਆਂ ਦਾ ਵੀ ਸਾਹਮਣਾ ਕਰਨਾ ਪਿਆ । ਵਜ਼ਾਰਤ ਬਦਲੀ ਜਾਣ ਕਾਰਨ ਖ਼ਾਲਿਦ ਸਾਹਿਬ ਦੀ ਜਲੰਧਰ ਤੋਂ ਬਦਲੀ ਹੋ ਗਈ ਪਰ ਇਸ ਨਿਯੁਕਤੀ ਨੇ ਉਨ੍ਹਾਂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਸਦਾ ਲਈ ਡੂੰਘੀ ਤਰ੍ਹਾਂ ਨਾਲ ਜੋੜ ਦਿੱਤਾ । ਵਾਪਸੀ ਉਪਰੰਤ ਖ਼ਾਲਿਦ ਸਾਹਿਬ ਦੀ ਨਿਯੁਕਤੀ ਕਸ਼ਮੀਰ ਐਡਮਨਿਸਟਰੇਸ਼ਨ ਸਰਵਿਸ ਵਿਚ ਹੋ ਗਈ ਅਤੇ ਫਿਰ ਉਨ੍ਹਾਂ ਡੋਡਾ, ਪੁਣਛ, ਰਾਜੌਰੀ ਜ਼ਿਲ੍ਹਿਆਂ ਦੇ ਵਿਕਾਸ ਅਫ਼ਸਰ ਵਜੋਂ ਅਤੇ ਫਿਰ ਜੰਮੂ ਦੇ ਐਡੀਸ਼ਨਲ ਕਮਿਸ਼ਨਰ ਤੇ ਕੁਲੈਕਟਰ ਵੀ ਬਣੇ । 'ਕਾਦਰ ਦੇ ਹੱਥ ਡੋਰ' ਵਿਚ ਖ਼ਾਲਿਦ ਸਹਿਬ ਵੱਲੋਂ ਡੋਡਾ ਜ਼ਿਲ੍ਹੇ ਵਿਚ ਕੀਤੇ ਵਿਕਾਸ ਕੰਮਾਂ ਤੇ ਇਨ੍ਹਾਂ ਨੂੰ ਸਰਅੰਜਾਮ ਦੇਣ ਹਿੱਤ ਉਠਾਏ ਜ਼ੋਖਿਮਾਂ ਦਾ ਬੜਾ ਰੌਚਿਕ ਜ਼ਿਕਰ ਮਿਲਦਾ ਹੈ । 'ਸੂਰਜ ਦਾ ਮਰਸੀਆ' ਵਿਚ ਜੰਮੂ ਕਸ਼ਮੀਰ ਰਿਆਸਤ ਦਾ ਰਾਜਨੀਤਕ ਇਤਿਹਾਸ ਬੜੇ ਪੜ੍ਹਨਯੋਗ ਢੰਗ ਨਾਲ ਬਿਆਨਿਆ ਗਿਆ ਹੈ । ਇਸ ਰਾਜਨੀਤੀ 'ਚ ਕੇਂਦਰੀ ਸੱਤਾ ਆਪਣੇ ਆਪ ਨੂੰ ਬਣਾਏ ਰੱਖਣ ਤੇ ਆਪਣੇ ਹਿੱਤਾਂ ਨੂੰ ਸਾਧਣ ਲਈ ਆਪਣੀਆਂ ਏਜੰਸੀਆਂ ਦੇ ਸਾਧਨਾਂ/ਸੰਦਾਂ (ਇਸ ਨੂੰ ਨਵਮਾਰਕਸਵਾਦੀ ਚਿੰਤਕ ਲੁਈਸ ਅਲਥਿਊਸਰ 'ਸੱਤਾ ਦੇ ਅਪਰੇਟੱਸ' ਕਹਿੰਦਾ ਹੈ) ਰਾਹੀਂ ਕੀ ਕੀ ਹੱਥਕੰਡੇ ਇਸਤੇਮਾਲ ਕਰਦੀ ਹੈ, ਉਸਦਾ ਬੜਾ ਹੀ ਅੱਖਾਂ ਖੋਲ੍ਹ ਦੇਣ ਵਾਲਾ ਵਰਣਨ ਕੀਤਾ ਗਿਆ ਹੈ ।

'ਸੁਖਣ ਜਿਨ੍ਹਾਂ ਦਾ ਹੋਵੇ ਦਾਰੂ' ਵਿਚ ਖ਼ਾਲਿਦ ਸਾਹਿਬ ਨੇ ਆਪਣੀ ਸਾਹਿਤਕ ਮੱਸ, ਲੇਖਕੀ ਆਗਾਜ਼ ਤੇ ਵਿਕਾਸ ਦਾ ਜ਼ਿਕਰ ਕੀਤਾ ਹੈ । ਆਪਣੀ ਇਕ ਲਿਖਤ ਕਾਰਨ ਕਿਵੇਂ ਉਨ੍ਹਾਂ ਨੂੰ ਮੁਅੱਤਲ ਕੀਤਾ ਤੇ ਕਿਵੇਂ ਉਹ ਫਿਰ ਬਹਾਲ ਹੋਏ, ਦਾ ਜ਼ਿਕਰ ਕਾਬਿਲ-ਏ-ਗ਼ੌਰ ਹੈ । ਉਨ੍ਹਾਂ ਦੀ ਪਹਿਲੀ ਕਹਾਣੀ 'ਠੰਢੀ ਕਾਂਗੜੀ' ਉਪਰ ਹੋਈ ਥੋੜ੍ਹਦਿਲੀ ਵਾਲੀ ਸਾਹਿਤਕ ਸਿਆਸਤ, ਸਰਬ ਹਿੰਦ ਪੰਜਾਬੀ ਕਾਨਫਰੰਸ ਦੀ ਗੁਟਬੰਦੀ ਤੇ ਠਿੱਬੀ ਦੇਣ ਦੀਆਂ ਘਟਨਾਵਾਂ, 2004 ਦੀ ਲਾਹੌਰ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਤੇ ਉਨ੍ਹਾਂ ਵੱਲੋਂ ਕੀਤੀ ਜੰਮੂ ਕਸ਼ਮੀਰ ਕਲਚਰੱਲ ਅਕਾਦਮੀ ਵਲੋਂ ਸਪੌਂਸਰ ਕੀਤੀ ਦਿੱਲੀ ਤੇ ਪੰਜਾਬ ਦੀ ਸਾਹਿਤਕ ਯਾਤਰਾ ਬੜੇ ਪੜ੍ਹਨਯੋਗ ਹਿੱਸੇ ਹਨ । ਇਸ ਦੇ ਨਾਲ ਜਲੰਧਰ ਨਿਯੁਕਤੀ ਦੌਰਾਨ ਸਾਹਿਤਕ ਦੋਸਤਾਂ ਨਾਲ ਕੀਤੀ ਫਾਕਾਮਸਤੀ ਤੇ ਆਵਾਰਗੀ ਨੂੰ ਵੀ ਬੜੀ ਰੌਚਿਕਤਾ ਨਾਲ ਬਿਆਨਿਆ ਗਿਆ ਹੈ । 'ਚੇਤੇ ਆਈਆਂ ਕਿਸ ਦਫ਼ਨਾਈਆਂ' ਵਿਚ ਪੀ.ਆਰ.ਓ. ਸ਼ਿਪ ਦੌਰਾਨ ਪੰਜਾਬ ਦੇ ਅਨੁਭਵਾਂ ਅਤੇ ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਰਾਜ ਨਾਲ ਕੀਤੀਆਂ ਵਧੀਕੀਆਂ ਦਾ ਜ਼ਿਕਰ ਹੈ । 'ਸੱਜਰੇ ਫੁੱਲਾਂ ਦੇ

ਗਜਰੇ' ਤੇ 'ਨਿੱਘ ਦਾ ਗੀਤ' ਵਿਚ ਜੰਮੂ ਤੇ ਸ੍ਰੀਨਗਰ ਵਿਖੇ ਆਯੋਜਿਤ ਕੀਤੇ ਨਾਟਕੀ ਤੇ ਸਾਹਿਤਕ ਆਯੋਜਨਾਂ ਦੇ ਵਰਣਨ ਦੇ ਨਾਲ ਨਾਲ ਇਸ ਵਿਚ ਕੰਮ ਕਰਦੀਆਂ ਕਮੀਨੀਆਂ ਤੇ ਲਘੂ-ਰਾਜਨੀਤੀਆਂ ਤੇ ਗੁੱਟਬੰਦੀਆਂ ਨੂੰ ਬੜੀ ਤਫਸੀਲ ਨਾਲ ਦਰਸਾਇਆ ਗਿਆ ਹੈ । ਇਨ੍ਹਾਂ ਆਯੋਜਨਾਂ ਦੌਰਾਨ ਉਸ ਵਿਰੁੱਧ ਹੋਏ ਵਿਰੋਧ ਤੇ ਸਾਜਿਸ਼ਾਂ ਉਸਦੀ ਕਰਮੱਠਤਾ ਤੇ ਪੈਸਾ ਖਰਚਣ ਦੀ ਖੁੱਲ੍ਹਦਿਲੀ ਕਾਰਨ ਚੌਫਾਲ ਡਿੱਗਦੀਆਂ ਦਿਖਾਈਆਂ ਗਈਆਂ ਹਨ । 'ਨਰਕ ਨਿਵਾਸ' ਤੇ 'ਮਿੱਤਰਾਂ ਦੀ ਮਜਮਾਨੀ' 'ਚ ਪੰਜਾਬੀ ਸਾਹਿਕਾਰਾਂ ਤੇ ਦੋਸਤਾਂ ਨਾਲ ਹੋਏ ਅਨੁਭਵਾਂ ਦਾ ਜ਼ਿਕਰ ਹੈ ।

'ਖੇਡ ਤਮਾਸ਼ੇ' ਤੇ 'ਕਾਬਕ 'ਚ ਫਸੇ ਕਬੂਤਰ' ਵਿਚ ਖ਼ਾਲਿਦ ਸਾਹਿਬ ਵੱਲੋਂ ਭਾਰਤ-ਪਾਕਿ ਸਮਝੌਤੇ ਅਧੀਨ ਸ੍ਰੀਨਗਰ ਤੋਂ ਮੁਜ਼ੱਫਰਾਬਾਦ ਜਾਣ ਲਈ 'ਕਾਰਵਾਨ-ਏ-ਅਮਨ' ਦੀ ਰਹਿਨੁਮਾਈ ਤੇ ਸ਼ਿਰਕਤ, ਇਸ 'ਚ ਭਾਗ ਨਾ ਲੈਣ ਲਈ ਕਸ਼ਮੀਰੀ ਅੱਤਵਾਦੀਆਂ ਵੱਲੋਂ ਮਿਲੀਆਂ ਧਮਕੀਆਂ ਅਤੇ ਕਸ਼ਮੀਰ ਮਸਲੇ ਉਪਰ ਖ਼ਾਲਿਦ ਸਾਹਿਬ ਦੀ ਪ੍ਰੌਢ ਤੇ ਸੰਤੁਲਿਤ ਸਮਝ ਦਾ ਪ੍ਰਗਟਾਵਾ ਦਿਖਾਈ ਦਿੰਦਾ ਹੈ । 'ਦਿਲਗੀਰੀਆਂ' 'ਚ ਖ਼ਾਲਿਦ ਸਾਹਿਬ ਵਲੋਂ ਆਪਣੇ ਬੇਟੇ ਜ਼ਾਕਿਰ ਹੁਸੈਨ ਦੇ ਕਸ਼ਮੀਰੀ ਅੱਤਵਾਦੀਆਂ ਨਾਲ ਸਬੰਧਾਂ ਅਤੇ ਕਥਿਤ ਅੱਤਵਾਦੀ ਕਾਰਵਾਈਆਂ 'ਚ ਸ਼ਮੂਲੀਅਤ ਹੋਣ ਕਾਰਨ ਦਰਪੇਸ਼ ਦੁਸ਼ਵਾਰੀਆਂ ਦੇ ਨਾਲ ਨਾਲ ਕਸ਼ਮੀਰ ਮਸਲੇ ਦੀਆਂ ਗੁੰਝਲਾਂ ਅਤੇ ਕੇਂਦਰ ਸਰਕਾਰ/ਸੱਤਾ ਨਾਲ ਜੁੜੀਆਂ ਏਜੰਸੀਆਂ ਦੀ ਭੂਮਿਕਾ ਨੂੰ ਬੜੇ ਨਾਜ਼ੁਕ ਢੰਗ ਨਾਲ ਬਿਆਨਿਆ ਗਿਆ ਹੈ । ਇਸ ਅਧਿਆਇ ਵਿਚ ਜੰਮੂ-ਕਸ਼ਮੀਰ ਰਿਆਸਤ 'ਚ ਪਿਛਲੇ ਵੀਹ ਸਾਲਾਂ ਤੋਂ ਚੱਲ ਰਹੇ ਮਸਲੇ ਦੀਆਂ ਅੰਦਰੂਨੀ ਤੈਹਾਂ ਨੂੰ ਫਰੋਲਿਆ ਤੇ ਸੂਖਮ ਪਹਿਲੂਆਂ ਨੂੰ ਛੂਹਿਆ ਗਿਆ ਹੈ । 'ਘੁੰਮਣ ਘੇਰੀਆਂ' ਦਾ ਅਧਿਆਇ ਵੀ ਜੰਮੂ ਕਸ਼ਮੀਰ ਦੀ ਰਾਜਨੀਤੀ ਦੀਆਂ ਗਹਿਰਾਈਆਂ ਨੂੰ ਸਮਰਪਿਤ ਹੈ । ਇਸ ਸਾਰੇ ਜ਼ਿਕਰ 'ਚ ਇਕ ਬੜੀ ਦਿਲਚਸਪ ਗੱਲ ਸਾਹਮਣੇ ਆਉਂਦੀ ਹੈ ਕਿ ਖ਼ਾਲਿਦ ਸਾਹਿਬ 'ਤੇ ਭਾਵੇਂ ਕੋਈ ਵੀ ਮੁਸ਼ਕਿਲ ਬਣੀ ਉਨ੍ਹਾਂ ਦੇ ਦੋਸਤ ਤੇ ਸਬੰਧ ਹਮੇਸ਼ਾ ਕੰਮ ਆਏ ।

'ਉਚਾ ਨਾਮ ਸਾਈਂ ਦਾ' ਵਿਚ ਖ਼ਾਲਿਦ ਸਾਹਿਬ ਦੇ ਪੋਤਰੇ ਨਾਲ ਅਚਾਨਕ ਵਾਪਰੇ ਹਾਦਸੇ ਤੇ ਉਸ ਦੇ ਇਲਾਜ ਦੌਰਾਨ ਦਰਪੇਸ਼ ਮਾਨਸਿਕ, ਸਰੀਰਕ ਤੇ ਭਾਵੁਕ ਉਤਰਾਵਾਂ ਚੜ੍ਹਾਵਾਂ ਦਾ ਮਾਰਮਿਕ ਵਰਣਨ ਹੈ । ਭਾਵੇਂ ਖ਼ਾਲਿਦ ਸਾਹਿਬ ਅਕੀਦੇ ਦੇ ਪੱਕੇ ਮੁਸਲਮਾਨ ਹਨ ਪਰ ਉਹ ਮੁਤੱਸਬੀ ਹਰਗਿਜ਼ ਨਹੀਂ । ਉਨ੍ਹਾਂ ਦਾ ਯਕੀਨ ਆਪਣੇ ਦੀਨ 'ਚ ਕਿੰਨਾ ਗਹਿਰਾ ਹੈ ਉਸਦਾ ਵਰਣਨ 'ਔਗਣਹਾਰਾ' ਨਾਮੀ ਨਿਬੰਧ ਵਿਚ ਉਨ੍ਹਾਂ ਵੱਲੋਂ ਕੀਤੀ ਹੱਜ ਫੇਰੀ ਦਾ ਰੌਚਕ ਜ਼ਿਕਰ ਮਿਲਦਾ ਹੈ । ਇਸ ਵਿਚ ਹੱਜ ਦੀ ਤਫਸੀਲ, ਮੁਸਲਮਾਨੀ ਸਕਾਫਤ ਦਾ ਵਰਣਨ ਤੇ ਮੁਸਲਮਾਨੀ ਦੀਨ ਦੀਆਂ ਬਾਰੀਕੀਆਂ ਦੀ ਸਮਝ ਦਿਖਾਈ ਦਿੰਦੀ ਹੈ । 'ਧੂੰਆਂ ਧੁਖੇ ਮੇਰੇ ਅੰਦਰ' ਵਿਚ ਖ਼ਾਲਿਦ ਸਾਹਿਬ ਦੇ ਧਰਮ

ਨਿਰਪੱਖੀ ਵਤੀਰੇ ਤੇ ਭਾਰਤੀ ਪਰਜਾਤੰਤਰ 'ਚ ਦ੍ਰਿੜ ਵਿਸ਼ਵਾਸ ਅਤੇ ਮੁਸਲਿਮ ਮੁਆਸ਼ਰੇ ਦੀ ਬਿਹਤਰੀ ਬਾਰੇ ਸੋਚ ਦੀ ਤਰਜਮਾਨੀ ਮਿਲਦੀ ਹੈ ।

'ਬੋਲ ਮਿੱਟੀ ਦਿਆ ਬਾਵਿਆ' 'ਚ ਖ਼ਾਲਿਦ ਸਾਹਿਬ ਦੇ ਜੀਵਨ ਦੌਰਾਨ ਆਈਆਂ ਉਨ੍ਹਾਂ ਪ੍ਰਭਾਵਸ਼ਾਲੀ, ਅਸਰ ਰਸੂਖ਼ ਤੇ ਪੁਰਖ਼ਲੂਸ ਸ਼ਖ਼ਸੀਅਤਾਂ ਦਾ ਵਰਣਨ ਹੈ ਜਿਨ੍ਹਾਂ ਨਾਲ ਉਨ੍ਹਾਂ ਦਾ ਕਿਸੇ ਨਾ ਕਿਸੇ ਰੂਪ 'ਚ ਵਾਹ ਪਿਆ ਅਤੇ ਉਨ੍ਹਾਂ ਕਾਰਨ ਖ਼ਾਲਿਦ ਸਾਹਿਬ ਦੇ ਜੀਵਨ 'ਤੇ ਡਾਢਾ ਅਸਰ ਪਿਆ । ਇਨ੍ਹਾਂ ਸ਼ਖ਼ਸੀਅਤਾਂ 'ਚ ਸ਼ਾਮਿਲ ਨੇ; ਸ਼ੇਖ਼ ਗੁਲਾਮ ਰਸੂਲ (ਆਈ. ਏ. ਐਸ. ਤੇ ਰਿਟਾਇਰਡ ਚੀਫ਼ ਸੈਕਟਰੀ), ਮੌਲਾਨਾ ਮੁਹੰਮਦ ਸਈਅਦ ਮਸੂਦੀ (ਸ਼ੇਖ਼ ਅਬਦੁੱਲਾ ਦੇ ਸਾਥੀ), ਤਾਜ ਮੁਹੀ-ਉ-ਦੀਨ (ਜਿਗਰੀ ਦੋਸਤ), ਮੁਹੰਮਦ ਇਕਬਾਲ ਖਾਂਡੇ (1978 ਬੈਚ ਦੇ ਆਈ. ਏ. ਐਸ.), ਡਾ. ਅਜ਼ਹਰ ਮਹਿਮੂਦ ਗੁਜਰਾਤੀ (ਪਾਕਿਸਤਾਨੀ ਦੋਸਤ), ਅਫ਼ਜ਼ਲ ਸਾਹਿਰ (ਪਾਕਿਸਤਾਨੀ ਲੇਖਕ) ਖ਼ਾਲਾ ਰਜ਼ੀਆ (ਸੱਸ ਦੀ ਫੁਫੇਰੀ ਭੈਣ), ਅਵਤਾਰ ਸਿੰਘ ਚੰਦਨ (ਕਵੀ ਦੋਸਤ), ਸਿੰਦਰਜੀਤ ਕੌਰ (ਪਾਠਕ ਦੋਸਤ) ਤੇ ਅਜਬ ਸਿੰਘ ਤੇ ਰਾਜਾ ਮਹਿਮੂਦ ਅਹਿਮਦ (ਲੰਗੋਟੀਏ ਯਾਰ) ਸ਼ਾਮਿਲ ਹਨ ।

ਇੰਝ ਇਸ ਗੱਲ ਦੀ ਸ਼ਾਅਦੀ ਖ਼ਾਲਿਦ ਸਾਹਿਬ ਦੀ ਸਵੈਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' 'ਚ ਸਹਿਜੇ ਹੀ ਮਿਲਦੀ ਹੈ ਕਿ ਸਵੈਜੀਵਨੀ ਨੇ ਕੇਵਲ ਉਸ ਸੱਚ ਨੂੰ ਪੇਸ਼ ਕਰਨਾ ਹੁੰਦਾ ਹੈ ਜਿਸ ਵਿਚ ਲੇਖਕ ਦੀ ਸ਼ਖ਼ਸੀਅਤ ਦਾ ਸੰਚਾਰ ਹੁੰਦਾ ਹੋਵੇ । ਇਹ ਸ਼ਖ਼ਸੀਅਤ ਬਣੇ ਬਣਾਏ ਵਿਚਾਰਾਂ ਦਾ ਵਾਹਨ ਨਾ ਦਿਖਾਈ ਦੇਵੇ ਸਗੋਂ ਗਤੀਸ਼ੀਲ ਰੂਪ ਵਿਚ ਪ੍ਰਗਟ ਹੋਵੇ । ਜਿਨ੍ਹਾਂ ਰੁਕਾਵਟਾਂ ਜਾਂ ਅੜਚਨਾਂ ਵਿਚੋਂ ਲੇਖਕ ਲੰਘਿਆ ਹੈ, ਉਨ੍ਹਾਂ ਦਾ ਪਤਾ ਵੀ ਲਗਣਾ ਚਾਹੀਦਾ ਹੈ ਅਤੇ ਜਿਨ੍ਹਾਂ ਰੁਕਾਵਟਾਂ ਨੇ ਉਸਦੀ ਸ਼ਖ਼ਸੀਅਤ ਨੂੰ ਸਮੇਂ ਸਮੇਂ ਕਿਵੇਂ ਡੌਲਿਆ ਜਾਂ ਪ੍ਰਭਾਵਿਤ ਕੀਤਾ, ਇਸ ਗੱਲ ਦਾ ਵੀ ਪਤਾ ਚਲਣਾ ਚਾਹੀਦਾ ਹੈ । ਇਸ ਤਰ੍ਹਾਂ ਉਸਦੇ ਮਾਨਸਿਕ ਵਿਕਾਸ ਦੀ ਥਹੁ ਲਗਦੀ ਹੈ । ਸਵੈਜੀਵਨੀ ਭਾਵੇਂ ਆਪਣੀ ਹੀ ਸ਼ਖ਼ਸੀਅਤ ਦਾ ਅਧਿਐਨ ਹੈ ਪਰ ਬਾਹਰੀ ਘਟਨਾਵਾਂ ਤੇ ਲੇਖਕ ਦੇ ਜੀਵਨ 'ਚ ਆਏ ਵਿਅਕਤੀਆਂ ਦਾ ਵਰਣਨ ਆਉਣ ਨਾਲ ਇਹ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਲੇਖਕ ਦੀ ਚੇਤਨਾ ਨੂੰ ਕਿਵੇਂ ਪ੍ਰਭਾਵਿਤ ਕੀਤਾ।

ਚੌਥਾ ਕਾਰਨ ਹੈ ਖ਼ਾਲਿਦ ਸਾਹਿਬ ਦੀ ਭਾਸ਼ਾ ਯੋਗਤਾ । ਚਾਹੇ ਉਹ ਜੰਮੂ ਕਸ਼ਮੀਰ ਜਾਂ ਪੰਜਾਬ ਦੇ ਸੱਭਿਆਚਾਰ ਦੀ ਗੱਲ ਕਰ ਰਹੇ ਹੋਣ, ਖੇਡਾਂ, ਮੇਲਿਆਂ, ਫਿਲਮਾਂ, ਥਾਵਾਂ-ਸਥਾਨਾਂ ਦਾ ਜ਼ਿਕਰ ਹੋਵੇ ਜਾਂ ਮੁਸਲਮਾਨ ਧਾਰਮਿਕਤਾ ਅਨੁਸ਼ਠਾਨਾਂ ਦਾ ਵਰਣਨ ਹੋਵੇ ਜਾਂ ਰਾਜਨੀਤਕ, ਇਤਿਹਾਸਕ, ਆਰਥਿਕ ਮਸਲਿਆਂ ਦਾ ਮੁਸ਼ਾਅਦਾ ਹੋਵੇ, ਖ਼ਾਲਿਦ ਸਾਹਿਬ ਨੇ ਹਰ ਵਰਤਾਰੇ ਦੇ ਸੂਖ਼ਮ ਤੇ ਗਹਿਨ ਪਹਿਲੂਆਂ ਨੂੰ ਬੜੀ ਗਹਿਰਾਈ ਤੇ ਸ਼ਿੱਦਤ ਨਾਲ ਸਮਝਿਆ/ਬਿਆਨਿਆ ਹੈ । ਰੂਸੀ ਬਿਰਤਾਂਤ ਸ਼ਾਸਤਰੀ

ਮਿਖਾਇਲ ਬਾਖ਼ਤਿਨ ਇਸ ਨੂੰ 'ਸ਼ਬਦ ਸੰਚਾਰੀ ਵਨਸੁਵੰਨਤਾ' (hetroglossia) ਕਹਿੰਦਾ ਹੈ। ਇਸ ਦਾ ਭਾਵ ਹੈ ਕਿ ਭਾਸ਼ਾ ਆਪਣੇ ਅਣਕਹੇ ਪਾਸਰਾਂ ਰਾਹੀ ਬਿਰਤਾਂਤ ਦਾ ਬਿਆਨ ਬਣਦੀ ਹੈ। ਇਹ ਗੁਣ ਲੇਖਕ ਦੀ ਜੀਵਨ ਪ੍ਰਤਿ ਈਮਾਨਦਾਰ, ਸੰਤੁਲਿਤ ਪੰਹੁਚ ਤੇ ਵਿਰਾਟ ਦ੍ਰਿਸ਼ਟੀ 'ਚੋਂ ਹੀ ਪੈਦਾ ਹੁੰਦਾ ਹੈ।

ਇੰਝ 'ਮਾਟੀ ਕੁਦਮ ਕਰੇਂਦੀ ਯਾਰ' ਨੂੰ ਪੜ੍ਹਦਿਆਂ ਮੈਂ ਇਸ ਦੇ ਪੜ੍ਹਨਯੋਗ ਲਿਖਤ ਹੋਣ ਦੇ ਜਿਨ੍ਹਾਂ ਕਾਰਨਾਂ ਦਾ ਜ਼ਿਕਰ ਕੀਤਾ ਹੈ ਉਸ ਨਾਲ ਪਾਠਕ ਵੀ ਸਹਿਮਤ ਹੋਣਗੇ ਜਦੋਂ ਉਹ ਇਸ ਨੂੰ ਪੜ੍ਹਨਗੇ ਕਿਉਂ ਕਿ ਸਤਾਰੋਬਿੰਸਕੀ ਦਾ ਆਪਣੀ ਕਿਤਾਬ 'The Style of Eutobiography' ਵਿਚਲਾ ਇਹ ਕਥਨ ਸਹੀ ਲਗਦਾ ਹੈ ਕਿ ਸਵੈਜੀਵਨੀ ਤਾਂ ਇਕ ਸੰਵਾਦ ਹੁੰਦੀ ਹੈ ਜਿਸ 'ਚ "ਮੈਂ" ਕਿਸੇ ਅਨੁਕਿਰਿਆ ਦਾ ਇੰਤਜ਼ਾਰ ਨਹੀਂ ਕਰਦੀ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਖਾਲਿਦ ਹੁਸੈਨ ਸਾਹਿਬ ਦੀ ਸਵੈਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' ਨੂੰ ਪੰਜਾਬੀ ਸਾਹਿਤ ਜਗਤ 'ਚ ਖ਼ੁਸ਼ਆਮਦੀਦ ਕਹਿੰਦਾ ਹਾਂ...ਆਮੀਨ !

ਨਵੀਂ ਦਿੱਲੀ
2 ਦਸੰਬਰ, 2012

-ਮਨਮੋਹਨ

# ਅੱਗ ਦੀ ਨਦੀ ਦੇ ਤਾਰੂ

ਮਸ਼ਹੂਰ ਸਾਹਿਤਕਾਰ, ਕਹਾਣੀਕਾਰ, ਪੱਤਰਕਾਰ ਤੇ ਯਾਰਾਂ ਦਾ ਯਾਰ ਖ਼ਾਲਿਦ ਹੁਸੈਨ ਜਿਸਨੇ ਜੰਮੂ-ਕਸ਼ਮੀਰ ਤੋਂ ਅੱਡ ਭਾਰਤ ਤੇ ਪਾਕਿਸਤਾਨ ਵਿੱਚ ਆਪਣੀਆਂ ਕਹਾਣੀਆਂ ਰਾਹੀਂ ਇੱਕ ਨਿਵੇਕਲਾ ਥਾਂ ਬਣਾਇਆ ਸੀ, ਉਹ ਕੱਲ੍ਹ ਸ਼ਾਮੀਂ ਫੌਤ ਹੋ ਗਿਆ। ਉਸਦੀ ਮੌਤ ਕਿੰਝ ਹੋਈ ਇਸ ਬਾਰੇ ਡਾਕਟਰਾਂ ਵੱਲੋਂ ਕੋਈ ਉਚੇਚੀ ਰਿਪੋਰਟ ਨਹੀਂ ਆਈ ਹੈ, ਪਰ ਇੱਕ ਗੱਲ ਪੱਕੀ ਹੈ ਕਿ ਉਸਨੂੰ ਹਾਰਟ ਅਟੈਕ ਨਹੀਂ ਸੀ ਹੋਇਆ, ਕਿਉਂਕਿ ਉਸਦਾ ਹਾਰਟ ਤੇ 'ਸਵੀਟ ਹਾਰਟ' ਸੀ। ਪਿਆਰ ਸਮੁੰਦਰ ਉਸਦੇ ਅੰਦਰ ਠਾਠ੍ਹਾਂ ਮਾਰਦਾ ਸੀ। ਉਹ ਆਪ ਇਸ਼ਕ ਸੀ, ਆਸ਼ਿਕ ਸੀ ਤੇ ਮਸ਼ੂਕ ਵੀ। ਉਹ ਰੱਬ ਦੀ ਬਣਾਈ ਹੋਈ ਕਾਇਨਾਤ ਵਿੱਚ ਰਚਿਆ ਵਸਿਆ ਸੀ। ਉਹ ਸੱਚ ਤੇ ਹੱਕ ਦੇ ਧਰਮ ਦਾ ਆਸ਼ਿਕ ਸੀ ਤੇ ਕਰੜੇ ਮੁਲਾਵਾਂ ਤੇ ਜਨੂੰਨੀ ਤਿਲਕਧਾਰੀਆਂ ਕੋਲੋਂ ਦੁਖੀ ਸੀ। ਉਹ ਦੁਨੀਆ ਦੀ ਦੌਲਤ ਨੂੰ ਜੁੱਤੀ ਦੀ ਨੋਕ ਬਰਾਬਰ ਸਮਝਦਾ ਸੀ। ਇਸੇ ਲਈ ਸ਼ਾਹ ਖਰਚ ਸੀ। ਉਸਨੇ ਸਾਰੀ ਹਿਯਾਤੀ ਗਿਆਨ ਦੀ ਦੌਲਤ ਇੱਕੱਠਿਆ ਕਰਨ ਵਿੱਚ ਗੁਜ਼ਾਰੀ। ਉਹ ਆਪਣੇ ਦੋਸਤਾਂ ਨੂੰ ਪਿਆਰ ਸੌਗਾਤਾਂ ਵੰਡਦਾ ਰਹਿੰਦਾ। ਉਹਨੇ ਕਦੇ ਆਪਣੀ ਜ਼ਿੰਦਗੀ ਵਿੱਚ ਰਿਸ਼ਤੇ ਨਹੀਂ ਗੁਆਏ ਸਗੋਂ ਰਿਸ਼ਤਿਆਂ ਨੂੰ ਬਣਾਇਆ ਤੇ ਪਾਲੀ ਰੱਖਿਆ। ਉਹਦੇ ਦਿਲ ਦੀ ਢੋਕ ਹਮੇਸ਼ਾ ਵਸਦੀ ਰਹੀ।

ਉਹਦੀ ਫੌਤਗੀ ਨਾਲ ਸਾਹਿਤਕ ਹਲਕਿਆਂ ਵਿੱਚ ਉਦਾਸੀ ਛਾ ਗਈ ਸੀ। ਗਵਰਨਰ, ਚੀਫ ਮਨਿਸਟ, ਮੰਤਰੀਆਂ, ਸਮਾਜੀ ਸੰਸਥਾਵਾਂ ਤੇ ਸਾਹਿਤਕ ਅਦਾਰਿਆਂ ਦੀਆਂ ਸ਼ੋਕ ਸਭਾਵਾਂ ਵਿੱਚ ਮਾਤਮੀ ਕਰਾਰਦਾਦਾਂ ਪਾਸ ਕੀਤੀਆਂ ਗਈਆਂ ਅਤੇ ਖ਼ਾਲਿਦ ਹੁਸੈਨ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਹੋਇਆਂ ਉਸਦੀ ਸ਼ਖ਼ਸੀਅਤ ਤੇ ਸਾਹਿਤਕ ਉਪਲਬਧੀਆਂ ਤੇ ਕਾਮਯਾਬੀਆਂ ਤੇ ਲੋਕ ਸੇਵਾਵਾਂ ਨੂੰ ਸਰਾਹਿਆ ਗਿਆ। ਕਲਚਰਲ, ਸਾਹਿਤਕ ਤੇ ਸਮਾਜੀ ਸੰਗਠਨਾਂ ਨੇ ਵੀ ਬੜੇ ਦੁਖੀ ਦਿਲ ਨਾਲ ਉਨ੍ਹਾਂ ਦਾ ਸੋਗ ਮਨਾਇਆ। ਸਭਨਾਂ ਨੇ ਕਿਹਾ ਕਿ ਉਨ੍ਹਾਂ ਦੇ ਅਕਾਲ ਚਲਾਣਾ ਕਰਨ ਨਾਲ ਸਾਹਿਤਕ ਜਗਤ ਵਿੱਚ ਇੱਕ ਖ਼ਲਾ ਪੈਦਾ ਹੋ ਗਿਆ ਹੈ, ਪਰ ਸੱਚੇ ਤੇ ਸੁੱਚੇ ਸਾਹਿਤਕਾਰਾਂ ਦਾ ਕਹਿਣਾ ਸੀ ਕਿ ਖ਼ਾਲਿਦ ਹੁਸੈਨ ਦੇ ਮਰਨ ਨਾਲ ਦੇਸ਼, ਸਮਾਜ ਤੇ ਸਾਹਿਤਕ ਜਗਤ ਨੂੰ ਕੋਈ ਫਰਕ ਨਹੀਂ ਪੈਣਾ ਕਿਉਂਕਿ ਲੋਕ ਮਰਦੇ ਰਹਿੰਦੇ ਨੇ ਅਤੇ ਦੂਜੇ ਲੋਕ ਉਨ੍ਹਾਂ

ਦੀ ਥਾਂ ਲੈਂਦੇ ਰਹਿੰਦੇ ਹਨ। ਇਸ ਲਈ ਬਹੁਤਾ ਸੋਗ ਮਨਾਣ ਦੀ ਵੀ ਕੋਈ ਲੋੜ ਨਹੀਂ ਹੈ।

ਸਵਰਗਵਾਸੀ ਹੁਸੈਨ ਬੜੇ ਮੁਖੌਲੀਏ, ਜ਼ਿੰਦਾਦਿਲ, ਲਤੀਫੇਬਾਜ਼ ਤੇ ਕਬੂਤਰਬਾਜ਼ ਸਨ, ਉਹ ਗੱਲਾਂ ਕਰਦਿਆਂ ਦੋ ਚਾਰ ਲਤੀਫੇ ਸੁਣਾਨਾ ਅਤੇ ਠੇਠ੍ਹ ਅਖਾਣਾਂ ਭਰੀ ਭਾਸ਼ਾ ਦਾ ਪ੍ਰਯੋਗ ਕਰਨਾ ਆਪਣਾ ਫਰਜ਼ ਸਮਝਦੇ ਸਨ। ਉਨ੍ਹਾਂ ਦੇ ਅਖਾਣ ਤੇ ਮੁਹਾਵਰੇ ਸੁਣ ਕੇ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਕਈ ਪ੍ਰੋਫੈਸਰ ਅਤੇ ਸਾਹਿਤਕਾਰ ਪ੍ਰੇਸ਼ਾਨ ਹੋ ਜਾਂਦੇ ਸਨ। ਸਭਨਾ ਨੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਤੇ ਉਨ੍ਹਾਂ ਨੂੰ ਸਵਰਗਾਂ ਵਿੱਚ ਨੇਕ ਹੂਰਾਂ ਦੇ ਹੱਥੋਂ ਪਾਕ ਸ਼ਰਾਬ ਪਿਲਾਉਣ ਲਈ ਤੇ ਮੌਜਾਂ ਮਾਰਨ ਲਈ ਰੱਬ ਸੱਚੇ ਅੱਗੇ ਅਰਦਾਸ ਕੀਤੀ। ਪਰ ਸਾਰਿਆਂ ਨੂੰ ਪਤਾ ਸੀ ਕਿ ਜਿਸ ਜੰਨਤ ਦੀ ਪੇਸ਼ਨਗੋਈ ਮੁਲਵਾਣੇ ਅਤੇ ਭਵਿਸ਼ਬਾਣੀ ਪੰਡਿਤ ਤੇ ਪੁਜਾਰੀ ਕਰਦੇ ਹਨ, ਉਹ ਉਨ੍ਹਾਂ ਨੂੰ ਕਦੇ ਵੀ ਨਹੀਂ ਮਿਲਣੀ। ਫਿਰ ਵੀ ਦੁਆ ਮੰਗਣ ਵਿੱਚ ਭਲਾ ਕਿਸੇ ਦਾ ਕੀ ਜਾਂਦਾ ਸੀ ਤੇ ਇਸ ਵਿੱਚ ਹਰਜ ਵੀ ਕੀ ਸੀ।

ਮੈਂ ਖ਼ਾਲਿਦ ਹੁਸੈਨ ਦੀ ਵੱਡੀ ਭੈਣ ਜ਼ੁਬੇਦਾ ਹਾਂ, ਮੈਂ ਉਸਨੂੰ ਪਾਲਿਆ ਸੀ, ਤੇ ਉਹਨੂੰ ਪੜ੍ਹਾਇਆ ਵੀ। ਮੈਂ 1947 ਦੀ ਦੇਸ਼ ਵੰਡ ਤੇ ਉਸ ਕਾਰਨ ਹੋਏ ਲੋਕਾਈ ਦੇ ਕਤਲ-ਓ-ਗ਼ਾਰਤ, ਬਲਾਤਕਾਰੀ, ਬਰਬਾਦੀ ਤੇ ਮੰਦਹਾਲੀ ਦੀ ਅੱਖੀਂ ਵੇਖੀ ਹਕੀਕਤ ਹਾਂ। ਇਸ ਲਈ ਮੈਂ ਖ਼ਾਲਿਦ ਹੁਸੈਨ ਦੇ ਬਚਪਨ ਤੇ ਉਸ ਨਾਲ ਜੁੜੀਆਂ ਦੂਜੀਆਂ ਗੱਲਾਂ ਦਾ ਵੇਰਵਾ ਦਿਆਂਗੀ।

ਸਾਡੇ ਵੱਡੇ-ਵਡੇਰੇ ਹਸਬੀ-ਨਸਬੀ ਕਸ਼ਮੀਰੀ ਪੰਡਿਤ ਸਨ ਤੇ ਕਸ਼ਮੀਰ ਦੀ ਸੋਹਣੀ ਧਰਤੀ ਦੇ ਵਸਨੀਕ। ਸਾਡਾ ਲੱਕੜ ਦਾਦਾ ਦਮੋਦਰ ਕੌਲ ਰਫਲ ਅਤੇ ਪਸ਼ਮੀਨੇ ਦੇ ਸ਼ਾਲ ਬਣਾਉਣ ਦਾ ਕਾਰੀਗਰ ਸੀ। ਉਹ ਲਾਹੌਰ ਤੋਂ ਆਏ ਕਿਸੇ ਸੂਫੀ ਫਕੀਰ ਦਾ ਮੁਰੀਦ (ਚੇਲਾ) ਬਣ ਗਿਆ ਤੇ ਉਹਦੇ ਨਾਲ ਰਹਿ ਕੇ ਉਸਦੀ ਸੇਵਾ ਕਰਨ ਲੱਗਾ। ਜਦੋਂ ਉਹ ਸੂਫੀ ਦਰਵੇਸ਼ ਮੁੜ ਲਾਹੌਰ ਵੱਲ ਜਾਣ ਲੱਗਾ ਤਾਂ ਲੱਕੜ ਦਾਦਾ ਵੀ ਉਸ ਨਾਲ ਲਾਹੌਰ ਚਲਾ ਗਿਆ। ਆਪਣੇ ਮੁਰਸ਼ਦ ਦੇ ਆਖੇ ਲੱਗ ਕੇ ਦਮੋਦਰ ਕੌਲ ਨੇ ਇਸਲਾਮ ਧਰਮ ਕਬੂਲ ਕਰ ਲਿਆ ਤੇ ਇੱਕ ਕਸ਼ਮੀਰੀ ਮੁਸਲਿਮ ਸ਼ਰਨਾਰਥੀ ਦੀ ਕੁੜੀ ਨਾਲ ਵਿਆਹ ਕਰ ਲਿਆ। ਉਸਦੀ ਸੰਤਾਨ ਵਿੱਚੋਂ ਇੱਕ ਪੁੱਤਰ ਜਦ ਜਵਾਨ ਹੋਇਆ ਤਾਂ ਲਾਹੌਰ ਛੱਡ ਕੇ ਜੰਮੂ ਆ ਗਿਆ। ਉਹ ਵੀ ਸ਼ਾਲ ਬਾਫੀ ਦੇ ਕੰਮ ਦਾ ਮਾਹਿਰ ਸੀ। ਉਸਨੂੰ ਰਾਮ ਨਗਰ ਦੇ ਰਾਜੇ ਨੇ ਆਪਣਾ ਮੁਲਾਜ਼ਮ ਰੱਖ ਲਿਆ ਤੇ ਇੰਝ ਉਹ ਪੱਕੇ ਪੈਰੀਂ ਰਾਮ ਨਗਰ ਜਾ ਵੱਸਿਆ, ਜਿੱਥੇ ਉਸਦਾ ਵਿਆਹ ਕਸ਼ਮੀਰੀ ਮੁਸਲਮਾਨ ਜੁਲਾਹਿਆਂ ਦੇ ਘਰ ਹੋਇਆ। ਉਹਨੇ ਉਥੇ ਆਪਣਾ ਕੱਚਾ ਕੋਠਾ ਉਸਾਰਿਆ ਤੇ ਰਾਜੇ ਦੀ ਚਾਕਰੀ ਕਰਨ ਦੇ ਨਾਲ ਨਾਲ ਸ਼ਾਲ ਬੁਣਨ ਦਾ ਕੰਮ ਵੀ ਕਰਦਾ ਰਿਹਾ।

ਉਸਦੇ ਘਰ ਦੋ ਪੁੱਤਰ ਤੇ ਇੱਕ ਧੀ ਪੈਦਾ ਹੋਈ ਜਿਨ੍ਹਾਂ ਵਿੱਚ ਪੁੱਤਰ ਦਾ ਨਾਂ ਸ਼ੇਖ ਅਲੀ ਮੁਹੰਮਦ ਸੀ, ਜਿਸਨੂੰ ਲੋਕੀ ਅਲੀਆ ਸ਼ੇਖ ਸੱਦਦੇ ਸਨ ਤੇ ਇਹ ਅਲੀਆ ਸ਼ੇਖ ਸਾਡਾ ਪੜਦਾਦਾ ਸੀ, ਜਿਸ ਦਾ ਮਕਾਨ ਰਾਮ ਨਗਰ ਦੇ ਮੁਹੱਲੇ ਚਿਗਲੀ ਚੋਰੀ ਵਿੱਚ ਸੀ। ਸਾਡੇ ਦਾਦੇ ਦਾ ਨਾਂ ਸ਼ੇਖ ਹਬੀਬ ਉਲੱਾ ਸੀ, ਜਿਹੜਾ ਸ਼ਾਲ ਤੇ ਕੱਪੜਾ ਬੁਣਨ ਦੇ ਨਾਲ ਨਾਲ ਦਰਜ਼ੀਆਂ ਦਾ ਕੰਮ ਵੀ ਕਰਦਾ ਸੀ।

ਇੱਕ ਵਾਰੀ ਉਹ ਖਰੀਦਾਰੀ ਲਈ ਰਾਮ ਨਗਰ ਤੋਂ ਉਧਮਪੁਰ ਆਇਆ ਤਾਂ ਉਸਨੇ ਦਬੜ ਵਿੱਚ ਇੱਕ ਕਸ਼ਮੀਰੀ ਟੱਬਰ ਨੂੰ ਵੇਖਿਆ ਜਿਹੜਾ ਦੇਹਰਾਦੂਨ ਤੋਂ ਆਇਆ ਸੀ ਤੇ ਵਾਪਿਸ ਕਸ਼ਮੀਰ ਜਾ ਰਿਹਾ ਸੀ। ਉਸ ਪਰਿਵਾਰ ਦੇ ਮੁਖੀ ਦਾ ਨਾਂ ਜਾਫਰ ਅਲੀ ਸੀ। ਉਨ੍ਹਾਂ ਦਿਨਾਂ ਵਿੱਚ ਬਹੁਤਾ ਸਫਰ ਪੈਦਲ ਕਰਨਾ ਪੈਂਦਾ ਸੀ ਇਸ ਲਈ ਉਹ ਕੁੱਝ ਦਿਨ ਉਧਮਪੁਰ ਵਿੱਚ ਗਹ ਪੇ ਵਿ...ਹਮ ਕਰਕੇ ਕਸ਼ਮੀਰ ਵੱਲ ਜਾਣਾ ਚਾਹੁੰਦਾ ਸੀ। ਉਹ ਟੱਬਰ ਸ਼ੀਆ ਮਸਲਕ ਨਾਲ ਤਾਲੁਕ ਰੱਖਦਾ ਸੀ। ਉਸ ਪਰਿਵਾਰ ਵਿੱਚ ਕੁੱਲ ਚਾਰ ਜੀਅ ਸਨ। ਦੋ ਜੁਆਨ ਕੁੜੀਆਂ ਤੇ ਉਨ੍ਹਾਂ ਦੇ ਮਾਪੇ ਜਿਹੜੇ ਸ੍ਰੀਨਗਰ ਦੇ ਜ਼ੱਡੀਬਲ ਇਲਾਕੇ ਦੇ ਰਹਿਣ ਵਾਲੇ ਸਨ ਅਤੇ ਸਰਦੀਆਂ ਵਿੱਚ ਮਿਹਨਤ ਮਜ਼ਦੂਰੀ ਕਰਨ ਪੰਜਾਬ, ਦਿੱਲੀ ਜਾਂ ਉਤਰ ਪ੍ਰਦੇਸ਼ ਵੱਲ ਚਲੇ ਜਾਂਦੇ ਸਨ। ਜਾਫਰ ਅਲੀ ਦੀ ਸੁਆਣੀ ਦਾ ਨਾਂ ਜ਼ੈਨਬ ਸੀ ਤੇ ਕੁੜੀਆਂ ਦੇ ਨਾਂ ਤਾਜ ਬੇਗਮ ਤੇ ਰਾਜ ਬੇਗਮ ਸਨ। ਜਾਫਰ ਅਲੀ ਇੱਕ ਕਸਬੀ ਦਰਜ਼ੀ ਸੀ ਤੇ ਸਿਲਾਈ ਦਾ ਕੰਮ ਦਸਤੀ ਕਰਦਾ ਸੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਸਿਲਾਈ ਮਸ਼ੀਨਾਂ ਨਹੀਂ ਸਨ ਹੁੰਦੀਆਂ ਤੇ ਦਰਜ਼ੀ ਹੱਥ ਨਾਲ ਸੀਣ ਪਰੋਣ ਦਾ ਕੰਮ ਕਰਦੇ ਸਨ। ਜਾਫਰ ਅਲੀ ਕੋਟ ਬਣਾਨ ਦਾ ਮਾਹਿਰ ਸੀ। ਜਦ ਇਸ ਗੱਲ ਦੀ ਸਾਰ ਉਧਮਪੁਰ ਦੇ ਤਹਿਸੀਲਦਾਰ ਨੂੰ ਲੱਗੀ ਤਾਂ ਉਸਨੇ ਜਾਫਰ ਅਲੀ ਨੂੰ ਕੋਟ ਬਣਾਨ ਲਈ ਕੱਪੜਾ ਦਿੱਤਾ। ਇੱਕ ਅਧ ਸੂਟ ਸੀਣ ਮਗਰੋਂ ਇਹ ਕਸ਼ਮੀਰੀ ਟੱਬਰ ਪੂਰੇ ਉਧਮਪੁਰ ਵਿੱਚ ਮਸ਼ਹੂਰ ਹੋ ਗਿਆ ਤੇ ਉਨ੍ਹਾਂ ਨੂੰ ਕੋਟ, ਵਾਸਕਟਾਂ ਤੇ ਹੋਰ ਕੱਪੜੇ ਸੀਣ ਦਾ ਕੰਮ ਮਿਲਦਾ ਗਿਆ। ਉਨ੍ਹਾਂ ਰਹਿਣ ਲਈ ਕਿਰਾਏ 'ਤੇ ਇੱਕ ਮਕਾਨ ਲੈ ਲਿਆ ਤੇ ਕੱਪੜੇ ਸੀਣ ਦਾ ਕੰਮ ਕਰਨ ਲੱਗੇ। ਦੋਵੇਂ ਕੁੜੀਆਂ ਆਪਣੇ ਪਿਓ ਦਾ ਹੱਥ ਵਟਾਉਂਦੀਆਂ। ਸ਼ੇਖ ਹਬੀਬ ਉਲੱਾ ਤੇ ਡੁੱਡੂ ਪਿੰਡ ਦਾ ਸਾਹਬਦੀਨ ਭੱਟ ਵੀ ਉਨ੍ਹਾਂ ਕੋਲ ਆਣ-ਜਾਣ ਲੱਗੇ। ਨੇੜਤਾ ਵਧਦੀ ਗਈ ਤੇ ਦੋਵੇਂ ਆਖ਼ਿਰ ਜਾਫਰ ਅਲੀ ਦੇ ਜਵਾਈ ਬਣ ਗਏ। ਰਾਜ ਬੇਗਮ, ਸਾਹਬਦੀਨ ਭੱਟ ਨੇ ਵਿਆਹੀ ਅਤੇ ਤਾਜ ਬੇਗਮ, ਹਬੀਬ ਉਲੱਾ ਦੀ ਬੀਵੀ ਬਣ ਗਈ। ਜਾਫਰ ਅਲੀ ਤੇ ਜ਼ੈਨਬ ਸ੍ਰੀਨਗਰ ਆਪਣੇ ਘਰ ਜ਼ੱਡੀਬਲ ਚਲੇ ਗਏ ਅਤੇ ਉਨ੍ਹਾਂ ਦੀਆਂ ਧੀਆਂ ਡੁੱਡੂ ਬਸੰਤਗੜ੍ਹ ਅਤੇ ਰਾਮ ਨਗਰ।

ਹਬੀਬ ਉਲੱਾ ਸਾਡਾ ਦਾਦਾ ਸੀ ਤੇ ਤਾਜ ਬੇਗਮ ਜਾਂ ਤਾਜੋ ਸਾਡੀ ਦਾਦੀ, ਜਦਕਿ ਸਾਹਬਦੀਨ ਭੱਟ ਸਾਡਾ ਨਾਨਾ ਸੀ ਤੇ ਰਾਜ ਬੇਗਮ ਜਾਂ ਰਾਜੋ ਸਾਡੀ ਮਤਰੇਈ

ਨਾਨੀ ਸੀ। ਹਬੀਬ ਉੱਲਾ ਤੇ ਤਾਜੋ ਦੇ ਤਿੰਨ ਪੁੱਤਰ ਤੇ ਇੱਕ ਧੀ ਸੀ। ਪੁੱਤਰਾਂ ਦੇ ਨਾਂ ਸ਼ੇਖ ਗੁਲਾਮ ਹੁਸੈਨ, ਸ਼ੇਖ ਅਬਦੁਲ ਕਰੀਮ ਤੇ ਸ਼ੇਖ ਅਬਦੁਲ ਕਯੂਮ ਸਨ ਤੇ ਧੀ ਦਾ ਨਾਂ ਗੁਲਾਮ ਫਾਤਮਾ। ਤਾਜ ਬੇਗਮ ਬੜੀ ਸਿਆਣੀ ਜਨਾਨੀ ਸੀ, ਉਸਨੇ ਬੱਚਿਆਂ ਨੂੰ ਚੰਗੀ ਸਿੱਖਿਆ ਦਵਾਉਣ ਲਈ ਆਪਣੇ ਖਾਵੰਦ ਨੂੰ ਮਜ਼ਬੂਰ ਕੀਤਾ ਕਿ ਉਹ ਰਾਮ ਨਗਰ ਵਾਲਾ ਘਰ ਵੇਚ ਕੇ ਉਧਮਪੁਰ ਵਿੱਚ ਘਰ ਬਣਾਏ ਤਾਂ ਜੋ ਬੱਚੇ ਪੜ੍ਹ ਸਕਣ। ਇੰਝ ਰਾਮ ਨਗਰ ਵਿੱਚ ਰਹਿਣ ਵਾਲਾ ਇਹ ਪਰਿਵਾਰ ਉਧਮਪੁਰ ਅਪੜਿਆ ਤੇ ਉਥੇ ਉਨ੍ਹਾਂ 'ਸੈਲਾਂ ਦੇ ਤਲਾ' ਕੋਲ ਬਾਜ਼ਾਰ ਦੀ ਆਖੀਰੀ ਨੁੱਕਰੇ ਆਪਣਾ ਘਰ ਉਸਾਰਿਆ। ਬੱਚਿਆਂ ਨੂੰ ਸਕੂਲੇ ਪਾਇਆ। ਤਾਜੋ ਬੜੀ ਸਰਫਾ ਕਰਨ ਵਾਲੀ ਸਵਾਣੀ ਸੀ ਤੇ ਆਪ ਵੀ ਸੀਣ-ਪਰੋਣ ਦਾ ਕੰਮ ਕਰਕੇ ਚਾਰ ਪੈਸੇ ਕਮਾ ਲੈਂਦੀ ਸੀ। ਸਫੈਦ ਪੋਸ਼ੀ ਵਿੱਚ ਗ੍ਰਿਹਿਸਤੀ ਰਿੜ੍ਹਦੀ ਰਹੀ ਤੇ ਬੱਚੇ ਪੜ੍ਹਦੇ ਰਹੇ। ਤਿੰਨਾਂ ਪੁੱਤਰਾਂ ਚੌਦਾਂ-ਚੌਦਾਂ ਜਮਾਤਾਂ ਪਾਸ ਕਰ ਲਈਆਂ ਤੇ ਧੀ ਨੇ ਦਸਵੀਂ ਤਕ ਤਾਲੀਮ ਹਾਸਿਲ ਕਰ ਲਈ। ਗੁਲਾਮ ਹੁਸੈਨ, ਅਬਦੁਲ ਕਰੀਮ ਤੇ ਗੁਲਾਮ ਫਾਤਮਾ ਮਾਸਟਰ ਤੇ ਮਾਸਟਰਨੀ ਬਣ ਗਏ, ਤੇ ਅਬਦੁਲ ਕਯੂਮ ਚੰਗੀ ਜਿਹੀ ਨੌਕਰੀ ਦੀ ਉਡੀਕ ਵਿੱਚ ਸੀ। ਤਾਜੋ ਨੇ ਆਪਣੇ ਕਮਾਊ ਪੁੱਤਰਾਂ ਦਾ ਵਿਆਹ ਕਰਵਾਇਆ। ਸ਼ੇਖ ਗੁਲਾਮ ਹੁਸੈਨ ਲਈ ਆਪਣੇ ਬਹਿਨੋਈ ਸਾਹਬਦੀਨ ਦੀ ਧੀ ਬਤੂਲ ਬੇਗਮ ਨੂੰ ਵਿਆਹ ਕੇ ਲਿਆਂਦਾ ਜਦਕਿ ਅਬਦੁਲ ਕਰੀਮ ਦਾ ਵਿਆਹ ਉਧਮਪੁਰ ਵਿੱਚ ਹੀ ਲੁਹਾਰਾਂ ਦੇ ਘਰ ਕੀਤਾ ਤੇ ਗੁਲਾਮ ਫਾਤਮਾ ਦੀ ਸ਼ਾਦੀ ਰਾਮ ਨਗਰ ਦੇ ਮੁਹੰਮਦ ਦੀਨ ਨਾਲ ਕਰ ਦਿੱਤੀ। ਸਿਰਫ ਅਬਦੁਲ ਕਯੂਮ ਕੁਵਾਰਾ ਸੀ ਤੇ ਨੌਕਰੀ ਲੋੜੀਂਦਾ ਸੀ। ਸਾਡੀ ਦਾਦੀ ਤਾਜੋ ਬੜੇ ਧਾਰਮਿਕ ਖਿਆਲਾਂ ਦੀ ਸੀ। ਸ਼ੀਆ ਮਸਲਕ ਤੇ ਉਸਦਾ ਅੰਧ-ਵਿਸ਼ਵਾਸ ਸੀ। ਉਹ ਮੋਹਰਮ ਦੇ ਦਿਨਾਂ ਵਿੱਚ ਕਿਸੇ ਨੂੰ ਨਵੇਂ ਲੀੜੇ ਨਹੀਂ ਸੀ ਪਾਉਣ ਦਿੰਦੀ। ਅਸ਼ੂਰੇ ਦੀਆਂ ਬੈਠਕਾਂ ਵਿੱਚ ਭਾਗ ਲੈਂਦੀ ਤੇ ਮਰਸੀਏ ਪੜ੍ਹਦੀ, ਪਰ ਦਾਦਾ ਸੁੰਨੀ ਮਸਲਕ ਦਾ ਸੀ ਤੇ ਉਹ ਪੁੱਤਰਾਂ ਨੂੰ ਛਾਤੀ ਪਿੱਟਣ ਨਹੀਂ ਸੀ ਦਿੰਦਾ।

ਸੈਲਾਂ ਦੇ ਤਲਾ ਕੋਲ ਰਹਿਣ ਵਾਲਾ ਇਹ ਪਰਿਵਾਰ ਸੁਖੀ ਜੀਵਨ ਗੁਜ਼ਾਰ ਰਿਹਾ ਸੀ ਕਿ ਦੇਸ਼ ਵਿੱਚ ਆਜਾਦੀ ਦੀ ਲੜਾਈ ਜ਼ੋਰ ਪਕੜਨ ਲੱਗੀ। ਅੰਗਰੇਜ਼ਾਂ ਸਵਤੰਤਰਤਾ ਦੇ ਅੰਦੋਲਨ ਨੂੰ ਨਾਕਾਮ ਕਰਨ ਲਈ ਆਪਣੀ ਰਾਜਨੀਤੀ ਵਿੱਚ ਮਜ਼ਬੀ ਜਨੂੰਨ ਦਾ ਤੜਕਾ ਲਾਇਆ। ਹਿੰਦੂ, ਸਿੱਖ ਨੂੰ ਮੁਸਲਮਾਨ ਨਾਲ ਤੇ ਮੁਸਲਮਾਨ ਨੂੰ ਹਿੰਦੂ, ਸਿੱਖ ਨਾਲ ਲੜਾਇਆ। ਮਾਸੂਮ ਤੇ ਨਿਰਦੋਸ਼ ਲੋਕਾਂ ਦਾ ਕਤਲਿਆਮ ਹੋਇਆ। ਗਾਂਧੀ ਦੀ ਅਹਿੰਸਾਵਾਦੀ, ਬਰਬਾਦੀ ਦੀਆਂ ਹੱਦਾਂ ਛੂਹਣ ਲੱਗੀ। ਸਰਦਾਰ ਪਟੇਲ, ਨਹਿਰੂ ਤੇ ਜਿੰਨਾਹ ਨੂੰ ਦੇਸ਼ ਨੂੰ ਵੰਡਣ ਦੀ ਬੜੀ ਕਾਹਲ ਸੀ ਤਾਂ ਜੋ ਉਨ੍ਹਾਂ ਦੇ ਬਖ਼ਤ ਨੂੰ ਤਖ਼ਤ ਛੇਤੀ ਤੋਂ ਛੇਤੀ ਨਸੀਬ ਹੋਏ। ਅੰਗਰੇਜ਼ ਭਾਰਤ ਦੀ ਧਰਤੀ ਉਤੇ ਇੱਕ ਅਜਿਹੀ ਲਕੀਰ ਖਿੱਚ ਗਿਆ ਜੋ ਫਿਰ ਮਿਟ ਨਾ ਸਕੀ। ਲੋਕਾਈ ਦੀ ਰੂਹ ਕੰਡਿਆਲੀ ਤਾਰ

ਨੇ ਛੱਲਣੀ ਕਰ ਦਿੱਤੀ। ਬੰਗਾਲ ਵੰਡਿਆ ਗਿਆ, ਪਰ ਬੰਗਾਲੀ ਭਾਸ਼ਾ ਤੇ ਬੰਗਾਲੀ ਗੀਤ-ਸੰਗੀਤ ਤੇ ਬੰਗਾਲੀ ਸਾਹਿਤ ਨਹੀਂ ਵੰਡੇ ਜਾ ਸਕੇ। ਪੰਜਾਬ ਵੰਡਿਆ ਗਿਆ, ਪਰ ਪੰਜਾਬੀ ਭਾਸ਼ਾ, ਸੱਭਿਆਚਾਰ, ਰਹਿਤਲ, ਮਾਹੀਏ, ਟੱਪੇ, ਝੂਮਰ ਗਿੱਧੇ ਤੇ ਭੰਗੜੇ ਨਹੀਂ ਵੰਡੇ ਜਾ ਸਕੇ। ਸੂਫ਼ੀ ਸੰਤਾਂ ਦੀ ਮਿੱਠੀ ਬਾਣੀ ਨਹੀਂ ਵੰਡੀ ਜਾ ਸਕੀ। ਨਾਨਕ, ਫ਼ਰੀਦ, ਸ਼ਾਹ ਹੁਸੈਨ, ਵਾਰਿਸ, ਹਾਸ਼ਮ, ਸੁਲਤਾਨ ਬਾਹੂ, ਮੀਆਂ ਮੁਹੰਮਦ ਬਖ਼ਸ਼ ਤੇ ਬੁੱਲੇ ਸ਼ਾਹ ਨਹੀਂ ਵੰਡੇ ਜਾ ਸਕੇ। ਸਿਆਸਤਦਾਨਾਂ ਤੇ ਧਰਮੀ ਜਨੂੰਨੀਆਂ, ਪੰਜਾਂ ਪਾਣੀਆਂ ਨੂੰ ਲਹੂ ਨਾਲ ਰੰਗਿਆ। ਇਨਸਾਨ ਮਰਿਆ, ਇਨਸਾਨੀਅਤ ਸ਼ਰਮਿੰਦਾ ਹੋਈ। ਗ੍ਰੰਥ, ਕੁਰਾਨ, ਸ਼ਰਮਸਾਰ ਹੋਏ, ਗੀਤਾ ਕੁਰਲਾਈ, ਮੁਟਿਆਰਾਂ ਵਾਰਿਸ ਸ਼ਾਹ ਨੂੰ ਹਾਕ ਲਗਾਈ, ਸ਼ਰਮਾਂ ਵਾਲੀਆਂ ਨੰਗੀਆਂ ਹੋਈਆਂ, ਲੱਖਾਂ ਮਰੇ ਤੇ ਕਰੋੜਾਂ ਸ਼ਰਨਾਰਥੀ ਬਣੇ। ਇਹ ਸੌਗਾਤਾਂ ਤਕਸੀਮ ਨੇ ਸਾਡੀ ਝੋਲੀ ਪਾਈਆਂ।

ਜੰਮੂ ਤੇ ਕਸ਼ਮੀਰ ਵੀ ਵੰਡਿਆ ਗਿਆ। ਕਸ਼ਮੀਰ ਕਾਹਦਾ ਤਕਸੀਮ ਹੋਇਆ, ਅਸਲ ਵਿੱਚ ਜੰਮੂ ਪ੍ਰਾਂਤ ਦੋ ਫਾੜ ਹੋ ਗਿਆ। ਇੱਕੋ ਬੋਲੀ ਤੇ ਇੱਕੋ ਸੱਭਿਆਚਾਰ ਦਾ ਚੀਰ-ਹਰਨ ਹੋ ਗਿਆ। ਪੰਜਾਬੀ ਤੇ ਪੋਠੋਹਾਰੀ ਬੋਲਣ ਵਾਲੇ ਇਲਾਕੇ ਵੰਡੇ ਗਏ। ਟੀਟਵਾਲ, ਕਰਨਾਹ, ਉੜੀ, ਪੁਣਛ ਤੇ ਰਜ਼ੌਰੀ ਤਕਸੀਮ ਹੋ ਗਏ। ਬਲਤੀ ਸੱਭਿਆਚਾਰ ਵੰਡਿਆ ਗਿਆ। ਕਾਰਗਿਲ ਤੇ ਲਦਾਖ ਇਧਰ ਰਹਿ ਗਏ ਜਦਕਿ ਅਸਕਰਦੂ ਤੇ ਗਿਲਗਿਤ ਉਧਰ ਚਲੇ ਗਏ। ਉਨ੍ਹਾਂ ਆਪਣੇ ਕਬਜ਼ੇ 'ਚ ਕੀਤੇ ਹੋਏ ਇਲਾਕੇ ਨੂੰ ਆਜ਼ਾਦ ਜੰਮੂ-ਕਸ਼ਮੀਰ ਕਹਿਣਾ ਸ਼ੁਰੂ ਕਰ ਦਿੱਤਾ'ਤੇ ਸਾਡੇ ਵਾਲੇ ਕਸ਼ਮੀਰ ਨੂੰ ਮਕਬੂਜ਼ਾ (ਕਬਜ਼ਾ ਕੀਤਾ ਹੋਇਆ) ਕਸ਼ਮੀਰ। ਇੰਝ ਹੀ ਸਾਡੇ ਹਾਕਮਾਂ ਨੇ ਪਾਰਲੇ ਕਸ਼ਮੀਰ ਨੂੰ ਮਕਬੂਜ਼ਾ ਕਸ਼ਮੀਰ ਕਹਿਣਾ ਸ਼ੁਰੂ ਕੀਤਾ ਤੇ ਆਪਣੇ ਵਾਲੇ ਹਿੱਸੇ ਨੂੰ ਆਜ਼ਾਦ ਭਾਰਤ ਦਾ 'ਅਟੁੱਟ-ਅੰਗ'।

ਉਧਮਪੁਰ ਦੀ ਦੇਵਕ ਨਦੀ, ਜੰਮੂ ਦੀ ਤਵੀ, ਸਾਂਬੇ ਦੀ ਬਸੰਤਰ ਤੇ ਕਠੂਏ ਦੀ ਉਝ ਨਦੀਆਂ ਇਨਸਾਨ ਦੇ ਲਹੂ ਨਾਲ ਲਾਲ ਹੋਈਆਂ। ਉਧਮਪੁਰ ਵਿੱਚ ਕਤਲਿਆਮ ਹੋਇਆ, ਰਿਆਸੀ, ਜੰਮੂ, ਕਠੂਆ, ਮੀਰਪੁਰ, ਬਾਗ਼, ਕੋਟਲੀ, ਭਿੰਬਰ, ਮੁਜ਼ਫਰਾਬਾਦ, ਪਲੰਦਰੀ, ਪੁਣਛ ਤੇ ਹਵੇਲੀ ਨੇ ਲਹੂ ਦੇ ਪਿਆਲੇ ਪੀਤੇ।

ਰਾਜਨੀਤੀ ਤੇ ਧਰਮ ਦੇ ਨਾਂ 'ਤੇ ਰਾਕਸ਼ਾਂ ਨੇ ਇਨਸਾਨ ਨੂੰ ਮਾਰਿਆ। ਦਹਿਸ਼ਤ, ਵਹਿਸ਼ਤ ਤੇ ਗ਼ਾਰਤ ਦਾ ਨੰਗਾ ਨਾਚ ਨੱਚਿਆ ਗਿਆ। ਸਾਡਾ ਦਾਦਾ ਮਾਸਟਰ ਹਬੀਬ ਉੱਲਾ, ਪਿਓ ਮਾਸਟਰ ਸ਼ੇਖ ਗੁਲਾਮ ਹੁਸੈਨ, ਚਾਚਾ ਅਬਦੁਲ ਕਰੀਮ ਤੇ ਉਹਦੀ ਵਹੁਟੀ ਤੇ ਬੱਚਾ, ਚਾਚਾ ਅਬਦੁਲ ਕਯੂਮ, ਫੁੱਫੜ ਮੁਹੰਮਦ ਦੀਨ ਅਤੇ ਦੋ ਭਰਾ ਫਿਰਕੂ ਰੌਲਿਆਂ ਦੀ ਭੇਟ ਚੜ੍ਹ ਗਏ। ਬਚਣ ਵਾਲਿਆਂ ਵਿੱਚੋਂ ਮਾਂ ਬਤੂਲ ਬੇਗਮ, ਭਰਾ ਮੁਹੰਮਦ ਇਸਹਾਕ, ਮੈਂ ਤੇ ਖ਼ਾਲਿਦ ਹੁਸੈਨ ਅਤੇ ਸਾਡੀ ਫੁੱਫੀ ਗੁਲਾਮ ਫਾਤਮਾ ਸੀ, ਜਿਸਨੇ

ਆਪਣੀਆਂ ਪੰਜ ਧੀਆਂ ਡੂਮ ਤੇ ਮੇਘ ਬਰਾਦਰੀ ਦੇ ਲੋਕਾਂ ਵਿੱਚ ਵੰਡ ਦਿੱਤੀਆਂ ਤੇ ਉਨ੍ਹਾਂ ਨਾਲ ਇਹ ਸਮਝੋਤਾ ਕੀਤਾ ਕਿ ਅਗਰ ਅਸੀਂ ਬਚ ਗਏ ਤੇ ਹਾਲਾਤ ਸੁਧਰ ਗਏ ਤਾਂ ਕੁੜੀਆਂ ਵਾਪਿਸ ਲੈ ਲਵਾਂਗੇ, ਨਹੀਂ ਤਾਂ ਇਹ ਬੱਚੀਆਂ ਤੁਹਾਡੀਆਂ ਹੋਈਆਂ ਤੇ ਤੁਸੀਂ ਇਨ੍ਹਾਂ ਦੇ ਪਾਲਣ-ਪੋਸ਼ਣ ਤੇ ਵਿਆਹੁਣ ਦੇ ਜ਼ਿੰਮੇਦਾਰ ਹੋਵੋਗੇ। ਇੰਝ ਫੁੱਫੀ ਗੁਲਾਮ ਫਾਤਮਾ ਸਾਡੇ ਨਾਲ ਜੁੜ ਗਈ। ਸਾਡੇ ਗੁਆਂਢ ਵਿੱਚ ਲਾਲਾ ਅਮਰਨਾਥ ਵਕੀਲ ਦਾ ਘਰ ਸੀ ਤੇ ਉਹ ਸਾਡੇ ਬਾਪ ਦਾ ਯਾਰ ਬੇਲੀ ਤੇ ਹਮ-ਜ਼ਮਾਤੀ ਸੀ। ਦੋਵਾਂ ਨੇ ਇੱਕੱਠਿਆਂ ਬੀ.ਏ. ਪਾਸ ਕੀਤੀ ਸੀ। ਲਾਲਾ ਅਮਰਨਾਥ ਨੇ ਮਗਰੋਂ ਪੰਜਾਬ ਯੂਨੀਵਰਸਿਟੀ ਵਿੱਚ ਕਾਨੂੰਨ ਦੀ ਪੜ੍ਹਾਈ ਪੂਰੀ ਕਰਕੇ ਵਕਾਲਤ ਸ਼ੁਰੂ ਕੀਤੀ, ਜਦਕਿ ਗੁਲਾਮ ਹੁਸੈਨ ਮਾਸਟਰ ਲੱਗ ਗਿਆ। ਖ਼ੈਰ ਸਾਡੀ ਫੁੱਫੀ ਨੇ ਆਪਣੇ ਵੀਰ ਦੇ ਗੂੜ੍ਹੇ ਯਾਰ ਲਾਲਾ ਅਮਰਨਾਥ ਦੇ ਘਰ ਦਾ ਬੂਹਾ ਖੜਕਾਇਆ ਤਾਂ ਜੋ ਸਾਨੂੰ ਪਨਾਹ ਮਿਲ ਸਕੇ। ਲਾਲਾ ਅਮਰਨਾਥ ਸੰਘ ਦਾ ਮੁਕਾਮੀ ਸੰਚਾਲਕ ਸੀ, ਪਰ ਉਸਨੇ ਮਾਸਟਰ ਗੁਲਾਮ ਹੁਸੈਨ ਦੀ ਯਾਰੀ ਦਾ ਲਿਹਾਜ਼ ਕਰਦਿਆਂ ਹੋਇਆਂ ਦਿਨ ਤਾਂ ਸਾਡਾ ਆਪਣੇ ਘਰ ਟਪਾਇਆ, ਪਰ ਹਨੇਰਾ ਹੁੰਦਿਆਂ ਹੀ ਆਪਣੇ ਨਿੱਕੇ ਭਰਾ ਨਾਲ ਸਾਨੂੰ ਆਪਣੇ ਪਿੰਡ ਵਾਲੇ ਮਕਾਨ ਵਿੱਚ ਘੱਲ ਦਿੱਤਾ ਜਿੱਥੇ ਉਨ੍ਹਾਂ ਦੇ ਚੌਕੀਦਾਰ ਦਾ ਟੱਬਰ ਰਹਿੰਦਾ ਸੀ। ਚੌਕੀਦਾਰ ਜ਼ਾਤ ਦਾ ਬਰਵਾਲਾ ਸੀ ਤੇ ਉਸ ਨੇਕ ਆਦਮੀ ਨੇ ਸਾਨੂੰ ਖਾਣ ਲਈ ਰੋਟੀ ਦਿੱਤੀ। ਮੱਕੀ ਦੇ ਢੋਡੇ ਤੇ ਸਰੋਂ ਦਾ ਸਾਗ ਖੁਵਾਉਣ ਮਗਰੋਂ ਉਸਨੇ ਸਾਨੂੰ ਗਾਵਾਂ ਮੱਝਾਂ ਵਾਲੇ ਗੋੜ ਵਿੱਚ ਲੁਕਾ ਦਿੱਤਾ। ਸਾਡੀ ਮਾਂ ਨੂੰ ਬੱਚਾ ਹੋਣ ਵਾਲਾ ਸੀ ਤੇ ਗਿਆਰਵਾਂ ਮਹੀਨਾ ਲੱਗਿਆ ਹੋਇਆ ਸੀ। ਇਹ ਸ਼ਾਇਦ ਕੁਦਰਤ ਦਾ ਕਮਾਲ ਸੀ ਕਿ ਨੌ ਮਹੀਨੇ ਮੁੱਕਣ ਦੇ ਬਾਵਜੂਦ ਵੀ ਬੱਚਾ ਨਹੀਂ ਸੀ ਹੋਇਆ। ਖ਼ੈਰ ਗਿਆਰਵੇਂ ਮਹੀਨੇ ਮਾਂ ਨੇ ਇਸੇ ਡੰਗਰਾਂ ਵਾਲੇ ਖੋਲ੍ਹੇ ਜਾਂ ਗਵਾਲ ਵਿੱਚ ਹੀ ਇੱਕ ਬੇਟੇ ਨੂੰ ਜਨਮ ਦਿੱਤਾ। ਇਹ ਬੱਚਾ ਅਸਲ ਵਿੱਚ ਸਾਡੀ ਜ਼ਿੰਦਗੀ ਦਾ ਪੈਗਾਮ ਲੈ ਕੇ ਆਇਆ ਸੀ ਕਿਉਂਕਿ ਦੂਜੇ ਦਿਨ ਬਲਵਾਈਆਂ ਨੇ ਲਾਲਾ ਅਮਰਨਾਥ ਦੇ ਪਿੰਡ ਵਾਲੇ ਘਰ ਨੂੰ ਆ ਘੇਰਿਆ। ਸਾਡੀ ਮੁਖਬਰੀ ਹੋ ਚੁੱਕੀ ਸੀ। ਚੌਕੀਦਾਰ ਨੂੰ ਬਲਵਾਈਆਂ ਨੇ ਸਾਡੇ ਬਾਰੇ ਪੁੱਛਿਆ ਕਿ ਮੁਸਲਿਆਂ ਨੂੰ ਕਿੱਥੇ ਲੁਕਾ ਕੇ ਰੱਖਿਆ ਹੋਇਆ ਹੈ। ਜਦ ਉਸਨੇ ਸਾਡੇ ਹੋਣ ਬਾਰੇ ਸਾਫ ਇਨਕਾਰ ਕੀਤਾ ਤਾਂ ਬਲਵਾਈਆਂ ਨੇ ਉਹਨੂੰ ਰੱਜ ਕੇ ਕੁੱਟਿਆ ਤੇ ਉਹ ਮਾਰ ਖਾਂਦਾ ਰਿਹਾ, ਪਰ ਮੂੰਹੋਂ ਕੁੱਝ ਨਾ ਬੋਲਿਆ। ਆਖ਼ਿਰ ਇੱਕ ਬਲਵਾਈ ਨੇ ਤਲਵਾਰ ਦਾ ਫੱਟ ਮਾਰ ਕੇ ਉਸਦੀ ਧੌਣ ਵੱਢ ਦਿੱਤੀ। ਉੱਪਰ ਦਾ ਸ਼ੋਰ-ਸ਼ਰਾਬਾ ਸੁਣ ਕੇ ਅਸੀਂ ਸਾਰੇ ਰੋਣ ਲੱਗ ਪਏ। ਸਾਡਾ ਚੀਖ-ਚਿਹਾੜਾ ਸੁਣ ਕੇ ਬਲਵਾਈਆਂ ਨੇ ਸਾਨੂੰ ਵੇਖ ਲਿਆ, ਪਰ ਜਦ ਉਨ੍ਹਾਂ ਉਥੇ ਇੱਕ ਸੂਤਕ ਵਾਲੀ ਜਨਾਨੀ ਵੇਖੀ ਜਿਸ ਨੇ ਇੱਕ ਰਾਤ ਪਹਿਲਾਂ ਬੱਚੇ ਨੂੰ ਜਨਮ ਦਿੱਤਾ ਸੀ ਤੇ ਚੱਲਣ ਫਿਰਨ ਦੇ ਕਾਬਿਲ ਨਹੀਂ ਸੀ ਤਾਂ ਉਨ੍ਹਾਂ

ਬਾਕੀ ਬੱਚਿਆਂ ਨੂੰ ਫੜ ਲਿਆ। ਸਾਡੀ ਮਾਂ ਬਤੂਲ ਬੇਗਮ ਇੱਕ ਸ਼ੇਰਨੀ ਵਾਂਗ ਗਰਜੀ ਤੇ ਬਲਵਾਈਆਂ ਸਾਹਮਣੇ ਖਲੋ ਗਈ ਤੇ ਕਹਿਣ ਲੱਗੀ, "ਮੈਂ ਆਪਣੇ ਬੱਚੇ ਨਹੀਂ ਲੈ ਜਾਣ ਦਿਆਂਗੀ। ਜੇ ਤੁਸਾਂ ਇਨ੍ਹਾਂ ਨੂੰ ਮਾਰਨਾ ਹੈ ਤਾਂ ਮੇਰੀਆਂ ਅੱਖਾਂ ਸਾਹਮਣੇ ਮਾਰੋ, ਸਾਨੂੰ ਸਾਰਿਆਂ ਨੂੰ ਇਥੇ ਹੀ ਖਤਮ ਕਰ ਦਿਓ, ਪਰ ਮੈਂ ਬੱਚੇ ਆਪਣੇ ਆਪ ਤੋਂ ਜੁਦਾ ਨਹੀਂ ਹੋਣ ਦਿਆਂਗੀ।"

ਬਲਵਾਈ ਆਪੋ ਵਿੱਚ ਘੁਸਰ-ਮੁਸਰ ਕਰਨ ਲੱਗੇ ਤੇ ਇੱਕ ਦੂਜੇ ਨੂੰ ਕਹਿਣ ਲੱਗੇ, "ਇਸ ਸੂਤਕ ਵਾਲੀ ਸੁਆਣੀ ਨੇ ਕਿੱਥੇ ਜਾਣਾ ਹੈ, ਇਸ ਲਈ ਅੱਜ ਇਨ੍ਹਾਂ ਨੂੰ ਛੱਡ ਦਿੰਦੇ ਹਾਂ ਤੇ ਕੁੱਝ ਦਿਨਾਂ ਮਗਰੋਂ ਆ ਕੇ ਇਨ੍ਹਾਂ ਦਾ ਸਫਾਇਆ ਕਰ ਦਿਆਂਗੇ।"

ਬਲਵਾਈਆਂ ਦੇ ਜਾਣ ਮਗਰੋਂ ਸਾਡੀ ਫੁੱਫੀ ਤੇ ਮਾਂ ਨੇ ਫੈਸਲਾ ਕੀਤਾ ਕਿ ਰਾਤ ਪੈਂਦਿਆਂ ਹੀ ਇਥੋਂ ਨਿਕਲ ਜਾਵਾਂਗੇ। ਉਨ੍ਹਾਂ ਆਪਣਿਆਂ ਮੱਥਿਆਂ ਉਤੇ ਬਿੰਦੀਆਂ ਲਾਈਆਂ। ਮੁਹੰਮਦ ਇਸਹਾਕ ਤੇ ਖ਼ਾਲਿਦ ਹੁਸੈਨ ਦੇ ਮੱਥੇ ਤਿਲਕ ਲਾਇਆ ਤਾਂ ਜੋ ਸਾਡੀ ਮੁਸਲਮ ਸ਼ਿਨਾਖ਼ਤ ਖਤਮ ਕੀਤੀ ਜਾ ਸਕੇ ਤੇ ਉਥੋਂ ਚੱਲ ਪਏ। ਸਵੇਰ ਵੇਲੇ ਅਸੀਂ ਇੱਕ ਦੂਜੇ ਪਿੰਡ ਅਪੜੇ, ਉਥੇ ਇੱਕ ਬੰਦੇ ਨੇ ਸਾਨੂੰ ਪਛਾਣ ਲਿਆ। ਪਿੰਡ ਵਾਲਿਆਂ ਸਾਨੂੰ ਮਾਰਨ ਲਈ ਤਲਵਾਰਾਂ ਫੜ ਲਈਆਂ। ਫੁੱਫੀ ਗੁਲਾਮ ਫਾਤਮਾ ਸਾਨੂੰ ਬਚਾਣ ਲਈ ਪਿੰਡ ਵਾਲਿਆਂ ਅੱਗੇ ਖਲੋ ਗਈ ਤੇ ਬਲਵਾਈਆਂ ਨੂੰ ਪੁੱਛਣ ਲੱਗੀ, "ਹਿੰਦੂ ਧਰਮ ਵਿੱਚ ਕਿਥੇ ਲਿਖਿਆ ਹੈ ਕਿ ਔਰਤਾਂ ਤੇ ਬੱਚਿਆਂ ਨੂੰ ਕਤਲ ਕਰੋ। ਦੁਨੀਆਂ ਦੇ ਕਿਸ ਧਰਮ ਵਿੱਚ ਤੀਵੀਆਂ ਤੇ ਬੱਚਿਆਂ ਨੂੰ ਮਾਰਨ ਦਾ ਹੁਕਮ ਹੈ? ਤੁਸਾਂ ਸਾਡੇ ਮਰਦ ਤਾਂ ਮਾਰ ਦਿੱਤੇ ਹੁਣ ਸਾਡੇ ਕੋਲੋਂ ਤੁਹਾਨੂੰ ਕੀ ਖ਼ਤਰਾ ਹੈ?" ਫੁੱਫੀ ਨੇ ਗੀਤਾ ਦੇ ਕੁੱਝ ਸਲੋਕ ਵੀ ਪੜ੍ਹ ਕੇ ਸੁਣਾਏ, ਰਮਾਇਣ ਤੇ ਗ੍ਰੰਥ ਸਾਹਿਬ ਵਿੱਚੋਂ ਹਵਾਲੇ ਦਿੱਤੇ। ਫੁੱਫੀ ਦੀਆਂ ਗੱਲਾਂ ਸੁਣ ਕੇ ਪਿੰਡ ਵਾਲੇ ਉਥੋਂ ਚਲੇ ਗਏ। ਇੰਝ ਦੋ ਬੇਵਾਵਾਂ ਤੇ ਬੱਚੇ ਪਿੰਡ ਤੋਂ ਬਚ ਕੇ ਨਿਕਲ ਗਏ।

ਸਾਡੀ ਘਰ ਗ੍ਰਹਿਸਥੀ ਢਹਿ ਢੇਰੀ ਹੋ ਚੁੱਕੀ ਸੀ। ਮਕਾਨ ਅੱਗ ਦੇ ਭਾਂਬੜਾਂ ਵਿੱਚ ਖੋਲ੍ਹੇ ਬਣ ਚੁੱਕੇ ਸਨ, ਕੋਈ ਸਹਾਰਾ ਨਹੀਂ ਸੀ। ਆਪਣਾ ਕੋਈ ਜ਼ਿੰਦਾ ਨਹੀਂ ਸੀ ਬਚਿਆ। ਇਸ ਲਈ ਸਾਡਾ ਨਿੱਕਾ ਜਿਹਾ ਕਾਫਲਾ ਰੱਖ ਗਜਾਨੂੰ ਅਤੇ ਬਾਰਤਾ ਦੇ ਜੰਗਲ ਵਿੱਚ ਜਾ ਕੇ ਲੁਕ ਗਿਆ। ਜੰਗਲੀ ਬੇਰ, ਗਰਨੇ, ਅਮਰੂਦ ਤੇ ਪੱਤਰ ਖਾ ਕੇ ਗੁਜ਼ਾਰਾ ਕਰਦੇ ਰਹੇ। ਦਸਾਂ ਦਿਨਾਂ ਮਗਰੋਂ ਅਮਨ ਕਾਇਮ ਕਰਨ ਵਾਲੀ 'ਪੀਸ-ਬ੍ਰਗੇਡ' ਬਖ਼ਸ਼ੀ ਗੁਲਾਮ ਮੁਹੰਮਦ ਦੀ ਅਗਵਾਈ ਵਿੱਚ ਸਾਰੇ ਜੰਮੂ ਪ੍ਰਾਂਤ ਵਿੱਚ ਫੈਲ ਗਈ ਅਤੇ ਮੌਤ ਕੋਲੋਂ ਡਰਦੇ ਭੱਜਦੇ ਲੋਕਾਂ ਨੂੰ ਢੂੰਡਣ ਲੱਗੀ। ਸ਼ਖ਼ਸ਼ੀ ਰਾਜ ਖਤਮ ਹੋ ਚੁੱਕਾ ਸੀ ਤੇ ਸ਼ੇਖ਼ ਮੁਹੰਮਦ ਅਬਦੁਲਾ ਨੇ ਜੰਮੂ-ਕਸ਼ਮੀਰ ਦੇ ਪ੍ਰਧਾਨ ਮੰਤਰੀ ਦਾ ਪਦ ਸੰਭਾਲ ਲਿਆ ਸੀ। ਬਖ਼ਸ਼ੀ ਗੁਲਾਮ ਮੁਹੰਮਦ ਨੂੰ ਨਾਇਬ ਵਜ਼ੀਰ-ਏ-ਆਜ਼ਮ ਬਣਾਇਆ

ਗਿਆ ਸੀ ਤੇ ਉਸ ਕੋਲ ਗ੍ਰਹਿ ਮੰਤਰਾਲਾ ਵੀ ਸੀ। ਸਾਨੂੰ ਸਾਰਿਆਂ ਨੂੰ ਜੰਮੂ ਰਿਫੂਜੀ ਕੈਂਪ ਵਿੱਚ ਲਿਆਂਦਾ ਗਿਆ ਅਤੇ ਦੋ-ਚਾਰ ਮਹੀਨੇ ਮੁਹੱਲਾ ਉਸਤਾਦ ਗੌਸ ਮੁਹੰਮਦ ਖਾਨ ਦੇ ਇੱਕ ਅਹਾਤੇ ਵਿੱਚ ਰੱਖਣ ਮਗਰੋਂ ਪੰਦਰਾਂ-ਸੌਲ੍ਹਾਂ ਹਜ਼ਾਰ ਪੰਜਾਬੀ, ਡੋਗਰੀ, ਪਹਾੜੀ ਤੇ ਗੋਜਰੀ ਬੋਲਣ ਵਾਲੇ ਸ਼ਰਨਾਰਥੀਆਂ ਨੂੰ ਕਸ਼ਮੀਰ ਘੱਲ ਦਿੱਤਾ ਗਿਆ ਜਿਥੇ ਅੱਜ ਦੇ ਸਿਵਲ ਸੈਕਟਰੇਟ ਕੋਲ ਨੀਲਮ ਥਿਏਟਰ ਲਾਗੇ ਸ਼ਰਨਾਰਥੀਆਂ ਨੂੰ ਸਿਨਮਾ ਹਾਲ ਵਿੱਚ ਅਤੇ ਮੈਦਾਨ ਵਿੱਚ ਲਾਏ ਗਏ ਤੰਬੂਆਂ ਵਿੱਚ ਰੱਖਿਆ। ਇੰਝ ਹੀ ਮੀਰ ਪੁਰ, ਬਾਗ਼, ਪਲੰਦਰੀ, ਕੋਟਲੀ ਤੇ ਮੁਜ਼ਫਰਾਬਾਦ ਦੇ ਸ਼ਰਨਾਰਥੀਆਂ ਨੂੰ ਜੰਮੂ, ਪੰਜਾਬ ਤੇ ਦਿੱਲੀ ਦੇ ਕੈਂਪਾਂ ਵਿੱਚ ਰੱਖਿਆ ਗਿਆ। ਸਰਕਾਰੀ ਮੁਲਾਜ਼ਮ ਹੋਣ ਕਾਰਨ ਸਾਡੀ ਫੂਫੀ ਨੂੰ ਕੈਂਪ ਕਮਾਂਡਰ ਬਣਾਇਆ ਗਿਆ। ਮੇਰੀ ਉਮਰ ਉਸ ਵੇਲੇ ਗਿਆਰਾਂ ਸਾਲ ਦੀ ਸੀ, ਭਰਾ ਮੁਹੰਮਦ ਇਸਹਾਕ ਦੀ ਸੱਤ ਸਾਲ ਤੇ ਖ਼ਾਲਿਦ ਹੁਸੈਨ ਦੀ ਢਾਈ ਸਾਲ। ਸਾਡਾ ਬਚਪਨ ਸ੍ਰੀਨਗਰ ਵਿੱਚ ਗੁਜ਼ਰਿਆ। ਉਥੇ ਹੀ ਅਸੀਂ ਸਕੂਲਾਂ ਵਿੱਚ ਦਾਖ਼ਿਲ ਹੋਏ। ਬਾਪ ਦੀ ਫੈਮਲੀ ਪੈਨਸ਼ਨ, ਜੀ.ਪੀ. ਫੰਡ ਅਤੇ ਇੰਸ਼ੋਰੈਂਸ ਕਲੇਮ ਦੀ ਰਕਮ ਮਿਲਣ ਨਾਲ ਘਰ ਗ੍ਰਹਿਸਥੀ ਚੱਲਣ ਲੱਗੀ। ਮਾਂ ਸੀਣ-ਪਰੋਣ ਦਾ ਕੰਮ ਜਾਣਦੀ ਸੀ, ਉਸਨੇ ਇੱਕ ਮਸ਼ੀਨ ਖਰੀਦ ਲਈ ਤੇ ਲੋਕਾਂ ਦੇ ਕੱਪੜੇ ਸੀਣ ਲੱਗੀ ਤੇ ਸਾਨੂੰ ਪਾਲਣ ਲੱਗੀ। ਫੂਫੀ ਨੇ ਆਪਣੀਆਂ ਸਾਰੀਆਂ ਬੱਚੀਆਂ ਵਾਪਿਸ ਬਰਾਮਦ ਕਰਵਾਈਆਂ ਤੇ ਕਸ਼ਮੀਰ ਵਿੱਚ ਹੀ ਇੱਕ ਸਰਕਾਰੀ ਮਕਾਨ ਵਿੱਚ ਰਹਿਣ ਲੱਗੀ ਤੇ ਆਪਣੀਆਂ ਬੱਚੀਆਂ ਨੂੰ ਪਾਲਣ ਲੱਗੀ। ਉਸਨੇ ਉਸੇ ਘਰ 'ਚੋਂ ਆਪਣੀ ਚਾਰ ਕੁੜੀਆਂ ਦਾ ਵਿਆਹ ਕਰਵਾਇਆ। ਮਗਰੋਂ ਸ੍ਰੀਨਗਰ ਦੀ ਨਵੀਂ ਬਸਤੀ ਜਵਾਹਰ ਨਗਰ ਵਿੱਚ ਸਰਕਾਰੀ ਪਲਾਟ ਲੈ ਕੇ ਮਕਾਨ ਬਣਾਇਆ ਤੇ ਪੰਜਵੀਂ ਧੀ ਵੀ ਵਿਆਹੀ। ਫੂਫੀ ਸਾਨੂੰ ਬੜਾ ਪਿਆਰ ਕਰਦੀ ਸੀ ਤੇ ਬਾਰ-ਬਾਰ ਕਹਿੰਦੀ ਕਿ ਇਹ ਮੇਰੇ ਸ਼ਹੀਦ ਭਰਾ ਦੀਆਂ ਨਿਸ਼ਾਨੀਆਂ ਹਨ ਤੇ ਰੋਣ ਲੱਗਦੀ। ਉਹ ਆਖ਼ਰੀ ਦਮ ਤਕ ਆਪਣੇ ਭਰਾਵਾਂ ਨੂੰ ਯਾਦ ਕਰਦੀ ਤੇ ਸਾਡੇ ਗਲ ਲੱਗ ਕੇ ਰੋਂਦੀ।

1947 ਦੀ ਸ਼ੋਰਸ਼ ਵਿੱਚ ਸਾਡੀ ਮਾਂ ਦੀ ਉਮਰ 32-34 ਸਾਲ ਸੀ। ਲੋਕਾਂ ਦੀ ਬੁਰੀ ਨਜ਼ਰਾਂ ਤੋਂ ਬਚਣ ਲਈ ਤੇ ਆਪਣੇ ਬੱਚਿਆਂ ਲਈ ਇੱਕ ਸਹਾਰਾ ਲੱਭਣ ਲਈ ਉਨ੍ਹੇ ਵਿਆਹ ਕਰਵਾ ਲਿਆ ਤੇ ਇਹ ਸੋਚਿਆ ਕਿ ਘਰ ਵਿੱਚ ਇੱਕ ਮਰਦ ਹੋਣ ਕਾਰਨ ਬੱਚਿਆਂ ਨੂੰ ਬਾਪ ਮਿਲ ਜਾਏਗਾ ਤੇ ਕੋਈ ਭੈੜੀ ਅੱਖ ਨਾਲ ਉਨ੍ਹਾਂ ਨੂੰ ਨਹੀਂ ਵੇਖੇਗਾ। ਸਾਡੇ ਮਤਰੇਏ ਪਿਓ ਦਾ ਨਾਂ ਸ਼ੁਕਰ ਉਲੱਾ ਖਾਨ ਸੀ ਤੇ ਉਸਦਾ ਖਾਨਦਾਨ ਲੰਮਾ ਚਿਰ ਪਹਿਲਾਂ ਮੀਰਪੁਰ ਤੋਂ ਸ੍ਰੀਨਗਰ ਆ ਕੇ ਆਬਾਦ ਹੋਇਆ ਸੀ। ਉਸਦਾ ਪਿਓ ਪੁਲਿਸ ਇੰਸਪੈਕਟਰ ਸੀ ਤੇ ਉਹ ਆਪ ਵੀ ਸਰਕਾਰੀ ਮੁਲਾਜ਼ਮ ਸੀ ਅਤੇ ਦਰਬਾਰ ਮੂਵ ਨਾਲ ਛੇ ਮਹੀਨੇ ਜੰਮੂ ਤੇ ਛੇ ਮਹੀਨੇ ਸ੍ਰੀਨਗਰ ਜਾਂਦਾ ਸੀ। ਇੰਝ ਅਸੀਂ

ਸਰਦੀਆਂ ਵਿੱਚ ਜੰਮੂ ਰਹਿੰਦੇ ਸਾਂ ਜਿਥੇ ਸਾਨੂੰ ਕਸਟੋਡੀਅਨ ਦਾ ਇੱਕ ਨਿੱਕਾ ਜਿਹਾ ਮਕਾਨ ਆਲਾਟ ਹੋਇਆ ਹੋਇਆ ਸੀ, ਜਿਸ ਵਿੱਚ ਸਿਰਫ ਦੋ ਕਮਰੇ ਤੇ ਇੱਕ ਰਸੋਈ ਸੀ। ਜਦਕਿ ਸ਼੍ਰੀਨਗਰ ਵਿੱਚ ਅਸੀਂ ਬਟਮਾਲੂ ਬਾਰਾਂ ਪੱਥਰ ਵਿੱਚ ਸ਼ੁਕਰ ਉਲ੍ਹਾ ਖਾਨ ਦੇ ਮਕਾਨ ਵਿੱਚ ਰਹਿੰਦੇ ਸਾਂ। ਸਾਡੇ ਮਕਾਨ ਦੇ ਬਿਲਕੁਲ ਸਾਹਮਣੇ ਬ੍ਰਿਗੇਡੀਅਰ ਖ਼ੁਦਾ ਬਖ਼ਸ਼ ਦਾ ਮਕਾਨ ਸੀ ਜਿਸਦਾ ਇੱਕ ਪੁੱਤਰ ਤਾਜ ਮੋਹੀ-ਉ-ਦੀਨ, ਖ਼ਾਲਿਦ ਹੁਸੈਨ ਦਾ ਬਾਲੜੀ ਉਮਰ ਦਾ ਯਾਰ ਸੀ।

ਖ਼ਾਲਿਦ ਹੁਸੈਨ ਨੂੰ ਬਟਮਾਲੂ ਵਿੱਚ ਹੀ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਿਲ ਕੀਤਾ ਗਿਆ। ਉਸਨੇ ਉਥੋਂ ਹੀ ਪੰਜਵੀਂ ਜਮਾਤ ਤਕ ਪੜ੍ਹਾਈ ਕੀਤੀ। ਕਸ਼ਮੀਰ ਵਿੱਚ ਪੜ੍ਹਾਈ ਕਰਨ ਨਾਲ ਤੇ ਕਸ਼ਮੀਰੀ ਬੱਚਿਆਂ ਨਾਲ ਪੜ੍ਹਣ ਕਾਰਨ ਖ਼ਾਲਿਦ ਹੁਸੈਨ ਕਸ਼ਮੀਰੀ ਚੰਗੀ ਤਰ੍ਹਾਂ ਬੋਲ ਲੈਂਦਾ ਸੀ। ਜਦੋਂ ਮੈਂ ਦਸਵੀਂ ਜਮਾਤ ਪਾਸ ਕੀਤੀ ਤਾਂ ਮੈਂ ਵੀ ਟੀਚਰ ਲੱਗ ਗਈ ਤੇ ਮੇਰੀ ਕਮਾਈ ਨਾਲ ਸਾਡਾ ਜੀਵਨ ਸੋਖਿਆਂ ਗੁਜ਼ਰਨ ਲੱਗਾ। ਸਾਡਾ ਮਤਰਿਆ ਪਿਓ, ਮਾਂ ਦੀ ਉਮੀਦਾਂ 'ਤੇ ਪੂਰਾ ਨਹੀਂ ਉਤਰਿਆ ਅਤੇ ਨਾ ਹੀ ਸਾਡੇ ਨਾਲ ਉਸਦਾ ਸਲੂਕ ਚੰਗਾ ਰਿਹਾ। ਗੱਲ ਗੱਲ ਪਿੱਛੇ ਉਸਦੀ ਮਤਰੇਈ ਰਗ ਫੜਕਣ ਲੱਗਦੀ। ਸਾਡੀ ਮਾਂ ਨੇ ਉਸਦੇ ਦੋ ਬੱਚਿਆਂ ਨੂੰ ਵੀ ਜਨਮ ਦਿੱਤਾ ਅਤੇ ਉਸਦੇ ਚਲਾਨਾ ਕਰਨ ਮਗਰੋਂ ਉਹ ਦੋ ਬੱਚੇ ਵੀ ਸਾਨੂੰ ਹੀ ਪਾਲਣੇ ਪਏ ਕਿਉਂਕਿ ਉਹ ਸਾਡੇ ਮਾਂ-ਜਾਏ ਸਨ।

ਖ਼ਾਲਿਦ ਹੁਸੈਨ ਬਚਪਨ ਵਿੱਚ ਬੜਾ ਸ਼ਰਾਰਤੀ ਸੀ, ਪਰ ਪੜ੍ਹਣ ਲਿਖਣ ਵਿੱਚ ਹੁਸ਼ਿਆਰ। ਦਸ ਜਮਾਤਾਂ ਪਾਸ ਕਰਨ ਮਗਰੋਂ ਉਸਨੂੰ ਵੀ ਕਲਰਕ ਦੀ ਸਰਕਾਰੀ ਨੌਕਰੀ ਮਿਲ ਗਈ। ਇੰਝ ਸਾਡੀ ਗ੍ਰਹਿਸਥੀ ਵਾਹ-ਵਾਹ ਚੱਲਣ ਲੱਗੀ। ਅਸਾਂ ਸ਼੍ਰੀਨਗਰ ਵਿੱਚ ਆਪਣਾ ਮਕਾਨ ਬਣਾ ਲਿਆ। ਮੇਰੀ ਸ਼ਾਦੀ ਇੱਕ ਕਸ਼ਮੀਰੀ ਖਾਨਦਾਨ ਵਿੱਚ ਹੋਈ ਤੇ ਮੈਂ ਪੇਕੇ ਘਰ ਤੋਂ ਸੋਹਰੇ ਘਰ ਆ ਗਈ ਅਤੇ ਖ਼ਾਲਿਦ ਹੁਸੈਨ ਆਪਣੀ ਕਮਾਈ ਨਾਲ ਮਾਂ, ਵੱਡੇ ਭਰਾ ਮੁਹੰਮਦ ਇਸਹਾਕ ਜਿਹੜਾ ਇੱਕ ਹਿਸਾਬ ਨਾਲ ਵਿਕਲਾਂਗ ਸੀ ਅਤੇ ਮਤਰੇਏ ਭੈਣ-ਭਰਾ ਨੂੰ ਪਾਲਣ ਲੱਗਾ।

***

# ਯਾਦਾਂ ਦੇ ਰੰਗ ਗੂੜ੍ਹੇ

ਮੇਰਾ ਨਾਂ ਨਸੀਰ ਅਹਿਮਦ ਮੀਰ ਹੈ। ਮੈਂ ਖ਼ਾਲਿਦ ਹੁਸੈਨ ਦੀ ਬਾਲੜੀ ਉਮਰ ਦਾ ਬੇਲੀ ਹਾਂ। ਅਸੀਂ ਦੋਵੇਂ ਇੱਕੋ ਮੁਹੱਲੇ ਵਿੱਚ ਰਹੇ। ਮੈਂ ਵੀ ਆਪਣੇ ਪਿਤਾ ਨਾਲ ਛੇ ਮਹੀਨੇ ਸ਼੍ਰੀਨਗਰ ਰਹਿੰਦਾ ਸਾਂ ਤੇ ਛੇ ਮਹੀਨੇ ਜੰਮੂ। ਮੇਰਾ ਬਾਪ ਵੀ ਸਰਕਾਰੀ ਮੁਲਾਜ਼ਮ ਸੀ ਤੇ ਉਹ ਵੀ ਦਰਬਾਰ ਮੂਵ ਨਾਲ ਸ਼੍ਰੀਨਗਰ ਜਾਂਦਾ ਸੀ ਤੇ ਇੰਝ ਅਸੀਂ ਗਰਮੀਆਂ ਦਾ ਅੱਗ ਫੂਕਦਾ ਮੌਸਮ ਕਸ਼ਮੀਰ ਦੀਆਂ ਠੰਡੀਆਂ ਹਵਾਵਾਂ ਵਿੱਚ ਗੁਜ਼ਾਰਦੇ। ਅਸੀਂ ਗਰਮੀਆਂ ਦੇ ਛੇ ਮਹੀਨੇ ਸ਼੍ਰੀਨਗਰ ਦੇ ਸਕੂਲ ਵਿੱਚ ਦਾਖ਼ਲਾ ਲੈਂਦੇ ਤੇ ਸਰਦੀਆਂ ਦੇ ਛੇ ਮਹੀਨੇ ਜੰਮੂ ਵਿੱਚ ਰਹਿ ਕੇ ਜੰਮੂ ਦੇ ਸਰਕਾਰੀ ਸਕੂਲ ਵਿੱਚ ਪੜ੍ਹਦੇ। ਕਿਉਂਕਿ ਸਰਕਾਰੀ ਮੁਲਾਜ਼ਮਾਂ ਦੇ ਬੱਚਿਆਂ ਲਈ ਇਹ ਛੂਟ ਸੀ ਕਿ ਉਹ ਅੱਧੀ ਪੜ੍ਹਾਈ ਕਸ਼ਮੀਰ ਦੇ ਸਕੂਲਾਂ ਵਿੱਚ ਕਰ ਸਕਦੇ ਹਨ ਤੇ ਅੱਧੀ ਜੰਮੂ ਦੇ ਸਕੂਲਾਂ ਵਿੱਚ। ਸ੍ਰੀਨਗਰ ਅਸੀਂ ਬਟਮਾਲੂ ਦੇ ਸਾਹਮਣੇ ਕਮੇਟੀ ਬਾਗ਼ ਵਿੱਚ ਜਿੱਥੇ ਅੱਜਕੱਲ੍ਹ ਫਾਇਰ ਬ੍ਰਿਗੇਡ ਤੇ ਪੁਲਿਸ ਦੇ ਵੱਡੇ ਅਫਸਰਾਂ ਦੇ ਦਫ਼ਤਰ ਹਨ ਉਥੇ ਅਸੀਂ ਹਾਕੀ ਖੇਡਦੇ ਸਾਂ ਜਾਂ ਫੇਰ ਗੇਂਦ ਚੱਕਰ। ਕਮੇਟੀ ਬਾਗ਼ ਦੇ ਲਾਗੇ ਰਾਈਆਂ ਦੇ ਖੇਤ ਸਨ ਜਿਸ ਵਿੱਚ ਅਰਾਈਂ, ਸਬਜ਼ੀਆਂ ਉਗਾਂਦੇ ਸਨ ਤੇ ਬਾਜ਼ਾਰ ਵਿੱਚ ਜਾ ਕੇ ਵੇਚਦੇ ਸਨ। ਅਸਾਂ ਖੇਡਣ ਮਗਰੋਂ ਖੇਤਾਂ 'ਚੋਂ ਗੋਂਗਲੂ, ਕੜਮ ਸਾਗ ਦੀਆਂ ਮੁੰਡੀਆਂ ਅਤੇ ਮੂਲੀਆਂ ਤੇ ਗਾਜਰਾਂ ਚੋਰੀ ਕਰਨੀਆਂ ਤੇ ਧੋ-ਧਾ ਕੇ ਖਾਣੀਆਂ। ਕਮੇਟੀ ਬਾਗ਼ ਵਿੱਚ ਤਿੰਨ ਬੂਟੇ ਅਮਲੂਕ ਦੇ ਸਨ ਤੇ ਜਦ ਉਨ੍ਹਾਂ ਦਰਖਤਾਂ ਤੇ ਫਲ ਲੱਗਣਾ ਤਾਂ ਅਸਾਂ ਅਮਲੂਕ ਤੋੜਨੇ ਤੇ ਖਾਣੇ। ਕਈ ਵਾਰ ਰਾਈਆਂ ਸਾਨੂੰ ਰੰਗੇ ਹੱਥੀਂ ਫੜਣ ਦੀ ਕੋਸ਼ਿਸ਼ ਕਰਨੀ, ਪਰ ਅਸਾਂ ਨੱਠ ਭੱਜ ਜਾਣਾ ਤੇ ਉਨ੍ਹਾਂ ਦੇ ਹੱਥ ਨਹੀਂ ਆਉਣਾ। ਅੱਜ ਦਾ ਬਾਲ ਗਾਰਡਨ, ਸੁਥਰਾ ਸ਼ਾਹੀ ਤੇ ਕਰਨ ਨਗਰ ਇਹ ਸਭ ਰਾਈਆਂ ਦੇ ਸਬਜ਼ੀ ਉਗਾਣ ਵਾਲੇ ਖੇਤ ਹੁੰਦੇ ਸਨ। ਸ਼੍ਰੀਨਗਰ ਦਾ ਸਿਵਲ ਸੈਕਟਰੇਟ ਸਾਡੇ ਨਿੱਕੇ ਹੁੰਦਿਆਂ ਜਨਾਨਾ ਪਾਰਕ ਹੁੰਦਾ ਸੀ ਤੇ ਇਸ ਵਿੱਚ ਰੰਗ-ਬਿਰੰਗੇ ਫੁੱਲ, ਮੁਸ਼ਕ ਬੈਦ, ਸੇਬ, ਬਹਈਆਂ (ਜਿਸ ਵਿੱਚੋਂ ਬਹਈ ਦਾਨਾ ਨਿਕਲਦਾ ਹੈ) ਦੇ ਬੂਟੇ, ਨਾਖ, ਆਲੂ ਬੁਖਾਰਾ ਤੇ ਗਲਾਸ ਦੇ ਬੂਟੇ ਚੋਖੀ ਗਿਣਤੀ ਵਿੱਚ ਹੁੰਦੇ ਸਨ ਤੇ ਅਸੀਂ ਫਲ ਚੋਰੀ ਕਰਕੇ ਖਾਂਦੇ ਸਾਂ। ਕਈ ਵਾਰੀ ਮਾਲੀ ਸਾਨੂੰ ਫੜ ਲੈਂਦਾ ਸੀ ਤੇ ਸਾਨੂੰ ਸਾਡੇ ਘਰ ਲਿਆ ਕੇ ਸਾਡੇ ਮਾਪਿਆਂ ਕੋਲੋਂ ਫਲ ਤੋੜਨ ਦੇ ਪੈਸੇ ਮੰਗਦਾ ਸੀ, ਜਿਸ ਕਰਕੇ ਸਾਨੂੰ ਛਿੱਤਰ ਵੀ ਪੈਂਦੇ ਸਨ। ਗੇਂਦ ਚੱਕਰ, ਅੰਗਰੇਜ਼ੀ ਖੇਡ ਬੇਸ ਬਾਲ (Base Ball)

ਨਾਲ ਮਿਲਦੀ ਜੁਲਦੀ ਇੱਕ ਖੇਡ ਸੀ। ਇਸ ਦੇ ਚਾਰ ਕੋਨਿਆਂ ਵਿੱਚ ਚੱਕਰ ਬਣਾਇਆ ਜਾਂਦਾ ਸੀ ਤੇ ਵਿਚਕਾਰ ਬੈਟ ਵਰਗੀ ਚੀਜ਼ ਨਾਲ ਗੇਂਦ ਨੂੰ ਖੇਡਿਆ ਜਾਂਦਾ ਸੀ। ਗੇਂਦ ਨੂੰ ਉਛਾਲ ਕੇ ਖਿਡਾਰੀ ਦਾ ਚੱਕਰ ਤਕ ਪਹੁੰਚਣਾ ਜ਼ਰੂਰੀ ਹੁੰਦਾ ਸੀ ਅਤੇ ਜੇ ਉਸਨੂੰ ਚੱਕਰ ਵਿੱਚ ਪਹੁੰਚਣ ਤੋਂ ਪਹਿਲਾਂ ਗੇਂਦ ਵੱਜ ਜਾਵੇ ਤਾਂ ਉਹ ਆਊਟ ਹੋ ਜਾਂਦਾ ਸੀ ਤੇ ਉਸਦੀ ਜਗ੍ਹਾ ਦੂਸਰਾ ਬੈਟ ਫੜ ਲੈਂਦਾ ਸੀ। ਅੱਜ ਇਹ ਖੇਡ ਕਸ਼ਮੀਰ ਜਾਂ ਜੰਮੂ ਵਿੱਚ ਕਿਸੇ ਥਾਂ ਵੀ ਨਹੀਂ ਖੇਡੀ ਜਾਂਦੀ। ਇਸ ਤੋਂ ਛੁੱਟ ਅਸੀਂ ਬਾਂਟੇ, ਸੰਤੋਲੀਆ, ਕੌਡੀ, ਗੱਘਰ ਫਿਸੀ ਤੇ ਅੱਤਰ ਪੱਤਰ ਜਹੀਆਂ ਖੇਡਾਂ ਖੇਡਦੇ ਸਾਂ।

ਖ਼ਾਲਿਦ ਹੁਸੈਨ ਇਯਾਣ ਉਮਰੇ ਹੀ ਬੜਾ ਫੁਰਤੀਲਾ ਤੇ ਤੇਜ਼ ਤਰਾਰ ਸੀ। ਉਹ ਸਰਕਾਰੀ ਰਾਸ਼ਨ ਦੀ ਦੁਕਾਨ ’ਤੋਂ ਪੰਜਾਹ-ਪੰਜਾਹ ਕਿੱਲੋ ਆਟਾ ਜਾਂ ਚਾਵਲ ਆਪਣਿਆਂ ਮੋਢਿਆਂ ’ਤੇ ਚੁੱਕ ਕੇ ਘਰ ਲਿਆਂਦਾ ਸੀ। ਉਨ੍ਹਾਂ ਦਿਨਾਂ ਵਿੱਚ ਕਸ਼ਮੀਰ ਵਿੱਚ ਬਾਲਣ ਦੀ ਲੱਕੜੀ ਵੀ ਦਰਿਆਈ ਘਾਟ ’ਤੇ ਮਿਲਦੀ ਸੀ ਅਤੇ ਝੋਨਾ ਜਾਂ ਸ਼ਾਲੀ ਵੀ ਘਾਟ ’ਤੋਂ ਹੀ ਲੋਕੀਂ ਲਿਆਂਦੇ ਸਨ ਅਤੇ ਖ਼ਾਲਿਦ ਹੁਸੈਨ ਪਾਂਡੀ ਕਰਨ ਦੀ ਥਾਂ ਆਪ ਲੱਕੜੀ ਚੁੱਕ ਕੇ ਘਰ ਲੈ ਆਉਂਦਾ ਸੀ। ਪੜ੍ਹਣ ਦੇ ਨਾਲ ਨਾਲ ਬਾਜ਼ਾਰ ਦਾ ਸਾਰਾ ਕੰਮ ਉਹ ਆਪ ਕਰਦਾ ਸੀ। ਖ਼ਾਲਿਦ ਹੁਸੈਨ ਨੂੰ ਬਚਪਨ ਤੋਂ ਹੀ ਫਿਲਮਾਂ ਦੇਖਣ ਦਾ ਬੜਾ ਸ਼ੌਂਕ ਸੀ ਅਤੇ ਉਨ੍ਹਾਂ ਦਿਨਾਂ ਵਿੱਚ ਜੰਮੂ ਦੇ ਉਤਮ ਤੇ ਹਰੀ ਥਿਏਟਰ ਵਿੱਚ ਪਾਕਿਸਤਾਨੀ ਪੰਜਾਬੀ ਫਿਲਮਾਂ ਵਿਖਾਈਆਂ ਜਾਂਦੀਆਂ ਸਨ। ਅਸੀਂ ਸਾਰੇ ਯਾਰ ਇਹ ਪੰਜਾਬੀ ਫਿਲਮਾਂ ਵੇਖਣ ਜਾਂਦੇ ਸਾਂ। ਮੈਨੂੰ ਅੱਜ ਵੀ ਕੁੱਝ ਪੰਜਾਬੀ ਫਿਲਮਾਂ ਦੇ ਨਾਂ ਚੇਤੇ ਆ ਰਹੇ ਹਨ, ਜਿਵੇਂ: ਦੁੱਲਾ ਭੱਟੀ, ਪਤਨ, ਲਾਰੇ, ਚੰਨ ਵੇ, ਮਿਰਜ਼ਾ ਸਾਹਿਬਾ, ਮੁਖੜਾ, ਕਰਤਾਰ ਸਿੰਘ ਆਦਿ। ਉਨ੍ਹਾਂ ਫਿਲਮਾਂ ਦੇ ਗੀਤ ਮਰਦੇ ਦਮ ਤਕ ਖ਼ਾਲਿਦ ਹੁਸੈਨ ਨੂੰ ਖੁਮਾਰੀ ਬਖ਼ਸ਼ਦੇ ਸਨ ਅਤੇ ਆਖ਼ਰੀ ਸਮੇਂ ਤਕ ਉਹ ਇਨ੍ਹਾਂ ਗੀਤਾਂ ਨੂੰ ਸੁਣਦਾ ਸੀ। ਇਸ ਤੋਂ ਛੁੱਟ ਉਹ ਲਾਹੌਰ ਰੇਡੀਓ ਤੋਂ ਪੰਜਾਬੀ ਪ੍ਰੋਗਰਾਮ ‘ਰਾਵੀ ਦੀਆਂ ਛੱਲਾਂ’ ਲਗਾਤਾਰ ਸੁਣਦਾ ਰਹਿੰਦਾ ਸੀ, ਜਿਸ ਵਿੱਚ ਇੱਕ ਪਾਤਰ ਨਿਜ਼ਾਮਦੀਨ ਦੀ ਮਿੱਠੀ, ਸਾਦਾ ਤੇ ਅਖਾਣਾ ਭਰੀ ਪੰਜਾਬੀ ਖ਼ਾਲਿਦ ਹੁਸੈਨ ਨੂੰ ਬੜਾ ਪ੍ਰਭਾਵਿਤ ਕਰਦੀ ਸੀ। ਜੰਮੂ ਰੇਡੀਓ ਦਾ ਪੰਜਾਬੀ ਪ੍ਰੋਗਰਾਮ ਵੀ ਉਸਦਾ ਮਨ ਭਾਉਂਦਾ ਪ੍ਰੋਗਰਾਮ ਸੀ, ਜਿਸ ਵਿੱਚ ਮਹਿਮੂਦ ਅਹਿਮਦ ਦੇ ਲਿਖੇ ਹੋਏ ਪੰਜਾਬੀ ਹਾਸ-ਰਸ ਤੇ ਵਿਅੰਗਾਤਮਿਕ ਡਰਾਮੇ ਤੇ ਉਨ੍ਹਾਂ ਨੂੰ ਆਵਾਜ਼ ਦੇਣ ਵਾਲੇ ਕ੍ਰਿਸ਼ਨ ਅਤੇ ਬਲਦੇਵ ਬੜੇ ਚੰਗੇ ਲੱਗਦੇ ਸਨ। ਮਹਿਮੂਦ ਅਹਿਮਦ ਦੇ ਠੇਠ ਪੰਜਾਬੀ ਹਾਸ-ਰਸ ਡਰਾਮਿਆਂ ਨੂੰ ਸੁਣ ਕੇ ਲੋਕਾਂ ਦੀਆਂ ਵੱਖੀਆਂ ਦੋਹਰੀਆਂ ਹੋ ਜਾਂਦੀਆਂ ਸਨ। ਇਹ 1950 ਤੋਂ ਲੈ ਕੇ 1965 ਤਕ ਦੀ ਗੱਲ ਹੈ ਜਦੋਂ ਮਹਿਮੂਦ ਅਹਿਮਦ ਦੇ ਰੇਡੀਆਈ ਡਰਾਮਿਆਂ ਨੇ ਸਰਹੱਦ ਪਾਰ ਤਕ ਧੁੰਮਾਂ ਮਚਾਈਆਂ ਹੋਈਆਂ ਸਨ। ‘ਨੂਰ ਦੀਨ ਨੇ ਥਿਏਟਰ ਖੋਲਿਆ’, ‘ਘੁੱਗੂ ਦਾ ਵਿਆਹ’ ਤੇ ‘ਹਾਸ਼ਮ

ਦਾ ਪੱਖਾ' ਵਰਗੇ ਡਰਾਮੇ ਸਟੇਜ 'ਤੇ ਵੀ ਖੇਡੇ ਗਏ। ਇਸ ਤੋਂ ਛੁੱਟ 'ਨੂਰ ਦੀਨ ਨੇ ਜਹਾਜ਼ ਚਲਾਇਆ', 'ਨੂਰ ਦੀਨ ਨੇ ਕ੍ਰਿਕਟ ਖੇਡਿਆ' ਅਤੇ ਨੂਰ ਦੀਨ ਲੜੀ ਨਾਲ ਜੁੜੇ ਡਰਾਮੇ ਹਰ ਹਫਤੇ ਪੱਚੀ ਸਾਲ ਤਕ ਜੰਮੂ ਦੇ ਪੰਜਾਬੀ ਪ੍ਰੋਗਰਾਮ ਦੀ ਪਹਿਚਾਣ ਬਣੇ ਹੋਏ ਸਨ ਅਤੇ ਖ਼ਾਲਿਦ ਹੁਸੈਨ ਨੇ ਪੰਜਾਬੀ ਬੋਲੀ ਤੇ ਉਸਦੀ ਵਰਤੋਂ ਲਾਹੌਰ ਰੇਡੀਓ ਦੇ ਪ੍ਰੋਗਰਾਮ 'ਰਾਵੀ ਦੀਆਂ ਛੱਲਾਂ' ਅਤੇ ਮਹਿਮੂਦ ਅਹਿਮਦ ਦੀ ਠੇਠ ਪੰਜਾਬੀ ਭਾਸ਼ਾ ਤੋਂ ਸਿੱਖੀ। ਨਹੀਂ ਤਾਂ ਉਸਨੇ ਕਿਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਤੋਂ ਪੰਜਾਬੀ ਨਹੀਂ ਪੜ੍ਹੀ ਸੀ। ਉਸਨੇ ਪੰਜਾਬੀ ਭਾਸ਼ਾ ਉਸਤਾਦ ਮੁਹੱਲੇ ਦੇ ਕਾਮਗਰ ਜਿਵੇਂ ਲੋਹਾਰ, ਤਰਖਾਣ, ਪਾਂਡੀ, ਕੋਚਵਾਨ, ਨਾਈ ਅਤੇ ਕਸਾਈ ਵਰਗ ਦੇ ਲੋਕਾਂ ਕੋਲੋਂ ਵੀ ਸਿੱਖੀ। ਇਨ੍ਹਾਂ ਲੋਕਾਂ ਦੀ ਭਾਸ਼ਾ ਵਿੱਚ ਕਿਸੇ ਹੋਰ ਬੋਲੀ ਦੀ ਰੱਲਤ ਨਹੀਂ ਅਤੇ ਨਾ ਹੀ ਔਖੇ ਸ਼ਬਦਾਂ ਦਾ ਰੱਲਾਅ। ਸ਼ਾਇਦ ਇਹੋ ਕਾਰਨ ਸੀ ਜਦ ਉਹਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਤਾਂ ਉਸਦੀਆਂ ਰਚਨਾਵਾਂ ਹਿੰਦ-ਪਾਕਿਸਤਾਨ ਦੇ ਪੰਜਾਬੀ ਪਰਚਿਆਂ ਵਿੱਚ ਛਪਣ ਲੱਗੀਆਂ।

ਖ਼ਾਲਿਦ ਹੁਸੈਨ ਬਚਪਨ ਤੋਂ ਹੀ ਬੜੀ ਸਖ਼ਤ ਜਾਨ ਸੀ। ਜੇ ਕਦੇ ਦੂਜੇ ਮੁਹੱਲੇ ਦੇ ਗੱਭਰੂਆਂ ਨਾਲ ਟਾਕਰਾ ਹੁੰਦਾ ਤਾਂ ਖ਼ਾਲਿਦ ਹੁਸੈਨ ਸਭ ਤੋਂ ਅੱਗੇ ਹੁੰਦਾ ਕਿਉਂਕਿ ਖ਼ਾਲਿਦ ਹੁਸੈਨ ਟੱਕਰ ਮਾਰਨ ਵਿੱਚ ਬੜਾ ਮਾਹਿਰ ਸੀ ਤੇ ਕਈ ਵਾਰੀ ਉਸਨੇ ਟੱਕਰ ਨਾਲ ਇੱਟ ਤੋੜੀ ਸੀ। ਇਸ ਕਰਕੇ ਮੁਹੱਲੇ ਦੇ ਸਾਰੇ ਮੁੰਡੇ ਉਸ ਨਾਲ ਯਾਰੀ ਲਾਂਦੇ ਸਨ। ਉਹ ਸਿਨਮੇ ਦੀ ਟਿਕਟ ਕੱਢਣ ਦਾ ਵੀ ਬੜਾ ਮਾਹਿਰ ਸੀ। ਉਨ੍ਹਾਂ ਦਿਨਾਂ ਵਿੱਚ ਤੀਸਰੀ ਕਲਾਸ ਦੀ ਟਿਕਟ ਸਾਢੇ ਨੌਂ ਆਨੇ ਹੁੰਦੀ ਸੀ ਤੇ ਸਾਨੂੰ ਦੋਸਤਾਂ ਨੂੰ ਖ਼ਾਲਿਦ ਹੁਸੈਨ ਦੀ ਟਿਕਟ ਦੇ ਪੈਸੇ ਦੇਣੇ ਪੈਂਦੇ ਸਨ ਤਾਹੀਓਂ ਉਹ ਟਿਕਟ ਕੱਢਣ ਲਈ ਤਿਆਰ ਹੁੰਦਾ ਸੀ। ਉਹ ਨਵੀਂ ਫਿਲਮ ਲੱਗਣ ਦੇ ਪਹਿਲੇ ਦਿਨ ਦਾ ਪਹਿਲਾ ਸ਼ੋ ਦੇਖਦਾ ਸੀ ਤੇ ਕਈ ਵਾਰੀ ਟਿਕਟਾਂ ਕੱਢ ਕੇ ਲਿਆਂਦਾ ਸੀ ਤੇ ਸਾਨੂੰ ਅੰਦਰ ਭੇਜ ਦਿੰਦਾ ਸੀ ਤਾਂ ਜੋ ਅਸੀਂ ਜਗ੍ਹਾ ਮੱਲ ਕੇ ਰੱਖੀਏ। ਮਗਰੋਂ ਉਹ ਦੋ ਤਿੰਨ ਟਿਕਟਾਂ ਬਲੈਕ ਕਰਕੇ ਸਾਡੇ ਲਈ ਮੂੰਗਫਲੀ, ਰੇਉੜੀਆਂ ਤੇ ਹੋਰ ਖਾਣ-ਪੀਣ ਦੀ ਸਾਮਗਰੀ ਲੈ ਕੇ ਹਾਲ ਅੰਦਰ ਆਂਦਾ ਤੇ ਸਾਨੂੰ ਖਾਣ ਲਈ ਦਿੰਦਾ। ਮੈਨੂੰ ਯਾਦ ਹੈ ਕਿ 1960 ਵਿੱਚ ਜਦ 'ਜੰਗਲੀ' ਫਿਲਮ ਰਿਲੀਜ਼ ਹੋਈ ਤੇ ਅਸੀਂ ਸ਼ਬ ਕਰਨ ਲਈ ਮਸੀਤ ਵਿੱਚ ਬੈਠੇ ਸਾਂ ਤਾਂ ਖ਼ਾਲਿਦ ਹੁਸੈਨ ਨੇ ਕਿਹਾ ਸੀ ਕਿ ਇਸ ਮੌਲਵੀ ਦਾ ਘੱਟੀਆ ਵਾਅਜ਼ ਸੁਣਨ ਤੋਂ ਬਹਿਤਰ ਹੈ ਕਿ ਨਵੀਂ ਫਿਲਮ 'ਜੰਗਲੀ' ਲੱਗੀ ਹੈ ਉਸਦਾ ਆਖਰੀ ਸ਼ੋ ਵੇਖਿਆ ਜਾਏ। ਖ਼ਾਲਿਦ ਹੁਸੈਨ ਦੀ ਗੱਲ ਮੰਨ ਕੇ ਅਸੀਂ ਸਾਰੇ ਮਸਜਿਦ ਛੱਡ ਕੇ ਫਿਲਮ ਦੇਖਣ ਚਲੇ ਗਏ ਅਤੇ ਟਿਕਟਾਂ ਖ਼ਾਲਿਦ ਹੁਸੈਨ ਨੇ ਹੀ ਕੱਢੀਆਂ ਸਨ।

ਉਸ ਜ਼ਮਾਨੇ 'ਚ ਪੱਖਾ ਸਾਡੇ ਮੁਹੱਲੇ ਵਿੱਚ ਦੋ-ਤਿੰਨ ਅਮੀਰ ਘਰਾਂ ਵਿੱਚ ਹੀ ਲੱਗਿਆ ਹੋਇਆ ਸੀ, ਬਾਕੀ ਸਭਨਾ ਘਰਾਂ ਵਿੱਚ ਲੋਕੀ ਪੱਖੀਆਂ ਝੋਲਦੇ ਸਨ ਤੇ ਸਾਰੇ

ਲੋਕੀ ਰਾਤੀਂ ਕੋਠਿਆਂ ਉਤੇ ਮੰਜੀਆਂ ਡਾਹ ਕੇ ਸੌਂਦੇ ਸਨ। ਖਾਸਕਰ ਜੰਮੂ ਦੇ ਗਰਮ ਇਲਾਕੇ ਵਿੱਚ ਗਰਮੀ ਇੰਨੀ ਸਖ਼ਤ ਪੈਂਦੀ ਸੀ ਕਿ ਖੇਸੀਆਂ, ਚਾਦਰਾਂ ਨੂੰ ਲੋਕੀ ਗਿੱਲਿਆਂ ਕਰਕੇ ਸਾਣੀ ਮੰਜੀ (ਸੇਬਿਆਂ ਵਾਲੀ ਮੰਜੀ) 'ਤੇ ਵਿਛਾ ਕੇ ਸੌਂਦੇ ਸਨ। ਜਦ ਚਾਦਰਾਂ ਸੁੱਕ ਜਾਣੀਆ ਤਾਂ ਮੁੜ ਇਹ ਸਿਲਸਿਲਾ ਦੋਹਰਾਇਆ ਜਾਂਦਾ ਸੀ। ਬੱਚੇ ਤੇ ਗੱਭਰੂ ਅੱਧੀ ਅੱਧੀ ਰਾਤ ਤਕ ਅੱਤਰ-ਪੱਤਰ ਤੇ ਝੱਝਰ ਫਿਸੀ ਖੇਡਦੇ ਹੁੰਦੇ ਸਨ। ਇੰਝ ਸਾਡਾ ਬਚਪਨ ਸੌਖਾ ਤੇ ਰਾਂਗਲਾ ਗੁਜ਼ਰਿਆ। 1960-61 ਵਿੱਚ ਖ਼ਾਲਿਦ ਹੁਸੈਨ ਨੇ ਮੈਟ੍ਰਿਕ ਪਾਸ ਕੀਤੀ ਤੇ ਮਹਿਕਮਾ ਦੇਹਾਤ ਸੁਧਾਰ ਵਿੱਚ ਕਲਰਕ ਭਰਤੀ ਹੋ ਗਿਆ। ਉਸਦਾ ਜਨਮ 1 ਅਪ੍ਰੈਲ 1945 ਵਿੱਚ ਹੋਇਆ ਸੀ। ਇੰਝ ਉਹ ਮਸਾਂ 15-16 ਸਾਲਾਂ ਦਾ ਸੀ ਜਦ ਉਹ ਸਰਕਾਰੀ ਮੁਲਾਜ਼ਮ ਬਣਿਆ। ਪਹਿਲਾਂ ਉਸਨੂੰ ਸਤੰਬਰ 1960 ਵਿੱਚ ਵਰਕ ਮਿਸਤਰੀ ਨਿਯੁਕਤ ਕੀਤਾ ਗਿਆ। ਮਗਰੋਂ ਦਸਵੀਂ ਦਾ ਰਿਜ਼ਲਟ ਨਿਕਲਣ ਉਪਰੰਤ 7 ਅਗਸਤ 1961 ਨੂੰ ਕਲਰਕ ਬਣਾਇਆ ਗਿਆ। ਤਿੰਨ ਸਾਲ ਤਕ ਉਹਨੂੰ ਤਨਖਾਹ ਤਾਂ ਮਿਲਦੀ ਰਹੀ, ਪਰ ਉਸਦੀ ਮੁਲਾਜ਼ਮਤ ਨੂੰ ਨਾ-ਬਾਲਗੀ ਕਾਰਨ ਪੱਕਿਆ ਨਹੀਂ ਕੀਤਾ ਗਿਆ। 18 ਸਾਲਾਂ ਦੀ ਉਮਰ ਦੇ ਬਾਅਦ ਹੀ ਉਸਦੀ ਨੌਕਰੀ ਨੂੰ ਕਾਨੂੰਨੀ ਤੌਰ 'ਤੇ ਮਾਨਤਾ ਮਿਲੀ। ਘਰ ਦੀ ਹਾਲਤ ਮਾੜੀ ਸੀ, ਇਸ ਲਈ ਖ਼ਾਲਿਦ ਹੁਸੈਨ ਮੁਲਾਜ਼ਮ ਹੋ ਗਿਆ। ਮੈਂ ਅਤੇ ਦੂਜੇ ਦੋਸਤਾਂ ਜਿਨ੍ਹਾਂ ਵਿੱਚ ਤਾਜ ਮੋਹੀ-ਉ-ਦੀਨ ਵੀ ਸ਼ਾਮਿਲ ਸੀ ਕਾਲਜ ਵਿੱਚ ਦਾਖ਼ਲਾ ਲੈ ਲਿਆ। 18 ਸਾਲ ਦੀ ਉਮਰ ਵਿੱਚ ਖ਼ਾਲਿਦ ਹੁਸੈਨ ਦਾ ਵਿਆਹ ਆਪਣੇ ਹੀ ਰਿਸ਼ਤੇਦਾਰੀ ਵਿੱਚ ਹੋਇਆ। ਉਸਦੇ ਸੋਹਰੀਏ ਧੂਨਾ ਲਾਟੀ ਦੇ ਰਹਿਣ ਵਾਲੇ ਸਨ। ਜਦਕਿ ਉਸਦੇ ਨਾਨਕੇ ਲਾਟੀ ਤੋਂ 16 ਕਿਲੋਮੀਟਰ ਦੂਰ ਡੁੱਡੂ ਵਿਖੇ ਰਹਿੰਦੇ ਸਨ। ਖ਼ਾਲਿਦ ਹੁਸੈਨ ਦੇ ਸੋਹਰੇ ਦਾ ਨਾਂ ਸੈਦੁੱਲਾ ਮਲਿਕ ਸੀ ਤੇ ਸੱਸ ਦਾ ਨਾਂ ਵਜ਼ੀਰ ਬੇਗਮ। ਉਸਦੀ ਵਹੁਟੀ ਦਾ ਨਾਂ ਨਸੀਮ ਫਿਰਦੌਸ ਹੈ। ਅਸੀਂ ਸਾਰੇ ਯਾਰ ਬੇਲੀ ਉਸਦੇ ਵਿਆਹ ਵਿੱਚ ਸ਼ਾਮਿਲ ਹੋਏ ਤੇ ਵਲੀਮੇ ਦੀ ਦਾਵਤ ਵਿੱਚ ਵੱਧ ਚੜ੍ਹ ਕੇ ਕੰਮ ਕੀਤਾ। ਉਨ੍ਹਾਂ ਦਿਨਾਂ ਵਿੱਚ ਵਿਆਹ ਸ਼ਾਦੀਆਂ ਵਿੱਚ ਗੋਸ਼ਤ ਵਾਲਾ ਪਲਾਓ ਅਤੇ ਰੋਗਨ ਜੋਸ਼ ਨਾਲੇ ਜ਼ਰਦਾ (ਮਿੱਠੇ ਚਾਵਲ) ਪਕਾਏ ਜਾਂਦੇ ਸਨ ਤੇ ਤੇਲ-ਮਹਿੰਦੀ ਵਾਲੇ ਦਿਨ ਕਤਲੰਮੇ ਤੇ ਲੂਣਕੀ ਚਾਹ ਪਿਲਾਈ ਜਾਂਦੀ ਸੀ ਤੇ ਜਾਣ ਵੇਲੇ ਜਨਾਨੀਆਂ ਨੂੰ ਪਤਾਸਿਆਂ ਦੇ ਲਿਫਾਫੇ ਦਿੱਤੇ ਜਾਂਦੇ ਸਨ। ਵਿਆਹ ਲਈ ਜਦੋਂ ਖ਼ਾਲਿਦ ਆਪਣੀ ਮਾਂ ਤੇ ਮੈਨੂੰ ਲੈ ਕੇ ਭਾਬੜਿਆਂ ਦੇ ਬਾਜ਼ਾਰ (ਜੈਨ ਬਾਜ਼ਾਰ) ਸੋਨਾ ਖਰੀਦਣ ਸੁਨਿਆਰੇ ਦੀ ਦੁਕਾਨ 'ਤੇ ਗਏ ਤਾਂ ਪਤਾ ਚੱਲਿਆ ਕਿ ਸੋਨਾ 130 ਰੁਪਏ ਤੋਲਾ ਹੈ, ਯਾਨੀ ਬਾਰ੍ਹਾਂ ਮਾਸੇ ਵਾਲਾ ਤੋਲਾ ਨਾ ਕਿ ਅੱਜ ਦੇ 10 ਗ੍ਰਾਮ ਵਾਲਾ ਤੋਲਾ। ਉਸ ਵੇਲੇ 130 ਰੁਪਏ ਤੋਲਾ ਸੋਨਾ ਵੀ ਬੜਾ ਮਹਿੰਗਾ ਲੱਗਦਾ ਸੀ। ਮੈਨੂੰ ਅੱਜ ਵੀ ਯਾਦ ਹੈ ਕਿ ਜਦੋਂ ਵਲੀਮੇ ਵਾਲੇ ਦਿਨ ਮੈਂ ਤੇ ਖ਼ਾਲਿਦ ਦੇ ਹੋਰ ਦੋ-ਤਿੰਨ ਦੋਸਤ ਸਮਾਲਾ ਵੰਡਣ (ਜਿਹੜੇ ਲੋਕ

ਸੱਦਾ ਦੇਣ ਉਤੇ ਜਾਂ ਰੁਝੇਵੇਂ ਕਾਰਨ ਦਾਵਤ ਵਿੱਚ ਸ਼ਾਮਿਲ ਨਾ ਹੋ ਸਕਣ ਉਨ੍ਹਾਂ ਦੇ ਘਰਾਂ ਵਿੱਚ ਤਾਂਬੇ ਦੀਆਂ ਵੱਡੀਆਂ ਥਾਲੀਆਂ ਵਿੱਚ ਗੋਸ਼ਤ ਵਾਲਾ ਪਲਾਓ ਤੇ ਜ਼ਰਦਾ ਭੇਜਣ ਨੂੰ ਸਮਾਲਾ ਕਹਿੰਦੇ ਹਨ) ਲਈ ਜਾਂਦੇ ਸਾਂ ਤਾਂ ਅਸਾਂ ਰਸਤੇ ਵਿੱਚ ਥਾਲੀਆਂ ਵਿਚੋਂ ਬੋਟੀਆਂ ਕੱਢ ਕੇ ਖਾਣੀਆਂ ਤੇ ਅਸੀਂ ਸਾਰੇ ਯਾਰ ਸਮਾਲਾ ਵੰਡਣ ਦਾ ਕੰਮ ਬੜੀ ਖੁਸ਼ੀ ਨਾਲ ਕਰਦੇ ਸਾਂ, ਕਿਉਂਕਿ ਸਾਰੇ ਦੋਸਤ ਰੱਜ ਕੇ ਖਾ ਕੇ ਅਯਾਸ਼ੀ ਕਰਦੇ ਸਾਂ। ਖ਼ੈਰ ਖ਼ਾਲਿਦ ਹੁਸੈਨ ਦਾ ਵਿਆਹ ਹੋ ਗਿਆ ਤੇ ਉਹ ਆਪਣੀ ਗ੍ਰਹਿਸਥੀ ਨੂੰ ਬੜੀ ਜ਼ਿੰਮੇਵਾਰੀ ਨਾਲ ਚਲਾਉਣ ਲੱਗਾ। ਵਿਆਹ ਦੇ ਤੀਜੇ ਸਾਲ ਉਸਦੇ ਘਰ ਇੱਕ ਬੱਚੀ ਨੇ ਜਨਮ ਲਿਆ ਜਿਸਦਾ ਨਾਂ ਉਸਨੇ ਸਮੀਆ ਤਬੱਸੁਮ ਰੱਖਿਆ। ਇਸ ਬੱਚੀ ਨੇ ਖ਼ਾਲਿਦ ਦੀ ਆਵਾਰਾਗਰਦੀ ਤੇ ਖਰਮਸਤੀ ਨੂੰ ਕੁੱਝ ਚਿਰ ਲਈ ਰੋਕ ਲਾ ਦਿੱਤੀ। ਉਸਨੇ ਮੁੜ ਪੜ੍ਹਣ ਦਾ ਫੈਸਲਾ ਕੀਤਾ ਤੇ ਉਰਦੂ ਵਿੱਚ ਅਦੀਬ ਮਾਹਿਰ ਤੇ ਅਦੀਬ ਫਾਜ਼ਿਲ ਦੇ ਇਮਤਿਹਾਨ ਕਸ਼ਮੀਰ ਯੂਨੀਵਰਸਿਟੀ ਤੋਂ ਪਾਸ ਕੀਤੇ। ਫਿਰ ਉਸਨੇ ਪ੍ਰਾਈਵੇਟ ਕਾਲਜ ਵਿੱਚ ਦਾਖ਼ਲਾ ਲਿਆ ਤੇ ਨੌਕਰੀ ਕਰਨ ਦੇ ਨਾਲ ਨਾਲ ਆਪਣੀ ਪੜ੍ਹਾਈ ਵੀ ਜਾਰੀ ਰੱਖੀ। 1970 ਤਕ ਉਸਨੇ ਬੀ.ਏ. ਪਾਸ ਕਰ ਲਈ ਤੇ 1972 ਵਿੱਚ ਪੱਤਰਕਾਰੀ ਵਿੱਚ ਡਿਪਲੋਮਾ ਕਰ ਲਿਆ। ਉਹ ਪਾਰਟ ਟਾਈਮ ਵਜੋਂ ਅਖ਼ਬਾਰਾਂ ਵਿੱਚ ਵੀ ਕੰਮ ਕਰਦਾ ਰਿਹਾ ਤਾਂ ਜੋ ਗ੍ਰਹਿਸਥੀ ਸੁਖਾਲੀ ਰਵੇ। ਉਸਨੇ ਆਪਣੀ ਮਤਰੇਈ ਭੈਣ ਤੇ ਭਰਾ ਦਾ ਵਿਆਹ ਕਰਵਾਇਆ ਤੇ ਉਨ੍ਹਾਂ ਨੂੰ ਘਰ ਬਣਾਨ ਵਿੱਚ ਪੂਰੀ ਸਹਾਇਤਾ ਦਿੱਤੀ। ਉਸਨੇ ਜੰਮੂ ਵਿੱਚ 'ਰੋਜ਼ਾਨਾ ਸੰਦੇਸ਼', 'ਅਮਾਰਤ' ਅਤੇ 'ਵਕਤ' ਅਖ਼ਬਾਰਾਂ ਨੂੰ ਐਡਿਟ ਕੀਤਾ ਤੇ ਸ਼੍ਰੀਨਗਰ ਵਿੱਚ 'ਹਮਦਰਦ', 'ਰੋਸ਼ਨੀ', 'ਜ਼ਿੰਮੀਦਾਰ' ਅਤੇ 'ਪੋਲੀਟੀਕਲ ਟਾਈਮਜ਼' ਅਖ਼ਬਾਰਾਂ ਨੂੰ ਐਡਿਟ ਕੀਤਾ।

ਇਥੇ ਮੈਂ ਤੁਹਾਨੂੰ ਕੁੱਝ ਵਰ੍ਹੇ ਪਿੱਛੇ ਲੈ ਜਾਂਦਾ ਹਾਂ। ਇਹ ਗੱਲ ਸਤੰਬਰ 1965 ਦੀ ਹੈ। ਭਾਰਤ ਤੇ ਪਾਕਿਸਤਾਨ ਦਾ ਯੁੱਧ ਜ਼ੋਰਾਂ 'ਤੇ ਸੀ, ਪਾਕਿਸਤਾਨੀ ਲੜਾਕੂ ਸੈਬਰ ਜਹਾਜ਼ ਜੰਮੂ ਦੇ ਆਸਮਾਨ 'ਤੇ ਇੱਲਾਂ ਵਾਂਗਰ ਉਡੱ ਰਹੇ ਸਨ ਤੇ ਬੰਬਾਰੀ ਕਰ ਰਹੇ ਸਨ। ਭਾਰਤੀ ਫੌਜਾਂ ਸਿਆਲਕੋਟ ਅਤੇ ਲਾਹੌਰ ਦੇ ਪਿੰਡਾਂ ਅੰਦਰ ਦਾਖ਼ਲ ਹੋ ਚੁੱਕੀਆਂ ਸਨ ਜਦਕਿ ਪਾਕਿਸਤਾਨੀ ਫੌਜ ਨੇ ਛੰਬ ਜੋੜੀਆਂ 'ਤੇ ਕਬਜ਼ਾ ਕਰ ਲਿਆ ਸੀ। ਪਾਕਿਸਤਾਨੀ ਤੋਪਾਂ ਦੇ ਗੋਲੇ ਜੰਮੂ ਸ਼ਹਿਰ ਦੇ ਆਲੇ-ਦੁਆਲੇ ਡਿੱਗ ਰਹੇ ਸਨ ਜਿਸ ਨਾਲ ਲੋਕਾਂ ਦੇ ਮਕਾਨ ਕੰਬ ਰਹੇ ਸਨ ਤੇ ਬਾਰੀਆਂ ਦੇ ਸ਼ੀਸ਼ੇ ਟੁੱਟ ਰਹੇ ਸਨ। ਸਾਰਾ ਜੰਮੂ ਖਾਲੀ ਹੋ ਗਿਆ ਸੀ। ਹਿੰਦੂ ਤੇ ਸਿੱਖ ਪੰਜਾਬ ਦੇ ਸ਼ਹਿਰਾਂ ਵੱਲ ਭੱਜ ਰਹੇ ਸਨ ਤੇ ਮੁਸਲਮਾਨ ਸ਼੍ਰੀਨਗਰ ਵੱਲ। ਅਸੀਂ ਵੀ ਸ਼ਰਨਾਰਥੀ ਬਣ ਕੇ ਸ਼੍ਰੀਨਗਰ ਪਹੁੰਚ ਗਏ। ਖ਼ਾਲਿਦ ਹੁਸੈਨ ਆਪਣੇ ਕਸ਼ਮੀਰ ਦੇ ਯਾਰ ਬੇਲੀਆਂ ਦੀ ਚੌਂਕੜੀ ਵਿੱਚ ਜਾ ਬੈਠਾ। ਬਟਮਾਲੂ ਬਾਹ੍ਰਾਂ ਪੱਥਰ ਵਿੱਚ ਰਾਸ਼ਟਰੀ ਜਰਨੈਲੀ ਸੜਕ ਜਿਹੜੀ ਬਾਰ੍ਹਾਂ ਮੂੱਲਾ ਨੂੰ ਜਾਂਦੀ

ਹੈ ਉਸ ਸੜਕ ਦੇ ਕੰਢੇ ਸ਼ੇਸ਼ਨ ਜਜ, ਕਾਜ਼ੀ ਨਿਜ਼ਾਮ ਦੀਨ ਦਾ ਮਕਾਨ ਸੀ। ਕਾਜ਼ੀ ਨਿਜ਼ਾਮ ਦੀਨ ਆਪਣੇ ਪਰਿਵਾਰ ਨਾਲ ਜੰਮੂ ਰਹਿੰਦਾ ਸੀ, ਪਰ ਉਸਦਾ ਵੱਡਾ ਪੁੱਤਰ ਕਾਜ਼ੀ ਨਸੀਰ ਦੀਨ ਉਸ ਮਕਾਨ ਵਿੱਚ 'ਕੱਲਾ ਰਹਿੰਦਾ ਸੀ। ਕਾਜ਼ੀ ਨਸੀਰ, ਖ਼ਾਲਿਦ ਹੁਸੈਨ ਤੇ ਤਾਜ ਮੁਹੀ-ਉ-ਦੀਨ ਦਾ ਲੰਗੋਟੀਆ ਯਾਰ ਸੀ ਤੇ ਪੰਜਾਬੀ ਬੋਲਣ ਵਾਲੇ ਦੋਸਤਾਂ ਦਾ ਪੱਕਾ ਠਿਕਾਣਾ। ਇੰਝ ਕਹਿ ਲਵੋ ਕਿ ਇਹ ਫਕੀਰਾਂ ਦਾ ਤਕੀਆ ਸੀ ਜਿੱਥੇ ਯਾਰ ਬੇਲੀ ਗੱਪਾਂ ਮਾਰਦੇ, ਸ਼ਰਾਬ ਤੇ ਸਿਗਰੇਟ ਪੀਂਦੇ ਤੇ ਗੋਸ਼ਤ ਦੀ ਹਾਂਡੀ ਨੂੰ ਰੇਹੜ ਲਾਉਂਦੇ। ਹਾਂਡੀ ਵਿੱਚ ਪੱਕਣ ਵਾਲਾ ਗੋਸ਼ਤ ਅਕਸਰ ਚੋਰੀ ਦਾ ਹੁੰਦਾ। ਤਾਜ ਮੁਹੀ-ਉ-ਦੀਨ ਤੇ ਖ਼ਾਲਿਦ ਹੁਸੈਨ ਦਾ ਕੰਮ ਇਹ ਸੀ ਕਿ ਕਰਫਿਊ ਲੱਗਣ ਤੋਂ ਬਾਅਦ ਆਪਣੇ ਆਪਣੇ ਘਰਾਂ 'ਚੋਂ ਨਿਕਲਦੇ ਸਨ ਤੇ ਮੁਹੱਲੇ ਦੀਆਂ ਗਲੀਆਂ ਵਿੱਚ ਫਿਰਨ ਵਾਲੇ ਕੁੱਕੜ ਫੜ ਕੇ ਆਪਣੇ ਕੰਬਲ ਜਾਂ ਫਿਰਨ ਹੇਠ ਲੁਕਾ ਕੇ ਕਾਜ਼ੀ ਨਸੀਰ ਦੇ ਘਰ ਲੈ ਆਉਂਦੇ। ਕਾਜ਼ੀ ਨਸੀਰ ਉਨ੍ਹਾਂ ਨੂੰ ਹਲਾਲ ਕਰਦਾ ਤੇ ਸਾਰੇ ਬੇਲੀ ਖਾਂਦੇ ਪੀਂਦੇ ਨਾਲੇ ਮੌਜਾਂ ਮਾਰਦੇ। ਪਾਕਿਸਤਾਨੀ ਖਾੜਕੂ ਉਨ੍ਹਾਂ ਦਿਨਾਂ 'ਚ ਵੀ ਕਸ਼ਮੀਰ ਵਿੱਚ ਆਏ ਸਨ ਤੇ ਸਭ ਤੋਂ ਪਹਿਲਾਂ ਇੱਕ ਗੁੱਜਰ ਮੁਹੰਮਦ ਦੀਨ ਨੇ ਉਨ੍ਹਾਂ ਨੂੰ ਤੋਸ਼ ਮੈਦਾਨ ਵਿਖੇ ਦੇਖਿਆ ਸੀ ਤੇ ਫੌਜੀਆਂ ਨੂੰ ਆ ਕੇ ਦੱਸਿਆ ਸੀ। ਜੰਗ ਵੇਲੇ ਇਹ ਖਾੜਕੂ ਸੜਕਾਂ ਤੇ ਪੁਲਾਂ ਨੂੰ ਉਡਾਣ ਦਾ ਕੰਮ ਕਰਦੇ ਸਨ ਅਤੇ ਫੌਜੀ ਕਾਫਲਿਆਂ 'ਤੇ ਹਮਲਾ ਕਰਦੇ ਸਨ। ਪਰ ਸਾਡੇ ਲਈ ਜੰਗ ਦੇ ਇਹ ਦਿਨ ਤੇ ਰਾਤਾਂ ਮੌਜ ਮਸਤੀ ਦਾ ਸਾਧਨ ਬਣੀਆਂ ਸਨ। ਜੰਗ ਬੰਦ ਹੋਣ ਮਗਰੋਂ ਸ਼ਰਨਾਰਥੀ ਆਪਣੇ ਆਪਣੇ ਘਰਾਂ ਨੂੰ ਪਰਤ ਗਏ ਤੇ ਅਸੀਂ ਵੀ ਦਫਤਰ ਨਾਲ ਜੰਮੂ ਆ ਗਏ। ਕਾਜ਼ੀ ਨਸੀਰ ਦੇ ਘਰ ਤੋਂ ਛੁੱਟ ਅਸੀਂ ਪੰਜਾਬੀ ਬੋਲਣ ਵਾਲੇ ਯਾਰ ਬੇਲੀ ਕੌਫੀ ਹਾਊਸ ਵਿੱਚ ਬਹਿੰਦੇ ਜਿਹੜਾ ਰੈਜ਼ੀਡੈਂਸੀ ਰੋਡ ਉਤੇ ਰੀਗਲ ਸਿਨੇਮਾ ਦੇ ਨਾਲ ਸੀ। ਕੌਫੀ ਹਾਊਸ ਬਹਿਣ ਦਾ ਇਹ ਸਿਲਸਿਲਾ ਉਦੋਂ ਬੰਦ ਹੋਇਆ ਜਦੋਂ ਅੱਤਕਵਾਦੀਆਂ ਨੇ 1989 ਵਿੱਚ ਦੁਬਾਰਾ ਕਸ਼ਮੀਰ ਵਿੱਚ ਕਦਮ ਰੱਖੇ। ਕੌਫੀ ਹਾਊਸ ਵਾਲੇ ਦਿਨ ਵੀ ਬੜੇ ਯਾਦਗਾਰੀ ਦਿਨ ਸਨ। ਇਥੇ ਅਕਸਰ ਪੰਜਾਬੀ ਲੋਕਾਂ ਦਾ ਹੀ ਇੱਕਠ ਰਹਿੰਦਾ। ਵਾਪਾਰੀ ਕੌਫੀ ਹਾਊਸ ਵਿੱਚ ਬਹਿ ਕੇ ਕੌਫੀ ਦੀਆਂ ਚੁਸਕੀਆਂ ਲੈਂਦੇ ਲੈਂਦੇ ਲੱਖਾਂ ਦਾ ਵਪਾਰ ਕਰ ਲੈਂਦੇ ਅਤੇ ਅਸੀਂ ਖਲੰਡਰੇ ਆਵਾਰਾਗਰਦ ਕੌਫੀ ਪੀਂਦੇ ਤੇ ਰੱਜ ਕੇ ਗੱਪਬਾਜ਼ੀ ਕਰਦੇ, ਲਤੀਫੇ ਸੁਣਦੇ ਤੇ ਸੁਣਾਂਦੇ। ਕਾਂਤੀ ਤੇ ਕਬਾਬ ਖਾਂਦੇ ਤੇ ਕੋਈ ਨਾ ਕੋਈ ਧੁਰ ਫਸਾਂਦੇ। ਇਹ ਬੇ-ਫਿਕਰੀ ਦਾ ਜ਼ਮਾਨਾ ਜੀਵਨ ਦੇ ਸੁਨਹਿਰੀ ਪਲਾਂ ਵਿੱਚ ਸ਼ੁਮਾਰ ਹੁੰਦਾ ਹੈ। ਖ਼ਾਲਿਦ ਹੁਸੈਨ ਇੱਕ ਗਰੀਬ ਪਰਿਵਾਰ ਦਾ ਹਿੱਸਾ ਸੀ, ਪਰ ਉਸਨੇ ਆਪਣੀ ਗੁਰਬਤ ਨੂੰ ਕਦੇ ਵੀ ਜਗ ਜ਼ਾਹਿਰ ਨਹੀਂ ਹੋਣ ਦਿੱਤਾ ਤੇ ਉਹ ਯਾਰਾਂ ਨਾਲ ਹਰ ਤਰੀਕੇ ਨਾਲ ਨਿਭਾਂਦਾ ਰਿਹਾ। ਉਹ ਕਦੇ ਕਿਸੇ ਕੰਮਪਲੈਕਸ (Complex) ਦਾ ਸ਼ਿਕਾਰ ਨਹੀਂ ਹੋਇਆ। ਉਸਦਾ ਉਠਣਾ ਬੈਠਣਾ ਉਸ ਵੇਲੇ ਦੇ

ਅਮੀਰ ਘਰਾਂ ਦੇ ਮੁੰਡਿਆਂ ਨਾਲ ਸੀ, ਜਿਨ੍ਹਾਂ ਵਿੱਚ ਕਈ ਵੱਡੇ ਸਰਕਾਰੀ ਆਹੁਦਿਆਂ 'ਤੇ ਕੰਮ ਕਰਦੇ ਸਨ।

ਲੋੜੀਂਦੀ ਤਾਲੀਮ ਹਾਸਿਲ ਕਰਨ ਮਗਰੋਂ ਖ਼ਾਲਿਦ ਹੁਸੈਨ ਨੇ ਕਲਰਕੀ ਦਾ ਝੋਲਾ ਉਤਾਰ ਪਰ੍ਹਾਂ ਸੁੱਟਿਆ ਤੇ ਚੰਗੀ ਨੌਕਰੀ ਲਈ ਇੰਟਰਵਿਊ ਦੇਣ ਲੱਗਾ। ਉਸਦੇ ਘਰ 1971 ਵਿੱਚ ਦੂਜੀ ਬੇਟੀ ਹੁਮਾ ਤਬੱਸੁਮ ਪੈਦਾ ਹੋਈ ਤੇ 1973 ਵਿੱਚ ਬੇਟਾ ਜ਼ਾਕਿਰ ਹੁਸੈਨ। ਖ਼ਾਲਿਦ ਨੇ ਸਭ ਤੋਂ ਪਹਿਲਾਂ ਆਪਣਾ ਮਕਾਨ, ਮੁਹੱਲਾ ਜ਼ਿਆਰਤ ਬਟਮਾਲੂ ਵਿਖੇ ਉਸਾਰਿਆ, ਫਿਰ ਜੰਮੂ ਦੇ ਇਲਾਕੇ ਬਾਹੂ ਕਿੱਲ੍ਹੇ ਲਾਗੇ ਮੁਸਲਮ ਬਸਤੀ ਵਿੱਚ ਇੱਕ ਨਿੱਕਾ ਜਿਹਾ ਘਰ ਬਣਾਇਆ। ਮਗਰੋਂ ਦੋਵੇਂ ਮਕਾਨ ਵੇਚ ਕੇ ਸ੍ਰੀਨਗਰ ਦੇ ਆਲੂਚਾ ਬਾਗ਼ ਵਿੱਚ ਜ਼ਮੀਨ ਖਰੀਦੀ ਤੇ ਦੋ ਸਾਲ ਮਗਰੋਂ ਉਹ ਵੀ ਵੇਚ ਕੇ ਨੱਟੀ ਪੁਰਾ, ਸ੍ਰੀਨਗਰ ਵਿੱਚ ਮਕਾਨ ਬਣਾਇਆ। ਇਹ ਮਕਾਨ ਵੀ ਉਸਨੇ ਉਦੋਂ ਵੇਚ ਦਿੱਤਾ ਜਦੋਂ ਕਸ਼ਮੀਰ ਵਿੱਚ ਉਗਰਵਾਦ ਨੇ ਸਿਰ ਚੁੱਕਿਆ ਤੇ ਖਾਲੀ ਘਰਾਂ ਵਿੱਚ ਜਾਂ ਖਾੜਕੂ ਵੜ੍ਹ ਜਾਂਦੇ ਸਨ ਜਾਂ ਫਿਰ ਫੌਜੀ ਜਵਾਨ। ਇੰਝ ਦੋਹਾਂ ਸੂਰਤਾਂ ਵਿੱਚ ਇਸ ਮਕਾਨ ਦਾ ਸੜਨਾ ਲਾਜ਼ਮੀ ਸੀ ਤੇ ਇੰਝ ਖ਼ਾਲਿਦ ਹੁਸੈਨ ਪੱਕੇ ਤੌਰ 'ਤੇ ਜੰਮੂ ਵਿੱਚ ਆ ਵੱਸਿਆ। ਕੁੱਝ ਚਿਰ ਉਸਤਾਦ ਮੁਹੱਲੇ ਦੇ ਪੁਰਾਣੇ ਮਕਾਨ ਵਿੱਚ ਰਿਹਾ, ਮਗਰੋਂ ਉਸਨੇ ਗੁੱਜਰ ਨਗਰ ਵਿੱਚ ਆਪਣਾ ਨਵਾਂ ਮਕਾਨ ਬਣਾਇਆ। ਮਰਦੇ ਦਮ ਤਕ ਖ਼ਾਲਿਦ ਹੁਸੈਨ ਦਾ ਆਪਣੇ ਦੋਸਤਾਂ ਨਾਲ ਬੜਾ ਨਿੱਘਾ ਸੰਬੰਧ ਰਿਹਾ, ਜਿਸ ਵਿੱਚ ਮੈਂ ਵੀ ਸ਼ਾਮਿਲ ਸਾਂ। ਉਹ ਯਾਰ ਬੇਲੀਆਂ ਦੇ ਦੁੱਖ-ਸੁੱਖ ਦਾ ਭਾਈਵਾਲ ਸੀ ਤੇ ਉਨ੍ਹਾਂ ਦਾ ਮੱਦਦਗਾਰ ਵੀ।

ਮੁਸਲਮਾਨਾਂ ਦੇ ਤਿੰਨ ਚਾਰ ਤਿਉਹਾਰ ਬੜੇ ਖ਼ਾਸ ਹੁੰਦੇ ਹਨ, ਜਿਵੇਂ ਨਿੱਕੀ ਈਦ (ਜਿਹੜੀ ਇੱਕ ਮਹੀਨੇ ਦੇ ਰੋਜ਼ੇ (ਵਰਤ) ਰੱਖਣ ਮਗਰੋਂ ਆਉਂਦੀ ਹੈ ਤੇ ਮੁਸਲਮ ਸਮਾਜ ਬੜੇ ਚਾਅ ਤੇ ਧੂਮ-ਧਾਮ ਨਾਲ ਇਸ ਈਦ ਨੂੰ ਮਨਾਉਂਦੇ ਹਨ), ਬੱਕਰ ਈਦ (ਇਸ ਨੂੰ ਕੁਰਬਾਨੀ ਵਾਲੀ ਈਦ ਵੀ ਕਿਹਾ ਜਾਂਦਾ ਹੈ। ਇਸ ਈਦ ਸਮੇਂ ਮੁਸਲਮਾਨ ਮੱਕਾ ਸ਼ਰੀਫ ਵਿਖੇ ਹੱਜ ਕਰਦੇ ਹਨ। ਬੱਕਰੇ, ਦੁੰਬੇ, ਕੱਟੇ, ਊਂਠ ਆਦਿ ਦੀ ਕੁਰਬਾਨੀ ਰੱਬ ਸਾਂਈ ਦੀ ਰਾਹ ਵਿੱਚ ਦਿੰਦੇ ਹਨ।), ਈਦ ਮਿਲਾਦ-ਉਨ-ਨੱਬੀ (ਇਹ ਦਿਨ ਹਜ਼ਰਤ ਮੁਹੰਮਦ ਦਾ ਜਨਮ ਦਿਨ ਵੀ ਹੈ ਤੇ ਮਰਨ ਦਿਨ ਵੀ। ਇਸ ਤਾਰੀਕ ਨੂੰ ਹਜ਼ਰਤ ਮੁਹੰਮਦ ਦਾ ਜਨਮ ਵੀ ਹੋਇਆ ਸੀ ਅਤੇ 63 ਸਾਲ ਦੀ ਉਮਰੇ ਇਸੇ ਦਿਨ ਹਜ਼ਰਤ ਮੁਹੰਮਦ ਆਪਣੇ ਹਕੀਕੀ ਮਾਲਿਕ ਕੋਲ ਚਲਾਨਾ ਕਰ ਗਏ ਸਨ। ਇਸ ਦਿਨ ਤੋਂ ਪਹਿਲੀ ਰਾਤ ਨੂੰ ਮੁਸਲਮਾਨ ਰਾਤਰੀ ਇਬਾਦਤ ਕਰਦੇ ਹਨ ਜਿਹਨੂੰ ਸ਼ਬਦਾਰੀ ਵੀ ਕਹਿੰਦੇ ਹਨ।), ਮਿਅਰਾਜ-ਆਲਮ (ਮੁਸਲਿਮ ਅਕੀਦੇ ਮੁਤਾਬਿਕ ਇਸ ਰਾਤ ਨੂੰ ਹਜ਼ਰਤ ਮੁਹੰਮਦ ਚੌਥੇ ਅਸਮਾਨ 'ਤੇ ਰੱਬ ਸਾਂਈ ਨਾਲ ਮਿਲਣੀ ਕਰਨ ਗਏ ਸਨ। ਮੁਸਲਮਾਨ ਇਸ ਰਾਤ ਨੂੰ ਵੀ ਨਿਮਾਜ਼ਾਂ ਪੜ੍ਹਦੇ ਹਨ। ਦਰੂਦ ਪੜ੍ਹਦੇ ਹਨ ਅਤੇ ਕੁਰਾਨ

ਮਜੀਦ ਦੀ ਤਲਾਵਤ (ਪੜ੍ਹਦੇ) ਕਰਦੇ ਹਨ।), ਅਸੀਂ ਵੀ ਸ਼ਬਕਦਰ ਅਤੇ ਮਿਅਰਾਜ-ਆਲਮ ਵਾਲੀਆਂ ਰਾਤਾਂ ਨੂੰ ਇਬਾਦਤ ਕਰਨ ਲਈ ਮਸੀਤਾਂ ਵਿੱਚ ਜਾਂਦੇ ਸਾਂ। ਖ਼ਾਲਿਦ ਹੁਸੈਨ ਸਾਡਾ ਆਗੂ ਹੁੰਦਾ ਸੀ ਅਤੇ ਨਫਲ (ਸ਼ੁਕਰਾਨੇ ਦੀ ਨਮਾਜ਼) ਪੜ੍ਹਦਿਆਂ ਹੀ ਉਹ ਸਾਨੂੰ ਇਸ਼ਾਰਿਆਂ ਨਾਲ ਮਸਜਿਦ ਦੇ ਵਿਹੜੇ ਬੁਲਾਂਦਾ ਤੇ ਅਸੀਂ ਸਾਰੇ ਮਿਲ ਕੇ ਵੱਡਿਆਂ ਦੇ ਹੁਕਮ ਅਨੁਸਾਰ ਅੱਗ ਬਾਲਦੇ ਤੇ ਚਾਹ ਅਤੇ ਹਲਵੇ ਦੀਆਂ ਦੇਗਾਂ ਚਾੜ੍ਹਦੇ। ਬਹੁਤਾ ਪੁੰਨ ਤੇ ਸਵਾਬ ਕਮਾਣ ਵਾਲੇ ਕੁੱਝ ਗੱਭਰੂਆਂ ਦੀ ਡਿਊਟੀ ਲਾ ਕੇ ਖ਼ਾਲਿਦ ਸਾਨੂੰ ਰਾਤ ਦੇ ਆਖ਼ਰੀ ਸ਼ੋ ਵਿੱਚ ਫਿਲਮ ਦਿਖਾਣ ਲੈ ਜਾਂਦਾ। ਸਾਢੇ ਬਾਰ੍ਹਾਂ ਵਜੇ ਤਕ ਫਿਲਮ ਮੁੱਕ ਜਾਂਦੀ ਸੀ ਤੇ ਅਸੀਂ ਇੱਕ ਵਜੇ ਤਕ ਮੁੜ ਮਸੀਤ ਵਾਪਿਸ ਪਰਤ ਆਉਂਦੇ। ਤਦ ਤੀਕਰ ਚਾਹ ਤੇ ਹਲਵਾ ਬਿਲਕੁਲ ਤਿਆਰ ਹੁੰਦਾ ਤੇ ਅਸੀਂ ਹਲਵੇ ਦੀ ਕਾਰ ਸੇਵਾ ਕਰਨ ਲੱਗਦੇ। ਬਜ਼ੁਰਗਾਂ ਨੂੰ ਬਿਲਕੁਲ ਪਤਾ ਨਾ ਲੱਗਦਾ ਕਿ ਅਸੀਂ ਫਿਲਮ ਵੇਖ ਕੇ ਆਏ ਹਾਂ। ਉਹ ਸਾਨੂੰ ਮੁੰਡਿਆਂ ਨੂੰ ਡਾਹਢੇ ਸ਼ਰੀਫ ਤੇ ਸਾਊ ਮੰਨਦੇ ਸਨ ਤੇ ਸਾਨੂੰ ਸੱਤੇ ਖ਼ੈਰਾਂ ਦੀਆਂ ਦੁਆਵਾਂ ਦਿੰਦੇ ਸਨ। ਕਈ ਵਾਰੀ ਸਿਨਮੇ ਦੇ ਅਹਾਤੇ ਵਿੱਚ ਲੜਾਈਆਂ ਵੀ ਹੁੰਦੀਆਂ, ਜਿਸ ਵਿੱਚ ਖ਼ਾਲਿਦ ਹੁਸੈਨ ਵੱਧ ਚੜ੍ਹ ਕੇ ਭਾਗ ਲੈਂਦਾ ਤੇ ਉਸਤਾਦ ਮੁਹੱਲੇ ਦਾ ਨਾਂ ਰੋਸ਼ਨ ਕਰਦਾ। ਅਜਿਹੀਆਂ ਲੜਾਈਆਂ ਵਿੱਚੋਂ ਦੋ ਤਿੰਨ ਦਾ ਜ਼ਿਕਰ ਕਰਨਾ ਚਾਹਵਾਂਗਾ। ਅਸੀਂ ਤਿੰਨ ਯਾਰ ਯਾਨੀ ਮੈਂ, ਖ਼ਾਲਿਦ ਤੇ ਨਾਸਿਰ ਹੁਸੈਨ, ਉੱਤਮ ਸਿਨੇਮਾ ਵਿੱਚ ਫਿਲਮ ਵੇਖ ਰਹੇ ਸਾਂ ਕਿ ਕਿਸੇ ਮੁੰਡੇ ਨੇ ਮੇਰੀ ਨੰਗੀ ਬਾਂਹ ’ਤੇ ਆਪਣਾ ਸਿਗਰੇਟ ਬੁਝਾਇਆ। ਮੈਂ ਉਸਦੇ ਮੂੰਹ ’ਤੇ ਚਪੇੜ ਕੱਢ ਮਾਰੀ। ਸ਼ੋਰ ਪੈ ਗਿਆ, ਪਰ ਗੇਟ ਕੀਪਰਾਂ ਨੇ ਵੇਲੇ ਨੂੰ ਸੰਭਾਲ ਲਿਆ, ਪਰ ਇੰਟਰਵਲ ਵੇਲੇ ਜਦ ਅਸੀਂ ਸੋਡਾ-ਪਾਣੀ ਪੀਣ ਲਈ ਹਾਲ ਤੋਂ ਬਾਹਰ ਆਏ ਤਾਂ ਕੁੱਝ ਜਵਾਨ ਗੱਭਰੂਆਂ ਨੇ ਸਾਨੂੰ ਘੇਰ ਲਿਆ ਤੇ ਲੜਾਈ ਸ਼ੁਰੂ ਹੋ ਗਈ। ਮੈਂ ਤੇ ਖ਼ਾਲਿਦ ਨੇ ਪਿੱਠ ਜੋੜ ਕੇ ਲੜਣ ਵਾਲਿਆਂ ਦਾ ਮੁਕਾਬਲਾ ਕੀਤਾ। ਵੀਹ-ਪੰਝੀ ਮਿੰਟ ਤਕ ਅਸਾਂ ਦੋਹਾਂ ਪੰਜ-ਸੱਤ ਮੁੰਡੇ ਫੱਟੜ ਕਰ ਦਿੱਤੇ। ਟੱਕਰਾਂ ਮਾਰ ਕੇ ਖ਼ਾਲਿਦ ਨੇ ਕਈਆਂ ਦੇ ਮੱਥੇ ਤੇ ਨੱਕ ਸੁਜਾ ਦਿੱਤੇ। ਮਗਰੋਂ ਪੁਲਿਸ ਦੇ ਆਉਣ ਉਤੇ ਇਹ ਲੜਾਈ ਮੁੱਕੀ। ਇੰਝ ਹੀ ਇੱਕ ਵਾਰੀ ਸਾਡੇ ਮੁਹੱਲੇ ਦੀ ਇੱਕ ਕੁੜੀ ਨੇ ਸਾਨੂੰ ਦੱਸਿਆ ਕਿ ਇੱਕ ਬਦਮਾਸ਼ ਮੁੰਡਾ ਉਸਨੂੰ ਸਕੂਲ ਜਾਂਦਿਆਂ ਛੇੜਦਾ ਹੈ। ਕੁੜੀ ਦੀ ਫਰਿਆਦ ਸੁਣ ਕੇ ਸਾਡਾ ਜਵਾਨ ਖ਼ੂਨ ਉਬਲਣ ਲੱਗਾ ਤੇ ਅਸਾਂ ਉਸ ਮੁੰਡੇ ਦਾ ਪਿੱਛਾ ਕਰਨਾ ਸ਼ੁਰੂ ਕੀਤਾ ਤੇ ਆਖੀਰ ਇੱਕ ਦਿਨ ਰਾਣੀ ਦੇ ਤਲਾਅ ਕੋਲ ਉਸਨੂੰ ਜਾ ਫੜਿਆ ਅਤੇ ਹਾਕੀਆਂ ਨਾਲ ਰੂੰ ਵਾਂਗ ਤੁੰਬਿਆ। ਸਾਡੇ ਦੋਸਤਾਂ ਦਾ ਇੱਕ ਜੁੱਟ ਜਾਂ ਗੈਂਗ ਸੀ ਜਿਸ ਵਿੱਚ ਭੂਸ਼ਣ ਸ਼ਰਮਾ, ਦਰਸ਼ਨ ਕਨੈਡੀ, ਅਸ਼ਰਫ ਖਾਂ, ਬਿੱਲੋ ਤੇ ਅਸੀਂ ਦੋਵੇਂ ਸ਼ਾਮਿਲ ਸਾਂ। ਤੇ ਇਹ ਜੁੱਟ ਲੜਾਈ ਦੀ ਚੁਣੌਤੀ ਦਿੰਦਿਆਂ ਹੋਇਆਂ ਆਪਣੇ ਇਲਾਕੇ ਤੋਂ ਬਾਹਰ ਲੜਨ ਜਾਂਦੇ ਸਨ। ਬਿਲਕੁਲ ਉਂਝ ਹੀ ਜਿਵੇਂ ਫਿਲਮਾਂ ਵਿੱਚ ਦੱਸਿਆ ਜਾਂਦਾ ਹੈ।

ਖ਼ਾਲਿਦ ਹੁਸੈਨ ਦੇ ਦੋ ਯਾਰ ਮੁਹੰਮਦ ਸਈਅਦ ਕੁਰੇਸ਼ੀ ਤੇ ਕ੍ਰਿਸ਼ਨ ਲਾਲ ਅਤੇ ਮੁਹੱਲੇ ਦੇ ਕੁੱਝ ਹੋਰ ਅੱਲ੍ਹੜ ਮੁੰਡੇ ਮਹਾਰਾਜਾ ਹਰੀ ਸਿੰਘ ਦੀ ਪੈਲੇਸ ਦੇ ਬਾਗ ਵਿੱਚੋਂ ਅੰਬ, ਮਾਲਟੇ ਤੇ ਅਮਰੂਦ ਚੋਰੀ ਕਰਨ ਜਾਂਦੇ ਸਨ। ਇਹ ਬਾਗ ਬਾਅਦ ਵਿੱਚ ਡਾ. ਕਰਨ ਸਿੰਘ ਨੇ ਲੋਕਾਂ ਨੂੰ ਵੇਚ ਦਿੱਤਾ ਤੇ ਉਥੇ ਲੋਕਾਂ ਨੇ ਮਕਾਨ ਬਣਾਏ ਤੇ ਅੱਜ ਉਸ ਬਾਗ ਦਾ ਨਾਂ ਮੁਹੱਲਾ ਕਰਨ ਨਗਰ ਹੈ। ਇੰਝ ਹੀ ਇੱਕ ਵਾਰੀ ਅਸੀਂ ਬਖ਼ਸ਼ੀ ਵਿਸ਼ਵਾ ਮਿੱਤਰ ਜਿਹੜਾ ਉਸ ਵੇਲੇ ਜੰਮੂ ਦਾ ਡੀ.ਆਈ.ਜੀ. ਪੁਲਿਸ ਸੀ, ਦੇ ਘਰ ਸੰਤਰੇ ਚੋਰੀ ਕਰਨ ਗਏ। ਬਖ਼ਸ਼ੀ ਵਿਸ਼ਵਾ ਮਿੱਤਰ ਉਸ ਜ਼ਮਾਨੇ ਆਸ਼ਕਾਂ ਦਾ ਜੱਲਾਦ ਤੇ ਕੁੜੀਆਂ ਨੂੰ ਛੇੜਣ ਵਾਲਿਆਂ ਲਈ ਇੱਕ ਵੱਡਾ ਨਾਈ ਅਖਵਾਇਆ ਜਾਂਦਾ ਸੀ, ਕਿਉਂਕਿ ਉਹ ਅਜਿਹੀਆਂ ਕਰਤੂਤਾਂ ਕਰਨ ਵਾਲਿਆਂ ਮੁੰਡਿਆਂ ਦੀਆਂ ਟਿੰਡਾਂ ਕਰਵਾਉਂਦਾ ਸੀ, ਉਨ੍ਹਾਂ ਨੂੰ ਮਾਰਦਾ ਸੀ ਤੇ ਹਵਾਲਾਤ ਵਿੱਚ ਬੰਦ ਕਰ ਦਿੰਦਾ ਸੀ। ਅਜਿਹੇ ਜ਼ਾਲਮ ਤੇ ਜ਼ਾਬਰ ਪੁਲਿਸ ਅਫਸਰ ਦੇ ਘਰ ਖ਼ਾਲਿਦ ਹੁਸੈਨ ਦਾ ਸੰਤਰੇ ਚੋਰੀ ਕਰਨ ਲਈ ਦਾਖਿਲ ਹੋਣਾ ਸ਼ੇਰ ਦੇ ਮੂੰਹ ਵਿੱਚ ਹੱਥ ਪਾਉਣ ਵਾਲੀ ਗੱਲ ਸੀ। ਹੋਇਆ ਇੰਝ ਕਿ ਕੱਚੀ ਛਾਉਣੀ ਦੀ ਦੁੱਧ ਵਾਲੀ ਡੇਅਰੀ ਤੋਂ ਦੁੱਧ ਲੈਣ ਮਗਰੋਂ ਮੈਂ, ਖ਼ਾਲਿਦ ਤੇ ਪਰਵੇਜ਼ ਪਾਲ ਜਦ ਵਾਪਿਸ ਘਰ ਨੂੰ ਆਉਣ ਲੱਗੇ ਤਾਂ ਬਖ਼ਸ਼ੀਆਂ ਦੀ ਗਲੀ ਵਿੱਚ ਇੱਕ ਮਕਾਨ ਦੀ ਦੀਵਾਰ ਅੰਦਰ ਸੰਤਰਿਆਂ ਦਾ ਬੂਟਾ ਫਲਾਂ ਕਾਰਨ ਆਪਣੇ ਪੂਰੇ ਜੋਬਨ 'ਤੇ ਸੀ। ਲਾਲ ਸੂਹੇ ਸੰਤਰੇ ਦੇਖ ਕੇ ਪਰਵੇਜ਼ ਪਾਲ ਨੇ ਖ਼ਾਲਿਦ ਨੂੰ ਚੁਣੌਤੀ ਦਿੱਤੀ ਕਿ ਜੇ ਇਹ ਸੰਤਰੇ ਤੋੜ ਕੇ ਲਿਆਵੇਂ ਤਾਂ ਤੈਨੂੰ ਮੰਨਾਂਗੇ। ਖ਼ਾਲਿਦ ਨੇ ਦੁੱਧ ਵਾਲਾ ਡੋਲ ਪਰਵੇਜ਼ ਨੂੰ ਫੜਾਇਆ ਤੇ ਆਪ ਦੀਵਾਰ 'ਤੇ ਚੜ੍ਹ ਕੇ ਸੰਤਰੇ ਤੋੜਣ ਲੱਗਾ। ਉਸਨੂੰ ਵੇਖ ਕੇ ਸਾਡਾ ਇੱਕ ਹੋਰ ਯਾਰ ਖ਼ਾਲਿਦ ਭੱਟੀ ਵੀ ਦੀਵਾਰ 'ਤੇ ਚੜ੍ਹ ਗਿਆ ਤੇ ਉਹ ਵੀ ਸੰਤਰੇ ਤੋੜਣ ਲੱਗਾ। ਇੱਕ ਟਾਹਣੀ ਨੂੰ ਹੱਥ ਪਾਉਂਦਿਆਂ ਉਹ ਦੀਵਾਰ ਤੋਂ ਡਿੱਗ ਕੇ ਅੰਦਰ ਫਰਸ਼ 'ਤੇ ਜਾ ਪਿਆ ਤੇ ਦਰਦ ਨਾਲ ਕੁਰਲਾਉਣ ਲੱਗਾ। ਉਸੇ ਵੇਲੇ ਬਖ਼ਸ਼ੀ ਵਿਸ਼ਵਾ ਮਿੱਤਰ ਆਪਣੇ ਘਰ ਆਇਆ ਤਾਂ ਉਸਨੇ ਖ਼ਾਲਿਦ ਨੂੰ ਸੰਤਰੇ ਦੇ ਬੂਟੇ 'ਤੇ ਦੇਖਿਆ ਤੇ ਅੰਦਰ ਇੱਕ ਮੁੰਡੇ ਨੂੰ ਜ਼ਖ਼ਮੀ ਹਾਲਤ ਵਿੱਚ। ਉਸ ਵੇਲੇ ਅਸੀਂ ਸ਼ਾਇਦ ਅੱਠਵੀਂ ਵਿੱਚ ਪੜ੍ਹਦੇ ਹੋਵਾਂਗੇ। ਸਾਨੂੰ ਬੜੀ ਫੈਂਟੀ ਪਈ। ਖ਼ਾਲਿਦ ਹੁਸੈਨ ਬਖ਼ਸ਼ੀ ਵਿਸ਼ਵਾ ਮਿੱਤਰ ਦਾ ਹੱਥ ਛੁੜਾ ਕੇ ਭੱਜ ਗਿਆ, ਪਰ ਖ਼ਾਲਿਦ ਭੱਟੀ ਫਸ ਗਿਆ। ਸਾਰੇ ਮੁਹੱਲੇ ਵਾਲਿਆਂ ਨੇ ਬਖ਼ਸ਼ੀ ਸਾਹਿਬ ਤੋਂ ਮਾਫੀ ਮੰਗੀ ਤੇ ਇੰਝ ਖ਼ਾਲਿਦ ਭੱਟੀ ਦੀ ਖਲਾਸੀ ਹੋਈ। ਇੰਝ ਹੋਰ ਕਈ ਕਾਰਨਾਮੇ ਬਿਆਨ ਕੀਤੇ ਜਾ ਸਕਦੇ ਨੇ, ਪਰ ਖ਼ਾਲਿਦ ਹੁਸੈਨ ਦੇ ਬਚਪਨ ਦੀਆਂ ਸ਼ੋਖੀਆਂ ਨੂੰ ਦੱਸਣ ਲਈ ਮੇਰਾ ਖਿਆਲ ਹੈ ਕਿ ਇਨ੍ਹਾਂ ਕਾਫੀ ਹੈ। ਇਹ ਸੀ ਸਾਡੇ ਬਚਪਨ ਤੇ ਚੜ੍ਹਦੀ ਜਵਾਨੀ ਦਾ ਖ਼ਾਲਿਦ ਹੁਸੈਨ।

***

# ਮੇਲੇ ਸੱਜਣਾਂ ਦੇ

ਮੇਰਾ ਨਾਂ ਹਰਭਜਨ ਸਿੰਘ ਸਾਗਰ ਹੈ। ਮੈਂ ਤੇ ਖ਼ਾਲਿਦ ਹੁਸੈਨ ਨੇ ਕਲਰਕੀ ਦੀ ਨੌਕਰੀ ਨਾਲ ਨਾਲ ਹੀ ਸ਼ੁਰੂ ਕੀਤੀ ਸੀ। ਸ਼ੁਰੂ ਸ਼ੁਰੂ ਵਿੱਚ ਖ਼ਾਲਿਦ ਹੁਸੈਨ ਦੀ ਆਵਾਰਾ ਰੂਹ ਦਫ਼ਤਰ ਦੇ ਪਿੰਜਰੇ ਤੋਂ ਬਾਹਰ ਨਿਕਲ ਜਾਂਦੀ ਤੇ ਦੋਸਤਾਂ ਦੀ ਜੂਹ ਵਿੱਚ ਜਾ ਬਹਿੰਦੀ। ਉਹਨੂੰ ਫ਼ਿਲਮਾਂ ਦਾ ਬੜਾ ਸ਼ੌਂਕ ਸੀ ਤੇ ਉਹ ਦਫ਼ਤਰੋਂ ਖਿਸਕ ਕੇ 12 ਵਜੇ ਵਾਲਾ ਸ਼ੋ ਯਾਰਾਂ ਨਾਲ ਵੇਖਣ ਚਲਾ ਜਾਂਦਾ ਤੇ ਤਿੰਨ ਵਜੇ ਸ਼ੋ ਮੁੱਕਣ 'ਤੇ ਮੁੜ ਦਫ਼ਤਰ ਪਰਤ ਆਉਂਦਾ। 15-16 ਸਾਲ ਦੇ ਇਆਣੇ ਨੂੰ ਦਫ਼ਤਰ ਦੇ ਸਾਰੇ ਬੁੱਢੇ ਕਲਰਕ ਕੁੱਝ ਨਹੀਂ ਸਨ ਕਹਿੰਦੇ, ਕਿਉਂਕਿ ਇੱਕ ਤਾਂ ਉਹ ਕਮਿਸ਼ਨਰ ਆਗਾ ਮੁਜ਼ੱਫਰ ਦੇ ਹੁਕਮ ਨਾਲ ਲੱਗਿਆ ਸੀ ਤੇ ਉਨ੍ਹਾਂ ਨੂੰ ਇਹ ਵਹਿਮ ਸੀ ਕਿ ਖ਼ਾਲਿਦ ਹੁਸੈਨ ਆਗਾ ਸਾਹਿਬ ਦਾ ਕੋਈ ਰਿਸ਼ਤੇਦਾਰ ਹੈ। ਦੂਜਾ ਉਹ ਸੋਹਣਾ ਚਿੱਟਾ ਗੋਰਾ ਤੇ ਮਿਲਾਪੜਾ ਮੁੰਡਾ ਸੀ ਜਿਸ ਕਰਕੇ ਉਸਨੂੰ ਕੋਈ ਕੰਮ ਨਹੀਂ ਸਨ ਦਿੰਦੇ ਤੇ ਸਮਝਦੇ ਸਨ ਕਿ ਘਰ ਦੀ ਗੁਰਬਤ ਕਾਰਨ ਇਹ ਮੁੰਡਾ ਨੌਕਰੀ ਕਰ ਰਿਹਾ ਹੈ ਨਹੀਂ ਤਾਂ ਇਹ ਉਮਰ ਉਸਦੇ ਪੜ੍ਹਨ ਦੀ ਸੀ। 1960 ਵਿੱਚ ਖ਼ਾਲਿਦ ਹੁਸੈਨ ਨੇ ਦਸਵੀਂ ਜਮਾਤ ਦਾ ਇਮਤਿਹਾਨ ਦਿੱਤਾ ਤੇ ਡਿਵੈਲਪਮੈਂਟ ਕਮਿਸ਼ਨਰ ਆਗਾ ਸਈਅਦ ਮੁਜ਼ੱਫਰ ਅਲੀ ਕੋਲ ਪੇਸ਼ ਹੋ ਗਿਆ ਤੇ ਉਸਨੂੰ 1947 ਦੇ ਮਗਰੋਂ ਘਰ ਦੀ ਹਾਲਤ ਬਾਰੇ ਦੱਸਿਆ। ਆਗਾ ਸਾਹਿਬ ਨੇ ਉਸਨੂੰ ਆਰਜ਼ੀ ਤੌਰ 'ਤੇ ਵਰਕ ਮਿਸਤਰੀ ਲਗਾਇਆ। ਜਦੋਂ ਉਸਨੇ ਦਸਵੀਂ ਪਾਸ ਕੀਤੀ ਤਾਂ ਮੇਰੇ ਨਾਲ ਹੀ ਉਸਦਾ ਕਲਰਕੀ ਦਾ ਆਰਡਰ ਹੋਇਆ। ਨੌਕਰੀ ਲੱਗਣ ਦੇ ਦੋ ਸਾਲ ਬਾਅਦ ਹੀ ਖ਼ਾਲਿਦ ਹੁਸੈਨ ਦਾ ਵਿਆਹ ਹੋ ਗਿਆ। ਪਰ ਉਸਦੇ ਰਵਈਏ ਵਿੱਚ ਕੋਈ ਖ਼ਾਸ ਫ਼ਰਕ ਨਹੀਂ ਪਿਆ। ਖਲੰਡਰਾਪਣ ਤੇ ਆਵਾਰਾਗਰਦੀ ਕਾਇਮ ਰਹੀ, ਪਰ ਜਦੋਂ ਉਸਦੇ ਘਰ ਪਹਿਲੀ ਬੱਚੀ ਨੇ ਜਨਮ ਲਿਆ ਤਾਂ ਸਾਡੇ ਇੱਕ ਸਾਥੀ ਤੇ ਮਿੱਤਰ ਸ਼ਸ਼ੀ ਕਾਂਤ ਸ਼ਰਮਾ ਦੇ ਜ਼ੋਰ ਪਾਣ 'ਤੇ ਨਾਈਟ ਕਾਲਜ ਵਿੱਚ ਦਾਖ਼ਲਾ ਲੈ ਕੇ ਅੱਗੇ ਪੜ੍ਹਣਾ ਸ਼ੁਰੂ ਕੀਤਾ। ਮੈਨੂੰ ਯਾਦ ਹੈ ਕਿ ਉਸਦੇ ਪਹਿਲੇ ਮਹੀਨੇ ਦੀ ਫ਼ੀਸ ਵੀ ਸ਼ਸ਼ੀ ਕਾਂਤ ਸ਼ਰਮਾ ਨੇ ਹੀ ਦਿੱਤੀ ਸੀ, ਨਾਲੇ ਉਹ ਆਪਣੇ ਨੋਟਸ ਵੀ ਉਸਨੂੰ ਦਿੰਦਾ ਸੀ ਤਾਂ ਜੋ ਉਸਨੂੰ ਬਹੁਤੀ ਮਿਹਨਤ ਨਾ ਕਰਨੀ ਪਵੇ। ਪੂਰਾ ਇੱਕ ਸਾਲ ਉਹ ਖ਼ਾਲਿਦ ਹੁਸੈਨ ਦਾ ਪਹਿਰਾ ਦਿੰਦਾ ਰਿਹਾ ਤਾਂ ਜੋ ਉਹ ਕਾਲਜੋਂ ਖਿਸਕ ਕੇ ਫ਼ਿਲਮ ਦੇਖਣ ਨਾ ਚਲਾ ਜਾਏ। ਦੋਆਂ ਨੇ ਬੀ.ਏ. ਪਾਸ ਕੀਤੀ, ਸ਼ਸ਼ੀ ਕਾਂਤ ਨੇ ਇੱਕ ਸਾਲ ਪਹਿਲਾਂ ਤੇ

ਖ਼ਾਲਿਦ ਹੁਸੈਨ ਨੇ ਇੱਕ ਸਾਲ ਮਗਰੋਂ। ਸ਼ਸ਼ੀ ਕਾਂਤ ਨੇ ਅਕਾਊਂਟੈਂਸੀ ਦਾ ਇਮਤਿਹਾਨ ਪਾਸ ਕੀਤਾ ਤੇ ਉਹ ਚੀਫ ਅਕਾਊਂਟਸ ਅਫਸਰ ਦੇ ਪੱਦ ਤੋਂ ਰਿਟਾਇਰ ਹੋਇਆ ਤੇ ਖ਼ਾਲਿਦ ਹੁਸੈਨ ਤੋਂ ਪਹਿਲਾਂ ਚਲਾਣਾ ਕਰ ਗਿਆ। ਖ਼ਾਲਿਦ ਹੁਸੈਨ ਇੰਟਰਵਿਊ ਦਿੰਦਾ ਰਿਹਾ ਤੇ ਇੱਕ ਇੱਕ ਪੌੜੀ ਚੜ੍ਹਦਾ ਰਿਹਾ। ਉਹ ਸਹਾਇਕ ਸੰਪਾਦਕ, ਮਾਸਿਕ 'ਦੇਹਾਤ ਸੁਧਾਰ' ਬਣਿਆ ਤੇ ਫਿਰ ਪ੍ਰਦੇਸ ਅਸੈਂਬਲੀ ਵਿੱਚ ਉਰਦੂ-ਅੰਗਰੇਜ਼ੀ ਟਰਾਂਸਲੇਟਰ ਲੱਗਿਆ। ਫਿਰ ਲਾਅ ਡਿਪਾਰਟਮੈਂਟ ਵਿੱਚ ਅਨੁਵਾਦਕ ਬਣਿਆ। 1975 ਵਿੱਚ ਜਦ ਸ਼ੇਖ ਮੁਹੰਮਦ ਅਬਦੁੱਲਾ ਨੇ 'ਇੰਦਰਾ-ਸ਼ੇਖ ਇਕਾਰਡ' ਵਜੋਂ ਦੂਜੀ ਵਾਰੀ ਹਕੂਮਤ ਸੰਭਾਲੀ ਤਾਂ ਉਸਨੇ ਆਪਣੇ ਨਾਲ ਤਿੰਨ ਮੰਤਰੀ ਹੋਰ ਲਏ, ਜਿਨ੍ਹਾਂ ਵਿੱਚ ਮਿਰਜ਼ਾ ਅਫਜ਼ਲ ਬੇਗ (ਜਿਸਨੂੰ ਮਗਰੋਂ ਡਿਪਟੀ ਚੀਫ ਮਨਿਸਟਰ ਬਣਾਇਆ ਗਿਆ ਸੀ), ਜਸਟਿਸ ਦੇਵੀ ਦਾਸ ਠਾਕੁਰ (ਜਿਸ ਦਾ ਪੁੱਤਰ ਠਾਕੁਰ ਤੀਰਥ ਸਿੰਘ ਸੁਪਰੀਮ ਕੋਰਟ ਦਾ ਜੱਜ ਹੈ) ਅਤੇ ਸਨਮ ਨਰਬੂ ਸ਼ਾਮਿਲ ਸਨ। ਮਿਰਜ਼ਾ ਅਫਜ਼ਲ ਬੇਗ ਨੂੰ ਇੱਕ ਅਜਿਹੇ ਪੀ.ਏ. ਦੀ ਲੋੜ ਸੀ ਜਿਹੜਾ ਅੰਗਰੇਜ਼ੀ, ਹਿੰਦੀ, ਉਰਦੂ ਤੋਂ ਛੁੱਟ ਕਸ਼ਮੀਰੀ, ਡੋਗਰੀ ਤੇ ਪੰਜਾਬੀ ਵੀ ਪੜ੍ਹ ਲਿਖ ਤੇ ਬੋਲ ਸਕਦਾ ਹੋਵੇ। ਉਨ੍ਹਾਂ ਇਸ ਗੱਲ ਲਈ ਸੈਕਟਰੀ ਕਲਚਰਲ ਅਕੈਡਮੀ ਮੁਹੰਮਦ ਯੂਸਫ ਟੈਂਗ ਨੂੰ ਕਿਹਾ ਤਾਂ ਉਸਨੇ ਖ਼ਾਲਿਦ ਹੁਸੈਨ ਦੇ ਨਾਂ ਦੀ ਦੱਸ ਪਾਈ। ਬੈਗ ਸਾਹਿਬ ਨੇ ਖ਼ਾਲਿਦ ਹੁਸੈਨ ਦਾ ਇੰਟਰਵਿਊ ਲਿਆ ਤੇ ਉਸਨੂੰ ਅੰਗਰੇਜ਼ੀ ਦੀਆਂ ਕੁੱਝ ਲਾਈਨਾਂ ਦਾ ਉਰਦੂ ਵਿੱਚ ਤਰਜੁਮਾਂ ਕਰਨ ਲਈ ਦਿੱਤਾ। ਇੰਝ ਹੀ ਕੁੱਝ ਲਾਈਨਾਂ ਉਰਦੂ ਤੋਂ ਅੰਗਰੇਜ਼ੀ ਵਿੱਚ ਅਨੁਵਾਦ ਕਰਨ ਲਈ ਦਿੱਤੀਆਂ। ਖ਼ਾਲਿਦ ਹੁਸੈਨ ਟੈਸਟ 'ਚੋਂ ਪਾਸ ਹੋ ਗਿਆ ਤੇ ਚਾਰ ਸਾਲ ਤਕ ਉਨ੍ਹਾਂ ਨਾਲ ਕੰਮ ਕਰਦਾ ਰਿਹਾ। ਇਹ ਸਾਥ ਉਦੋਂ ਛੁੱਟਿਆ ਜਦੋਂ ਬੇਗ ਸਾਹਿਬ ਨੂੰ ਸ਼ੇਖ ਅਬਦੁੱਲਾ ਦੇ ਵੱਡੇ ਜਵਾਈ ਗੁਲਾਮ ਮੁਹੰਮਦ ਸ਼ਾਹ (ਗੁਲ ਸ਼ਾਹ) ਦੀ ਸਾਜ਼ਿਸ਼ ਵਜੋਂ ਮੰਤਰੀ ਮੰਡਲ ਤੋਂ ਅਸਤੀਫਾ ਦੇਣਾ ਪਿਆ ਸੀ। ਖ਼ਾਲਿਦ ਹੁਸੈਨ ਮੁੜ ਆਪਣੇ ਅਸਲੀ ਵਿਭਾਗ ਵਿੱਚ ਆ ਗਿਆ ਤੇ ਉਸਨੂੰ ਮਾਸਿਕ 'ਦੇਹਾਤ ਸੁਧਾਰ' ਦਾ ਸੰਪਾਦਕ ਨਿਯੁਕਤ ਕੀਤਾ ਗਿਆ। ਉਨ੍ਹਾਂ ਦਿਨਾਂ ਵਿੱਚ ਕਸ਼ਮੀਰ ਐਡਮਿਨਿਸਟ੍ਰੇਟਿਵ ਸਰਵਿਸ (Kashmir Administrative Service) ਦਾ ਇੱਕ ਬੈਚ ਟ੍ਰੇਨਿੰਗ ਪੂਰੀ ਕਰਕੇ ਆਪਣੀ ਨਿਯੁਕਤੀ ਦੀ ਉਡੀਕ ਕਰ ਰਿਹਾ ਸੀ। ਉਨ੍ਹਾਂ ਕੋਲ ਬਹਿਣ ਲਈ ਕੋਈ ਜਗ੍ਹਾ ਨਹੀਂ ਸੀ। ਇਨ੍ਹਾਂ ਨਵੇਂ ਅਫਸਰਾਂ ਵਿੱਚ ਖ਼ਾਲਿਦ ਹੁਸੈਨ ਦਾ ਯਾਰ ਪ੍ਰਿਤਪਾਲ ਸਿੰਘ ਬੇਤਾਬ ਵੀ ਸੀ ਤੇ ਇਹ ਸਾਰੀ ਜੁੰਡਲੀ ਬੇਤਾਬ ਦੀ ਅਗਵਾਈ ਵਿੱਚ ਖ਼ਾਲਿਦ ਹੁਸੈਨ ਦੇ ਕਮਰੇ ਵਿੱਚ ਬਹਿੰਦੀ ਤੇ ਦਫਤਰ ਬੰਦ ਹੋਣ ਤਕ ਚਾਹ ਦੇ ਕਈ ਦੌਰ ਚੱਲਦੇ। ਇਨ੍ਹਾਂ ਵਿੱਚ ਤਨਵੀਰ ਜਹਾਂ, ਨਾਸੀਮ ਲੰਕਰ, ਦਲੀਪ ਸਿੰਘ, ਸਈਅਦ ਫਜ਼ਲ ਉਲ੍ਹਾ, ਅਵਤਾਰ ਕ੍ਰਿਸ਼ਨ ਰੈਨਾ, ਸੁਨੀਤਾ ਗੁਪਤਾ, ਮਸੂਦ-ਉਲ-ਹਸਣ ਸਾਮੂ ਆਦਿ ਵੀ ਸਨ। ਇਨ੍ਹਾਂ

ਵਿੱਚੋਂ ਇੱਕ ਅੱਧ ਨੂੰ ਛੱਡ ਕੇ ਸਾਰੇ ਸੇਵਾ ਮੁਕਤ ਹੋ ਚੁੱਕੇ ਹਨ ਤੇ ਸਾਰਿਆਂ ਦੀ ਇੰਡੀਅਨ ਐਡਮਿਨਿਸਟ੍ਰੇਟਿਵ ਸਰਵਿਸ (Indian Administrative Service) ਵਿੱਚ ਇੰਡਕਸ਼ਨ ਹੋ ਚੁੱਕੀ ਸੀ। ਉਨ੍ਹਾਂ ਦਿਨਾਂ ਵਿੱਚ ਖ਼ਾਲਿਦ ਹੁਸੈਨ ਦਫਤਰੀ ਸਮੇਂ ਮਗਰੋਂ ਪਾਰਟ ਟਾਈਮ ਜਾਬ ਕਰਦਾ ਸੀ ਤੇ ਕਈ ਉਰਦੂ ਅਖ਼ਬਾਰਾਂ ਦੀ ਸੰਪਾਦਨਾ ਕਰਦਾ ਸੀ। ਸ਼ਾਮ ਨੂੰ ਉਸ ਕੋਲ ਉਸਦੇ ਯਾਰ ਬੇਲੀਆਂ ਤੋਂ ਇਲਾਵਾ ਕਈ ਆਈ.ਏ.ਐਸੱ. ਅਫ਼ਸਰ ਬਹਿੰਦੇ ਸਨ, ਜਿਨ੍ਹਾਂ ਵਿੱਚ ਮਾਰੀਆ ਡੀਜ਼ਾਲਫਿਨ ਤੇ ਸਾਈਮਲ ਵਰਗੀਜ਼ ਦੇ ਨਾਂ ਵਰਣਨ ਯੋਗ ਸਨ। ਵਰਗੀਜ਼ ਨੂੰ ਚਰਸ ਪੀਣ ਦੀ ਆਦਤ ਸੀ ਜਿਹੜੀ ਖ਼ਾਲਿਦ ਹੁਸੈਨ ਨੇ ਛੁੜਾਈ। ਇਹ ਦੋਵੇਂ ਅਫ਼ਸਰ ਬੜੇ ਸੁੱਚੇ ਤੇ ਸੱਚੇ ਅਧਿਕਾਰੀ ਸਨ ਤੇ ਇਨ੍ਹਾਂ ਕਦੇ ਰਿਸ਼ਵਤ ਨਹੀਂ ਸੀ ਖਾਧੀ ਤੇ ਨਾ ਹੀ ਨੌਕਰੀ ਵਿੱਚ ਕੋਈ ਸਮਝੋਤਾ ਕੀਤਾ। ਇਨ੍ਹਾਂ ਤੋਂ ਛੁੱਟ ਬਲਦੇਵ ਸਿੰਘ ਜਸਵਾਲ (I.A.S.) ਤੇ ਤਾਜ ਮੁਹੀ-ਉ-ਦੀਨ (ਮੰਤਰੀ) ਅਕਸਰ ਸ਼ਾਮੀ ਖ਼ਾਲਿਦ ਹੁਸੈਨ ਕੋਲ ਗੱਪਾਂ ਮਾਰਨ ਆ ਜਾਂਦੇ ਸਨ। ਅਖ਼ਬਾਰਾਂ ਵਿੱਚ ਕੰਮ ਕਰਨ ਲਈ ਉਸਨੂੰ ਰੋਜ਼ ਦਸ ਰੁਪਏ ਮਿਲਦੇ ਸਨ ਤੇ ਉਸ ਜ਼ਮਾਨੇ ਵਿੱਚ ਜਦ ਉਸਦੀ ਤਨਖਾਹ 150 ਰੁਪਏ ਮਹੀਨਾ ਸੀ। ਇੰਝ ਉਸਦੀ ਗ੍ਰਹਿਸਤੀ ਵਧੀਆ ਚੱਲ ਰਹੀ ਸੀ।

ਪ੍ਰਿਤਪਾਲ ਸਿੰਘ ਬੇਤਾਬ ਦੇ ਕਾਰਨ ਖ਼ਾਲਿਦ ਹੁਸੈਨ ਦੀ ਯਾਰੀ ਉਸਦੀ ਜੁੰਡਲੀ ਦੇ ਸਾਰੇ ਸਾਥੀਆਂ ਨਾਲ ਹੋ ਗਈ ਸੀ ਅਤੇ ਉਨ੍ਹਾਂ ਵਿੱਚੋਂ ਤਨਵੀਰ ਜਹਾਂ ਸਾਡੇ ਮਹਿਕਮੇ ਵਿੱਚ ਅੰਡਰ ਸੈਕਟਰੀ ਨਿਯੁਕਤ ਹੋ ਕੇ ਆਈ ਸੀ ਤੇ ਉਹ ਖ਼ਾਲਿਦ ਹੁਸੈਨ ਵਾਲੇ ਕਮਰੇ ਵਿੱਚ ਹੀ ਬਹਿੰਦੀ ਸੀ। ਇਨ੍ਹਾਂ ਦੋਵਾਂ ਤੋਂ ਛੁੱਟ ਪ੍ਰਚਲਿਤ ਉਰਦੂ ਕਹਾਣੀਕਾਰ ਨੂਰ ਸ਼ਾਹ ਤੇ ਸਵਾਮੀ ਰਾਜ ਭਗਤ ਵੀ ਇਸੇ ਕਮਰੇ ਵਿੱਚ ਹੀ ਬਹਿੰਦੇ ਸਨ। ਖ਼ਾਲਿਦ ਹੁਸੈਨ 1978 ਤੋਂ ਗਜ਼ਟਿਡ ਅਫ਼ਸਰ ਬਣ ਚੁੱਕਾ ਸੀ। ਜਦੋਂ ਉਹ ਸਹਾਇਕ ਸੰਪਾਦਕ 'ਦੇਹਾਤ ਸੁਧਾਰ' ਸੀ ਉਦੋਂ ਨੂਰ ਸ਼ਾਹ ਉਸ ਪਰਚੇ ਦਾ ਸੰਪਾਦਕ ਸੀ ਤੇ ਜਦੋਂ ਖ਼ਾਲਿਦ ਹੁਸੈਨ ਸੰਪਾਦਕ ਬਣਿਆ ਤਾਂ ਨੂਰ ਸ਼ਾਹ ਨੂੰ ਤਰੱਕੀ ਦੇ ਕੇ ਡਿਪਟੀ ਡਾਇਰੈਕਟਰ ਪੰਚਾਇਤ ਨਿਯੁਕਤ ਕੀਤਾ ਗਿਆ ਸੀ। ਇੰਝ ਖ਼ਾਲਿਦ ਹੁਸੈਨ ਦੇ ਕਮਰੇ ਵਿੱਚ ਦੋ ਅੰਡਰ ਸੈਕਟਰੀ, ਇੱਕ ਸੰਪਾਦਕ ਤੇ ਇੱਕ ਡਿਪਟੀ ਡਾਇਰੈਕਟਰ ਬਹਿੰਦੇ ਸਨ।

ਤਨਵੀਰ ਜਹਾਂ ਇੱਕ ਵੱਡੇ ਵਾਪਾਰੀ ਘਰ ਤੋਂ ਸਰਕਾਰੀ ਮੁਲਾਜ਼ਮਤ ਵਿੱਚ ਆਈ ਸੀ। ਉਸਦਾ ਬਾਪ ਅਬਦੁਲ ਗਨੀ ਵਿਕਟਰੀ ਕਾਲੀਨ ਬਣਾਨ ਦੇ ਕਾਰਖਾਨੇ ਦਾ ਮਾਲਕ ਸੀ ਤੇ ਉਸਦੇ ਕਾਲੀਨ ਅਤੇ ਪਸ਼ਮੀਨੇ ਦੇ ਸ਼ਾਲ ਯੂਰਪੀ ਮੁਲਕਾਂ ਵਿੱਚ ਵਿਕਣ ਲਈ ਜਾਂਦੇ ਸਨ। ਇੰਝ ਇਹ ਪਰਿਵਾਰ ਜੰਮੂ-ਕਸ਼ਮੀਰ ਵਿੱਚ ਮੰਨਿਆ ਪਰਮੰਨਿਆ ਸੀ। ਤਨਵੀਰ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਅੰਗਰੇਜ਼ੀ ਸਾਹਿਤ ਵਿੱਚ ਐਮੱ.ਏ. ਕੀਤੀ ਸੀ ਤੇ ਕੇ.ਏ.ਐਸੱ. ਦਾ ਇਮਤਿਹਾਨ ਪਾਸ ਕਰਕੇ

ਸਿਵਲ ਸਰਵਿਸ ਵਿੱਚ ਆਈ ਸੀਂ। ਉਹ ਬੇਬਾਕ ਤੇ ਖੁੱਲ੍ਹੇ-ਡੁੱਲ੍ਹੇ ਸੁਭਾਅ ਦੀ ਮਾਲਿਕ ਸੀ ਤੇ ਮੂੰਹ 'ਤੇ ਗੱਲ ਕਹਿਣ ਦੀ ਆਦੀ ਸੀ। ਉਹ ਅਕਸਰ ਆਪਣੇ ਘਰੋਂ ਵਧੀਆ ਪਕਵਾਨ ਬਣਾ ਕੇ ਲਿਆਂਦੀ ਤੇ ਸਾਥੀਆਂ ਨੂੰ ਖਵਾਂਦੀ। ਉਹ ਉਨ੍ਹਾਂ ਨੂੰ ਚਾਹਵਾਂ ਪਲਾਂਦੀ ਤੇ ਉਹ ਰਾਜਨੀਤੀ ਤੋਂ ਲੈ ਕੇ ਸਾਹਿਤ ਤੇ ਹੋਰ ਕਈ ਵਿਸ਼ਿਆਂ 'ਤੇ ਖੁੱਲ੍ਹ ਕੇ ਗੱਲਾਂ ਕਰਦੇ ਰਹਿੰਦੇ। ਇੱਕ ਦਿਨ ਉਹ ਖ਼ਾਲਿਦ ਹੁਸੈਨ ਨੂੰ ਚਾਹ ਪਿਲਾਣ ਲਈ ਕਹਿਣ ਲੱਗੀ ਤਾਂ ਖ਼ਾਲਿਦ ਹੁਸੈਨ ਨੇ ਪੈਸੇ ਨਾ ਹੋਣ ਕਾਰਨ ਚਾਹ ਪਿਲਾਣ ਤੋਂ ਬੇਬਸੀ ਜ਼ਾਹਿਰ ਕੀਤੀ। ਤਨਵੀਰ ਜਹਾਂ ਨੇ ਦੋ ਚਾਰ ਸਲਵਾਤਾਂ ਖ਼ਾਲਿਦ ਹੁਸੈਨ ਨੂੰ ਸੁਣਾਈਆਂ ਤੇ ਨੂਰ ਸ਼ਾਹ ਨੂੰ ਕਿਹਾ ਕਿ ਖ਼ਾਲਿਦ ਹੁਸੈਨ ਦੀ ਗੁਰਬਤ ਤੇ ਮਸਕੀਨੀ ਦੂਰ ਕਰ ਤੇ ਇਸ ਨੂੰ ਬਲਾਕ ਡਿਵੈਲਪਮੈਂਟ ਅਫ਼ਸਰ ਬਣਾ। ਜਦ ਨੂਰ ਸ਼ਾਹ ਨੇ ਦੱਸਿਆ ਕਿ ਖ਼ਾਲਿਦ ਬੀ.ਡੀ.ਓ. ਨਹੀਂ ਬਣ ਸਕਦਾ ਕਿਉਂਕਿ ਉਹ ਕਾਡਰ ਪੋਸਟ ਹੈ, ਤਦ ਤਨਵੀਰ ਜਹਾਂ ਦਾ ਜਵਾਬ ਸੀ ਕਿ ਇਸ ਗਰੀਬ ਕੋਲ ਰਿਸ਼ਵਤ ਦੇਣ ਜੋਗੇ ਪੈਸੇ ਨਹੀਂ ਹਨ ਇਸ ਲਈ ਇਹ ਬੀ.ਡੀ.ਓ. ਨਹੀਂ ਬਣ ਸਕਦਾ ਨਹੀਂ ਤਾਂ ਤੁਸਾਂ ਕਿੰਨੇ ਹੀ ਬੰਦਿਆਂ ਨੂੰ ਬੀ.ਡੀ.ਓ. ਬਣਾਇਆ ਹੈ, ਉਥੇ ਤੁਸਾਂ ਕੋਈ ਕਾਡਰ ਨਹੀਂ ਦੇਖਿਆ। ਇਹ ਸੁਣਦਿਆਂ ਹੀ ਨੂਰ ਸ਼ਾਹ ਨੇ ਤਨਵੀਰ ਨੂੰ ਖ਼ਾਲਿਦ ਹੁਸੈਨ ਦੀ ਫਾਈਲ ਮੰਗਵਾ ਕੇ ਦਿੱਤੀ ਤੇ ਕਿਹਾ ਤੂੰ ਨੋਟ ਲਿਖ ਤੇ ਮੈਂ ਦਸਤਖ਼ਤ ਕਰ ਦਿੰਦਾ ਹਾਂ। ਤਨਵੀਰ ਜਹਾਂ ਤੇ ਸਵਾਮੀ ਰਾਜ ਨੇ ਮਿਲ ਕੇ ਖ਼ਾਲਿਦ ਹੁਸੈਨ ਨੂੰ ਬੀ.ਡੀ.ਓ. ਬਣਾਨ ਦਾ ਨੋਟ ਲਿਖਿਆ। ਨੂਰ ਸ਼ਾਹ ਨੇ ਨੋਟ ਉਤੇ ਦਸਤਖ਼ਤ ਕੀਤੇ ਤੇ ਫਾਈਲ ਐਡੀਸ਼ਨਲ ਸੈਕਟਰੀ ਨੂੰ ਘੱਲ ਦਿੱਤੀ, ਜਿਹੜਾ ਖ਼ਾਲਿਦ ਦਾ ਯਾਰ ਸੀ। ਉਸਨੇ ਆਪਣੇ ਵੱਲੋਂ ਖ਼ਾਲਿਦ ਦੇ ਹੱਕ ਵਿੱਚ ਰੱਜ ਕੇ ਲਿਖਿਆ। ਇੰਝ ਹੀ ਕਮਿਸ਼ਨਰ ਨੇ ਵੀ ਫਾਈਲ ਨੂੰ ਮਨਜ਼ੂਰੀ ਲਈ ਮੰਤਰੀ ਕੋਲ ਭੇਜਿਆ। ਚੌਥੇ ਪੰਜਵੇਂ ਦਿਨ ਮੰਤਰੀ ਦੀ ਮਨਜ਼ੂਰੀ ਆ ਗਈ ਤੇ ਖ਼ਾਲਿਦ ਹੁਸੈਨ ਨੂੰ ਬੀ.ਡੀ.ਓ. ਬਣਾਨ ਦਾ ਸਰਕਾਰੀ ਆਰਡਰ ਜਾਰੀ ਕਰ ਦਿੱਤਾ ਗਿਆ। ਜੇ ਖ਼ਾਲਿਦ ਹੁਸੈਨ ਤਨਵੀਰ ਜਹਾਂ ਨੂੰ ਚਾਹ ਪਿਲਾ ਛੱਡਦਾ ਤਾਂ ਸ਼ਾਇਦ ਤਨਵੀਰ ਜਹਾਂ ਬੀ.ਡੀ.ਓ. ਬਣਾਨ ਵਾਲਾ ਪੰਗਾ ਨਾ ਲੈਂਦੀ। ਇੰਝ ਹਾਸੇ ਮਜ਼ਾਕ ਵਿੱਚ ਹੀ ਖ਼ਾਲਿਦ ਹੁਸੈਨ ਸੈਕਟਰੇਟ ਵਿੱਚ 'ਦੇਹਾਤ ਸੁਧਾਰ' ਦੀ ਸੰਪਾਦਕੀ ਛੱਡ ਕੇ ਫੀਲਡ ਅਫ਼ਸਰ ਬਣ ਗਿਆ।

ਖ਼ਾਲਿਦ ਹੁਸੈਨ ਸਾਹਿਤਕਾਰ ਕਿਵੇਂ ਬਣਿਆ ਇਸ ਬਾਰੇ ਮੈਂ ਅੱਗੇ ਜਾ ਕੇ ਗੱਲ ਕਰਾਂਗਾ, ਪਰ ਇਥੇ ਮੈਂ ਕੇਵਲ ਉਸਦੀ ਸਰਕਾਰੀ ਮੁਲਾਜ਼ਮਤ ਬਾਰੇ ਚਰਚਾ ਕਰ ਰਿਹਾ ਹਾਂ। ਇਥੇ ਇੱਕ ਮਜ਼ੇਦਾਰ ਗੱਲ ਪਾਠਕਾਂ ਨੂੰ ਸੁਣਾਨਾ ਚਾਵਾਂਗਾ ਕਿ ਖ਼ਾਲਿਦ ਹੁਸੈਨ ਉਪੱਰੋਂ ਥੱਲੀ ਦੋ ਧੀਆਂ ਦਾ ਬਾਪ ਬਣਨ ਕਾਰਨ ਬੜਾ ਦੁਖੀ ਰਹਿੰਦਾ ਸੀ। ਬੱਚਿਆਂ ਦਾ ਪਾਲਣ ਪੋਸ਼ਣ, ਉਨ੍ਹਾਂ ਦੀ ਪੜ੍ਹਾਈ, ਕੱਪੜਾ ਲੀੜਾ ਤੇ ਭਰਜਾਈ ਦੀਆਂ ਜਾਇਜ਼ ਮੰਗਾਂ ਪੂਰੀਆਂ ਕਰਨ ਲਈ ਉਹ ਪਾਰਟ ਟਾਇਮ ਵਿੱਚ ਪੱਤਰਕਾਰੀ ਕਰਦਾ

ਸੀ ਤੇ ਕਈ ਵਾਰੀ ਰਾਤੀ 12 ਵਜੇ ਘਰ ਅਪੜਦਾ ਸੀ ਤੇ ਸਵੇਰੇ ਮੁੜ ਦਫਤਰ ਪੁੱਜਣਾ। ਇਸ ਕਾਰਨ ਉਹਨੂੰ ਥਕੇਵਾਂ ਹੋ ਜਾਂਦਾ ਸੀ ਤੇ ਮੈਨੂੰ ਉਹ ਉਖੜਿਆ-ਉਖੜਿਆ ਲੱਗਦਾ ਸੀ। ਮੈਂ ਉਸਨੂੰ ਕਾਰਨ ਪੁੱਛਿਆ ਤਾਂ ਉਸਨੇ ਦੱਸਿਆ, "ਤੇਰੀ ਭਰਜਾਈ ਨੂੰ ਮੁੜ ਬੱਚਾ ਹੋਣ ਵਾਲਾ ਹੈ ਤੇ ਮੈਂ ਡਰ ਰਿਹਾ ਹਾਂ ਕਿ ਕਿਤੇ ਮੁੜ ਕੁੜੀ ਨਾ ਜੰਮ ਪਵੇ। ਦੋਵਾਂ ਧੀਆਂ ਨੂੰ ਸੰਭਾਲਨਾ ਔਖਾ ਹੈ ਤੇ ਤੀਜੀ ਕਿੰਝ ਪਲੇਗੀ। ਬਸ ਇਨ੍ਹਾਂ ਸੋਚਾਂ ਵਿੱਚ ਹੀ ਪਿਆ ਰਹਿਣਾ।" ਫਿਰ ਅਸੀਂ ਦੋਵੇਂ ਇੱਕ ਸਾਹਿਤਕ ਸਮਾਗਮ ਵਿੱਚ ਭਾਗ ਲੈਣ ਲਈ ਗਏ। ਰਾਤ ਖ਼ਾਲਿਦ ਦੇ ਮਿੱਤਰ ਤੇ ਪ੍ਰਸਿੱਧ ਨਾਵਲਕਾਰ ਮੋਹਨ ਕਾਹਲੋਂ ਕੋਲ ਠਹਿਰੇ। ਉਥੇ ਗੱਲਾਂ ਗੱਲਾਂ ਵਿੱਚ ਖ਼ਾਲਿਦ ਨੇ ਆਪਣੀ ਸ਼ੰਕਾ ਕਾਹਲੋਂ ਸਾਹਿਬ ਨੂੰ ਦੱਸੀ। ਕਾਹਲੋਂ ਦੀ ਪਤਨੀ ਦੀਪ ਮੋਹੀਨੀ ਨੇ ਕਿਹਾ ਕਿ ਜੇ ਮੁੜ ਕੁੜੀ ਹੋਈ ਤਾਂ ਉਹ ਉਸਨੂੰ ਗੋਦ ਲੈ ਲੈਣਗੇ। ਮੋਹਨ ਕਾਹਲੋਂ ਨੇ ਕਿਹਾ ਕਿ ਉਨ੍ਹਾਂ ਦਾ ਸਿਰਫ ਇੱਕ ਪੁੱਤਰ 'ਪਾਲ' ਹੈ। ਬੇਟੀ ਗੋਦ ਲੈਣ ਨਾਲ ਪਾਲ ਨੂੰ ਭੈਣ ਮਿਲ ਜਾਏਗੀ ਤੇ ਉਨ੍ਹਾਂ ਨੂੰ ਧੀ। ਲਉ ਜੀ ਖ਼ਾਲਿਦ ਹੁਸੈਨ ਨੇ ਸੌਦਾ ਮੁਕਾ ਦਿੱਤਾ ਅਤੇ ਦੋਵਾਂ ਨੇ ਲਿਖ ਪੜ੍ਹ ਵੀ ਕਰ ਲਈ, ਪਰ ਜਦੋਂ ਅਸੀਂ ਜੰਮੂ ਪਰਤੇ ਤਾਂ ਮੁਹੱਲੇ ਵਿੱਚ ਵੜਦਿਆਂ ਹੀ ਇੱਕ ਬੁੱਢਰੀ ਨੇ ਖ਼ਾਲਿਦ ਨੂੰ ਮੁਬਾਰਿਕ ਦਿੱਤੀ। ਜਦ ਖ਼ਾਲਿਦ ਘਰ ਪਹੁੰਚਿਆ ਤਾਂ ਉਸਦੀ ਮਾਂ ਨੇ ਉਸਨੂੰ ਫੜ ਕੇ ਦੋ-ਚਾਰ ਜੁੱਤੀਆਂ ਧਰ ਦਿੱਤੀਆਂ। ਮੈਂ ਵਿੱਚ ਪੈ ਕੇ ਖ਼ਾਲਿਦ ਨੂੰ ਛੁਡਾਇਆ। ਉਸਦੀ ਮਾਂ ਗੁੱਸੇ ਨਾਲ ਬੋਲ ਰਹੀ ਸੀ ਕਿ ਇਸ ਔਖੇ ਵੇਲੇ ਤੂੰ ਘਰ ਛੱਡ ਕੇ ਅੰਮ੍ਰਿਤਸਰ ਕਿਉਂ ਗਿਆ, ਫਿਰ ਉਸਨੇ ਖ਼ਾਲਿਦ ਦੇ ਹੱਥਾਂ ਵਿੱਚ ਬੱਚਾ ਫੜਾਂਦਿਆਂ ਕਿਹਾ ਕਿ ਲੈ ਫੜ ਤੀਜੀ ਕੁੜੀ। ਪਰ ਖ਼ਾਲਿਦ ਦੀ ਸੱਸ ਨੇ ਇਸ਼ਾਰੇ ਨਾਲ ਖ਼ਾਲਿਦ ਨੂੰ ਦੱਸਿਆ ਕਿ ਕੁੜੀ ਨਹੀਂ ਮੁੰਡਾ ਹੈ। ਮੁੰਡੇ ਦਾ ਨਾਂ ਦਾਦੀ ਨੇ ਜ਼ਾਕਿਰ ਹੁਸੈਨ ਰੱਖਿਆ। ਪੰਡਤ ਨੇ ਉਸਦਾ ਤਿਪੜਾ ਬਣਾਇਆ ਜਿਸ ਵਿੱਚ ਲਿਖਿਆ ਸੀ ਕਿ ਉਸਦਾ ਇੱਕ ਭਰਾ ਹੋਰ ਵੀ ਹੋਏਗਾ ਤੇ ਉਹ ਆਪਣੇ ਪਿਓ ਲਈ ਬੜਾ ਭਾਗਸ਼ਾਲੀ ਹੋਏਗਾ। ਜਦ ਖ਼ਾਲਿਦ ਨੇ ਪੰਡਿਤ ਨੂੰ ਦੱਸਿਆ ਕਿ ਉਹ ਹੋਰ ਬੱਚਾ ਨਹੀਂ ਚਾਹੁੰਦੇ ਤਾਂ ਪੰਡਿਤ ਨੇ ਕਿਹਾ ਸੀ ਕਿ ਅਗਰ ਤੁਸਾਂ ਆਣ ਵਾਲੇ ਬੱਚੇ ਨੂੰ ਗਰਭ ਵਿੱਚ ਹੀ ਮਾਰ ਦਿੱਤਾ ਤਾਂ ਜ਼ਾਕਿਰ ਹੁਸੈਨ ਤੁਹਾਨੂੰ ਤੇਜ਼ਾਬ ਵਿੱਚ ਨਵਾਏਗਾ ਤੇ ਤੁਹਾਡਾ ਜੀਵਨ ਨਰਕ ਬਣਾਏਗਾ।

ਆਣ ਵਾਲਾ ਬੱਚਾ ਆਪਣੇ ਬਾਪ ਨੂੰ ਹਰ ਆਫਤ ਤੋਂ ਬਚਾਏਗਾ ਅਤੇ ਉਸ 'ਤੇ ਆਂਚ ਨਹੀਂ ਆਣ ਦਏਗਾ। ਇੰਝ ਸੱਤਾਂ ਸਾਲਾਂ ਮਗਰੋਂ ਖ਼ਾਲਿਦ ਹੁਸੈਨ ਦੇ ਘਰ ਦੂਸਰਾ ਪੁੱਤਰ ਯਾਸਿਰ ਇਮਰਾਨ ਪੈਦਾ ਹੋਇਆ। ਜਦ ਉਸਦਾ ਤਿਪੜਾ ਉਸੇ ਪੰਡਿਤ ਨੇ ਬਣਾਇਆ ਤਾਂ ਉਸਨੇ ਲਿਖਿਆ ਕਿ ਇਹ ਬੱਚਾ ਰਾਜ ਯੋਗ ਲੈ ਕੇ ਆਇਆ ਹੈ। ਇਹ ਆਪਣੇ ਪਿਤਾ ਲਈ ਬਹੁਤ ਚੰਗਾ ਹੋਏਗਾ ਤੇ ਘਰ ਵਿੱਚ ਖੁਸ਼ਹਾਲੀ ਆਏਗੀ। ਬਿਲਕੁਲ ਇੰਝ ਹੀ ਹੋਇਆ, ਬੱਚਾ ਜੰਮਣ ਦੇ ਕੁੱਝ ਮਹੀਨਿਆਂ ਮਗਰੋਂ ਖ਼ਾਲਿਦ ਹੁਸੈਨ

ਬੀ.ਡੀ.ਓ. ਬਣ ਗਿਆ। ਜਿਸ ਲਈ ਤਨਵੀਰ ਜਹਾਂ ਇੱਕ ਬਹਾਨਾ ਬਣੀ ਤੇ ਰੱਬ ਸੱਚੇ ਨੇ ਇਹ ਕੰਮ ਉਸ ਰਾਹੀਂ ਕਰਵਾਇਆ। ਪੱਤਰਕਾਰੀ ਦਾ ਪਾਰਟ ਟਾਈਮ ਕੰਮ ਵੀ ਮੁੱਕ ਗਿਆ ਤੇ ਖ਼ਾਲਿਦ ਹੁਸੈਨ ਬਲਾਕ ਅਰਨਾਸ ਦਾ ਬਲਾਕ ਡਿਵੈਲਪਮੈਂਟ ਅਫ਼ਸਰ ਨਿਯੁਕਤ ਹੋਇਆ। ਇਹ ਗੱਲ 1981 ਦੀ ਹੈ। 1983 ਵਿੱਚ ਫਾਰੂਕ ਅਬਦੁੱਲਾ ਨੇ ਇਲੈਕਸ਼ਨ ਲੜੀ ਤੇ ਉਸਦੀ ਪਾਰਟੀ ਨੈਸ਼ਨਲ ਕਾਨਫਰੰਸ ਪੂਰਨ ਬਹੁਮੱਤ ਨਾਲ ਜਿੱਤੀ। 76 ਮੈਂਬਰੀ ਅਸੈਂਬਲੀ ਵਿੱਚ ਫਾਰੂਕ ਅਬਦੁੱਲਾ ਦੀ ਪਾਰਟੀ ਨੂੰ 58 ਸੀਟਾਂ ਮਿਲੀਆਂ। ਸ਼ੇਖ ਅਬਦੁੱਲਾ ਦੇ ਚਲਾਣਾ ਕਰਨ ਕਾਰਨ ਤੇ ਲੋਕਾਂ ਦਾ ਸਿਮਪੇਥੀ ਵੋਟ ਮਿਲਣ ਕਾਰਨ ਕਾਂਗਰਸ ਪਾਰਟੀ ਬੁਰੀ ਤਰ੍ਹਾਂ ਨਾਲ ਹਾਰ ਗਈ। ਇਹ ਗੱਲ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਚੰਗੀ ਨਾ ਲੱਗੀ। ਇਸ ਤੋਂ ਛੁੱਟ ਉਨ੍ਹਾਂ ਦਿਨਾਂ ਵਿੱਚ ਪੰਜਾਬ ਵਿੱਚ ਕੂੜ ਰਾਜਨੀਤੀ ਚੱਲ ਰਹੀ ਸੀ। ਜਰਨੈਲ ਸਿੰਘ ਭਿੰਡਰਾਂ ਵਾਲੇ ਦਾ ਪ੍ਰਭਾਵ ਨੌਜਵਾਨ ਨਸਲ 'ਤੇ ਚੋਖਾ ਪੈ ਰਿਹਾ ਸੀ ਅਤੇ ਉਹ ਦਿੱਲੀ ਸਰਕਾਰ ਖਿਲਾਫ਼ ਬਗਾਵਤ ਦਾ ਝੰਡਾ ਚੁੱਕੀ ਫਿਰ ਰਿਹਾ ਸੀ। ਇੰਦਰਾ ਗਾਂਧੀ ਨੇ ਪੰਜਾਬ ਵਿੱਚ ਰਾਜਨੀਤੀ ਖੇਡਣ ਦੇ ਨਾਲ ਨਾਲ ਕਸ਼ਮੀਰ ਵਿੱਚ ਵੀ ਫਾਰੂਕ ਅਬਦੁੱਲੇ ਦੀ ਸਰਕਾਰ ਨੂੰ ਖਤਮ ਕਰਨ ਲਈ ਭੰਡੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਦਿੱਲੀ ਤੇ ਪੰਜਾਬ ਦੀਆਂ ਅਖ਼ਬਾਰਾਂ ਵਿੱਚ ਆਏ ਦਿਨ ਫਾਰੂਕ ਅਬਦੁੱਲਾ ਨੂੰ ਪਾਕਿਸਤਾਨੀ ਏਜੰਟ ਸਾਬਿਤ ਕੀਤਾ ਜਾਣ ਲੱਗਾ। ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੋਢੀ ਆਮਾਨ ਉਲੱਾ ਖਾਨ ਨਾਲ ਫਾਰੂਕ ਅਬਦੁੱਲਾ ਦੇ ਫੋਟੋ ਅਖ਼ਬਾਰਾਂ ਵਿੱਚ ਛਪਣ ਲੱਗੇ। ਅਜਿਹੇ ਹਾਲਾਤਾਂ ਵਿੱਚ ਫਾਰੂਕ ਸਰਕਾਰ ਨੇ ਫੈਸਲਾ ਕੀਤਾ ਕਿ ਪੰਜਾਬ ਵਿੱਚ ਜੰਮੂ-ਕਸ਼ਮੀਰ ਇਨਫਾਰਮੇਸ਼ਨ ਬਿਊਰੋ ਵਿਖੇ ਕੋਈ ਐਸਾ ਅਫ਼ਸਰ ਨਿਯੁਕਤ ਕੀਤਾ ਜਾਏ ਜਿਸ ਦੀ ਨੇੜਤਾ ਪੰਜਾਬ ਦੇ ਪੱਤਰਕਾਰਾਂ ਨਾਲ ਹੋਏ। ਜਦ ਅਜਿਹੇ ਅਫ਼ਸਰ ਦੀ ਭਾਲ ਕਰਨ ਲੱਗੇ ਤਾਂ ਸੂਚਨਾ ਮੰਤਰੀ ਮੁਹੰਮਦ ਸ਼ਫ਼ੀ ਉੜੀ ਹੋਰਾਂ ਫਾਰੂਕ ਸਾਹਿਬ ਨੂੰ ਖ਼ਾਲਿਦ ਹੁਸੈਨ ਦਾ ਨਾਂ ਤਜਵੀਜ਼ ਕੀਤਾ। ਉਹ ਖ਼ਾਲਿਦ ਹੁਸੈਨ ਨੂੰ ਇੱਕ ਪੱਤਰਕਾਰ ਵਜੋਂ ਤੇ ਇੱਕ ਸਾਹਿਤਕਾਰ ਵਜੋਂ ਚੰਗੀ ਤਰ੍ਹਾਂ ਜਾਣਦੇ ਸਨ। ਜਦ ਮੁੱਖ ਮੰਤਰੀ ਨੇ ਮਨਜ਼ੂਰੀ ਦਿੱਤੀ ਤਾਂ ਖ਼ਾਲਿਦ ਹੁਸੈਨ ਨੂੰ ਬੁਲਾਇਆ ਗਿਆ ਤੇ ਉਸਨੂੰ ਜਲੰਧਰ, ਜੰਮੂ-ਕਸ਼ਮੀਰ ਪ੍ਰੈਸ ਇਨਫਰਮੇਸ਼ਨ ਬਿਊਰੋ ਵਿੱਚ ਪਬਲਿਕ ਰਿਲੇਸ਼ਨ ਅਫ਼ਸਰ ਦੀ ਅਸਾਮੀ 'ਤੇ ਕੰਮ ਕਰਨ ਲਈ ਕਿਹਾ ਗਿਆ। ਖ਼ਾਲਿਦ ਹੁਸੈਨ ਨੇ ਖੁਸ਼ੀ ਨਾਲ ਇਸ ਨਿਯੁਕਤੀ ਨੂੰ ਸਵੀਕਾਰ ਕੀਤਾ ਤੇ ਨਾਲ ਹੀ ਕਿਹਾ ਕਿ ਉਹ ਪੋਸਟ, ਬੀ.ਡੀ.ਓ. ਦੀ ਪੋਸਟ ਤੋਂ ਦੋ ਗ੍ਰੇਡ ਉਚੀ ਹੈ ਅਤੇ ਉਹ ਤਾਹੀਓਂ ਪੀ.ਆਰ.ਓ. ਜਲੰਧਰ ਬਣ ਸਕਦਾ ਹੈ ਜਦ ਉਸਨੂੰ ਘੱਟੋ ਘੱਟ ਇੱਕ ਗ੍ਰੇਡ ਪ੍ਰਮੋਸ਼ਨ ਦਿੱਤੀ ਜਾਵੇ ਤੇ ਦੂਜੇ ਗ੍ਰੇਡ ਵਿੱਚ ਉਹ ਆਪਣੀ ਤਨਖਾਹ 'ਤੇ ਕੰਮ ਕਰੇ। ਖ਼ਾਲਿਦ ਦੀ ਗੱਲ ਮੰਨ ਲਈ ਗਈ ਤੇ ਉਸਨੂੰ ਇੱਕ ਗ੍ਰੇਡ ਪ੍ਰਮੋਸ਼ਨ ਦਿੱਤੀ ਗਈ ਤੇ ਉਸਨੂੰ ਜਲੰਧਰ ਦੇ ਜੰਮੂ-ਕਸ਼ਮੀਰ ਸੂਚਨਾ

ਵਿਭਾਗ ਵਿੱਚ ਪੀ.ਆਰ.ਓ. ਨਿਯੁਕਤ ਕਰ ਦਿੱਤਾ ਗਿਆ ਤੇ ਉਸਦੇ ਜ਼ਿੰਮੇ ਇਹ ਡਿਊਟੀ ਲਗਾਈ ਗਈ ਕਿ ਉਹ ਜੰਮੂ-ਕਸ਼ਮੀਰ ਸਰਕਾਰ ਦੀ ਛਵੀ ਦਰੁਸਤ ਕਰੇ ਤੇ ਪੱਤਰਕਾਰਾਂ ਨੂੰ ਜੰਮੂ-ਕਸ਼ਮੀਰ ਦੇ ਸਿਆਸੀ, ਆਰਥਿਕ ਤੇ ਸੱਭਿਆਚਾਰਕ ਮਸਲਿਆਂ ਬਾਰੇ ਭਲੀ ਭਾਂਤੀ ਜਾਣੂ ਕਰਵਾਏ। ਖ਼ਾਲਿਦ ਹੁਸੈਨ ਸੁਣਾਂਦਾ ਸੀ ਕਿ 'ਹਿੰਦ ਸਮਾਚਾਰ' ਦੇ ਮਾਲਕਾਂ ਰਮੇਸ਼ ਚੋਪੜਾ ਤੇ ਵਿਜੇ ਚੋਪੜਾ ਅਤੇ 'ਪ੍ਰਤਾਪ' ਦੇ ਮਾਲਿਕ ਤੇ ਮੁੱਖ ਸੰਪਾਦਕ ਵਰਿੰਦਰ ਜੀ ਨੇ ਉਸ ਨਾਲ ਮੁਲਾਕਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਕਿਉਂਕਿ ਜੋ ਸਰਕਾਰੀ ਏਜੈਂਸੀਆਂ ਅਤੇ ਕਮਿਸ਼ਨਰ ਇਨਫਾਰਮੇਸ਼ਨ ਓਂਕਾਰ ਨਾਥ ਧਰ ਜਿਹੜਾ ਇੱਕ ਕਸ਼ਮੀਰੀ ਪੰਡਿਤ ਸੀ ਤੇ ਜਿਸਦੇ ਸੰਬੰਧ ਸਿੱਧੇ ਦਿੱਲੀ ਦਰਬਾਰ ਦੇ ਅਧਿਕਾਰੀਆਂ ਨਾਲ ਸਨ, ਉਨ੍ਹਾਂ ਫ਼ਾਰੂਕ ਅਬਦੁੱਲਾ ਅਤੇ ਨੈਸ਼ਨਲ ਕਾਨਫਰੰਸ ਦੇ ਖਿਲਾਫ਼ ਏਨਾ ਜ਼ਹਿਰ ਉਗਲਿਆ ਸੀ ਕਿ 'ਹਿੰਦ ਸਮਾਚਾਰ' ਅਤੇ 'ਪ੍ਰਤਾਪ' ਵਰਗੀਆਂ ਹਿੰਦੂ ਅਖ਼ਬਾਰਾਂ ਨੇ ਜੰਮੂ-ਕਸ਼ਮੀਰ ਦੀ ਖ਼ਬਰ ਲਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪੰਜਾਬੀ ਦੇ ਇੱਕ ਉਘੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਖੰਨਵੀ ਉਨ੍ਹਾਂ ਦਿਨਾਂ ਵਿੱਚ ਹਿੰਦ ਸਮਾਚਾਰ ਦੇ ਸਹਾਇਕ ਸੰਪਾਦਕ ਸਨ ਤੇ ਖ਼ਾਲਿਦ ਹੁਸੈਨ ਦੇ ਦੋਸਤ। ਉਨ੍ਹਾਂ ਦੀ ਕੋਸ਼ਿਸ਼ ਨਾਲ ਖ਼ਾਲਿਦ ਹੁਸੈਨ ਦੀ ਮੁਲਾਕਾਤ ਰਮੇਸ਼ ਜੀ ਨਾਲ ਹੋਈ। ਇੰਝ ਹੀ ਵਰਿੰਦਰ ਜੀ ਦੇ ਪੁੱਤਰ ਜਗਮੋਹਨ ਨੇ ਖ਼ਾਲਿਦ ਹੁਸੈਨ ਦੀ ਮੁਲਾਕਾਤ ਆਪਣੇ ਪਿਤਾ ਨਾਲ ਕਰਵਾਈ। ਖ਼ਾਲਿਦ ਨੇ ਦੋਹਾਂ ਮੁੱਖ ਸੰਪਾਦਕਾਂ ਦੀਆਂ ਗ਼ਲਤ ਫਹਿਮੀਆਂ ਦੂਰ ਕੀਤੀਆਂ ਤੇ ਇੰਝ ਜੰਮੂ-ਕਸ਼ਮੀਰ ਦੀਆਂ ਸਰਕਾਰੀ ਖ਼ਬਰਾਂ ਇਨ੍ਹਾਂ ਅਖ਼ਬਾਰਾਂ ਵਿੱਚ ਲੱਗਣੀਆਂ ਸ਼ੁਰੂ ਹੋਈਆਂ। ਉਨ੍ਹਾਂ ਦਿਨਾਂ ਵਿੱਚ 'ਹਿੰਦ ਸਮਾਚਾਰ' ਤੇ 'ਪ੍ਰਤਾਪ' ਜੰਮੂ-ਕਸ਼ਮੀਰ ਵਿੱਚ ਸਭ ਤੋਂ ਵੱਧ ਪੜ੍ਹੀਆਂ ਜਾਣ ਵਾਲੀਆਂ ਅਖ਼ਬਾਰਾਂ ਸਨ। ਹੌਲੀ ਹੌਲੀ ਖ਼ਾਲਿਦ ਹੁਸੈਨ ਨੇ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਉਰਦੂ ਅਖ਼ਬਾਰਾਂ ਦੇ ਸਹਾਇਕ ਸੰਪਾਦਕਾਂ ਅਤੇ ਖ਼ਬਰਾਂ ਬਣਾਨ ਵਾਲੇ ਛੋਟੇ ਪੱਤਰਕਾਰਾਂ ਨਾਲ ਯਾਰੀ ਗੰਢ ਲਈ। ਅਜੀਤ ਦੇ ਮੁੱਖ ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਨਾਲ ਉਨ੍ਹਾਂ ਦੀ ਸਾਂਝ ਸਭ ਤੋਂ ਵਧੇਰੇ ਸੀ। ਖ਼ਾਲਿਦ ਦੇ ਪ੍ਰੇਰਨਾ ਸਰੂਪ ਹਮਦਰਦ ਸਾਹਿਬ ਨੇ 'ਅਜੀਤ' ਨੂੰ ਉਰਦੂ ਵਿੱਚ ਵੀ ਕੱਢਣਾ ਸ਼ੁਰੂ ਕੀਤਾ। ਖ਼ਾਲਿਦ ਹੁਸੈਨ ਨੇ 'ਇਬਨ-ਏ-ਹੁਸੈਨ' ਦੇ ਨਾਂ ਹੇਠ ਪੰਜਤਾਲੀ ਸਿਆਸੀ ਲੇਖ ਹਿੰਦੀ, ਉਰਦੂ, ਪੰਜਾਬੀ ਤੇ ਅੰਗਰੇਜ਼ੀ ਦੀਆਂ ਅਖ਼ਬਾਰਾਂ ਵਿੱਚ ਛਪਵਾਏ ਤੇ ਨੈਸ਼ਨਲ ਕਾਨਫਰੰਸ ਅਤੇ ਫ਼ਾਰੂਕ ਅਬਦੁੱਲਾ ਦੀ ਸਰਕਾਰ ਬਾਰੇ ਸੱਚਾਈ ਬਿਆਨ ਕੀਤੀ। ਜਦੋਂ ਰਮੇਸ਼ ਜੀ ਖਾੜਕੂਆਂ ਦੀ ਗੋਲੀ ਦਾ ਨਿਸ਼ਾਨਾ ਬਣੇ ਤਾਂ ਖ਼ਾਲਿਦ ਹੁਸੈਨ ਜਲੰਧਰ ਵਿੱਚ ਸੀ। ਉਸ ਨੇ ਡਾ. ਫ਼ਾਰੂਕ ਸਾਹਿਬ ਦਾ ਮਾਤਮੀ ਸੰਦੇਸ਼ ਵੀ ਉਨ੍ਹਾਂ ਦੇ ਪਰਿਵਾਰ ਨੂੰ ਪਹੁੰਚਾਇਆ ਅਤੇ ਅਰਥੀ ਦੇ ਜਲੂਸ ਵਿੱਚ ਵੀ ਸ਼ਾਮਿਲ ਹੋਇਆ। ਡਾ. ਫ਼ਾਰੂਕ ਅਬਦੁੱਲਾ ਖ਼ਾਲਿਸਤਾਨ ਦੀ ਮੰਗ ਦੇ ਖਿਲਾਫ਼ ਸੀ। ਉਹ ਭਾਰਤ ਨੂੰ ਇੱਕ

ਮਜ਼ਬੂਤ ਦੇਸ਼ ਦੇਖਣਾ ਚਾਹੁੰਦਾ ਸੀ ਅਤੇ ਚਾਹੁੰਦਾ ਸੀ ਕਿ ਖਾੜਕੂ ਗੱਲਬਾਤ ਰਾਹੀਂ ਆਪਣੀ ਗੱਲ ਮਨਵਾਉਣ ਅਤੇ ਦੇਸ਼ ਨੂੰ ਟੁਕੜੇ ਹੋਣ ਤੋਂ ਬਚਾਣ। ਕਿਉਂਕਿ ਸਿੱਖਾਂ ਨੇ ਦੇਸ਼ ਲਈ ਹਮੇਸ਼ਾ ਕੁਰਬਾਨੀਆਂ ਦਿੱਤੀਆਂ ਸਨ। ਫਾਰੂਕ ਸਾਹਿਬ ਕਹਿੰਦੇ ਸਨ ਕਿ ਖਾਲਿਸਤਾਨ ਦੀ ਮੰਗ ਪਿੱਛੇ ਪਾਕਿਸਤਾਨ ਦੀ ਚਾਲ ਹੈ। ਉਹ ਨੌਜਵਾਨ ਤੇ ਇਯਾਣ ਉਮਰ ਦੇ ਬੱਚਿਆਂ ਨੂੰ ਵਰਗਲਾ ਰਿਹਾ ਹੈ। ਇਸ ਸੰਬੰਧ ਵਿੱਚ ਫਾਰੂਕ ਅਬਦੁੱਲਾ ਦਾ ਦਖ਼ਲ ਦੇਣਾ ਵੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਮਾੜਾ ਲੱਗਾ ਸੀ। ਬਲਿਊ ਸਟਾਰ ਆਪਰੇਸ਼ਨ ਵੇਲੇ ਖ਼ਾਲਿਦ ਹੁਸੈਨ ਜਲੰਧਰ ਵਿੱਚ ਹੀ ਸੀ। 3-4 ਜੂਨ 1984 ਦੀ ਰਾਤ ਨੂੰ ਆਪਰੇਸ਼ਨ ਸ਼ੁਰੂ ਹੋਇਆ ਤੇ ਪੂਰੇ ਪੰਜਾਬ ਵਿੱਚ ਫੈਲ ਗਿਆ। ਸ਼ਾਸਤਰੀ ਚੌਂਕ ਜਲੰਧਰ ਵਿਖੇ ਖ਼ਾਲਿਦ ਹੁਸੈਨ ਦਾ ਦਫਤਰ ਤੇ ਡੇਰਾ ਵੀ ਸੀ। ਉਹ ਚੌਂਕ ਵੀ ਆਰਮੀ ਦੇ ਕੰਟਰੋਲ ਵਿੱਚ ਸੀ। ਤੇ 13 ਦਿਨ ਤਕ ਕਰਫਿਊ ਲੱਗਾ ਰਿਹਾ ਤੇ ਜਦੋਂ ਪੱਤਰਕਾਰਾਂ ਦਾ ਪਹਿਲਾ ਜਥਾ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦੀ ਤਬਾਹੀ ਨੂੰ ਆਪਣੀ ਅੱਖੀਂ ਵੇਖਣ ਗਿਆ ਤਾਂ ਉਸ ਜਥੇ ਵਿੱਚ ਖ਼ਾਲਿਦ ਹੁਸੈਨ ਵੀ ਸ਼ਾਮਿਲ ਸੀ। ਉਸਨੇ ਮੈਨੂੰ ਗੋਲੀਆਂ ਨਾਲ ਛਲਣੀ ਹੋਈ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬਾਰੇ ਦੱਸਿਆ ਸੀ ਤੇ ਦਰਬਾਰ ਸਾਹਿਬ ਦੀਆਂ ਕੋਠੜੀਆਂ ਵਿੱਚ ਲਿਬੜਿਆ ਇਨਸਾਨੀ ਖ਼ੂਨ ਤੇ ਹੋਰ ਦਰਦਨਾਕ ਦ੍ਰਿਸ਼ਾਂ ਬਾਰੇ ਸੁਣਾਇਆ ਸੀ। ਬਲਿਊ ਸਟਾਰ ਤੋਂ ਫਾਰਗ ਹੋਣ ਮਗਰੋਂ ਇੰਦਰਾ ਗਾਂਧੀ ਨੇ ਕਸ਼ਮੀਰ ਵੱਲ ਧਿਆਨ ਦਿੱਤਾ ਤੇ ਉਥੇ ਜਗਮੋਹਨ ਨੂੰ ਗਵਰਨਰ ਬਣਾ ਕੇ ਘੱਲਿਆ। ਉਸਨੇ ਗਵਰਨਰ ਬਣਦਿਆਂ ਹੀ ਪਹਿਲਾ ਕੰਮ ਇਹ ਕੀਤਾ ਕਿ ਫਾਰੂਕ ਅਬਦੁੱਲਾ ਦੀ ਹਕੂਮਤ ਖਤਮ ਕਰ ਦਿੱਤੀ ਤੇ ਗਵਰਨਰੀ ਰਾਜ ਲਾਗੂ ਕਰ ਦਿੱਤਾ। ਉਸ ਸਮੇਂ ਪਾਰਲੀਮੈਂਟ ਵਿੱਚ ਫਾਰੂਕ ਅਬਦੁੱਲਾ ਦੇ ਹੱਕ ਵਿੱਚ ਇੱਕ ਸੌ ਪੰਜਤਾਲੀ ਮੈਂਬਰਾਂ ਨੇ ਬੋਲਿਆ ਤੇ ਫਾਰੂਕ ਅਬਦੁੱਲਾ ਦੀ ਹਕੂਮਤ ਖਤਮ ਕਰਨ ਦੀ ਪੁਰਜ਼ੋਰ ਨਿੰਦਿਆ ਕੀਤੀ। ਜਗਮੋਹਨ ਨੇ ਨੈਸ਼ਨਲ ਕਾਨਫਰੰਸ ਦੇ ਇੱਕ ਸੀਨੀਅਰ ਮੈਂਬਰ ਅਤੇ ਫਾਰੂਕ ਅਬਦੁੱਲਾ ਦੇ ਬਹਿਨੋਈ ਗੁਲਾਮ ਮੁਹੰਮਦ ਸ਼ਾਹ (ਗੁਲ ਸ਼ਾਹ) ਨੂੰ ਨੈਸ਼ਨਲ ਕਾਨਫਰੰਸ ਪਾਰਟੀ ਦੇ ਐਮੱ.ਐਲੱ.ਏ. ਤੋੜਨ ਲਈ ਕਿਹਾ। 15 ਲਾਲਚੀ ਐਮੱ.ਐਲੱ.ਏ. ਗੁਲ ਸ਼ਾਹ ਨਾਲ ਜੁੜ ਗਏ ਤੇ ਇੰਝ ਕਾਂਗਰਸ ਦੀ ਹਮਾਇਤ ਨਾਲ ਗੁੱਲ ਸਾਹ ਨੂੰ ਮੁੱਖ ਮੰਤਰੀ ਬਣਾ ਦਿੱਤਾ ਅਤੇ ਬਾਕੀ ਸਾਰੇ ਸਾਥੀਆਂ ਨੂੰ ਮੰਤਰੀ। ਜਗਮੋਹਨ ਦਾ ਇਹ ਕਦਮ ਬੜਾ ਘਾਤਕ ਸੀ ਜਿਸ ਦਾ ਪਰਿਣਾਮ ਭਾਰਤ ਸਰਕਾਰ ਨੂੰ ਕੁੱਝ ਵਰ੍ਹਿਆਂ ਮਗਰੋਂ ਭੁਗਤਨਾ ਪਿਆ।

ਗੁਲ ਸ਼ਾਹ ਦੀ ਸਰਕਾਰ ਬਣਨ ਮਗਰੋਂ ਜਿਹੜਾ ਪਹਿਲਾ ਹੁਕਮਨਾਮਾ ਜਾਰੀ ਹੋਇਆ ਉਹ ਖ਼ਾਲਿਦ ਹੁਸੈਨ ਨੂੰ ਵਾਪਿਸ ਬੁਲਾਉਣ ਤੇ ਜਨਰਲ ਡਿਪਾਰਟਮੈਂਟ ਵਿੱਚ ਅਟੈਚ ਕਰਨ ਦਾ ਸੀ। ਇਹ ਗੱਲ ਸਤੰਬਰ 1984 ਦੀ ਹੈ। ਵਾਪਿਸ ਆਉਂਦਿਆਂ ਹੀ

ਖ਼ਾਲਿਦ ਹੁਸੈਨ ਨੇ ਚੀਫ ਸੈਕਟਰੀ ਨੂੰ ਬੇਨਤੀ ਕੀਤੀ ਕਿ ਉਹਨੂੰ ਆਪਣੇ ਪੁਰਾਣੇ ਮਹਿਕਮੇ ਰੂਰਲ ਡਿਵਲਪਮੈਂਟ (ਦੇਹਾਤ ਸੁਧਾਰ) ਵਿੱਚ ਭੇਜਿਆ ਜਾਵੇ ਤੇ ਉਸਦੇ ਗ੍ਰੇਡ ਮੁਤਾਬਿਕ ਪੋਸਟਿੰਗ ਕੀਤੀ ਜਾਵੇ। ਇੱਕ ਲੰਮੀ ਲੜਾਈ ਲੜਨ ਮਗਰੋਂ ਖ਼ਾਲਿਦ ਹੁਸੈਨ ਨੂੰ ਪਹਿਲਾਂ ਏਰੀਆ ਡਿਵੈਲਪਮੈਂਟ ਅਫਸਰ ਡੁੱਡੂ ਬਸੰਤ ਗੜ੍ਹ ਲਗਾਇਆ ਗਿਆ ਤੇ ਛੇ ਮਹੀਨੇ ਮਗਰੋਂ ਪ੍ਰਾਜੈਕਟ ਅਫਸਰ ਡੀ.ਆਰ.ਡੀ.ਏ. ਪੁਣਛ ਨਿਯੁਕਤ ਕੀਤਾ ਗਿਆ। ਉਥੋਂ ਵੀ ਇੱਕ ਮਹੀਨੇ ਮਗਰੋਂ ਬਦਲੀ ਕਰਕੇ ਡੋਡੇ ਭੇਜ ਦਿੱਤਾ। ਡੋਡੇ, ਖ਼ਾਲਿਦ ਹੁਸੈਨ ਡੇਢ ਸਾਲ ਡੀ.ਆਰ.ਡੀ.ਏ. ਦਾ ਮੁੱਖੀ ਰਿਹਾ, ਮਗਰੋਂ ਜਨਵਰੀ 1987 ਤੋਂ Asstt. Commissioner Development Doda ਬਣਿਆ ਤੇ 1988 ਵਿੱਚ ਉਸਦੀ ਇਨਡੈਕਸ਼ਨ ਕਸ਼ਮੀਰ ਐਡਮਿਨਿਸਟ੍ਰੇਟਿਵ ਸਰਵਿਸ (Kashmir Administrative Serive) ਵਿੱਚ ਹੋਈ। ਉਹ ਪੁਣਛ ਤੇ ਰਾਜੌਰੀ ਵਿੱਚ ਵੀ ਏ.ਸੀ.ਡੀ. ਰਿਹਾ ਤੇ ਫਿਰ ਐਡੀਸ਼ਨਲ ਰਜਿਸਟਰਾਰ ਕਾਪਰੇਟਿਵ ਜੰਮੂ ਨਿਯੁਕਤ ਹੋਇਆ। ਉਥੋਂ ਉਹ ਐਡਿਸ਼ਨਲ ਡਿਪਟੀ ਕਮਿਸ਼ਨਰ ਤੇ ਕਲੈਕਟਰ ਜੰਮੂ ਬਣਿਆ। ਇਥੋਂ ਹੀ ਉਸਨੂੰ 1999 ਵਿੱਚ ਡਿਪਟੀ ਕਮਿਸ਼ਨਰ ਤੇ ਕਲੈਕਟਰ ਪੁਣਛ ਬਣਾ ਕੇ ਭੇਜਿਆ ਗਿਆ। ਉਹ ਡਾਇਰੈਕਟਰ ਇੰਪਲਾਈਮੈਂਟ ਵੀ ਰਿਹਾ ਅਤੇ ਐਮੱ.ਡੀ., ਐਸੱ.ਸੀ., ਐਸੱ.ਟੀ. ਕਾਰਪੋਰੇਸ਼ਨ (Managing Director, Scheduled Caste, Scheduled Tribe Corporation) ਲਗਾਇਆ ਗਿਆ। ਉਸਨੂੰ ਜੰਮੂ ਖੇਤੀਬਾੜੀ ਯੂਨੀਵਰਸਿਟੀ ਦਾ ਪਹਿਲਾ ਰਜਿਸਟਰਾਰ ਵੀ ਨਿਯੁਕਤ ਕੀਤਾ ਗਿਆ ਤਾਂ ਕਿ ਉਹ ਯੂਨੀਵਰਸਿਟੀ ਦੀ ਸਥਾਪਨਾ ਮਗਰੋਂ ਐਡਮਿਨਿਸਟ੍ਰੇਸ਼ਨ ਦਾ ਕੰਮ ਸੰਭਾਲ ਸਕੇ। ਖ਼ਾਲਿਦ ਹੁਸੈਨ ਮਹਿਕਮਾ ਖੁਰਾਕ ਵਿੱਚ ਸਪੈਸ਼ਲ ਸੈਕਟਰੀ ਵਜੋਂ ਸਰਕਾਰੀ ਨੌਕਰੀ ਕਰਨ ਮਗਰੋਂ 2003 ਵਿੱਚ ਸੇਵਾ ਮੁਕਤ ਹੋਇਆ। ਤਦ ਤਕ ਉਸਦਾ ਬਚਪਨ ਦਾ ਯਾਰ ਤਾਜ ਮੁਹੀ-ਉ-ਦੀਨ ਮੰਤਰੀ ਬਣ ਚੁੱਕਿਆ ਸੀ ਤੇ ਉਸਨੇ ਯਾਰੀ ਨਿਭਾਉਂਦਿਆਂ ਹੋਇਆਂ ਖ਼ਾਲਿਦ ਹੁਸੈਨ ਨੂੰ ਜੰਮੂ-ਕਸ਼ਮੀਰ ਸਟੇਟ ਕੰਜ਼ਿਊਮਰ ਕਮਿਸ਼ਨ ਦਾ ਮੈਂਬਰ ਬਣਾ ਦਿੱਤਾ। 2008 ਵਿੱਚ ਆਪਣੀ ਮਿਆਦ ਪੂਰੀ ਕਰਨ ਮਗਰੋਂ ਖ਼ਾਲਿਦ ਹੁਸੈਨ ਨੂੰ ਮਲਟੀ ਨੈਸ਼ਨਲ ਟੈਲੀਕਾਮ ਕੰਪਨੀ ਵੋਡਾਫੋਨ ਨੇ ਲੈ ਲਿਆ ਅਤੇ ਜੰਮੂ-ਕਸ਼ਮੀਰ ਦੇ ਕਾਰਪੋਰੇਟ ਅਫੇਅਰ ਵਿਭਾਗ ਦਾ ਹੈਡੱ ਬਣਾ ਦਿੱਤਾ। ਇਥੇ ਖ਼ਾਲਿਦ ਹੁਸੈਨ ਢਾਈ ਸਾਲ ਤਕ ਰਿਹਾ।

ਇੰਝ ਚੰਗੀ ਨੌਕਰੀ ਤੇ ਸੌਖੇ ਜੀਵਨ ਲਈ ਪੰਦਰਾਂ ਸਾਲ ਦੀ ਉਮਰ ਤੋਂ ਸੰਘਰਸ਼ ਕਰ ਰਿਹਾ ਖ਼ਾਲਿਦ ਹੁਸੈਨ ਲਗਭਗ ਪੰਜਾਹ ਵਰ੍ਹਿਆਂ ਤਕ ਸਰਕਾਰੀ ਤੇ ਗ਼ੈਰ-ਸਰਕਾਰੀ ਨੌਕਰੀਆਂ ਵਿੱਚ ਮਸਰੂਫ ਰਿਹਾ। ਉਸਨੇ ਆਪਣੇ ਬੱਚਿਆਂ ਲਈ ਜਾਇਦਾਦ ਬਣਾਈ, ਉਨ੍ਹਾਂ ਨੂੰ ਹਰ ਕਿਸਮ ਦਾ ਸੁੱਖ ਦਿੱਤਾ ਅਤੇ ਉਨ੍ਹਾਂ ਨੂੰ ਤੱਤੀ ਵਾਹ ਨਾ ਲੱਗਣ ਦਿੱਤੀ। ਮੈਂ ਕਲਰਕ ਤੋਂ ਦੋ ਕਦਮ ਅੱਗੇ ਸੈਕਸ਼ਨ ਅਫਸਰ (ਐਸੱ.ਓ.) ਤਕ

ਹੀ ਜਾ ਸਕਿਆ, ਪਰ ਖ਼ਾਲਿਦ ਹੁਸੈਨ ਨੇ ਮੇਰੇ ਨਾਲ ਪੂਰੀ ਯਾਰੀ ਨਿਭਾਈ ਤੇ ਅਫ਼ਸਰੀ ਦੀ ਛਾਪ ਦੋਸਤੀ ਦੇ ਰਿਸ਼ਤਿਆਂ 'ਤੇ ਨਹੀਂ ਪੈਣ ਦਿੱਤੀ। ਉਹ ਜਦ ਵੀ ਸੈਕਟਰੀਏਟ ਆਉਂਦਾ, ਮੇਰੇ ਕੋਲ ਜ਼ਰੂਰ ਉਸ ਕਲਰਕੀ ਹਾਲ ਵਿੱਚ ਆਉਂਦਾ ਜਿਥੋਂ ਉਠ ਕੇ ਉਸਨੇ ਵੱਡੀਆਂ ਮੱਲਾਂ ਮਾਰੀਆਂ ਸਨ। ਉਹ ਮੇਰੇ ਕੋਲ ਚੋਖੇ ਚਿਰ ਤਕ ਬਹਿੰਦਾ, ਚਾਹ-ਪਾਣੀ ਪੀਂਦਾ ਤੇ ਫਿਰ ਚਲਾ ਜਾਂਦਾ। ਉਹ ਭਾਵੇਂ ਡਿਪਟੀ ਕਮਿਸ਼ਨਰ ਸੀ ਜਾਂ ਸਰਕਾਰ ਦਾ ਸਕੱਤਰ, ਪਰ ਮੇਰੇ ਲਈ ਉਹੀ ਪੁਰਾਣਾ ਖ਼ਾਲਿਦ ਹੁਸੈਨ ਸੀ ਤੇ ਮੈਂ ਉਸ ਲਈ ਹਰਭਜਨ ਸਿੰਘ ਸਾਗਰ। ਉਸ ਵਿੱਚ ਕੋਈ ਅਹੰਕਾਰ, ਗਰੂਰ ਜਾਂ ਲਾਲਸਾ ਬਿਲਕੁਲ ਨਹੀਂ ਸੀ। ਉਹ ਧਰਤੀ ਨਾਲ ਜੁੜਿਆ ਬੰਦਾ ਸੀ ਤੇ ਧਰਤੀ ਦੀ ਗੋਦ ਵਿੱਚ ਹੀ ਚਲਾ ਗਿਆ।

***

# ਕਾਦਰ ਦੇ ਹੱਥ ਡੋਰ

ਮੇਰਾ ਨਾਂ ਵਲੀ ਮੁਹੰਮਦ ਬੱਟ ਹੈ। ਮੈਂ ਅਤੇ ਖ਼ਾਲਿਦ ਹੁਸੈਨ ਨੌਕਰੀ ਦੇ ਦੌਰਾਨ ਘੱਟੋ ਘੱਟ ਛੇ-ਸੱਤ ਸਾਲ ਇੱਕਠੇ ਰਹੇ ਹਾਂ। ਜ਼ਿਲ੍ਹਾ ਡੋਡਾ ਵਿਚ ਸਾਡੀ ਬਹੁਤੀ ਰਲਤ ਰਹੀ ਹੈ। ਮੈਂ ਉਥੇ ਅਕਾਉਂਟਸ ਅਫਸਰ, ਟ੍ਰੈਜਰੀ ਅਫਸਰ ਤੇ ਡਿਸਟ੍ਰਿਕ ਫੰਡ ਅਫਸਰ ਦੇ ਆਹੁਦਿਆਂ 'ਤੇ ਰਿਹਾ ਹਾਂ। ਸਾਡੇ ਦੋਵਾਂ ਦੀ ਸਾਂਝ ਤੇ ਮਿਲਵਰਤਨ ਦਾ ਕੇਂਦਰ ਬਿੰਦੂ ਸਾਹਿਤ ਸੀ। ਖ਼ਾਲਿਦ ਹੁਸੈਨ ਕਹਾਣੀਆਂ ਲਿਖਦਾ ਤੇ ਸੁਣਾਂਦਾ, ਸਵਾਦਲੀ ਸ਼ਾਇਰੀ ਪੜ੍ਹਦਾ ਤੇ ਸੁਣਾਂਦਾ ਅਤੇ ਕਵੀ ਦਰਬਾਰ ਕਰਵਾਉਂਦਾ। ਉਸਨੇ ਡੋਡੇ ਵਿੱਚ ਇੱਕ ਸਾਹਿਤਕ ਮੰਚ ਵੀ ਬਣਾਇਆ, ਜਿਸ ਵਿੱਚ ਸਾਹਿਤ ਦੇ ਰਚਨਹਾਰ ਅਤੇ ਸੁਣਨਹਾਰ ਸ਼ਾਮਿਲ ਸਨ। ਉਨ੍ਹਾਂ ਦਿਨਾਂ ਵਿੱਚ ਜ਼ਿਲ੍ਹਾ ਡੋਡਾ ਜੰਮੂ-ਕਸ਼ਮੀਰ ਦਾ ਸਭ ਤੋਂ ਵੱਡਾ ਜ਼ਿਲ੍ਹਾ ਸੀ (ਲਦਾਖ ਨੂੰਛੱਡ ਕੇ)। ਇਸ ਵਿੱਚ ਚੌਦਾ ਬਲਾਕ ਸਨ ਤੇ ਇਸਦੀ ਹੱਦ ਪਤਨੀਟਾਪ ਤੋਂ ਲੈਕੇ ਬਨਹਾਲ ਦੀ ਸੁਰੰਗ ਤਕ, ਜ਼ਿਲ੍ਹਾ ਅਨੰਤਨਾਗ ਦੇ ਮਰਗਨ ਤੇ ਸਿਮਥਨ ਪਹਾੜਾਂ ਤੋਂ ਲੈ ਕੇ ਜ਼ਿਲ੍ਹਾ ਚੰਬਾ ਅਤੇ ਉਸਦੀ ਕਮਿਸ਼ਨਰੀ ਪਾਂਗੀ ਤਕ ਅਤੇ ਜ਼ਿਲ੍ਹਾ ਕੱਠੂਆ ਦੀ ਤਹਿਸੀਲ ਬਸੋਲੀ ਅਤੇ ਬਨੀ ਤਕ ਸੀ। ਇਸਦਾ ਕੁੱਲ ਰਕਬਾ 11800 ਕਿਲੋਮੀਟਰ ਸੀ ਜਿਹੜਾ ਕਸ਼ਮੀਰ ਘਾਟੀ ਤੋਂ ਸਿਰਫ 3000 ਮਰੱਬਾ ਕਿਲੋਮੀਟਰ ਘੱਟ ਸੀ। ਅੱਜ ਜ਼ਿਲ੍ਹਾ ਡੋਡਾ ਦੇ ਤਿੰਨ ਜ਼ਿਲ੍ਹੇ ਬਣ ਗਏ ਹਨ। ਬਾਕੀ ਦੋਵਾਂ ਦਾ ਨਾਂ ਰਾਮਬਣ ਅਤੇ ਕਿਸ਼ਤਵਾੜ ਹੈ। ਆਪਣੀ ਸਰਕਾਰੀ ਨੌਕਰੀ ਵਿੱਚ ਖ਼ਾਲਿਦ ਹੁਸੈਨ ਨੇ ਜ਼ਿਲ੍ਹਾ ਡੋਡਾ ਦਾ ਸ਼ਾਇਦ ਹੀ ਕੋਈ ਪਿੰਡ ਜਾਂ ਪਹਾੜ ਅਜਿਹਾ ਛੱਡਿਆ ਹੋਏਗਾ ਜਿੱਥੇ ਉਹ ਨਹੀਂ ਗਿਆ ਹੋਏਗਾ ਅਤੇ ਇਹ ਸਾਰਾ ਪੈਂਡਾ ਉਸਨੇ ਪੈਦਲ ਅਤੇ ਘੋੜੇ 'ਤੇ ਸਵਾਰ ਹੋ ਕੇ ਕੀਤਾ ਹੈ, ਕਿਉਂਕਿ ਦੁਰਾਡੇ ਇਲਾਕਿਆਂ ਵਿੱਚ ਉਨ੍ਹਾਂ ਦਿਨਾਂ ਵਿੱਚ ਸੜਕਾਂ ਨਹੀਂ ਸਨ ਬਣੀਆਂ ਅਤੇ ਪੈਂਡਾ ਪੈਦਲ ਹੀ ਤੈਅ ਕਰਨਾ ਪੈਂਦਾ ਸੀ। ਕਿਸ਼ਤਵਾੜ ਤੋਂ ਪਾਡਰ, ਗੰਧਾਰੀ ਤੇ ਇਸ਼ਤਿਹਾਰੀ ਅਤੇ ਮਚੇਲ (ਜ਼ਨਸਕਾਰ ਤੇ ਕਾਰਗਿਲ ਨਾਲ ਮਿਲਦਾ ਇਲਾਕਾ) ਤੇ ਡੋਡੇ ਤੋਂ ਦੇਸਾ ਤੇ ਉਥੋਂ ਕਪਰਨ (ਵੈਰੀ ਨਾਗ ਨਾਲ ਮਿਲਦਾ ਪਿੰਡ), ਬਨਹਾਲ ਦਾ ਮਹੁਮੰਗਤ, ਚਮਲਵਾਸ, ਡੁੱਲੀਗਾਮ ਤੇ ਰਾਮਸੂ ਦਾ ਨੀਲ ਤੇ ਪੋਗਲ ਪਰਸਤਾਨ ਅਤੇ ਭਦਰਵਾਹ ਦਾ ਕੈਲਾਸ਼ ਕੁੰਡ। ਇਹ ਸਾਰੇ ਇਲਾਕੇ ਖ਼ਾਲਿਦ ਹੁਸੈਨ ਨੇ ਪੈਦਲ ਗਾਹੇ ਹਨ ਤੇ ਗ਼ਰੀਬ ਲੋਕਾਂ ਦੇ ਕੰਮ ਕੀਤੇ ਹਨ।

ਇਥੇ ਮੈਂ ਇੱਕ ਐਸੇ ਦੁਖਦਾਈ ਸਫ਼ਰ ਦਾ ਵੇਰਵਾ ਦੇਣਾ ਚਾਹੁੰਦਾ ਹਾਂ ਜਿਸ

ਦਾ ਪਾਤਰ ਖ਼ਾਲਿਦ ਹੁਸੈਨ ਵੀ ਸੀ। ਉਸ ਵੇਲੇ ਜ਼ਿਲ੍ਹਾ ਡੋਡਾ ਦਾ ਡਿਪਟੀ ਕਮਿਸ਼ਨਰ ਮੁਹੰਮਦ ਇਕਬਾਲ ਖਾਂਡੇ ਸੀ, ਜਿਹੜਾ ਇੱਕ ਨੌਜਵਾਨ ਆਈ.ਏ.ਐਸੱ. ਅਫਸਰ ਸੀ। ਉਸਨੇ ਪਾਡਰ ਜਾਣ ਦਾ ਪ੍ਰੋਗਰਾਮ ਬਣਾਇਆ ਤੇ ਆਪਣੇ ਨਾਲ ਏ.ਸੀ.ਡੀ. ਖ਼ਾਲਿਦ ਹੁਸੈਨ, ਜੰਮੂ-ਕਸ਼ਮੀਰ ਬੈਂਕ ਦੇ ਡਿਸਟ੍ਰਿਕ ਮੈਨੇਜਰ ਅਬਦੁੱਲ ਰਸ਼ੀਦ ਤੇਲੀ, ਐਸੱ.ਡੀ.ਐਮੱ. ਤੇ ਤਹਿਸੀਲਦਾਰ ਕਿਸ਼ਤਵਾੜ ਨੂੰ ਨਾਲ ਚੱਲਣ ਦਾ ਹੁਕਮ ਦਿੱਤਾ। ਇਹ ਸਾਰਾ ਕਾਫਲਾ ਕਿਸ਼ਤਵਾੜ ਤੋਂ ਡੂਲ ਤਕ ਆਪਣੀਆਂ ਸਰਕਾਰੀ ਜੀਪਾਂ ਵਿੱਚ ਗਿਆ ਤੇ ਉਥੋਂ ਪਾਡਰ ਤਕ ਦਾ ਪੈਦਲ ਸਫਰ ਸ਼ੁਰੂ ਹੋਇਆ। ਰਸਤਾ ਡਾਹਢਾ ਔਖਾ ਤੇ ਪਹਾੜੀ ਸੀ। ਪਹਾੜ ਵਿੱਚ ਲੋਹੇ ਦੀਆਂ ਸਬਲਾਂ ਗੱਡ ਕੇ ਉਸ ਉਤੇ ਫੱਟੇ ਵਿਛੇ ਹੋਏ ਸਨ ਤੇ ਰਾਹਗੀਰਾਂ ਨੂੰ ਉਨ੍ਹਾਂ ਫੱਟਿਆਂ 'ਤੇ ਚੱਲਣਾ ਪੈਂਦਾ ਸੀ ਤੇ ਕੋਈ ਹਜ਼ਾਰ ਫੁੱਟ ਤੋਂ ਹੇਠਾਂ ਚਨਾਬ ਦਰਿਆ ਵਗਦਾ ਨਜ਼ਰੀਂ ਆਉਂਦਾ ਸੀ। ਰਾਹੀ ਹੇਠ ਦਰਿਆ ਵੱਲ ਨਹੀਂ ਸਨ ਵੇਖਦੇ, ਕਿਉਂਕਿ ਚੱਕਰ ਆਉਣ 'ਤੇ ਡਿੱਗਣ ਦਾ ਡਰ ਹੁੰਦਾ ਸੀ। ਪਰ ਖ਼ਾਲਿਦ ਹੁਸੈਨ ਇਨ੍ਹਾਂ ਖਤਰਨਾਕ ਰਸਤਿਆਂ ਉਤੇ ਵੀ ਘੋੜੇ ਉਪੱਰ ਚੜ੍ਹ ਕੇ ਸਫਰ ਕਰਦਾ ਸੀ, ਕਿਉਂਕਿ ਉਹ ਇੱਕ ਵਧੀਆ ਘੋੜਸਵਾਰ ਵੀ ਸੀ। ਤਿੰਨ ਦਿਨਾਂ ਦੇ ਪੈਂਡੇ ਮਗਰੋਂ ਡਿਪਟੀ ਕਮਿਸ਼ਨਰ ਸਾਹਿਬ ਦੀ ਅਗਵਾਈ ਵਿੱਚ ਜ਼ਿਲ੍ਹਾ ਤੇ ਤਹਿਸੀਲ ਅਫਸਰ ਉਨ੍ਹਾਂ ਦੇ ਕਰਿੰਦੇ ਬਲਾਕ ਪਾਡਰ ਦੇ ਹੈਡੱ ਕਵਾਟਰ ਅਠੋਲੀ ਪਹੁੰਚੇ। ਹਿਮਾਚਲ ਦੀ ਕਮਿਸ਼ਨਰੀ ਪਾਂਗੀ ਤੋਂ ਚਨਾਬ ਦਰਿਆ ਪਾਡਰ ਰਾਹੀਂ ਹੀ ਰਿਆਸਤ ਜੰਮੂ-ਕਸ਼ਮੀਰ ਵਿੱਚ ਦਾਖ਼ਿਲ ਹੁੰਦਾ ਹੈ। ਡਿਪਟੀ ਕਮਿਸ਼ਨਰ ਮੁਹੰਮਦ ਇਕਬਾਲ ਖਾਂਡੇ ਤੇ ਦੂਜੇ ਜ਼ਿਲ੍ਹਾ ਅਫਸਰ ਤਾਂ ਦੂਜੇ ਦਿਨ ਵਾਪਸੀ ਦੇ ਸਫਰ 'ਤੇ ਤੁਰ ਪਏ, ਪਰ ਖ਼ਾਲਿਦ ਹੁਸੈਨ ਤੇ ਉਸਦਾ ਅਮਲਾ ਅਤੇ ਜੰਮੂ-ਕਸ਼ਮੀਰ ਬੈਂਕ ਦਾ ਜ਼ਿਲ੍ਹਾ ਅਫਸਰ ਅਬਦੁੱਲ ਰਸ਼ੀਦ ਤੇਲੀ ਅਠੋਲੀ ਠਹਿਰ ਗਏ, ਕਿਉਂਕਿ ਬੈਂਕ ਕਰਜ਼ਿਆਂ ਦੀ ਸਹਾਇਤਾ ਨਾਲ ਪਾਡਰ ਦੇ ਲੋਕਾਂ ਨੂੰ ਜਰਸੀ ਗਾਵਾਂ, ਖੱਚਰਾਂ ਤੇ ਚੰਵਰ, ਚੰਵਰੀਆਂ (ਯਾਕ ਤੇ ਗਾਂ ਦੀ ਕਰਾਸ ਬ੍ਰੀਡ) ਖਰੀਦ ਕੇ ਦਿੱਤੀਆਂ ਜਾ ਸਕਣ। ਦੋਹਾਂ ਦਿਨਾਂ ਵਿੱਚ ਆਪਣਾ ਕੰਮ ਖਤਮ ਕਰਨ ਮਗਰੋਂ ਖ਼ਾਲਿਦ ਹੁਸੈਨ ਤੇ ਉਸਦਾ ਸਰਕਾਰੀ ਅਮਲਾ ਅਤੇ ਬੈਂਕ ਦਾ ਅਫਸਰ ਅਬਦੁੱਲ ਰਸ਼ੀਦ ਤੇਲੀ ਵਾਪਸੀ ਦੇ ਸਫਰ 'ਤੇ ਤੁਰ ਪਏ। ਖ਼ਾਲਿਦ ਹੁਸੈਨ ਘੋੜੇ 'ਤੇ ਚੜ੍ਹਿਆ ਸੀ। ਅਬਦੁੱਲ ਰਸ਼ੀਦ ਤੇਲੀ ਨੇ ਜ਼ਿੱਦ ਫੜ ਲਈ ਕਿ ਉਹ ਵੀ ਘੋੜੇ 'ਤੇ ਬੈਠੇਗਾ। ਖ਼ਾਲਿਦ ਦੇ ਮਨ੍ਹਾਂ ਕਰਨ ਦੇ ਬਾਵਜੂਦ ਉਸਨੇ ਆਪਣੇ ਲਈ ਘੋੜਾ ਮੰਗਵਾਇਆ। ਉਨ੍ਹਾਂ ਦੇ ਰਾਤੀਂ ਠਹਿਰਣ ਦਾ ਬੰਦੋਬਸਤ ਸ਼ਾਸ਼ੂ ਦੇ ਜੰਗਲਾਤ ਦੇ ਰੈਸਟ ਹਾਊਸ ਵਿੱਚ ਕੀਤਾ ਗਿਆ ਸੀ ਤੇ ਖ਼ਾਲਿਦ ਹੁਸੈਨ ਦਾ ਅਮਲਾ ਉਨ੍ਹਾਂ ਨਾਲੋਂ ਅੱਗੇ ਤੁਰ ਗਿਆ ਤਾਂਕਿ ਸ਼ਾਸ਼ੂ ਵਿੱਚ ਖਾਣ-ਪਕਾਣ ਦਾ ਇੰਤਜ਼ਾਮ ਕੀਤਾ ਜਾ ਸਕੇ। ਹੁਣ ਰਸਤੇ ਵਿੱਚ ਸਿਰਫ ਤਿੰਨ ਬੰਦੇ ਸਨ: ਖ਼ਾਲਿਦ ਹੁਸੈਨ, ਅਬਦੁੱਲ ਰਸ਼ੀਦ ਤੇਲੀ ਅਤੇ ਐਸਿਸਟੈਂਟ ਪ੍ਰਾਜੈਕਟ ਅਫਸਰ (ਏ.ਪੀ.ਓ.) ਰਿਆਜ਼ ਅਨਾਇਤ ਉਲੱਾ।

ਚੱਲਦਿਆਂ-ਚੱਲਦਿਆਂ ਰਸਤੇ ਵਿੱਚ ਪਹਾੜ ਦੀ ਇੱਕ ਕਿੰਗਰ ਤੇ ਪੜੀ ਦਿਸ ਰਹੀ ਸੀ। ਘੋੜਾ ਬਹੁਤ ਅਕਲਮੰਦ ਜਾਨਵਰ ਹੈ ਤੇ ਉਹ ਆਪਣੇ ਸਵਾਰ ਨੂੰ ਕਦੇ ਨੁਕਸਾਨ ਨਹੀਂ ਪੁੱਜਣ ਦਿੰਦਾ, ਪਰ ਅਨਾੜੀ ਸਵਾਰ ਇਹ ਸਮਝਦਾ ਹੈ ਕਿ ਸ਼ਾਇਦ ਘੋੜਾ ਉਬੜ-ਖਾਬੜ ਰਸਤਿਆਂ ਵਿੱਚ ਸਵਾਰ ਨੂੰ ਸੁੱਟ ਦੇਵੇਗਾ। ਇਹੋ ਹੀ ਤੋਖਲਾ ਅਬਦੁੱਲ ਰਸ਼ੀਦ ਨੂੰ ਵੀ ਹੋਇਆ, ਉਸਦਾ ਘੋੜਾ ਜਿਸ ਵੇਲੇ ਪੜੀ ਕੋਲੋਂ ਲੰਘਣ ਲੱਗਾ ਤਾਂ ਰਸ਼ੀਦ ਨੇ ਆਪਣੇ ਆਪ ਨੂੰ ਬਚਾਉਣ ਲਈ ਪਹਾੜੀ ਨੂੰ ਫੜਨਾ ਚਾਹਿਆ, ਹੱਥ ਲੱਗਦਿਆਂ ਹੀ ਘੋੜਾ ਡਾਵਾਂ ਡੋਲ ਹੋਇਆ ਤੇ ਡਿੱਗ ਪਿਆ। ਰਸ਼ੀਦ ਦਾ ਪੈਰ ਰਕਾਬ ਵਿੱਚ ਫਸ ਗਿਆ ਤੇ ਘੋੜਾ ਉਸਨੂੰ ਘਸੀਟਨ ਲੱਗਾ। ਪੈਰ ਛੁਡਾਉਣ ਲਈ ਅਬਦੁੱਲ ਰਸ਼ੀਦ ਨੇ ਲੱਤ ਨੂੰ ਛੰਡਿਆ ਜਿਸ ਨਾਲ ਘੋੜਾ ਪਗਡੰਡੀ ਤੋਂ ਹੇਠਾਂ ਉਤਰ ਗਿਆ ਤੇ ਦੋਵੇਂ ਰਿੜ੍ਹਦੇ-ਰਿੜ੍ਹਦੇ ਹੇਠਾਂ ਚਨਾਬ ਕੋਲ ਪੁੱਜ ਗਏ। ਖ਼ਾਲਿਦ ਹੁਸੈਨ ਤੇ ਰਿਆਜ਼ ਨੇ ਆਪਣਿਆਂ ਘੋੜਿਆਂ ਤੋਂ ਉਤਰ ਕੇ ਪਹਾੜੀ ਦੀ ਢਲਾਣ ਵੱਲ ਛਾਲਾਂ ਮਾਰੀਆਂ। ਉਨ੍ਹਾਂ ਦੋਵਾਂ ਦੇ ਕੱਪੜੇ ਕੰਡਿਆਂ ਨਾਲ ਫਟ ਗਏ, ਪਰ ਉਹ ਬੈਂਕ ਦੇ ਜ਼ਿਲ੍ਹਾ ਅਫਸਰ ਕੋਲ ਪਹੁੰਚ ਗਏ। ਘੋੜਾ ਮਰ ਚੁੱਕਾ ਸੀ ਤੇ ਰਸ਼ੀਦ ਦਰਦ ਨਾਲ ਕੁਰਲਾ ਰਿਹਾ ਸੀ। ਉਸਦੀਆਂ ਦੋਵੇਂ ਬਾਹਵਾਂ ਦੀਆਂ ਹੱਡੀਆਂ ਚੂਰ-ਚੂਰ ਹੋ ਚੁੱਕੀਆਂ ਸਨ ਤੇ ਲੱਕ ਦੀ ਹੱਡੀ ਵੀ ਟੁੱਟ ਚੁੱਕੀ ਸੀ। ਉਹ ਪਾਣੀ ਮੰਗਣ ਲੱਗਾ, ਖ਼ਾਲਿਦ ਹੁਸੈਨ ਦਰਿਆ ਵਿੱਚੋਂ ਪਾਣੀ ਦੀ ਬੁੱਕ ਭਰਦਾ, ਪਰ ਰਸ਼ੀਦ ਕੋਲ ਪਹੁੰਚਦਿਆਂ-ਪਹੁੰਚਦਿਆਂ ਬੁੱਕ ਖਾਲੀ ਹੋ ਜਾਂਦੀ। ਉਸਨੂੰ ਉਥੇ ਕਿਸੇ ਜਨੌਰ ਦੀ ਖਾਲੀ ਖੋਪੜੀ ਮਿਲੀ, ਖ਼ਾਲਿਦ ਨੇ ਖੋਪੜੀ ਲਈ ਤੇ ਉਸ ਵਿੱਚ ਚਨਾਬ ਦਾ ਠੰਡਾ ਬਰਫ ਪਾਣੀ ਲਿਆ ਕੇ ਰਸ਼ੀਦ ਨੂੰ ਪਿਲਾਇਆ। ਰਿਆਜ਼ ਨੇ ਘੋੜੇ ਦੀ ਕਾਠੀ ਖੋਲੀ, ਕਾਠੀ ਦੇ ਹੇਠਾਂ ਦਾ ਕੰਬਲ ਖੋਲ ਕੇ ਉਸ ਵਿੱਚ ਉਨ੍ਹਾਂ ਦੋਵਾਂ ਨੇ ਰਸ਼ੀਦ ਨੂੰ ਲਿਟਾਇਆ ਤੇ ਕਿਸੇ ਗੈਬੀ ਤਾਕਤ ਦੇ ਸਦਕੇ ਅੱਠ-ਨੌਂ ਸੌ ਫੁੱਟ ਉਚੀ ਪਹਾੜੀ ’ਤੇ ਚੜ੍ਹ ਕੇ ਰਸ਼ੀਦ ਸਮੇਤ ਮੁੜ ਪਗਡੰਡੀ ’ਤੇ ਆ ਗਏ। ਰਸ਼ੀਦ ਨੇ ਮੁੜ ਪਾਣੀ ਮੰਗਿਆ, ਰਿਆਜ਼ ਉਸ ਸੰਘਣੇ ਜੰਗਲ ਵਿੱਚ ਪਾਣੀ ਲੱਭਣ ਨਿਕਲਿਆ। ਰਸ਼ੀਦ ਨੇ ਖ਼ਾਲਿਦ ਨੂੰ ਪਿਸ਼ਾਬ ਕਰਾਨ ਲਈ ਕਿਹਾ ਤੇ ਪਿਸ਼ਾਬ ਕਰਨ ਦੇ ਨਾਲ ਹੀ ਉਸਨੇ ਦਮ ਤੋੜ ਦਿੱਤਾ। ਰਿਆਜ਼ ਜਦ ਆਇਆ ਤਾਂ ਉਸਨੇ ਰਸ਼ੀਦ ਦੀ ਲਾਸ਼ ਵੇਖੀ ਤਾਂ ਰੋਣ ਲੱਗ ਪਿਆ। ਖ਼ਾਲਿਦ ਹੁਸੈਨ ਨੇ ਉਸਨੂੰ ਸਮਝਾਇਆ ਕੇ ਰੋਣ ਦਾ ਸਮਾਂ ਨਹੀਂ ਹੈ, ਰਾਤ ਪੈ ਰਹੀ ਹੈ ਤੇ ਰਸ਼ੀਦ ਦੀ ਲਾਸ਼ ਨੂੰ ਵਾਪਿਸ ਅਠੋਲੀ ਲੈ ਜਾਣਾ ਪਵੇਗਾ। ਖ਼ਾਲਿਦ ਹੁਸੈਨ ਨੇ ਰਿਆਜ਼ ਨੂੰ ਲਾਸ਼ ਕੋਲ ਰੱਖਿਆ ਤੇ ਆਪ ਆਪਣੇ ਪੰਚਾਇਤ ਅਫਸਰ ਧੁਨੀ ਚੰਦ ਤੇ ਹੋਰ ਅਮਲੇ ਨੂੰ ਬੁਲਾਉਣ ਲਈ ਸ਼ਾਸ਼ੂ ਵੱਲ ਤੁਰ ਪਿਆ। ਸ਼ਾਸ਼ੂ ਪਹੁੰਚ ਕੇ ਉਸਨੇ ਧੂਨੀ ਚੰਦ ਨੂੰ ਵਾਪਰੀ ਘਟਨਾ ਬਾਰੇ ਦੱਸਿਆ। ਧੂਨੀ ਚੰਦ ਆਪਣੇ ਸਾਥੀਆਂ ਨੂੰ ਲੈ ਕੇ ਘਟਨਾ ਵਾਲੀ ਥਾਂ ’ਤੇ ਪਹੁੰਚਣ ਲਈ ਦੌੜਣ ਲੱਗਾ। ਉਸਨੇ ਰਸਤੇ ਵਿੱਚ ਦੀਨੀਆਂ (ਚੀੜ ਦੀ

ਲੱਕੜੀ ਦੀਆਂ ਢੀਂਗਰਾਂ/ਡਾਹਣੀਆਂ) ਬਾਲੀਆਂ ਤੇ ਉਨ੍ਹਾਂ ਦੀ ਲੋਅ ਵਿੱਚ ਤੁਰਨ ਲੱਗਾ। ਧੂਨੀ ਚੰਦ ਹਾਦਸੇ ਵਾਲੀ ਥਾਂ ਤੋਂ ਅੱਗੇ ਨਿਕਲ ਗਿਆ ਤਾਂ ਜੋ ਕਜਾਈ ਤੇ ਪਡੇਰਣਾ ਪਿੰਡਾਂ ਤੋਂ ਲੋਕਾਂ ਨੂੰ ਲੈ ਕੇ ਆਵੇ ਤੇ ਲਾਸ਼ ਨੂੰ ਅਠੋਲੀ ਲਿਜਾਇਆ ਜਾ ਸਕੇ। ਪਿੰਡ ਵਾਲਿਆਂ ਜਦ ਰਸ਼ੀਦ ਦੀ ਮੌਤ ਦੀ ਖ਼ਬਰ ਸੁਣੀ ਤਾਂ ਸਾਰੇ ਰੋਣ ਲੱਗੇ ਤਾਂ ਕੁੱਝ ਬੰਦੇ ਅਠੋਲੀ ਵੱਲ ਖ਼ਬਰ ਸੁਣਾਨ ਨਿਕਲ ਗਏ ਤੇ ਬਾਕੀ ਪਿੰਡ ਦੇ ਸਾਰੇ ਮਰਦ ਘਟਨਾ ਵਾਲੀ ਥਾਂ ਵੱਲ ਚੱਲ ਪਏ। ਉਨ੍ਹਾਂ ਨੇ ਇੱਕ ਮੰਜੀ ਤੇ ਰੱਸੇ ਫੜੇ ਹੋਏ ਸਨ। ਉਨ੍ਹਾਂ ਨੇ ਲਾਸ਼ ਨੂੰ ਮੰਜੇ 'ਤੇ ਰੱਖਿਆ ਤੇ ਰੱਸਿਆਂ ਨੂੰ ਮੰਜੀ ਨਾਲ ਬੰਨ੍ਹ ਦਿੱਤਾ ਤਾਂ ਜੋ ਤੰਗ ਰਸਤੇ ਵਿੱਚ ਮੰਜੀ ਨੂੰ ਖੜਿਆਂ ਕਰਕੇ ਲੰਘਿਆ ਜਾ ਸਕੇ। ਜਦ ਉਹ ਸਾਰੇ ਕਜਾਈ ਤੇ ਪਡੇਰਣਾ ਪਿੰਡ ਪਹੁੰਚੇ ਤਾਂ ਸਾਰਾ ਪਿੰਡ ਰੋ ਰਿਹਾ ਸੀ, ਖ਼ਾਸਕਰ ਤੀਵੀਆਂ ਤੇ ਬੱਚੇ। ਉਥੋਂ ਕਾਫ਼ਲਾ ਅਠੋਲੀ ਵੱਲ ਤੁਰਿਆ ਤੇ ਰਾਤੀ ਦੋ ਵਜੇ ਅਠੋਲੀ ਪਹੁੰਚਿਆ। ਅਠੋਲੀ ਦੀ ਸਾਰੀ ਬਸਤੀ ਜਾਗ ਰਹੀ ਸੀ ਤੇ ਰੋ ਰਹੀ ਸੀ। ਉਨ੍ਹਾਂ ਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਜਿਹੜਾ ਬੰਦਾ ਦਿਨੇ ਉਨ੍ਹਾਂ ਨੂੰ ਜਰਸੀ ਗਾਵਾਂ ਖਰੀਦ ਕੇ ਦੇ ਰਿਹਾ ਸੀ ਉਸਦੀ ਲਾਸ਼ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਹੈ। ਖ਼ੈਰ ਸਵੇਰੇ ਡਿਪਟੀ ਕਮਿਸ਼ਨਰ ਇਕਬਾਲ ਖਾਂਡੇ ਹੋਰਾਂ ਨੂੰ ਖ਼ਾਲਿਦ ਹੁਸੈਨ ਨੇ ਵਾਇਰਲੈਸ ਰਾਹੀਂ ਇਸ ਅਣਹੋਣੀ ਘਟਨਾ ਦੀ ਸੂਚਨਾ ਦਿੱਤੀ ਤੇ ਹੈਲੀਕਾਪਟਰ ਘੱਲਣ ਦੀ ਬੇਨਤੀ ਕੀਤੀ। ਦਿਨ ਦੇ ਦੋ ਵਜੇ ਹੈਲੀਕਾਪਟਰ ਆਇਆ ਤੇ ਖ਼ਾਲਿਦ ਹੁਸੈਨ, ਰਸ਼ੀਦ ਦੀ ਲਾਸ਼ ਨੂੰ ਲੈ ਕੇ ਹੈਲੀਕਾਪਟਰ ਵਿੱਚ ਸਵਾਰ ਹੋਇਆ ਤੇ ਤਿੰਨ ਵਜੇ ਬਦਾਮੀਂ ਬਾਗ਼ (ਸ੍ਰੀਨਗਰ), ਆਰਮੀ ਕੈਨਟੋਨਮੈਂਟ ਦੇ ਹੈਲੀਪੈਡ 'ਤੇ ਉਤਾਰਿਆ। ਰਸ਼ੀਦ ਤੇਲੀ ਦੇ ਸਾਕ-ਸੰਬੰਧੀ, ਯਾਰ-ਬੇਲੀ ਤੇ ਜੰਮੂ-ਕਸ਼ਮੀਰ ਬੈਂਕ ਦੇ ਵੱਡੇ ਅਫ਼ਸਰ ਸਾਰੇ ਹੈਲੀਪੈਡ 'ਤੇ ਮੌਜੂਦ ਸਨ। ਉਸਨੂੰ ਦਰੁਗਜਨ ਡਲਗੇਟ ਦੇ ਜੱਦੀ ਕਬਰਸਤਾਨ ਵਿੱਚ ਦਫਨਾਇਆ ਗਿਆ। ਖ਼ਾਲਿਦ ਹੁਸੈਨ ਜਨਾਜ਼ੇ ਵਿੱਚ ਸ਼ਾਮਿਲ ਹੋਇਆ ਤੇ ਕਬਰ 'ਤੇ ਮਿੱਟੀ ਦੀਆਂ ਤਿੰਨ ਬੁੱਕਾਂ ਪਾ ਕੇ ਤੇ ਉਸਨੂੰ ਸ਼ਰਧਾਂਜਲੀ ਭੇਟ ਕਰਕੇ ਵਾਪਿਸ ਡੋਡੇ ਆ ਗਿਆ।

ਬਟੋਤ ਤੋਂ ਡੋਡੇ ਜਾਂਦਿਆਂ ਬੱਗਰ ਤੇ ਅੱਸਰ ਨਾਂ ਦੇ ਦੋ ਪਿੰਡ ਆਉਂਦੇ ਹਨ। ਉਨ੍ਹਾਂ ਦੇ ਬਿਲਕੁਲ ਸਾਹਮਣੇ ਟਾਪਨੀਲ ਦੀ ਪਹਾੜੀ ਹੈ, ਜਿਸ 'ਤੇ ਜਾਣ ਲਈ ਚਨਾਬ ਦਰਿਆ 'ਤੇ ਬਣਿਆ ਰੱਸਿਆਂ ਵਾਲਾ ਪੁੱਲ ਟੱਪਣਾ ਪੈਂਦਾ ਹੈ। ਉਥੇ (ਟਾਪਨੀਲ) ਅੱਸਰ ਬਲਾਕ ਵੱਲੋਂ ਹਾਈ ਸਕੂਲ ਦੀ ਇਮਾਰਤ ਉਸਾਰੀ ਜਾ ਰਹੀ ਸੀ। ਟਾਪਨੀਲ ਦੇ ਕੁੱਝ ਲੋਕਾਂ ਖ਼ਾਲਿਦ ਹੁਸੈਨ ਨੂੰ ਸ਼ਿਕਾਇਤ ਕੀਤੀ ਕਿ ਬਿਲਡਿੰਗ ਉਸਾਰੀ ਦਾ ਕੰਮ ਬੜਾ ਘਟੀਆ ਹੈ ਤੇ ਠੇਕੇਦਾਰ, ਗ੍ਰਾਮ ਸੇਵਕ ਨਾਲ ਮਿਲ ਕੇ ਸੀਮੇਂਟ ਅਤੇ ਲੋਹੇ ਦੀਆਂ ਚਾਦਰਾਂ ਵੇਚ ਗਿਆ ਹੈ। ਖ਼ਾਲਿਦ ਹੁਸੈਨ ਨੇ ਮੌਕਾ ਦੇਖਣ ਦਾ ਫੈਸਲਾ ਕੀਤਾ। ਬੀ.ਡੀ.ਓ. ਇੰਜੀਨੀਅਰ ਤੇ ਗ੍ਰਾਮ ਸੇਵਕ ਨੂੰ ਨਾਲ ਲਿਆ ਤੇ ਟਾਪਨੀਲ ਦਾ ਸਫ਼ਰ ਸ਼ੁਰੂ ਕੀਤਾ।

ਸੜਕ ਤੋਂ ਟਾਪਨੀਲ ਬੜਾ ਨੇੜੇ ਦਿਸਦਾ ਹੈ, ਪਰ ਜਦ ਪੈਂਡਾ ਸ਼ੁਰੂ ਹੋਇਆ ਤਾਂ ਚਨਾਬ 'ਤੇ ਬਣੇ ਰੱਸਿਆਂ ਵਾਲੇ ਪੁੱਲ ਉਤੇ ਪੁੱਜਣ ਨੂੰ ਚਾਰ ਘੰਟੇ ਲੱਗ ਗਏ। ਹਾਲਾਂਕਿ ਖ਼ਾਲਿਦ ਹੁਸੈਨ ਘੋੜੇ 'ਤੇ ਸਵਾਰ ਸੀ ਜਦਕਿ ਬਾਕੀ ਅਮਲਾ ਪੈਦਲ ਚੱਲ ਰਿਹਾ ਸੀ। ਦੋ ਦਿਨ ਪਹਿਲਾਂ ਟਾਪਨੀਲ ਅਤੇ ਪਹਾੜੀ ਰਸਤੇ ਵਿੱਚ ਰੱਜ ਕੇ ਬਰਫ਼ ਪਈ ਸੀ ਜਿਸ ਕਾਰਨ ਕਈ ਵਾਰੀ ਘੋੜੇ ਦੇ ਖੁਰ ਜਾਂ ਤਾਂ ਫਿਸਲਦੇ ਜਾਂ ਬਰਫ਼ ਵਿੱਚ ਖੁਭ ਜ਼ਾਂਦੇ। ਚੜ੍ਹਾਈ ਬੜੀ ਸਖ਼ਤ ਸੀ ਤੇ ਘੋੜਾ ਪਸੀਨੋ-ਪਸੀਨੀ ਹੋ ਰਿਹਾ ਸੀ। ਥਾਂ-ਥਾਂ 'ਤੇ ਪੜੀਆਂ ਸਨ ਤੇ ਬਰਫ਼ ਕਾਰਨ ਪਗਡੰਡੀ ਨਹੀਂ ਸੀ ਦਿਸ ਰਹੀ। ਇੱਕ ਵਾਰ 'ਤੇ ਘੋੜੇ ਦਾ ਪੈਰ ਫਿਸਲਿਆ ਤੇ ਖ਼ਾਲਿਦ ਹੁਸੈਨ ਚਕੋ ਕੇ ਪੰਜਾਹ ਫੁੱਟ ਹੇਠਾਂ ਰਿੜ੍ਹਦਾ ਗਿਆ ਤੇ ਇੱਕ ਪੜੀ (ਚੱਟਾਨ) ਨਾਲ ਟਕਰਾ ਕੇ ਰੁਕ ਗਿਆ। ਉਸਨੂੰ ਬਚਾਣ ਲਈ ਬਲਾਕ ਦਾ ਅਮਲਾ ਦੌੜਿਆ, ਪਰ ਤਦ ਤਕ ਉਹ ਉਠ ਖਲੋਤਾ ਸੀ। ਬਰਫ਼ ਦੀ ਮੋਟੀ ਤਹਿ ਕਾਰਨ ਉਹ ਫੱਟੜ ਨਹੀਂ ਸੀ ਹੋਇਆ। ਜਦ ਉਹ ਚੱਲਣ ਲੱਗਾ ਤਾਂ ਉਸਦੇ ਪੈਰ ਬਰਫ਼ ਵਿੱਚ ਖੁਭਦੇ ਜਾ ਰਹੇ ਸਨ ਜਿਸ ਕਾਰਨ ਚੱਲਣਾ ਔਖਾ ਹੋ ਰਿਹਾ ਸੀ। ਉਹ ਹੱਥਾਂ ਦੀਆਂ ਤਲੀਆਂ ਨਾਲ ਬਰਫ਼ ਹੇਠਾਂ ਪਏ ਵੱਡੇ ਪੱਥਰਾਂ ਨੂੰ ਫੜਦਾ ਤੇ ਅਗਲਾ ਕਦਮ ਪੁੱਟਦਾ। ਇਸ ਔਖੇ ਤੇ ਪੁੱਠੇ ਰਸਤੇ 'ਤੇ ਘੋੜੇ ਦਾ ਚੱਲਣਾ ਬੜਾ ਮੁਸ਼ਕਿਲ ਸੀ। ਇਸ ਲਈ ਖ਼ਾਲਿਦ ਹੁਸੈਨ ਨੂੰ ਪੈਦਲ ਤੁਰਨਾ ਪੈ ਗਿਆ। ਜਦ ਉਹ ਟਾਪਨੀਲ ਦੇ ਪਿੰਡ ਪਹੁੰਚੇ ਤਾਂ ਰਾਤ ਦੇ ਦਸ ਵੱਜ ਚੁੱਕੇ ਸਨ। ਸਰਪੰਚ ਦੇ ਘਰ ਰਹਿਣ ਦਾ ਬੰਦੋਬਸਤ ਕੀਤਾ ਗਿਆ ਸੀ। ਉਸਨੇ ਵਾਹ-ਵਾਹ ਇੰਤਜ਼ਾਮ ਕੀਤਾ ਹੋਇਆ ਸੀ। ਉਹ ਸਾਰੇ ਬੇਸੁਰਤੇ ਤੇ ਘਾਬਰੇ ਹੋਏ ਸਨ ਅਤੇ ਉਨ੍ਹਾਂ ਟਿਕਾਣੇ ਸਿਰ ਪੁੱਜ ਕੇ ਰੱਬ ਦਾ ਸ਼ੁਕਰ ਅਦਾ ਕੀਤਾ। ਥਕੇਵੇਂ ਕਾਰਨ ਰਾਤ ਨੂੰ ਰੱਜ ਕੇ ਨੀਂਦ ਆਈ। ਸੁਬਹਾ ਨਾਸ਼ਤਾ ਕਰਨ ਮਗਰੋਂ ਸਕੂਲ ਦੇ ਕੰਮ ਨੂੰ ਵੇਖਿਆ। ਕੰਮ ਬਿਲਕੁਲ ਠੀਕ ਚੱਲ ਰਿਹਾ ਸੀ। ਸ਼ਿਕਾਇਤ ਕਰਨ ਵਾਲਿਆਂ ਨੂੰ ਇਹ ਤਕਲੀਫ ਸੀ ਕਿ ਸਕੂਲ ਦਾ ਕੰਮ ਉਨ੍ਹਾਂ ਨੂੰ ਕਿਉਂ ਨਹੀਂ ਮਿਲਿਆ। ਉਥੇ ਇੱਕ ਅੱਸੀ ਸਾਲ ਦਾ ਬੁੱਢਾ ਬ੍ਰਾਹਮਣ ਮਿਲਿਆ ਤੇ ਉਸਨੇ ਮੰਗ ਕੀਤੀ ਕਿ ਪਿੰਡ ਦੇ ਰਾਮ ਮੰਦਰ ਦੀ ਮੁਰੰਮਤ ਕਰਾਈ ਜਾਏ ਤੇ ਨਾਲ ਦੀ ਖਾਲੀ ਥਾਂ 'ਚ ਸਰਾਂ ਬਣਾਈ ਜਾਏ ਤਾਂ ਜੋ ਰਾਮ ਮੇਲੇ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਰਹਿਣ ਲਈ ਜਗ੍ਹਾ ਮਿਲ ਸਕੇ। ਖ਼ਾਲਿਦ ਹੁਸੈਨ, ਬੀ.ਡੀ.ਓ. ਨੂੰ ਲੈ ਕੇ ਮੌਕੇ 'ਤੇ ਗਿਆ ਤੇ ਉਸਨੇ ਵੇਖਿਆ ਕਿ ਪਾਣੀ ਦਾ ਇੱਕ ਕੁਦਰਤੀ ਝਰਨਾ ਵਗ ਰਿਹਾ ਹੈ ਅਤੇ ਝਰਨੇ ਅੰਦਰ ਇੱਕ ਨਿੱਕਾ ਜਿਹਾ ਮੰਦਰ ਜਿਹਾ ਬਣਿਆ ਹੋਇਆ ਹੈ, ਜਿਸ ਵਿੱਚ ਰਾਮ, ਸੀਤਾ ਤੇ ਲਕਸ਼ਮਣ ਦੀਆਂ ਪੱਥਰ ਦੀਆਂ ਨਿੱਕੀਆਂ-ਨਿੱਕੀਆਂ ਮੂਰਤਾਂ ਸਥਾਪਿਤ ਹਨ। ਬੁੱਢੇ ਬ੍ਰਾਹਮਣ ਦਾ ਕਹਿਣਾ ਸੀ ਕਿ ਇਸ ਮੰਦਰ ਨੂੰ ਵੱਡਾ ਕੀਤਾ ਜਾਵੇ। ਖ਼ਾਲਿਦ ਹੁਸੈਨ ਨੇ ਕਿਹਾ ਪੰਡਿਤ ਜੀ ਕਿ ਇਸ ਮੰਦਰ ਨੂੰ ਨਾ ਛੇੜਿਆ ਜਾਵੇ ਕਿਉਂਕਿ ਇਹ ਪ੍ਰਾਚੀਨ ਨਿਸ਼ਾਨੀ ਹੈ ਤੇ ਤੁਹਾਡੇ ਪੁਰਖਿਆਂ ਨੇ

ਬਣਾਇਆ ਹੋਇਆ ਹੈ ਅਤੇ ਇਹ ਮੂਰਤੀਆਂ ਪਾਣੀ ਵਿੱਚ ਬੜੀਆਂ ਸੋਹਣੀਆਂ ਦਿਸਦੀਆਂ ਹਨ, ਇਸ ਲਈ ਨਾਲ ਦੀ ਖਾਲੀ ਜਗ੍ਹਾ 'ਤੇ ਬਾਗ ਬਣਾਇਆ ਜਾਏਗਾ ਤੇ ਸ਼ਰਧਾਲੂਆਂ ਲਈ ਇੱਕ ਸਰਾਂ ਵੀ ਬਣਾਈ ਜਾਏਗੀ। ਬੁੱਢਾ ਬ੍ਰਾਹਮਣ ਬੜਾ ਖੁਸ਼ ਹੋਇਆ ਤੇ ਕਹਿਣ ਲੱਗਾ ਕਿ ਉਹ ਇੱਕ ਖਾਸ ਘੋੜਾ ਦੱਸਣਾ ਚਾਹੁੰਦਾ ਹੈ। ਖ਼ਾਲਿਦ ਹੁਸੈਨ ਉਸ ਨਾਲ ਘੋੜਾ ਵੇਖਣ ਚੱਲ ਪਿਆ। ਕੋਈ ਇੱਕ ਕਿਲੋਮੀਟਰ ਦੇ ਫਾਸਲੇ 'ਤੇ ਉਸਨੇ ਇੱਕ ਪੱਥਰ ਤੋਂ ਤਰਾਸ਼ਿਆ ਹੋਇਆ ਇੱਕ ਉਚਾ ਲੰਮਾ ਘੋੜਾ ਦੱਸਿਆ ਜਿਹੜਾ ਹੱਥ ਲਾਉਣ ਨਾਲ ਹਿੱਲਦਾ ਸੀ। ਬੁੱਢੇ ਪੰਡਿਤ ਨੇ ਕਿਹਾ ਕਿ ਇਸ ਘੋੜੇ ਦੀ ਚਮਤਕਾਰੀ ਇਹ ਹੈ ਕਿ ਇਸ ਉਤੇ ਬਹਿਣ ਨਾਲ ਘੋੜੇ ਦਾ ਹਿੱਲਣਾ ਬੰਦ ਹੋ ਜਾਂਦਾ ਹੈ। ਖ਼ਾਲਿਦ ਹੁਸੈਨ ਜਦ ਉਸ ਘੋੜੇ 'ਤੇ ਬੈਠਾ ਤਾਂ ਸੱਚੀ ਮੁੱਚੀ ਘੋੜਾ ਸਥਿਰ ਹੋ ਗਿਆ ਤੇ ਉਸਦਾ ਹਿੱਲਣਾ ਬੰਦ ਹੋ ਗਿਆ। ਬੀ.ਡੀ.ਓ. ਨੇ ਆਪਣੇ ਕੈਮਰੇ ਨਾਲ ਘੋੜੇ 'ਤੇ ਬੈਠੇ ਹੋਏ ਖ਼ਾਲਿਦ ਦੀਆਂ ਫੋਟੋਆਂ ਖਿੱਚੀਆਂ ਜਿਹੜੀਆਂ ਉਸਨੇ ਆਪ ਮੈਨੂੰ ਦੱਸੀਆਂ ਸਨ ਤੇ ਮੈਨੂੰ ਸਾਰਾ ਕਿੱਸਾ ਵੀ ਸੁਣਾਇਆ ਸੀ। ਉਸਨੇ ਦੱਸਿਆ ਸੀ ਕਿ ਟਾਪਨੀਲ ਦਾ ਸਾਰਾ ਪਿੰਡ ਪਹਿਲਾਂ ਹਿੰਦੂ ਧਰਮ ਨੂੰ ਮੰਨਣ ਵਾਲਾ ਸੀ, ਮਗਰੋਂ ਖੌਰੇ ਕਦੋਂ ਸਾਰੇ ਪਿੰਡ ਦੇ ਲੋਕੀ ਮੁਸਲਮਾਨ ਹੋ ਗਏ ਤੇ ਸਿਰਫ ਉਹ ਬੁੱਢਾ ਬ੍ਰਾਹਮਣ ਤੇ ਉਸਦਾ ਟੱਬਰ ਹੀ ਹਿੰਦੂ ਰਹਿ ਗਏ। ਇਸ ਪਿੰਡ ਦੇ ਵਸਨੀਕਾਂ ਦਾ ਤੇ ਉਸ ਬੁੱਢੇ ਬ੍ਰਾਹਮਣ ਦਾ ਖਾਨਦਾਨੀ ਪਿਛੋਕੜ ਸਾਂਝਾ ਸੀ। ਇਸੇ ਕਿਸਮ ਦੇ ਪੱਥਰ ਵਾਲੇ ਘੋੜੇ ਗੁਲ ਬਲਾਕ ਦੇ ਇੱਕ ਪਿੰਡ ਵਿੱਚ ਵੀ ਹਨ ਤੇ ਉਸ ਜਗ੍ਹਾ ਨੂੰ ਘੋੜਾ ਗਲੀ ਕਹਿੰਦੇ ਹਨ। ਤੇ ਖ਼ਾਲਿਦ ਹੁਸੈਨ ਮੁਜਬ ਇਨਸਾਨੀ ਅਕਲ ਦੰਗ ਰਹਿ ਜਾਂਦੀ ਹੈ ਕਿ ਉਸ ਜ਼ਮਾਨੇ ਦੇ ਲੋਕੀ ਕਿੰਝ ਇਨ੍ਹਾਂ ਔਖੀਆਂ ਥਾਵਾਂ 'ਤੇ ਸੰਗਤਰਾਸ਼ੀ ਦਾ ਕੰਮ ਕਰਦੇ ਸਨ।

1990 ਵਿੱਚ ਖ਼ਾਲਿਦ ਹੁਸੈਨ ਪੁਣਛ ਜ਼ਿਲ੍ਹੇ ਵਿੱਚ ਐਸਿਸਟੈਂਟ ਕਮਿਸ਼ਨਰ ਡਿਵੈਲਪਮੈਂਟ (ਏ.ਸੀ.ਡੀ.) ਨਿਯੁਕਤ ਹੋਇਆ। ਉਸ ਵੇਲੇ ਜੰਮੂ-ਕਸ਼ਮੀਰ ਵਿੱਚ ਉਗਰਵਾਦ ਸਿਖ਼ਰ 'ਤੇ ਸੀ। ਖਾੜਕੂ ਪਾਕਿਸਤਾਨੀ ਇੰਤਜ਼ਾਮ ਵਾਲੇ ਕਸ਼ਮੀਰ ਤੋਂ ਪੁਣਛ ਦੇ ਜੰਗਲਾਂ ਰਾਹੀਂ ਸਾਡੇ ਪਾਸੇ ਦਾਖ਼ਿਲ ਹੁੰਦੇ ਸਨ। ਆਖ਼ਰਕਾਰ ਸਾਵਜੀਆਂ, ਗਗਰੀਆਂ, ਚਿੜੀਕੋਟ, ਤੇਤਰੀਨੋਟ ਤੇ ਬਲਨੋਈ ਆਦਿ ਇਲਾਕਿਆਂ ਤੋਂ ਖਾੜਕੂ ਬੰਨਾ ਟੱਪ ਕੇ ਇੱਧਰ ਆਉਂਦੇ ਸਨ। ਹਾਲਾਤ ਬੜੇ ਖਰਾਬ ਸਨ। ਜ਼ਿੰਦਗੀ ਤੇ ਮੌਤ ਵਿਚਕਾਰ ਫਾਸਲਾ ਨਾ ਹੋਣ ਦੇ ਬਰਾਬਰ ਸੀ। ਆਏ ਦਿਨ ਖਾੜਕੂਆਂ ਦਾ ਟਾਕਰਾ ਪੁਲਿਸ ਤੇ ਫੌਜ ਨਾਲ ਹੁੰਦਾ। ਫਾਗਲਾ ਤੇ ਮੜਾ ਦੀਆਂ ਪਹਾੜੀਆਂ 'ਤੇ ਖਾੜਕੂਆਂ ਨੇ ਆਪਣੇ ਠਿਕਾਣੇ ਬਣਾ ਰੱਖੇ ਸਨ। ਖਾੜਕੂ ਤੇ ਫੌਜ ਆਪਸ ਵਿੱਚ ਲੁਕਾ ਮਿਟੀ ਦੀ ਖੇਡ ਖੇਡਦੇ ਰਹਿੰਦੇ। ਸਰਕਾਰ ਨੇ ਬਿਹਤਰ ਕੰਮ ਕਾਜ ਚਲਾਣ ਲਈ ਪੁਣਛ ਤੇ ਰਾਜੌਰੀ ਜ਼ਿਲ੍ਹਿਆਂ ਵਾਸਤੇ ਇੱਕ ਸਪੈਸ਼ਲ ਕਮਿਸ਼ਨਰ ਸ਼੍ਰੀ ਸੁਧੀਰ ਸਿੰਘ ਬਲੋਰੀਆ (ਆਈ.ਏ.ਐਸ.) ਨੂੰ ਖਸੂਸੀ

ਇਖ਼ਤਿਆਰ ਦੇ ਕੇ ਘੱਲਿਆ ਸੀ। ਰਾਜੌਰੀ ਤੇ ਪੁਣਛ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਇਸ ਵਿਸ਼ੇਸ਼ ਕਮਿਸ਼ਨਰ ਅੱਗੇ ਜਵਾਬ ਦੇਹ ਸਨ। ਮਿਲੀਟੈਂਸੀ ਦੇ ਉਸ ਝੱਖੜ ਵਿੱਚ ਵੀ ਖ਼ਾਲਿਦ ਹੁਸੈਨ ਬਲਾਕਾਂ, ਪੰਚਾਇਤਾਂ ਤੇ ਪਿੰਡਾਂ ਦੇ ਦੌਰੇ ਕਰਦਾ ਰਹਿੰਦਾ ਤੇ ਕਹਿੰਦਾ ਜਿਹੜੀ ਗੋਲੀ ਉਸ ਲਈ ਬਣੀ ਹੈ ਉਹ ਉਸਨੂੰ ਜ਼ਰੂਰ ਲੱਗੇਗੀ ਅਤੇ ਜਿਹੜੀ ਨਹੀਂ ਬਣੀ ਉਹ ਕਦੇ ਉਸਨੂੰ ਵੱਜ ਹੀ ਨਹੀਂ ਸਕਦੀ। ਬਾਕੀ ਜ਼ਿੰਦਗੀ ਤੇ ਮੌਤ ਰੱਬ ਦੇ ਹੱਥ ਵਿੱਚ ਹੈ। ਉਨ੍ਹਾਂ ਔਖੇ ਦਿਨਾਂ ਵਿੱਚ ਨੌਜਵਾਨ ਨਸਲ ਨੂੰ ਮਿਲੀਟੈਂਸੀ ਤੋਂ ਬਚਾਣ ਲਈ ਖ਼ਾਲਿਦ ਹੁਸੈਨ ਨੇ ਆਪਣੇ ਡਿਪਟੀ ਕਮਿਸ਼ਨਰ ਪੀ. ਧਰ ਚੱਕਰਵਰਤੀ ਨੂੰ ਸਲਾਹ ਦਿੱਤੀ ਕਿ ਪੁਣਛ ਮੇਲਾ ਕਰਵਾਇਆ ਜਾਵੇ। ਇਸ ਵਿੱਚ ਖੇਡਾਂ ਅਤੇ ਗੀਤ-ਸੰਗੀਤ ਤੇ ਕਵੀ ਦਰਬਾਰ ਦਾ ਪ੍ਰੋਗਰਾਮ ਕੀਤਾ ਜਾਵੇ ਤਾਂ ਜੋ ਨੌਜਵਾਨ ਨਸਲ ਨੂੰ ਅੱਤਵਾਦ ਦੇ ਪ੍ਰਭਾਵ ਤੋਂ ਬਚਾਇਆ ਜਾ ਸਕੇ। ਖ਼ਾਲਿਦ ਹੁਸੈਨ ਨੇ ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਨਾਲ ਰਾਬਤਾ ਕਾਇਮ ਕੀਤਾ ਤੇ ਉਨ੍ਹਾਂ ਦੇ ਸਹਿਯੋਗ ਨਾਲ ਪੁਣਛ ਵਿੱਚ ਇੱਕ ਰੰਗਾਰੰਗ ਨਾਚ, ਨਾਟ ਤੇ ਸੰਗੀਤ ਦਾ ਪ੍ਰੋਗਰਾਮ ਕਰਵਾਇਆ। ਹਰ ਇੱਕ ਬਲਾਕ ਵਿੱਚ ਕੌਡੀ, ਵਾਲੀਬਾਲ, ਫੁੱਟਬਾਲ ਤੇ ਕ੍ਰਿਕੇਟ ਦੇ ਮੁਕਾਬਲੇ ਕਰਵਾਏ ਅਤੇ ਆਖ਼ਿਰ ਜ਼ਿਲ੍ਹੇ ਦੀ ਸੱਤ੍ਹਾ 'ਤੇ ਫਾਈਨਲ ਮੁਕਾਬਲੇ ਪੁਣਛ ਵਿੱਚ ਹੋਏ। ਪੂਰਨ ਚੰਦ ਤੇ ਪਿਆਰੇ ਲਾਲ ਵੱਡਾਲੀ ਭਰਾਵਾਂ ਨੂੰ ਪੁਣਛ ਵਿੱਚ ਖ਼ਾਲਿਦ ਨੇ ਲਿਆਂਦਾ ਤੇ ਪੰਜਾਬੀ ਦੇ ਸੂਫੀਆਨਾ ਕਲਾਮ ਨੂੰ ਗਾ ਕੇ ਇਨ੍ਹਾਂ ਦੋਵਾਂ ਭਰਾਵਾਂ ਨੇ ਪੁਣਛ ਦੇ ਲੋਕਾਂ ਦਾ ਦਿਲ ਜਿੱਤਿਆ। ਚੰਚਲ ਭਾਰਤੀ ਜਹੀ ਪ੍ਰਸਿੱਧ ਕਵਾਲਣ ਨੂੰ ਕਵਾਲੀਆਂ ਗਾਉਣ ਲਈ ਪੁਣਛ ਬੁਲਾਇਆ। ਕੁੱਲ ਹਿੰਦ ਕਵੀ ਦਰਬਾਰ ਡੋਡੇ ਵਾਂਗਰ ਪੁਣਛ ਵਿੱਚ ਵੀ ਕਰਵਾਇਆ। ਦੋਵਾਂ ਥਾਵਾਂ 'ਤੇ ਪੂਰੇ ਭਾਰਤ ਤੋਂ ਉਰਦੂ ਦੇ ਪ੍ਰਸਿੱਧ ਕਵੀਆਂ ਨੂੰ ਬੁਲਾਇਆ ਗਿਆ ਜਿਸ ਲਈ ਡੋਡੇ ਜ਼ਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਮੁਹੰਮਦ ਇਕਬਾਲ ਖਾਂਡੇ ਦਾ ਸਹਿਯੋਗ ਹਾਸਿਲ ਸੀ ਤੇ ਪੁਣਛ ਵਿੱਚ ਡੀ.ਸੀ. ਚੱਕਰਵਰਤੀ ਸਾਹਿਬ ਦਾ। ਬਲੋਰੀਆ ਸਾਹਿਬ ਨਾਲ ਖ਼ਾਲਿਦ ਹੁਸੈਨ ਮਸ਼ਹੂਰ ਆਬਸ਼ਾਰ ਨੰਦੀ ਸ਼ੂਲ ਵੇਖਣ ਗਿਆ। ਨੰਦੀ ਸ਼ੂਲ ਆਬਸ਼ਾਰ ਪੀਰ ਪੰਚਾਲ ਦੇ ਪਹਾੜ ਤੋਂ ਬਰਫ ਦੇ ਇੱਕ ਵੱਡੇ ਗਲੇਸ਼ੀਅਰ 'ਤੇ ਡਿੱਗਦੀ ਹੈ, ਜਿਸ ਨਾਲ ਗਲੇਸ਼ੀਅਰ ਵਿੱਚ ਮੁੱਗ ਪਿਆ ਹੋਇਆ ਹੈ ਤੇ ਉਸਨੇ ਇੱਕ ਡੂੰਘੇ ਖੂਹ ਦੀ ਸ਼ਕਲ ਅਖਤਿਆਰ ਕੀਤੀ ਹੋਈ ਹੈ। ਇਹ ਦ੍ਰਿਸ਼ ਦੇਖਣ ਨੂੰ ਬਹੁਤ ਖੂਬਸੂਰਤ ਲੱਗਦਾ ਹੈ, ਜਦ ਆਬਸ਼ਾਰ ਵਾਲਾ ਪਾਣੀ ਗਲੇਸ਼ੀਅਰ ਦੇ ਡੂੰਘੇ ਖੂਹ 'ਤੇ ਡਿੱਗਦਾ ਹੈ। ਖ਼ਾਲਿਦ ਹੁਸੈਨ ਨੇ ਬਲੋਰੀਆ ਸਾਹਿਬ ਦੇ ਹੁਕਮ 'ਤੇ ਇਥੇ ਇੱਕ ਹੱਟ ਵੀ ਬਣਵਾਈ। ਨੰਦੀ ਸ਼ੂਲ ਲੋਰਨ ਦੇ ਸੁਲਤਾਨ ਪੱਥਰੀ ਪਿੰਡ ਤੋਂ ਛੇ ਕਿਲੋਮੀਟਰ ਪੀਰ ਪੰਚਾਲ ਦੀ ਪਹਾੜੀ 'ਤੇ ਹੈ। ਇੰਝ ਹੀ ਇੱਕ ਵਾਰੀ ਖ਼ਾਲਿਦ ਹੁਸੈਨ, ਬਲੋਰੀਆ ਸਾਹਿਬ ਨਾਲ ਪੀਰ ਪੰਚਾਲ ਵੱਲ ਪੁਣਛ ਦੇ ਆਖਰੀ ਪਿੰਡ ਪੁਸ਼ਾਣਾ ਦੌਰੇ 'ਤੇ ਗਿਆ। ਪੁਸ਼ਾਣਾ ਪੁਰਾਣੀ ਮੁਗਲ ਰੋਡ 'ਤੇ ਸਥਿਤ

ਹੈ। ਮੁਗ਼ਲ ਰੋਡ, ਝੰਗੜ ਤੋਂ ਨੌਸ਼ਹਿਰੇ ਫਿਰ ਰਾਜੌਰੀ, ਥੰਨਾ ਮੰਡੀ, ਡੇਰਾ ਗਲੀ, ਬਹਿਰਾਮਗਲਾ, ਨੂਰੀ ਛੰਬ, ਚੰਦੀ ਮੜ੍ਹ, ਡੁਗਰੀਆਂ ਤੇ ਪੁਸ਼ਾਣਾ ਤੋਂ ਪੀਰ ਗਲੀ (ਪੀਰ ਪੰਚਾਲ) ਪਾਰ ਕਰਦਿਆਂ ਹੋਇਆਂ ਸ਼ੁਪੇਈਆਂ ਜਾ ਨਿਕਲਦੀ ਹੈ। ਸਾਰੇ ਰਸਤੇ ਵਿੱਚ ਥਾਂ ਥਾਂ 'ਤੇ ਮੁਗ਼ਲ ਸਰਾਵਾਂ ਬਣੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਅੱਜਕੱਲ੍ਹ ਭਾਰਤੀ ਫੌਜ ਨੇ ਡੇਰੇ ਲਾਏ ਹੋਏ ਹਨ। ਮੁਗ਼ਲ ਬਾਦਸ਼ਾਹ ਜਹਾਂਗੀਰ ਤੇ ਉਸਦੀ ਮਲਿਕਾ ਨੂਰ ਜਹਾਂ ਇਸੇ ਪੰਧ ਨੂੰ ਕਸ਼ਮੀਰ ਜਾਣ ਲਈ ਵਰਤਦੇ ਸਨ। ਨੂਰੀ ਛੰਬ ਆਬਸ਼ਾਰ ਦਾ ਨਾਂ ਹੀ ਮਲਿਕਾ ਨੂਰ ਜਹਾਂ ਦੇ ਨਾਂ ਨਾਲ ਜੁੜਿਆ ਹੈ। ਨੂਰਜਹਾਂ ਇਥੇ ਨਹਾਉਂਦੀ ਸੀ ਤੇ ਫਿਰ ਅਗਲਾ ਸਫਰ ਸ਼ੁਰੂ ਕਰਦੀ ਸੀ। ਅੱਜਕੱਲ੍ਹ ਇਸ ਮੁਗ਼ਲ ਰੋਡ ਨੂੰ ਗੱਡੀਆਂ ਦੇ ਚੱਲਣ ਲਈ ਦੁਬਾਰਾ ਬਣਾਇਆ ਜਾ ਰਿਹਾ ਹੈ ਤੇ ਇਸ ਸੜਕ 'ਤੇ ਸਫਰ ਕਰਨ ਨਾਲ ਪੁਣਛ ਤੇ ਕਸ਼ਮੀਰ ਦੀ ਖ਼ੂਬਸੂਰਤੀ ਦਾ ਆਨੰਦ ਮਾਣਿਆ ਜਾ ਸਕਦਾ ਹੈ। ਇਸ ਸੜਕ 'ਤੇ ਕਈ ਥਾਵਾਂ 'ਤੇ ਪਾਣੀ ਦੀਆਂ ਬੌਲੀਆਂ ਤੇ ਵੱਡੇ ਚੁੱਲ੍ਹੇ ਬਣਾਏ ਗਏ ਹਨ ਜੋ ਮੁਗ਼ਲ ਕਾਰੀਗਰੀ ਦਾ ਵਧੀਆ ਨਮੂਨਾ ਹਨ। ਚੋਖੀ ਬਰਫ ਪੈਣ ਕਾਰਨ ਪੁਸ਼ਾਣਾ ਦੇ ਵਸਨੀਕ ਥੰਨਾ ਮੰਡੀ ਆ ਜਾਂਦੇ ਹਨ, ਇਥੇ ਉਨ੍ਹਾਂ ਨੇ ਪੱਕੇ ਮਕਾਨ ਬਣਾਏ ਹੋਏ ਹਨ ਤੇ ਗਰਮੀਆਂ ਦੇ ਤਿੰਨ ਚਾਰ ਮਹੀਨੇ ਗੁਜ਼ਾਰਣ ਲਈ ਆਪਣੇ ਪੁਰਾਣੇ ਕੱਚੇ ਮਕਾਨਾਂ ਵਿੱਚ ਰਹਿੰਦੇ ਹਨ, ਪਰ ਸਰਕਾਰ ਕੋਲੋਂ ਪੂਰੇ ਸਾਲ ਦਾ ਰਾਸ਼ਨ ਮਿੱਟੀ ਦਾ ਤੇਲ ਤੇ ਹੋਰ ਸੁਵਿਧਾਵਾਂ ਮੰਗਦੇ ਹਨ। ਇਥੋਂ ਦੇ ਲੋਕ ਕਸ਼ਮੀਰੀ ਭਾਸ਼ਾ ਅਤੇ ਪੋਠੋਹਾਰੀ (ਪਹਾੜੀ) ਪੰਜਾਬੀ ਬੋਲਦੇ ਹਨ। ਇਥੇ ਉਗਰਵਾਦੀਆਂ ਅਤੇ ਫੌਜ ਦੇ ਘੱਲੂਘਾਰੇ ਵਿੱਚ ਕਈ ਮਾਸੂਮ ਤੇ ਬੇਗੁਨਾਹ ਜਵਾਕ ਮਾਰੇ ਗਏ ਸਨ। ਬਲੋਰੀਆ ਸਾਹਿਬ ਨੇ ਸੋਗਵਾਰ ਲੋਕਾਂ ਨਾਲ ਦੁੱਖ ਦਾ ਇਜ਼ਹਾਰ ਕਰਦਿਆਂ ਹੋਇਆਂ ਉਨ੍ਹਾਂ ਨੂੰ ਸਰਕਾਰੀ ਮੁਆਵਜ਼ਾ ਦਿੱਤਾ ਤੇ ਉਨ੍ਹਾਂ ਦੀਆਂ ਮੰਗਾਂ ਦੀ ਲੰਮੀ ਲਿਸਟ ਖ਼ਾਲਿਦ ਦੇ ਹਵਾਲੇ ਕਰ ਦਿੱਤੀ।

ਨੂਰੀ ਛੰਬ ਤੋਂ ਸੱਜੇ ਪਾਸੇ ਇੱਕ ਰਸਤਾ ਪੀਰ ਪੰਚਾਲ ਦੀ ਪਹਾੜੀ ਵੱਲ ਜਾਂਦਾ ਹੈ ਤੇ ਦੂਰ ਦੁਰਾਡੇ ਜਾ ਕੇ ਇਹ ਰਸਤਾ ਦਰਹਾਲ ਵਾਲੀ ਪਗਡੰਡੀ ਨਾਲ ਜਾ ਮਿਲਦਾ ਹੈ। ਪੀਰ ਪੰਚਾਲ ਦੇ ਇਨ੍ਹਾਂ ਪਹਾੜਾਂ ਵਿੱਚ ਅਠਾਰ੍ਹਾਂ ਸਰੋਵਰ ਹਨ, ਜਿਨ੍ਹਾਂ ਦਾ ਪਾਣੀ ਨਿਰਮਲ, ਨਿਰਛਲ ਤੇ ਕਵਾਰਾ ਹੈ। ਇਨ੍ਹਾਂ ਝੀਲਾਂ ਦੇ ਨਾਲ ਲਸ਼-ਲਸ਼ ਕਰਦੀਆਂ ਚਰਾਗ਼ਾਵਾਂ ਹਨ, ਜਿਨ੍ਹਾਂ ਵਿੱਚ ਗਰਮੀਆਂ ਨੂੰ ਗੁੱਜਰ ਤੇ ਬੱਕਰਵਾਲ ਆਪਣੀਆਂ ਭੇਡਾਂ ਤੇ ਮਵੇਸ਼ੀ ਲੈ ਜਾ ਕੇ ਡੇਰਾ ਲਗਾ ਲੈਂਦੇ ਹਨ। ਇਨ੍ਹਾਂ ਝੀਲਾਂ ਵਿੱਚ ਨੰਦਨਸਰ, ਕਟੋਰੀਸਰ, ਚੰਦਨਸਰ, ਆਕਾਲ ਦਛਣੀ, ਭਾਗਸਰ, ਸਮੋਰਸਰ, ਦਇਆ ਸਰ ਆਦਿ ਤੇ ਪੀਰ ਪੰਚਾਲ ਦੇ ਦੂਜੇ ਪਾਸੇ ਕੋਸਰ ਨਾਗ ਦੇਖਣ ਯੋਗ ਹਨ। ਜੇ ਸਰਕਾਰ ਵੱਲੋਂ ਇਨ੍ਹਾਂ ਝੀਲਾਂ ਨੂੰ ਸੜਕ ਨਾਲ ਮਿਲਾਇਆ ਜਾਵੇ ਜਾਂ ਹੈਲੀਕਾਪਟਰ ਸਰਵਿਸ ਸ਼ੁਰੂ ਕੀਤੀ ਜਾਵੇ ਤਾਂ ਯਾਤਰੀਆਂ ਤੇ ਸੈਲਾਨੀਆਂ ਲਈ ਆਕਰਸ਼ਣ ਦਾ ਕੇਂਦਰ ਬਣ ਜਾਣਗੀਆਂ।

ਖ਼ਾਲਿਦ ਹੁਸੈਨ ਨੇ ਇਸ ਤਰ੍ਹਾਂ ਦੇ ਕਈ ਐਡਵੈਨਚਰਜ਼ ਕੀਤੇ ਹਨ ਤੇ ਕਈ ਵਾਰੀ ਉਹ ਮੌਤ ਦੇ ਮੂੰਹ ਵਿੱਚੋਂ ਬਚ ਕੇ ਨਿਕਲਿਆ ਹੈ। ਇਨ੍ਹਾਂ ਦੂਰ ਦੁਰਾਡੇ ਦੇ ਇਲਾਕਿਆਂ ਵਿੱਚ ਜਾਣ ਦਾ ਉਸਦਾ ਮਕਸਦ ਗਰੀਬ ਲੋਕਾਈ ਨੂੰ ਰਾਹਤ ਤੇ ਸਹਾਇਤਾ ਪਹੁੰਚਾਣਾ ਹੁੰਦਾ ਸੀ ਅਤੇ ਆਪਣੇ ਅੰਦਰ ਦੇ ਸਾਹਿਤਕਾਰ ਨੂੰ ਨਵੇਂ ਵਿਸ਼ਿਆਂ ਤੋਂ ਜਾਣੂ ਕਰਵਾਣਾ ਅਤੇ ਰੱਬ ਦੀ ਬਖਸ਼ੀ ਹੋਈ ਖੂਬਸੂਰਤੀ ਦਾ ਆਨੰਦ ਲੈਣਾ ਹੁੰਦਾ ਸੀ। ਮੇਰੀ ਉਸ ਦੀ ਸਾਂਝ ਇਸ ਕਰਕੇ ਵੀ ਸੀ ਕਿ ਮੈਂ ਵੀ ਸ਼ਾਇਰੀ ਕਰਦਾ ਸਾਂ। ਕਹਾਣੀਆਂ ਤੇ ਨਾਵਲ ਲਿਖਦਾ ਸਾਂ ਅਤੇ ਇਤਿਹਾਸਕ ਵਿਸ਼ਿਆਂ 'ਤੇ ਵੀ ਲਿਖਦਾ ਸਾਂ। ਮੇਰੀਆਂ ਦਰਜਨ ਤੋਂ ਵੱਧ ਪੁਸਤਕਾਂ ਕਸ਼ਮੀਰੀ ਅਤੇ ਉਰਦੂ ਨਾਲੇ ਅੰਗਰੇਜ਼ੀ ਵਿੱਚ ਛਪੀਆਂ ਹਨ। ਜ਼ਿੰਦਗੀ ਬਾਰੇ ਸਾਡੇ ਦੋਹਾਂ ਦਾ ਨਜ਼ਰੀਆ ਇਕੋ ਜਿਹਾ ਸੀ। ਇਸੇ ਕਰਕੇ ਸਾਡੀ ਦੋਸਤੀ ਉਸ ਨਾਲ ਮਰਦੇ ਦਮ ਤਕ ਰਹੀ।

***

# ਸੂਰਜ ਦਾ ਮਰਸੀਆ

ਸ਼ੇਖ਼-ਇੰਦਰਾ ਸਮਝੌਤੇ ਵਜੋਂ ਜੰਮੂ-ਕਸ਼ਮੀਰ ਵਿੱਚ ਕਾਂਗਰਸ ਦੀ ਸਰਕਾਰ ਤੋੜ ਦਿੱਤੀ ਗਈ ਤੇ ਮੁੱਖ ਮੰਤਰੀ ਸਈਅਦ ਮੀਰ ਕਾਸਮ ਨੇ ਸ਼ੇਰ-ਏ-ਕਸ਼ਮੀਰ ਸ਼ੇਖ ਮੁਹੰਮਦ ਅਬਦੁੱਲਾ ਲਈ ਕੁਰਸੀ ਖਾਲੀ ਕਰ ਦਿੱਤੀ। ਇਸ ਸਮਝੌਤੇ ਤੋਂ ਪਹਿਲਾਂ ਸ਼ੇਖ ਅਬਦੁੱਲਾ ਦੀ ਸਰਕਾਰ ਦਾ ਤਖ਼ਤਾ ਇੱਕ ਸਾਜ਼ਿਸ਼ ਵਜੋਂ ਭਾਰਤੀ ਸਰਕਾਰ ਨੇ ਅਗਸਤ 1953 ਵਿੱਚ ਪਲਟ ਦਿੱਤਾ ਸੀ। ਉਸ ਵੇਲੇ ਪ੍ਰਦੇਸ਼ ਅਸੈਂਬਲੀ ਵਿੱਚ ਬਹੁਮੱਤ ਸ਼ੇਖ ਅਬਦੁੱਲਾ ਕੋਲ ਸੀ ਤੇ ਉਹ ਭਾਰਤ ਸਰਕਾਰ ਅੱਗੇ ਮੰਗ ਕਰ ਰਿਹਾ ਸੀ ਕਿ 1952 ਦਾ ਦਿੱਲੀ ਸਮਝੌਤਾ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਇਸ ਦੇ ਪਿਛੋਕੜ ਦੀ ਕਹਾਣੀ ਇੰਝ ਹੈ ਕਿ ਦੇਸ਼ ਦੀ ਵੰਡ ਵੇਲੇ ਅੰਗਰੇਜ਼ ਸਰਕਾਰ ਦੇ ਅਧੀਨ ਭਾਰਤ ਉਪ-ਮਹਾਦੀਪ ਦੇ ਇਲਾਕੇ ਮਜ਼੍ਹਬੀ ਬੁਨਿਆਦ ’ਤੇ ਤਕਸੀਮ ਕਰ ਦਿੱਤੇ ਗਏ। ਮੁਸਲਮਾਨਾਂ ਦੀ ਬਹੁ ਗਿਣਤੀ ਵਾਲੇ ਇਲਾਕੇ ਜਿਵੇਂ ਪੰਜਾਬ ਤੇ ਬੰਗਾਲ ਤਕਸੀਮ ਹੋਏ ਜਦਕਿ ਸਿੰਧ ਪ੍ਰਾਂਤ ਬਲੋਚਿਸਤਾਨ ਤੇ ਸੂਬਾ ਸਰਹੱਦ ਪਾਕਿਸਤਾਨ ਵਿੱਚ ਸ਼ਾਮਿਲ ਹੋ ਗਏ। ਇੰਝ ਹੀ ਬੰਗਾਲ ਤੇ ਅਸਾਮ ਦੇ ਮੁਸਲਮ ਬਹੁ ਪੱਖੀ ਇਲਾਕੇ ਪੂਰਵੀ ਪਾਕਿਸਤਾਨ ਵਿੱਚ ਸ਼ਾਮਿਲ ਕਰ ਦਿੱਤੇ ਗਏ ਅਤੇ ਹਿੰਦੂ ਬਹੁ ਗਿਣਤੀ ਵਾਲੇ ਪ੍ਰਾਂਤ ਅਤੇ ਇਲਾਕੇ ਭਾਰਤ ਵਿੱਚ ਸ਼ਾਮਿਲ ਕਰ ਦਿੱਤੇ ਗਏ। ਇਸ ਵੰਡ ਦਾ ਡਾਹਢਾ ਪ੍ਰਭਾਵ ਪੰਜਾਬ ਅਤੇ ਬੰਗਾਲ ਉਤੇ ਪਿਆ ਜੋ ਜਗ ਜ਼ਾਹਿਰ ਹੈ। ਜਿਹੜੀਆਂ ਰਿਆਸਤਾਂ ਮਹਾਰਾਜਿਆਂ ਅਤੇ ਨਵਾਬਾਂ ਕੋਲ ਸਨ ਉਨ੍ਹਾਂ ਨੂੰ ਇਹ ਅਖ਼ਤਿਆਰ ਦਿੱਤਾ ਗਿਆ ਕਿ ਉਹ ਜਿਸ ਮੁਲਕ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ ਉਸ ਵਿੱਚ ਸ਼ਾਮਿਲ ਹੋ ਜਾਣ ਅਤੇ ਜੇ ਖੁਦ ਮੁਖ਼ਤਿਆਰ ਹੋਣਾ ਚਾਹੁੰਦੇ ਹਨ ਤਾਂ ਇੰਝ ਕਰ ਸਕਦੇ ਹਨ। ਨਿਜ਼ਾਮ ਹੈਦਰਾਬਾਦ ਦੱਖਣ (ਆਂਧਰਾ ਪ੍ਰਦੇਸ ਤੇ ਤਾਮਿਲਨਾਡੂ ਦਾ ਕੁੱਝ ਹਿੱਸਾ) ਅਤੇ ਜੂਨਾ ਗੜ੍ਹ (ਗੁਜਰਾਤ ਪ੍ਰਾਂਤ ਦਾ ਇੱਕ ਹਿੱਸਾ) ਦੇ ਜਨਾਬ ਨੇ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ, ਪਰ ਭਾਰਤ ਸਰਕਾਰ ਨੇ ਉਨ੍ਹਾਂ ਦੇ ਫੈਸਲਿਆਂ ਨੂੰ ਨਕਾਰਦਿਆਂ ਹੋਇਆਂ ਇਸ ਬੁਨਿਆਦ ’ਤੇ ਫੌਜ ਕਸ਼ੀ ਕਰਕੇ ਭਾਰਤ ਵਿੱਚ ਸ਼ਾਮਿਲ ਕੀਤਾ ਕਿ ਇਨ੍ਹਾਂ ਦੋਵਾਂ ਰਿਆਸਤਾਂ ਵਿੱਚ ਬਹੁ ਗਿਣਤੀ ਹਿੰਦੂਆ ਦੀ ਹੈ। ਜਦਕਿ ਨਵਾਬ ਅਤੇ ਨਿਜ਼ਾਮ ਮੁਸਲਮਾਨ ਹਨ। ਜੂਨਾ ਗੜ੍ਹ ਦਾ ਨਵਾਬ ਭੱਜ ਕੇ ਪਾਕਿਸਤਾਨ ਤੁਰ ਗਿਆ ਅਤੇ ਨਿਜ਼ਾਮ ਨੂੰ ਕੈਦ ਕਰ ਲਿਆ ਗਿਆ।

ਜੰਮੂ-ਕਸ਼ਮੀਰ ਰਿਆਸਤ ਦੀ ਵੀ ਸਥਿਤੀ ਕੁੱਝ ਇੰਝ ਦੀ ਹੀ ਸੀ। ਇਥੇ ਮਹਾਰਾਜਾ ਹਿੰਦੂ ਸੀ ਤੇ ਪਰਜਾ ਦੀ ਬਹੁ ਗਿਣਤੀ ਮੁਸਲਮਾਨ। ਮਹਾਰਾਜੇ ਦੀ ਮਰਜ਼ੀ ਸੀ ਕਿ ਉਹ ਜੰਮੂ-ਕਸ਼ਮੀਰ ਨੂੰ ਆਪਣੀ ਅਮਲਦਾਰੀ ਵਿੱਚ ਖੁਦ ਮੁਖਤਿਆਰ ਰੱਖੇ ਅਤੇ ਹਿੰਦੋਸਤਾਨ ਤੇ ਪਾਕਿਸਤਾਨ ਕਸ਼ਮੀਰ ਦਾ ਸਾਂਝਾ ਰਕਸ਼ਾ ਪ੍ਰਬੰਧ (Defence) ਕਰਨ। ਪਾਕਿਸਤਾਨ ਦਾ ਪੱਖ ਇਹ ਸੀ ਕਿ ਕਸ਼ਮੀਰ ਮੁਸਲਮ ਬਹੁ ਗਿਣਤੀ ਦੀ ਰਿਆਸਤ ਹੈ ਇਸ ਲਈ ਪਾਕਿਸਤਾਨ ਵਿੱਚ ਸ਼ਾਮਿਲ ਹੋਣੀ ਚਾਹੀਦੀ ਹੈ। ਮਹਾਰਾਜਾ ਹਰੀ ਸਿੰਘ ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਨਾਲ ਗੱਲਬਾਤ ਕਰ ਰਿਹਾ ਸੀ, ਪਰ ਪਾਕਿਸਤਾਨ ਹਰੀ ਸਿੰਘ 'ਤੇ ਜ਼ੋਰ ਪਾ ਰਿਹਾ ਸੀ ਕਿ ਉਹ ਛੇਤੀ ਤੋਂ ਛੇਤੀ ਫੈਸਲਾ ਕਰੇ। ਇਸ ਲਈ ਮਹਾਰਾਜਾ ਹਰੀ ਸਿੰਘ ਨੇ ਆਰਜ਼ੀ ਤੌਰ 'ਤੇ ਡਾਕ ਤੇ ਤਾਰ ਦਾ ਨਜ਼ਾਮ ਪਾਕਿਸਤਾਨ ਦੇ ਹਵਾਲੇ ਕਰ ਦਿੱਤਾ। ਛੇ ਮਹੀਨੇ ਤਕ ਜੰਮੂ-ਕਸ਼ਮੀਰ ਦੇ ਡਾਕਖਾਨਿਆਂ ਤੇ ਡਾਕਘਰਾਂ 'ਤੇ ਪਾਕਿਸਤਾਨੀ ਝੰਡੇ ਲਹਿਰਾਉਂਦੇ ਰਹੇ। ਇਸ ਦੌਰਾਨ ਹਰੀ ਸਿੰਘ ਭਾਰਤ ਤੇ ਪਾਕਿਸਤਾਨ ਨਾਲ ਆਪਣੀ ਖੁਦ ਮੁਖਤਿਆਰੀ ਬਾਰੇ ਕਿਸੇ ਸਮਝੌਤੇ 'ਤੇ ਪੁੱਜਣ ਲਈ ਗੱਲਬਾਤ ਕਰ ਰਿਹਾ ਸੀ, ਪਰ ਪਾਕਿਸਤਾਨ ਨੇ ਜਦ ਦੇਖਿਆ ਕਿ ਕੋਈ ਸਿੱਟਾ ਨਹੀਂ ਨਿਕਲ ਰਿਹਾ ਤਾਂ ਉਸਨੇ ਸੂਬਾ ਸਰਹੱਦ ਦੇ ਵਜ਼ੀਰਸਤਾਨ ਅਤੇ ਹਜ਼ਾਰਾ ਡਿਵੀਜ਼ਨ ਦੇ ਅਫਰੀਦੀ ਕਬਾਈਲੀ ਸਰਦਾਰਾਂ ਨੂੰ ਕਸ਼ਮੀਰ 'ਤੇ ਹਮਲਾ ਕਰਨ ਲਈ ਕਿਹਾ, ਤੇ ਉਨ੍ਹਾਂ ਨਾਲ ਇਹ ਸਮਝੌਤਾ ਕੀਤਾ ਕਿ ਲੁੱਟਮਾਰ ਵਿੱਚ ਹਾਸਿਲ ਹੋਇਆ ਸਾਰਾ ਮਾਲ ਉਨ੍ਹਾਂ ਦਾ ਅਤੇ ਇਲਾਕਾ ਪਾਕਿਸਤਾਨ ਦਾ ਹੋਵੇਗਾ। ਅਕਤੂਬਰ 1947 ਵਿੱਚ ਕਸ਼ਮੀਰ 'ਤੇ ਕਬਾਈਲੀ ਹਮਲਾ ਹੋਇਆ। ਕਬਾਈਲੀ ਬੜੀ ਤੇਜ਼ੀ ਨਾਲ ਪੁਣਛ, ਮੀਰਪੁਰ, ਕੋਟਲੀ, ਭਿੰਬਰ, ਸਧਨੂਤੀ, ਬਾਗ਼, ਮੁਜ਼ਫਰਾਬਾਦ, ਪਲੰਦਰੀ ਤੇ ਨੀਲਮ ਘਾਟੀ ਉੱਪਰ ਕਬਜ਼ਾ ਕਰਨ ਮਗਰੋਂ ਊੜੀ ਤੇ ਬਾਰਾਮੂੱਲਾ ਤਕ ਪਹੁੰਚ ਗਏ। ਅਸਕਰਦੂ ਤੇ ਗਿਲਗਿਤ, ਨਗਰ ਹਵੇਲੀ ਤੇ ਹੁੰਜ਼ਾ ਵਿੱਚ ਮਹਾਰਾਜੇ ਦੀ ਫੌਜ ਨੇ ਬਗਾਵਤ ਕਰ ਦਿੱਤੀ ਤੇ ਕਬਾਈਲੀਆਂ ਨਾਲ ਜਾ ਮਿਲੀ। ਇੰਝ ਗਿਲਗਿਤ, ਬਲਤਿਸਤਾਨ ਦਾ ਗਵਰਨਰ ਘਨਸਾਰਾ ਸਿੰਘ ਬੰਦੀ ਬਣਾ ਲਿਆ ਗਿਆ। ਮਹਾਰਾਜਾ ਨੇ ਪਟਿਆਲੇ ਤੇ ਕਪੂਰਥਲਾ ਦੇ ਮਹਾਰਾਜਿਆਂ ਕੋਲੋਂ ਸੈਨਿਕ ਸਹਾਇਤਾ ਮੰਗੀ, ਪਰ ਪਟਿਆਲੇ ਦੀਆਂ ਫੌਜਾਂ ਵੀ ਕਬਾਈਲੀਆਂ ਦੀ ਯਲਗਾਰ ਨੂੰ ਨਹੀਂ ਰੋਕ ਸਕੀਆਂ। ਮਹਾਰਾਜਾ ਸ੍ਰੀਨਗਰ ਛੱਡ ਕੇ ਜੰਮੂ ਭੱਜ ਆਇਆ। ਉਸਨੇ ਭਾਰਤ ਸਰਕਾਰ ਕੋਲੋਂ ਫੌਜੀ ਮੱਦਦ ਮੰਗੀ। ਮਹਾਰਾਜਾ ਕੋਲ ਦੂਜਾ ਕੋਈ ਰਸਤਾ ਨਹੀਂ ਸੀ ਰਿਹਾ, ਇਸ ਲਈ ਉਸਨੇ ਮਜਬੂਰਨ ਆਰਜ਼ੀ ਇਲਹਾਕ ਦਾ ਸਮਝੌਤਾ ਕੀਤਾ ਜਿਸ ਉਤੇ ਮਹਾਰਾਜਾ ਹਰੀ ਸਿੰਘ ਅਤੇ ਗਵਰਨਰ ਜਨਰਲ ਹਿੰਦੋਸਤਾਨ ਲਾਰਡ ਮੌਂਟ ਬੈਟਨ ਦੇ ਹਸਤਾਖ਼ਰ ਹਨ। ਇਸ ਦਸਤਾਵੇਜ 'ਤੇ 26 ਅਕਤੂਬਰ 1947 ਨੂੰ ਮਹਾਰਾਜੇ ਨੇ ਦਸਤਖ਼ਤ ਕੀਤੇ ਤੇ 27

ਅਕਤੂਬਰ 1947 ਨੂੰ ਗਵਰਨਰ ਜਨਰਲ ਇੰਡੀਆ ਲਾਰਡ ਮੌਂਟ ਬੈਟਨ ਨੇ ਭਾਰਤ ਸਰਕਾਰ ਦੀ ਮਨਜ਼ੂਰੀ ਵਜੋਂ ਦਸਤਖ਼ਤ ਕੀਤੇ। ਤੇ ਉਸੇ ਦਿਨ ਤੋਂ ਹੀ ਇਹ Instrument ਲਾਗੂ ਹੋ ਗਿਆ। ਭਾਰਤੀ ਫੌਜਾਂ ਸ੍ਰੀਨਗਰ ਅਤੇ ਪੁਣਛ ਦੇ ਹਵਾਈ ਅੱਡਿਆਂ 'ਤੇ ਉਤਰੀਆਂ ਅਤੇ ਇੰਝ ਹੀ ਕੁੱਝ ਫੌਜਾਂ ਨੂੰ ਜ਼ਮੀਨੀ ਰਸਤਿਆਂ ਰਾਹੀਂ ਜੰਮੂ-ਕਸ਼ਮੀਰ ਪਹੁੰਚਾਇਆ ਗਿਆ। ਕਬਾਈਲੀ ਇੱਕ ਗੈਰ ਮੁਨੱਜ਼ਮ ਟੋਲਾ ਸੀ ਤੇ ਸਿਰਫ਼ ਆਪਣੇ ਸਰਦਾਰ ਦਾ ਹੁਕਮ ਹੀ ਮੰਨਦਾ ਸੀ ਜਦਕਿ ਪਾਕਿਸਤਾਨੀ ਫੌਜ ਦਾ ਅਫ਼ਸਰ ਮੇਜਰ ਅਕਬਰ ਖਾਂ (ਬਾਅਦ ਵਿੱਚ ਮੇਜਰ ਜਨਰਲ ਬਣ ਕੇ ਸੇਵਾ ਮੁਕਤ ਹੋਇਆ) ਜਿਹੜਾ ਉਨ੍ਹਾਂ ਨਾਲ ਫੌਜੀ ਸਲਾਹਕਾਰ ਵਜੋਂ ਨਾਲ ਨਾਲ ਚੱਲ ਰਿਹਾ ਸੀ ਉਸਦੀ ਕਿਸੇ ਨਾ ਸੁਣੀ। ਇਸ ਸਾਰੀ ਕਾਰਵਾਈ ਦਾ ਹਾਲ ਜਨਰਲ ਅਕਬਰ ਖਾਂ ਨੇ ਆਪਣੀ ਕਿਤਾਬ ਵਿੱਚ ਦਿੱਤਾ ਹੈ। ਭਾਰਤ ਸਰਕਾਰ ਦੇ ਜ਼ੋਰ ਪਾਉਣ ਨਾਲ ਸ਼ੇਖ਼ ਅਬਦੁੱਲਾ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਤੇ ਉਸਨੂੰ ਜੰਮੂ-ਕਸ਼ਮੀਰ ਦਾ ਐਡਮਿਨਿਸਟ੍ਰੇਟਰ ਬਣਾਇਆ ਗਿਆ। ਉਸਨੇ ਸਭ ਤੋਂ ਪਹਿਲਾਂ ਕਸ਼ਮੀਰੀਆਂ ਦੀ ਇੱਕ ਫੌਜ ਬਣਾਈ ਜਿਸ ਦਾ ਨਾਂ 'ਪੀਸ ਬਰਗੇਡ' ਰੱਖਿਆ ਤੇ ਉਸਦੀ ਕਮਾਂਡ ਬਖ਼ਸ਼ੀ ਗੁਲਾਮ ਮੁਹੰਮਦ ਨੂੰ ਦਿੱਤੀ। 'ਪੀਸ ਬਰਗੇਡ' ਨੇ ਕਸ਼ਮੀਰ ਵਿੱਚ ਹਿੰਦੂਆਂ ਤੇ ਸਿੱਖਾਂ ਨੂੰ ਕਬਾਈਲੀਆਂ ਤੋਂ ਬਚਾਉਣ ਲਈ ਬੜਾ ਸ਼ਲਾਘਾਯੋਗ ਕੰਮ ਕੀਤਾ ਤੇ ਕਿਸੇ ਵੀ ਕਸ਼ਮੀਰੀ ਹਿੰਦੂ ਜਾਂ ਸਿੱਖ ਦਾ ਜਾਨੀ ਤੇ ਮਾਲੀ ਨੁਕਸਾਨ ਨਹੀਂ ਹੋਣ ਦਿੱਤਾ। ਜਦਕਿ ਜੰਮੂ ਵਿੱਚ ਹਿੰਦੂ ਕੱਟੜਵਾਦੀਆਂ ਨੇ ਮੁਸਲਮ ਅਕਲੀਅਤ ਦਾ ਕਤਲੇਆਮ ਕੀਤਾ ਤੇ ਦੋ ਲੱਖ ਪੰਜਾਬੀ, ਪਹਾੜੀ ਤੇ ਗੁੱਜਰ ਮੁਸਲਮਾਨ ਮਾਰੇ ਗਏ। ਉਨ੍ਹਾਂ ਦੀਆਂ ਜਵਾਨ ਧੀਆਂ ਨੂੰ ਅਗਵਾਹ ਕਰ ਲਿਆ ਗਿਆ ਤੇ ਚੋਖੀ ਗਿਣਤੀ ਵਿੱਚ ਜੰਮੂ ਦੇ ਪੰਜਾਬੀ ਮੁਸਲਮਾਨ ਸਿਆਲਕੋਟ, ਮੀਰਪੁਰ, ਕੋਟਲੀ ਤੇ ਭਿੰਬਰ ਵੱਲ ਭੱਜ ਗਏ।

ਭਾਰਤੀ ਫੌਜਾਂ ਨੇ ਪੇਸ਼ ਕਦਮੀ ਕਰਦਿਆਂ ਹੋਇਆਂ ਉੜੀ ਤਹਿਸੀਲ ਦਾ ਸਾਰਾ ਇਲਾਕਾ ਵਾਪਿਸ ਲੈ ਲਿਆ। ਅੱਧਾ ਪੁਣਛ ਵੀ ਕਬਾਈਲੀਆਂ ਤੋਂ ਛੁਡਵਾ ਲਿਆ, ਪਰ ਸ਼ੇਖ਼ ਅਬਦੁੱਲਾ ਦੇ ਕਹਿਣ 'ਤੇ ਅਤੇ ਯੂਨਾਈਟੇਡ ਨੇਸ਼ਨ ਅਤੇ ਵੱਡੀਆਂ ਤਾਕਤਾਂ ਦੇ ਜ਼ੋਰ ਪਾਉਣ ਨਾਲ ਉਥੇ ਸੀਸ ਫਾਇਰ (ਜੰਗ ਬੰਦੀ) ਕਰਵਾ ਦਿੱਤੀ ਜਿਥੇ ਪੰਜਾਬੀ ਬੋਲਣ ਵਾਲੀ ਬਹੁ ਗਿਣਤੀ ਰਹਿੰਦੀ ਸੀ। ਇੰਝ ਜਿਹੜੀ ਭਾਰਤੀ ਫੌਜ ਜੰਮੂ-ਕਸ਼ਮੀਰ ਨੂੰ ਪਾਕਿਸਤਾਨੀ ਹਮਲੇ ਤੋਂ ਬਚਾਉਣ ਲਈ ਰਿਆਸਤ ਵਿੱਚ ਦਾਖ਼ਿਲ ਹੋਈ ਸੀ ਉਹ ਫਿਰ ਬਾਹਰ ਨਹੀਂ ਨਿਕਲੀ। ਯੂ.ਐਨੱ.ਓ. ਦੀਆਂ ਸਭ ਕਰਾਰਦਾਦਾਂ ਬੇਕਾਰ ਹੋ ਗਈਆਂ। ਭਾਰਤ ਫੌਜੀ ਤਾਕਤ ਦੇ ਬੱਲਬੁੱਤੇ 'ਤੇ ਆਪਣਾ ਕਬਜ਼ਾ ਮਜ਼ਬੂਤ ਕਰਦਾ ਗਿਆ। ਪੰਡਿਤ ਨਹਿਰੂ ਨੇ ਪ੍ਰਧਾਨ ਮੰਤਰੀ ਦੀ ਹੈਸੀਅਤ ਵਿੱਚ ਕਸ਼ਮੀਰੀਆਂ ਨਾਲ, ਪਾਕਿਸਤਾਨ ਨਾਲ ਤੇ ਦੁਨੀਆ ਦੀਆਂ ਵੱਡੀਆਂ ਤਾਕਤਾਂ ਨਾਲ ਇਹ ਵਾਇਦਾ ਕੀਤਾ

ਕਿ ਅਮਨ ਸ਼ਾਂਤੀ ਕਾਇਮ ਹੁੰਦਿਆਂ ਹੀ ਉਹ ਯੂ.ਐਨੱ.ਓ. ਦੀ ਦੇਖ ਰੇਖ ਵਿੱਚ ਜੰਮੂ-ਕਸ਼ਮੀਰ ਵਿੱਚ ਰੈਫਰੈਂਡਮ ਕਰਵਾਏਗਾ ਤੇ ਲੋਕਾਂ ਦੀ ਮਰਜ਼ੀ ਭਾਰਤ ਨੂੰ ਕਬੂਲ ਹੋਏਗੀ, ਪਰ ਰਾਏਸ਼ੁਮਾਰੀ ਤੇ ਰੈਫਰੈਂਡਮ ਅੱਜ ਤਕ ਨਹੀਂ ਹੋਇਆ।

ਮਹਾਰਾਜਾ ਹਰੀ ਸਿੰਘ ਨੇ ਭਾਰਤ ਨਾਲ ਜਿਹੜਾ ਇਲਹਾਕ ਕੀਤਾ ਸੀ ਉਸਦੀਆਂ ਸ਼ਰਤਾਂ ਵਿੱਚ ਇਹ ਸ਼ਾਮਿਲ ਸੀ ਕਿ ਮਹਾਰਾਜਾ ਤੇ ਉਸਦੀ ਔਲਾਦ ਦੀ ਖੁਦ-ਮੁਖਤਿਆਰੀ ਰਿਆਸਤ ਜੰਮੂ-ਕਸ਼ਮੀਰ 'ਤੇ ਕਾਇਮ ਰਹੇਗੀ। ਵਿਦੇਸ਼ ਨੀਤੀ, ਸੁਰੱਖਿਆ, ਕਰੰਸੀ ਤੇ ਸੰਚਾਰ ਵਿਭਾਗ ਭਾਰਤ ਕੋਲ ਰਹਿਣਗੇ ਤੇ ਬਾਕੀ ਮਾਮਲਿਆਂ ਵਿੱਚ ਰਿਆਸਤ ਜੰਮੂ-ਕਸ਼ਮੀਰ ਖੁਦਮੁਖਤਾਰ ਹੋਵੇਗੀ। ਜੋ ਵੀ ਕਾਨੂੰਨ ਭਾਰਤ ਸਰਕਾਰ ਜੰਮੂ-ਕਸ਼ਮੀਰ 'ਤੇ ਲਾਗੂ ਕਰਨਾ ਚਾਹੇਗੀ, ਉਸਦੀ ਮਨਜ਼ੂਰੀ ਮਹਾਰਾਜਾ ਕੋਲੋਂ ਲੈਣੀ ਜ਼ਰੂਰੀ ਹੋਵੇਗੀ। ਇਸ ਸਮਝੌਤੇ ਦੀ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਭਾਰਤ ਸਰਕਾਰ ਨੇ ਮਹਾਰਾਜਾ ਹਰੀ ਸਿੰਘ ਨੂੰ ਰਿਆਸਤ ਬਦਰ ਕਰਕੇ ਮੁੰਬਈ ਭੇਜ ਦਿੱਤਾ ਤੇ ਉਸਦੇ ਪੁੱਤਰ ਰਾਜਕੁਮਾਰ ਕਰਨ ਸਿੰਘ ਨੂੰ ਸਦਰ-ਏ-ਰਿਆਸਤ ਤੇ ਸ਼ੇਖ ਮੁਹੰਮਦ ਅਬਦੁੱਲਾ ਨੂੰ ਵਜ਼ੀਰ-ਏ-ਆਜ਼ਮ (ਪ੍ਰਧਾਨ ਮੰਤਰੀ) ਬਣਾਇਆ ਗਿਆ। 1952 ਵਿੱਚ ਭਾਰਤ ਸਰਕਾਰ ਤੇ ਸ਼ੇਖ ਅਬਦੁੱਲਾ ਵਿਚਕਾਰ ਇੱਕ ਸਮਝੌਤਾ ਹੋਇਆ ਜਿਸ ਨੂੰ 'ਦਿੱਲੀ ਏਕਾਰਡ' ਕਿਹਾ ਜਾਂਦਾ ਹੈ। ਉਸ ਸਮਝੌਤੇ 'ਤੇ ਅਮਲ ਨਹੀਂ ਸੀ ਹੋ ਰਿਹਾ, ਜਿਸ ਕਰਕੇ ਸ਼ੇਖ ਅਬਦੁੱਲਾ ਦੁਖੀ ਸੀ ਤੇ ਉਹ ਥਾਂ ਥਾਂ 'ਤੇ ਜਲਸੇ ਕਰਕੇ ਦਿੱਲੀ ਸਮਝੌਤੇ 'ਤੇ ਅਮਲ ਕਰਨ ਦੀ ਮੰਗ ਕਰਦਾ ਸੀ। ਆਖਿਰ ਦਿੱਲੀ ਵਾਲਿਆਂ ਬਖਸ਼ੀ ਗੁਲਾਮ ਮੁਹੰਮਦ ਨੂੰ ਨਾਲ ਗੰਡਿਆ। ਡੀ.ਪੀ. ਧਰ ਤੇ ਸ਼ਾਮ ਲਾਲ ਸਰਾਫ (ਦੋਵੇਂ ਕਸ਼ਮੀਰੀ ਪੰਡਿਤ) ਪਹਿਲਾਂ ਹੀ ਦਿੱਲੀ ਸਰਕਾਰ ਦੇ ਮੁੱਖਬਰ ਸਨ ਜਿਹੜੇ ਸ਼ੇਖ ਅਬਦੁੱਲਾ ਦੇ ਸਾਥੀ ਬਣਦੇ ਫਿਰਦੇ ਸਨ। ਇਨ੍ਹਾਂ ਸਾਰਿਆਂ ਮਿਲ ਕੇ ਖੁਫਆਂ ਏਜੰਸੀਆਂ ਦੀ ਸਹਾਇਤਾ ਨਾਲ ਸ਼ੇਖ਼ ਅਬਦੁੱਲਾ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਤੇ ਉਸਨੂੰ 9 ਅਗਸਤ 1953 ਨੂੰ ਬੰਦੀ ਬਣਾ ਕੇ ਜੇਲ੍ਹ ਵਿੱਚ ਸੁੱਟ ਦਿੱਤਾ। ਉਸ ਨਾਲ ਉਸਦੇ ਵਫਾਦਾਰ ਸਾਥੀ ਮਿਰਜ਼ਾ ਮੁਹੰਮਦ ਅਫਜ਼ਲ ਬੇਗ (ਮਾਲ ਮੰਤਰੀ), ਮੌਲਾਨਾ ਮੁਹੰਮਦ ਸਈਅਦ ਮਸੂਦੀ (ਜਨਰਲ ਸਕੱਤਰ, ਨੈਸ਼ਨਲ ਕਾਨਫਰੰਸ) ਤੇ ਨੈਸ਼ਨਲ ਕਾਨਫਰੰਸ ਦੇ ਸਾਰੇ ਵੱਡੇ ਲੀਡਰ ਕੈਦ ਕਰ ਲਏ ਗਏ। ਹਕੂਮਤ ਬਖਸ਼ੀ ਗੁਲਾਮ ਮੁਹੰਮਦ ਦੇ ਹੱਥ ਵਿੱਚ ਆ ਗਈ। ਸ਼ਾਮ ਲਾਲ ਸਰਾਫ ਤੇ ਦੁਰਗਾ ਪ੍ਰਸਾਦ ਧਰ (ਡੀ.ਪੀ. ਧਰ) ਮੰਤਰੀ ਬਣ ਗਏ। ਸ਼ੇਖ਼ ਅਬਦੁੱਲਾ ਉਪੱਰ ਕਸ਼ਮੀਰ ਦਾ ਸੁਲਤਾਨ ਬਣਨ 'ਤੇ ਜੰਮੂ-ਕਸ਼ਮੀਰ ਨੂੰ ਅਮਰੀਕੀ ਸਾਜ਼ਿਸ਼ ਨਾਲ ਭਾਰਤ ਤੋਂ ਵੱਖ ਕਰਨ ਦੇ ਇਲਜ਼ਾਮ ਵਿੱਚ ਮੁਕਦਮਾ ਚਲਾਇਆ ਗਿਆ। 11 ਸਾਲ ਮੁਕਦਮਾ ਚੱਲਦਾ ਰਿਹਾ, ਪਰ ਕੁੱਝ ਹਾਸਿਲ ਨਹੀਂ ਹੋਇਆ। ਸ਼ੇਖ ਸਾਹਿਬ ਤੇ ਉਨ੍ਹਾਂ ਦੇ ਸਾਥੀ ਲਗਭਗ ਇੱਕੀ ਸਾਲ ਕੈਦਖਾਨੇ ਵਿੱਚ ਸੜਦੇ ਰਹੇ। ਫਿਰ ਇੰਦਰਾ-ਸ਼ੇਖ਼

ਸਮਝੌਤੇ ਵਜੋਂ 1975 ਵਿੱਚ ਮੁੜ ਜੰਮੂ-ਕਸ਼ਮੀਰ ਸਰਕਾਰ ਦੀ ਵਾਗਡੋਰ ਸ਼ੇਖ਼ ਸਾਹਿਬ ਦੇ ਹੱਥ ਦਿੱਤੀ ਗਈ। ਇਸ ਸਮਝੌਤੇ ਲਈ ਸ਼ੇਖ਼ ਅਬਦੁੱਲਾ ਵੱਲੋਂ ਮਿਰਜ਼ਾ ਅਫ਼ਜ਼ਲ ਬੇਗ ਤੇ ਭਾਰਤ ਸਰਕਾਰ ਜਾਂ ਇੰਦਰਾ ਗਾਂਧੀ ਵੱਲੋਂ ਜੀ. ਪਾਰਥਾ ਸਾਰਥੀ ਨੇ ਪ੍ਰਤੀਨਿਧਤਾ ਕੀਤੀ। ਕਸ਼ਮੀਰ ਸਾਜ਼ਿਸ਼ ਕੇਸ ਵਾਪਿਸ ਲੈ ਲਿਆ ਗਿਆ ਤੇ ਸ਼ੇਖ਼ ਸਾਹਿਬ ਨੇ ਆਪਣੀ ਦੂਜੀ ਪਾਰੀ ਮੁੱਖ ਮੰਤਰੀ ਵਜੋਂ ਸ਼ੁਰੂ ਕੀਤੀ। ਜਿਵੇਂ ਪਹਿਲਾਂ ਦੱਸਿਆ ਗਿਆ ਕਿ ਮੀਰ ਕਾਸਮ ਨੂੰ ਕੇਂਦਰ ਵਿੱਚ ਮੰਤਰੀ ਬਣਾਇਆ ਗਿਆ ਤੇ ਉਸਦੀ ਥਾਂ 'ਤੇ ਸ਼ੇਖ਼ ਮੁਹੰਮਦ ਅਬਦੁੱਲਾ, ਕਾਂਗਰਸ ਦੇ ਸਮਰਥਨ ਨਾਲ ਚੀਫ ਮਨਿਸਟਰ ਬਣੇ।

ਸ਼ੇਖ਼ ਅਬਦੁੱਲਾ ਨੇ ਆਪਣੇ ਮੰਤਰੀ ਮੰਡਲ ਵਿੱਚ ਸਿਰਫ਼ ਤਿੰਨ ਵਜ਼ੀਰ ਸ਼ਾਮਿਲ ਕੀਤੇ। ਕਸ਼ਮੀਰ ਤੋਂ ਮਿਰਜ਼ਾ ਅਫ਼ਜ਼ਲ ਬੇਗ (ਉਪ ਮੁੱਖ ਮੰਤਰੀ), ਜੰਮੂ ਤੋਂ ਜਸਟਿਸ ਦੇਵੀ ਲਾਲ ਠਾਕੁਰ ਤੇ ਲਦਾਖ਼ ਤੋਂ ਸਨਮ ਨਰਬੂ। ਕਾਂਗਰਸੀਆਂ ਨੂੰ ਕੁਰਸੀ ਦਾ ਮੋਹ ਫਿਰ ਤੋਂ ਜਾਗਿਆ ਤੇ ਉਨ੍ਹਾਂ ਦਿੱਲੀ ਦਰਬਾਰ 'ਤੇ ਜ਼ੋਰ ਪਾਉਣਾ ਸ਼ੁਰੂ ਕੀਤਾ ਕਿ ਸਰਕਾਰ ਵਿੱਚ ਕਾਂਗਰਸ ਨੂੰ ਨੁਮਾਇੰਦਗੀ ਦਿੱਤੀ ਜਾਵੇ। ਸ਼ੇਖ਼ ਅਬਦੁੱਲਾ ਨੂੰ ਕਾਂਗਰਸ ਦੀ ਗੱਲ ਮੰਨਣੀ ਪਈ ਤੇ ਸਰਕਾਰ ਦਾ ਵਿਸਥਾਰ ਹੋਇਆ, ਪਰ ਇਹ ਖਿਚੜੀ ਬਹੁਤੀ ਦੇਰ ਤਕ ਨਹੀਂ ਪੱਕ ਸਕੀ ਤੇ ਆਖਿਰ ਕਾਂਗਰਸ ਨੇ ਆਪਣਾ ਸਮਰਥਨ ਵਾਪਿਸ ਲੈ ਲਿਆ ਤੇ ਸ਼ੇਖ਼ ਅਬਦੁੱਲਾ ਦੀ ਸਰਕਾਰ ਡਿੱਗ ਪਈ। ਗਵਰਨਰੀ ਰਾਜ ਲਾਗੂ ਹੋ ਗਿਆ ਤੇ 90 ਦਿਨਾਂ ਦੇ ਅੰਦਰ ਮੁੜ ਚੋਣਾਂ ਕਰਵਾਉਣ ਦਾ ਫੈਸਲਾ ਹੋਇਆ।

1975 ਵਿੱਚ ਜਦ ਸ਼ੇਖ਼ ਸਾਹਿਬ ਮੁੱਖ ਮੰਤਰੀ ਬਣੇ ਤਾਂ ਮੈਨੂੰ ਮਿਰਜ਼ਾ ਅਫ਼ਜ਼ਲ ਬੇਗ ਦਾ ਸਟੈਨੋਗਰਾਫਰ ਨਿਯੁਕਤ ਕੀਤਾ ਗਿਆ ਤੇ ਬਲਦੇਵ ਸਿੰਘ ਜਸਵਾਲ ਨੂੰ ਬੇਗ ਸਾਹਿਬ ਦਾ ਸੈਕਟਰੀ ਅਤੇ ਖ਼ਾਲਿਦ ਹੁਸੈਨ ਨੂੰ ਬੇਗ ਸਾਹਿਬ ਦਾ ਪ੍ਰਸਨਲ ਐਸਿਸਟੈਂਟ (ਪੀ.ਏ.)।

ਮੇਰਾ ਨਾਂ ਮੁਹੰਮਦ ਯਾਸੀਨ ਹਮਦਾਨੀ ਹੈ ਤੇ ਮੈਂ ਅਪ੍ਰੈਲ 1975 ਤੋਂ ਲੈ ਕੇ ਸਤੰਬਰ 1978 ਤਕ ਖ਼ਾਲਿਦ ਹੁਸੈਨ ਨਾਲ ਰਿਹਾ। ਨੌਕਰੀ ਦੌਰਾਨ ਅਸੀਂ ਇੱਕ ਦੂਜੇ ਦੇ ਨੇੜੇ ਆਉਂਦੇ ਗਏ ਤੇ ਫਿਰ ਗੂੜ੍ਹੇ ਯਾਰ ਬਣ ਗਏ। ਖ਼ਾਲਿਦ ਹੁਸੈਨ ਦਾ ਮਿਲਾਪੜਾ ਸੁਭਾਅ, ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਦਾ ਤਰੀਕਾ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਦਾ ਅਨੁਭਵ ਤੇ ਚੰਗੀ ਤਰ੍ਹਾਂ ਮਿਲਵਰਤਣ, ਇਹ ਅਜਿਹੀਆਂ ਖੂਬੀਆਂ ਸਨ ਜੋ ਹਰ ਇੱਕ ਨੂੰ ਉਸ ਵੱਲ ਖਿੱਚਦੀਆਂ ਸਨ। ਇਤਿਹਾਸ, ਸ਼ਾਇਰੀ ਤੇ ਸਾਹਿਤ ਪੜ੍ਹਣ ਵੱਲ ਉਸਦੀ ਰੁਚੀ ਜਨੂੰਨ ਦੀ ਹੱਦ ਤਕ ਸੀ। ਉਸਨੂੰ ਉਰਦੂ ਤੇ ਪੰਜਾਬੀ ਦੇ ਸੈਂਕੜੇ ਸ਼ੇਅਰ ਜ਼ੁਬਾਨੀ ਯਾਦ ਸਨ। ਉਹ ਸ਼ੇਖ਼ ਸਾਦੀ ਦੀਆਂ ਪੁਸਤਕਾਂ 'ਗੁਲਸਤਾਨ' ਤੇ 'ਬੋਸਤਾਨ' ਦੀਆਂ ਕਹਾਣੀਆਂ ਤੇ ਅਖਾਣ ਅਕਸਰ ਸੁਣਾਉਂਦਾ। ਰਸੂਲ ਹਮਜ਼ਾਤੋਵ ਦੀ

ਚਰਚਿਤ ਪੁਸਤਕ 'ਮੇਰਾ ਦਾਗਿਸਤਾਨ' ਉਸਦੀ ਮਨਪਸੰਦ ਕਿਤਾਬ ਸੀ। ਉਸਦਾ ਕਹਿਣਾ ਸੀ ਕਿ 'ਮੇਰਾ ਦਾਗਿਸਤਾਨ' ਦੀ ਮੰਜ਼ਰਨਿਗਾਰੀ, ਕਸ਼ਮੀਰ ਨਾਲ ਪੂਰੀ ਤਰ੍ਹਾਂ ਮਿਲਦੀ ਹੈ। ਹੁੱਕਾ, ਸਮਾਵਾਰ, ਸਫੈਦੇ ਤੇ ਚਿਨਾਰਾਂ ਦੇ ਦਰਖ਼ਤ, ਲਿਬਾਸ ਤੇ ਵਾਤਾਵਰਣ ਸਭ ਕਸ਼ਮੀਰ ਵਰਗਾ ਹੈ। ਉਸਨੂੰ ਰੂਸੀ ਅਦਬ ਕੋਈ ਬਹੁਤਾ ਆਪਣੇ ਵੱਲ ਨਹੀਂ ਖਿੱਚ ਸਕਿਆ, ਪਰ ਉਰਦੂ, ਬੰਗਾਲੀ ਤੇ ਪੰਜਾਬੀ ਸਾਹਿਤ ਖ਼ਾਸਕਰ ਸੂਫੀਆਂ ਤੇ ਸੰਤਾਂ ਦਾ ਕਲਾਮ ਅਤੇ ਪੰਜਾਬੀ ਗੀਤ-ਸੰਗੀਤ ਉਸਦੀ ਹੱਡੀਂ ਰਚਿਆ ਸੀ। ਉਹ ਜਿਸ ਮਹਿਫਲ ਵਿੱਚ ਬਹਿੰਦਾ ਉਥੇ ਲਤੀਫੇ ਤੇ ਸ਼ੇਅਰ ਸੁਣਾ ਕੇ ਮਹਿਫਲ ਨੂੰ ਕੇਸਰ ਕਿਆਰੀ ਬਣਾ ਦਿੰਦਾ।

ਮਿਰਜ਼ਾ ਅਫਜ਼ਲ ਬੇਗ, ਸ਼ੇਖ਼ ਸਾਹਿਬ ਦੇ ਵਫ਼ਾਦਾਰ ਸਾਥੀ ਸਨ। ਬੇਗ ਸਾਹਿਬ, ਸ਼ੇਖ਼ ਅਬਦੁੱਲਾ ਨਾਲ 1931 ਤੋਂ ਜੁੜੇ ਸਨ ਜਦ ਸ਼ੇਖ਼ ਅਬਦੁੱਲਾ ਨੇ ਮਹਾਰਾਜਾ ਹਰੀ ਸਿੰਘ ਦੇ ਖਿਲਾਫ਼ ਜਨ-ਅੰਦੋਲਨ ਸ਼ੁਰੂ ਕੀਤਾ। ਉਹ ਸ਼ੇਖ਼ ਅਬਦੁੱਲਾ ਦੇ ਦੁੱਖ ਸੁੱਖ ਦੇ ਸਾਥੀ ਸਨ, ਇਥੋਂ ਤਕ ਕਿ ਜੇਲ੍ਹ ਦੇ ਵੀ ਸਾਥੀ। ਉਨ੍ਹਾਂ ਵੀ ਸ਼ੇਖ਼ ਅਬਦੁੱਲਾ ਨਾਲ 22 ਸਾਲ ਜੇਲ੍ਹ ਵਿੱਚ ਗੁਜ਼ਾਰੇ। 1978 ਦੇ ਸ਼ੁਰੂ ਵਿੱਚ ਜਦ ਲੈਜਿਸਲੇਟਿਵ ਕੌਂਸਲ ਦੀਆਂ ਖਾਲੀ ਸੀਟਾਂ ਲਈ ਚੋਣਾਂ ਕਰਵਾਉਣ ਦਾ ਫੈਸਲਾ ਲਿਆ ਗਿਆ ਤਾਂ ਮਿਰਜ਼ਾ ਅਫਜ਼ਲ ਬੇਗ ਨੇ ਇੱਕ ਸੀਟ ਲਈ ਆਪਣੇ ਜਵਾਈ ਨੂੰ ਸ਼ੇਖ਼ ਸਾਹਿਬ ਦੀ ਆਗਿਆ ਨਾਲ ਖੜਾ ਕੀਤਾ। ਇਹ ਗੱਲ ਮੁੱਖ ਮੰਤਰੀ ਸ਼ੇਖ਼ ਅਬਦੁੱਲਾ ਦੇ ਜਵਾਈ ਗੁਲਾਮ ਮੁਹੰਮਦ ਸ਼ਾਹ (ਗੁਲ ਸ਼ਾਹ, ਜਿਹੜਾ ਬਾਅਦ ਵਿੱਚ ਫਾਰੂਕ ਅਬਦੁੱਲਾ ਦਾ ਤਖ਼ਤਾ ਪਲਟ ਕੇ ਆਪ ਮੁੱਖ ਮੰਤਰੀ ਬਣਿਆ ਸੀ) ਨੂੰ ਮਾੜੀ ਲੱਗੀ ਤੇ ਉਸ ਨੇ ਬੇਗ ਸਾਹਿਬ ਦੇ ਜਵਾਈ ਮਿਰਜ਼ਾ ਯਾਕੂਬ ਬੇਗ ਨੂੰ ਹਰਾਉਣ ਲਈ ਸਾਜ਼ਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ। ਗੁਲ ਸ਼ਾਹ ਨੂੰ ਇਸ ਗੱਲ ਦੀ ਵੀ ਚਿੜ ਸੀ ਕਿ ਸ਼ੇਖ਼ ਅਬਦੁੱਲਾ ਸਾਹਿਬ ਨੇ ਬੇਗ ਸਾਹਿਬ ਨੂੰ ਉਪ-ਮੁੱਖ ਮੰਤਰੀ ਕਿਉਂ ਬਣਾਇਆ। ਉਹ ਅੰਦਰੋ ਅੰਦਰੀ ਬੇਗ ਸਾਹਿਬ ਨਾਲ ਖਾਰ ਖਾਂਦਾ ਸੀ ਤੇ ਕਈ ਵਾਰੀ ਉਹ ਮੂੰਹ 'ਤੇ ਵੀ ਕੌੜੇ ਸ਼ਬਦ ਬੋਲਦਾ ਸੀ। ਕਾਂਗਰਸ ਦੇ ਇੱਕ ਐਮੱ.ਐਲੱ.ਏ. ਸ਼੍ਰੀ ਮੰਗਤ ਰਾਮ (ਜਿਹੜੇ ਬਾਅਦ ਵਿੱਚ 2002 ਤੋਂ 2005 ਤਕ ਉਪ-ਮੁੱਖ ਮੰਤਰੀ ਰਹੇ) ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਬੇਗ ਸਾਹਿਬ ਨੂੰ ਇਸ ਗੱਲ ਦੀ ਸੂਚਨਾ ਦਿੱਤੀ ਕਿ ਗੁਲ ਸ਼ਾਹ ਉਨ੍ਹਾਂ ਦੇ ਜਵਾਈ ਨੂੰ ਹਰਾ ਕੇ ਬੇਗ ਸਾਹਿਬ ਨਾਲ ਆਪਣਾ ਹਿਸਾਬ ਚੁਕਤਾ ਕਰਨਾ ਚਾਹੁੰਦਾ ਹੈ। ਮੰਗਤ ਰਾਮ ਨੇ ਬੇਗ ਸਾਹਿਬ ਨੂੰ ਇਹ ਵਿਸ਼ਵਾਸ ਦਵਾਇਆ ਕਿ ਕਾਂਗਰਸ ਦੇ ਸਾਰੇ ਐਮੱ.ਐਲੱ.ਏ. ਉਨ੍ਹਾਂ ਦੇ ਜਵਾਈ ਨੂੰ ਹੀ ਵੋਟ ਪਾਉਣਗੇ। ਹੋਇਆ ਵੀ ਇੰਝ ਹੀ। ਬੇਗ ਸਾਹਿਬ ਦਾ ਜਵਾਈ 46 ਵੋਟਾਂ ਲੈ ਕੇ ਐਮੱ.ਐਲੱ.ਸੀ. ਬਣ ਗਿਆ। ਗੁਲ ਸ਼ਾਹ ਨੇ ਆਪਣੇ ਸਹੁਰੇ ਸ਼ੇਖ਼ ਅਬਦੁੱਲਾ ਨੂੰ ਬੇਗ ਸਾਹਿਬ ਦੇ ਖ਼ਿਲਾਫ਼ ਭੜਕਾਇਆ ਤੇ ਕਿਹਾ ਕਿ ਬੇਗ ਸਾਹਿਬ ਕਾਂਗਰਸ ਨਾਲ

ਮਿਲ ਕੇ ਸ਼ੇਖ਼ ਸਾਹਿਬ ਦੀ ਸਰਕਾਰ ਦਾ ਤਖ਼ਤਾ ਉਲਟ ਦਵੇਗਾ ਤੇ ਇੰਝ ਦਿੱਲੀ ਦਰਬਾਰ ਇੱਕ ਵਾਰੀ ਫੇਰ 1953 ਵਾਲੀ ਖੇਡ ਖੇਡਣ ਜਾ ਰਹੀ ਹੈ। 1953 ਵਿੱਚ ਭਾਰਤ ਸਰਕਾਰ ਨੇ ਇਹ ਕੰਮ ਬਖ਼ਸ਼ੀ ਗੁਲਾਮ ਮੁਹੰਮਦ ਕੋਲੋਂ ਕਰਵਾਇਆ ਸੀ ਤੇ ਅੱਜ ਮਿਰਜ਼ਾ ਅਫ਼ਜ਼ਲ ਬੇਗ ਨੂੰ ਇਸਤੇਮਾਲ ਕਰ ਰਹੀ ਹੈ। ਉਸਨੇ ਸ਼ੇਖ਼ ਸਾਹਿਬ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਬੇਗ ਸਾਹਿਬ ਨੂੰ ਮੰਤਰੀ ਮੰਡਲ ਤੋਂ ਬਾਹਰ ਕੱਢ ਦੇਵੇ। ਸ਼ੇਖ਼ ਅਬਦੁੱਲਾ ਨੇ ਜਵਾਈ ਦੇ ਦਬਾਅ ਵਿੱਚ ਆ ਕੇ ਬੇਗ ਸਾਹਿਬ ਕੋਲੋਂ ਤਿਆਗ ਪੱਤਰ ਮੰਗ ਲਿਆ। ਤਿਆਗ ਪੱਤਰ ਦੀ ਚਿੱਠੀ ਖ਼ਾਲਿਦ ਹੁਸੈਨ ਹੀ ਲੈ ਕੇ ਗਿਆ ਸੀ ਅਤੇ ਉਸਨੇ ਇਹ ਚਿੱਠੀ ਆਪ ਸ਼ੇਖ਼ ਸਾਹਿਬ ਦੇ ਹਵਾਲੇ ਕੀਤੀ ਸੀ। ਤਿਆਗ ਪੱਤਰ ਦੇਣ ਮਗਰੋਂ ਕਈ ਮੰਤਰੀ ਜਿਨ੍ਹਾਂ ਵਿੱਚ ਗੁਲਾਮ ਮੁਹੰਮਦ ਭਦਰਵਾਈ, ਪਿਆਰੇ ਲਾਲ ਹੰਡੂ, ਬਸ਼ੀਰ ਕਿਚਲੂ ਤੇ ਕਈ ਐਮੱ.ਐਲੱ.ਏ. ਬੇਗ ਸਾਹਿਬ ਕੋਲ ਆ ਕੇ ਵਿਸ਼ਵਾਸ ਦਿਵਾਉਂਦੇ ਸਨ ਕਿ ਉਹ ਬੇਗ ਸਾਹਿਬ ਨੂੰ ਹੀ ਆਪਣਾ ਲੀਡਰ ਮੰਨਦੇ ਹਨ, ਪਰ ਵੇਲਾ ਆਉਣ 'ਤੇ ਇਨ੍ਹਾਂ ਵਿਚੋਂ ਇੱਕ ਵੀ ਬੇਗ ਸਾਹਿਬ ਨਾਲ ਨਹੀਂ ਰਿਹਾ। ਸਾਰੇ ਬੇਗ ਸਾਹਿਬ ਦਾ ਸਾਥ ਛੱਡ ਕੇ ਗੁਲ ਸ਼ਾਹ ਦੇ ਕੈਂਪ ਵਿੱਚ ਚਲੇ ਗਏ। 1953 ਮਗਰੋਂ ਮਿਰਜ਼ਾ ਅਫ਼ਜ਼ਲ ਬੇਗ ਨੇ ਹੀ 'ਮਹਾਜ਼ ਰਾਏ ਸ਼ੁਮਾਰੀ' ਨਾਂ ਦੀ ਸਿਆਸੀ ਜਮਾਤ ਬਣਾਈ ਤੇ ਸਾਰੇ ਕਸ਼ਮੀਰੀਆ ਨੂੰ ਭਾਰਤ ਸਰਕਾਰ ਦੇ ਖ਼ਿਲਾਫ ਸੰਘਰਸ਼ ਲਈ ਪ੍ਰੇਰਿਆ। ਬੇਗ ਸਾਹਿਬ ਨੇ ਹੀ ਇੱਕ ਕਾਬਿਲ ਵਕੀਲ ਵਜੋਂ ਕਸ਼ਮੀਰ ਸਾਜ਼ਿਸ਼ ਕੇਸ ਲੜਿਆ। ਪ੍ਰਦੇਸ਼ ਦਾ ਵੱਖਰਾ ਵਿਧਾਨ ਬਣਾਇਆ। ਕਸ਼ਮੀਰ ਵਿੱਚ ਇਹ ਗੱਲ ਮਸ਼ਹੂਰ ਸੀ ਕਿ ਮਿਰਜ਼ਾ ਅਫ਼ਜ਼ਲ ਬੇਗ, ਸ਼ੇਖ਼ ਅਬਦੁੱਲੇ ਦਾ ਸਿਆਸੀ ਦਿਮਾਗ ਸੀ। ਬੇਗ ਸਾਹਿਬ ਨੇ ਹੀ ਇੰਦਰਾ ਗਾਂਧੀ ਦੇ ਪ੍ਰਤੀਨਿਧ ਜੀ. ਪਾਰਥਾ-ਸਾਰਥੀ ਨਾਲ ਕਸ਼ਮੀਰ ਬਾਰੇ ਗੱਲਬਾਤ ਕੀਤੀ ਤੇ ਇੰਦਰਾ-ਸ਼ੇਖ਼ ਇਕਾਰਡ ਦਾ ਡ੍ਰਾਫਟ ਤਿਆਰ ਕੀਤਾ, ਜਿਸ ਵਜੋਂ ਸ਼ੇਖ਼ ਸਾਹਿਬ ਨੂੰ ਦੁਬਾਰਾ ਸੱਤਾ ਮਿਲੀ। ਪਰ ਅਫਸੋਸ ਕਿ ਇਨ੍ਹਾਂ ਦੋਵਾਂ ਦੋਸਤਾਂ ਦੀ ਪੰਜਤਾਲੀ ਸਾਲ ਦੀ ਯਾਰੀ ਕੂੜ ਸਿਆਸਤ ਦੀ ਭੇਟ ਚੜ੍ਹ ਗਈ। ਬੇਗ ਸਾਹਿਬ ਨੇ ਇੱਕ ਪ੍ਰੈਸੱ ਕਾਨਫਰੰਸ ਕਰਨ ਤੋਂ ਪਹਿਲਾਂ ਗੋਲ-ਬਾਗ ਜਾਂ ਗਾਂਧੀ ਪ ਾਰਕ (ਜਿਥੇ ਅੱਜਕੱਲ੍ਹ ਹਾਈ ਕੋਰਟ ਤੇ ਐਸੰਬਲੀ ਦੀਆਂ ਇਮਾਰਤਾਂ ਉਸਾਰੀਆਂ ਗਈਆਂ ਹਨ) ਵਿਖੇ ਇੱਕ ਜਲਸਾ ਕਰਨ ਦਾ ਫੈਸਲਾ ਕੀਤਾ, ਪਰ ਉਸ ਜਲਸੇ ਨੂੰ ਫੇਲ੍ਹ ਕਰਨ ਲਈ ਜਹਾਂਗੀਰ ਹੋਟਲ ਤੋਂ ਗੁਲ ਸ਼ਾਹ, ਗੁਲਾਮ ਨੱਬੀ ਕੋਚਕ, ਹਸਾਮਦੀਨ ਬਾਂਡੇ ਤੇ ਹੋਰ ਗੁਲ ਸ਼ਾਹ ਦੇ ਗੁੰਡਿਆਂ ਨੇ ਜਲਸੇ 'ਤੇ ਪਥਰਾਵ ਕੀਤਾ। ਹਮੀਦ ਉਲੱਾ ਖਾਨ, ਕਸ਼ਮੀਰ ਦਾ ਡਵੀਜ਼ਨਲ ਕਮਿਸ਼ਨਰ ਸੀ, ਉਹ ਪੁਲਿਸ ਲੈ ਕੇ ਸਟੇਜ 'ਤੇ ਆ ਗਿਆ ਤੇ ਬਦਤਮੀਜ਼ੀ ਕਰਨ ਲੱਗਾ ਅਤੇ ਉਨ੍ਹਾਂ ਨੂੰ ਧੱਕੇ ਮਾਰ ਕੇ ਸਟੇਜ ਤੋਂ ਉਤਾਰ ਦਿੱਤਾ। ਇੰਝ ਲੋਕੀ ਪੁਲਿਸ ਨੂੰ ਵੇਖ ਕੇ ਭੱਜ ਟੁਟੇ ਤੇ ਜਲਸਾ ਖਤਮ ਹੋ ਗਿਆ। ਇਹ ਉਹੀ ਹਮੀਦ ਉਲੱਾ ਖਾਨ ਸੀ ਜਿਸਨੂੰ

ਬੇਗ ਸਾਹਿਬ ਨੇ ਡਿਪਟੀ ਕਮਿਸ਼ਨਰ ਬਣਵਾਇਆ ਸੀ ਤੇ ਜਿਹੜਾ ਬੇਗ ਸਾਹਿਬ ਦੇ ਬੂਟਾਂ ਦੇ ਤਸਮੇਂ ਬੰਨਦਾ ਸੀ। ਜਿਸ ਦਿਨ ਪ੍ਰੈਸੱ ਕਾਨਫਰੰਸ ਰੱਖੀ ਗਈ ਸੀ, ਉਸ ਤੋਂ ਪਹਿਲੀ ਰਾਤ ਨੂੰ ਬੇਗ ਸਾਹਿਬ ਦੇ ਘਰ ਪਾਰਟੀ ਦੇ ਛੇ ਐਮੱ.ਐਲੱ.ਏ. ਪਹੁੰਚ ਚੁੱਕੇ ਸਨ, ਤਾਂ ਜੋ ਸਵੇਰੇ ਪ੍ਰੈਸੱ ਕਾਨਫਰੰਸ ਵਿੱਚ ਉਨ੍ਹਾਂ ਨੂੰ ਪੇਸ਼ ਕੀਤਾ ਜਾ ਸਕੇ। ਇਨ੍ਹਾਂ ਵਿੱਚ ਹਾਜੀ ਬੁਲੰਦ ਖਾਨ, ਮੁਹੰਮਦ ਯਾਸੀਨ, ਮੁਹੰਮਦ ਸਦੀਕ ਆਦਿ ਸ਼ਾਮਿਲ ਸਨ। ਖ਼ਾਲਿਦ ਹੁਸੈਨ ਸਾਰੀ ਰਾਤ ਉਨ੍ਹਾਂ ਨਾਲ ਰਿਹਾ। ਖ਼ਾਲਿਦ ਨੇ ਆਪ ਉਨ੍ਹਾਂ ਨੂੰ ਖਾਣਾ ਖੁਵਾਇਆ, ਸਵੇਰੇ ਨਾਸ਼ਤਾ ਕਰਵਾਇਆ ਤੇ ਫਿਰ ਉਹ ਪ੍ਰੈਸੱ ਕਾਨਫਰੰਸ ਤੋਂ ਪਹਿਲਾਂ ਮਿਰਜ਼ਾ ਅਫ਼ਜ਼ਲ ਬੇਗ ਹੋਰਾਂ ਕੋਲ ਗਿਆ ਤੇ ਕਹਿਣ ਲੱਗਾ, "ਇਹ ਸਾਰੇ ਐਮੱ.ਐਲੱ.ਏ. ਜਿਹੜੇ ਰਾਤੀਂ ਤੁਹਾਡੀ ਕੋਠੀ ਵਿੱਚ ਠਹਿਰੇ ਸਨ, ਇਹ ਬਹੁਤ ਡਰੇ ਹੋਏ ਹਨ ਤੇ ਮੈਨੂੰ ਨਹੀਂ ਲੱਗਦਾ ਕਿ ਇਹ ਅੱਗੇ ਜਾ ਕੇ ਤੁਹਾਡਾ ਸਾਥ ਦੇਣਗੇ। ਇਸ ਲਈ ਮੇਰੀ ਬੇਨਤੀ ਹੈ ਕਿ ਪ੍ਰੈਸੱ ਕਾਨਫਰੰਸ ਵਿੱਚ ਤੁਸੀਂ ਸ਼ੇਖ਼ ਅਬਦੁੱਲਾ ਸਾਹਿਬ ਦੇ ਖ਼ਿਲਾਫ਼ ਕੋਈ ਸ਼ਬਦ ਨਾ ਬੋਲਿਓ ਤੇ ਸ਼ੇਖ਼ ਸਾਹਿਬ ਨੂੰ ਅੱਜ ਵੀ ਆਪਣਾ ਲੀਡਰ ਕਹਿਓ। ਜਦਕਿ ਗੁਲ ਸ਼ਾਹ ਦੇ ਖ਼ਿਲਾਫ਼ ਜੋ ਮਰਜ਼ੀ ਚਾਹੋ, ਬੋਲ ਦਿਓ।" ਖ਼ਾਲਿਦ ਹੁਸੈਨ ਦੀ ਗੱਲ ਸੁਣ ਕੇ ਮਿਰਜ਼ਾ ਅਫ਼ਜ਼ਲ ਬੇਗ ਚੁੱਪ ਰਹੇ, ਪਰ ਅੰਡਰ ਸੈਕਟਰੀ ਜਲਾਲ ਦੀਨ ਨੇ ਕਿਹਾ ਕਿ ਇਸ ਪੰਜਾਬੀ ਮੁਸਲਮਾਨ ਨੂੰ ਕਸ਼ਮੀਰ ਦੀ ਸਿਆਸਤ ਦਾ ਕੀ ਪਤਾ ਹੈ। ਤੇ ਉਸਨੇ ਬੇਗ ਸਾਹਿਬ ਨੂੰ ਸ਼ੇਖ਼ ਅਬਦੁੱਲਾ ਦੇ ਖ਼ਿਲਾਫ਼ ਬਿਆਨ ਦੇਣ ਲਈ ਉਕਸਾਇਆ।

ਸ਼ੇਖ਼ ਅਬਦੁੱਲਾ ਜਿਹੇ ਚਿਨਾਰ ਦੇ ਰੁੱਖ ਅੱਗੇ ਬੇਗ ਸਾਹਿਬ ਦਾ ਸਿਆਸੀ ਬੂਟਾ ਕੁਮਲਾ ਗਿਆ ਤੇ ਉਹ ਆਪਣੇ ਘਰ ਦੀ ਚਾਰ ਦੀਵਾਰੀ ਅੰਦਰ ਕੈਦ ਹੋ ਗਏ। ਖ਼ਾਲਿਦ ਹੁਸੈਨ, ਬੇਗ ਸਾਹਿਬ ਨੂੰ ਮਿਲਣ ਅਕਸਰ ਉਨ੍ਹਾਂ ਦੇ ਘਰ ਜਾਂਦਾ ਤੇ ਵੇਖਦਾ ਕਿ ਉਨ੍ਹਾਂ ਦੇ ਘਰ ਵਾਲੇ ਬੇਗ ਸਾਹਿਬ ਵੱਲ ਕੋਈ ਧਿਆਨ ਨਹੀਂ ਸਨ ਦਿੰਦੇ। ਉਹ ਨੌਕਰਾਂ ਨੂੰ ਤੇ ਪੁੱਤਰਾਂ ਨੂੰ ਆਵਾਜ਼ਾਂ ਮਾਰਦੇ, ਪਰ ਕੋਈ ਨਹੀਂ ਸੀ ਸੁਣਦਾ। ਉਹ ਬੇਵਸ ਹੋ ਗਿਆ ਸੀ। ਇੱਕ ਦਿਨ ਖ਼ਾਲਿਦ ਹੁਸੈਨ ਬਲਦੇਵ ਸਿੰਘ ਜਸਵਾਲ ਦੇ ਨਾਲ ਬੇਗ ਸਾਹਿਬ ਨੂੰ ਮਿਲਣ ਗਿਆ। ਉਹ ਆਪਣੇ ਕਮਰੇ ਵਿੱਚ ਇੱਕਲਾ ਪਿਆ ਸੀ ਤੇ ਸਾਰਾ ਕਮਰਾ ਬਦਬੂ ਨਾਲ ਭਰਿਆ ਸੀ। ਬੇਗ ਸਾਹਿਬ ਦਾ ਟੱਟੀ ਪਿਸ਼ਾਬ ਪਜਾਮੇ ਵਿੱਚ ਹੀ ਨਿਕਲ ਗਿਆ ਸੀ, ਪਰ ਸਾਫ਼ ਕਰਨ ਵਾਲਾ ਕੋਈ ਨਹੀਂ ਸੀ। ਖ਼ਾਲਿਦ ਹੁਸੈਨ ਤੇ ਜਸਵਾਲ ਨੇ ਬੇਗ ਸਾਹਿਬ ਨੂੰ ਚੁੱਕ ਕੇ ਬਾਥਰੂਮ ਵਿੱਚ ਖੜਿਆ ਤੇ ਕੱਪੜੇ ਉਤਾਰ ਕੇ ਉਨ੍ਹਾਂ ਨੂੰ ਧੋਤਾ ਤੇ ਅਲਮਾਰੀ ਵਿੱਚੋਂ ਸਾਫ਼ ਕੱਪੜੇ ਕੱਢ ਕੇ ਪੁਵਾਏ ਤੇ ਕੁਰਸੀ 'ਤੇ ਬਿਠਾਇਆ। ਫਿਰ ਖ਼ਾਲਿਦ ਨੇ ਬਿਸਤਰੇ ਦੀ ਚਾਦਰ ਤੇ ਸਰ੍ਹਾਣੇ ਦਾ ਗਿਲਾਫ਼ ਚੁੱਕ ਕੇ ਬਾਹਰ ਛੰਡ ਮਾਰਿਆ ਤੇ ਉਹ ਨੌਕਰ ਨੂੰ ਡਾਂਟਣ ਲੱਗਾ। ਖ਼ਾਲਿਦ ਨੇ ਬੇਗ ਸਾਹਿਬ ਦੇ ਪੁੱਤਰ ਮਹਿਬੂਬ ਬੇਗ ਦੀ ਪਤਨੀ ਕੋਲੋਂ ਚਾਦਰ ਤੇ ਸਰ੍ਹਾਣੇ ਦਾ ਗਿਲਾਫ਼ ਮੰਗਿਆ ਤੇ ਚਾਦਰ ਨੂੰ ਪਲੰਘ 'ਤੇ

ਵਿਛਾਇਆ। ਖ਼ਾਲਿਦ ਹੁਸੈਨ ਤੇ ਜਸਵਾਲ ਨੇ ਜਦ ਬੇਗ ਸਾਹਿਬ ਨੂੰ ਮੁੜ ਚੁੱਕ ਕੇ ਪਲੰਗ 'ਤੇ ਲਿਟਾਇਆ ਤਾਂ ਉਹ ਰੋ ਰਹੇ ਸਨ ਤੇ ਜਸਵਾਲ ਤੇ ਖ਼ਾਲਿਦ ਨੂੰ ਕਹਿ ਰਹੇ ਸਨ, "ਮੱਧੇਫਜ਼ੂਲ ਹੂੰ। ਕਿਸੀ ਕੋ ਮੇਰੀ ਪਰਵਾਹ ਨਹੀਂ ਹੈ। ਮੌਤ ਮਾਂਗਤਾ ਹੂੰ, ਪਰ ਮੌਤ ਆਤੀ ਨਹੀਂ। ਨਾ ਜਾਣੇ ਅੱਲਾ ਕੋ ਕਿਆ ਮੰਜ਼ੂਰ ਹੈ ਔਰ ਮੈਨੇ ਕਿਤਨੀ ਦੇਰ ਯਿਹ ਜ਼ਿੱਲਤ ਬਰਦਾਸ਼ਤ ਕਰਨੀ ਹੈ। ਆਪ ਦੋਨੋਂ ਮੇਰੇ ਲਿਏ ਦੁਆ ਮਾਂਗੋ ਕਿ ਮੁਝੇ ਮੌਤ ਆ ਜਾਏ।"

ਬੇਗ ਸਾਹਿਬ ਸ਼ਰੀਰਕ ਤੌਰ 'ਤੇ ਵਿਕਲਾਂਗ ਸਨ, ਉਨ੍ਹਾਂ ਦੀ ਇੱਕ ਲੱਤ ਲੰਗੜੀ ਸੀ ਤੇ ਇੱਕ ਹੱਥ ਟੁੰਡਾ। ਬੁਢਾਪੇ ਵਿੱਚ ਸਹਾਰੇ ਬਗੈਰ ਇਸ ਲਾਗਰ ਸ਼ਰੀਰ ਨੂੰ ਸੰਭਾਲਣਾ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ ਸੀ। ਖ਼ਾਲਿਦ ਹੁਸੈਨ ਨੂੰ ਇਹ ਦਿਲ ਨੂੰ ਦਹਿਲਾ ਦੇਣ ਵਾਲਾ ਦ੍ਰਿਸ਼ ਸਾਰੀ ਉਮਰ ਨਹੀਂ ਭੁੱਲਿਆ ਤੇ ਉਹ ਮੇਰੇ ਸਾਹਮਣੇ ਕਈ ਵਾਰੀ ਦੁਆ ਮੰਗਦਾ ਸੀ ਕਿ ਯਾ ਰੱਬਾ, ਚਲਦਿਆਂ ਫਿਰਦਿਆਂ ਲੈ ਜਾਈਂ ਤੇ ਕਿਸੇ ਦੇ ਵੱਸ ਨਾ ਪਾਈਂ, ਖ਼ਾਸਕਰ ਔਲਾਦ ਦੇ। ਚੰਗੀ ਤਰ੍ਹਾਂ ਦੇਖਭਾਲ ਨਾ ਹੋਣ ਕਾਰਨ, ਸ਼ੂਗਰ ਤੇ ਬਲੱਡ ਪ੍ਰੈਸ਼ਰ ਵਧਣ ਕਾਰਨ ਆਖ਼ਿਰ ਬੇਗ ਸਾਹਿਬ ਅਕਾਲ ਚਲਾਣਾ ਕਰ ਗਏ। ਖ਼ਾਲਿਦ ਹੁਸੈਨ ਨੇ ਉਸ ਵੇਲੇ ਸਿਆਸੀ ਮੌਕਾ ਪਰਸਤਾਂ ਦੇ ਕਈ ਚਿਹਰੇ ਵੇਖੇ। ਸ਼ੇਖ਼ ਅਬਦੁੱਲਾ ਉਨ੍ਹਾਂ ਦਾ ਜਵਾਈ ਗੁੱਲ ਸ਼ਾਹ, ਪੁੱਤਰ ਫਾਰੂਕ ਅਬਦੁੱਲਾ ਅਤੇ ਕਸ਼ਮੀਰ ਦੇ ਸਾਰੇ ਸਿਆਸੀ ਤੇ ਮਜ਼ਬੀ ਲੀਡਰ ਬੇਗ ਸਾਹਿਬ ਦੇ ਘਰ ਟੈਲੀਵਿਜ਼ਨ ਕੈਮਰਿਆਂ ਅੱਗੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਸਨ। ਕਈ ਲੋਕਾਂ ਤੇ ਰਿਸ਼ਤੇਦਾਰਾਂ ਨੇ ਰੋਣ ਦਾ ਡਰਾਮਾ ਰਚਿਆ ਹੋਇਆ ਸੀ। ਖ਼ਾਲਿਦ ਹੁਸੈਨ ਤੇ ਬਲਦੇਵ ਸਿੰਘ ਜਸਵਾਲ ਅਤੇ ਮੈਂ ਇੱਕ ਕੋਨੇ ਵਿੱਚ ਬਹਿ ਕੇ ਇਹ ਸਭ ਕੁੱਝ ਵੇਖ ਰਹੇ ਸਾਂ। ਖ਼ਾਲਿਦ ਕਹਿ ਰਿਹਾ ਸੀ ਕਿ ਸ਼ਾਇਦ ਦੁਨੀਆ ਇਸੇ ਦਾ ਨਾਂ ਹੈ। ਬੇਗ ਸਾਹਿਬ ਦੀ ਫੌਤਗੀ ਮਗਰੋਂ ਡਾ. ਮਹਿਬੂਬ ਬੇਗ ਨੂੰ ਫਾਰੂਕ ਅਬਦੁੱਲਾ ਨੇ ਅਨੰਤਨਾਗ ਐਸੰਬਲੀ ਹਲਕੇ ਦੀ ਟਿਕਟ ਦਿੱਤੀ ਤੇ ਉਹ ਐਮੱ.ਐਲੱ.ਏ. ਬਣ ਗਿਆ, ਪਰ ਫਾਰੂਕ ਅਬਦੁੱਲਾ ਨੇ ਮਹਿਬੂਬ ਬੇਗ ਨੂੰ ਆਪਣੇ ਮੰਤਰੀ ਮੰਡਲ ਵਿੱਚ ਨਹੀਂ ਲਿਆ, ਜਿਸ ਕਰਕੇ ਉਹ ਦੁਖੀ ਸੀ। ਜਦ ਗਵਰਨਰ ਜਗਮੋਹਨ ਨੇ 1984 ਵਿੱਚ ਫਾਰੂਕ ਅਬਦੁੱਲਾ ਦੀ ਸਰਕਾਰ ਨੂੰ ਖਤਮ ਕੀਤਾ ਤਾਂ ਮਹਿਬੂਬ ਬੇਗ ਉਸੇ ਗੁਲ ਸ਼ਾਹ ਨਾਲ ਮਿਲ ਗਿਆ ਜਿਸਨੇ ਮਹਿਬੂਬ ਦੇ ਪਿਓ ਨੂੰ ਜ਼ਲੀਲ ਕਰਕੇ ਸ਼ੇਖ਼ ਅਬਦੁੱਲਾ ਦੇ ਮੰਤਰੀ ਮੰਡਲ ਤੋਂ ਕੱਢਵਾਇਆ ਸੀ ਤੇ ਮੌਤ ਦਾ ਰੋਗ ਲਗਾਇਆ ਸੀ। ਰਾਜਨੀਤੀ ਕਿੰਨੀ ਜ਼ਾਲਮ, ਬੇਰਹਿਮ ਤੇ ਹਰਾਮਜ਼ਾਦੀ ਹੁੰਦੀ ਹੈ, ਇਸ ਦਾ ਜ਼ਿਕਰ ਖ਼ਾਲਿਦ ਹੁਸੈਨ ਅਕਸਰ ਕਰਦਾ। ਮੰਤਰੀ ਬਣਨ ਮਗਰੋਂ ਡਾ. ਮਹਿਬੂਬ ਬੇਗ ਨੇ, ਬੇਗ ਸਾਹਿਬ ਦੇ ਪੁਰਾਣੇ ਸਾਥੀਆਂ ਨੂੰ ਬੁਲਾਇਆ, ਪਰ ਖ਼ਾਲਿਦ ਹੁਸੈਨ ਫਿਰ ਕਦੀ ਮਹਿਬੂਬ ਨੂੰ ਨਹੀਂ ਮਿਲਿਆ। ਸਿਰਫ਼ ਇੱਕ ਵਾਰੀ ਉਸਦੀ ਬੇਟੀ

ਦੀ ਸ਼ਾਦੀ 'ਤੇ ਉਹ ਉਸਦੇ ਘਰ ਗਿਆ ਸੀ ਤੇ ਵਰਤਣ ਕਰਕੇ ਪਰਤ ਆਇਆ ਸੀ। (ਡਾ. ਮਹਿਬੂਬ ਬੇਗ ਅੱਜਕੱਲ੍ਹ ਨੈਸ਼ਨਲ ਕਾਨਫਰੰਸ ਦਾ ਕਸ਼ਮੀਰ ਪ੍ਰਾਂਤ ਦਾ ਪ੍ਰਧਾਨ ਹੈ ਅਤੇ ਲੋਕ ਸਭਾ ਦਾ ਮੈਂਬਰ ਵੀ) ਖ਼ਾਲਿਦ ਹੁਸੈਨ ਦਾ ਇੱਕ ਦੋਸਤ ਤੇ ਜੰਮੂ-ਕਸ਼ਮੀਰ ਦਾ ਮਸ਼ਹੂਰ ਉਰਦੂ ਸ਼ਾਇਰ ਹਾਕੀਮ ਮੰਜ਼ੂਰ ਸੀ। ਬੇਗ ਸਾਹਿਬ ਦੇ ਮੰਤਰੀ ਬਣਨ ਵੇਲੇ ਉਹ ਡਿਪਟੀ ਕਸਟੋਡੀਅਨ ਸੀ। ਉਸਨੇ ਖ਼ਾਲਿਦ ਨੂੰ ਬੇਗ ਸਾਹਿਬ ਨਾਲ ਮਿਲਾਣ ਲਈ ਕਿਹਾ। ਪਹਿਲਾਂ ਤਾਂ ਖ਼ਾਲਿਦ ਟਾਲਦਾ ਰਿਹਾ ਤੇ ਫੇਰ ਉਸਨੇ ਮੇਰੇ ਨਾਲ ਗੱਲ ਕੀਤੀ ਕਿ ਹਾਕੀਮ ਮੰਜ਼ੂਰ ਉਸਦਾ ਯਾਰ ਹੈ ਅਤੇ ਉਰਦੂ ਦਾ ਚੰਗਾ ਸ਼ਾਇਰ ਹੈ, ਉਹ ਬੇਗ ਸਾਹਿਬ ਨਾਲ ਮੁਲਾਕਾਤ ਕਰਨੀ ਚਾਹੁੰਦਾ ਹੈ। ਮੈਂ ਖ਼ਾਲਿਦ ਹੁਸੈਨ ਕਰਕੇ ਹਾਕੀਮ ਮੰਜ਼ੂਰ ਨੂੰ ਬੇਗ ਸਾਹਿਬ ਨਾਲ ਮਿਲਾਇਆ। ਹਾਕੀਮ ਮੰਜ਼ੂਰ ਨੇ ਦੋ-ਚਾਰ ਮੁਲਾਕਾਤਾਂ ਵਿੱਚ ਬੇਗ ਸਾਹਿਬ 'ਤੇ ਅਜਿਹਾ ਮੰਤਰ ਫੂਕਿਆ ਕਿ ਉਹ ਉਸਨੂੰ ਆਪ ਸ਼ਾਮ ਦੀ ਮਹਿਫਲ ਵਿੱਚ ਗੱਪਾਂ ਮਾਰਨ ਲਈ ਬੁਲਾਉਣ ਲੱਗੇ। ਬੇਗ ਸਾਹਿਬ ਆਪ ਵੀ ਲਤੀਫੇਬਾਜ਼ੀ ਤੇ ਗੱਲਾਂ ਕਰਨ ਦੇ ਸ਼ੁਦਾਈ ਸਨ ਤੇ ਹਾਕੀਮ ਮੰਜ਼ੂਰ ਦੀ ਚਰਬ ਜ਼ੁਬਾਨੀ ਦੋਸਤਾਂ ਵਿੱਚ ਮਸ਼ਹੂਰ ਸੀ। ਇੰਝ ਹਾਕੀਮ ਮੰਜ਼ੂਰ, ਬੇਗ ਸਾਹਿਬ ਦਾ ਚਹੇਤਾ ਬਣ ਗਿਆ। ਬੇਗ ਸਾਹਿਬ ਨੇ ਉਸਨੂੰ ਕੇ.ਏ.ਐਸ. ਦਿਵਾਇਆ ਤੇ ਫਿਰ ਕਸਟੋਡੀਅਨ ਨਿਯੁਕਤ ਕੀਤਾ ਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ, ਪਰ ਜਦ ਬੇਗ ਸਾਹਿਬ ਕੁਰਸੀ ਤੋਂ ਉਤਰੇ ਤਾਂ ਇਸ ਹਾਕੀਮ ਮੰਜ਼ੂਰ ਨੇ ਅੱਖਾਂ ਫੇਰ ਲਈਆਂ। ਇੱਕ ਦਿਨ ਬੇਗ ਸਾਹਿਬ ਨੇ ਖ਼ਾਲਿਦ ਹੁਸੈਨ ਨੂੰ ਕਿਹਾ ਕਿ ਹਾਕੀਮ ਮੰਜ਼ੂਰ ਨੂੰ ਬੁਲਾ ਕੇ ਲਿਆ ਕਿਉਂਕਿ ਉਨ੍ਹਾਂ ਦਾ ਦਿਲ ਹਾਕੀਮ ਮੰਜ਼ੂਰ ਨਾਲ ਮਿਲਣ ਨੂੰ ਉਤਾਵਲਾ ਹੋ ਰਿਹਾ ਹੈ, ਤੇ ਜਦ ਖ਼ਾਲਿਦ ਹੁਸੈਨ ਨੇ ਹਾਕੀਮ ਮੰਜ਼ੂਰ ਨੂੰ ਬੇਗ ਸਾਹਿਬ ਦਾ ਸੁਨੇਹਾ ਦਿੱਤਾ ਤਾਂ ਹਾਕੀਮ ਮੰਜ਼ੂਰ ਦਾ ਜਵਾਬ ਸੀ,

"ਲਾਅਨਤ ਮਾਰ ਉਸ ਟੁੰਡੇ ਲੰਗੜੇ ਨੂੰ। ਤੂੰ ਜਾਣਦਾ ਨਹੀਂ ਕਿ ਉਸਦੇ ਘਰ ਦੇ ਚਾਰ ਚੁਫੇਰੇ ਪੁਲਿਸ ਤੇ ਸੀ.ਆਈ.ਡੀ. ਵਾਲੇ ਚੱਕਰ ਮਾਰਦੇ ਰਹਿੰਦੇ ਹਨ। ਇਸ ਲਈ ਤੂੰ ਵੀ ਆਪਣੀ ਨੌਕਰੀ ਕਰ।"

ਜਦ ਖ਼ਾਲਿਦ ਨੇ ਕਿਹਾ ਕਿ ਉਹ ਫੋਨ 'ਤੇ ਹੀ ਬੇਗ ਸਾਹਿਬ ਨਾਲ ਗੱਲ ਕਰੇ ਤਾਂ ਉਸਨੇ ਦੋ-ਚਾਰ ਗਾਲ੍ਹਾਂ ਹੋਰ ਸੁਣਾ ਦਿੱਤੀਆਂ। ਹਾਕੀਮ ਮੰਜ਼ੂਰ, ਗੁਲ ਸ਼ਾਹ ਅੱਗੇ ਗੋਡੇ ਟੇਕ ਚੁੱਕਿਆ ਸੀ, ਪਰ ਖ਼ਾਲਿਦ ਹੁਸੈਨ ਨੇ ਉਸ ਤੋਂ ਬਾਅਦ ਹਾਕੀਮ ਮੰਜ਼ੂਰ ਨੂੰ ਮੂੰਹ ਨਹੀਂ ਲਾਇਆ। ਇਹੋ ਹਾਲ ਮੁਹੰਮਦ ਯੂਸਫ ਟੈਂਗ ਤੇ ਹੱਮੀਦ ਉੱਲਾ ਖਾਨ ਦਾ ਵੀ ਸੀ, ਜਿਹੜੇ ਬੇਗ ਸਾਹਿਬ ਦੀ ਵਫ਼ਾਦਾਰੀ ਦਾ ਦਮ ਭਰਦੇ ਸਨ, ਪਰ ਮੰਤਰੀ ਪਦ ਛੁੱਟਣ 'ਤੇ ਇਕਦਮ ਅੱਖਾਂ ਫੇਰ ਗਏ। ਜਦ ਖ਼ਾਲਿਦ ਹੁਸੈਨ ਜਲੰਧਰ ਵਿੱਚ ਰਿਆਸਤੀ ਸਰਕਾਰ ਵੱਲੋਂ ਪਬਲਿਕ ਰਿਲੇਸ਼ਨ ਆਫਸਰ ਵਜੋਂ ਕੰਮ ਕਰ ਰਿਹਾ ਸੀ

ਤਾਂ ਉਸ ਵੇਲੇ ਬੇਗ ਸਾਹਿਬ ਦਾ ਨਿੱਕਾ ਪੁੱਤਰ ਮੁਮਤਾਜ਼ ਅਫਜ਼ਲ ਬੇਗ ਜਲੰਧਰ ਦੂਰਦਰਸ਼ਨ ਵਿੱਚ ਪ੍ਰੋਡਿਊਸਰ ਸੀ। ਉਸ ਨਾਲ ਉਸਦੀ ਮਾਂ ਵੀ ਰਹਿ ਰਹੀ ਸੀ। ਜਦ ਖ਼ਾਲਿਦ ਹੁਸੈਨ ਨੂੰ ਪਤਾ ਲੱਗਾ ਤਾਂ ਉਹ ਉਨ੍ਹਾਂ ਨੂੰ ਮਿਲਣ ਲਈ ਮੁਮਤਾਜ਼ ਦੇ ਘਰ ਗਿਆ। ਕਿਰਾਏ ਦੇ ਮਕਾਨ ਵਿੱਚ ਇੱਕ ਦਰੀ 'ਤੇ ਬੈਠੀ ਹੋਈ ਇੱਕ ਔਰਤ, ਨਾ ਕੋਈ ਕੁਰਸੀ ਨਾ ਮੇਜ਼, ਨਾ ਕੋਈ ਪਰਦਾ। ਖ਼ਾਲਿਦ ਹੁਸੈਨ ਨੂੰ ਇਹ ਦ੍ਰਿਸ਼ ਦੇਖ ਕੇ ਬੜਾ ਅਫਸੋਸ ਹੋਇਆ। ਉਹ ਖੁਦਾ ਦੀ ਖੁਦਾਈ ਦੇ ਰੰਗ ਵੇਖ ਰਿਹਾ ਸੀ ਕਿ ਜਿਸ ਸੁਆਣੀ ਦੇ ਅੱਗੇ ਪਿੱਛੇ ਕਾਰਾਂ ਹੁੰਦੀਆ ਸਨ, ਉਹ ਅੱਜ ਕਿਸ ਹਾਲਤ ਵਿੱਚ ਪੁੱਤਰ ਕੋਲ ਪਈ ਹੋਈ ਹੈ। ਕਿਉਂਕਿ ਸ੍ਰੀਨਗਰ ਵਿੱਚ ਦੂਜੇ ਪੁੱਤਰਾਂ ਨੇ ਜਾਇਦਾਦ ਦੀ ਵੰਡ ਦਾ ਪੁਆੜਾ ਪਾਇਆ ਹੋਇਆ ਸੀ।

ਜਦੋਂ 1995 ਵਿੱਚ ਖ਼ਾਲਿਦ ਹੁਸੈਨ ਨੂੰ ਤੀਜੀ ਵਾਰੀ ਡੋਡੇ ਵਿੱਚ ਏ.ਸੀ.ਡੀ. ਨਿਯੁਕਤ ਕੀਤਾ ਗਿਆ ਤਾਂ ਉਸਨੇ ਬਲਾਕ ਘੱਟ ਵਿੱਚ ਬੜੀ ਹੇਰਾ ਫੇਰੀ ਵੇਖੀ। ਇੱਕ ਮਦ ਦਾ ਪੈਸਾ ਦੂਜੀ ਮਦ 'ਤੇ ਖ਼ਰਚ ਕੀਤਾ ਗਿਆ ਸੀ। ਪਲਾਨ ਵਿੱਚ ਜਿਸ ਕੰਮ ਲਈ ਪੰਜ ਲੱਖ ਰੁਪਏ ਰੱਖੇ ਗਏ ਸਨ, ਉਸ ਉਤੇ ਪੰਜੀ ਲੱਖ ਦਾ ਖ਼ਰਚਾ ਹੋ ਚੁੱਕਿਆ ਸੀ ਤੇ ਹੋਰ ਪੈਸੇ ਦੀ ਮੰਗ ਕੀਤੀ ਜਾ ਰਹੀ ਸੀ। ਨਰਸਰੀਆਂ ਸਿਰਫ ਕਾਗਜ਼ਾਂ 'ਤੇ ਬਣਾਈਆਂ ਗਈਆਂ ਸਨ, ਪਰ ਮੌਕੇ 'ਤੇ ਕੋਈ ਬੂਟਾ ਨਹੀਂ ਸੀ। ਖ਼ਾਲਿਦ ਨੇ ਇੱਕ ਦਿਨ ਬਲਾਕ ਵਿੱਚ ਛਾਪਾ ਮਾਰਿਆ ਤੇ ਸਾਰਾ ਰਿਕਾਰਡ ਜ਼ਬਤ ਕਰ ਲਿਆ। ਉਸਨੇ ਬੀ.ਡੀ.ਓ. ਦੇ ਖ਼ਿਲਾਫ ਕੇਸ ਤਿਆਰ ਕੀਤਾ ਤੇ ਵਿਜੀਲੈਂਸ ਕਮਿਸ਼ਨਰ ਨੂੰ ਭੇਜ ਦਿੱਤਾ। ਇੰਝ ਹੀ ਜਦ ਖ਼ਾਲਿਦ ਹੁਸੈਨ ਪੁਣਛ ਵਿੱਚ ਡਿਪਟੀ ਕਮਿਸ਼ਨਰ ਸੀ ਤਾਂ ਉਸਨੂੰ ਸ਼ਿਕਾਇਤ ਮਿਲੀ ਕਿ ਸੁਰਨਕੋਟ ਬਲਾਕ ਦੇ ਬੀ.ਐਮੱ.ਓ. (ਬਲਾਕ ਮੈਡੀਕਲ ਅਫਸਰ) ਡਾ. ਮੁਮਤਾਜ਼ ਬੁਖ਼ਾਰੀ ਨੇ ਪੰਜਤਾਲੀ ਗੈਰ-ਕਾਨੂੰਨੀ ਨਿਯੁਕਤੀਆਂ ਕੀਤੀਆ ਹਨ। ਖ਼ਾਲਿਦ ਹੁਸੈਨ ਨੇ ਬੀ.ਐਮੱ.ਓ. ਸੁਰਨਕੋਟ ਦਾ ਰਿਕਾਰਡ ਜ਼ਬਤ ਕੀਤਾ ਤੇ ਸ਼ਿਕਾਇਤ ਨੂੰ ਸਹੀ ਪਾਇਆ। ਉਸਨੇ ਇਹ ਕੇਸ ਆਪ ਵਿਜੀਲੈਂਸ ਕਮਿਸ਼ਨਰ ਨੂੰ ਜਾ ਕੇ ਦਿੱਤਾ, ਪਰ ਦੋਵਾਂ ਮਾਮਲਿਆਂ ਵਿੱਚ ਕਾਰਵਾਈ ਉਲਟੀ ਹੋਈ। ਗੁਲਾਮ ਨੱਬੀ ਵਾਨੀ, ਬੀ.ਡੀ.ਓ. ਘੱਟ ਦੀ ਇਨਕੁਆਰੀ ਅਤੇ ਡਾ. ਮੁਮਤਾਜ਼ ਬੁਖ਼ਾਰੀ ਦੀ ਇਨਕੁਆਰੀ ਠੱਪ ਕਰ ਦਿੱਤੀ ਗਈ ਤੇ ਖ਼ਾਲਿਦ ਹੁਸੈਨ ਦੇ ਖ਼ਿਲਾਫ ਦੋ-ਦੋ ਕੇਸ ਬਣਾ ਕੇ ਇਨਕੁਆਰੀ ਸ਼ੁਰੂ ਕੀਤੀ ਗਈ। ਸ਼ਿਕਾਇਤ ਕਰਨ ਵਾਲਿਆਂ ਨੇ ਇਹ ਲਿਖਿਆ ਸੀ ਕਿ ਖ਼ਾਲਿਦ ਕੋਲ ਇੱਕ ਸਟੀਲ ਮਿੱਲ ਲੁਧਿਆਣੇ, ਤਿੰਨ ਮਕਾਨ ਜੰਮੂ, ਦੋ ਮਕਾਨ ਸ੍ਰੀਨਗਰ ਤੇ ਇੱਕ ਹੱਟ ਪਤਨੀਟਾਪ ਵਿੱਚ ਹੈ। ਉਸਦੀ ਬੀਵੀ ਕੋਲ 5 ਕਿਲੋ ਸੋਨਾ ਤੇ ਲੱਖਾਂ ਰੁਪਏ ਦੇ ਕੱਪੜੇ ਤੇ ਕਾਰਾਂ ਹਨ। ਖ਼ਾਲਿਦ ਹੁਸੈਨ ਦੇ ਖ਼ਿਲਾਫ ਇਸ ਕਾਰਵਾਈ ਦੇ ਪਿੱਛੇ ਦੋ-ਤਿੰਨ ਵੱਡੇ ਅਫਸਰਾਂ ਤੇ ਮੁਮਤਾਜ਼ ਬੁਖ਼ਾਰੀ ਦੇ ਚਚੇਰੇ ਭਰਾ, ਜਿਹੜਾ

ਸੁਰਨਕੋਟ ਦਾ ਐਮੱ.ਐਲੱ.ਏ. ਸੀ, ਦਾ ਵੀ ਹੱਥ ਸੀ। ਪੰਜ ਸਾਲ ਖ਼ਾਲਿਦ ਨੂੰ ਵਿਜੀਲੈਂਸ ਵਾਲਿਆਂ ਤੰਗ ਕੀਤਾ ਤੇ ਆਖ਼ਿਰ ਫਾਈਲਾਂ ਤੇ 'ਕੋਈ ਸਬੂਤ ਨਹੀਂ ਮਿਲਿਆ' ਲਿਖ ਕੇ ਕੇਸ ਬੰਦ ਕਰ ਦਿੱਤਾ। ਤੇ ਜਿਹੜੀਆਂ ਇਨਕੁਆਰੀਆਂ ਉਨ੍ਹਾਂ ਦੋਵਾਂ ਅਫਸਰਾਂ ਦੇ ਖ਼ਿਲਾਫ ਸ਼ੁਰੂ ਕਰਵਾਈਆਂ ਸਨ, ਉਨ੍ਹਾਂ ਦਾ ਉਸਦੇ ਮਰਨ ਤੀਕਰ ਕੁੱਝ ਪਤਾ ਨਾ ਚੱਲਿਆ।

ਕਦੇ ਕਦੇ ਖ਼ਾਲਿਦ ਹੁਸੈਨ ਆਪਣੀ ਹੱਡ ਬੀਤੀ ਵੀ ਸੁਣਾਉਂਦਾ ਹੁੰਦਾ ਸੀ। ਇੱਕ ਵਾਰੀ ਉਸਨੇ ਮੈਨੂੰ ਦੱਸਿਆ ਕਿ ਜਦ ਉਹ ਜਵਾਨੀ ਦੀ ਦਹਿਲੀਜ਼ 'ਤੇ ਖਲੋਤਾ ਸੀ ਤਾਂ ਉਸਨੂੰ ਉਧਮਪੁਰ ਵਿੱਚ ਆਪਣੇ ਪਿਓ-ਦਾਦੇ ਦੀ ਬਣਾਈ ਹੋਈ ਜਾਇਦਾਦ ਦਾ ਖਿਆਲ ਆਇਆ ਯਾਨਿ ਸੈਲਾਂ ਦੇ ਤਲ੍ਹਾ ਵਿੱਚ ਬਣਿਆ ਮਕਾਨ ਤੇ ਦੁਕਾਨਾਂ ਅਤੇ ਬੱਸ ਅੱਡੇ ਕੋਲ ਦੋ ਕਨਾਲ ਜ਼ਮੀਨ। ਜਦ ਉਹ ਉਧਮਪੁਰ ਗਿਆ ਤਾਂ ਮਕਾਨ ਤੇ ਦੁਕਾਨਾਂ ਢਹਿ ਢੇਰੀ ਹੋ ਚੁੱਕੀਆਂ ਸਨ। ਅੱਗ ਲੱਗਣ ਕਾਰਨ ਮਕਾਨ ਦਾ ਮਲਬਾ ਉਂਝ ਹੀ ਪਿਆ ਸੀ। ਸਿਰਫ ਜ਼ਮੀਨ ਦਾ ਖੋਲਾ ਸੀ ਜਿਸਨੂੰ ਜਾਂ ਤਾਂ ਮਲਬਾ ਚੁੱਕ ਕੇ ਨਵੀਂ ਉਸਾਰੀ ਦਾ ਕੰਮ ਕੀਤਾ ਜਾਂਦਾ ਜਾਂ ਫਿਰ ਉਸਨੂੰ ਵੇਚਿਆ ਜਾਂਦਾ। ਖ਼ਾਲਿਦ ਨੇ ਆਪਣੀ ਮਾਂ ਤੇ ਵੱਡੀ ਭੈਣ ਨਾਲ ਸਲਾਹ ਕੀਤੀ ਤੇ ਕੋਈ ਵੀ ਉਧਮਪੁਰ ਵਿੱਚ ਮੁੜ ਵੱਸਣ ਲਈ ਤਿਆਰ ਨਹੀਂ ਸੀ, ਕਿਉਂਕਿ 47 ਦੀ ਕੱਟ ਵੱਢ ਦੀ ਛਾਪ ਉਨ੍ਹਾਂ ਦੇ ਦਿਲਾਂ 'ਚੋਂ ਨਹੀਂ ਸੀ ਮਿਟੀ। ਆਖ਼ਿਰ ਖ਼ਾਲਿਦ ਨੇ ਆਪਣੇ ਪੁਰਖਿਆਂ ਦੀ ਉਹ ਜਗ੍ਹਾ ਵੇਚ ਦਿੱਤੀ। ਜਦੋਂ ਉਹ ਬੱਸ ਸਟੈਂਡ ਦੇ ਨਾਲ ਲੱਗਦੀ ਜ਼ਮੀਨ 'ਤੇ ਗਿਆ ਤਾਂ ਉਸ 'ਤੇ ਇੱਕ ਕਸ਼ਮੀਰੀ ਕਸਾਈ ਤੇ ਢਾਬੇ ਵਾਲੇ ਨੇ ਕਬਜ਼ਾ ਕੀਤਾ ਹੋਇਆ ਸੀ ਤੇ ਉਹ ਆਪਣੇ ਆਪ ਨੂੰ ਮਾਸਟਰ ਗੁਲਾਮ ਹੁਸੈਨ ਦਾ ਵਾਰਿਸ ਦੱਸਦਾ ਸੀ। ਜਦ ਖ਼ਾਲਿਦ ਹੁਸੈਨ ਅਬਦੁੱਲ ਗਨੀ ਨਾਂ ਦੇ ਉਸ ਕਸ਼ਮੀਰੀ ਨੂੰ ਮਿਲਿਆ ਤਾਂ ਉਸਨੂੰ ਪੁੱਛਿਆ ਕਿ ਇਹ ਜ਼ਮੀਨ ਕਿਸਦੀ ਹੈ, ਤਾਂ ਉਸਨੇ ਉਲਟਾ ਸਵਾਲ ਕੀਤਾ ਕਿ ਉਹ ਕੌਣ ਹੈ ਤੇ ਇਥੇ ਕੀ ਲੈਣ ਆਇਆ ਹੈ? ਜਦ ਖ਼ਾਲਿਦ ਹੁਸੈਨ ਨੇ ਆਪਣਾ ਪਰਿਚਯ ਦਿੱਤਾ ਤੇ ਉਸਨੂੰ ਸੱਤ ਦਿਨਾਂ ਦੇ ਅੰਦਰ-ਅੰਦਰ ਜ਼ਮੀਨ ਖਾਲੀ ਕਰਨ ਨੂੰ ਕਿਹਾ ਤਾਂ ਅਬਦੁੱਲ ਗਨੀ ਲੜਣ ਨੂੰ ਪੈ ਗਿਆ ਤੇ ਕਹਿਣ ਲੱਗਾ ਕਿ ਇਸ ਜ਼ਮੀਨ ਦੇ ਮਾਲਕ 1947 ਵਿੱਚ ਮਰ ਖੱਪ ਗਏ ਸਨ ਤੇ ਪਿੱਛਲੇ 20 ਸਾਲ ਦਾ ਕਬਜ਼ਾ ਉਸ ਕੋਲ ਹੈ। ਖ਼ੈਰ ਖ਼ਾਲਿਦ ਨੇ ਉਸਨੂੰ ਧਮਕੀ ਦਿੱਤੀ ਕਿ ਜੇ ਸੱਤਵੇਂ ਦਿਨ ਜ਼ਮੀਨ 'ਤੇ ਬਣਿਆ ਬੁੱਚੜਖ਼ਾਨਾ ਤੇ ਕੋਠਾ ਸਾਫ ਨਹੀਂ ਹੋਇਆ ਤਾਂ ਤੂੰ ਨਤੀਜਾ ਭੁਗਤਣ ਲਈ ਤਿਆਰ ਰਹੀਂ। ਖ਼ਾਲਿਦ ਹੁਸੈਨ ਜੰਮੂ ਆ ਗਿਆ। ਉਨ੍ਹਾਂ ਦਿਨਾਂ ਵਿੱਚ ਉਹ ਮਹਿਕਮਾ ਦੇਹਾਤ ਸੁਧਾਰ ਵਿੱਚ ਕਲਰਕ ਸੀ। ਦਫਤਰ ਗਰਮੀਆ ਵਿੱਚ ਅੱਠ ਵਜੇ ਲੱਗਦੇ ਸਨ। ਇੱਕ ਦਿਨ ਖ਼ਾਲਿਦ ਹੁਸੈਨ ਨੇ ਦਫਤਰ ਵਿੱਚ ਹਾਜ਼ਰੀ ਲਗਾਈ ਤੇ ਆਪਣੇ ਵੱਡੇ ਅਫਸਰ ਕੋਲੋਂ ਹਸਪਤਾਲ ਜਾਣ ਦੀ ਆਗਿਆ ਲਈ ਤਾਂ ਜੋ ਉਹ

ਆਪਣੀ ਬਿਮਾਰ ਮਾਂ ਨੂੰ ਹਸਪਤਾਲ ਲੈ ਜਾ ਸਕੇ। ਇਜਾਜ਼ਤ ਮਿਲਦਿਆਂ ਹੀ ਖ਼ਾਲਿਦ ਨੇ ਟੈਕਸੀ ਕੀਤੀ ਤੇ ਆਪਣੇ ਇੱਕ ਦੋਸਤ ਨੂੰ ਨਾਲ ਲੈ ਕੇ ਉਧਮਪੁਰ ਗਨੀ ਦੇ ਢਾਬੇ 'ਤੇ ਪਹੁੰਚਿਆ। ਉਸਨੇ ਗਨੀ ਨੂੰ ਢਾਬੇ ਤੋਂ ਖਿੱਚ ਕੇ ਬਾਹਰ ਲਿਆਂਦਾ ਤੇ ਹਾਕੀਆਂ ਨਾਲ ਖ਼ਾਲਿਦ ਤੇ ਉਹਦੇ ਯਾਰ ਨੇ ਗਨੀ ਨੂੰ ਇੰਝ ਤੁੰਬਿਆ ਜਿਵੇਂ ਰੂੰ ਤੁੰਬਦੇ ਨੇ। ਖ਼ਾਲਿਦ ਨੇ ਗਨੀ ਨੂੰ ਧਮਕੀ ਦਿੱਤੀ ਕਿ ਜੇ ਉਸਨੇ ਹੁਣ ਵੀ ਜ਼ਮੀਨ ਖਾਲੀ ਨਾ ਕੀਤੀ ਤਾਂ ਅਗਲੀ ਵਾਰੀ ਉਸਨੂੰ ਜਾਨੋ ਮਾਰ ਦਿੱਤਾ ਜਾਏਗਾ। ਕਾਰਵਾਈ ਕਰਨ ਮਗਰੋਂ ਉਸੇ ਟੈਕਸੀ ਵਿੱਚ ਖ਼ਾਲਿਦ ਸਿੱਧਾ ਆਪਣੇ ਦਫਤਰ ਜੰਮੂ ਪਹੁੰਚਿਆ ਤੇ ਆਪਣੇ ਵੱਡੇ ਅਫ਼ਸਰ ਨਾਲ ਅਖਨੂਰ ਤੇ ਛੰਬ ਚਲਾ ਗਿਆ। ਕੁੱਝ ਦਿਨਾਂ ਮਗਰੋਂ ਖ਼ਾਲਿਦ ਦੇ ਘਰ ਉਧਮਪੁਰ ਦੀ ਅਦਾਲਤ ਦਾ ਸਮਨ ਆਇਆ। ਖ਼ਾਲਿਦ ਹੁਸੈਨ ਨੇ ਦਫਤਰੋਂ ਉਧਮਪੁਰ ਦੀ ਘਟਨਾ ਵਾਲੇ ਦਿਨ ਦੀ ਹਾਜ਼ਰੀ ਦੀ ਨਕਲ ਅਤੇ ਆਪਣੇ ਵੱਡੇ ਅਫ਼ਸਰ ਵੱਲੋਂ ਇਹ ਸਰਟੀਫਿਕੇਟ ਲਿਆ ਕਿ ਉਹ ਉਸ ਦਿਨ ਦਫਤਰ ਵਿੱਚ ਹੀ ਸੀ ਤੇ ਮਗਰੋਂ ਉਸ ਨਾਲ ਦੌਰੇ 'ਤੇ ਗਿਆ ਸੀ। ਜਦ ਖ਼ਾਲਿਦ ਉਧਮਪੁਰ ਦੀ ਅਦਾਲਤ ਵਿੱਚ ਪੇਸ਼ ਹੋਇਆ ਤਾਂ ਜੱਜ ਉਸਦਾ ਜਮਾਤੀ ਨਿਕਲਿਆ ਤੇ ਉਸਨੇ ਸਾਰੀ ਗੱਲ ਸੁਣੀ ਨਾਲੇ ਜ਼ਮੀਨ ਦੇ ਕਾਗਜ਼ ਦੇਖੇ ਅਤੇ ਖ਼ਾਲਿਦ ਹੁਸੈਨ ਦੇ ਹੱਕ ਵਿੱਚ ਫੈਸਲਾ ਦੇ ਦਿੱਤਾ, ਨਾਲੇ ਪੁਲਿਸ ਨੂੰ ਹੁਕਮ ਦਿੱਤਾ ਕਿ ਉਹ ਜ਼ਮੀਨ ਦਾ ਕਬਜ਼ਾ ਉਸਦੇ ਅਸਲ ਵਾਰਸਾਂ ਨੂੰ ਦਿਵਾਏ। ਖ਼ਾਲਿਦ ਨੇ ਜ਼ਮੀਨ ਸਿਟੀ ਸਿਨੇਮਾ ਦੇ ਮਾਲਕ ਨੂੰ ਵੇਚੀ ਤੇ ਇੰਝ ਉਧਮਪੁਰ ਨਾਲ ਖ਼ਾਲਿਦ ਹੁਸੈਨ ਦਾ ਰਿਸ਼ਤਾ ਹਮੇਸ਼ਾ ਲਈ ਟੁੱਟ ਗਿਆ ਤੇ ਉਹ ਜੰਮੂ ਵਿੱਚ ਪੱਕੇ ਪੈਰੀਂ ਵੱਸ ਗਿਆ। ਜੰਮੂ ਵਿੱਚ ਰਹਿ ਕੇ ਉਸਨੇ ਆਪਣੀ ਜਾਇਦਾਦ ਬਣਾਈ। ਬੱਚਿਆਂ ਨੂੰ ਪੜ੍ਹਾਇਆ, ਉਨ੍ਹਾਂ ਦੇ ਵਿਆਹ ਕਰਵਾਏ ਤੇ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਆਪ ਆਪਣੇ ਅਸਲੀ ਘਰ ਚਲਾ ਗਿਆ।

***

# ਸੁਖਣ ਜਿਨ੍ਹਾਂ ਦਾ ਹੋਵੇ ਦਾਰੂ

ਖ਼ਾਲਿਦ ਹੁਸੈਨ ਮੇਰੀ ਬੜੀ ਇੱਜ਼ਤ ਕਰਦਾ ਸੀ। ਉਹ 'ਦੇਹਾਤ ਸੁਧਾਰ' ਮਾਸਿਕ ਪਰਚੇ ਦਾ ਉਪ-ਸੰਪਾਦਕ ਸੀ ਤੇ ਮੈਂ ਉਸ ਪਰਚੇ ਦੀ ਸੰਪਾਦਨਾ ਕਰਦਾ ਸਾਂ। ਇੱਕ ਕਹਾਣੀਕਾਰ ਵਜੋਂ ਮੇਰੀ ਪਹਿਚਾਣ ਪੂਰੇ ਭਾਰਤ ਤੇ ਪਾਕਿਸਤਾਨ ਵਿੱਚ ਬਣ ਚੁੱਕੀ ਸੀ ਅਤੇ ਨੂਰ ਸ਼ਾਹ ਦਾ ਨਾਂ ਉਰਦੂ ਅਦਬੀ ਹਲਕਿਆਂ ਵਿੱਚ ਇੱਕ ਜਾਣਿਆ ਪਛਾਣਿਆ ਨਾਂ ਸੀ, ਕਿਉਂਕਿ ਮੈਂ ਯਾਨ੍ਹੀ ਨੂਰ ਸ਼ਾਹ ਉਰਦੂ ਦੇ ਪ੍ਰਸਿੱਧ ਮਾਸਿਕ ਪਰਚਿਆਂ ਤੇ ਅਖ਼ਬਾਰਾਂ ਵਿੱਚ ਛਪਦਾ ਰਹਿੰਦਾ ਸਾਂ। ਇਨ੍ਹਾਂ ਵਿੱਚੋਂ 'ਬੀਸਵੀਂ ਸਦੀ', 'ਸ਼ਮਾ', 'ਆਜ ਕੱਲ', 'ਸ਼ਾਇਰ', 'ਰੂਬੀ' ਆਦਿ ਪਰਚਿਆਂ ਵਿੱਚ ਨਿਰੰਤਰ ਛਪਦਾ ਸਾਂ। ਖ਼ਾਲਿਦ ਮੇਰੀਆਂ ਕਹਾਣੀਆਂ ਪੜ੍ਹਦਾ ਸੀ, ਮੇਰੇ ਨਾਲ ਕਹਾਣੀਆਂ ਬਾਰੇ ਆਪਣੇ ਵਿਚਾਰ ਸਾਂਝੇ ਕਰਦਾ ਸੀ ਤੇ ਇੰਝ ਉਹ ਉਰਦੂ ਸਾਹਿਤ ਵਿੱਚ ਦਿਲਚਸਪੀ ਲੈਣ ਲੱਗਾ। ਉਸਨੂੰ ਮੈਂ ਮੰਟੋ, ਕ੍ਰਿਸ਼ਨ ਚੰਦਰ, ਬੇਦੀ, ਖਵਾਜਾ ਅਹਿਮਦ ਅੱਬਾਸ, ਇਸਮਤ ਚੁਗਤਾਈ ਤੇ ਹੋਰ ਉਰਦੂ ਕਹਾਣੀਕਾਰਾਂ ਦੀਆਂ ਕਿਤਾਬਾਂ ਪੜ੍ਹਣ ਲਈ ਦਿੰਦਾ ਸਾਂ। ਪਰ ਮੈਂ ਵੇਖਿਆ ਕਿ ਉਸਨੂੰ ਸ਼ਾਇਰੀ ਦੀਆਂ ਪੁਸਤਕਾਂ ਪੜ੍ਹਣ ਵਿੱਚ ਬਹੁਤਾ ਮਜ਼ਾ ਆਉਂਦਾ ਸੀ। ਉਹ ਗਾਲਿਬ, ਮੀਰ ਤਕੀ ਮੀਰ, ਇਕਬਾਲ, ਫਿਰਾਕ, ਕਤੀਲ, ਫੈਜ਼, ਨਾਸਿਰ ਕਾਜ਼ਮੀ, ਸਰਦਾਰ ਜ਼ਾਫਰੀ ਤੇ ਸਾਹਿਰ ਨੂੰ ਬੜੇ ਚਾਅ ਨਾਲ ਪੜ੍ਹਦਾ ਹੈ। ਇੱਕ ਦਿਨ ਉਹ ਇੱਕ ਕਹਾਣੀ ਲਿਖ ਕੇ ਲਿਆਇਆ ਤੇ ਮੈਨੂੰ ਸੁਣਾਉਣ ਲੱਗਾ। ਕਹਾਣੀ ਇੱਕ ਦਮ ਸਾਧਾਰਨ ਸੀ ਤੇ ਇਹ ਕਹਾਣੀ ਉਰਦੂ ਵਿੱਚ ਖ਼ਾਲਿਦ ਹੁਸੈਨ ਦੀ ਪਹਿਲੀ ਕਹਾਣੀ ਸੀ। ਕਹਾਣੀ ਦਾ ਨਾਂ 'ਘਰ ਕੀ ਜੰਨਤ' ਸੀ। ਮੈਂ ਕਹਾਣੀ ਵਿੱਚ ਮਾੜੀ ਜਿਹੀ ਸੋਧ ਕੀਤੀ ਤੇ ਉਹ 'ਦੇਹਾਤ ਸੁਧਾਰ' ਵਿੱਚ ਛਾਪ ਦਿੱਤੀ। ਅੰਕ ਸੀ ਅਕਤੂਬਰ-ਨਵੰਬਰ 1969 ਦਾ। ਇੰਝ ਖ਼ਾਲਿਦ ਹੁਸੈਨ ਨੇ ਆਪਣੀ ਲੇਖਣੀ ਦਾ ਸਫਰ 1969 ਤੋਂ ਸ਼ੁਰੂ ਕੀਤਾ। 1970 ਤਕ ਉਸਦੀਆਂ ਦੋ ਹੋਰ ਕਹਾਣੀਆਂ, 'ਰੂਪ ਔਰ ਸਾਏ' ਤੇ 'ਸ਼ੀਸ਼ਾ ਘਰ' ਉਰਦੂ ਵਿੱਚ ਛਪੀਆਂ। ਇਹ ਦੋਵੇਂ ਕਹਾਣੀਆਂ ਨੰਦ ਗੋਪਾਲ ਬਾਵਾ ਨੇ ਆਪਣੇ ਮਾਸਿਕ ਉਰਦੂ ਪਰਚੇ 'ਨੂਰੀ ਛੰਬ' ਵਿੱਚ ਛਾਪੀਆਂ। ਖ਼ਾਲਿਦ ਨੇ ਆਪਣੀ ਚੌਥੀ ਕਹਾਣੀ ਵੀ ਉਰਦੂ ਵਿੱਚ ਹੀ ਲਿਖੀ ਤੇ ਕਹਾਣੀ ਦਾ ਨਾਂ ਸੀ, 'ਸ਼ਮਾਂ ਹਰ ਰੰਗ ਮੇਂ ਜਲਤੀ

ਹੈ'। ਇਹ ਕਹਾਣੀ ਸ੍ਰੀਨਗਰ ਦੇ ਇੱਕ ਹਫਤਾਵਰ ਅਖ਼ਬਾਰ ਵਿੱਚ ਛਪੀ ਤੇ ਕਿਸੇ ਮਨਚਲੇ ਨੇ ਇਸ ਅਖ਼ਬਾਰ ਦੀਆਂ ਕਾਪੀਆਂ ਪੂਰੇ ਸੈਕਟਰੀਏਟ ਵਿੱਚ ਵੰਡ ਦਿੱਤੀਆਂ। ਇੱਕ ਭੁਚਾਲ ਆ ਗਿਆ। ਹਰ ਪਾਸੇ ਇਸ ਕਹਾਣੀ ਦਾ ਚਰਚਾ ਹੋਣ ਲੱਗਾ। ਕਹਾਣੀ ਵਿੱਚ ਇੱਕ ਵੱਡੇ ਸਰਕਾਰੀ ਅਫਸਰ, ਜਿਹੜਾ ਸੈਕਟਰੀਏਟ ਵਿੱਚ ਸੈਕਟਰੀ ਦੇ ਆਹੁਦੇ 'ਤੇ ਬਿਰਾਜਮਾਨ ਸੀ ਅਤੇ ਉਸਦੀ ਪੀ.ਏ. ਦੇ, ਵਾਸ਼ਨਾ ਵਿੱਚ ਲਿਬੜੇ ਸੰਬੰਧਾਂ ਬਾਰੇ ਚਰਚਾ ਕੀਤੀ ਗਈ ਸੀ। ਇਸ ਕਹਾਣੀ ਵਿੱਚ ਖ਼ਾਲਿਦ ਨੇ ਗਲਤੀ ਇਹ ਕੀਤੀ ਸੀ ਕਿ ਘਟਨਾ ਤੇ ਪਾਤਰਾਂ ਦੇ ਨਾਂ ਅਸਲੀ ਦੇ ਦਿੱਤੇ ਸਨ। ਇੱਕ ਤੂਫਾਨ ਮੱਚਿਆ ਤੇ ਖ਼ਾਲਿਦ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ। ਉਸ 'ਤੇ ਇਹ ਇਲਜ਼ਾਮ ਲਗਾਇਆ ਗਿਆ ਕਿ ਉਸਨੇ ਸੈਕਟਰੀਏਟ ਦੇ ਇੱਕ ਵੱਡੇ ਅਫਸਰ 'ਤੇ ਉਸਦੀ ਪੀ.ਏ. ਨੂੰ ਬਦਨਾਮ ਕਰਨ ਲਈ ਇੱਕ ਅਸ਼ਲੀਲ ਲੇਖ ਲਿਖਿਆ ਹੈ। ਤੇ ਲੇਖ ਲਿਖਣ ਲਈ ਸਰਕਾਰ ਕੋਲੋਂ ਪਹਿਲਾਂ ਮਨਜ਼ੂਰੀ ਲੈਣੀ ਪੈਂਦੀ ਹੈ। ਖ਼ਾਲਿਦ ਨੇ ਚਾਰਜ ਸ਼ੀਟ ਦਾ ਜਵਾਬ ਦਿੱਤਾ, ਪਰ ਸਰਕਾਰ ਨੇ ਇੱਕ ਇਨਕੁਆਰੀ ਕਮਿਸ਼ਨ ਬਣਾਇਆ ਜਿਸ ਵਿੱਚ ਇਹ ਸਾਬਤ ਕਰਨਾ ਸੀ ਕਿ ਕੀ ਖ਼ਾਲਿਦ ਨੇ ਲੇਖ ਲਿਖਿਆ ਹੈ ਜਾਂ ਕਹਾਣੀ ਅਤੇ ਇਸ ਵਿੱਚ ਅਸ਼ਲੀਲਤਾ ਹੈ ਜਾਂ ਨਹੀਂ। ਇਸ ਕਮਿਸ਼ਨ ਦੀ ਅਗਵਾਈ ਸ਼ੈਸ਼ਨ ਜੱਜ ਗੁਲਾਮ ਰਸੂਲ ਹਮਦਾਨੀ ਕਰ ਰਿਹਾ ਸੀ। ਸਰਕਾਰੀ ਵਕੀਲ ਦਾ ਇਸ ਗੱਲ 'ਤੇ ਜ਼ੋਰ ਸੀ ਕਿ ਇਹ ਅਸ਼ਲੀਲ ਲੇਖ ਹੈ, ਇਸ ਲਈ ਖ਼ਾਲਿਦ ਨੂੰ ਸਖ਼ਤ ਤੋਂ ਸਖ਼ਤ ਦੰਡ ਦਿੱਤਾ ਜਾਏ। ਜਦਕਿ ਖ਼ਾਲਿਦ ਦੇ ਵਕੀਲਾਂ ਦਾ ਦਾਅਵਾ ਸੀ ਕਿ ਖ਼ਾਲਿਦ ਨੇ ਕਹਾਣੀ ਲਿਖੀ ਹੈ ਅਤੇ ਫਿਕਸ਼ਨ ਲਿਖਣ ਲਈ ਸਰਕਾਰ ਦੀ ਮਨਜ਼ੂਰੀ ਦੀ ਲੋੜ ਨਹੀਂ ਹੁੰਦੀ ਅਤੇ ਅੱਜ ਤਕ ਕੋਈ ਵੀ ਇਹ ਸਾਬਤ ਨਹੀਂ ਕਰ ਸਕਿਆ ਕਿ ਗਲਪ ਵਿੱਚ ਅਸ਼ਲੀਲਤਾ ਕਿੱਥੇ ਹੈ। ਸਆਦਤ ਹਸਨ ਮੰਟੋ ਤੇ ਪਾਕਿਸਤਾਨ ਵਿੱਚ ਕਈ ਮੁਕਦਮੇ ਚੱਲੇ,ਪਰ ਕੋਈ ਵੀ ਇਹ ਸਾਬਤ ਨਹੀਂ ਕਰ ਸਕਿਆ ਕਿ ਉਸਦੀਆਂ ਕਹਾਣੀਆਂ ਅਸ਼ਲੀਲ ਹਨ। ਜਿਥੋਂ ਤਕ ਨਾਵਾਂ ਦਾ ਸਵਾਲ ਹੈ ਉਹ ਕਿਸੇ ਦੇ ਵੀ ਹੋ ਸਕਦੇ ਹਨ। ਖ਼ਾਲਿਦ ਦੇ ਵਕੀਲਾਂ ਨੇ ਜੱਜ ਨੂੰ ਕਿਹਾ ਕਿ ਇਸ ਗੱਲ ਦਾ ਫੈਸਲਾ ਕਰਨਾ ਕਿ ਇਹ ਕਹਾਣੀ ਹੈ ਜਾਂ ਲੇਖ ਹੈ ਅਤੇ ਇਸ ਵਿੱਚ ਅਸ਼ਲੀਲ ਭਾਸ਼ਾ ਵਰਤੀ ਗਈ ਹੈ, ਭਾਸ਼ਾ ਗਿਆਨੀਆਂ, ਸਾਹਿਤਕਾਰਾਂ ਤੇ ਆਲੋਚਕਾਂ ਦਾ ਕੰਮ ਹੈ, ਕਿਉਂਕਿ ਉਹੀ ਪਾਰਖੂ ਹਨ। ਇਸ ਗੱਲ 'ਤੇ ਜੱਜ ਨੇ ਕਿਹਾ ਕਿ ਅਗਲੀ ਪੇਸ਼ੀ ਵਿੱਚ ਇਸ ਬਾਰੇ ਭਾਸ਼ਾ ਗਿਆਨੀਆਂ, ਸਾਹਿਤਕਾਰਾਂ ਤੇ ਆਲੋਚਕਾਂ ਦੀ ਰਾਇ ਪੇਸ਼ ਕੀਤੀ ਜਾਏ। ਉਨ੍ਹਾਂ ਦਿਨਾਂ ਵਿੱਚ ਸ੍ਰੀਨਗਰ ਵਿੱਚ ਖਵਾਜਾ ਅਹਿਮਦ ਅੱਬਾਸ ਤੇ ਬਲਰਾਜ ਸਾਹਨੀ ਇੱਕ ਫ਼ਿਲਮ ਬਣਾਨ ਦੇ

ਸਿਲਸਿਲੇ ਵਿੱਚ ਕਸ਼ਮੀਰ ਆਏ ਹੋਏ ਸਨ। ਖ਼ਾਲਿਦ ਉਨ੍ਹਾਂ ਦੋਵਾਂ ਨੂੰ ਮਿਲਿਆ ਤੇ ਸਾਰੀ ਘਟਨਾ ਅਤੇ ਆਪਣੇ ਉਤੇ ਆਈ ਬਿਪਤਾ ਦੀ ਗਾਥਾ ਉਨ੍ਹਾਂ ਨੂੰ ਸੁਣਾਈ। ਉਨ੍ਹਾਂ ਦੋਵਾਂ ਨੇ ਕਹਾਣੀ ਪੜ੍ਹੀ ਤੇ ਆਪਣੀ ਰਾਏ ਲਿਖ ਕੇ ਦੇ ਦਿੱਤੀ। ਦੋਵਾਂ ਨੇ ਖ਼ਾਲਿਦ ਦੀ ਕਹਾਣੀ ਨੂੰ ਇੱਕ ਸਾਹਿਤਕ ਰਚਨਾ ਕਿਹਾ ਸੀ, ਨਾਲੇ ਇਸ ਗੱਲ ਦਾ ਖੰਡਨ ਕੀਤਾ ਸੀ ਕਿ ਇਸ ਵਿੱਚ ਅਸ਼ਲੀਲ ਭਾਸ਼ਾ ਵਰਤੀ ਗਈ ਹੈ। ਕੇ.ਏ. ਅੱਬਾਸ ਤੇ ਬਲਰਾਜ ਸਾਹਨੀ ਦੋਵੇਂ ਜੰਮੂ-ਕਸ਼ਮੀਰ ਦੇ ਉਸ ਵੇਲੇ ਦੇ ਮੁੱਖ ਮੰਤਰੀ ਗੁਲਾਮ ਮੁਹੰਮਦ ਸਾਦਿਕ ਦੇ ਗੂੜ੍ਹੇ ਯਾਰ ਸਨ, ਕਿਉਂਕਿ ਉਹ ਕਮਿਊਨਿਸਟ ਵਿਚਾਰਧਾਰਾ ਦੇ ਮੰਨਣ ਵਾਲੇ ਸਨ। ਉਨ੍ਹਾਂ ਸਾਦਿਕ ਸਾਹਿਬ ਨਾਲ ਮੁਲਾਕਾਤ ਕੀਤੀ ਤੇ ਖ਼ਾਲਿਦ ਬਾਰੇ ਚਰਚਾ ਕੀਤੀ। ਬਲਰਾਜ ਸਾਹਨੀ ਨੇ ਸਾਦਿਕ ਸਾਹਿਬ ਨੂੰ ਕਿਹਾ ਕਿ ਇੱਕ ਨਵਾਂ ਉਭਰਦਾ ਕਹਾਣੀਕਾਰ ਲਾਲ ਫੀਤਾ ਸ਼ਾਹੀ ਦਾ ਸ਼ਿਕਾਰ ਹੈ। ਉਸ 'ਤੇ ਰਹਿਮ ਕਰੋ। ਉਸਨੂੰ ਬਹਾਲ ਕਰੋ ਤਾਂ ਜੋ ਉਸਦੇ ਅੰਦਰ ਦਾ ਸਾਹਿਤਕਾਰ ਜ਼ਿੰਦਾ ਰਵੇ। ਖ਼ਾਲਿਦ ਹੁਸੈਨ ਨੇ ਕਸ਼ਮੀਰੀ ਤੇ ਉਰਦੂ ਦੇ ਕਹਾਣੀਕਾਰਾਂ ਅਖਤਰ ਮਹਿਊਦੀਨ, ਅਲੀ ਮੁਹੰਮਦ ਲੋਨ ਅਤੇ ਮੁਹੰਮਦ ਯੂਸਫ ਟੇਂਗ ਕੋਲੋਂ ਵੀ ਉਨ੍ਹਾਂ ਦੇ ਲਿਖਤੀ ਵਿਚਾਰ ਹਾਸਿਲ ਕੀਤੇ ਅਤੇ ਮੈਂ ਵੀ ਆਪਣੇ ਵਿਚਾਰ ਖ਼ਾਲਿਦ ਨੂੰ ਲਿਖ ਕੇ ਦੇ ਦਿੱਤੇ। ਅਗਲੀ ਪੇਸ਼ੀ 'ਤੇ ਇਹ ਸਾਰੇ ਲਿਖਤੀ ਵਿਚਾਰ ਖ਼ਾਲਿਦ ਦੇ ਵਕੀਲਾਂ ਨੇ ਜੱਜ ਸਾਹਿਬ ਅੱਗੇ ਪੇਸ਼ ਕੀਤੇ। ਇਸ ਤਰ੍ਹਾਂ ਨੌਂ ਮਹੀਨਿਆਂ ਮਗਰੋਂ ਕਮਿਸ਼ਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ। ਖ਼ਾਲਿਦ ਹੁਸੈਨ ਬਰੀ ਹੋ ਗਿਆ ਤੇ ਉਸਦੀ ਨੌਕਰੀ ਬਹਾਲ ਕਰ ਦਿੱਤੀ ਗਈ। ਇਸ ਘਟਨਾ ਨੇ ਉਸਦੇ ਅੰਦਰ ਦੇ ਸਾਹਿਤਕਾਰ ਤੇ ਕਹਾਣੀਕਾਰ ਨੂੰ ਪੂਰੀ ਤਰ੍ਹਾਂ ਬਾਹਰ ਲੈ ਆਂਦਾ। ਉਹ ਉਰਦੂ ਵਿੱਚ ਕਹਾਣੀਆਂ ਤੇ ਲੇਖ ਲਿਖਣ ਲੱਗਾ। 1971 ਵਿੱਚ ਹੀ ਉਸਨੂੰ ਉਸਦੇ ਮਿੱਤਰ ਤੇ ਕਹਾਣੀਕਾਰ ਹਰਭਜਨ ਸਿੰਘ ਸਾਗਰ ਨੇ ਪੰਜਾਬੀ ਵੱਲ ਮੋੜਿਆ। ਖ਼ਾਲਿਦ, ਹਰਭਜਨ ਸਾਗਰ ਨਾਲ ਪੰਜਾਬੀ ਸਾਹਿਤ ਸਭਾ ਦੇ ਦਫਤਰ 'ਮਾਈਸੁਮਾ' ਜਾਣ ਲੱਗਾ ਤੇ ਸਾਹਿਤਕ ਗੋਸ਼ਟੀਆਂ ਵਿੱਚ ਭਾਗ ਲੈਣ ਲੱਗਾ। ਸਾਗਰ ਦੀ ਪ੍ਰੇਰਣਾ ਸਦਕਾ ਖ਼ਾਲਿਦ ਨੇ ਪੰਜਾਬੀ ਵਿੱਚ ਪਹਿਲੀ ਕਹਾਣੀ 'ਠੰਡੀ ਕਾਂਗੜੀ' ਸਿਰਨਾਵੇਂ ਹੇਠ ਪੰਜਾਬੀ ਸਾਹਿਤ ਸਭਾ, ਸ਼੍ਰੀਨਗਰ ਵਿਖੇ ਪੜ੍ਹੀ। ਮਹਾਰਥੀਆਂ ਜਿਵੇਂ ਪ੍ਰੇਮ ਸਿੰਘ, ਸਰਣ ਸਿੰਘ, ਸੇਵਾ ਸਿੰਘ, ਗੁਰਚਰਨ ਸਿੰਘ ਗੁਲਸ਼ਨ ਤੇ ਕੰਵਲ ਕਸ਼ਮੀਰੀ ਆਦਿ ਨੂੰ ਕਹਾਣੀ ਚੰਗੀ ਨਹੀਂ ਲੱਗੀ। ਉਨ੍ਹਾਂ ਨੇ ਕਹਾਣੀ ਵਿੱਚ ਕਈ ਤਰੁੱਟੀਆਂ ਤੇ ਖਾਮੀਆਂ ਕੱਢੀਆਂ। ਖ਼ਾਲਿਦ ਨੇ ਇਹ ਕਹਾਣੀ ਦੂਜੇ ਦਿਨ ਹਰਭਜਨ ਸਾਗਰ ਦੇ ਸਾਹਮਣੇ ਕੁੱਝ ਹੋਰ ਦੋਸਤਾਂ ਨੂੰ ਸੁਣਾਈ ਜਿਨ੍ਹਾਂ ਵਿੱਚ ਬ੍ਰਿਜ ਨੰਦਨ ਸ਼ਰਮਾ, ਬੰਦੂ ਸ਼ਰਮਾ, ਐਨੱ.ਡੀ. ਜਮਵਾਲ ਤੇ ਦੀਨੂ ਭਾਈ ਪੰਤ

ਸ਼ਾਮਿਲ ਸਨ। ਉਨ੍ਹਾਂ ਕਹਾਣੀ ਨੂੰ ਸਰਹਾਇਆ। ਫਿਰ ਇਹ ਕਹਾਣੀ ਖ਼ਾਲਿਦ ਨੇ ਮੈਨੂੰ ਵੀ ਸੁਣਾਈ। ਕਹਾਣੀ ਆਪਣੇ ਵਿਸ਼ੇ ਤੇ ਭਾਸ਼ਾ ਪੱਖੋਂ ਇੱਕ ਮੁਕੰਮਲ ਅਫ਼ਸਾਨਾ ਸੀ ਤੇ ਉਸ ਵਿੱਚ ਕੋਈ ਘਾਟ ਨਹੀਂ ਸੀ। ਖ਼ਾਲਿਦ ਨੇ ਇਹ ਕਹਾਣੀ 'ਨਾਗਮਣੀ' ਵਿੱਚ ਛਾਪਣ ਲਈ ਭੇਜੀ। ਅੰਮ੍ਰਿਤਾ ਪ੍ਰੀਤਮ ਦੀ ਸੰਪਾਦਨਾ ਵਿੱਚ 'ਨਾਗਮਣੀ' ਉਸ ਵੇਲੇ ਪੰਜਾਬੀ ਦਾ ਉਘਾ ਚਰਚਿਤ ਮਾਸਿਕ ਪਰਚਾ ਸੀ, ਜਿਸ ਵਿੱਚ ਛਪਣ ਵਾਲੇ ਆਪਣੇ ਆਪ ਨੂੰ ਬੜਾ ਖੁਸ਼ਕਿਸਮਤ ਸਮਝਦੇ ਸਨ। ਕਹਾਣੀ 'ਨਾਗਮਣੀ' ਵਿੱਚ ਛਪੀ। ਅਹਿਮਦ ਸਲੀਮ ਜਿਹੜਾ ਲਾਹੌਰ ਤੋਂ 'ਕੂੰਜ' ਨਾਂ ਦਾ ਮਾਸਿਕ ਪਰਚਾ ਕੱਢਦਾ ਸੀ, ਨੇ ਇਸ ਕਹਾਣੀ ਨੂੰ ਉਲਥ ਕੇ 'ਕੂੰਜ' ਵਿੱਚ ਵੀ ਛਾਪਿਆ। ਇੰਝ ਖ਼ਾਲਿਦ ਹੁਸੈਨ ਆਪਣੀ ਪਹਿਲੀ ਪੰਜਾਬੀ ਕਹਾਣੀ ਤੋਂ ਹੀ ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਆਪਣੀ ਪਹਿਚਾਣ ਬਣਾਉਣ ਲੱਗਾ। ਕੁੱਝ ਦਿਨਾਂ ਮਗਰੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪੰਜਾਬੀ ਵਿਦਿਆਰਥੀ ਆਪਣੇ ਮੁਖੀ ਪ੍ਰੋ. ਸੁਰਿੰਦਰ ਸਿੰਘ ਦੁਸਾਂਝ ਦੀ ਅਗਵਾਈ ਵਿੱਚ ਕਸ਼ਮੀਰ ਸੈਰ-ਸਪਾਟਾ ਕਰਨ ਆਏ। ਉਨ੍ਹਾਂ ਗੁਰਦੁਆਰੇ ਵਿੱਚ ਖ਼ਾਲਿਦ ਹੁਸੈਨ ਨੂੰ ਮਿਲਣ ਦੀ ਇੱਛਾ ਜਾਹਿਰ ਕੀਤੀ। ਦੂਜੇ ਦਿਨ ਅਮੀਰਾ ਕਦਲ ਵਿਖੇ ਖ਼ਾਲਸਾ ਹੋਟਲ ਵਿੱਚ ਪੰਜਾਬੀ ਸਾਹਿਤ ਸਭਾ, ਸ੍ਰੀਨਗਰ ਨੇ ਡਾ. ਸ.ਸ. ਦੁਸਾਂਝ ਤੇ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਚਾਹ 'ਤੇ ਬੁਲਾਇਆ ਤੇ ਉਥੇ ਖ਼ਾਲਿਦ ਹੁਸੈਨ ਦੀ ਮੁਲਾਕਾਤ ਉਨ੍ਹਾਂ ਨਾਲ ਕਰਵਾਈ। ਉਨ੍ਹਾਂ ਵਿੱਚ ਇੱਕ ਵਿਦਿਆਰਥੀ ਸ਼ਮਸ਼ੇਰ ਸਿੰਘ ਸੰਧੂ ਵੀ ਸੀ, ਜਿਹੜਾ ਅੱਜ ਦਾ ਇੱਕ ਪ੍ਰਸਿੱਧ ਗੀਤਕਾਰ ਹੈ। ਖ਼ਾਲਿਦ ਹੁਸੈਨ ਨੂੰ ਬੜਾ ਚੰਗਾ ਲੱਗਿਆ ਤੇ ਉਹਦਾ ਮਨ ਗਦ-ਗਦ ਹੋ ਉਠਿਆ ਸੀ। ਦੂਜੇ ਦਿਨ ਦਫਤਰ ਵਿੱਚ ਉਹਨੇ ਮੈਨੂੰ ਸਾਰੀ ਗੱਲ ਸੁਣਾਈ। ਖ਼ਾਲਿਦ ਦੀ ਦੂਜੀ ਕਹਾਣੀ ਵੀ 'ਮਾਏ ਨੀਂ ਮੈਂ ਕਿਨੂ ਆਖਾਂ' 'ਨਾਗਮਣੀ' ਵਿੱਚ ਹੀ ਛਪੀ। ਬਸ ਫਿਰ ਖ਼ਾਲਿਦ ਨੇ ਮੁੜ ਕੇ ਪਿੱਛੇ ਨਹੀਂ ਵੇਖਿਆ। ਉਹ ਪੰਜਾਬੀ ਵਿੱਚ ਬੜੀ ਤੇਜ਼ੀ ਨਾਲ ਕਹਾਣੀਆਂ ਲਿਖਣ ਲੱਗਾ ਤੇ ਭਾਰਤ ਅਤੇ ਪਾਕਿਸਤਾਨ ਦੇ ਸਾਰੇ ਪੰਜਾਬੀ ਪਰਚਿਆਂ ਵਿੱਚ ਛਪਣ ਲਈ ਭੇਜਣ ਲੱਗਾ। ਨਾਗਮਣੀ ਵਿੱਚ ਉਸਦੀਆਂ ਉਪਰੋਥਲੀ ਪੰਜ ਕਹਾਣੀਆਂ ਛਪੀਆਂ ਤੇ ਇੱਕ ਇੰਟਰਵਿਊ, ਜਿਹੜਾ ਅੰਮ੍ਰਿਤਾ ਪ੍ਰੀਤਮ ਨੇ ਆਪ ਲਿਆ ਸੀ। ਇਹ ਇੰਟਰਵਿਊ ਪੰਜਾਬੀ ਤੋਂ ਛੁੱਟ ਹਿੰਦੀ ਦੇ ਪ੍ਰਸਿੱਧ ਮਾਸਿਕ ਪਰਚੇ 'ਸੂਰੀਯਾ ਇੰਡੀਆ' ਵਿੱਚ ਵੀ ਛਪਿਆ ਅਤੇ ਅੰਮ੍ਰਿਤਾ ਪ੍ਰੀਤਮ ਦੀ ਇੰਟਰਵਿਊਆਂ ਵਾਲੀ ਕਿਤਾਬ ਵਿੱਚ ਵੀ ਖ਼ਾਲਿਦ ਦਾ ਇਹ ਇੰਟਰਵਿਊ ਸ਼ਾਮਿਲ ਹੈ। ਖ਼ਾਲਿਦ ਹੁਸੈਨ ਪੰਜਾਬੀ ਦੇ ਉਘੇ ਪਰਚਿਆਂ ਦੀ ਪਹਿਚਾਣ ਬਣ ਗਿਆ, ਜਿਵੇਂ 'ਨੀਲਮਣੀ ਜਲੰਧਰ, ਸੇਧ ਦਿੱਲੀ, ਸਾਹਿਤਕਾਰ ਅੰਮ੍ਰਿਤਸਰ, ਅਕਸ ਦਿੱਲੀ, ਪੰਜਾਬੀ ਡਾਈਜੈਸਟ ਦਿੱਲੀ, ਪ੍ਰੇਰਣਾ

ਚੰਡੀਗੜ੍ਹ, ਲੋਹ ਅੰਮ੍ਰਿਤਸਰ, ਅੱਖਰ ਅੰਮ੍ਰਿਤਸਰ, ਸ਼ਿਲਾ-ਲੇਖ ਅੰਮ੍ਰਿਤਸਰ, ਪ੍ਰਵਚਨ ਜਲੰਧਰ, ਪ੍ਰੀਤਲੜੀ ਅੰਮ੍ਰਿਤਸਰ, ਸਮਦਰਸ਼ੀ ਦਿੱਲੀ, ਤ੍ਰਿਸ਼ੰਕੂ ਲੁਧਿਆਣਾ, ਆਲੋਚਨਾ ਲੁਧਿਆਨਾ, ਤਸਵੀਰ ਜਲੰਧਰ, ਦ੍ਰਿਸ਼ਟੀ ਜਲੰਧਰ, ਸਮਕਾਲੀ ਸਾਹਿਤ ਦਿੱਲੀ, ਮੁਹਾਂਦਰਾ ਬਰਨਾਲਾ, ਅਲੰਕਾਰ ਲੁਧਿਆਣਾ, ਵਿਕੇਂਦਰਿਤ ਦਿੱਲੀ, ਸਮੁੰਦਰੋਂ ਪਾਰ (ਲੰਦਨ), ਦੇਸ-ਪ੍ਰਦੇਸ (ਲੰਦਨ), ਅਮਰ ਕਹਾਣੀਆਂ ਅੰਮ੍ਰਿਤਸਰ, ਜਨ-ਸਾਹਿਤ ਪਟਿਆਲਾ, ਵਰਿਆਮ ਜਲੰਧਰ, ਸੱਜਰੀ ਪੈੜ ਜਲੰਧਰ, ਅਨੁਭਵ ਅੰਮ੍ਰਿਤਸਰ, ਸੰਕਲਪ ਲੁਧਿਆਣਾ, ਰਾਹਗੀਰ ਪੱਟੀ ਆਦਿ। ਇਸ ਤੋਂ ਇਲਾਵਾ ਹਿੰਦੀ ਤੇ ਅੰਗਰੇਜ਼ੀ ਦੇ ਕਈ ਉਘੇ ਪਰਚਿਆਂ ਵਿੱਚ ਉਸਦੀਆਂ ਕਹਾਣੀਆਂ ਦਾ ਅਨੁਵਾਦ ਛਪਿਆ ਹੈ।

ਇਸ ਤੋਂ ਇਲਾਵਾ ਪਾਕਿਸਤਾਨੀ ਪੰਜਾਬ ਵਿਚ ਪੰਜ ਦਰਿਆ ਲਾਹੌਰ, ਸੂਰਜਮੁਖੀ ਲਾਹੌਰ, ਕੂੰਜ ਲਾਹੌਰ, ਪੰਜਾਬੀ, ਲਾਹੌਰ, ਪੰਚਮ ਲਾਹੌਰ, ਵਾਰਿਸ ਸ਼ਾਹ ਮੁਲਤਾਨ, ਇੰਟਰਨੈਸ਼ਨਲ ਸਵੇਰ ਲਾਹੌਰ, ਲਹਿਰਾਂ ਲਾਹੌਰ, ਪੰਜ ਰੰਗ ਲਾਹੌਰ ਆਦਿ ਪਰਚਿਆਂ ਵਿੱਚ ਖ਼ਾਲਿਦ ਹੁਸੈਨ ਨਿਰੰਤਰ ਛਪਦਾ ਰਿਹਾ। ਇਸ ਤੋਂ ਛੁੱਟ ਅਜੀਤ, ਜਗ ਬਾਣੀ, ਪੰਜਾਬੀ ਟ੍ਰਿਬਿਊਨ, ਚੜ੍ਹਦੀ ਕਲਾ, ਅਕਾਲੀ ਪੱਤ੍ਰਿਕਾ ਆਦਿ ਅਤੇ ਪਾਕਿਸਤਾਨੀ ਪੰਜਾਬੀ ਅਖ਼ਬਾਰਾਂ ਵਿੱਚ ਵੀ ਉਸਦੀਆਂ ਕਹਾਣੀਆਂ ਛਪਦੀਆਂ ਰਹੀਆਂ। ਉਸਨੂੰ ਦਿੱਲੀ, ਪੰਜਾਬ ਤੇ ਹਰਿਆਣਾ ਵਿੱਚ ਹੋਣ ਵਾਲੀਆਂ ਪੰਜਾਬੀ ਕਾਨਫਰੰਸਾਂ ਵਿੱਚ ਬੁਲਾਇਆ ਜਾਂਦਾ ਤੇ ਉਹ ਉਨ੍ਹਾਂ ਸਾਹਿਤਕ ਇੱਕੱਠਾਂ ਵਿੱਚ ਭਾਗ ਲੈਂਦਾ। ਇਹ ਸ਼ਾਇਦ 1972-73 ਦੀ ਗੱਲ ਹੈ ਕਿ ਖ਼ਾਲਿਦ ਹੁਸੈਨ ਨੇ ਜਲੰਧਰ ਦੀ ਇੱਕ ਕਾਨਫਰੰਸ ਵਿੱਚ ਆਪਣੀ ਕਹਾਣੀ 'ਧਰਤੀ ਰੋਂਦੀ ਹੈ' ਪੜ੍ਹੀ। ਕਹਾਣੀ ਗੋਸ਼ਟੀ ਦੀ ਪ੍ਰਧਾਨਗੀ ਪ੍ਰਸਿੱਧ ਫਿਲਮ ਕਲਾਕਾਰ ਬਲਰਾਜ ਸਾਹਨੀ ਕਰ ਰਹੇ ਸਨ। ਗੋਸ਼ਟੀ ਖਤਮ ਹੋਣ ਮਗਰੋਂ ਉਹ ਖ਼ਾਲਿਦ ਨੂੰ ਲੈ ਕੇ ਸਕਾਈ ਲਾਰਕ ਹੋਟਲ (ਜਲੰਧਰ) ਚਲੇ ਗਏ। ਉਥੇ ਕੌਫੀ ਪਿਲਾਂਦਿਆਂ ਉਸਨੇ ਖ਼ਾਲਿਦ ਹੁਸੈਨ ਦੀ ਕਹਾਣੀ ਉਪੱਰ ਆਪਣੇ ਵਿਚਾਰ ਸਾਂਝੇ ਕੀਤੇ। ਕਹਾਣੀ ਵਿੱਚ ਭਾਰਤੀ ਮੁਸਲਮਾਨਾਂ ਦੀ ਵੰਡ ਪਿੱਛੋਂ ਦੁਰਦਸ਼ਾ ਦਰਸਾਈ ਗਈ ਸੀ। ਬਲਰਾਜ ਸਾਹਨੀ ਨੇ ਕਿਹਾ ਕਿ ਉਂਝ ਤਾਂ ਕਹਾਣੀ ਹਰ ਪੱਖੋਂ ਇੱਕ ਵਧੀਆ ਯਤਨ ਹੈ, ਪਰ ਇਸ ਵਿੱਚ ਕਹਾਣੀਕਾਰ ਇੱਕ ਖ਼ਾਸ ਵਰਗ ਨਾਲ ਜੁੜ ਕੇ ਰਹਿ ਗਿਆ ਹੈ, ਜਦਕਿ ਭਾਰਤ ਵਿੱਚ ਦਲਿਤ ਹਿੰਦੂ ਤੇ ਸਿੱਖ, ਇਸਾਈਆਂ ਦੀ ਬਹੁ ਗਿਣਤੀ ਅਜਿਹੀ ਹੈ ਕਿ ਉਨ੍ਹਾਂ ਨੂੰ ਰੋਟੀ, ਕੱਪੜਾ ਤੇ ਮਕਾਨ ਦੇ ਲਾਲੇ ਪਏ ਹੋਏ ਨੇ। ਉਨ੍ਹਾਂ ਦੀ ਦੁਰਦਸ਼ਾ ਵੀ ਮੁਸਲਮਾਨਾਂ ਵਾਂਗ ਹੀ ਬਹੁਤ ਮਾੜੀ ਹੈ। ਜੇ ਖ਼ਾਲਿਦ ਮੁਸਲਿਮ ਸਮਾਜ ਨੂੰ ਕੇਂਦਰਿਤ ਨਾ ਕਰਕੇ ਗ਼ਰੀਬ ਤੇ ਸ਼ੋਸ਼ਿਤ ਵਰਗ ਦਾ ਸਮੁੱਚੇ ਤੌਰ 'ਤੇ ਜ਼ਿਕਰ ਕਰਦਾ,

ਜਿਸ ਵਿੱਚ ਮੁਸਲਮਾਨ ਵੀ ਸ਼ਾਮਲ ਹਨ ਤਾਂ ਕਹਾਣੀ ਹੋਰ ਖ਼ੂਬਸੂਰਤ ਬਣ ਜਾਂਦੀ। ਬਲਰਾਜ ਸਾਹਨੀ ਨੇ ਕਿਹਾ ਸੀ ਕਿ ਇੱਕ ਸ਼ਾਇਰ ਜਾਂ ਸਾਹਿਤਕਾਰ ਨੂੰ ਕਿਸੇ ਖ਼ਾਸ ਫਿਰਕੇ, ਧਰਮ ਜਾਂ ਸਮਾਜ ਦਾ ਹੀ ਨਹੀਂ ਹੋ ਕੇ ਰਹਿਣਾ ਚਾਹੀਦਾ ਸਗੋਂ ਉਸਦੀ ਰਚਨਾ ਯੂਨੀਵਰਸਲ ਬਣਨੀ ਚਾਹੀਦੀ ਹੈ ਤਾਂ ਜੋ ਪੜ੍ਹਣ ਲੱਗਿਆਂ ਹਰ ਦੇਸ਼ ਦਾ ਪਾਤਰ ਇਹ ਸਮਝੇ ਕੇ ਰਚਨਾਕਾਰ ਸਾਡੀ ਗੱਲ ਕਰ ਰਿਹਾ ਹੈ। ਇਸ ਸੁੰਦਰਭ ਵਿੱਚ ਬਲਰਾਜ ਸਾਹਨੀ ਨੇ ਮੁੰਬਈ ਤੋਂ ਖ਼ਾਲਿਦ ਨੂੰ ਦੋ ਤਿੰਨ ਚਿੱਠੀਆਂ ਵੀ ਲਿਖੀਆਂ, ਜਿਹੜੀਆਂ ਮੈਂ ਆਪ ਵੇਖੀਆਂ ਸਨ। ਉਨ੍ਹਾਂ ਵਿੱਚ ਬਲਰਾਜ ਸਾਹਨੀ ਨੇ ਆਪਣਾ ਦ੍ਰਿਸ਼ਟੀਕੋਣ ਬਿਆਨ ਕਰਨ ਦੇ ਨਾਲ ਨਾਲ ਚੰਗਾ ਸਾਹਿਤਕਾਰ ਬਣਨ ਲਈ ਖ਼ਾਲਿਦ ਨੂੰ ਵਧੀਆ ਸੁਝਾਅ ਵੀ ਦਿੱਤੇ ਸਨ। ਉਸ ਤੋਂ ਬਾਅਦ ਖ਼ਾਲਿਦ ਹੁਸੈਨ ਨੇ ਕੋਈ ਅਜਿਹੀ ਕਹਾਣੀ ਨਹੀਂ ਲਿਖੀ ਜਿਸ ਵਿੱਚ ਕਿਸੇ ਖ਼ਾਸ ਧਰਮ ਜਾਂ ਫਿਰਕੇ ਦਾ ਪੱਖ ਲਿਆ ਗਿਆ ਹੋਵੇ।

1975 ਵਿੱਚ ਖ਼ਾਲਿਦ ਹੁਸੈਨ ਨੂੰ ਪੰਜਾਬੀ ਸਾਹਿਤ ਸਭਾ, ਸ੍ਰੀਨਗਰ ਦਾ ਪ੍ਰਧਾਨ ਚੁਣਿਆ ਗਿਆ। ਉਸਨੇ ਆਪਣੇ ਕਾਰਜ-ਕਾਲ ਦੌਰਾਨ ਜੰਮੂ-ਕਸ਼ਮੀਰ ਵਿੱਚ ਪਹਿਲੀ (ਤੇ ਸ਼ਾਇਦ ਆਖ਼ਰੀ) ਸਰਵ ਹਿੰਦ ਪੰਜਾਬੀ ਕਾਨਫਰੰਸ, ਸ੍ਰੀਨਗਰ ਵਿਖੇ 7-8 ਜੁਲਾਈ 1975 ਨੂੰ ਟੈਗੋਰ ਹਾਲ ਵਿੱਚ ਕਰਵਾਈ। ਖ਼ਾਲਿਦ ਹੁਸੈਨ ਦੇ ਜ਼ਾਤੀ ਸੰਬੰਧਾਂ ਕਾਰਨ ਇਸ ਕਾਨਫਰੰਸ ਵਿੱਚ ਦਿੱਲੀ ਤੇ ਪੰਜਾਬ ਦੇ ਉਚ ਕੋਟੀ ਦੇ 250 ਤੋਂ ਵੱਧ ਪੰਜਾਬੀ ਸਾਹਿਤਕਾਰਾਂ, ਆਲੋਚਕਾਂ ਤੇ ਸ਼ਾਇਰਾਂ ਨੇ ਭਾਗ ਲਿਆ ਅਤੇ ਸਾਰੀਆਂ ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਦੇ ਪ੍ਰਤੀਨਿਧੀਆਂ ਨੇ ਵੀ ਭਾਗ ਲਿਆ। ਇਨ੍ਹਾਂ ਵਿੱਚ ਡਾ. ਗੁਲਵੰਤ ਸਿੰਘ, ਡਾ. ਸੋਹਨ ਸਿੰਘ ਸ਼ੀਤਲ, ਡਾ. ਹਰਭਜਨ ਸਿੰਘ, ਡਾ. ਤਿਵਾੜੀ, ਡਾ. ਸੰਤ ਸਿੰਘ ਸੇਖੋਂ, ਡਾ. ਐਸ਼.ਐਸ਼. ਆਹਲੂਵਾਲੀਆ, ਡਾ. ਹਰਨਾਮ ਸਿੰਘ ਸ਼ਾਨ, ਡਾ. ਅਤਰ ਸਿੰਘ, ਡਾ. ਸਾਧੂ ਸਿੰਘ ਹਮਦਰਦ, ਮੋਹਨ ਸਿੰਘ ਮਾਹਿਰ, ਡਾ. ਰਘਬੀਰ ਸਿੰਘ, ਡਾ. ਧਰਮ ਪਾਲ ਸਿੰਗਲ, ਡਾ. ਕੇ.ਐਸ਼. ਥਿੰਦ, ਅਮਰੀਕ ਸਿੰਘ ਪੂਨੀ ਆਦਿ ਵਰਗੇ ਪੰਜਾਬੀ ਦੇ ਵੱਡੇ ਹਸਤਾਖਰਾਂ ਤੋਂ ਛੁੱਟ ਵਰਿਆਮ ਸੰਧੂ, ਮੁਖਤਿਆਰ ਗਿੱਲ, ਗੁੱਲ ਚੌਹਾਨ, ਡਾ. ਕਰਨੈਲ ਸਿੰਘ, ਪਰਮਿੰਦਰ ਜੀਤ, ਅਮਿਤੋਜ, ਚੰਦਨ ਨੇਗੀ ਤੇ ਪਾਸ਼ ਆਦਿ ਵਰਗੇ ਕਹਾਣੀਕਾਰਾਂ ਤੇ ਸ਼ਾਇਰਾਂ ਨੇ ਭਾਗ ਲਿਆ। ਇਸ ਕਾਨਫਰੰਸ ਦੀ ਪ੍ਰਧਾਨਗੀ ਉਸ ਵੇਲੇ ਦੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਸ਼ੇਖ ਅਬਦੁੱਲਾ ਨੇ ਕੀਤੀ ਤੇ ਮੁੱਖ ਪ੍ਰਾਹੁਣੇ ਵਜੋਂ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਨਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪ੍ਰਸਿੱਧ ਪੰਜਾਬੀ ਕਵੀ ਤੇ ਕਹਾਣੀਕਾਰ ਗੁਰਮੁਖ ਸਿੰਘ ਮੁਸਾਫ਼ਿਰ ਤੇ ਪੰਜਾਬ ਦੇ ਵਿੱਦਿਆ ਮੰਤਰੀ ਤੇ ਹੋਰ ਅਫ਼ਸਰਾਂ ਦੀ ਇੱਕ

ਚੌਖੀ ਵੱਡੀ ਟੀਮ ਨੇ ਭਾਗ ਲਿਆ। ਇਸ ਕਾਨਫਰੰਸ ਵਿੱਚ ਜੰਮੂ-ਕਸ਼ਮੀਰ ਦੇ ਸਾਰਿਆਂ ਮੰਤਰੀਆਂ ਤੇ ਅਫਸਰਾਂ ਅਤੇ ਮੁਕਾਮੀਂ ਸਾਹਿਤਕਾਰਾਂ ਤੇ ਵਿਦਵਾਨਾਂ ਨੇ ਵੀ ਭਾਗ ਲਿਆ। ਉਨ੍ਹਾਂ ਦਿਨਾਂ ਵਿੱਚ ਦੇਸ਼ ਵਿੱਚ ਐਮਰਜੈਂਸੀ ਲੱਗੀ ਹੋਈ ਸੀ। ਇਸ ਕਾਨਫਰੰਸ ਦਾ ਫਾਇਦਾ ਚੁੱਕਦਿਆਂ ਹੋਇਆਂ ਪੰਜਾਬ ਸਰਕਾਰ ਦੇ ਦੋ ਮੰਤਰੀਆਂ ਨੇ ਸਾਧੂ ਸਿੰਘ ਹਮਦਰਦ, ਚੀਫ ਐਡੀਟਰ, ਅਜੀਤ ਅਖ਼ਬਾਰ, ਜਲੰਧਰ ਅੱਗੇ ਇਹ ਤਜਵੀਜ਼ ਰੱਖੀ ਕਿ ਇਸ ਸਰਵ ਹਿੰਦ ਪੰਜਾਬੀ ਕਾਨਫਰੰਸ ਵਿੱਚ ਐਮਰਜੈਂਸੀ ਦੇ ਹੱਕ ਵਿੱਚ ਮਤਾ ਪਾਸ ਕਰਵਾਇਆ ਜਾਵੇ। ਇਸ ਗੱਲ ਦੀ ਉਘ ਸੁਘ ਖ਼ਾਲਿਦ ਹੁਸੈਨ ਨੂੰ ਨਹੀਂ ਸੀ ਅਤੇ ਨਾ ਹੀ ਉਹ ਸਿਆਸੀ ਚਾਲ-ਬਾਜ਼ੀਆਂ ਤੋਂ ਜਾਣੂ ਸੀ, ਪਰ ਜਦ ਪਾਸ਼ ਨੇ ਉਸਨੂੰ ਮਤਾ ਪਾਸ ਕਰਵਾਉਣ ਦੀ ਸਾਜ਼ਿਸ਼ ਬਾਰੇ ਦੱਸਿਆ, ਨਾਲੇ ਧਮਕੀ ਦਿੱਤੀ ਕਿ ਭਾਈ ਜੇ ਇਹ ਮਤਾ ਕਾਨਫਰੰਸ ਵਿੱਚ ਪੇਸ਼ ਕੀਤਾ ਗਿਆ ਤਾਂ ਸਾਰੇ ਨੌਜਵਾਨ ਸਾਹਿਤਕਾਰ ਉਸਦਾ ਜ਼ੋਰਦਾਰ ਵਿਰੋਧ ਕਰਨਗੇ ਅਤੇ ਇਸ ਕਾਰਨ ਜੇ ਕਾਨਫਰੰਸ ਵਿੱਚ ਖਲਬਲੀ ਮਚ ਗਈ ਤਾਂ ਉਸ ਲਈ ਉਹ ਜ਼ਿੰਮੇਵਾਰ ਨਹੀਂ ਹੋਣਗੇ। ਖ਼ਾਲਿਦ ਹੁਸੈਨ ਨੇ ਸਾਰੀ ਗੱਲ ਡਾ. ਅਤਰ ਸਿੰਘ ਤੇ ਡਾ. ਤਿਵਾੜੀ ਨਾਲ ਸਾਂਝੀ ਕੀਤੀ। ਉਨ੍ਹਾਂ ਨੇ ਬੜੇ ਤਰੀਕੇ ਨਾਲ ਇਸ ਮਾਮਲੇ ਨੂੰ ਨਜਿੱਠਿਆ ਤੇ ਐਮਰਜੈਂਸੀ ਵਾਲਾ ਮਤਾ ਪੇਸ਼ ਹੀ ਨਹੀਂ ਹੋਣ ਦਿੱਤਾ। ਇਸ ਕਾਨਫਰੰਸ ਦੀ ਉਪਲਬਧੀ ਇਹ ਸੀ ਕਿ ਜੰਮੂ ਯੂਨੀਵਰਸਿਟੀ ਵਿੱਚ ਬਾਬਾ ਫਰੀਦ ਚੇਅਰ ਪੰਜਾਬ ਸਰਕਾਰ ਵੱਲੋਂ ਸਥਾਪਿਤ ਕੀਤੀ ਗਈ। ਇਹ ਚੇਅਰ ਹੀ ਬਾਅਦ ਵਿੱਚ ਪੰਜਾਬੀ ਵਿਭਾਗ ਦੀ ਬੁਨਿਆਦ ਬਣੀ ਤੇ ਡਾ. ਕਰਤਾਰ ਸਿੰਘ ਸੂਰੀ ਨੂੰ ਇਸ ਚੇਅਰ ਦਾ ਨਿਗਰਾਨ ਬਣਾਇਆ ਗਿਆ। ਦੂਜੀ ਉਪਲਬਧੀ ਇਹ ਸੀ ਕਿ ਜੰਮੂ-ਕਸ਼ਮੀਰ ਦੇ ਪ੍ਰਾਇਮਰੀ ਸਕੂਲਾਂ ਵਿੱਚ ਰਿਆਸਤੀ ਸਰਕਾਰ ਵੱਲੋਂ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਗਿਆ। ਪੰਜਾਬ ਸਰਕਾਰ ਨੇ ਪੰਜਾਬੀ ਸਾਹਿਤ ਸਭਾ, ਸ੍ਰੀਨਗਰ ਲਈ ਭਰਵੀਂ ਮਾਇਕ ਸਹਾਇਤਾ ਵੀ ਦਿੱਤੀ। ਚੰਦਨ ਨੇਗੀ ਦਾ ਸਾਹਿਤਕ ਸਫਰ ਇਸੇ ਕਾਨਫਰੰਸ ਵਿੱਚ ਕਹਾਣੀ ਪੜ੍ਹਣ ਤੋਂ ਸ਼ੁਰੂ ਹੋਇਆ। ਪਰ ਇਸ ਇਤਿਹਾਸਕ ਕਾਨਫਰੰਸ ਨੂੰ ਪੰਜਾਬੀ ਦੇ ਖੇਤਰੀ ਤੇ ਮੋਢੀ ਅਖਵਾਣ ਵਾਲੇ ਸਾਹਿਤਕਾਰਾਂ ਨੇ ਭੈੜੀ ਅੱਖ ਨਾਲ ਵੇਖਿਆ, ਕਿਉਂਕਿ ਉਨ੍ਹਾਂ ਦੀ ਚੌਧਰ ਖਤਮ ਹੋ ਗਈ ਸੀ ਤੇ ਪੰਜਾਬੀ ਸਾਹਿਤ ਸਭਾ ਸ੍ਰੀਨਗਰ, ਉਨ੍ਹਾਂ ਦੇ ਹੱਥੋਂ ਨਿਕਲ ਜਾਵੇ, ਇਹ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ। ਸਰਬ ਹਿੰਦ ਪੰਜਾਬੀ ਕਾਨਫਰੰਸ ਨੂੰ ਫੇਲ੍ਹ ਕਰਨ ਲਈ ਪ੍ਰੋ. ਸੇਵਾ ਸਿੰਘ, ਪ੍ਰੋ. ਪ੍ਰੇਮ ਸਿੰਘ, ਸਰਨ ਸਿੰਘ, ਡਾ. ਗੁਰਚਰਨ ਸਿੰਘ ਗੁਲਸ਼ਨ ਤੇ ਇਨ੍ਹਾਂ ਸਾਰਿਆਂ ਦਾ ਗੁਰੂ ਕੰਵਲ ਕਸ਼ਮੀਰੀ ਪੇਸ਼-ਪੇਸ਼ ਸਨ। ਇਨ੍ਹਾਂ ਸਾਧੂ ਸਿੰਘ ਹਮਦਰਦ ਅਤੇ ਪੰਜਾਬ ਦੀਆਂ

ਯੂਨੀਵਰਸਿਟੀਆਂ ਨੂੰ ਤਾਰਾਂ ਪਾਈਆਂ ਤੇ ਸੂਚਿਤ ਕੀਤਾ ਕਿ ਕਾਨਫਰੰਸ ਮੁਲਤਵੀ ਕਰ ਦਿੱਤੀ ਗਈ ਹੈ। ਜਦ ਹਮਦਰਦ ਸਾਹਿਬ ਨੇ ਖ਼ਾਲਿਦ ਹੁਸੈਨ ਨੂੰ ਟੈਲੀਫ਼ੋਨ 'ਤੇ ਪੁੱਛਿਆ ਤਾਂ ਉਸਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਦੂਜੇ ਗਰੁੱਪ ਦੀ ਸ਼ਰਾਰਤ ਹੈ ਅਤੇ ਕਾਨਫਰੰਸ ਮਿੱਥੀ ਗਈ ਤਾਰੀਕਾਂ 'ਤੇ ਅਵੱਸ਼ ਹੋ ਰਹੀ ਹੈ। ਹਮਦਰਦ ਸਾਹਿਬ ਨੇ ਦੂਜੇ ਦਿਨ ਆਪਣੀ ਅਖ਼ਬਾਰ ਵਿੱਚ ਕਾਨਫਰੰਸ ਬਾਰੇ ਖ਼ਬਰ ਵੀ ਲਾਈ ਤੇ ਸੰਪਾਦਕੀ ਵਿੱਚ ਸਾਰੇ ਪੰਜਾਬੀ ਸਾਹਿਤਕਾਰਾਂ ਨੂੰ ਸ਼੍ਰੀਨਗਰ ਪਹੁੰਚਣ ਦੀ ਬੇਨਤੀ ਵੀ ਕੀਤੀ। ਇੰਞ ਪੰਜਾਬੀ ਲਈ ਕੁਰਬਾਨ ਹੋਣ ਵਾਲੇ ਇਨ੍ਹਾਂ ਮੋਢੀ ਸਾਹਿਤਕਾਰਾਂ ਦੀ ਸਾਜ਼ਿਸ਼ ਫੇਲ੍ਹ ਹੋ ਗਈ। ਕਾਨਫਰੰਸ ਤੋਂ ਇੱਕ ਦਿਨ ਪਹਿਲਾਂ ਇਹ ਸਾਰੇ ਸਭਾ ਦੇ ਦਫਤਰ ਵਿੱਚ ਆਏ ਤੇ ਖ਼ਾਲਿਦ ਹੁਸੈਨ ਨੂੰ ਉਨ੍ਹਾਂ ਗੋਚਰੇ ਕੰਮ ਦੱਸਣ ਲਈ ਕਹਿਣ ਲੱਗੇ। ਖ਼ਾਲਿਦ ਨੇ ਸਭ ਅੱਗੇ ਹੱਥ ਬੰਨ੍ਹ ਕੇ ਅਰਜੋਈ ਕੀਤੀ ਕਿ ਸਾਜ਼ਸ਼ਾਂ ਛੱਡੋ ਤੇ ਕਾਨਫਰੰਸ ਵਿੱਚ ਭਾਗ ਲਵੋ। ਕਾਨਫਰੰਸ ਵਾਲੇ ਦਿਨ ਇਨ੍ਹਾਂ ਮੋਢੀਆਂ ਸਟੇਜ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਖ਼ਾਲਿਦ ਦੇ ਸਾਥੀਆਂ ਨੇ ਇਹ ਕੋਸ਼ਿਸ਼ ਨਾਕਾਮ ਬਣਾ ਦਿੱਤੀ। ਇਸ ਕਾਨਫਰੰਸ ਲਈ ਚਿੱਠੀ-ਪੱਤਰ, ਸੱਦਾ-ਪੱਤਰ ਅਤੇ ਹੋਰ ਲਿਖਣ ਪੜ੍ਹਣ ਦਾ ਸਾਰਾ ਕੰਮ ਇੱਕਲੇ ਹਰਭਜਨ ਸਿੰਘ ਸਾਗਰ ਨੇ ਕੀਤਾ, ਜਿਹੜਾ ਉਸ ਵੇਲੇ ਸਭਾ ਦਾ ਸਕੱਤਰ ਸੀ। ਅਵਤਾਰ ਸਿੰਘ ਚੰਦਨ ਤੇ ਇੱਕ ਦੋ ਹੋਰ ਸਾਥੀਆਂ ਨੂੰ ਲੈ ਕੇ ਖ਼ਾਲਿਦ ਤੇ ਹਰਭਜਨ ਸਾਗਰ, ਗੁਰਦੁਆਰਿਆਂ, ਦੁਕਾਨਾਂ ਤੇ ਪੰਜਾਬੀਆਂ ਦੇ ਘਰਾਂ 'ਚ ਚੰਦਾ ਮੰਗਣ ਜਾਂਦੇ ਤੇ ਰਾਤੀਂ ਸਾਰੇ ਬਹਿ ਕੇ ਕਾਨਫਰੰਸ ਦੇ ਪ੍ਰੋਗਰਾਮ ਨੂੰ ਆਖ਼ਰੀ ਸ਼ਕਲ ਦਿੰਦੇ। ਜੇ ਖ਼ਾਲਿਦ ਹੁਸੈਨ ਨਾਲ ਹਰਭਜਨ ਸਿੰਘ ਸਾਗਰ ਤੇ ਅਵਤਾਰ ਸਿੰਘ ਚੰਦਨ ਵਰਗੇ ਪੁਰਖਲੂਸ ਮਿੱਤਰ ਨਾ ਹੁੰਦੇ ਤਾਂ ਕਾਨਫਰੰਸ ਦਾ ਹੋਣਾ ਅਸੰਭਵ ਸੀ। ਕੁੱਝ ਵਰ੍ਹਿਆਂ ਮਗਰੋਂ ਜਦ ਕੰਵਲ ਕਸ਼ਮੀਰੀ ਸਭਾ ਦਾ ਪ੍ਰਧਾਨ ਬਣਿਆ ਤਾਂ ਉਸਨੇ ਸਰਵ ਹਿੰਦ ਪੰਜਾਬੀ ਕਾਨਫਰੰਸ ਦੀਆਂ ਫਾਈਲਾਂ, ਫੋਟੋਆਂ ਤੇ ਹੋਰ ਰਿਕਾਰਡ ਗੁੰਮ ਕਰ ਦਿੱਤਾ ਤਾਂ ਜੋ ਇਸ ਕਾਨਫਰੰਸ ਬਾਰੇ ਕਦੇ ਕੋਈ ਜ਼ਿਕਰ ਨਾ ਹੋਵੇ। ਇਸ ਤੋਂ ਵੱਡੀ ਦੁੱਖਦਾਈ ਗੱਲ ਹੋਰ ਕੀ ਹੋਏਗੀ ਕਿ ਸਭਾ ਦੀ ਸਭ ਤੋਂ ਵੱਡੀ ਪ੍ਰਾਪਤੀ ਬਾਰੇ ਸਾਰੇ ਸਬੂਤ ਸਭਾ ਦੇ ਦਫਤਰ ਤੋਂ ਗਾਇਬ ਕਰ ਦਿੱਤੇ ਜਾਣ। ਇਸ ਗੱਲ ਦਾ ਖ਼ਾਲਿਦ ਹੁਸੈਨ ਨੂੰ ਡਾਹਢਾ ਦੁੱਖ ਸੀ।

ਜਦੋਂ ਖ਼ਾਲਿਦ ਹੁਸੈਨ ਪੱਕੀਂ ਪੈਰੀਂ ਜੰਮੂ ਵਿੱਚ ਰਹਿਣ ਲੱਗਾ ਤਾਂ ਉਹ ਪੰਜਾਬੀ ਲੇਖਕ ਸਭਾ, ਜੰਮੂ ਵਿੱਚ ਜਾਣ ਲੱਗਾ ਤੇ ਸਾਹਿਤਕ ਗੋਸ਼ਟੀਆਂ ਵਿੱਚ ਹਿੱਸਾ ਲੈਣ ਲੱਗਾ। ਉਥੇ ਇੱਕ ਵਾਰੀ ਪ੍ਰੋ. ਭੁਪਿੰਦਰ ਸਿੰਘ ਸੂਦਨ ਬਾਰੇ ਗੱਲਬਾਤ ਹੋ ਰਹੀ ਸੀ ਤਾਂ ਖ਼ਾਲਿਦ ਨੇ ਵੀ ਆਪਣੇ ਵਿਚਾਰ ਦੱਸੇ। ਖ਼ਾਲਿਦ ਦੇ ਵਿਚਾਰਾਂ ਤੋਂ ਔਖਿਆਂ ਹੋ ਕੇ ਮਹਿੰਦਰ ਸਿੰਘ

ਰੰਙੂਰ ਨੇ ਖ਼ਾਲਿਦ ਦੇ ਕੁਰਸੀ ਕੱਢ ਮਾਰੀ। ਕੁਰਸੀ ਤਾਂ ਉਹਨੂੰ ਨਹੀਂ ਲੱਗੀ, ਪਰ ਇਸ ਗੱਲ ਦਾ ਵਿਰੋਧ ਸਭਾ ਦੇ ਕਿਸੇ ਮੈਂਬਰ ਨੇ ਨਹੀਂ ਕੀਤਾ। ਖ਼ਾਲਿਦ ਹੁਸੈਨ ਚੁੱਪ ਕਰਕੇ ਦਫਤਰ ਤੋਂ ਬਾਹਰ ਨਿਕਲ ਆਇਆ, ਕਿਸੇ ਨੇ ਉਸਨੂੰ ਰੋਕਿਆ ਨਹੀਂ, ਕੇਵਲ ਕਹਾਣੀਕਾਰ ਇਛੂਪਾਲ ਬਾਹਰ ਆਇਆ ਤੇ ਖ਼ਾਲਿਦ ਤੋਂ ਮਾਫ਼ੀ ਮੰਗਣ ਲੱਗਾ ਤੇ ਵਾਪਿਸ ਆਉਣ ਲਈ ਬੇਨਤੀ ਕਰਨ ਲੱਗਾ। ਖ਼ਾਲਿਦ ਆਪਣੇ ਘਰ ਪਰਤ ਆਇਆ ਤੇ ਮੁੜ ਅਠ੍ਹਾਰਾਂ ਸਾਲਾਂ ਤਕ ਉਸਨੇ ਪੰਜਾਬੀ ਲੇਖਕ ਸਭਾ, ਜੰਮੂ ਦੀ ਦਹਿਲੀਜ਼ ਨਹੀਂ ਟੱਪੀ। 'ਕੱਲੇ 'ਕੱਲੇ ਸਾਰੇ ਖ਼ਾਲਿਦ ਦੇ ਘਰ ਆ ਕੇ ਮਾਫ਼ੀ ਮੰਗ ਗਏ, ਪਰ ਖ਼ਾਲਿਦ ਦੀ ਇਹ ਮੰਗ ਕਿਸੇ ਨਾ ਮੰਨੀ ਕਿ ਸਭਾ ਵੱਲੋਂ ਉਸ ਘਟਨਾ ਦੀ ਮੁਜ਼ੱਮਤ ਕੀਤੀ ਜਾਏ ਅਤੇ ਲਿਖਤੀ ਰੂਪ ਵਿੱਚ ਮਾਫ਼ੀ ਮੰਗੀ ਜਾਏ। ਇਥੋਂ ਤਕ ਕੇ ਮਹਿੰਦਰ ਸਿੰਘ ਰੰਙੂਰ, ਡਾ. ਸੁਸ਼ੀਲ ਸ਼ਰਮਾ ਨੂੰ ਲੈ ਕੇ ਖ਼ਾਲਿਦ ਦੇ ਘਰ ਗਿਆ ਤੇ ਆਪਣੇ ਕੀਤੇ 'ਤੇ ਮਾਫ਼ੀ ਮੰਗੀ, ਪਰ ਸਭਾ ਵੱਲੋਂ ਕੋਈ ਲਿਖਤੀ ਮਾਫ਼ੀਨਾਮਾ ਖਲਿਦ ਨੂੰ ਨਾ ਮਿਲਿਆ। 2010 ਵਿੱਚ ਜਦ ਸ਼ਮਸ਼ੇਰ ਸਿੰਘ ਚੋਹਾਲਵੀ ਸਭਾ ਦਾ ਪ੍ਰਧਾਨ ਬਣਿਆ ਤਾਂ ਉਸਨੇ ਲਿਖਤੀ ਰੂਪ ਵਿੱਚ ਸਭਾ ਵੱਲੋਂ ਮਾਫ਼ੀਨਾਮਾ ਘੱਲਿਆ ਤੇ ਖ਼ਾਲਿਦ ਨੂੰ ਸਭਾ ਦੀਆਂ ਬੈਠਕਾਂ ਵਿੱਚ ਹਿੱਸਾ ਲੈਣ ਦੀ ਬੇਨਤੀ ਕੀਤੀ। ਇੰਝ ਅਠ੍ਹਾਰਾਂ ਵਰ੍ਹਿਆਂ ਮਗਰੋਂ ਜਦ ਖ਼ਾਲਿਦ ਹੁਸੈਨ, ਉਰਦੂ ਸ਼ਾਇਰ ਪ੍ਰਿਤਪਾਲ ਸਿੰਘ ਬੇਤਾਬ ਨਾਲ ਸਭਾ ਦੇ ਦਫਤਰ ਗਿਆ ਤਾਂ ਦਫਤਰ ਦੀ ਦੁਰਦਸ਼ਾ ਤੇ ਮਾੜੀ ਹਾਲਤ ਵੇਖ ਕੇ ਦੁਖੀ ਹੋਇਆ। ਨਾ ਕੋਈ ਕੁਰਸੀ, ਨਾ ਕੋਈ ਮੇਜ਼, ਨਾ ਕੋਈ ਅਲਮਾਰੀ, ਨਾ ਕਿਤਾਬਾਂ, ਨਾ ਬਿਜਲੀ ਦਾ ਪੱਖਾ। ਕੁੱਲ ਦੋ ਮੈਂਬਰ ਦਫਤਰ ਤੋਂ ਬਾਹਰ ਗਲੀ ਵਿੱਚ ਦਰੀ 'ਤੇ ਬੈਠੇ ਸਨ। ਉਨ੍ਹਾਂ ਦੇ ਨਾਲ ਗਿਣਤੀ ਚਾਰ ਹੋ ਗਈ। ਹੋਰ ਕੋਈ ਨਾ ਆਇਆ। ਇੱਕ ਘੰਟਾ ਉਡੀਕ ਕੇ ਖ਼ਾਲਿਦ ਹੁਸੈਨ ਤੇ ਬੇਤਾਬ ਵਾਪਿਸ ਆ ਗਏ। ਉਸਦੇ ਬਾਅਦ ਖ਼ਾਲਿਦ ਹੁਸੈਨ ਫਿਰ ਕਦੇ ਸਭਾ ਦੇ ਦਫਤਰ ਨਹੀਂ ਗਿਆ। ਖ਼ਾਲਿਦ ਹੁਸੈਨ ਨੇ ਡਾ. ਸੁਸ਼ੀਲ ਤੇ ਹਰਭਜਨ ਸਿੰਘ ਸਾਗਰ ਨਾਲ ਮਿਲ ਕੇ 'ਪੰਜਾਬੀ ਅਦਬੀ ਸੰਗਤ' ਨਾਂ ਦੀ ਇੱਕ ਸਭਾ ਬਣਾਈ, ਜਿਸ ਦੇ ਕੰਮ ਦੀ ਤਫਸੀਲ ਵਿੱਚ ਮੈਂ ਨਹੀਂ ਸਾਂ ਗਿਆ।

ਇਹ ਸ਼ਾਇਦ 1978 ਦੀ ਗੱਲ ਹੈ ਕਿ ਖ਼ਾਲਿਦ ਹੁਸੈਨ ਨੇ 'ਬੈਡੇ ਦੀ ਲੰਕਾ' ਨਾਂ ਦੀ ਕਹਾਣੀ ਪੰਜਾਬੀ ਸਾਹਿਤ ਸਭਾ, ਸ੍ਰੀਨਗਰ ਦੀ ਕਹਾਣੀ ਗੋਸ਼ਟੀ ਵਿੱਚ ਪੜ੍ਹੀ। ਉਸ ਗੋਸ਼ਟੀ ਦੀ ਪ੍ਰਧਾਨਗੀ ਫਿਲਮ 'ਅਨਾਰਕਲੀ' ਦੇ ਗੀਤਕਾਰ ਤੇ ਪ੍ਰਸਿੱਧ ਉਰਦੂ ਸ਼ਾਇਰ ਤੇ ਸੂਝਵਾਨ ਸਰਦਾਰ ਜਾਫ਼ਰੀ ਕਰ ਰਹੇ ਸਨ। ਡਾ. ਗੁਲਸ਼ਨ ਤੇ ਕੰਵਲ ਕਸ਼ਮੀਰੀ ਨੇ ਕਹਾਣੀ ਦੇ ਪਰਖੱਚੇ ਉੜਾ ਦਿੱਤੇ ਤੇ 'ਬੈਡੇ ਦੀ ਲੰਕਾ' ਨੂੰ ਕਹਾਣੀ ਮੰਨਣ

ਤੋਂ ਹੀ ਇਨਕਾਰ ਕਰ ਦਿੱਤਾ। ਹਰਭਜਨ ਸਿੰਘ ਸਾਗਰ ਤੇ ਬੰਦੂ ਸ਼ਰਮਾ ਦੇ ਬਗੈਰ ਬਾਕੀ ਸਭ ਸਾਥੀਆਂ ਨੇ ਵੀ ਕਹਾਣੀ ਨੂੰ ਨਕਾਰ ਦਿੱਤਾ। ਜਦ ਸਰਦਾਰ ਜਾਫਰੀ ਪ੍ਰਧਾਨਗੀ ਭਾਸ਼ਣ ਦੇਣ ਲੱਗੇ ਤਾਂ ਉਨ੍ਹਾਂ ਖ਼ਾਲਿਦ ਹੁਸੈਨ ਦੀ ਕਹਾਣੀ ਨੂੰ ਸਲਾਹੁੰਦਿਆਂ ਹੋਇਆਂ, ਇਸ ਨੂੰ ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ ਤੇ ਮੰਟੋ ਵਰਗੇ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਬਰਾਬਰ ਦੀ ਕਹਾਣੀ ਦੱਸਿਆ ਅਤੇ ਖ਼ਾਲਿਦ ਹੁਸੈਨ ਨੂੰ ਥਾਪੀ ਮਾਰਦਿਆਂ ਹੋਇਆਂ ਕਿਹਾ ਕਿ ਜੇ ਇਸ ਕਹਾਣੀ ਨੂੰ ਉਰਦੂ ਵਿੱਚ ਅਨੁਵਾਦ ਕਰ ਦਿੱਤਾ ਜਾਏ ਤਾਂ ਉਹ ਇਸ ਕਹਾਣੀ ਨੂੰ ਆਪਣੀ ਉਰਦੂ ਮੈਗਜ਼ੀਨ 'ਗੁਫਤਗੂ' ਵਿੱਚ ਛਾਪਣਗੇ। ਗੋਸ਼ਟੀ ਮੁੱਕਣ ਮਗਰੋਂ ਉਨ੍ਹਾਂ ਨੇ ਖ਼ਾਲਿਦ ਹੁਸੈਨ ਨੂੰ ਕਿਹਾ ਕਿ ਉਨਾਂ ਦੀ ਮੁੰਬਈ ਲਈ ਫਲਾਈਟ ਕੱਲ੍ਹ ਦੁਪਹਿਰ ਦੀ ਹੈ, ਜੇ ਉਹ ਆਪਣੀ ਕਹਾਣੀ ਉਰਦੂ ਵਿੱਚ ਕਰਕੇ ਦੇ ਸਕਦਾ ਹੈ ਤਾਂ ਉਹ ਆਉਣ ਵਾਲੇ ਨਵੇਂ ਅੰਕ ਵਿੱਚ ਇਸਨੂੰ ਛਾਪਣਗੇ। ਸਾਰੀ ਰਾਤ ਬਹਿ ਕੇ ਖ਼ਾਲਿਦ ਹੁਸੈਨ ਨੇ ਆਪਣੀ ਇਸ ਪੰਜਾਬੀ ਕਹਾਣੀ ਦਾ ਅਨੁਵਾਦ ਉਰਦੂ ਵਿੱਚ ਆਪ ਕੀਤਾ ਤੇ ਸਵੇਰੇ ਨੌਂ ਵਜੇ ਇਸ ਕਹਾਣੀ ਨੂੰ ਸਰਦਾਰ ਜਾਫਰੀ ਹੋਰਾਂ ਦੇ ਹਵਾਲੇ ਕਰ ਦਿੱਤਾ, ਜਿਹੜੇ ਸ਼੍ਰੀਨਗਰ ਦੇ ਸਰਕਾਰੀ ਗੈਸਟ ਹਾਊਸ ਵਿੱਚ ਠਹਿਰੇ ਹੋਏ ਸਨ। ਦੂਜੇ ਮਹੀਨੇ 'ਗੁਫਤਗੂ' ਦਾ ਪਰਚਾ ਖ਼ਾਲਿਦ ਹੁਸੈਨ ਨੂੰ ਮਿਲਿਆ ਤੇ ਉਸ ਵਿੱਚ ਉਸਦੀ ਕਹਾਣੀ 'ਬੈਡੇ ਦੀ ਲੰਕਾ' ਛਪੀ ਸੀ। ਇਸ ਕਹਾਣੀ ਦਾ ਉਰਦੂ ਹਲਕਿਆਂ ਨੇ ਵੀ ਨਿੱਘਾ ਸਵਾਗਤ ਕੀਤਾ। ਪੰਜਾਬੀ ਵਿੱਚ ਇਹ ਕਹਾਣੀ 'ਸਾਹਿਤਕਾਰ' ਅੰਮ੍ਰਿਤਸਰ ਵਿੱਚ ਛਪੀ ਤੇ ਲਹਿੰਦੇ ਪੰਜਾਬ ਵਿੱਚ 'ਲਹਿਰਾਂ' ਲਾਹੌਰ ਵਿੱਚ ਛਪੀ। ਇਸ ਚਰਚਿਤ ਕਹਾਣੀ ਨੂੰ ਅੰਗਰੇਜ਼ੀ ਦੇ ਉਚ ਕੋਟੀ ਦੇ ਸਾਹਿਤਕਾਰ ਤੇ ਪੱਤਰਕਾਰ ਖੁਸ਼ਵੰਤ ਸਿੰਘ ਜੀ ਨੇ ਅੰਗਰੇਜ਼ੀ ਵਿੱਚ ਫਰਵਰੀ 1980 ਦੇ 'ਇਲਸਟਰੇਟੱਡ ਵੀਕਲੀ' ਮੁੰਬਈ ਵਿੱਚ ਛਾਪਿਆ, ਜਿਸ ਦੇ ਉਹ ਉਸ ਵੇਲੇ ਮੁੱਖ ਸੰਪਾਦਕ ਸਨ ਤੇ ਮਾਇਆ ਨਾਜ਼ ਨਾਵਲਕਾਰ ਕੁਰਤ-ਉਲ-ਐਨ ਹੈਦਰ ਸਹਾਇਕ ਸੰਪਾਦਕ ਸੀ ਤੇ ਕਹਾਣੀ ਉਨ੍ਹਾਂ ਉਰਦੂ ਦੇ ਪਰਚੇ 'ਗੁਫਤਗੂ' ਵਿਚੋਂ ਲੈ ਕੇ ਅਨੁਵਾਦ ਕੀਤੀ ਸੀ।

ਜਦ ਇਹ ਕਹਾਣੀ ਖ਼ਾਲਿਦ ਦੇ ਪਹਿਲੇ ਪੰਜਾਬੀ ਕਹਾਣੀ ਸੰਗ੍ਰਹਿ 'ਤੇ ਜਿਹਲਮ ਵਗਦਾ ਰਿਹਾ' ਵਿੱਚ ਛਪੀ ਅਤੇ ਉਸਤਾਦ ਮੁਹੱਲੇ ਦੇ ਵਸਨੀਕਾਂ ਪੜ੍ਹੀ ਤਾਂ ਇੱਕ ਨਵਾਂ ਬਵਾਲ ਖੜਾ ਹੋ ਗਿਆ, ਕਿਉਂਕਿ ਇਸ ਕਹਾਣੀ ਦੀ ਕਥਾ ਤੇ ਕੁੱਝ ਪਾਤਰ ਅਸਲੀ ਸਨ ਤੇ ਉਨ੍ਹਾਂ ਦੇ ਨਾਂ ਵੀ ਅਸਲੀ ਦਿੱਤੇ ਗਏ ਸਨ। ਲੋਕਾਂ ਨੇ ਖ਼ਾਲਿਦ ਹੁਸੈਨ ਦੇ ਖ਼ਿਲਾਫ ਮੁੜ ਅਦਾਲਤ ਵਿੱਚ ਮਾਣ ਹਾਨੀ ਦਾ ਕੇਸ ਕਰ ਦਿੱਤਾ। ਚਾਰ ਪੰਜ ਮਹੀਨੇ ਤਕ ਇਹ ਪੁਆੜਾ ਪਿਆ ਰਿਹਾ ਤੇ ਆਖ਼ਿਰ ਕੁੱਝ ਸੂਝਵਾਨਾਂ ਦੀ ਕੋਸ਼ਿਸ਼ ਨਾਲ ਤੇ

ਖ਼ਾਲਿਦ ਹੁਸੈਨ ਦੇ ਮਾਫ਼ੀ ਮੰਗਣ ਨਾਲ ਇਹ ਪੁਆੜਾ ਖ਼ਤਮ ਹੋਇਆ।

'ਤੇ ਜਿਹਲਮ ਵਗਦਾ ਰਿਹਾ' ਮਗਰੋਂ ਖ਼ਾਲਿਦ ਹੁਸੈਨ ਦਾ ਦੂਜਾ ਕਹਾਣੀ ਸੰਗ੍ਰਹਿ 'ਗੋਰੀ ਫਸਲ ਦੇ ਸੌਦਾਗਰ' ਛਪਿਆ। ਇਸ ਵਿੱਚ ਮੁੱਖ ਕਹਾਣੀ ਯਾਨੀ 'ਗੋਰੀ ਫਸਲ ਦੇ ਸੌਦਾਗਰ' ਦਾ ਸੰਬੰਧ ਉਸ ਵੇਲੇ ਦੇ ਇੱਕ ਕੈਬੀਨਟ ਮੰਤਰੀ ਦੇ ਵਾਸ਼ਨਾ ਦਾ ਕਿੱਸਾ ਬਿਆਨ ਕੀਤਾ ਗਿਆ ਸੀ, ਪਰ ਪਾਤਰਾਂ ਅਤੇ ਥਾਵਾਂ ਦੇ ਨਾਂ ਅਸਲੀ ਨਹੀਂ ਸਨ ਦਿੱਤੇ ਗਏ। ਮੰਤਰੀ ਦੇ ਖੁਸ਼ਾਮਦੀ ਟੱਟੂਆਂ ਨੇ ਉਸਨੂੰ ਭੜਕਾਉਣ ਦਾ ਬੜਾ ਯਤਨ ਕੀਤਾ, ਪਰ ਕੁੱਝ ਤਾਂ ਉਸਦੀ ਜ਼ਾਤੀ ਕਮਜ਼ੋਰੀ ਤੇ ਕੁੱਝ ਪਾਤਰਾਂ ਦੇ ਨਾਂ ਕਾਲਪਨਿਕ ਹੋਣ ਕਰਕੇ ਮੰਤਰੀ ਨੇ ਅਦਾਲਤ ਦਾ ਬੂਹਾ ਨਹੀਂ ਖੜਕਾਇਆ। ਪਰ ਉਹ ਖ਼ਾਲਿਦ ਨੂੰ ਆਨਿਆਂ-ਬਹਾਨਿਆਂ ਨਾਲ ਤਦ ਤਕ ਤੰਗ ਕਰਦਾ ਰਿਹਾ ਜਦ ਤਕ ਉਸਦੀ ਦੇਹ ਅੱਗ ਦੀ ਭੇਟ ਨਾ ਚੜੀ।

ਖ਼ਾਲਿਦ ਦਾ ਪਹਿਲਾ ਉਰਦੂ ਕਹਾਣੀ ਸੰਗ੍ਰਹਿ 'ਠੰਡੀ ਕਾਂਗੜੀ ਕਾ ਧੂਆਂ' 1981 ਵਿੱਚ ਛਪਿਆ। ਇਸ ਵਿੱਚ ਅੱਧੀਆਂ ਕਹਾਣੀਆਂ ਪੰਜਾਬੀ ਤੋਂ ਅਨੁਵਾਦ ਕਰਕੇ ਸ਼ਾਮਿਲ ਕੀਤੀਆਂ ਗਈਆਂ ਸਨ ਤੇ ਬਾਕੀ ਮੂਲ ਰੂਪ ਵਿੱਚ ਉਰਦੂ ਦੀਆਂ ਸਨ। ਇਨ੍ਹਾਂ ਵਿਚੋਂ ਇੱਕ ਕਹਾਣੀ 'ਗੋਰੀ ਫਸਲ ਦੇ ਸੌਦਾਗਰ' ਉਰਦੂ ਦੇ ਚਰਚਿਤ ਮਾਸਿਕ ਪੱਤਰ 'ਸ਼ਬਖ਼ੂਨ' ਵਿੱਚ ਛਪੀ ਸੀ ਜਿਸਦੇ ਸੰਪਾਦਕ ਉਰਦੂ ਦੇ ਮਸ਼ਹੂਰ ਆਲੋਚਕ 'ਸ਼ਮਸ-ਉ-ਰਹਿਮਾਨ ਫਾਰੂਕੀ' ਸਨ। ਇਸੇ ਪਰਚੇ ਵਿੱਚ ਅੱਜ ਦਾ ਮਸ਼ਹੂਰ ਫਿਲਮੀ ਗੀਤਕਾਰ ਤੇ ਸ਼ਾਇਰ ਜਾਵੇਦ ਅਖ਼ਤਰ ਵੀ ਪਹਿਲੀ ਵਾਰ ਛਪਿਆ ਸੀ। ਖ਼ਾਲਿਦ ਦੀਆਂ ਕਈ ਉਰਦੂ ਕਹਾਣੀਆਂ 'ਸ਼ਮਾ', 'ਰੂਬੀ', 'ਸ਼ਾਇਰ', 'ਅਲਫਾਜ਼', 'ਸਤੂਰ, ਪਾਸਬਾਨ', 'ਆਜਕਲ', 'ਸਭ ਰਸ', 'ਤਾਮੀਰ', 'ਉਰਦੂ ਸ਼ੀਰਾਜ਼ਾ', 'ਤਹਿਰੀਕ-ਏ-ਅਦਬ', ਅਦਬ-ਇ-ਲਤੀਫ਼, ਲਾਹੌਰ ਆਦਿ ਵਰਗੇ ਪਰਚਿਆਂ ਵਿੱਚ ਛਪੀਆਂ ਹਨ। ਉਸਦਾ ਦੂਜਾ ਉਰਦੂ ਕਹਾਣੀ ਸੰਗ੍ਰਹਿ 'ਇਸ਼ਤਿਹਾਰੋਂ ਵਾਲੀ ਹਵੇਲੀ' ਸੀ ਅਤੇ ਤੀਜਾ ਉਰਦੂ ਕਹਾਣੀ ਸੰਗ੍ਰਹਿ 'ਸਤੀਸਰ ਕਾ ਸੂਰਜ'।

ਇੰਝ ਹੀ ਹਿੰਦੀ ਭਾਸ਼ਾਂ ਵਿੱਚ ਵੀ ਉਸਦੀਆਂ ਕਈ ਕਹਾਣੀਆਂ ਅਨੁਵਾਦ ਹੋ ਕੇ ਛਪੀਆਂ ਹਨ। 'ਭਾਸ਼ਾ', 'ਸਮਕਾਲੀਨ ਭਾਰਤੀ ਸਾਹਿਤਯ', 'ਦੈਨਿਕ ਜਾਗਰਨ', 'ਦੈਨਿਕ ਭਾਸਕਰ', 'ਅਮਰ ਉਜਾਲਾ', 'ਪੰਜਾਬ ਕੇਸਰੀ' ਆਦਿ ਵਿੱਚ ਵੀ ਛਪੀਆਂ ਹਨ। ਖ਼ਾਲਿਦ ਦਾ ਤੀਜਾ ਪੰਜਾਬੀ ਕਹਾਣੀ ਸੰਗ੍ਰਹਿ 'ਡੂੰਘੇ ਪਾਣੀਆਂ ਦਾ ਦੁੱਖ' ਸੀ ਤੇ ਚੌਥਾ 'ਬਲਦੀ ਬਰਫ਼ ਦਾ ਸੇਕ'। ਇਨ੍ਹਾਂ ਦੋਵਾਂ ਪੁਸਤਕਾਂ ਵਿੱਚ ਛਪੀਆਂ ਕਹਾਣੀਆਂ ਹਿੰਦ-ਪਾਕ ਦੇ ਉਘੇ ਪੰਜਾਬੀ, ਹਿੰਦੀ ਤੇ ਉਰਦੂ ਦੇ ਮਾਸਿਕ ਪਰਚਿਆਂ ਵਿੱਚ ਛਪ

ਚੁੱਕੀਆਂ ਹਨ। ਇੱਕ ਹੋਰ ਕਹਾਣੀ ਸੰਗ੍ਰਹਿ 'ਇਸ਼ਕ ਮਲੰਗੀ' ਛਾਪੇ ਚੜ੍ਹਣ ਵਾਲਾ ਸੀ। ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਦਾ ਸਫ਼ਰ ਬੜਾ ਲੰਮੇਰਾ ਹੈ। ਜਿਸ 'ਤੇ ਉਹ ਪਿਛਲੇ 40 ਸਾਲਾਂ ਤੋਂ ਚੱਲ ਰਿਹਾ ਸੀ। ਉਸਦੇ ਬੇਸ਼ੁਮਾਰ ਇੰਟਰਵਿਊ ਛਪੇ ਹਨ। ਉਸ ਉਤੇ ਆਲੋਚਕਾਂ ਨੇ ਚੋਖਾ ਲਿਖਿਆ ਹੈ। ਆਲੋਚਕਾਂ ਦੇ ਲੇਖ ਇੱਕ ਕਿਤਾਬੀ ਰੂਪ ਵਿੱਚ ਵੀ ਛਪ ਚੁੱਕੇ ਹਨ ਤੇ ਪੁਸਤਕ ਦਾ ਨਾਂ ਹੈ 'ਖ਼ਾਲਿਦ ਹੁਸੈਨ ਦਾ ਕਥਾ ਜਗਤ'। ਉਸਨੇ ਆਪ ਵੀ ਕਈ ਖੋਜ ਭਰਪੂਰ ਲੇਖ ਲਿਖੇ ਹਨ, ਜਿਹੜੇ ਪੁਸਤਕ ਰੂਪ ਵਿੱਚ ਛਪ ਚੁੱਕੇ ਹਨ। ਪੁਸਤਕ ਦਾ ਨਾਂ, 'ਮੇਰੇ ਰੰਗ ਦੇ ਅੱਖਰ' ਹੈ। ਉਸਦੇ ਖੋਜ ਭਰਪੂਰ ਲੇਖ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਛਿਮਾਹੀ ਪਰਚੇ 'ਖੋਜ' ਅਤੇ ਪੰਜਾਬੀ ਸਾਹਿਤ ਅਕਾਦਮੀ, ਦਿੱਲੀ ਅਤੇ ਲੁਧਿਆਣਾ ਵੱਲੋਂ ਛਪਣ ਵਾਲੇ 'ਸਮਦਰਸ਼ੀ' ਤੇ 'ਆਲੋਚਨਾ' ਵਿੱਚ ਵੀ ਛਪੇ ਹਨ। ਇਸ ਤੋਂ ਛੁੱਟ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਖੋਜ ਪੱਤ੍ਰਿਕਾ ਵਿੱਚ ਵੀ ਛਪਿਆ ਹੈ। ਉਸਦੀਆਂ ਕਹਾਣੀਆਂ ਪੰਜਾਬ ਯੂਨੀਵਰਸਿਟੀ ਲਾਹੌਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਯੂਨੀਵਰਸਿਟੀ ਆਫ਼ ਜੰਮੂ ਆਦਿ ਨੇ ਆਪਣੇ ਸਿਲੇਬਸਾਂ ਵਿੱਚ ਸ਼ਾਮਿਲ ਕੀਤੀਆਂ ਹਨ। ਜੇ ਮੈਂ ਕਹਾਂ ਕਿ ਭਾਰਤ ਤੇ ਪਾਕਿਸਤਾਨ ਵਿੱਚ ਖ਼ਾਲਿਦ ਹੁਸੈਨ ਸਭ ਤੋਂ ਵੱਧ ਪੰਜਾਬੀ ਵਿੱਚ ਛਪਣ ਵਾਲਾ ਲਿਖਾਰੀ ਸੀ ਤਾਂ ਇਹ ਗਲਤ ਨਹੀਂ ਹੋਵੇਗਾ। ਇਹੋ ਕਾਰਨ ਹੈ ਕਿ ਉਸਨੂੰ ਹਿੰਦ-ਪਾਕ ਦੇ ਪੰਜਾਬੀ ਸਮਾਗਮਾਂ ਵਿੱਚ ਬੁਲਾਇਆ ਜਾਂਦਾ ਸੀ ਤੇ ਉਹ ਵੀ ਉਨ੍ਹਾਂ ਵਿੱਚ ਹੁਮ ਹੁਮਾ ਕੇ ਭਾਗ ਲੈਂਦਾ ਸੀ। ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਨੇ ਵੀ ਆਪਣਾ ਵਿਜ਼ਿਟਿੰਗ ਫੈਲੋ ਬਣਾਇਆ। ਉਸਦੀਆਂ ਕਹਾਣੀਆਂ ਦਾ ਮੁੱਖ ਵਿਸ਼ਾ ਹਿੰਦ-ਪਾਕ ਸਾਂਝੀ ਸੱਭਿਅਤਾ ਦੀ ਗੱਲ ਕਰਨਾ ਤੇ ਦੋਵਾਂ ਮੁਲਕਾਂ ਵਿੱਚ ਪਿਆਰ ਪਾਉਣਾ, ਜੰਮੂ-ਕਸ਼ਮੀਰ ਦੀ ਰਾਜਨੀਤੀ, ਤੇ ਸਮਾਜਿਕ ਤੇ ਆਰਥਿਕ ਕਮਜ਼ੋਰੀਆਂ ਨੂੰ ਬਿਆਨ ਕਰਨਾ ਹੈ। ਉਸਦੇ ਆਲੋਚਕਾਂ ਦਾ ਮੰਨਣਾ ਹੈ ਕਿ ਉਸਦੀਆਂ ਕਹਾਣੀਆਂ ਭਾਰਤ ਤੇ ਪਾਕ ਵਿੱਚ ਚੰਗੇ ਸੰਬੰਧਾਂ ਲਈ ਇੱਕ ਪੁੱਲ ਦਾ ਕੰਮ ਦੇ ਸਕਦੀਆਂ ਹਨ ਤੇ ਸੁਰਜੀਤ ਪਾਤਰ ਨੇ ਠੀਕ ਹੀ ਕਿਹਾ ਹੈ, "ਉਸਨੂੰ ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਪੜ੍ਹ ਕੇ ਲੱਗਦਾ ਹੈ ਕਿ ਉਹ ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚਕਾਰ ਬੈਠੇ ਕਿਸੇ ਦਰਵੇਸ਼ ਜਿਹਾ ਲੱਗਦਾ ਹੈ, ਜੋ ਪੰਜਾਂ ਦਰਿਆਵਾਂ ਦੀਆਂ ਛੱਲਾਂ ਦਾ ਪੰਜਾਬੀ ਵਿੱਚ ਤਰਜੁਮਾ ਕਰ ਰਿਹਾ ਹੋਵੇ।" ਅਤੇ ਵਰਿਆਮ ਸੰਧੂ ਲਿਖਦਾ ਹੈ ਕਿ ਖ਼ਾਲਿਦ ਇੱਕ ਜਿਵੰਤ ਕਹਾਣੀਕਾਰ ਹੈ ਤੇ ਸੁਹਿਰਦ ਪਾਠਕਾਂ ਨੇ ਉਸਦੀ ਕਹਾਣੀ ਦੀ ਦੇਣ ਨੂੰ ਗਲ ਨਾਲ ਲਾਇਆ ਹੈ। ਉਹ ਕਹਿੰਦਾ ਹੈ ਕਿ ਰਚਨਾਤਮਕ ਛਿਣਾਂ ਵਿੱਚ

ਖ਼ਾਲਿਦ ਕਿਸੇ ਧਰਮ ਜਾਂ ਮੁਲਖ਼ ਦਾ ਨਹੀਂ ਹੁੰਦਾ ਹੈ ਅਤੇ ਉਸ ਲਈ ਹੱਦਾਂ ਤੇ ਸਰਹੱਦਾਂ ਕੋਈ ਅਰਥ ਨਹੀਂ ਰੱਖਦੀਆਂ। ਉਸਦੀਆਂ ਚਿਰਜੀਵ ਕਹਾਣੀਆਂ, ਪੰਜਾਬੀ ਕਹਾਣੀ ਦੀ ਸਮੁੱਚੀ ਪ੍ਰਾਪਤੀ ਹੈ ਅਤੇ ਹਿੰਦੀ ਦਾ ਕਵੀ ਤੇ ਕਹਾਣੀਕਾਰ ਡਾ. ਅਗਨੀ ਸ਼ੇਖਰ ਦਾ ਕਹਿਣਾ ਹੈ ਕਿ ਖ਼ਾਲਿਦ ਹੁਸੈਨ ਆਪਣੀਆਂ ਕਹਾਣੀਆਂ ਤੇ ਸ਼ਬਦ ਸ਼ਕਤੀ ਰਾਹੀਂ ਲਹਿੰਦੇ ਤੇ ਚੜ੍ਹਦੇ ਪੰਜਾਬੀਆ ਲਈ ਇੱਕ ਆਸਾਸਾ ਹੈ।

2004 ਵਿੱਚ ਪੰਜਾਬੀ ਸਾਹਿਤਕਾਰਾਂ, ਆਲੋਚਕਾਂ, ਸ਼ਾਇਰਾਂ ਤੇ ਫਨਕਾਰਾਂ ਦਾ ਜਿਹੜਾ ਵਫ਼ਦ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਭਾਗ ਲੈਣ ਲਈ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਲਾਹੌਰ ਗਿਆ ਸੀ, ਖ਼ਾਲਿਦ ਹੁਸੈਨ ਨੇ ਉਸ ਡੈਲੀਗੇਸ਼ਨ ਵਿੱਚ ਜੰਮੂ-ਕਸ਼ਮੀਰ ਦੀ ਪ੍ਰਤੀਨਿਧਤਾ ਕੀਤੀ ਸੀ। ਖ਼ਾਲਿਦ ਦੇ ਦੋਸਤ ਪ੍ਰਿੰਸੀਪਲ ਅਵਤਾਰ ਸਿੰਘ ਸਿੱਧੂ ਨੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਪਰਵੇਜ਼ ਇਲਾਹੀ ਅੱਗੇ ਬੇਨਤੀ ਕੀਤੀ ਕਿ ਉਹ ਆਪਣੀ ਜਨਮ ਭੂਮੀ ਮੁੰਟ ਗੁੰਮਰੀ, ਜਾਣਾ ਚਾਹੁੰਦਾ ਹੈ ਤੇ ਆਪਣੇ ਘਰ ਦੀ ਮਿੱਟੀ ਲਿਆਉਣਾ ਚਾਹੁੰਦਾ ਹੈ। ਪਰਵੇਜ਼ ਇਲਾਹੀ ਹੋਰਾਂ ਬੜੀ ਫਰਾਖ਼ਦਿਲੀ ਨਾਲ ਮਹਿਕਮਾ ਟੂਰਇਜ਼ਮ ਦੀ ਕਾਰ ਸਫਰ ਲਈ ਦਿੱਤੀ, ਨਾਲ ਹੀ ਕਿਹਾ ਕਿ ਲਾਰਡ ਮੁੰਟ ਗੁੰਮਰੀ ਤੇ ਅੰਗਰੇਜ਼ ਭਾਰਤੀ ਉਪ ਮਹਾਦੀਪ ਨੂੰ ਛੱਡ ਕੇ ਕਦ ਦੇ ਜਾ ਚੁੱਕੇ ਹਨ, ਇਸ ਲਈ ਅਸਾਂ ਮੁੰਟ ਗੁੰਮਰੀ ਦਾ ਨਾਂ ਸਾਹੀਵਾਲ ਰੱਖਿਆ ਹੈ, ਕਿਉਂਕਿ ਸਾਹੀ ਜੱਟ ਇਥੇ ਵੱਸਦੇ ਸਨ। ਦੂਜੀ ਸਵੇਰੇ ਸਰਕਾਰੀ ਡਰਾਈਵਰ ਕਾਰ ਲੈ ਕੇ ਉਸ ਹੋਟਲ ਵਿੱਚ ਅੱਪੜਿਆ ਜਿਸ ਵਿੱਚ ਖ਼ਾਲਿਦ ਹੁਸੈਨ, ਡਾ. ਅਵਤਾਰ ਸਿੰਘ ਸਿੱਧੂ ਤੇ ਬੀਬਾ ਬਲਵੰਤ ਠਹਿਰੇ ਸਨ। ਇਹ ਕਹਾਣੀ ਮੈਨੂੰ ਖ਼ਾਲਿਦ ਹੁਸੈਨ ਨੇ ਆਪ ਸੁਣਾਈ ਸੀ ਤੇ ਕਿਹਾ ਸੀ ਕਿ ਜਦ ਉਹ ਉਕਾੜਾ ਪਹੁੰਚੇ ਤਾਂ ਪਾਣੀ ਪੀਣ ਲਈ ਕਾਰ ਨੂੰ ਰੁਕਵਾਇਆ। ਕਾਰ ਤੋਂ ਬਾਹਰ ਨਿਕਲਦਿਆਂ ਹੀ ਲੋਕਾਂ ਨੇ ਬੜੀ ਗਰਮ ਜੋਸ਼ੀ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਕਿੰਨੂਆਂ ਦਾ ਜੂਸ ਪਿਲਾਇਆ ਅਤੇ ਕਿੰਨੂਆਂ ਦੇ ਦੋ ਲਿਫਾਫੇ ਕਾਰ ਵਿੱਚ ਰੱਖ ਦਿੱਤੇ। ਉਨ੍ਹਾਂ ਪੈਸੇ ਦੇਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਸਾਰਿਆਂ ਦਾ ਕਹਿਣਾ ਸੀ ਕਿ ਤੁਸੀਂ ਸਾਡੇ ਮਹਿਮਾਨ ਹੋ ਇਸ ਲਈ ਪੈਸੇ ਨਹੀਂ ਲੈਣੇ। ਉਹ ਲੋਕ ਚੜ੍ਹਦੇ ਪੰਜਾਬ ਵੱਲੋਂ ਵੰਡ ਵੇਲੇ ਉਧਰ ਗਏ ਸਨ। ਕੋਈ ਲੁਧਿਆਣੇ ਦਾ ਸੀ, ਕੋਈ ਫਗਵਾੜੇ ਦਾ, ਕੋਈ ਫਿਰੋਜ਼ਪੁਰ ਦਾ, ਕੋਈ ਨਕੋਦਰ ਦਾ ਅਤੇ ਕੋਈ ਜਲੰਧਰ ਦਾ। ਸਾਰੇ ਉਨ੍ਹਾਂ ਨੂੰ ਬੇਨਤੀ ਕਰ ਰਹੇ ਸਨ ਕਿ ਉਨ੍ਹਾਂ ਨੂੰ ਵੀ ਆਪਣੀ ਜਨਮ ਭੂਮੀ ਵੇਖਣ ਦੀ ਆਗਿਆ ਦਿੱਤੀ ਜਾਵੇ। ਜਦ ਖ਼ਾਲਿਦ, ਸਿੱਧੂ ਤੇ ਬੀਬਾ ਬਲਵੰਤ ਸਾਹੀਵਾਲ ਜ਼ਿਲ੍ਹੇ ਦੇ ਪਿੰਡ ਗਰੇਜੂਏਟ ਚੱਕ ਪਹੁੰਚੇ ਤਾਂ ਕਿਸੇ ਨੂੰ

ਵੀ ਸਿੱਧੂ ਦੇ ਘਰ ਦਾ ਪਤਾ ਨਹੀਂ ਸੀ। ਆਖ਼ਿਰ ਇੱਕ ਨੱਬੇ ਸਾਲ ਦੀ ਬੁੱਢੀ ਨੂੰ ਬੁਲਾਇਆ ਗਿਆ ਤੇ ਉਸਨੇ ਸਿੱਧੂ ਦੇ ਘਰ ਤੇ ਜਨਮ ਭੂਮੀ ਦੀ ਨਿਸ਼ਾਨ ਦੇਹੀ ਕੀਤੀ। ਪਿੰਡ ਵਾਲੇ ਗ਼ਰੀਬ ਲੱਗਦੇ ਸਨ, ਪਰ ਦਿਲ ਦੇ ਅਮੀਰ ਸਨ। ਉਨ੍ਹਾਂ ਸਾਰਿਆਂ ਰੋਟੀ, ਚਾਹ, ਪਾਣੀ ਪਕਾ ਕੇ ਲਿਆਂਦੀ ਤੇ ਪਿੰਡ ਦੀ ਚੁਪਾਲ ਵਿੱਚ 'ਕੱਠਿਆਂ ਬਹਿ ਕੇ ਖਾਦੀ। ਖ਼ਾਲਿਦ ਨੇ ਮੈਨੂੰ ਉਹ ਫੋਟੋਆਂ ਵੀ ਦੱਸੀਆਂ ਜਿਨ੍ਹਾਂ ਵਿੱਚ ਪਿੰਡ ਵਾਲਿਆਂ ਦਾ ਪਿਆਰ ਭਾਰਤੀ ਪੰਜਾਬੀਆਂ ਲਈ ਉਮੜ ਪਿਆ ਸੀ। ਖ਼ਾਲਿਦ ਕਹਿੰਦਾ ਸੀ ਜੇ ਲੋਕਾਂ ਵਿੱਚ ਕੋਈ ਦੁਸ਼ਮਣੀ ਨਹੀਂ, ਉਹ ਇੱਕ ਦੂਜੇ ਨਾਲ ਮਿਲਣਾ ਚਾਹੁੰਦੇ ਨੇ, ਆਪਸ ਵਿੱਚ ਗਲਵੱਕੜੀਆਂ ਪਾਉਣਾ ਚਾਹੁੰਦੇ ਨੇ ਪਰ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੇ ਕਿਸ ਗੱਲ ਦਾ ਆਡਾ ਲਾਈ ਰੱਖਿਆ ਹੈ। ਇਹ ਅੜਬਪੁਣਾ ਕੀ ਹੈ? ਤੇ ਇਹ ਸਿਆਸਤ ਕੀ ਹੈ? ਜੋ ਜੋੜਣ ਦੇ ਬਦਲੇ, ਤੋੜਨ 'ਚ ਯਕੀਨ ਰੱਖਦੀ ਹੈ। ਵਾਪਸੀ 'ਤੇ ਡਰਾਈਵਰ ਉਨ੍ਹਾਂ ਨੂੰ ਉਸ ਪਿੰਡ ਤੋਂ ਦਸ ਕਿਲੋਮੀਟਰ ਦੂਰ ਹੜੱਪਾ ਲੈ ਗਿਆ, ਜਿਹੜਾ ਮੋਹਨਜੋਦੜੋ ਤੇ ਹੜੱਪਾ ਦੀ ਸੱਭਿਅਤਾ ਦਾ ਹਿੱਸਾ ਹੈ। ਸਾਰਿਆਂ ਹੜੱਪਾ ਦੀ ਖ਼ੁਦਾਈ ਵਿਚੋਂ ਨਿਕਲੇ ਪੁਰਾਤਣ ਤੇ ਨਾਯਾਬ ਚੀਜ਼ਾਂ ਨੂੰ ਉਥੋਂ ਦੇ ਮਿਊਜ਼ੀਅਮ ਵਿੱਚ ਦੇਖਿਆ ਤੇ ਕਈ ਕਿਲੋਮੀਟਰ ਤਕ ਪੈਦਲ ਚੱਲ ਕੇ ਖੁਦਾਈ ਵਾਲੇ ਇਲਾਕੇ ਦਾ ਨਜ਼ਾਰਾ ਕੀਤਾ। ਖ਼ਾਲਿਦ ਨੇ ਦੱਸਿਆ ਸੀ ਕਿ ਲਹਿੰਦੇ ਪੰਜਾਬ ਵਿੱਚ ਮੁਲਤਾਨ, ਗੁਜਰਾਤ, ਜਿਹਲਮ, ਚਕਵਾਲ ਤੇ ਹੋਰ ਕਈ ਅਜਿਹੇ ਇਲਾਕੇ ਹਨ ਜਿਥੇ ਵੇਦ ਰਚੇ ਗਏ, ਉਪਨਿਸ਼ਦ ਲਿਖੇ ਗਏ। ਸਿਕੰਦਰ ਤੇ ਪੋਰਸ ਦੀਆਂ ਫੌਜਾਂ ਦੀ ਲੜਾਈ ਹੋਈ। ਟੈਕਸਲਾ ਜੇਹੀ ਬੋਧ ਯੂਨੀਵਰਸਿਟੀ ਦਾ ਜਨਮ ਹੋਇਆ। ਦਰਾਵੜੀ, ਆਰਿਆਈ ਤੇ ਗੰਧਾਰਾ ਸੱਭਿਅਤਾ ਦੇ ਆਸਾਰ ਚਾਰੇ ਪਾਸੇ ਫੈਲੇ ਹੋਏ ਨੇ। ਵੈਦਿਕ, ਬੁੱਧ ਮੱਤ, ਜੈਨ ਮੱਤ ਤੇ ਇਸਲਾਮ ਧਰਮ ਦੀਆਂ ਨਿਸ਼ਾਨੀਆਂ ਸਾਨੂੰ ਕਹਿੰਦੀਆਂ ਹਨ ਕਿ ਤੁਸੀਂ ਬੇਸ਼ੱਕ ਦੇਸ਼ ਵੰਡ ਲਓ, ਧਰਤੀ ਤੇ ਜ਼ਮੀਨ ਵੰਡ ਲਓ, ਪਰ ਤੁਹਾਡੀ ਸੱਭਿਅਤਾ, ਰਹਿਤਲ, ਬੋਲੀ ਤੇ ਸੰਸਕ੍ਰਿਤੀ ਦੀਆਂ ਜੜਾਂ ਸਾਂਝੀਆਂ ਹਨ। ਇਸ ਲਈ ਦੋਵੇਂ ਦੇਸ਼ ਭਰਾਵਾਂ ਵਾਂਗ ਰਹਿਣ ਤੇ ਇੱਕ ਦੂਜੇ ਦਾ ਆਦਰ ਕਰਨ। ਸਿਆਸੀ ਚਾਲ ਬਾਜ਼ੀਆਂ ਛੱਡਣ। ਆਪਸ ਵਿੱਚ ਮਿਲਵਰਤਣ ਵਧਾਉਣ। ਰਸਤੇ ਖੋਲਣ, ਖ਼ਾਸਕਰ ਜੰਮੂ-ਕਸ਼ਮੀਰ ਦੇ ਦੋਹਾਂ ਹਿੱਸਿਆਂ ਵਿੱਚ ਰਹਿਣ ਵਾਲੇ ਰਿਸ਼ਤੇਦਾਰਾਂ ਨੂੰ ਆਪਸ ਵਿੱਚ ਮਿਲਣ ਦੇਣ, ਜਿਸ ਲਈ ਜੰਮੂ-ਸਿਆਲਕੋਟ, ਅਖਨੂਰ-ਭਿੰਬਰ, ਨੌਸ਼ਹਿਰਾ-ਕੋਟਲੀ, ਕਾਰਗਿਲ-ਅਸਕਰਦੂ ਅਤੇ ਟੀਟਵਾਲ ਤੇ ਨੀਲਮ ਦੇ ਆਵਾਜਾਈ ਵਾਲੇ ਪੁਰਾਣੇ ਰਸਤੇ ਖੋਲੇ ਜਾਣ। ਭਾਰਤ-ਨੇਪਾਲ ਅਤੇ ਅਮਰੀਕਾ-ਕੈਨੇਡਾ ਵਾਂਗ ਦੋਵਾਂ ਮੁਲਕਾਂ ਵਿੱਚ ਪਾਸਪੋਰਟ ਤੇ ਵੀਜ਼ਾ ਸਿਸਟਮ ਖਤਮ ਕੀਤਾ ਜਾਵੇ। ਵਪਾਰ ਵਧਾਇਆ

ਜਾਵੇ। ਇਹ ਉਹ ਉਪਰਾਲੇ ਹਨ ਜਿਨ੍ਹਾਂ ਨਾਲ ਦੋਵਾਂ ਮੁਲਕਾਂ ਵਿੱਚ ਦੋਸਤੀ, ਭਾਈਚਾਰੇ ਤੇ ਅਮਨ-ਸ਼ਾਂਤੀ ਨੂੰ ਬੱਲ ਮਿਲੇਗਾ। ਤਲਖ਼ੀਆਂ ਖਤਮ ਹੋਣਗੀਆਂ ਤੇ ਵੈਰ ਅਤੇ ਪੁਆੜੇ ਮੁੱਕ ਜਾਣਗੇ, ਕਿਉਂਕਿ ਇੱਕ ਨਸਲ, ਇੱਕ ਬੋਲੀ ਤੇ ਇੱਕ ਸੱਭਿਆਚਾਰਕ ਪਿਛੋਕੜ ਨੂੰ ਧਾਰਮਿਕ ਬੁਨਿਆਦ 'ਤੇ ਵੱਖ ਨਹੀਂ ਕੀਤਾ ਜਾ ਸਕਦਾ। ਸੰਤਾਂ ਤੇ ਸੂਫੀਆਂ ਦੀ ਬਾਣੀ ਅਤੇ ਆਰਫਾਨਾਂ ਕਲਾਮ, ਲੋਕਧਾਰਾ ਨੂੰ ਕਿਸੇ ਵੀ ਹਾਲਤ ਵਿੱਚ ਵੱਖਰੇ ਨਹੀਂ ਕੀਤਾ ਜਾ ਸਕਦਾ। ਇਹ ਸਾਂਝੀ ਰਹਿਤਲ ਤੇ ਵਸੇਬਾ ਤਾਹੀਓਂ ਸਦੀਆਂ ਤਕ ਜ਼ਿੰਦਾ ਰਹਿਣਗੇ ਜੇਕਰ ਦੋਵਾਂ ਮੁਲਕਾਂ ਦੇ ਲੋਕੀ ਇੱਕ ਦੂਜੇ ਨਾਲ ਮਿਲਣਗੇ ਤੇ ਸਾਂਝ ਪੈਦਾ ਕਰਨਗੇ।

ਰਾਤ ਉਹ ਵਾਪਿਸ ਆਪਣੇ ਹੋਟਲ 'ਸ਼ਾਹ ਤਾਜ' ਪਰਤ ਆਏ। ਦੂਜੀ ਸਵੇਰ ਭਾਰਤੀ ਡੈਲੀਗੇਸ਼ਨ ਫਖ਼ਰ ਜਮਾਂ ਤੇ ਡਾ. ਸਤਿੰਦਰ ਸਿੰਘ ਨੂਰ ਦੀ ਅਗਵਾਈ ਵਿੱਚ ਕਸੂਰ ਗਿਆ। ਉਥੇ ਕਸੂਰ ਵਾਸੀਆਂ ਵੱਲੋਂ ਡੈਲੀਗੇਸ਼ਨ ਨੂੰ ਵੱਡਾ ਖਾਣਾ ਪਰੋਸਿਆ ਗਿਆ। ਬੁੱਲੇ ਸ਼ਾਹ ਦੇ ਮਜ਼ਾਰ 'ਤੇ ਕਵਾਲੀਆਂ ਦੀ ਮਹਿਫਲ ਹੋਈ। ਖ਼ਾਲਿਦ ਹੁਸੈਨ, ਬੀਬਾ ਬਲਵੰਤ ਤੇ ਪ੍ਰਿ. ਅਵਤਾਰ ਸਿੰਘ ਸਿੱਧੂ ਨੇ ਬਾਬਾ ਬੁੱਲੇ ਸ਼ਾਹ ਦੀ ਮਜ਼ਾਰ 'ਤੇ ਚਾਦਰ ਚੜ੍ਹਾਈ ਤੇ ਪੰਜਾਬੀ ਦੇ ਇਸ ਅਜ਼ੀਮ ਸੂਫੀ ਸ਼ਾਇਰ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਣ ਕੀਤੇ। ਲਾਹੌਰ ਵਾਪਿਸ ਪਰਤਣ ਤੋਂ ਪਹਿਲਾਂ ਕਸੂਰ ਤੋਂ ਪੰਜ ਕਿਲੋਮੀਟਰ 'ਪੰਜਾਬੀ ਖੋਜ ਘਰ' ਲੱਲਿਆਣੀ ਵਿਖੇ ਇੱਕ ਕਵੀ ਦਰਬਾਰ ਵਿੱਚ ਭਾਗ ਲਿਆ, ਜਿਸ ਵਿੱਚ ਹਿੰਦ-ਪਾਕ ਦੇ ਉਘੇ ਪੰਜਾਬੀ ਸ਼ਾਇਰਾਂ ਨੇ ਆਪਣਾ ਕਲਾਮ ਸੁਣਾਇਆ। ਇਹ ਆਨੰਦਮਈ ਮਹਿਫਲ ਅੱਧੀ ਰਾਤ ਤਕ ਚੱਲਦੀ ਰਹੀ। ਤੀਸਰੇ ਦਿਨ ਇੱਕ ਕਹਾਣੀ ਗੋਸ਼ਟੀ ਲਾਹੌਰ ਵਿੱਚ ਹੋਈ, ਜਿਸ ਵਿੱਚ ਖ਼ਾਲਿਦ ਹੁਸੈਨ ਨੇ ਵੀ ਆਪਣੀ ਨਵੀਂ ਕਹਾਣੀ 'ਹਲਾਲਾ' ਪੜ੍ਹੀ। ਉਸੇ ਦਿਨ ਰਾਈਟਰਜ਼ ਗਿਲਡ ਲਾਹੌਰ ਦੇ ਦਫਤਰ ਵਿੱਚ ਖ਼ਾਲਿਦ ਹੁਸੈਨ ਨੇ ਇੱਕ ਗੋਸ਼ਟੀ ਵਿੱਚ ਭਾਗ ਲਿਆ, ਜਿਸ ਵਿੱਚ ਉਸਨੂੰ ਫਰਮਾਇਸ਼ ਕੀਤੀ ਗਈ ਕਿ ਉਹ ਸ਼ਾਹ ਮੁੱਖੀ ਅੱਖਰਾਂ ਵਿੱਚ ਆਪਣੀਆਂ ਕਹਾਣੀਆਂ ਦੀ ਕਿਤਾਬ ਛਾਪੇ ਤਾਂ ਜੋ ਲਹਿੰਦੇ ਪੰਜਾਬ ਦੇ ਪੰਜਾਬੀ ਪਿਆਰੇ ਉਸਦੀਆਂ ਕਹਾਣੀਆਂ ਪੜ੍ਹ ਸਕਣ, ਕਿਉਂਕਿ ਹਰ ਇੱਕ ਬੰਦਾ ਪੰਜਾਬੀ ਪਰਚੇ ਨਹੀਂ ਖਰੀਦਦਾ। ਰਾਤ ਨੂੰ ਅਲਹਮਰਾ ਐਡੀਟੋਰੀਅਮ ਵਿੱਚ ਪੰਜਾਬੀ ਗਾਇਕੀ ਦਾ ਲੁਤਫ ਉਠਾਇਆ। ਉਥੇ ਪਾਕਿਸਤਾਨੀ ਗਾਇਕਾਂ ਦੇ ਨਾਲ ਨਾਲ ਚੜਦੇ ਪੰਜਾਬ ਤੋਂ ਆਏ ਪੰਜਾਬੀ ਲੋਕ ਨਾਚਾਂ ਨੂੰ ਨਵੀਂ ਜ਼ਿੰਦਗੀ ਬਖਸ਼ਣ ਵਾਲੇ 'ਪੰਮੀ ਭਾਈ' ਨੇ ਝੂਮਰ ਤੇ ਹੋਰ ਦੂਜੇ ਉਨ੍ਹਾਂ ਲੋਕ ਨਾਚਾਂ ਨੂੰ ਸਟੇਜ 'ਤੇ ਪੇਸ਼ ਕੀਤਾ ਜਿਹੜੇ ਅੱਜ ਅਲੋਪ ਹੁੰਦੇ ਜਾ ਰਹੇ ਹਨ। ਪਟਿਆਲਾ ਘਰਾਣੇ ਦੇ ਪ੍ਰਸਿੱਧ

ਗਾਇਕ ਉਸਤਾਦ ਹਾਮਦ ਅਲੀ ਖਾਨ, ਸ਼ਾਮ ਚੌਰਸੀਆ ਘਰਾਣੇ ਦੇ ਸ਼ਫਕਤ ਅਲੀ ਖਾਨ ਤੇ ਸੁਲਤਾਨ ਬਾਹੂ ਦਾ ਸੂਫੀਆਨਾ ਕਲਾਮ ਗਾਉਣ ਵਾਲੇ ਇਕਬਾਲ ਬਾਹੂ ਨੇ ਆਪਣੀ ਗਾਇਕੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਰਾਤੀ ਗੋਵਾਲ ਮੰਡੀ ਦੀ 'ਫੂਡ ਸਟਰੀਟ' ਵਿਖੇ ਭਾਰਤੀ ਤੇ ਪਾਕਿਸਤਾਨੀ ਸਾਹਿਤਕਾਰਾਂ ਲਈ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਨਿਵੇਕਲੇ ਪ੍ਰਬੰਧ ਤੋਂ ਭਾਰਤੀ ਵਫਦ ਬੜਾ ਪ੍ਰਭਾਵਿਤ ਹੋਇਆ ਤੇ ਖਾਣੇ ਦਾ ਖੂਬ ਆਨੰਦ ਮਾਨਿਆ। ਅਗਲੀ ਸਵੇਰ ਖ਼ਾਲਿਦ ਹੁਸੈਨ ਦੇ ਸਾਥੀ ਪੰਜਾਬ ਦੇ ਗੁਰਦੁਆਰਿਆਂ ਵਿੱਚ ਮੱਥਾ ਟੇਕਣ ਲਈ ਚਲੇ ਗਏ ਤੇ ਖ਼ਾਲਿਦ ਹੁਸੈਨ ਲਾਹੌਰ ਦੀ ਸੈਰ ਨੂੰ ਨਿਕਲ ਤੁਰਿਆ। ਉਸਨੇ ਸ਼ਾਲੀਮਾਰ ਬਾਗ ਦੀ ਸੈਰ ਕੀਤੀ, ਸ਼ਾਹੀ ਮਸਜਿਦ, ਸ਼ਾਹੀ ਕਿਲ੍ਹਾ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਅਲਾਮਾਂ ਇਕਬਾਲ ਦਾ ਮਜ਼ਾਰ, ਮੀਨਾਰ-ਏ-ਪਾਕਿਸਤਾਨ, ਹੀਰਾ ਮੰਡੀ ਤੇ ਅਨਾਰਕਲੀ ਬਾਜ਼ਾਰ ਵੇਖਿਆ। ਸ਼ਾਹ ਹੁਸੈਨ ਤੇ ਮੀਆ ਮੀਰ ਅਤੇ ਦਾਤਾ ਗੰਜ ਬਖ਼ਸ਼ ਦੀਆਂ ਦਰਗਾਹਾਂ 'ਤੇ ਹਾਜ਼ਰੀ ਦਿੱਤੀ ਤੇ ਫਾਤਿਹਾ ਪੜ੍ਹੀ। ਇਸ ਵਰਲਡ ਪੰਜਾਬੀ ਕਾਨਫਰੰਸ ਵਿੱਚ ਬੜੇ ਮਹੱਤਵਪੂਰਨ ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿਚ ਦੋਵਾਂ ਦੇਸ਼ਾਂ ਦੇ ਅਦੀਬਾਂ ਤੇ ਫਨਕਾਰਾਂ ਨੂੰ ਆਉਣ ਜਾਣ ਲਈ ਵੀਜ਼ਾ ਖਤਮ ਕਰਨ, ਲਹਿੰਦੇ ਪੰਜਾਬ ਵਿੱਚ ਪੰਜਾਬੀ ਨੂੰ ਮੁੱਢਲੀ ਸਤ੍ਹਾ 'ਤੇ ਪੜ੍ਹਾਣ ਦਾ ਪ੍ਰਬੰਧ ਕਰਨ, ਸ਼ਾਹ ਮੁਖੀ ਤੋਂ ਗੁਰਮੁਖੀ ਅਤੇ ਗੁਰਮੁਖੀ ਤੋਂ ਸ਼ਾਹ ਮੁਖੀ ਲਿੱਪੀ ਵਿੱਚ ਦੋਵਾਂ ਪੰਜਾਬਾਂ ਵਿੱਚ ਰਚੇ ਜਾ ਰਹੇ ਸਾਹਿਤ ਨੂੰ ਉਲਥਾ ਕਰਕੇ ਛਾਪਣ, ਭਗਤ ਸਿੰਘ ਤੇ ਲਾਲਾ ਲਾਜਪਤ ਰਾਏ ਦੀਆਂ ਯਾਦਗਾਰਾਂ ਬਣਾਉਣਾ, ਆਮ ਲੋਕਾਂ ਲਈ ਸਰਹੱਦ ਖੋਲ੍ਹ ਦੇਣਾ, ਪੰਜਾਬੀ ਕਲਚਰਲ ਗਰੁੱਪ ਇੱਕ ਦੂਜੇ ਪਾਸੇ ਭੇਜਣਾ ਅਤੇ ਪੰਜਾਬੀ ਲੋਕ ਸੰਗੀਤ ਤੇ ਲੋਕ ਵਿਰਸੇ ਦੀ ਸਾਂਭ ਸੰਭਾਲ ਦੇ ਮਤੇ ਸ਼ਾਮਿਲ ਸਨ।

ਖ਼ਾਲਿਦ ਹੁਸੈਨ ਜਿੰਨੇ ਦਿਨ ਲਾਹੌਰ ਰਿਹਾ ਉਸ ਕੋਲ ਲਹਿੰਦੇ ਪੰਜਾਬ ਦੇ ਸਾਹਿਤਕਾਰ ਮਿਲਣ ਆਉਂਦੇ ਰਹੇ। ਰੋਜ਼ ਮਹਿਫਲ ਸੱਜਦੀ। ਸ਼ਾਹ ਤਾਜ ਹੋਟਲ ਦਾ ਕਮਰਾ ਜਿਸ ਵਿੱਚ ਖ਼ਾਲਿਦ ਹੁਸੈਨ ਤੇ ਬੀਬਾ ਬਲਵੰਤ ਰਹਿੰਦੇ ਸਨ ਉਥੇ ਸ਼ਾਇਰੀ ਦੀਆਂ ਮਹਿਫਲਾਂ ਜੰਮਣ ਲੱਗੀਆਂ। ਲਤੀਫੇਬਾਜ਼ੀ ਸਿਖ਼ਰ 'ਤੇ ਪਹੁੰਚ ਜਾਂਦੀ। ਪਾਕਿਸਤਾਨੀ ਗਾਇਕ ਆਪਣੀਆਂ ਰਚਨਾਵਾਂ ਸੁਣਾਂਦੇ। ਪ੍ਰਸਿੱਧ ਗਾਇਕ ਪਰਵੇਜ਼ ਮਹਿੰਦੀ, ਸ਼ਫਕਤ ਅਲੀ ਖਾਨ ਤੇ ਹਾਮਦ ਅਲੀ ਬੇਲਾ ਦਾ ਪੁੱਤਰ ਪੰਜਾਬੀ ਗੀਤਾਂ ਨਾਲ ਉਨ੍ਹਾਂ ਨੂੰ ਨਿਹਾਲ ਕਰਦੇ ਰਹੇ। ਬਾਕੀ ਵਫਦ ਕਾਨਫਰੰਸ ਖਤਮ ਹੋਣ 'ਤੇ ਵਾਪਿਸ ਅੰਮ੍ਰਿਤਸਰ ਚਲਾ ਗਿਆ, ਪਰ ਖ਼ਾਲਿਦ ਹੁਸੈਨ, ਬੀਬਾ ਬਲਵੰਤ ਅਤੇ ਡਾ. ਅਵਤਾਰ ਸਿੰਘ ਸਿੱਧੂ ਈਦ ਕਰਕੇ ਲਾਹੌਰ ਠਹਿਰ ਗਏ। ਲਾਹੌਰ ਵਿੱਚ ਖ਼ਾਲਿਦ ਹੁਸੈਨ ਦੀ ਮਾਸੀ ਸੱਸ ਗੁਲਬਰਗ

ਵਿੱਚ ਰਹਿੰਦੀ ਹੈ ਤੇ ਖ਼ਾਲਿਦ ਅਤੇ ਉਸਦੇ ਦੋਸਤਾਂ ਨੇ ਈਦ ਉਨ੍ਹਾਂ ਨਾਲ ਮਨਾਈ। ਇੰਝ ਇਹ ਯਾਦਗਾਰੀ ਸਫ਼ਰ ਪੂਰਾ ਹੋਇਆ।

ਖ਼ਾਲਿਦ ਹੁਸੈਨ ਦੀ ਸਾਹਿਤਕ ਯਾਤਰਾ ਦੇ ਆਰੰਭ ਵਿੱਚ ਕਲਚਰਲ ਅਕੈਡਮੀ ਜੰਮੂ ਨੇ ਉਸਨੂੰ ਪੰਜਾਬ ਤੇ ਦਿੱਲੀ ਜਾਣ ਅਤੇ ਉਥੇ ਦੇ ਸਾਹਿਤਕਾਰਾਂ ਨੂੰ ਮਿਲਣ ਅਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਘੱਲਿਆ, ਜਿਸਦਾ ਸਾਰਾ ਖ਼ਰਚ ਅਕੈਡਮੀ ਨੇ ਬਰਦਾਸ਼ਤ ਕੀਤਾ। ਖ਼ਾਲਿਦ ਹੁਸੈਨ ਨੇ ਆਪਣੇ ਸਫ਼ਰ ਦਾ ਪਹਿਲਾ ਪੜਾਅ ਪ੍ਰੀਤ ਨਗਰ, ਅੰਮ੍ਰਿਤਸਰ ਮਿਥਿਆ। ਉਥੋਂ ਕਹਾਣੀਕਾਰ ਮੁਖਤਾਰ ਗਿੱਲ ਨੂੰ ਨਾਲ ਲਿਆ ਤੇ ਅੰਮ੍ਰਿਤਸਰ ਤੋਂ ਕਹਾਣੀਕਾਰ ਡਾ. ਕਰਨੈਲ ਸਿੰਘ ਅਤੇ ਗੁਲ ਚੌਹਾਨ ਨੂੰ ਆਪਣੇ ਨਾਲ ਜੋੜਿਆ ਤੇ ਇੰਝ ਇਹ ਚਾਰੇ ਕਹਾਣੀਕਾਰ ਜਲੰਧਰ, ਲੁਧਿਆਣਾ ਤੇ ਚੰਡੀਗੜ੍ਹ ਸਾਹਿਤਕਾਰਾਂ ਨੂੰ ਮਿਲਦਿਆਂ ਹੋਇਆਂ ਪਟਿਆਲੇ ਦੇ ਇੱਕ ਪਿੰਡ ਵਿੱਚ ਪਹੁੰਚੇ ਜਿਥੇ ਕਹਾਣੀਕਾਰ ਮੂਹਰਜੀਤ ਦੇ ਘਰ ਰਾਤ ਗੁਜ਼ਾਰੀ ਤੇ ਦੂਜੇ ਦਿਨ ਉਸਨੂੰ ਨਾਲ ਲਿਆ ਤੇ ਦਿੱਲੀ ਵੱਲ ਤੁਰ ਪਏ ਤਾਂ ਜੋ ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ ਅਤੇ ਅਜੀਤ ਕੌਰ ਦੇ ਨਾਲ ਮੁਲਾਕਾਤ ਹੋ ਸਕੇ ਅਤੇ ਦਿੱਲੀ ਦੀਆਂ ਸਾਹਿਤਕ ਸਭਾਵਾਂ ਵਿੱਚ ਜਾ ਕੇ ਸਾਹਿਤਕਾਰਾਂ ਨਾਲ ਵਿਚਾਰ-ਵਟਾਂਦਰਾ ਕਰ ਸਕੀਏ। ਖ਼ਾਲਿਦ ਹੁਸੈਨ ਨੂੰ ਛੱਡ ਕੇ ਬਾਕੀ ਸਾਰੇ ਮਿੱਤਰ ਤਗੜੇ ਤੇ ਖ਼ੂਨਖਾਰ ਸ਼ਰਾਬੀ ਸਨ ਤੇ ਇਨ੍ਹਾਂ ਦੋ ਦਿਨਾਂ ਵਿੱਚ ਹੀ ਜਮ੍ਹਾਂ ਪੂੰਜੀ ਸ਼ਰਾਬ ਦੀ ਭੇਟ ਚੜ੍ਹਾ ਦਿੱਤੀ ਗਈ। ਆਖ਼ੀਰ ਇਹ ਫੈਸਲਾ ਹੋਇਆ ਕਿ ਰਾਤ ਗੁਰਦੁਆਰੇ ਵਿੱਚ ਗੁਜ਼ਾਰੀ ਜਾਵੇ। ਉਨ੍ਹਾਂ ਦਿਨਾਂ ਵਿੱਚ ਗੁਰਦੁਆਰਾ ਰਕਾਬ ਗੰਜ ਨਵਾਂ ਨਵਾਂ ਬਣਿਆ ਸੀ। ਖ਼ਾਲਿਦ ਹੁਸੈਨ ਨੇ ਉਥੇ ਜਾਣ ਦੀ ਸਲਾਹ ਦਿੱਤੀ, ਨਾਲ ਹੀ ਸਮਝਾਇਆ ਕਿ ਕੋਈ ਵੀ ਗੁਰਦੁਆਰੇ ਦੀ ਮਰਿਯਾਦਾ ਨੂੰ ਭੰਗ ਨਹੀਂ ਕਰੇਗਾ। ਕਾਰਨ ਇਹ ਸੀ ਕਿ ਮੂਹਰਜੀਤ ਸਿਗਰੇਟਾਂ ਫੂਕਣ ਦਾ ਆਦੀ ਸੀ ਤੇ ਖ਼ਾਲਿਦ ਹੁਸੈਨ ਨੂੰ ਇਹ ਬਿਲਕੁਲ ਗਵਾਰਾ ਨਹੀਂ ਸੀ ਕਿ ਮੂਹਰਜੀਤ ਗੁਰਦੁਆਰੇ ਵਿੱਚ ਸਿਗਰਟਾਂ ਪੀਵੇ। ਗੁਰਦੁਆਰੇ ਦੇ ਸੇਵਾਦਾਰਾਂ ਨੇ ਉਨ੍ਹਾਂ ਸਾਰਿਆਂ ਦਾ ਆਦਰ ਮਾਣ ਕੀਤਾ, ਪ੍ਰਸ਼ਾਦੇ ਛਕਾਏ, ਨਵੇਂ ਬਿਸਤਰੇ ਸੌਣ ਲਈ ਦਿੱਤੇ ਤੇ ਜਾਂਦੇ ਜਾਂਦੇ ਇੱਕ ਸੇਵਾਦਾਰ ਨੇ ਖ਼ਾਲਿਦ ਹੁਸੈਨ ਨੂੰ ਮੋਨਾ ਸਮਝ ਕੇ ਇਹ ਬੇਨਤੀ ਕੀਤੀ ਕਿ ਉਹ ਧੂਮਰਪਾਨ ਨਾ ਕਰੇ। ਰਾਤ ਬਾਰ੍ਹਾਂ ਵਜੇ ਮੂਹਰਜੀਤ ਨੂੰ ਅਮਲ ਚੜ੍ਹਿਆ ਤੇ ਉਹ ਸਿਗਰਟ ਸੁਲਗਾਣ ਲੱਗਾ। ਖ਼ਾਲਿਦ ਹੁਸੈਨ ਨੇ ਉਸਦੇ ਹੱਥ 'ਚੋਂ ਸਿਗਰੇਟ ਖੋ ਲਈ ਤੇ ਮੂਹਰਜੀਤ ਨਾਲ ਕੌੜਾ ਬੋਲਣ ਲੱਗਾ। ਮੂਹਰਜੀਤ ਦਾ ਕਹਿਣਾ ਸੀ ਕਿ ਜੇ ਉਹ ਗੁਰਦੁਆਰੇ ਵਿੱਚ ਬਗਾਵਤ ਨਹੀਂ ਕਰੇਗਾ ਤਾਂ ਉਹ ਕਿਸ ਗੱਲ ਦਾ ਅਗਾਂਹਵਧੂ ਲਿਖਾਰੀ ਹੈ। ਦੋਹਾਂ ਦੀ

ਝੜੱਪ ਦਾ ਇਹ ਸਿੱਟਾ ਨਿਕਲਿਆ ਕਿ ਰਾਤ ਨੂੰ ਸਾਰੇ ਗੁਰਦੁਆਰਾ ਛੱਡ ਕੇ ਪੈਦਲ ਪਹਾੜ ਗੰਜ ਦੇ ਇੱਕ ਹੋਟਲ ਵਿੱਚ ਰਾਤ ਗੁਜ਼ਾਰਨ ਲਈ ਪਹੁੰਚੇ। ਸਵੇਰੇ ਨਾਸ਼ਤਾ ਕਰਨ ਮਗਰੋਂ ਜਦ ਹੋਟਲ ਤੋਂ ਨਿਕਲੇ ਤਾਂ ਕਿਸੇ ਕੋਲ ਕੋਈ ਪੈਸਾ ਨਹੀਂ ਸੀ। ਡਾ. ਕਰਨੈਲ ਸਿੰਘ ਨੇ ਆਪਣੇ ਵੱਡੇ ਭਰਾ ਕੋਲੋਂ ਪੈਸੇ ਮੰਗੇ ਜਿਹੜਾ ਦਿੱਲੀ ਵਿੱਚ ਇੰਡੀਅਨ ਨੇਵੀ ਦੇ ਮਰਕਜ਼ੀ ਦਫਤਰ ਵਿੱਚ ਕੰਮ ਕਰਦਾ ਸੀ। ਉਸਤੋਂ ਪੈਸੇ ਲੈ ਕੇ ਡਾ. ਕਰਨੈਲ ਸਿੰਘ ਨੇ ਸਾਰੇ ਸਾਥੀਆਂ ਨੂੰ ਘਰ ਵਾਪਸੀ ਲਈ ਬੱਸ ਦਾ ਕਿਰਾਇਆ ਦਿੱਤਾ ਤੇ ਇੰਝ ਉਸ ਮਲੰਗੀ ਟੋਲੀ ਦਾ ਸਫਰ ਖਤਮ ਹੋਇਆ। ਪਰ ਖ਼ਾਲਿਦ ਹੁਸੈਨ ਨੂੰ ਦੂਜੀ ਵਾਰੀ ਦਿੱਲੀ ਜਾਣਾ ਪਿਆ ਤੇ ਸਾਰੇ ਸਾਹਿਤਕਾਰਾਂ ਨੂੰ ਮਿਲ ਕੇ ਆਪਣੀ ਰਿਪੋਰਟ ਸੈਕਟਰੀ ਕਲਚਰਲ ਅਕੈਡਮੀ ਨੂੰ ਪੇਸ਼ ਕੀਤੀ।

ਆਪਣੀ ਅਦਬੀ ਅਵਾਰਾਗਰਦੀ ਦਾ ਇੱਕ ਹੋਰ ਕਿੱਸਾ ਖ਼ਾਲਿਦ ਨੇ ਮੈਨੂੰ ਸੁਣਾਇਆ ਸੀ। ਉਹ ਇੰਝ ਸੀ ਕਿ ਇੱਕ ਵਾਰੀ ਖ਼ਾਲਿਦ ਹੁਸੈਨ ਸਾਹਿਤਕ ਸਮਾਗਮ ਵਿੱਚ ਭਾਗ ਲੈਣ ਲਈ ਲੁਧਿਆਣੇ ਗਿਆ। ਉਥੇ ਉਹ ਸੁਰਜੀਤ ਪਾਤਰ ਨੂੰ ਮਿਲਿਆ ਜੋ ਉਨ੍ਹਾਂ ਦਿਨਾਂ ਵਿੱਚ ਇੱਕ ਪੁਰਾਣੇ ਮੁਹੱਲੇ ਵਿੱਚ ਰਹਿੰਦਾ ਸੀ ਤੇ ਅਜਾਇਬ ਚਿੱਤਰਕਾਰ ਉਸਦਾ ਗੁਵਾਂਢੀ ਸੀ। ਖ਼ਾਲਿਦ ਨਾਲ ਮੁਖਤਾਰ ਗਿੱਲ ਸੀ। ਸਾਰਿਆਂ ਨੇ ਮਿਲ ਕੇ ਖ਼ਾਲਿਦ ਹੁਸੈਨ ਨੂੰ ਸੈਲੀਬਰੇਟ ਕਰਨ ਦਾ ਫੈਸਲਾ ਕੀਤਾ, ਪਰ ਗੱਲਬਾਤ ਤੋਂ ਪਤਾ ਚੱਲਿਆ ਕਿ ਪੈਸੇ ਕਿਸੇ ਦੇ ਬੋਝੇ ਵਿੱਚ ਨਹੀਂ ਹਨ। ਸੁਰਜੀਤ ਪਾਤਰ ਦਾ ਨੌਕਰ ਨੇਪਾਲੀ ਗੋਰਖਾ ਸੀ। ਪਾਤਰ ਨੇ ਉਸ ਕੋਲੋਂ ਪੈਸੇ ਮੰਗੇ ਜਦ ਉਸ ਨੇ ਵੀ ਇਨਕਾਰ ਕਰ ਦਿੱਤਾ ਤਾਂ ਪਾਤਰ ਨੇ ਦਾਰੂ ਤੇ ਮੱਛੀ ਲੈਣ ਲਈ ਚੌੜਾ ਬਾਜ਼ਾਰ ਜਾਣ ਦਾ ਫੈਸਲਾ ਕੀਤਾ। ਦੋ ਰਿਕਸ਼ਿਆਂ 'ਤੇ ਸਾਰੇ ਚੌੜਾ ਬਾਜ਼ਾਰ ਚਲੇ ਗਏ। ਖ਼ਾਲਿਦ ਹੁਸੈਨ ਤੇ ਮੁਖਤਾਰ ਗਿੱਲ ਨੂੰ ਉਨ੍ਹਾਂ ਕਿਤਾਬਾਂ ਵਾਲੀ ਫੜੀ ਕੋਲ ਖੜਾ ਹੋਣ ਲਈ ਕਿਹਾ ਤੇ ਆਪ ਬਾਜ਼ਾਰ ਵੱਲ ਤੁਰ ਪਏ। ਕੁੱਝ ਚਿਰ ਮਗਰੋਂ ਦੋਵੇਂ 'ਸੌਂਫੀ' ਮਾਰਕਾ ਸ਼ਰਾਬ ਦੀਆਂ ਦੋ ਬੋਤਲਾਂ ਲੈ ਕੇ ਆਏ ਤੇ ਮੱਛੀ ਵਾਲੀ ਰੇਹੜੀ ਤੋਂ ਇੱਕ ਕਿੱਲੋ ਮੱਛੀ ਖਰੀਦੀ ਤੇ ਦੋ ਰਿਕਸ਼ਿਆਂ 'ਤੇ ਹੀ ਇਹ ਜੁੰਡਲੀ ਵਾਪਿਸ ਸੁਰਜੀਤ ਪਾਤਰ ਦੇ ਕਿਰਾਏ ਵਾਲੇ ਮਕਾਨ 'ਚ ਆ ਗਈ। ਉਥੇ ਉਨ੍ਹਾਂ ਨੇ ਹੱਸਦਿਆਂ ਇਹ ਗੱਲ ਸੁਣਾਈ ਕਿ ਪੈਸੇ ਉਨ੍ਹਾਂ ਇੱਕ ਕਾਲਜ ਵਿੱਚ ਪੜ੍ਹਦੀ ਮੁਟਿਆਰ ਕੋਲੋਂ ਉਧਾਰੇ ਮੰਗੇ ਸਨ ਤੇ ਬਹਾਨਾ ਇਹ ਬਣਾਇਆ ਸੀ ਕਿ ਉਹ ਅੰਮ੍ਰਿਤਸਰ ਮੈਡੀਕਲ ਕਾਲਜ ਵਿੱਚ ਪੜ੍ਹਦੇ ਹਨ ਤੇ ਆਪਣੇ ਵੱਡੇ ਭਰਾ ਨੂੰ ਮਿਲਣ ਲਈ ਲੁਧਿਆਣੇ ਆਏ ਸਨ, ਪਰ ਉਹ ਦਿੱਲੀ ਚਲਾ ਗਿਆ ਹੈ ਤੇ ਉਨ੍ਹਾਂ ਕੋਲ ਵਾਪਿਸ ਜਾਣ ਜੋਗਾ ਕਿਰਾਇਆ ਨਹੀਂ ਹੈ। ਇੰਝ ਉਸ ਕੁੜੀ ਕੋਲੋਂ ਦੋ ਸੌ ਰੁਪਏ ਲੈ

ਕੇ ਖ਼ਾਲਿਦ ਹੁਸੈਨ ਨੂੰ ਸੈਲੀਬਰੇਟ ਕੀਤਾ ਗਿਆ ਸੀ। ਇਸ ਕਿਸਮ ਦੀ ਸਾਹਿਤਕ ਅਵਾਰਾਗਰਦੀ ਦੀਆਂ ਕਈ ਘਟਨਾਵਾਂ ਹਨ, ਜਿਨ੍ਹਾਂ ਕਰਕੇ ਖ਼ਾਲਿਦ ਹੁਸੈਨ ਤੇ ਉਸਦੇ ਪੰਜਾਬੀ ਸਾਹਿਤਕਾਰ ਮਿੱਤਰ ਜਾਣੇ ਜਾਂਦੇ ਹਨ ਤੇ ਇਹ ਨਿੱਘਾ ਰਿਸ਼ਤਾ ਉਨ੍ਹਾਂ ਖ਼ਾਲਿਦ ਹੁਸੈਨ ਦੀ ਫ਼ੌਤਗੀ ਤਕ ਰੱਜ ਕੇ ਨਿਭਾਇਆ।

ਜਲੰਧਰ ਵਿਖੇ ਪੋਸਟਿੰਗ ਦੌਰਾਨ ਖ਼ਾਲਿਦ ਹੁਸੈਨ ਦਾ ਦਫ਼ਤਰ ਤੇ ਰਿਹਾਇਸ਼ ਸ਼ਾਸਤਰੀ ਚੌਂਕ ਲਾਗੇ ਸੀ। ਹਿੰਦ ਸਮਾਚਾਰ ਗਰੁੱਪ ਦੀਆਂ ਅਖ਼ਬਾਰਾਂ ਜੱਗ ਬਾਣੀ, ਪੰਜਾਬ ਕੇਸਰੀ ਤੇ ਹਿੰਦ ਸਮਾਚਾਰ (ਪੰਜਾਬੀ, ਹਿੰਦੀ, ਉਰਦੂ), ਅਜੀਤ, ਮਿਲਾਪ ਤੇ ਪ੍ਰਤਾਪ ਅਤੇ ਵੀਰ ਪ੍ਰਤਾਪ ਅਖ਼ਬਾਰਾਂ ਦੇ ਦਫ਼ਤਰ ਵੀ ਸ਼ਾਸਤਰੀ ਚੌਂਕ ਦੇ ਨੇੜੇ ਸਨ। ਉਥੇ ਵੀ ਖ਼ਾਲਿਦ ਹੁਸੈਨ ਸਾਹਿਤਕ ਚੁਟ ਮੰਡਲੀਆਂ ਸਜਾਂਦਾ ਰਹਿੰਦਾ। ਉਰਦੂ, ਹਿੰਦੀ ਤੇ ਪੰਜਾਬੀ ਦੇ ਸਾਹਿਤਕਾਰ ਅਤੇ ਸ਼ਾਇਰ ਖ਼ਾਲਿਦ ਕੋਲ ਆਉਂਦੇ ਤੇ ਆਪਣੀਆਂ ਰਚਨਾਵਾਂ ਸੁਣਾਉਂਦੇ। ਸੋਹਨ ਸਿੰਘ ਮੀਸ਼ਾ ਬਿਨਾਂ ਨਾਗਾ ਖ਼ਾਲਿਦ ਦੇ ਡੇਰੇ ਆਉਂਦਾ ਤੇ ਸਿਗਰਟਾਂ ਫੂਕ ਕੇ ਆਪਣੇ ਘਰ ਚਲਾ ਜਾਂਦਾ, ਕਿਉਂਕਿ ਉਹ ਆਪਣੀ ਪਤਨੀ ਸਾਹਮਣੇ ਇਹ ਕੂੜ ਵਪਾਰ ਨਹੀਂ ਸੀ ਕਰ ਸਕਦਾ। ਪ੍ਰਸਿੱਧ ਕਵੀ ਮੋਹਨ ਸਿੰਘ ਮਾਹਿਰ ਵੀ ਖ਼ਾਲਿਦ ਹੁਸੈਨ ਦੇ ਡੇਰੇ ਆ ਕੇ ਸਿਗਰਟ ਪੀਂਦਾ ਸੀ। ਸੰਤ ਸਿੰਘ ਸੇਖੋਂ, ਸਾਧੂ ਸਿੰਘ ਹਮਦਰਦ, ਅੱਤਰ ਸਿੰਘ, ਪ੍ਰੇਮ ਪ੍ਰਕਾਸ਼, ਕੁਲਦੀਪ ਸਿੰਘ ਬੇਦੀ, ਕਰਤਾਰ ਸਿੰਘ ਦੁੱਗਲ ਤੇ ਹੋਰ ਕਈ ਪੰਜਾਬੀ ਸਾਹਿਤ ਦੇ ਉਚ ਕੋਟੀ ਦੇ ਹਸਤਾਖ਼ਰ ਖ਼ਾਲਿਦ ਕੋਲ ਆਉਂਦੇ। ਖ਼ਾਲਿਦ ਉਨ੍ਹਾਂ ਦੀ ਸੇਵਾ ਦਾਰੂ ਨਾਲ ਕਰਦਾ। ਸਾਰੀਆਂ ਅਖ਼ਬਾਰਾਂ ਦੇ ਸਬ ਐਡੀਟਰ ਵੀ ਉਸ ਕੋਲ ਦਾਰੂ ਪੀਣ ਆਉਂਦੇ ਤੇ ਖ਼ਾਲਿਦ ਹੁਸੈਨ ਉਨ੍ਹਾਂ ਨੂੰ ਸਰਕਾਰੀ ਦਾਰੂ ਪਿਲਾਂਦਾ, ਕਿਉਂਕਿ ਇਨਫਾਰਮੇਸ਼ਨ ਡਿਪਾਰਟਮੈਂਟ ਦੀ ਬਰੀਫਿੰਗ ਗ੍ਰਾਂਟ ਇਸੇ ਮਕਸਦ ਲਈ ਮਿਲਦੀ ਸੀ।

***

# ਚੇਤੇ ਆਈਆਂ ਕਿਸ ਦਫ਼ਨਾਈਆਂ

ਜੰਮੂ-ਕਸ਼ਮੀਰ ਵਿੱਚ ਅੰਗਰੇਜ਼ੀ ਤੇ ਹਿੰਦੀ ਪੱਤਰਕਾਰੀ ਦੀ ਵਾਗਡੋਰ ਚੋਖੇ ਸਮੇਂ ਤਕ ਗ਼ੈਰ-ਮੁਸਲਿਮ ਪੱਤਰਕਾਰਾਂ ਕੋਲ ਰਹੀ। 1995 ਤਕ ਕਸ਼ਮੀਰ ਤੋਂ ਸ਼ਾਇਦ ਹੀ ਕੋਈ ਅੰਗਰੇਜ਼ੀ ਦਾ ਰੋਜ਼ਨਾਮਾ ਨਿਕਲਦਾ ਸੀ। ਸਾਰੀਆਂ ਅਖ਼ਬਾਰਾਂ ਜਲੰਧਰ ਤੇ ਚੰਡੀਗੜ੍ਹ ਤੋਂ ਆਉਂਦੀਆਂ ਸਨ, ਜਿਨ੍ਹਾਂ ਵਿਚ ਟ੍ਰਿਬਿਊਨ ਤੇ ਇੰਡੀਅਨ ਐਕਸਪ੍ਰੈੱਸ ਅੰਗਰੇਜ਼ੀ ਵਿੱਚ ਤੇ ਹਿੰਦੀ ਵਿੱਚ ਪੰਜਾਬ ਕੇਸਰੀ ਤੇ ਵੀਰ ਪ੍ਰਤਾਪ ਮਸ਼ਹੂਰ ਸਨ। ਉਰਦੂ ਵਿੱਚ ਵੀ ਹਿੰਦ ਸਮਾਚਾਰ, ਮਿਲਾਪ ਤੇ ਪ੍ਰਤਾਪ ਨੇ ਮਨਾਪਲੀ ਬਣਾਈ ਹੋਈ ਸੀ। ਮਿਲਾਪ ਤੇ ਪ੍ਰਤਾਪ ਕਾਫੀ ਚਿਰ ਪਹਿਲਾਂ ਤੋਂ ਬੰਦ ਹੋ ਚੁੱਕੇ ਹਨ, ਪਰ ਹਿੰਦ ਸਮਾਚਾਰ ਅੱਜ ਵੀ ਜੰਮੂ-ਕਸ਼ਮੀਰ ਵਿੱਚ ਪੜ੍ਹਿਆ ਜਾਂਦਾ ਹੈ। ਇਸ ਤੋਂ ਛੁੱਟ ਜੰਮੂ ਤੋਂ ਛਪਣ ਵਾਲੇ ਦੋ ਅੰਗਰੇਜ਼ੀ ਰੋਜ਼ਨਾਮੇ ਕਸ਼ਮੀਰ ਟਾਈਮਸ ਤੇ ਡੇਲੀ ਐਕਸਲਸ਼ੀਅਰ ਨਿਕਲਦੇ ਹਨ। ਇਨ੍ਹਾਂ ਅਖ਼ਬਾਰਾਂ ਵਿੱਚ ਰਿਆਸਤੀ ਸਰਕਾਰ ਦੇ ਖਿਲਾਫ ਜਾਂ ਹੱਕ ਵਿੱਚ ਲਿਖਣਾ ਕੇਂਦਰੀ ਸਰਕਾਰ ਅਤੇ ਵੱਖ-ਵੱਖ ਏਜੰਸੀਆਂ ਦੀ ਹਦਾਇਤ ਮੁਤਾਬਿਕ ਹੁੰਦਾ ਸੀ। ਸੂਚਨਾ ਵਿਭਾਗ ਉਤੇ ਕਸ਼ਮੀਰੀ ਪੰਡਿਤਾਂ ਜਾਂ ਜੰਮੂ ਦੇ ਡੋਗਰੇ ਮੁਲਾਜ਼ਮਾਂ ਦਾ ਕਬਜ਼ਾ ਹੁੰਦਾ ਸੀ। 1983 ਵਿੱਚ ਜਦ ਫਾਰੂਕ ਅਬਦੁੱਲਾ ਨੇ ਦੋ ਤਿਹਾਈ ਤੋਂ ਵੱਧ ਵੋਟਾਂ ਹਾਸਿਲ ਕਰਕੇ ਹਕੂਮਤ ਬਣਾਈ ਤਾਂ ਉਸ ਵੇਲੇ ਨੈਸ਼ਨਲ ਕਾਨਫਰੰਸ ਦਾ ਮੁਕਾਬਲਾ ਕਾਂਗਰਸ ਨਾਲ ਸੀ ਅਤੇ ਕਾਂਗਰਸ ਦੀ ਬੁਰੀ ਤਰ੍ਹਾਂ ਨਾਲ ਹਾਰ ਹੋਈ ਸੀ। ਇਹ ਗੱਲ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਹਜ਼ਮ ਨਹੀਂ ਸੀ ਹੋਈ ਤੇ ਉਸਨੇ ਸਰਕਾਰੀ ਏਜੰਸੀਆਂ ਅਤੇ ਕੇਂਦਰੀ ਸੂਚਨਾ ਵਿਭਾਗ ਨੂੰ ਫਾਰੂਕ ਅਬਦੁੱਲਾ ਅਤੇ ਉਸਦੀ ਪਾਰਟੀ 'ਨੈਸ਼ਨਲ ਕਾਨਫਰੰਸ' ਦੇ ਖਿਲਾਫ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਸਰਕਾਰੀ ਏਜੰਸੀਆਂ ਦੀ ਹਿਦਾਇਤ ਮੁਤਾਬਿਕ ਪੰਜਾਬ 'ਚੋਂ ਛਪਣ ਵਾਲੀਆਂ ਅਖ਼ਬਾਰਾਂ ਫਾਰੂਕ ਅਬਦੁੱਲਾ ਦੇ ਖਿਲਾਫ ਝੂਠ ਸੱਚ ਲਿਖ ਰਹੀਆਂ ਸਨ। ਖ਼ਾਲਿਦ ਹੁਸੈਨ ਨੂੰ ਰਿਆਸਤੀ ਸਰਕਾਰ ਨੇ ਪੰਜਾਬ ਵਿੱਚ ਭੇਜਣ ਦਾ ਫੈਸਲਾ ਇਸ ਕਾਰਨ ਕੀਤਾ ਸੀ ਕਿ ਉਹ ਇਸ ਪਰਾਪੇਗੰਡਾ ਮੁਹਿੰਮ ਨੂੰ ਖਤਮ ਕਰਨ ਅਤੇ ਜੰਮੂ-ਕਸ਼ਮੀਰ ਦੇ ਸਿਆਸੀ ਅਤੇ ਆਰਥਿਕ ਹਾਲਾਤ ਬਾਰੇ ਸਹੀ ਤਸਵੀਰ ਪੇਸ਼ ਕਰੇਗਾ, ਕਿਉਂਕਿ ਪੰਜਾਬੀ ਅਦੀਬ ਹੋਣ ਦੇ ਨਾਤੇ ਪੰਜਾਬ ਵਿੱਚ ਸਾਹਿਤਕ ਅਤੇ ਪੱਤਰਕਾਰ ਹਲਕਿਆਂ ਵਿੱਚ ਉਸਦੀ ਬੜੀ ਜਾਣ ਪਹਿਚਾਣ ਸੀ। ਖ਼ਾਲਿਦ ਹੁਸੈਨ ਨੇ ਜਲੰਧਰ ਵਿੱਚ ਰਹਿ ਕੇ ਜਿਥੇ ਇਹ ਸਾਰੀਆ

ਗਲਤ ਫਹਿਮੀਆਂ ਦੂਰ ਕੀਤੀਆਂ ਉਥੇ ਉਸਨੇ ਕਈ ਸਾਹਿਤਕਾਰਾਂ ਨਾਲ ਜ਼ਾਤੀ ਸੰਬੰਧ ਵੀ ਬਣਾਏ, ਜਿਨ੍ਹਾਂ ਵਿੱਚ ਮੈਂ ਵੀ ਸ਼ਾਮਿਲ ਹਾਂ। ਮੇਰਾ ਨਾਂ ਕੁਲਦੀਪ ਸਿੰਘ ਬੇਦੀ ਹੈ ਤੇ ਮੈਂ ਜਲੰਧਰ ਦੇ ਹਿੰਦ ਸਮਾਚਾਰ ਗਰੁੱਪ ਵੱਲੋਂ ਛਪਣ ਵਾਲੀ ਪੰਜਾਬੀ ਅਖ਼ਬਾਰ 'ਜਗ ਬਾਣੀ' ਦਾ ਸਹਾਇਕ ਸੰਪਾਦਕ ਹਾਂ ਅਤੇ ਮੈਗਜ਼ੀਨ ਸੈਕਸ਼ਨ ਦਾ ਇੰਚਾਰਜ। ਜਿਸ ਦਿਨ ਖ਼ਾਲਿਦ ਹੁਸੈਨ ਜਲੰਧਰ ਪਹੁੰਚਿਆ ਅਸੀਂ ਸਾਰੇ ਦੋਸਤ ਨਵਾਂ ਜ਼ਮਾਨਾ ਦੇ ਦਫਤਰ ਇੱਕਠੇ ਹੋਏ ਤੇ ਉਹ ਰਾਤ ਖ਼ਾਲਿਦ ਹੁਸੈਨ ਨੇ ਕ੍ਰਿਸ਼ਨ ਕੁਮਾਰ ਰੱਤੂ (ਅੱਜ ਦੂਰਦਰਸ਼ਨ ਚੰਡੀਗੜ੍ਹ ਦਾ ਡਾਇਰੈਕਟਰ) ਦੇ ਕਿਰਾਏ ਵਾਲੇ ਘਰ ਵਿੱਚ ਗੁਜ਼ਾਰੀ, ਜਿਥੇ ਸਿਰਫ ਇੱਕ ਕਮਰਾ ਸੀ ਅਤੇ ਇੱਕ ਨਿੱਕੀ ਜਹੀ ਰਸੋਈ। ਇੱਕੋ ਬਿਸਤਰੇ ਤੇ ਖ਼ਾਲਿਦ ਹੁਸੈਨ, ਕ੍ਰਿਸ਼ਨ ਕੁਮਾਰ ਰੱਤੂ ਤੇ ਉਸਦੀ ਪਤਨੀ ਸੁਸ਼ੀਲ ਸੁੱਤੇ। ਯਾਰਾਂ ਦੀਆਂ ਮਹਿਫਲਾਂ ਜੰਮਣ ਲੱਗੀਆਂ ਤੇ ਸਾਹਿਤਕ ਗੋਸ਼ਟੀਆਂ ਹੋਣ ਲੱਗੀਆਂ। ਇੱਕ ਦਿਨ ਮੈਂ ਖ਼ਾਲਿਦ ਹੁਸੈਨ ਨੂੰ ਲੈ ਕੇ ਡਾ. ਸਰੋਜ ਪਾਂਥੇ ਦੇ ਘਰ ਗਿਆ ਤਾਂ ਜੋ ਅਸੀਂ ਉਸਦੇ ਪਤੀ ਦੀ ਮੌਤ ਦਾ ਅਫਸੋਸ ਕਰ ਆਈਏ। ਇੰਝ ਖ਼ਾਲਿਦ ਦਾ ਸਰੋਜ ਦੇ ਘਰ ਆਉਣਾ ਜਾਣਾ ਸ਼ੁਰੂ ਹੋਇਆ। ਸਰੋਜ ਉਸ ਵੇਲੇ ਹੁਸ਼ਿਆਰਪੁਰ ਸਰਕਾਰੀ ਕਾਲਜ ਵਿੱਚ ਫਾਈਨ ਆਰਟਸ ਦੀ ਲੈਕਚਰਾਰ ਸੀ ਤੇ ਪਤੀ ਦਾ ਦੇਹਾਂਤ ਹੋਣ ਕਾਰਨ ਬੜੀ ਦੁਖੀ ਰਹਿੰਦੀ ਸੀ। ਉਸਦਾ ਪਤੀ ਇੰਡੀਅਨ ਏਅਰ ਫੋਰਸ ਦਾ ਪਾਇਲਟ ਸੀ ਤੇ 1971 ਦੀ ਜੰਗ ਵਿੱਚ ਫੱਟੜ ਹੋਣ ਕਾਰਨ ਉਸਨੂੰ ਏਅਰ ਫੋਰਸ ਤੋਂ ਸੇਵਾ ਮੁਕਤ ਕਰ ਦਿੱਤਾ ਗਿਆ ਸੀ ਅਤੇ ਉਸਨੂੰ ਖੇਡਾਂ ਦਾ ਸਾਮਾਨ ਬਣਾਉਣ ਦਾ ਲਾਇਸੈਂਸ ਦਿੱਤਾ ਗਿਆ ਸੀ। ਉਹ ਮਸ਼ਹੂਰ ਅੰਤਰਰਾਸ਼ਟਰੀ ਹਾਕੀ ਖਿਡਾਰੀ ਸੁਰਜੀਤ ਸਿੰਘ ਦੀ ਸਹਾਇਤਾ ਲਈ ਹਿੰਦ-ਪਾਕ ਮੈਚ ਦੀਆਂ ਤਿਆਰੀਆਂ ਦੇ ਸਿਲਸਿਲੇ ਵਿੱਚ ਜਲੰਧਰ ਤੋਂ ਚੰਡੀਗੜ੍ਹ ਸੁਰਜੀਤ ਨਾਲ ਜਾ ਰਿਹਾ ਸੀ ਕਿ ਰਸਤੇ ਵਿੱਚ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ ਤੇ ਦੋਵੇਂ ਮਰ ਗਏ। ਇਹ ਹਾਦਸਾ ਨਵਾਂ ਹੋਣ ਕਾਰਨ, ਸਰੋਜ ਅੰਦਰੋਂ ਅੰਦਰੀ ਟੁੱਟ ਚੁੱਕੀ ਸੀ ਤੇ ਉਸਨੂੰ ਇੱਕ ਅਜਿਹੇ ਸਹਾਰੇ ਦੀ ਲੋੜ ਸੀ ਜਿਹੜਾ ਉਸਨੂੰ ਇਸ ਹਾਲਤ ਤੋਂ ਬਾਹਰ ਕੱਢ ਸਕੇ ਤੇ ਇਸ ਲਈ ਖ਼ਾਲਿਦ ਹੁਸੈਨ ਨੇ ਸ਼ਾਰਦਾ ਰਾਣਾ ਨਾਲ ਮਿਲ ਕੇ ਇੱਕ ਵਧੀਆ ਰੋਲ ਅਦਾ ਕੀਤਾ। ਸ਼ਾਰਦਾ ਰਾਣਾ ਹਿਮਾਚਲ ਦੀ ਰਹਿਣ ਵਾਲੀ ਇੱਕ ਕੁੜੀ ਹੈ ਜਿਹੜੀ ਜਲੰਧਰ ਵਿੱਚ ਪੜ੍ਹ ਰਹੀ ਸੀ ਅਤੇ ਹਿੰਦੀ ਮਿਲਾਪ ਵਿੱਚ ਵੀ ਕੰਮ ਕਰ ਰਹੀ ਸੀ। ਉਹ ਇਸ ਹਾਦਸੇ ਮਗਰੋਂ ਸਰੋਜ ਕੋਲ ਰਹਿਣ ਲੱਗੀ। ਖ਼ਾਲਿਦ ਤੇ ਮੈਂ ਵੀ ਅਕਸਰ ਸਰੋਜ ਦੇ ਘਰ ਜਾਂਦੇ। ਸਾਹਿਤਕ ਗੱਲਾਂਬਾਤਾਂ ਹੁੰਦੀਆਂ। ਖ਼ਾਲਿਦ ਆਪਣੀ ਕੋਈ ਨਵੀਂ ਰਚਨਾ ਸੁਣਾਉਂਦਾ ਤੇ ਇਸ ਤਰ੍ਹਾਂ ਮਾਹੌਲ ਨੂੰ ਖੁਸ਼ਗਵਾਰ ਬਣਾਉਂਦਾ। ਰੋਜ਼ ਸ਼ਾਮੀਂ ਅਸੀਂ ਸਾਰੇ ਜਲੰਧਰ ਦੀ ਸੈਰ ਕਰਦੇ। ਸਰੋਜ ਹੌਲੀ-ਹੌਲੀ ਸਹਿਜ ਹੁੰਦੀ ਗਈ ਤੇ ਖ਼ਾਲਿਦ ਨਾਲ ਉਸਦੀ ਦੋਸਤੀ ਦੀਆਂ ਗੰਢਾਂ ਮਜ਼ਬੂਤ ਹੁੰਦੀਆਂ ਗਈਆਂ। ਸਰੋਜ ਦੇ ਮਾਂ ਪਿਓ ਖੁਸ਼ ਸਨ ਕਿ ਉਨ੍ਹਾਂ

ਦੀ ਧੀ ਜ਼ਿੰਦਗੀ ਨੂੰ ਮੁੜ ਜੀਉਣ ਲੱਗੀ ਹੈ। ਜਲੰਧਰ ਦੇ ਦਿਨਾਂ ਵਿੱਚ ਖ਼ਾਲਿਦ ਹੁਸੈਨ ਨੇ ਕੁੱਝ ਵਧੀਆ ਕਹਾਣੀਆਂ ਲਿਖੀਆਂ, ਜਿਵੇਂ ਕੰਵਾਰ ਗੰਦਲ, ਇਸ਼ਤਿਹਾਰਾਂ ਵਾਲੀ ਹਵੇਲੀ, ਖੋਖਲਾ ਸੂਰਜ, ਬਾਬਾ ਟਿੱਕੀ ਆਦਿ। ਖ਼ਾਲਿਦ ਦੀਆਂ ਕਹਾਣੀਆਂ ਉੱਤੇ ਡਾ. ਸਰੋਜ ਪਾਂਥੇ ਨੇ ਇੱਕ ਵਧੀਆ ਪਰਚਾ ਲਿਖਿਆ ਜਿਹੜਾ ਖ਼ਾਲਿਦ ਦੀ ਕਹਾਣੀ ਪੁਸਤਕ 'ਡੂੰਘੇ ਪਾਣੀਆਂ ਦਾ ਦੁੱਖ' ਵਿੱਚ ਸ਼ਾਮਿਲ ਹੈ। ਖ਼ਾਲਿਦ ਹੁਸੈਨ ਕਹਿੰਦਾ ਹੁੰਦਾ ਸੀ ਕਿ ਜਲੰਧਰ ਦੀ ਪੋਸਟਿੰਗ ਦੇ ਦਿਨ ਉਸਦੀ ਜ਼ਿੰਦਗੀ ਦੇ ਬਹੁਤ ਹੀ ਖ਼ੂਬਸੂਰਤ ਦਿਨ ਸਨ, ਜਿਥੇ ਉਸਨੂੰ ਰੂਹ ਦੀ ਖ਼ੁਰਾਕ ਮਿਲਦੀ ਸੀ ਤੇ ਉਸਨੂੰ ਲਿਖਣ ਲਈ ਪ੍ਰੇਰਣਾ ਮਿਲਦੀ ਰਹਿੰਦੀ ਸੀ। ਖ਼ਾਲਿਦ ਦਾ ਦੋਸਤ ਸ.ਸ. ਮੀਸ਼ਾ ਰੋਜ਼ ਸਵੇਰੇ ਸੈਰ ਕਰਦਿਆਂ ਉਸ ਕੋਲ ਰੁਕਦਾ ਸੀ। ਸਿਗਰੇਟ ਤੇ ਚਾਹ ਪੀ ਕੇ ਆਪਣੇ ਘਰ ਚਲਾ ਜਾਂਦਾ ਸੀ। ਬਲਿਊ ਸਟਾਰ ਅਪਰੇਸ਼ਨ ਵੇਲੇ ਖ਼ਾਲਿਦ ਹੁਸੈਨ ਜਲੰਧਰ ਵਿੱਚ ਹੀ ਸੀ। ਜਦ ਤੇਰ੍ਹਾਂ ਦਿਨਾਂ ਦੇ ਬਾਅਦ ਕਰਫਿਊ ਖੁੱਲਿਆ ਤਾਂ ਸ਼ਾਮ ਨੂੰ ਸ.ਸ. ਮੀਸ਼ਾ ਉਸ ਕੋਲ ਆਇਆ, ਉਹ ਬੜਾ ਦੁਖੀ ਸੀ। ਜਦ ਖ਼ਾਲਿਦ ਨੇ ਉਸਦਾ ਹਾਲ ਪੁੱਛਿਆ ਤਾਂ ਉਸਨੇ ਜਵਾਬ ਦਿੱਤਾ ਸੀ ਕਿ ਪੱਗ ਢੱਠੀ ਪਈ ਐ ਤੇ ਪੱਤ ਲੁੱਟੀ ਪਈ ਐ। ਇਸ ਇੱਕ ਵਾਕ ਨੇ ਸਾਰੀ ਸਿੱਖ ਕੌਮ ਦੀ ਪੀੜਾ ਨੂੰ ਬਿਆਨ ਕੀਤਾ ਸੀ। ਚਾਹ ਪੀਣ ਮਗਰੋਂ ਦੋਵੇਂ ਥੋੜਾ ਘੁੰਮਣ ਲਈ ਬਾਜ਼ਾਰ ਵੱਲ ਨਿਕਲੇ। ਮੀਸ਼ਾ ਕੋਲ ਫੀਏਟ ਕਾਰ ਸੀ ਜਿਸ ਵਿੱਚ ਬੈਠ ਕੇ ਉਹ ਦੋਵੇਂ ਚੂੜੀਆਂ ਵਾਲੇ ਬਾਜ਼ਾਰ ਵੱਲ ਗਏ। ਭੀੜ ਬੜੀ ਸੀ, ਲੋਕੀ ਕਾਰਾਂ, ਸਕੂਟਰਾਂ ਤੇ ਰਿਕਸ਼ਿਆਂ 'ਤੇ ਸੌਦਾ ਖਰੀਦਣ ਬਾਜ਼ਾਰ ਵਿੱਚ ਆਏ ਸਨ। ਇੱਕ ਰਿਕਸ਼ੇ ਵਾਲੇ ਦੀ ਸਾਈਕਲ ਰਾਡ ਮੀਸ਼ਾ ਦੀ ਕਾਰ ਨਾਲ ਟਕਰਾਈ। ਕਾਰ ਨੂੰ ਮਾੜੀ ਜਹੀ ਝਰੀਟ ਲੱਗੀ। ਮੀਸ਼ਾ ਕੋਲੋਂ ਰਿਹਾ ਨਾ ਗਿਆ। ਉਸਨੇ ਕਾਰ ਰੋਕੀ ਤੇ ਹੇਠਾਂ ਉਤਰ ਕੇ ਰਿਕਸ਼ਾ ਚਾਲਕ ਨੂੰ ਚੰਡ ਕੱਢ ਮਾਰੀ। ਰਿਕਸ਼ੇ 'ਤੇ ਇੱਕ ਲਾਲਾ ਬੈਠਾ ਹੋਇਆ ਸੀ, ਜਿਸਨੇ ਬੜੇ ਰੋਅਬ ਨਾਲ ਮੀਸ਼ਾ ਨੂੰ ਰੋਕਿਆ ਤੇ ਕਿਹਾ,

"ਇਹ ਮੇਰਾ ਰਿਕਸ਼ਾ ਚਾਲਕ ਹੈ, ਇਸਨੂੰ ਮਾਰਨ ਦਾ ਤੈਨੂੰ ਕੋਈ ਹੱਕ ਨਹੀਂ। ਇਹ ਵੀਹ ਰੁਪਏ ਫੜ੍ਹ ਤੇ ਕਾਰ ਨੂੰ ਪੇਂਟ ਕਰਾ ਲੈ।"

ਲਾਲੇ ਨੇ ਵਾਸਕਟ ਦੇ ਬੋਝੇ ਵਿੱਚੋਂ ਵੀਹ ਰੁਪਏ ਦਾ ਨੋਟ ਕੱਢਦਿਆਂ ਮੀਸ਼ਾ ਨੂੰ ਕਿਹਾ ਸੀ। ਵੀਹ ਰੁਪਏ ਵੇਖ ਕੇ ਮੀਸ਼ਾ ਵੱਟ ਖਾ ਗਿਆ ਤੇ ਰਿਕਸ਼ੇ 'ਤੇ ਬੈਠੇ ਲਾਲੇ ਨੂੰ ਕਹਿਣ ਲੱਗਾ,

"ਓਏ! ਤੂੰ ਮੈਨੂੰ ਪੈਸੇ ਦੱਸਣਾ ਪਿਐਂ।" ਲਾਲੇ ਨੇ ਬੋਝੇ ਵਿੱਚ ਹੱਥ ਪਾਇਆ ਤੇ ਸੌ ਦਾ ਨੋਟ ਕੱਢਦਿਆਂ ਬੋਲਿਆ,

"ਜੇ ਇਹ ਘੱਟ ਨੇ ਤਾਂ ਇਹ ਲੈ, ਫੜ ਸੌ ਰੁਪਏ ਅਤੇ ਜੇ ਹੋਰ ਚਾਹੀਦੇ ਨੇ ਤਾਂ ਹੋਰ ਵੀ ਦੱਸ।"

ਬਸ ਇਨ੍ਹੀ ਗੱਲ 'ਤੇ ਮੀਸ਼ਾ, ਲਾਲ-ਪੀਲਾ ਹੋ ਗਿਆ ਤੇ ਉਸ ਨਾਲ ਗੁੱਸੇ 'ਚ ਬੋਲਣ ਲੱਗਾ,

"ਓਏ ਕਜਰਾ ਬਾਣੀਆ! ਤੂੰ ਮੈਨੂੰ ਪੈਸੇ ਦੱਸਣਾ ਐਂ। ਤੁਸੀਂ ਸਾਨੂੰ ਪੈਸਿਆਂ ਨਾਲ ਖਰੀਦਣਾ ਚਾਹੁੰਦੇ ਹੋ। ਜਾ ਉਸ ਕੁੱਤੀ ਬਾਹਮਣੀ (ਇੰਦਰਾ ਗਾਂਧੀ) ਨੂੰ ਕਹਿ ਦੇ ਕਿ ਸਿੱਖ ਅਜੇ ਮਰਿਆ ਨੀ ਅਤੇ ਨਾ ਹੀ ਉਸਦੀ ਅਣਖ ਮਰੀ ਹੈ।"

ਖ਼ਾਲਿਦ ਹੁਸੈਨ ਮੀਸ਼ੇ ਨੂੰ ਪਕੜ ਕੇ ਜਦ ਕਾਰ ਵਿੱਚ ਬੈਠਾਣ ਲੱਗਾ ਤਾਂ ਉਸਨੇ ਖ਼ਾਲਿਦ ਨੂੰ ਧੱਕਾ ਮਾਰਦਿਆਂ ਕਿਹਾ,

"ਪਰਾਂ ਹਟ ਮੁਸਲਿਆ। ਤੁਸਾਂ ਕਿਹੜਾ ਸਾਡੇ ਨਾਲ ਘੱਟ ਕੀਤੀ ਹੈ।"

ਬੜੀ ਮੁਸ਼ਕਿਲ ਨਾਲ ਖ਼ਾਲਿਦ ਨੇ ਮੀਸ਼ਾ ਨੂੰ ਕਾਰ ਵਿੱਚ ਬਿਠਾਇਆ ਤੇ ਉਹ ਦੋਵੇਂ ਉਥੋਂ ਚੱਲ ਪਏ। ਰਸਤੇ ਵਿੱਚ ਖ਼ਾਲਿਦ ਨੇ ਮੀਸ਼ੇ ਦੀਆਂ ਅੱਖਾਂ ਵਿੱਚ ਅੱਥਰੂ ਵੇਖੇ। ਘਰ ਪਹੁੰਚਦਿਆਂ ਹੀ ਖ਼ਾਲਿਦ ਨੇ ਨੌਕਰ ਨੂੰ ਚਾਹ ਪਿਲਾਣ ਲਈ ਕਿਹਾ ਤੇ ਮੀਸ਼ੇ ਨੂੰ ਉਸਨੇ ਸਿਗਰਟਾਂ ਵਾਲੀ ਡੱਬੀ ਫੜਾਈ। ਸਿਗਰੇਟ ਦੇ ਚਾਰ ਪੰਜ ਕਸ਼ ਲਾਂਦਿਆਂ ਹੀ ਮੀਸ਼ੇ ਦੀ ਹਾਲਤ ਸੁਧਰ ਗਈ ਤੇ ਜਦ ਉਸਦਾ ਮਨ ਹੌਲਾ ਹੋਇਆ ਤਾਂ ਉਹ ਕਹਿਣ ਲੱਗਾ,

"ਮੈਨੂੰ ਮਾਫ ਕਰ ਦੇਈਂ। ਖੋਰੇ ਮੈਨੂੰ ਕੀ ਹੋਇਆ ਸੀ। ਯਾਰ ਖ਼ਾਲਿਦ! ਮੈਂ ਕਦੇ ਗੁਰਦੁਆਰੇ ਨਹੀਂ ਗਿਆ। ਮੈਂ ਸਿੱਖਾਂ ਦਾ ਮਾਖੌਲ ਉਡਾਂਦਾ ਰਹਿਣਾ। ਨਿਹੰਗਾਂ ਦੇ ਲਤੀਫੇ ਸੁਣਾਂਦਾ ਰਹਿਣਾ। ਧਰਮ ਨਾਲ ਮੇਰਾ ਕੋਈ ਲੈਣ ਦੇਣ ਨਹੀਂ। ਫਿਰ ਇਹ ਮੈਨੂੰ ਕੀ ਹੋ ਗਿਆ ਸੀ? ਸ਼ਾਇਦ ਜਿਹੜੇ ਸੰਸਕਾਰ ਸਾਨੂੰ ਮਾਂ ਪਿਓ ਕੋਲੋਂ ਮਿਲਦੇ ਹਨ ਅਤੇ ਜਿਸ ਵਾਤਾਵਰਣ ਵਿੱਚ ਸਾਡਾ ਬਚਪਨ ਗੁਜ਼ਰਦਾ ਹੈ ਉਹ ਸੰਸਕਾਰ ਸਾਡੇ ਅੰਦਰ ਮਰਦੇ ਦਮ ਤਕ ਜ਼ਿੰਦਾ ਰਹਿੰਦੇ ਹਨ, ਭਾਵੇਂ ਅਸੀਂ ਕਿੰਨੇ ਵੀ ਫਾਰਵਰਡ ਤੇ ਅਗਾਂਹਵਧੂ ਬਣੀਏ।"

ਸ਼ਾਰਦਾ ਰਾਣਾ ਦਾ ਖਿਆਲ ਖ਼ਾਲਿਦ ਨਿੱਕੀਆਂ ਭੈਣਾਂ ਵਾਂਗ ਰੱਖਦਾ ਸੀ। ਉਹ ਇੱਕ ਉਦਮੀ ਕੁੜੀ ਸੀ ਤੇ ਸੈਲਫ ਮੇਡ। ਜਦੋਂ ਸਰੋਜ ਦੀ ਬਦਲੀ ਪਟਿਆਲੇ ਦੇ ਗੋਰਮਿੰਟ ਕਾਲਜ ਵਿੱਚ ਹੋਈ ਤਾਂ ਸ਼ਾਰਦਾ ਨੇ ਮਿਲਾਪ ਦੀ ਨੌਕਰੀ ਛੱਡ ਦਿੱਤੀ ਤੇ ਸਰੋਜ ਨਾਲ ਪਟਿਆਲੇ ਚਲੀ ਗਈ। ਸਰੋਜ ਨੇ ਕੁੱਝ ਦੋਸਤਾਂ ਦੀ ਸਹਾਇਤਾ ਨਾਲ ਸ਼ਾਰਦਾ ਨੂੰ ਦੈਨਿਕ ਟ੍ਰਿਬਿਊਨ ਵਿੱਚ ਸਬ-ਐਡੀਟਰ ਦੀ ਨੌਕਰੀ ਦਵਾ ਦਿੱਤੀ ਤੇ ਅੱਜਕੱਲ੍ਹ ਸ਼ਾਰਦਾ ਚੀਫ ਸਬ-ਐਡੀਟਰ ਵਜੋਂ ਦੈਨਿਕ ਟ੍ਰਿਬਿਊਨ ਚੰਡੀਗੜ੍ਹ ਵਿੱਚ ਕੰਮ ਕਰ ਰਹੀ ਹੈ। ਉਸਦਾ ਆਪਣਾ ਫਲੈਟ ਹੈ, ਕਾਰ ਹੈ। ਉਸਨੇ ਵਿਆਹ ਨਹੀਂ ਕਰਵਾਇਆ, ਪਰ ਭੈਣ ਭਰਾਵਾਂ ਦੀ ਬੜੀ ਸਹਾਇਤਾ ਕੀਤੀ ਤੇ ਉਨ੍ਹਾਂ ਦੇ ਬੱਚਿਆਂ ਨੂੰ ਚੰਡੀਗੜ੍ਹ ਵਿੱਚ ਵਧੀਆ ਤਾਲੀਮ ਦਿਵਾਈ ਤੇ ਉਨ੍ਹਾਂ ਦੀ ਨੌਕਰੀ ਲਗਵਾਉਣ ਵਿੱਚ ਭਰਮਾਂ ਯੋਗਦਾਨ ਪਾਇਆ। ਸਰੋਜ

ਗੋਰਮਿੰਟ ਕਾਲਜ ਪਟਿਆਲੇ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਫਾਈਨ ਆਰਟਸ ਡਿਪਾਰਟਮੈਂਟ ਆ ਗਈ ਤੇ ਇੱਕ ਸਾਲ ਪਹਿਲਾਂ ਪ੍ਰੋਫੈਸਰ ਤੇ ਹੈਡੱ ਦੇ ਤੌਰ 'ਤੇ ਸੇਵਾ ਮੁਕਤ ਹੋਈ। ਉਸਨੇ ਹਿੰਦੀ ਦੇ ਮਸ਼ਹੂਰ ਲੇਖਕ ਡਾ. ਚਮਨ ਲਾਲ ਗੁਪਤਾ ਨਾਲ ਵਿਆਹ ਕਰਾ ਲਿਆ ਸੀ, ਜੋ ਕਿਸੇ ਵੇਲੇ ਪ੍ਰਸਿੱਧ ਕਹਾਣੀਕਾਰਾ ਅਜੀਤ ਕੌਰ ਦਾ ਜਵਾਈ ਸੀ ਤੇ ਅਰਪਨਾ ਨੇ ਉਸ ਕੋਲੋਂ ਤਲਾਕ ਲੈ ਲਈ ਸੀ। ਡਾ. ਸਰੋਜ ਫਾਈਨ ਆਰਟਸ ਦੀ ਪ੍ਰੋਫੈਸਰ ਹੋਣ ਦੇ ਨਾਲ ਨਾਲ ਲੇਖਿਕਾ ਵੀ ਹੈ। ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਉਸਦੇ ਆਲੋਚਨਾਤਮਕ ਲੇਖ ਛਪਦੇ ਰਹਿੰਦੇ ਹਨ। ਖ਼ਾਲਿਦ ਹੁਸੈਨ ਨਾਲ ਉਸਦੀ ਸਾਂਝ ਮਰਦੇ ਦੱਮ ਤਕ ਕਾਇਮ ਰਹੀ। ਉਹ ਜਦ ਵੀ ਪਟਿਆਲੇ ਜਾਂਦਾ ਤਾਂ ਉਸਨੂੰ ਜ਼ਰੂਰ ਮਿਲਦਾ। ਉਨ੍ਹਾਂ ਦੇ ਰਿਸ਼ਤੇ ਦੀ ਗਰਮਜੋਸ਼ੀ ਖ਼ਾਲਿਦ ਦਾ ਸਰਮਾਇਆ ਸੀ।

ਜਦੋਂ ਫਾਰੂਕ ਅਬਦੁੱਲਾ ਮੁੱਖ ਮੰਤਰੀ ਬਣਿਆ ਤਾਂ ਉਸ ਵੇਲੇ ਇੰਦਰਾ ਗਾਂਧੀ ਦਾ ਮਾਮਾ ਬੀ.ਕੇ. ਨਹਿਰੂ, ਜੰਮੂ-ਕਸ਼ਮੀਰ ਦਾ ਗਵਰਨਰ ਸੀ। ਉਹ ਅਸੂਲ ਵਾਲਾ ਨੇਤਾ ਸੀ। ਜਦ ਇੰਦਰਾ ਗਾਂਧੀ ਨੇ ਫਾਰੂਕ ਅਬਦੁੱਲਾ ਦੀ ਸਰਕਾਰ ਨੂੰ ਗਿਰਾਣ ਲਈ ਬੀ.ਕੇ. ਨਹਿਰੂ ਨੂੰ ਕਿਹਾ ਤਾਂ ਉਸਨੇ ਜਵਾਬ ਦਿੱਤਾ ਸੀ ਕਿ ਇਹ ਸੰਵਿਧਾਨ ਦੇ ਖਿਲਾਫ਼ ਹੈ। ਉਸਨੇ ਇੰਦਰਾ ਗਾਂਧੀ ਦੇ ਹੁਕਮ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ, ਜਿਸਦਾ ਸਿੱਟਾ ਇਹ ਨਿਕਲਿਆ ਕਿ ਬੀ.ਕੇ. ਨਹਿਰੂ ਨੂੰ ਗਵਰਨਰੀ ਛੱਡਣੀ ਪਈ ਤੇ ਉਸਦੀ ਥਾਂ 'ਤੇ ਜਗਮੋਹਨ ਨੂੰ ਜੰਮੂ-ਕਸ਼ਮੀਰ ਦਾ ਗਵਰਨਰ ਨਿਯੁਕਤ ਕੀਤਾ ਗਿਆ, ਜਿਸਨੇ ਆਉਂਦੇ ਸਾਰ ਹੀ ਫਾਰੂਕ ਅਬਦੁੱਲਾ ਦੀ ਸਰਕਾਰ ਬਰਖ਼ਾਸਤ ਕਰ ਦਿੱਤੀ ਤੇ ਖ਼ੁਫ਼ੀਆ ਏਜੰਸੀਆਂ ਨੂੰ ਇਸਤੇਮਾਲ ਕਰਕੇ ਨੈਸ਼ਨਲ ਕਾਨਫਰੰਸ ਦੇ ਪੰਦਰਾਂ ਐਮੱ.ਐਲੱ.ਏ. ਤੋੜ ਕੇ ਤੇ ਕਾਂਗਰਸ ਦੇ ਸਮਰਥਨ ਨਾਲ ਗੁਲਾਮ ਮੁਹੰਮਦ ਸ਼ਾਹ ਨੂੰ ਮੁੱਖ ਮੰਤਰੀ ਬਣਾਇਆ ਤੇ ਸਾਬਿਤ ਕੀਤਾ ਕਿ ਜੰਮੂ-ਕਸ਼ਮੀਰ ਵਿੱਚ ਲੋਕਾਂ ਨੂੰ ਆਪਣੀ ਮਰਜ਼ੀ ਦੀ ਸਰਕਾਰ ਕਦੇ ਨਹੀਂ ਮਿਲ ਸਕਦੀ ਤੇ ਉਥੇ ਉਹੀ ਸਰਕਾਰ ਬਣ ਸਕਦੀ ਹੈ ਜਿਹੜੀ ਕੇਂਦਰ ਸਰਕਾਰ ਅੱਗੇ ਦੁਮ ਹਿਲਾਏ। ਖ਼ੈਰ ਗੁਲ ਸ਼ਾਹ ਦੀ ਸਰਕਾਰ ਨੇ ਜਿਹੜਾ ਪਹਿਲਾ ਆਰਡਰ ਕੱਢਿਆ ਉਸ ਅਨੁਸਾਰ ਖ਼ਾਲਿਦ ਨੂੰ ਵਾਪਿਸ ਜਾਣਾ ਪਿਆ। ਉਨ੍ਹਾਂ ਦਿਨਾਂ ਵਿੱਚ ਕੁੱਝ ਪੰਜਾਬੀ ਕਹਾਣੀਕਾਰਾਂ ਨੇ ਮਿਲ ਕੇ ਕਹਾਣੀ ਗੋਸ਼ਟੀਆਂ ਦਾ ਪ੍ਰੋਗਰਾਮ ਬਣਾਇਆ ਸੀ ਤੇ ਉਸਦਾ ਨਾਂ ਰੱਖਿਆ ਸੀ, 'ਦੀਵਾ ਬਲੇ ਸਾਰੀ ਰਾਤ'। ਇਹ ਗੋਸ਼ਟੀ ਕਿਸੇ ਇੱਕ ਕਹਾਣੀਕਾਰ ਦੇ ਘਰ ਹੁੰਦੀ ਤੇ ਇਸ ਵਿੱਚ ਦਾਰੂ ਪੀਣ ਦੀ ਸਖ਼ਤ ਮਨਾਹੀਂ ਹੁੰਦੀ। ਰਾਤ ਦੀ ਰੋਟੀ ਖਾਣ ਮਗਰੋਂ ਗੋਸ਼ਟੀ ਸ਼ੁਰੂ ਹੁੰਦੀ ਤੇ ਦੋ ਕਹਾਣੀਆਂ ਪੜ੍ਹੀਆਂ ਜਾਂਦੀਆਂ। ਜਿਨ੍ਹਾਂ 'ਤੇ ਭਰਮੀਂ ਬਹਿਸ ਹੁੰਦੀ। ਇਹ ਬਹਿਸ ਲੇਖਕਾਂ ਲਈ ਫਾਇਦੇਮੰਦ ਹੁੰਦੀ। ਇਸ ਵਿੱਚ ਕਹਾਣੀ ਦੇ ਪਲਾਟ, ਕਰਾਫਟ, ਸ਼ੈਲੀ, ਕਲਾ-ਕੁਸ਼ਲਤਾ ਤੇ ਹੋਰ ਨੁਕਤਿਆਂ ਬਾਰੇ ਕਹਾਣੀਕਾਰ ਆਪਣੇ ਅਨੁਭਵ ਨੂੰ ਸਾਂਝਿਆਂ ਕਰਦੇ ਤੇ ਵੱਖ

ਵੱਖ ਭਾਸ਼ਾਵਾਂ ਦੇ ਉਚ ਕੋਟੀ ਦੇ ਕਹਾਣੀਕਾਰਾਂ ਦੀਆਂ ਲਿਖਤਾਂ ਤੋਂ ਹਵਾਲੇ ਦਿੰਦੇ।

ਇਥੇ ਮੈਂ ਹਿੰਦੀ ਦੀ ਲੇਖਿਕਾ ਡਾ. ਕੀਰਤੀ ਕੇਸਰ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ, ਜਿਸ ਨਾਲ ਖ਼ਾਲਿਦ ਹੁਸੈਨ ਦੀ ਬੜੀ ਨੇੜਤਾ ਸੀ। ਉਹ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਨਗਰ ਰਹਿੰਦੀ ਸੀ ਤੇ ਪੇਸ਼ੇ ਤੋਂ ਅਧਿਆਪਿਕਾ ਸੀ। ਖ਼ਾਲਿਦ ਦੀਆਂ ਸਾਹਿਤਕ ਮਹਿਫਲਾਂ ਵਿੱਚ ਉਹ ਸ਼ਾਮਿਲ ਹੁੰਦੀ ਤੇ ਉਸਨੇ ਖ਼ਾਲਿਦ ਹੁਸੈਨ ਦੀਆਂ ਕਾਫੀ ਕਹਾਣੀਆਂ ਦਾ ਅਨੁਵਾਦ ਹਿੰਦੀ ਵਿਚ ਕਰਕੇ ਹਿੰਦੀ ਦੇ ਪ੍ਰਸਿੱਧ ਤੇ ਪ੍ਰਚਲਿਤ ਪਰਚਿਆਂ ਵਿੱਚ ਛਪਵਾਈਆਂ, ਜਿਨ੍ਹਾਂ ਵਿਚ ਭਾਸ਼ਾ ਦਿੱਲੀ, ਸਮਕਾਲੀਨ ਭਾਰਤੀਯ ਸਾਹਿਤ ਦਿੱਲੀ, ਧਰਮ ਯੁੱਗ ਦਿੱਲੀ, ਸੂਰਯ ਦਿੱਲੀ, ਦੈਨਿਕ ਜਾਗਰਣ ਆਦਿ ਵਰਣਨ ਯੋਗ ਹਨ।

ਸਾਹਿਤਕ ਸਰਗਰਮੀਆਂ ਦੇ ਨਾਲ ਨਾਲ ਖ਼ਾਲਿਦ ਹੁਸੈਨ ਸਮਾਜੀ ਕੰਮ ਕਰਨ ਵਿੱਚ ਵੀ ਰੁਚੀ ਰੱਖਦਾ ਸੀ। ਇੱਕ ਦਿਨ ਰੋਜ਼ਾਨਾ ਪੰਜਾਬੀ ਅਜੀਤ ਦੇ ਮੁੱਖ ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਨੇ ਖ਼ਾਲਿਦ ਹੁਸੈਨ ਨੂੰ ਕਿਹਾ ਕਿ ਜਲੰਧਰ ਦੇ ਲਾਗੇ 'ਸਿਧਵਾਂ ਡੋਨਾ' ਨਾਂ ਦੇ ਇੱਕ ਪਿੰਡ ਵਿੱਚ ਇੱਕ ਮੁਸਲਮਾਨ ਪੰਜਾਬੀ ਕਵੀ ਤੇ ਆਰਟਿਸਟ ਰਹਿੰਦਾ ਹੈ, ਉਸਦਾ ਵਿਆਹ ਕਿਸੇ ਮੁਸਲਮ ਪਰਿਵਾਰ ਵਿੱਚ ਕਰਵਾਉਣ ਵਿੱਚ ਖ਼ਾਲਿਦ ਹੁਸੈਨ ਆਪਣਾ ਸਹਿਯੋਗ ਦੇਵੇ। ਖ਼ਾਲਿਦ ਹੁਸੈਨ ਨੇ ਉਸ ਮੁਸਲਮਾਨ ਗੱਭਰੂ ਨੂੰ ਮਿਲਣ ਦੀ ਇੱਛਾ ਜਾਹਿਰ ਕੀਤੀ ਤਾਂ ਦੂਜੇ ਦਿਨ ਹਮਦਰਦ ਸਾਹਿਬ ਨੇ ਉਸ ਲੜਕੇ ਨੂੰ ਆਪਣੇ ਦਫਤਰ ਬੁਲਾ ਲਿਆ ਤੇ ਉਸਦੀ ਮੁਲਾਕਾਤ ਖ਼ਾਲਿਦ ਹੁਸੈਨ ਨਾਲ ਕਰਵਾਈ। ਉਸਦਾ ਨਾਂ ਕੰਵਰਜੀਤ ਖਾਨ ਸੀ ਤੇ ਪਿਤਾ ਦਾ ਨਾਂ ਅਬਦੁੱਲ ਗਨੀ ਖਾਨ। ਸਿਧਵਾਂ ਡੋਨਾ ਵਿੱਚ ਉਹ ਆਪਣੀ ਮਾਂ ਨਾਲ ਰਹਿੰਦਾ ਸੀ। ਉਸਦੀਆਂ ਦੋ ਭੈਣਾਂ ਵਿਆਹੀਆਂ ਗਈਆਂ ਸਨ ਤੇ ਉਹ ਆਪਣੀਆਂ ਭੈਣਾਂ ਦਾ ਇੱਕਲਾ ਭਰਾ ਸੀ। ਉਸਦਾ ਬਾਪ ਕੁੱਝ ਚਿਰ ਪਹਿਲਾਂ ਚਲਾਣਾ ਕਰ ਗਿਆ ਸੀ ਤੇ ਮਾਂ ਤਕਰੀਬਨ 70 ਸਾਲ ਦੀ ਸੀ। ਕੰਵਰਜੀਤ ਸਰਕਾਰੀ ਅਧਿਆਪਕ ਸੀ ਤੇ ਸਿਧਵਾਂ ਡੋਨਾ ਵਿੱਚ ਉਨ੍ਹਾਂ ਦੀ ਆਪਣੀ ਜ਼ਮੀਨ ਤੇ ਕੋਠੀ ਸੀ। 1947 ਵਿੱਚ ਜਦ ਚੜ੍ਹਦੇ ਪੰਜਾਬ ਵਿੱਚ ਮੁਸਲਮਾਨਾਂ ਦਾ ਕਤਲੇਆਮ ਹੋ ਰਿਹਾ ਸੀ ਤੇ ਮੁਸਲਮਾਨ ਲਹਿੰਦੇ ਪੰਜਾਬ ਵੱਲ ਭੱਜ ਰਹੇ ਸਨ ਤਾਂ ਪਿੰਡ ਵਾਸੀਆਂ ਨੇ ਇਸ ਮੁਸਲਮ ਪਰਿਵਾਰ ਨੂੰ ਪਿੰਡ 'ਚੋਂ ਬਾਹਰ ਨਹੀਂ ਜਾਣ ਦਿੱਤਾ ਤੇ ਉਨ੍ਹਾਂ ਦੀ ਪੂਰੀ ਹਿਫਾਜ਼ਤ ਕੀਤੀ, ਕਿਉਂਕਿ ਕੰਵਰਜੀਤ ਦੀ ਮਾਂ ਪਿੰਡ ਦੀ ਇੱਕਲੀ ਦਾਈ ਸੀ ਤੇ ਪਿੰਡ ਵਾਲਿਆਂ ਨੂੰ ਉਸਦੀ ਡਾਹਢੀ ਲੋੜ ਸੀ। ਇਸ ਕਰਕੇ ਉਨ੍ਹਾਂ ਇਸ ਪਰਿਵਾਰ ਨੂੰ ਜਾਣ ਨਹੀਂ ਦਿੱਤਾ। ਸਾਧੂ ਸਿੰਘ ਹਮਦਰਦ ਸਾਹਿਬ ਨੇ ਮੁੰਡੇ ਦੀ ਸ਼ਰਾਫਤ ਤੇ ਕਾਬਲੀਅਤ ਦੀ ਗਾਰੰਟੀ ਦਿੱਤੀ ਤੇ ਉਸਦੀ ਪੂਰੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਲਈ। ਖ਼ਾਲਿਦ ਨੇ ਜੰਮੂ ਆ ਕੇ ਆਪਣੀ ਇੱਕ ਦੂਰ ਦੀ ਰਿਸ਼ਤੇਦਾਰ ਆਪਾਂ ਸਕੀਨਾ ਤੇ ਉਸਦੇ ਪਤੀ ਮਸੂਦ ਬੇਗ ਨਾਲ ਗੱਲ ਕੀਤੀ ਜਿਨ੍ਹਾਂ ਦੀਆਂ ਸੱਤ ਕੁੜੀਆਂ ਸਨ ਤੇ

ਜਿਹੜੇ ਚੰਗੇ ਰਿਸ਼ਤਿਆਂ ਲਈ ਬੜੇ ਪ੍ਰੇਸ਼ਾਨ ਸਨ। ਉਹ ਲੋਕ ਮੁੰਡਾ ਦੇਖਣ ਲਈ ਤਿਆਰ ਹੋ ਗਏ। ਖ਼ਾਲਿਦ ਹੁਸੈਨ ਉਨ੍ਹਾਂ ਨੂੰ ਲੈ ਕੇ ਸਿਧਵਾਂ ਡੋਨਾ ਆਇਆ ਤੇ ਉਥੇ ਲੋਕਾਂ ਕੋਲੋਂ ਕੰਵਰਜੀਤ ਦੇ ਘਰ ਦਾ ਪਤਾ ਪੁੱਛਣ ਲੱਗਾ, ਪਰ ਕਿਸੇ ਨੇ ਵੀ ਨਾ ਦੱਸਿਆ। ਜਦ ਖ਼ਾਲਿਦ ਨੇ ਪੁੱਛਿਆ ਕਿ ਇਥੇ ਪਿੰਡ ਵਿੱਚ ਕੋਈ ਮੁਸਲਮਾਨ ਘਰ ਹੈ ਤਾਂ ਸਾਰਿਆਂ ਨੇ ਹਾਂ ਵਿੱਚ ਜਵਾਬ ਦਿੱਤਾ ਤੇ ਉਨ੍ਹਾਂ ਨੂੰ ਲੈ ਕੇ ਕੰਵਰਜੀਤ ਦੇ ਘਰ ਪਹੁੰਚੇ ਤੇ ਬੁੱਢੀ ਮਾਈ ਨੂੰ ਕਹਿਣ ਲੱਗੇ, "ਬੇਬੇ! ਤੁਹਾਡੇ ਮਹਿਮਾਨ ਆਏ ਹਨ।" ਕੰਵਰਜੀਤ ਨਾਲ ਗੱਲਬਾਤ ਹੋਈ, ਉਸਦੀ ਮਾਂ ਨਾਲ ਗੱਲਾਂ ਹੋਈਆਂ ਜਦ ਖ਼ਾਲਿਦ ਨੇ ਕੰਵਰਜੀਤ ਨੂੰ ਕਿਹਾ ਕਿ ਤੇਰੀ ਪਛਾਣ ਇਸ ਪਿੰਡ ਵਿੱਚ ਮੁਸਲਮਾਨ ਕਰਕੇ ਹੈ ਨਾ ਕੇ ਕੰਵਰਜੀਤ ਕਰਕੇ, ਫਿਰ ਤੂੰ ਮੁਸਲਮਾਨਾਂ ਵਾਲਾ ਨਾਂ ਕਿਉਂ ਨਹੀਂ ਰੱਖਦਾ? ਕੰਵਰਜੀਤ ਨੇ ਜਵਾਬ ਦਿੱਤਾ ਕਿ ਇਹ ਨਾਂ ਮੇਰੀ ਮਾਂ ਨੇ ਰੱਖਿਆ ਹੈ, ਪਰ ਤੁਸੀਂ ਮੇਰਾ ਨਵਾਂ ਨਾਂ ਮੁਸਲਮਾਨਾਂ ਵਾਲਾ ਰੱਖ ਦਿਉ। ਖ਼ਾਲਿਦ ਹੁਸੈਨ ਨੇ ਉਸਦਾ ਨਾਂ ਕੰਵਰਜੀਤ ਤੋਂ ਕੰਵਰ ਇਮਤਿਆਜ਼ ਰੱਖਿਆ ਤੇ ਇੰਝ ਸਕੀਨਾ ਬੇਗਮ ਅਤੇ ਮਸੂਦ ਬੇਗ ਦੀ ਤੀਜੀ ਕੁੜੀ ਫਰੀਦਾ ਬਾਨੋ ਦਾ ਵਿਆਹ ਕੰਵਰ ਇਮਤਿਆਜ਼ ਨਾਲ ਹੋ ਗਿਆ। ਕੰਵਰ ਇਮਤਿਆਜ਼ ਪੰਜਾਬੀ ਦਾ ਚੰਗਾ ਕਵੀ ਸੀ ਤੇ ਪੰਜਾਬ ਦੇ ਸਾਹਿਤਕ ਹਲਕਿਆਂ ਵਿੱਚ ਉਸਨੇ ਆਪਣੀ ਪਛਾਣ ਬਣਾਈ ਹੋਈ ਸੀ। ਕੰਵਰ ਇਮਤਿਆਜ਼ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ। ਲੜਕੇ ਦਾ ਨਾਂ ਸ਼ਾਹਬਾਜ਼ ਖਾਨ ਤੇ ਕੁੜੀ ਦਾ ਨਾਂ ਸਨੋਬਰ ਰੱਖਿਆ। ਮਾਂ ਪਿਓ ਦੀ ਵਧੀਆ ਸਿਖ ਮੱਤ ਕਾਰਨ ਦੋਵਾਂ ਬੱਚਿਆਂ ਨੇ ਐਮ.ਏ. ਪਾਸ ਕੀਤੀ। ਸਨੋਬਰ ਨੇ ਜੰਮੂ ਯੂਨੀਵਰਸਿਟੀ ਤੋਂ ਪੰਜਾਬੀ ਵਿੱਚ ਐਮ.ਏ. ਅਤੇ ਪੀ.ਐਚ.ਡੀ. ਕੀਤੀ ਤੇ ਉਹ ਜੰਮੂ-ਕਸ਼ਮੀਰ ਵਿੱਚ ਪਹਿਲੀ ਮੁਸਲਮਾਨ ਪੰਜਾਬੀ ਦੀ ਪ੍ਰੋਫੈਸਰ ਬਣੀ। ਉਸਦਾ ਵਿਆਹ ਮਾਸੀ ਦੇ ਮੁੰਡੇ ਨਾਲ ਹੋਇਆ ਤੇ ਉਹ ਜੰਮੂ-ਕਸ਼ਮੀਰ ਪੁਲਿਸ ਵਿੱਚ ਇੰਸਪੈਕਟਰ ਹੈ। ਸ਼ਾਹਬਾਜ਼ ਵੀ ਜ਼ਿਲ੍ਹਾ ਕਪੂਰਥਲਾ ਵਿੱਚ ਅਧਿਆਪਕ ਲੱਗਿਆ ਹੋਇਆ ਹੈ ਤੇ ਉਸਦਾ ਵਿਆਹ ਮਲੇਰ ਕੋਟਲਾ ਵਿਖੇ ਹੋਇਆ ਹੈ। ਇੰਝ ਇਹ ਰਸਦਾ ਵੱਸਦਾ ਸੁਖੀ ਪਰਿਵਾਰ ਖ਼ਾਲਿਦ ਹੁਸੈਨ ਕਰਕੇ ਆਬਾਦ ਹੋਇਆ।

ਮਲੇਰ ਕੋਟਲਾ ਵਿੱਚ ਖ਼ਾਲਿਦ ਹੁਸੈਨ ਇੱਕ ਜਾਣਿਆ ਪਛਾਣਿਆ ਨਾਂ ਹੈ। ਉਸਦਾ ਯਾਰ ਖ਼ਾਲਿਦ ਕਿਫਾਇਤ ਮਲੇਰ ਕੋਟਲੇ ਦਾ ਇੱਕ ਉਚੱ ਕੋਟੀ ਦਾ ਸ਼ਾਇਰ ਸੀ। ਯਾਰੀ ਦੀ ਬੁਨਿਆਦ ਇੰਝ ਪਈ ਕਿ ਖ਼ਾਲਿਦ ਹੁਸੈਨ 1979-80 ਵਿੱਚ ਅੰਮ੍ਰਿਤਸਰ ਤੋਂ ਛਪਣ ਵਾਲੇ ਮਾਸਿਕ ਪਰਚੇ 'ਸਾਹਿਤਕਾਰ' ਵਿੱਚ ਪਰਖ-ਪੜਚੋਲ ਦੇ ਨਾਂ ਹੇਠ ਇੱਕ ਕਾਲਮ ਲਿਖਦਾ ਸੀ, ਜਿਸ ਵਿੱਚ ਪਿਛਲੇ ਅੰਕ ਦੀਆਂ ਪ੍ਰਾਪਤੀਆਂ ਤੇ ਤਰੁਟੀਆਂ ਬਾਰੇ ਆਪਣੀ ਰਾਏ ਦਿੰਦਾ ਸੀ। 'ਸਾਹਿਤਕਾਰ' ਦੇ ਕਿਸੇ ਅੰਕ ਵਿੱਚ ਖ਼ਾਲਿਦ ਕਿਫਾਇਤ ਦੀ ਇੱਕ ਗ਼ਜ਼ਲ ਛਪੀ ਸੀ। ਗ਼ਜ਼ਲ ਵਿੱਚ ਸਰਲ ਭਾਸ਼ਾ ਦੀ ਵਰਤੋਂ

ਕਾਰਨ ਤੇ ਵਜ਼ਨ ਤੇ ਬੈਹਰ ਜਾਂ ਛੰਦਾ-ਬੰਦੀ ਗਰਜ਼ ਹਰ ਪੱਖੋਂ ਸਹੀ ਹੋਣ ਕਰਕੇ ਇੱਕ ਬਹੁਤ ਹੀ ਖੂਬਸੂਰਤ ਰਚਨਾ ਸੀ। ਖ਼ਾਲਿਦ ਨੇ ਆਪਣੇ ਕਾਲਮ ਵਿੱਚ ਜਿਥੇ ਗ਼ਜ਼ਲ ਦੀ ਪ੍ਰਸੰਸਾ ਕੀਤੀ ਉਥੇ ਸੰਪਾਦਕ ਨੂੰ ਪੁੱਛਿਆ ਸੀ ਕਿ ਇਹ ਖ਼ਾਲਿਦ ਕਿਫਾਇਤ ਕੀ ਚੀਜ਼ ਹੈ? ਪਰਚਾ ਪੜ੍ਹਣ ਮਗਰੋਂ ਖ਼ਾਲਿਦ ਕਿਫਾਇਤ ਨੇ ਬੜੀ ਸਵਾਦਲੀ ਚਿੱਠੀ ਲਿਖੀ ਸੀ, ਨਾਲੇ ਦੱਸਿਆ ਸੀ ਕਿ ਉਹ ਕੋਈ 'ਚੀਜ਼' ਨਹੀਂ ਹੈ ਸਗੋਂ 'ਨਾ ਚੀਜ਼' ਹੈ। ਦੋਵੇਂ ਦੋਸਤੀ ਕਰਨ ਤੇ ਨਿਭਾਣ ਦੇ ਗੁਰ ਨੂੰ ਜਾਣਦੇ ਸਨ ਇਸ ਲਈ ਦੋਵੇਂ ਗੂੜੇ ਯਾਰ ਬਣ ਗਏ। ਖ਼ਾਲਿਦ ਹੁਸੈਨ ਦੇ ਸਨਮਾਨ ਵਿੱਚ ਖ਼ਾਲਿਦ ਕਿਫਾਇਤ ਨੇ ਮਲੇਰ ਕੋਟਲੇ ਵਿੱਚ ਕਈ ਕਹਾਣੀ ਗੋਸ਼ਟੀਆਂ ਕਰਵਾਈਆਂ, ਜਿਥੇ ਖ਼ਾਲਿਦ ਹੁਸੈਨ ਨੇ ਰਾਤ ਦੇ ਦੋ ਦੋ ਵਜੇ ਤਕ ਆਪਣੀਆਂ ਕਹਾਣੀਆਂ ਸੁਣਾਈਆਂ। ਇੱਕ ਦਿਨ ਖ਼ਾਲਿਦ ਕਿਫਾਇਤ ਆਪਣੇ ਦੋਸਤ ਬਸ਼ੀਰ ਅਹਿਮਦ ਸ਼ਾਹ ਨੂੰ ਲੈ ਕੇ ਜਲੰਧਰ ਵਾਲੇ ਦਫਤਰ ਵਿੱਚ ਆਇਆ ਤੇ ਕਹਿਣ ਲੱਗਾ ਕਿ ਬਸ਼ੀਰ ਸ਼ਾਹ ਦੇ ਭਤੀਜੇ ਲਈ ਜੰਮੂ ਦੀ ਕਿਸੇ ਕੁੜੀ ਦਾ ਰਿਸ਼ਤਾ ਦੱਸੋ। ਖ਼ਾਲਿਦ ਹੁਸੈਨ ਨੇ ਸ਼ਾਹ ਸਾਹਿਬ ਦੇ ਭਤੀਜੇ ਦਿਲਸ਼ਾਦ ਦਾ ਰਿਸ਼ਤਾ ਵੀ ਜੰਮੂ ਦੇ ਮਸ਼ਹੂਰ ਟੇਲਰ ਮੁਹੰਮਦ ਅਸਲਮ ਪਾਲ ਦੀ ਦੂਜੀ ਲੜਕੀ ਯਾਸਮੀਨ ਨਾਲ ਕਰਵਾਇਆ। ਖ਼ਾਲਿਦ ਨੇ ਅਸਲਮ ਪਾਲ ਦੀ ਤੀਜੀ ਬੇਟੀ ਨੌਰੀਨ ਦਾ ਰਿਸ਼ਤਾ ਵੀ ਮਲੇਰ ਕੋਟਲੇ ਦੇ ਰਿਜ਼ਵਾਨ ਫਾਰੂਕੀ ਨਾਲ ਕਰਵਾਇਆ, ਜਿਹੜਾ ਪੰਜਾਬ ਰੋਡਵੇਜ਼ ਵਿੱਚ ਡਿਵੀਜ਼ਨਲ ਮੈਨੇਜਰ ਹੈ। ਇੰਝ ਹੀ ਖ਼ਾਲਿਦ ਹੁਸੈਨ ਨੇ ਆਪਣੇ ਬਚਪਨ ਦੇ ਯਾਰ ਮੁਹੰਮਦ ਅਮੀਨ ਬੇਗ ਦੀ ਧੀ ਦਾ ਵਿਆਹ ਵੀ ਮਲੇਰ ਕੋਟਲੇ ਦੇ ਇੱਕ ਚਾਰਟਡ ਅਕਾਊਂਟੈਂਟ ਜਾਵੇਦ ਕੁਰੇਸ਼ੀ ਨਾਲ ਕਰਵਾਇਆ, ਜਿਸਦਾ ਨਿੱਕਾ ਭਰਾ ਇਰਸ਼ਾਦ ਕਾਮਿਲ ਫਿਲਮ ਇੰਡਸਟਰੀ ਦਾ ਮਸ਼ਹੂਰ ਗੀਤਕਾਰ ਹੈ। ਆਪਣੇ ਇੱਕ ਹੋਰ ਰਿਸ਼ਤੇਦਾਰ ਗੁਲਾਮ ਰਸੂਲ ਨਾਜ਼ਰ ਦੀ ਧੀ ਦਾ ਵਿਆਹ ਵੀ ਬਸ਼ੀਰ ਸ਼ਾਹ ਦੇ ਦੂਜੇ ਭਤੀਜੇ ਨਾਲ ਕਰਵਾਇਆ ਅਤੇ ਬਸ਼ੀਰ ਸ਼ਾਹ ਦੀ ਧੀ ਫਰਹਤ ਬਾਨੋ ਦਾ ਵਿਆਹ ਆਪਣੇ ਵੱਡੇ ਪੁੱਤਰ ਜ਼ਾਕਿਰ ਹੁਸੈਨ ਨਾਲ ਕਰਵਾਇਆ। ਖ਼ਾਲਿਦ ਹੁਸੈਨ ਨੇ ਜੰਮੂ-ਕਸ਼ਮੀਰ ਵਿੱਚ ਆਪਣੇ ਕਈ ਹਿੰਦੂ ਤੇ ਸਿੱਖ ਦੋਸਤਾਂ ਦੇ ਬੱਚਿਆਂ ਦੀਆਂ ਸ਼ਾਦੀਆਂ ਲਈ ਰਿਸ਼ਤੇ ਲੱਭ ਕੇ ਦਿੱਤੇ। ਸ਼ਾਇਦ ਇਸ ਨੇਕ ਸਮਾਜੀ ਕੰਮ ਦਾ ਵਰਦਾਨ ਇਹ ਮਿਲਿਆ ਕਿ ਉਸਦੀਆਂ ਆਪਣੀਆਂ ਦੋਹਾਂ ਧੀਆਂ ਲਈ ਬਹੁਤ ਚੰਗੇ ਰਿਸ਼ਤੇ ਮਿਲੇ। ਉਸਦਾ ਇੱਕ ਜਵਾਈ ਇੰਜ਼ੀਨੀਅਰ ਹੈ ਤੇ ਦੂਜਾ ਡਾਕਟਰ। ਵਿਆਹ ਸ਼ਾਦੀਆਂ ਕਰਵਾਉਣ ਵਾਲੇ ਵਿਚੋਲਿਆਂ ਨੂੰ ਅਕਸਰ ਗਾਲਾਂ ਦਾ ਗੁਲਕੰਦ ਖਾਣਾ ਪੈਂਦਾ ਹੈ, ਪਰ ਖ਼ਾਲਿਦ ਨੇ ਜਿਨ੍ਹੇ ਵੀ ਰਿਸ਼ਤੇ ਕਰਵਾਏ ਉਹ ਸਾਰੇ ਸੁਖੀ, ਆਬਾਦ ਤੇ ਖੁਸ਼ਹਾਲ ਵੱਸਦੇ ਹਨ, ਜਿਸ ਕਾਰਨ ਖ਼ਾਲਿਦ ਨੂੰ ਕਦੇ ਵੀ ਗਾਲਾਂ ਦੀ ਸੌਗਾਤ ਨਹੀਂ ਮਿਲੀ।

***

# ਖੇਡ ਤਮਾਸ਼ੇ

ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਬਾਰੇ ਸਾਰੇ ਜਾਣਦੇ ਹਨ ਕਿ ਲੁਹਾਰ ਦੀ ਸੰਨੀ ਕਦੇ ਅੱਗ ਵਿੱਚ ਹੁੰਦੀ ਹੈ ਤੇ ਕਦੇ ਪਾਣੀ ਵਿੱਚ, ਅਜਿਹੇ ਰਿਸ਼ਤਿਆਂ ਦਾ ਦੁਖਾਂਤ ਪੰਜਾਬ ਤੇ ਜੰਮੂ-ਕਸ਼ਮੀਰ ਦੇ ਲੋਕੀ 1947 ਤੋਂ ਹੁਣ ਤਕ ਆਪਣੇ ਤਨ-ਮਨ 'ਤੇ ਹੰਢਾਉਂਦੇ ਆ ਰਹੇ ਹਨ। ਭਾਰਤ ਤੇ ਪਾਕਿਸਤਾਨ ਦੀ ਕੂੜ ਸਿਆਸਤ ਸਾਡੀਆਂ ਤਲੀਆਂ ਦੇ ਛਾਲੇ ਤੇ ਗਲ ਦੇ ਗਿਲੜ ਬਣ ਚੁੱਕੀ ਹੈ। ਇਨ੍ਹਾਂ ਰਿਸ਼ਤਿਆਂ ਨੇ ਸੰਨ 47 ਵਿੱਚ ਖ਼ਲਕਤ ਮਰਵਾਈ। 1965 ਤੇ 1971 ਦੀ ਜੰਗ ਕਰਵਾਈ ਅਤੇ ਦੋਵੇਂ ਪਾਸੇ ਲੋਕਾਈ ਦੀ ਤਬਾਹੀ ਮਚਾਈ, ਪਰ ਫੇਰ ਵੀ ਸਰਕਾਰਾਂ ਦੀ ਮੱਤ ਠਿਕਾਣੇ ਨਹੀਂ ਆਈ। ਸਿਆਸਤਦਾਨ ਕੋਈ ਨਾ ਕੋਈ ਸ਼ੁਰਲੀ ਇੱਕ ਦੂਜੇ ਦੇ ਖਿਲਾਫ਼ ਛੱਡ ਦਿੰਦੇ ਹਨ। ਅਜਿਹੇ ਹਾਲਾਤ ਸ਼ਾਇਦ ਕਦੀ ਨਾ ਸੁਧਰਦੇ, ਪਰ ਅਮਰੀਕਾ 9/11 ਦੇ ਬਾਅਦ ਅਫਗਾਨਿਸਤਾਨ 'ਤੇ ਹਮਲਾ ਕਰਕੇ ਬੁਰੀ ਤਰ੍ਹਾਂ ਫਸ ਗਿਆ। ਤਾਲਿਬਾਨ ਤੇ ਅਲ-ਕਾਇਦਾ ਨੇ ਉਹਦਾ ਨੱਕ ਵਿੱਚ ਦਮ ਕਰ ਦਿੱਤਾ ਸੀ। ਇਸ ਜੰਗ ਕਾਰਨ ਅਮਰੀਕਾ ਦੀ ਆਰਥਿਕ ਸਥਿਤੀ ਡਾਵਾਂਡੋਲ ਹੋ ਗਈ। ਤਾਲਿਬਾਨ ਤੇ ਅਲ-ਕਾਇਦਾ, ਪਾਕਿਸਤਾਨ ਦੇ ਸੂਬਿਆਂ ਬਲੋਚਿਸਤਾਨ ਤੇ ਖ਼ੈਬਰ ਪਖਤੂਨ ਖ਼ਵਾ ਨੂੰ ਅਮਰੀਕੀ ਤੇ ਨਾਟੋ ਫੌਜ 'ਤੇ ਹਮਲਾ ਕਰਨ ਲਈ ਇਸਤੇਮਾਲ ਕਰਨ ਲੱਗੇ। ਇਧਰ ਪਾਕਿਸਤਾਨ ਦੀ ਜ਼ਮੀਨ 'ਤੇ ਖਾੜਕੂਆਂ ਨੇ ਜੰਮੂ-ਕਸ਼ਮੀਰ ਵਿੱਚ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ ਸਨ। ਪਾਕਿਸਤਾਨ, ਖਾੜਕੂਆਂ ਨੂੰ ਅਸਲਾਹ, ਪੈਸਾ ਤੇ ਟ੍ਰੇਨਿੰਗ ਦੇ ਕੇ ਸਾਡੇ ਵਾਲੇ ਪਾਸੇ ਧੱਕ ਰਿਹਾ ਸੀ। ਤਾਂ ਜੋ ਬੰਗਲਾ ਦੇਸ਼ ਦੀ ਹਾਰ ਦਾ ਬਦਲਾ ਲਿਆ ਜਾ ਸਕੇ ਤੇ ਕਸ਼ਮੀਰ ਨੂੰ ਭਾਰਤ ਤੋਂ ਵੱਖ ਕੀਤਾ ਜਾ ਸਕੇ। ਜਿਸ ਤਰ੍ਹਾਂ 1970-71 ਵਿੱਚ ਭਾਰਤ ਨੇ ਆਪਣੇ ਫੌਜੀ 'ਮੁਕਤੀ ਬਾਹਿਨੀ' ਦੇ ਰੂਪ ਵਿੱਚ ਮਸ਼ਰੀਕੀ ਪਾਕਿਸਤਾਨ ਵਿੱਚ ਅਫਰਾ-ਤਫਰੀ ਪਾਉਣ ਲਈ ਘੱਲੇ ਸਨ, ਉਹੋ ਫਾਰਮੂਲਾ ਪਾਕਿਸਤਾਨ ਨੇ ਜੰਮੂ-ਕਸ਼ਮੀਰ ਵਿੱਚ ਅਜ਼ਮਾਇਆ ਹੋਇਆ ਸੀ। ਅਮਰੀਕਾ ਨੂੰ ਭਾਰਤ ਅਤੇ ਪਾਕਿਸਤਾਨ ਦੋਵਾਂ ਦੀ ਡਾਹਢੀ ਲੋੜ ਸੀ ਤਾਂ ਜੋ ਉਹ ਅਫਗਾਨਿਸਤਾਨ ਵਿੱਚ ਲੜੀ ਜਾ ਰਹੀ ਜੰਗ ਨੂੰ ਜਿੱਤ ਸਕੇ। ਇਸ ਲਈ ਉਸਨੇ ਦੋਵਾਂ ਦੇਸ਼ਾਂ ਦੇ ਹਾਕਮਾਂ ਉਤੇ ਦਬਾਅ ਪਾਇਆ ਕਿ ਉਹ ਆਪਣੇ ਸੰਬੰਧ ਠੀਕ ਕਰਨ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਆਰ-ਪਾਰ ਦੀ ਲੜਾਈ ਕਰਨ ਵਾਲੇ

ਅਤੇ ਪਾਕਿਸਤਾਨ ਦੀ ਸਰਹੱਦ ਉਤੇ ਦਸ ਮਹੀਨੇ ਤਕ ਭਾਰਤੀ ਫੌਜ ਖੜੀ ਕਰਨ ਵਾਲੇ ਅਟਲ ਬਿਹਾਰੀ ਵਾਜਪਾਈ, ਜਨਰਲ ਮੁਸ਼ਰਫ ਨੂੰ ਮਿਲਣ ਲਈ ਤਿਆਰ ਹੋ ਗਏ। ਅਮਨ ਤੇ ਸ਼ਾਂਤੀ ਦੀਆਂ ਗੱਲਾਂ ਹੋਣ ਲੱਗੀਆਂ ਤੇ ਇਹ ਕਿਹਾ ਜਾਣ ਲੱਗਾ ਕਿ ਦੋਸਤ ਤਾਂ ਬਦਲਿਆ ਜਾ ਸਕਦਾ ਹੈ, ਪਰ ਹਮਸਾਇਆ ਬਦਲਿਆ ਨਹੀਂ ਜਾ ਸਕਦਾ, ਇਸ ਲਈ ਗੱਲਬਾਤ ਰਾਹੀਂ ਮਸਲਿਆਂ ਨੂੰ ਹੱਲ ਕੀਤਾ ਜਾਏ। ਗੱਲਬਾਤ ਚੱਲਦੀ ਰਹੀ ਤੇ ਭਾਰਤ ਵਿੱਚ ਕਾਂਗਰਸ ਦੀ ਸਰਕਾਰ ਬਣ ਗਈ ਤੇ ਜੰਮੂ-ਕਸ਼ਮੀਰ ਦੇ ਮਸਲੇ ਨੂੰ ਹੱਲ ਕਰਨ ਲਈ ਪਹਿਲਾ ਕਦਮ ਚੁੱਕਿਆ ਗਿਆ ਤੇ ਫੈਸਲਾ ਹੋਇਆ ਕਿ ਜੰਮੂ-ਕਸ਼ਮੀਰ ਦੇ ਦੋਵੇਂ ਪਾਸੇ ਬੱਸ ਸਰਵਿਸ ਚਲਾਈ ਜਾਵੇ ਅਤੇ ਪਾਸਪੋਰਟ ਤੇ ਵੀਜ਼ੇ ਬਦਲੇ ਪਰਮਿਟ ਸਿਸਟਮ ਰਾਹੀਂ ਕਸ਼ਮੀਰ ਦੇ ਦੋਵੇਂ ਪਾਸਿਆਂ ਤੋਂ ਆਵਾਜਾਈ ਸ਼ੁਰੂ ਕੀਤੀ ਜਾਵੇ। ਪਾਕਿਸਤਾਨੀ ਇੰਤਜ਼ਾਮ ਵਾਲੇ ਕਸ਼ਮੀਰ ਅਤੇ ਭਾਰਤੀ ਕਸ਼ਮੀਰ ਦੇ ਉਨ੍ਹਾਂ ਲੋਕਾਂ ਕੋਲੋਂ ਦਰਖ਼ਾਸਤਾਂ ਮੰਗੀਆਂ ਗਈਆਂ ਜਿਨ੍ਹਾਂ ਦੇ ਰਿਸ਼ਤੇਦਾਰ ਸਰਹੱਦ ਦੇ ਦੋਵੇਂ ਪਾਸੇ ਵੱਸਦੇ ਸਨ। ਅੱਬੂ ਦੇ ਇੱਕ ਬਰਖ਼ੁਰਦਾਰ ਤੇ ਉਰਦੂ ਸ਼ਾਇਰੀ ਦੀ ਨਵੀਂ ਆਵਾਜ਼ ਡਾ. ਲਿਆਕਤ ਜਾਫਰੀ ਨੇ ਵੀ ਪੁਣਛ ਤੋਂ ਬਾਗ਼ ਤੇ ਰਾਵਲਾ ਕੋਟ ਜਾਣ ਲਈ ਦਰਖ਼ਾਸਤ ਦਿੱਤੀ ਸੀ ਤੇ ਪਰਮਿਟ ਦਾ ਫਾਰਮ ਭਰਿਆ ਸੀ। ਉਸਦਾ ਚਾਚਾ, ਮਾਮੀਆਂ ਤੇ ਫੂਫੀਆਂ ਪਾਰਲੇ ਪੁਣਛ ਤੇ ਬਾਗ਼ ਵਿੱਚ ਰਹਿੰਦੀਆਂ ਸਨ, ਜਿਨ੍ਹਾਂ ਨੂੰ ਮਿਲਣ ਲਈ ਉਸਨੂੰ ਪਰਮਿਟ ਦਾ ਫਾਰਮ ਮਿਲਿਆ ਸੀ। ਦੋਵਾਂ ਸਰਕਾਰਾਂ ਵਿੱਚ ਹੋਏ ਸਮਝੌਤੇ ਵਜੋਂ ਸ੍ਰੀਨਗਰ-ਮੁਜ਼ਫਰਾਬਾਦ ਬੱਸ ਸਰਵਿਸ ਚਲਾਉਣ ਦਾ ਫੈਸਲਾ ਕੀਤਾ ਗਿਆ ਸੀ ਤੇ ਪਹਿਲੀ ਬੱਸ ਜਿਸਦਾ ਨਾਂ 'ਕਾਰਵਾਨ-ਏ-ਅਮਨ' ਰੱਖਿਆ ਗਿਆ ਸੀ, 7 ਅਪ੍ਰੈਲ 2005 ਨੂੰ ਸ੍ਰੀਨਗਰ ਤੋਂ ਮੁਜ਼ਫਰਾਬਾਦ ਜਾਣੀ ਸੀ ਅਤੇ ਉਸੇ ਦਿਨ ਹੀ ਮੁਜ਼ਫਰਾਬਾਦ ਤੋਂ ਇੱਕ ਬੱਸ ਸ੍ਰੀਨਗਰ ਆਉਣੀ ਸੀ।

ਪਰ ਮਾਂ ਦੀ ਬਿਮਾਰੀ ਕਾਰਨ ਉਸਦਾ ਮੁਜ਼ਫਰਾਬਾਦ ਜਾਣਾ ਮੁਸ਼ਕਿਲ ਹੁੰਦਾ ਜਾ ਰਿਹਾ ਸੀ। ਉਹ ਬੜਾ ਪ੍ਰੇਸ਼ਾਨ ਸੀ। ਇੱਕ ਦਿਨ ਉਸਨੇ ਮੈਨੂੰ ਕਿਹਾ ਕਿ ਤੇਰੇ ਅੱਬੂ ਖ਼ਾਲਿਦ ਸਾਹਿਬ ਨੇ ਜੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਪਾਕਿਸਤਾਨੀ ਕਸ਼ਮੀਰ ਜਾਣਾ ਹੋਵੇ, ਤਾਂ ਉਹ ਆਪਣਾ ਫਾਰਮ ਖ਼ਾਲਿਦ ਸਾਹਿਬ ਨੂੰ ਦੇ ਸਕਦਾ ਹੈ। ਮੈਂ ਆਪਣੇ ਅੱਬੂ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਹ ਤੁਰੰਤ ਰਾਜ਼ੀ ਹੋ ਗਏ। ਤੇ ਮੈਂ ਜਾਫਰੀ ਕੋਲੋਂ ਫਾਰਮ ਲਿਆ ਅਤੇ ਅਸੀਂ ਦੋਵੇਂ ਪਿਓ-ਪੁੱਤਰ ਸੀ.ਆਈ.ਡੀ. ਦੇ ਐਸੱ.ਐਸੱ.ਪੀ. ਜਨਾਬ ਨਿਸਾਰ ਮਿਨਹਾਸ ਨੂੰ ਮਿਲੇ ਤੇ ਲੋੜੀਂਦੀ ਕਾਰਵਾਈ ਉਨ੍ਹਾਂ ਕੋਲੋਂ ਕਰਵਾਈ। 15-16 ਦਿਨਾਂ ਮਗਰੋਂ ਪਾਕਿਸਤਾਨੀ ਕੰਟਰੋਲ ਵਾਲੇ ਕਸ਼ਮੀਰ ਅਤੇ ਭਾਰਤੀ-ਕਸ਼ਮੀਰ ਵੱਲੋਂ ਆਉਣ-ਜਾਣ ਵਾਲੇ ਮੁਸਾਫਿਰਾਂ ਦੀ ਲਿਸਟ ਅਖ਼ਬਾਰ ਵਿੱਚ ਨਿਕਲੀ ਜਿਸ ਵਿੱਚ ਮੇਰੇ ਅੱਬੂ ਤੇ ਅੰਮੀ ਦਾ ਨਾਂ ਵੀ ਸ਼ਾਮਿਲ ਸੀ। ਇੱਕ ਦਿਨ ਸਵੇਰੇ ਜਦ ਮੈਂ ਆਪਣੇ ਅੱਬੂ

ਕੋਲ ਬੈਠਾ ਸਾਂ ਤਾਂ ਇੱਕ ਫੋਨ ਕਾਲ ਆਈ। ਫੋਨ ਕਾਲ ਕਰਨ ਵਾਲਾ ਕਸ਼ਮੀਰੀ ਲਹਿਜੇ ਵਿੱਚ ਉਰਦੂ ਬੋਲ ਰਿਹਾ ਸੀ ਤੇ ਅੱਬੂ ਨੂੰ ਮੁਜ਼ਫਰਾਬਾਦ ਜਾਣ ਲਈ ਰੋਕ ਰਿਹਾ ਸੀ। ਦੋਵਾਂ ਵਿਚਕਾਰ ਕਾਫੀ ਚਿਰ ਤਕ ਤੇਜ਼ ਕਲਾਮੀ ਹੁੰਦੀ ਰਹੀ। ਮੇਰੇ ਅੱਬੂ ਕਹਿ ਰਹੇ ਸਨ, "ਅਸੀਂ ਦੋਵੇਂ ਸਰਕਾਰਾਂ ਦੀ ਰਜ਼ਾਮੰਦੀ ਨਾਲ ਮੁਜ਼ਫਰਾਬਾਦ ਜਾ ਰਹੇ ਹਾਂ। ਸਾਨੂੰ ਉਥੇ ਜਾਣ ਲਈ ਪਰਮਿਟ ਮਿਲਿਆ ਹੈ ਅਤੇ ਦੋਵਾਂ ਸਰਕਾਰਾਂ ਦਾ ਇਹ ਸ਼ਲਾਘਾਯੋਗ ਫੈਸਲਾ ਹੈ ਕਿ 57 ਸਾਲਾਂ ਮਗਰੋਂ ਲੋਕੀ ਆਪਣੇ ਰਿਸ਼ਤੇਦਾਰਾਂ ਨੂੰ ਮਿਲ ਸਕਣਗੇ ਤੇ ਤੁਹਾਨੂੰ ਕੀ ਤਕਲੀਫ ਹੈ? ............ ਕੀ ਕਿਹਾ ਜੇ ............ ਬੱਸ ਚੱਲਣ ਨਾਲ ਤੁਹਾਡੀ ਤਹਿਰੀਕ ਨੂੰ ਨੁਕਸਾਨ ਪੁੱਜੇਗਾ ............ ਅਜਿਹੀ ਤਹਿਰੀਕ ਦਾ ਬੰਦ ਹੋਣਾ ਹੀ ਚੰਗਾ ਹੈ ਜਿਸ ਨੂੰ ਆਰ-ਪਾਰ ਬੱਸ ਚੱਲਣ ਨਾਲ ਨੁਕਸਾਨ ਪੁੱਜਦਾ ਹੈ।"

ਇਹ ਫੋਨ ਕਾਲ ਕਿਸੇ ਖਾੜਕੂ ਵੱਲੋਂ ਸੀ ਤੇ ਉਹ ਅੱਬੂ ਨੂੰ ਧਮਕੀ ਦੇ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਜੇ ਉਸਦੀ ਗੱਲ ਨਾ ਮੰਨੀ ਗਈ ਤਾਂ ਉਹ ਆਪਣੀ ਉਲਟੀ ਗਿਣਤੀ ਸ਼ੁਰੂ ਕਰ ਦੇਵੇ। ਅੱਬੂ ਨੇ ਕਿਹਾ ਸੀ, "ਜੇ ਤੁਹਾਡੀ ਗੋਲੀ ਨਾਲ ਮੇਰੀ ਮੌਤ ਲਿਖੀ ਹੈ ਤਾਂ ਦੁਨੀਆ ਦੀ ਕੋਈ ਤਾਕਤ ਮੈਨੂੰ ਬਚਾ ਨਹੀਂ ਸਕਦੀ ਅਤੇ ਜੇ ਰੱਬ ਨੇ ਮੇਰੀ ਜ਼ਿੰਦਗੀ ਲਿਖੀ ਹੈ ਤਾਂ ਦੁਨੀਆਂ ਦੀ ਕੋਈ ਤਾਕਤ ਮੈਨੂੰ ਮਾਰ ਨਹੀਂ ਸਕਦੀ।"

ਇਹ ਫੋਨ ਕਾਲ ਲੰਡਨ ਤੋਂ ਆਈ ਸੀ, ਕਿਉਂਕਿ ਕੋਡ ਨੰਬਰ ਲੰਡਨ ਦਾ ਸੀ। ਅੱਬੂ ਨੇ ਜੰਮੂ-ਕਸ਼ਮੀਰ ਦੇ ਇੰਸਪੈਕਟਰ ਜਨਰਲ ਸੀ.ਆਈ.ਡੀ. ਸ੍ਰੀ ਅਸ਼ੋਕ ਭਾਨ ਨੂੰ ਇੱਕ ਚਿੱਠੀ ਲਿਖੀ ਜਿਸ ਵਿੱਚ ਫੋਨ ਨੰਬਰ ਤੇ ਖਾੜਕੂ ਨਾਲ ਹੋਈ ਗੱਲਬਾਤ ਦਾ ਵੇਰਵਾ ਦਿੱਤਾ ਗਿਆ ਸੀ। ਅਸ਼ੋਕ ਭਾਨ ਸਾਹਿਬ ਨੇ ਅੱਬੂ ਦੇ ਮੋਬਾਇਲ ਨੰਬਰ 'ਤੇ ਹੋਈ ਇਸ ਗੱਲਬਾਤ ਦੀ ਰਿਕਾਰਡਿੰਗ ਮੰਗਵਾਈ ਤੇ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਅਦ ਨੂੰ ਸੁਣਾਈ। ਉਨ੍ਹਾਂ ਦੂਜੇ ਦਿਨ ਇਹ ਰਿਕਾਰਡਿੰਗ ਐਸੰਬਲੀ ਵਿੱਚ ਮੈਂਬਰਾਂ ਨੂੰ ਸੁਣਾਈ ਅਤੇ ਦੋ ਚਾਰ ਬਿਆਨ ਖਾੜਕੂਆਂ ਦੇ ਖਿਲਾਫ ਦੇ ਦਿੱਤੇ। ਜਦ ਟੈਲੀਵਿਜ਼ਨ ਚੈਨਲ ਵਾਲਿਆਂ ਨੂੰ ਪਤਾ ਲੱਗਿਆ ਤਾਂ ਸਾਰੇ ਅੱਬੂ ਦਾ ਇੰਟਰਵਿਊ ਲੈਣ ਦੌੜੇ। ਸ਼ਾਇਦ ਹੀ ਕੋਈ ਨੈਸ਼ਨਲ ਚੈਨਲ ਬਚਿਆ ਹੋਏ ਜਿਸਨੇ ਇਸ ਘਟਨਾ ਨੂੰ ਨਾ ਉਛਾਲਿਆ ਹੋਏ ਤੇ ਅੱਬੂ ਦਾ ਇੰਟਰਵਿਊ ਨਾ ਲਿਆ ਹੋਏ। ਇਥੋਂ ਤਕ ਕਿ ਬੀ.ਬੀ.ਸੀ. ਤੇ ਅਮਰੀਕੀ ਟੈਲੀਵਿਜ਼ਨ ਚੈਨਲ ਵਾਲਿਆਂ ਨੇ ਵੀ ਇਸ ਖ਼ਬਰ ਨੂੰ ਨਸ਼ਰ ਕੀਤਾ ਤੇ ਅੱਬੂ ਦੇ ਵਿਚਾਰ ਵੀ ਦੱਸੇ। ਅੱਬੂ ਦਾ ਕਹਿਣਾ ਸੀ ਕਿ ਉਹ ਮੁਜ਼ਫਰਾਬਾਦ ਜ਼ਰੂਰ ਜਾਣਗੇ ਭਾਵੇਂ ਕੁੱਝ ਵੀ ਹੋ ਜਾਏ। 5 ਅਪ੍ਰੈਲ ਨੂੰ ਅੱਬੂ ਤੇ ਅੰਮੀ ਸ੍ਰੀਨਗਰ ਚਲੇ ਗਏ। 6 ਅਪ੍ਰੈਲ ਨੂੰ ਸ਼ਨਾਖਤੀ ਕਾਰਡ ਤੇ ਹੋਰ ਕਾਗਜ਼ੀ ਕਾਰਵਾਈਆਂ ਪੂਰੀਆਂ ਕਰਨ ਮਗਰੋਂ ਉਹ ਆਪਣੇ ਇੱਕ ਰਿਸ਼ਤੇਦਾਰ ਦੇ ਘਰ ਆਏ। ਉਨ੍ਹਾਂ ਆਉਂਦਿਆਂ ਹੀ ਟੈਲੀਵਿਜ਼ਨ ਲਗਾਇਆ ਤੇ ਸਕਰੀਨ 'ਤੇ ਦੇਖਿਆ ਕਿ ਪੋਲੋ ਗਰਾਉਂਡ ਕੋਲ ਸਰਕਾਰੀ ਯਾਤਰੀ ਨਿਵਾਸ

(Tourist Reception Centre) ਅੱਗ ਦੇ ਭਾਂਬੜਾਂ ਵਿੱਚ ਸੜ ਰਿਹਾ ਹੈ ਤੇ ਖ਼ਬਰ ਇਹ ਦਿੱਤੀ ਜਾ ਰਹੀ ਹੈ ਕਿ "ਦੋ ਖਾੜਕੂ ਮੋਟਰਸਾਇਕਲ 'ਤੇ ਦਾਖਿਲ ਹੋਏ ਤੇ ਉਨ੍ਹਾਂ ਯਾਤਰੀ ਨਿਵਾਸ ਨੂੰ ਅੱਗ ਲਾ ਦਿੱਤੀ ਤੇ ਇੱਕ ਬੰਦੇ ਨੂੰ ਮਾਰ ਦਿੱਤਾ ਤੇ ਇੱਕ ਸਵਾਣੀ ਨੂੰ ਫੱਟੜ ਕਰ ਦਿੱਤਾ। ਸਾਡੇ ਵੀਰ ਜਵਾਨਾਂ ਬੜੀ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ ਤੇ ਦੋਵਾਂ ਖਾੜਕੂਆਂ ਨੂੰ ਮਾਰ ਦਿੱਤਾ।" ਇਸ ਯਾਤਰੀ ਨਿਵਾਸ ਵਿੱਚ ਮੁਜ਼ਫਰਾਬਾਦ ਜਾਣ ਵਾਲੇ 26 ਮੁਸਾਫਿਰ ਠਹਿਰਾਏ ਗਏ ਸਨ ਅਤੇ 7 ਅਪ੍ਰੈਲ ਦੀ ਸਵੇਰੇ ਉਨ੍ਹਾਂ ਸਾਰਿਆਂ ਮੁਜ਼ਫਰਾਬਾਦ ਜਾਣਾ ਸੀ। ਟੈਲੀਵਿਜ਼ਨ 'ਤੇ ਯਾਤਰੀ ਨਿਵਾਸ ਨੂੰ ਸੜਦਿਆਂ ਵੇਖ ਕੇ ਮੇਰੀ ਮਾਂ ਨਸੀਮ ਫਿਰਦੋਸ ਬੇਹੋਸ਼ ਹੋ ਗਈ। ਜਦ ਹੋਸ਼ ਵਿੱਚ ਆਈ ਤਾਂ ਉਸਨੇ ਮੁਜ਼ਫਰਾਬਾਦ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ। ਉਸੇ ਵੇਲੇ ਮੇਰੀ ਭੈਣ ਡਾ. ਹੁਮਾਂ ਤੇ ਜੀਜਾ ਡਾ. ਇਸ਼ਰਤ ਚੌਧਰੀ ਵੀ ਆ ਗਏ। ਅਸੀਂ ਸਾਰੇ ਅੱਬੂ ਨੂੰ ਵਾਸਤੇ ਪਾਉਣ ਲੱਗੇ ਕਿ ਮੁਜ਼ਫਰਾਬਾਦ ਜਾਣ ਦਾ ਇਰਾਦਾ ਛੱਡ ਦਿਓ ਤੇ ਕਸ਼ਮੀਰ ਦੀ ਸੈਰ ਕਰੋ। ਉਨ੍ਹਾਂ ਦਾ ਜਵਾਬ ਸੀ ਕਿ ਮੈਂ ਤਾਂ ਜ਼ਰੂਰ ਜਾਣਾ ਹੈ, ਤੁਸੀਂ ਆਪਣੀ ਮਾਂ ਨੂੰ ਆਪਣੇ ਕੋਲ ਰੱਖ ਲਵੋ। ਰਾਤ ਅਸੀਂ ਸਾਰਿਆਂ ਅੱਬੂ ਦੇ ਦੋਸਤ ਤੇ ਰਿਆਸਤੀ ਸਰਕਾਰ ਵਿੱਚ ਮੰਤਰੀ ਜਨਾਬ ਤਾਜ ਮੁਹੀ-ਓ-ਦੀਨ ਦੇ ਘਰ ਗੁਜ਼ਾਰੀ। ਸਵੇਰੇ ਪਤਾ ਚੱਲਿਆ ਕਿ ਮੁਜ਼ਫਰਾਬਾਦ ਜਾਣ ਵਾਲੇ ਅਠਾਈ ਮੁਸਾਫਰਾਂ ਵਿੱਚੋਂ ਨੌ ਲੋਕਾਂ ਨੇ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਉਹ ਸੰਤੂਰ ਹੋਟਲ ਤੋਂ ਕਿਸੇ ਨੂੰ ਦੱਸੇ ਬਗੈਰ ਚਲੇ ਗਏ ਸਨ। ਇੰਸਪੈਕਟਰ ਜਨਰਲ ਪੁਲਿਸ ਜਾਵੇਦ ਮਖ਼ਦੂਮੀ ਬਾਕੀ ਮੁਸਾਫਰਾਂ ਨੂੰ ਹੌਸਲਾ ਦੇ ਰਿਹਾ ਸੀ, ਨਾਲੇ ਦਸ-ਦਸ ਹਜ਼ਾਰ ਰੁਪਏ ਨਕਦ ਵੰਡ ਰਿਹਾ ਸੀ। ਉਨ੍ਹਾਂ ਨੂੰ ਇਹ ਖਤਰਾ ਸੀ ਕਿ ਅਗਰ ਇਹ ਲੋਕ ਵੀ ਭੱਜ ਗਏ ਤਾਂ ਬੜੀ ਨਮੋਸ਼ੀ ਹੋਵੇਗੀ, ਕਿਉਂਕਿ 7 ਤਾਰੀਕ ਦੀ ਸਵੇਰੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਯੂ.ਪੀ.ਏ. ਦੀ ਚੇਅਰ ਪਰਸਨ ਸੋਨੀਆ ਗਾਂਧੀ, ਵਿਦੇਸ਼ ਮੰਤਰੀ ਨਟਵਰ ਸਿੰਘ ਤੇ ਹੋਰ ਕਈ ਕੇਂਦਰੀ ਮੰਤਰੀ ਮੁਜ਼ਫਰਾਬਾਦ ਜਾਣ ਵਾਲੀ ਪਹਿਲੀ ਬੱਸ 'ਕਾਰਵਾਨ-ਏ-ਅਮਨ' ਨੂੰ ਹਰੀ ਝੰਡੀ ਦਿਖਾਣ ਤੇ ਬੱਸ ਨੂੰ ਰਵਾਨਾ ਕਰਨ ਵਾਲੇ ਸਨ। 7 ਤਾਰੀਕ ਦੀ ਸਵੇਰੇ ਜੰਮੂ-ਕਸ਼ਮੀਰ ਪੁਲਿਸ ਦਾ ਇੱਕ ਡੀ.ਐਸੱ.ਪੀ. ਅੱਬੂ ਤੇ ਅੰਮੀ ਨੂੰ ਲੈਣ ਲਈ ਮੰਤਰੀ ਜੀ ਦੇ ਘਰ ਅਪੜਿਆ। ਅੱਬੂ ਨੇ ਆਪਣਾ ਸਾਮਾਨ ਸੰਤਰੀ ਨੂੰ ਫੜਾਇਆ ਤਾਂ ਸਾਡੀ ਮਾਂ ਨੇ ਵੀ ਆਪਣੀ 'ਟੈਚੀ ਉਸਨੂੰ ਦੇ ਦਿੱਤੀ ਤੇ ਚੁੱਪ-ਚੁਪੀਤਿਆਂ ਅੱਬੂ ਦੇ ਪਿੱਛੇ ਪਿੱਛੇ ਚੱਲਣ ਲੱਗੀ। ਮਾੜੀ ਮਾੜੀ ਬਾਰਿਸ਼ ਹੋ ਰਹੀ ਸੀ ਤੇ ਸਾਰੇ ਮੁਸਾਫਿਰਾਂ ਨੂੰ ਸੰਤੂਰ ਹੋਟਲ ਤੋਂ ਅਮਰ ਸਿੰਘ ਕਲੱਬ ਲਾਗੇ ਕ੍ਰਿਕੇਟ ਸਟੇਡੀਅਮ ਵਿੱਚ ਲਿਆਂਦਾ ਗਿਆ। ਅੱਬੂ ਤੇ ਅੰਮੀ ਵੀ ਪੁਲਿਸ ਦੀ ਕਾਰ ਵਿੱਚ ਕ੍ਰਿਕੇਟ ਸਟੇਡੀਅਮ ਪਹੁੰਚੇ। ਬੱਸ ਨੂੰ ਵਧੀਆ ਢੰਗ ਨਾਲ ਸ਼ਿੰਗਾਰਿਆ ਗਿਆ ਸੀ। ਉਸੇ ਵੇਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸ਼੍ਰੀਮਤੀ

ਸੋਨੀਆ ਗਾਂਧੀ, ਨਟਵਰ ਸਿੰਘ, ਗੁਲਾਮ ਨਬੀ ਆਜ਼ਾਦ ਤੇ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਅਦ ਪਹੁੰਚੇ ਤੇ ਸਾਰੇ ਮੁਸਾਫਿਰਾਂ ਨੂੰ ਮੋਮੈਂਟੋ ਦਿੱਤੇ ਗਏ ਅਤੇ ਵਿਸ਼ੇਸ਼ ਟੋਪੀਆਂ ਪ੍ਰਧਾਨ ਮੰਤਰੀ ਤੇ ਸੋਨੀਆ ਜੀ ਨੇ ਯਾਦਗਾਰੀ ਚਿਨ੍ਹ ਵਜੋਂ ਦਿੱਤੀਆਂ। ਰਿਆਸਤੀ ਸਰਕਾਰ ਦੀ ਸਾਰੀ ਮਸ਼ੀਨਰੀ, ਚੀਫ ਸੈਕਟਰੀ ਸੁਧੀਰ ਸਿੰਘ ਬਲੋਰੀਆ ਦੀ ਸਰਬਰਾਹੀ ਵਿੱਚ ਹਾਜ਼ਿਰ ਸੀ। ਯਾਤਰੀਆਂ ਨੂੰ ਬੱਸ ਵਿੱਚ ਬੈਠਾਇਆ ਗਿਆ। ਪ੍ਰਧਾਨ ਮੰਤਰੀ ਤੇ ਸੋਨੀਆ ਜੀ ਨੇ ਬੱਸ ਨੂੰ ਹਰੀ ਝੰਡੀ ਦਿਖਾ ਕੇ ਮੁਜ਼ਫਰਾਬਾਦ ਲਈ ਰਵਾਨਾ ਕੀਤਾ। ਉਗਰਵਾਦੀਆਂ ਤੇ ਹੁਰੀਯਤ (ਵੱਖਵਾਦੀ ਤੇ ਕਸ਼ਮੀਰ ਦੀ ਆਜ਼ਾਦੀ ਦੇ ਚਾਹਵਾਨ) ਵਾਲਿਆਂ ਨੇ ਹੜਤਾਲ ਦੀ ਕਾਲ ਦਿੱਤੀ ਹੋਈ ਸੀ, ਜਿਸ ਕਾਰਨ ਸਾਰੇ ਬਾਜ਼ਾਰ ਬੰਦ ਸਨ ਤੇ ਸੜਕਾਂ ਵਿਰਾਨ। ਬੱਸ ਜਦ ਪਟਨ ਦੇ ਕੋਲ ਪੁੱਜੀ ਤਾਂ ਉਸ 'ਤੇ ਦੋ ਰਾਇਫਲ ਗ੍ਰਨੇਡ ਸੁੱਟੇ ਗਏ, ਜਿਹੜੇ ਬੱਸ ਤੋਂ ਕੋਈ ਦੋ ਸੌ ਫੁੱਟ ਦੂਰ ਝੋਨੇ ਦੇ ਖੇਤ ਵਿੱਚ ਫਟੇ। ਸ਼੍ਰੀਨਗਰ ਦੇ ਯਾਤਰੀ ਨਿਵਾਸ ਨੂੰ ਅੱਗ ਲਾਉਣੀ ਤੇ ਰਾਇਫਲ ਗ੍ਰਨੇਡ ਦਾ ਵਿਸਫੋਟ ਕਰਨ ਦਾ ਮਤਲਬ ਯਾਤਰੀਆਂ ਨੂੰ ਡਰਾਉਣਾ ਸੀ ਤੇ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਆਮ ਲੋਕੀ ਏਜੰਸੀਆਂ ਦੀ ਕਾਰਉਸਤਾਦੀ ਦੱਸ ਰਹੇ ਸਨ, ਕਿਉਂਕਿ ਯਾਤਰੀ ਨਿਵਾਸ ਵਿੱਚ ਮਰੇ ਦੋਵਾਂ ਖਾੜਕੂਆਂ ਦੀਆਂ ਲਾਸ਼ਾਂ ਦਾ ਕਿਸੇ ਨੂੰ ਕੋਈ ਪਤਾ ਨਾ ਚੱਲਿਆ, ਨਾ ਹੀ ਉਸ ਮੋਟਰਸਾਇਕਲ ਦਾ ਜਿਸ 'ਤੇ ਸਵਾਰ ਹੋ ਕੇ ਖਾੜਕੂ ਆਏ ਦੱਸੇ ਜਾ ਰਹੇ ਸਨ, ਅਤੇ ਨਾ ਹੀ ਸਰਕਾਰ ਵੱਲੋਂ ਇਨ੍ਹਾਂ ਘਟਨਾਵਾਂ ਦੀ ਕੋਈ ਜਾਂਚ ਕਰਵਾਈ ਗਈ। ਊੜੀ ਦੇ ਸਲਾਮਾਬਾਦ ਵਿੱਚ ਯਾਤਰੀਆਂ ਲਈ ਦੁਪਹਿਰ ਦੇ ਖਾਣੇ ਦਾ ਇੰਤਜ਼ਾਮ ਸੀ। ਉਥੇ ਵੀ ਟੈਲੀਵਿਜ਼ਨ ਚੈਨਲਾਂ ਦੇ ਰਿਪੋਰਟਰ ਇੱਕੱਠੇ ਹੋਏ ਸਨ ਤੇ ਉਥੇ ਪਹਿਲੀ ਵਾਰੀ ਸਾਡੀ ਮਾਂ ਨਸੀਮ ਫਿਰਦੋਸ ਨੇ ਉਨ੍ਹਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਇੰਟਰਵਿਊ ਦਿੱਤਾ। ਇਥੇ ਊੜੀ ਐਸੰਬਲੀ ਹਲਕੇ ਦੇ ਐਮੱ.ਐਲ.ਏ. ਤੇ ਮੰਤਰੀ ਜਨਾਬ ਤਾਜ ਮੂਹੀ-ਉ-ਦੀਨ, ਡਿਪਟੀ ਕਮਿਸ਼ਨਰ ਬਾਰਾ ਮੁੱਲਾ, ਤਹਿਸੀਲਦਾਰ ਊੜੀ ਤੇ ਭਾਰਤੀ ਫੌਜ ਦੇ ਬ੍ਰਿਗੇਡੀਅਰ ਫਿੱਦਾ ਹਸਨੈਨ ਸਵਾਗਤ ਲਈ ਸਲਾਮਾਬਾਦ ਪਹੁੰਚੇ ਸਨ। ਖਾਣਾ ਖਾਣ ਮਗਰੋਂ ਯਾਤਰੀ ਬੱਸ ਕਮਾਨ ਪੁੱਲ ਵੱਲ ਰਵਾਨਾ ਹੋਈ। ਬੱਸ ਵਿੱਚ ਮੁਸਾਫਿਰਾਂ ਤੋਂ ਛੁੱਟ ਪੀ.ਡੀ.ਪੀ. ਦੀ ਮੁਖੀਆ ਤੇ ਮੈਂਬਰ ਪਾਰਲੀਮੈਂਟ ਅਤੇ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਅਦ ਦੀ ਸਪੁੱਤਰੀ ਮਹਿਬੂਬਾ ਮੁਫਤੀ, ਸ਼੍ਰੀਨਗਰ ਤੋਂ ਹੀ ਅੱਬੂ ਦੇ ਨਾਲ ਬੈਠੀ ਹੋਈ ਸੀ ਤੇ ਉਨ੍ਹਾਂ ਨੂੰ ਬੇਨਤੀ ਕਰ ਰਹੀ ਸੀ ਕਿ ਉਹ ਇਸ ਗੱਲ ਦਾ ਖ਼ਿਆਲ ਰੱਖਣ ਕਿ ਕੋਈ ਯਾਤਰੀ ਬੱਸ ਤੋਂ ਨਾ ਉਤਰੇ। ਕਮਾਨ ਪੁੱਲ ਦੇ ਕੋਲ ਕਸਟਮ ਵਾਲਿਆਂ ਲਈ ਸ਼ੈਡੱ ਬਣਾਏ ਗਏ ਸਨ। ਕਸਟਮ ਦੇ ਅਫਸਰਾਂ ਨੇ ਯਾਤਰੀਆ ਦੇ ਸਾਮਾਨ ਦੀ ਜਾਂਚ ਕੀਤੀ ਤੇ ਉਥੋਂ ਦੇ ਮਜ਼ਦੂਰਾਂ ਨੇ ਸਾਮਾਨ ਕਮਾਨ ਪੁੱਲ ਦੇ ਪਾਰ ਪਹੁੰਚਾਇਆ। ਮਹਿਬੂਬਾ ਮੁਫਤੀ ਖੁਸ਼ ਸੀ, ਕਿਉਂਕਿ ਉਨ੍ਹਾਂ ਦਾ ਮਿਸ਼ਨ

ਕਾਮਯਾਬ ਹੋ ਗਿਆ ਸੀ। ਉਹ ਪੁੱਲ ਦੇ ਪਾਰ ਤਕ ਗਈ ਅਤੇ ਮੁਜ਼ਫਰਾਬਾਦ ਦੇ ਡਿਪਟੀ ਕਮਿਸ਼ਨਰ ਅਤੇ ਕਮਿਸ਼ਨਰ ਨਾਲ ਹੱਥ ਮਿਲਾ ਕੇ ਵਾਪਿਸ ਆਪਣੀ ਸਰਹੱਦ ਅੰਦਰ ਆ ਗਈ। ਸਾਡੀ ਬੱਸ ਮੁਜ਼ਫ਼ਰਾਬਾਦ ਤੋਂ ਆਉਣ ਵਾਲੀਆਂ ਸਵਾਰੀਆਂ ਨੂੰ ਲੈ ਕੇ ਸ੍ਰੀਨਗਰ ਵੱਲ ਰਵਾਨਾ ਹੋਈ ਸੀ ਤੇ ਪਾਕਿਸਤਾਨੀ ਇੰਤਜ਼ਾਮ ਵਾਲੇ ਕਸ਼ਮੀਰ ਦੀ ਸਰਕਾਰ ਵੱਲੋਂ ਜਿਹੜੀ ਬੱਸ ਮੁਜ਼ਫਰਾਬਾਦ ਤੋਂ ਸ੍ਰੀਨਗਰ ਜਾਣ ਵਾਲੀਆਂ ਸਵਾਰੀਆਂ ਲੈ ਕੇ ਕਮਾਨ ਪੁੱਲ ਤਕ ਆਈ ਸੀ, ਉਸ ਬੱਸ ਵਿੱਚ ਭਾਰਤੀ ਕਸ਼ਮੀਰ ਦੇ ਯਾਤਰੀ ਬਿਠਾਏ ਗਏ ਤੇ ਇੰਝ ਇਹ ਬੱਸ ਚਕੋਟੀ ਵੱਲ ਰਵਾਨਾ ਹੋ ਗਈ ਤੇ ਮੈਂ ਯਾਸਿਰ ਇਮਰਾਨ, ਕਮਾਨ ਪੋਸਟ ਤੋਂ ਵਾਪਿਸ ਸ੍ਰੀਨਗਰ ਆ ਗਿਆ।

***

# ਕਾਬਕ ਵਿੱਚ ਫਸੇ ਸੂਫ਼ੀ ਕਬੂਤਰ

ਜਦ ਬੱਸ ਚਕੋਟੀ ਪਹੁੰਚੀ ਤਾਂ ਆਜ਼ਾਦ ਕਸ਼ਮੀਰ ਦੇ ਪ੍ਰਧਾਨ ਮੰਤਰੀ ਸ. ਸਿਕੰਦਰ ਹਿਯਾਤ ਖਾਨ ਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਸਾਥੀ, ਭਾਰਤੀ ਕਸ਼ਮੀਰ ਦੇ ਮੁਸਾਫਰਾਂ ਦੇ ਸਵਾਗਤ ਲਈ ਖੜੇ ਸਨ। ਸਾਰੇ ਯਾਤਰੀਆਂ ਨੂੰ ਫੁੱਲਾਂ ਦੇ ਹਾਰ ਪਹਿਨਾਏ ਗਏ ਤੇ ਚਾਹ-ਪਾਣੀ ਦੀ ਸੇਵਾ ਕੀਤੀ ਗਈ। ਕਸਟਮ ਵਾਲਿਆਂ ਨੇ ਬਗੈਰ ਜਾਂਚ ਕੀਤਿਆਂ ਯਾਤਰੀਆਂ ਦਾ ਸਾਮਾਨ ਬੱਸ ਵਿੱਚ ਮੁੜ ਰਖਵਾਇਆ ਤੇ ਬੱਸ ਮੁਜ਼ਫਰਾਬਾਦ ਵੱਲ ਚੱਲ ਪਈ। ਮੇਰਾ ਨਾਂ ਤਸੱਵਰ ਸਲੈਰੀਆ ਹੈ। ਖ਼ਾਲਿਦ ਸਾਹਿਬ ਮੇਰੇ ਬਹਿਨੋਈ ਹਨ ਤੇ ਨਸੀਮ ਫਿਰਦੋਸ ਮੇਰੀ ਮਮੇਰੀ ਭੈਣ। ਮੈਂ ਤੇ ਮੇਰਾ ਨਿੱਕਾ ਭਰਾ ਆਸ਼ਿਕ ਹੁਸੈਨ ਸਲੈਰੀਆ, ਇਨ੍ਹਾਂ ਨੂੰ ਲੈਣ ਲਈ ਚਕੋਟੀ ਆਏ ਸਾਂ, ਪਰ ਹਾਕਮਾਂ ਨੇ ਖ਼ਾਲਿਦ ਸਾਹਿਬ ਨੂੰ ਸਾਡੇ ਨਾਲ ਕਾਰ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਤੇ ਕਿਹਾ ਕਿ ਮੁਜ਼ਫਰਾਬਾਦ ਤਕ ਸਾਰੇ ਮੁਸਾਫਿਰ ਬੱਸ ਵਿੱਚ ਹੀ ਜਾਣਗੇ। ਅਸੀਂ ਦੋਵੇਂ ਭਰਾ ਬੱਸ ਦੇ ਪਿੱਛੇ ਪਿੱਛੇ ਚੱਲ ਪਏ। ਚਕੋਟੀ ਤੋਂ ਲੈ ਕੇ ਮੁਜ਼ਫਰਾਬਾਦ ਤਕ ਸਾਰੀ ਸੜਕ ਨੂੰ ਮਹਿਰਾਬਾਂ ਨਾਲ ਸਜਾਇਆ ਗਿਆ ਸੀ ਤੇ ਲੋਕੀ ਬੱਸ 'ਤੇ ਫੁੱਲ-ਪੱਤੀਆਂ ਦੀ ਵਰਖਾ ਕਰ ਰਹੇ ਸਨ। ਚਕੋਟੀ ਤੋਂ ਬੱਸ ਚਨਾਰੀ ਪਹੁੰਚੀ, ਲੋਕਾਂ ਨੇ ਭਾਰਤੀ ਮੁਸਫਿਰਾਂ ਨੂੰ ਦੁੱਧ ਪਿਲਾਇਆ ਤੇ ਫਿਰ ਬੱਸ ਅਮਰ੍ਹਾਸਾਵਨ ਪੁੱਜੀ, ਉਥੇ ਵੀ ਲੋਕਾਂ ਨੇ ਮਿਠਾਈਆਂ ਨਾਲ ਸਵਾਗਤ ਕੀਤਾ। ਸਾਰੇ ਰਸਤੇ ਵਿੱਚ ਜਿਹਲਮ ਦਰਿਆ ਸੜਕ ਦੇ ਨਾਲ ਨਾਲ ਚੱਲ ਰਿਹਾ ਸੀ। ਗੁੱਛਾ ਸੈਦਾਂ ਤੋਂ ਇੱਕ ਰਸਤਾ ਲੀਪਾ ਵਾਦੀ ਨੂੰ ਜਾਂਦਾ ਹੈ ਜੋ ਉਥੋਂ ਡੇਢ ਸੌ ਕਿਲੋਮੀਟਰ ਦੂਰ ਹੈ। ਫਿਰ ਬੱਸ ਹੱਟੀਆਂ ਵਾਲਾ, ਸਰਨ ਕੱਕੜਵਾੜਾ, ਛਟੀਆਂ ਟਿੰਗੀ, ਗੜ੍ਹੀ ਦੁਪੱਟਾ, ਮਜੋਹੀ, ਠੁਠਾ ਤੇ ਤੰਬੋਲੀ ਤੋਂ ਲੰਘਦੀ ਹੋਈ ਪੰਜ ਵਜੇ ਮੁਜ਼ਫਰਾਬਾਦ ਪਹੁੰਚੀ। ਸਾਰਿਆਂ ਮੁਸਫਿਰਾਂ ਨੂੰ ਮੁਜ਼ਫਰਾਬਾਦ ਦੇ ਹੋਟਲ ਵਿੱਚ ਰੱਖਿਆ ਗਿਆ ਤੇ ਰਾਤ ਦਾ ਖਾਣਾ ਪ੍ਰਧਾਨ ਮੰਤਰੀ ਸ. ਸਿਕੰਦਰ ਹਿਯਾਤ ਖਾਨ ਵੱਲੋਂ ਖੁਵਾਇਆ ਗਿਆ, ਜਿਸ ਵਿੱਚ ਪ੍ਰਸ਼ਾਸਨ ਦੇ ਵੱਡੇ ਅਫਸਰਾਂ, ਵਜ਼ੀਰਾਂ, ਵੱਖ ਵੱਖ ਸਿਆਸੀ ਪਾਰਟੀਆਂ ਦੇ ਲੀਡਰਾਂ ਤੇ ਆਜ਼ਾਦ ਕਸ਼ਮੀਰ ਦੇ ਸਦਰ ਜਨਰਲ ਅਨਵਰ ਖਾਨ ਨੇ ਭਾਗ ਲਿਆ। ਦੂਜੀ ਸਵੇਰੇ ਗੋਰਮਿੰਟ ਟੂਰਿਸਟ ਸੈਂਟਰ ਤੋਂ ਮੁਸਾਫਿਰਾਂ ਨੂੰ ਆਪਣੇ ਆਪਣੇ ਠਿਕਾਣਿਆਂ ਤੇ ਜਾਣ ਲਈ ਇਜਾਜ਼ਤਨਾਮੇ ਦਿੱਤੇ ਗਏ। ਫਿਰ ਮੁਸਲਿਮ

ਕਾਨਫਰੰਸ ਦੇ ਸਦਰ ਤੇ ਆਜ਼ਾਦ ਕਸ਼ਮੀਰ ਦੇ ਸਾਬਕਾ ਪ੍ਰਧਾਨ ਅਤੇ ਪ੍ਰਧਾਨ ਮੰਤਰੀ ਸ. ਅਬਦੁੱਲ ਕਯੂਮ ਖਾਨ ਵੱਲੋਂ ਨਾਸ਼ਤਾ ਖੁਵਾਇਆ ਗਿਆ, ਜਿਸ ਵਿੱਚ ਆਜ਼ਾਦ ਕਸ਼ਮੀਰ ਦੇ ਸਦਰ, ਪ੍ਰਧਾਨ ਮੰਤਰੀ, ਵਜ਼ੀਰ, ਹੁਰੀਯਤ ਤਹਿਰੀਕ ਦੇ ਨੁਮਾਇੰਦੇ ਤੇ ਸ਼ਹਿਰ ਦੇ ਪਤਵੰਤਿਆਂ ਨੇ ਹਿੱਸਾ ਲਿਆ। ਤਕਰੀਰਾਂ ਹੋਈਆਂ ਤੇ ਫੇਰ ਭਾਰਤੀ ਕਸ਼ਮੀਰ ਦੇ ਮੁਸਾਫਿਰਾਂ ਦੇ ਗਰੁੱਪ ਲੀਡਰ ਖ਼ਾਲਿਦ ਹੁਸੈਨ ਨੂੰ ਬੋਲਣ ਲਈ ਕਿਹਾ ਗਿਆ। ਖ਼ਾਲਿਦ ਹੁਸੈਨ ਨੇ ਆਪਣੀ ਤਕਰੀਰ ਵਿੱਚ ਭਾਰਤ ਤੇ ਪਾਕਿਸਤਾਨ ਦੇ ਇਸ ਕਾਬਲ-ਏ- ਤਾਰੀਫ ਉਪਰਾਲੇ ਦੀ ਸਰਾਹਨਾ ਕੀਤੀ, ਜਿਸਦੀ ਵਜ੍ਹਾ ਨਾਲ ਨਾ-ਮੁਮਕਿਨ ਨੂੰ ਮੁਮਕਿਨ ਬਣਾਇਆ ਗਿਆ ਸੀ। ਉਥੇ ਇੱਕ ਬੈਨਰ 'ਤੇ ਲਿਖਿਆ ਹੋਇਆ ਸੀ ਕਿ 'ਕਸ਼ਮੀਰ ਬਣੇਗਾ ਪਾਕਿਸਤਾਨ' ਅਤੇ ਦੂਜੇ ਬੈਨਰ 'ਤੇ ਲਿਖਿਆ ਸੀ ਕਿ 'ਕਸ਼ਮੀਰ, ਪਾਕਿਸਤਾਨ ਦੀ ਸ਼ਾਹ ਰਗ ਹੈ'। ਇਨ੍ਹਾਂ ਦੋਵਾਂ ਬੈਨਰਾਂ ਨੂੰ ਦੇਖ ਕੇ ਖ਼ਾਲਿਦ ਸਾਹਿਬ ਨੇ ਕਿਹਾ ਸੀ ਕਿ ਨਾ ਤਾਂ ਕਸ਼ਮੀਰ, ਪਾਕਿਸਤਾਨ ਦੀ ਸ਼ਾਹ ਰਗ ਹੈ ਅਤੇ ਨਾ ਹੀ 'ਅਟੁੱਟ ਅੰਗ', ਕਿਉਂਕਿ 1947 ਤੋਂ ਲੈ ਕੇ ਅੱਜ ਤਕ ਇਸ ਸ਼ਾਹ ਰਗ ਤੋਂ ਬੇਹਿਸਾਬ ਖੂਨ ਦੀਆਂ ਨਦੀਆਂ ਵਗ ਚੁੱਕੀਆਂ ਹਨ ਅਤੇ ਇੱਕ ਇੱਕ ਅੰਗ ਟੁੱਟ ਭੱਜ ਚੁੱਕਾ ਹੈ, ਇਸ ਲਈ ਲੋਕਾਂ ਦੀ ਬਿਹਤਰੀ ਲਈ ਇਸ ਮਸਲੇ ਦਾ ਹੱਲ ਹੋਣਾ ਬਹੁਤ ਜ਼ਰੂਰੀ ਹੈ ਤੇ ਇਸ ਹੱਲ ਲਈ ਸਰਕਾਰਾਂ ਨੇ ਪੈਰ ਪੁੱਟਿਆ ਹੈ, ਉਸ 'ਤੇ ਚੱਲ ਕੇ ਉਸ ਮੰਜ਼ਿਲ ਤਕ ਪਹੁੰਚਿਆ ਜਾ ਸਕਦਾ ਹੈ। ਜਿੱਥੇ ਅਮਨ, ਸ਼ਾਂਤੀ, ਪਿਆਰ ਤੇ ਮੁਹੱਬਤ ਦਾ ਮਾਰਗ ਹੈ। ਖ਼ਾਲਿਦ ਸਾਹਿਬ ਨੇ ਸ੍ਰੀਨਗਰ-ਮੁਜ਼ਫਰਾਬਾਦ ਤੋਂ ਛੁੱਟ ਜੰਮੂ-ਸਿਆਲਕੋਟ, ਪੁਣਛ-ਰਾਵਲਾਕੋਟ, ਕਾਰਗਿਲ-ਅਸਕਰਦੂ ਤੇ ਹੋਰ ਕਈ ਦੂਜੇ ਪੁਰਾਣੇ ਰਸਤੇ ਖੋਲਣ ਦੀ ਮੰਗ ਕੀਤੀ, ਤਾਂ ਜੋ ਲੋਕੀ ਅਪਣਿਆਂ ਰਿਸ਼ਤੇਦਾਰਾਂ ਨੂੰ ਮਿਲ ਸਕਣ, ਆਪਣਿਆਂ ਮਕਾਨਾਂ ਤੇ ਜਨਮ ਭੂਮੀ ਨੂੰ ਵੇਖ ਸਕਣ ਤੇ ਪਿਆਰ ਸੌਗਾਤਾਂ ਵੰਡ ਸਕਣ। ਇਸ ਆਵਾਜਾਈ ਨਾਲ ਗਲਤ ਫਹਿਮੀਆਂ ਦੂਰ ਹੋਣਗੀਆਂ ਤੇ ਲੋਕੀ ਆਪਣੀ ਅੱਖੋਂ ਆਰ-ਪਾਰ ਹੋ ਰਹੀ ਉਨਤੀ ਵੇਖ ਸਕਣ। ਖ਼ਾਲਿਦ ਸਾਹਿਬ ਨੇ ਕਿਹਾ ਕਿ ਸਰਹੱਦ ਦੇ ਆਰ-ਪਾਰ ਵਪਾਰ ਵਧਣਾ ਚਾਹੀਦਾ ਹੈ, ਨਾਲੇ ਭਾਰਤ-ਪਾਕਿਸਤਾਨ ਵਿੱਚ ਵੀ ਵਪਾਰਕ ਰਿਸ਼ਤੇ ਮਜ਼ਬੂਤ ਹੋਣੇ ਚਾਹੀਦੇ ਨੇ। ਪਰਮਿਟ ਸਿਸਟਮ ਦੀ ਬਜਾਏ ਸ਼ਨਾਖਤੀ ਕਾਰਡ ਉਤੇ ਲੋਕਾਂ ਨੂੰ ਇੱਕ-ਦੂਜੇ ਪਾਸੇ ਆਣ-ਜਾਣ ਦਿੱਤਾ ਜਾਵੇ। ਇਸ ਨਾਲ ਸ਼ੱਕ ਤੇ ਸ਼ਕੂਕ ਖਤਮ ਹੋਣਗੇ, ਲੋਕੀ ਇੱਕ ਦੂਜੇ ਨੂੰ ਸਮਝਣਗੇ। ਹਿੰਦੂ-ਮੁਸਲਿਮ ਤੇ ਪਾਕ-ਭਾਰਤ ਦੀ ਦੁਸ਼ਮਣੀ ਖਤਮ ਹੋਏਗੀ। ਖ਼ਾਲਿਦ ਸਾਹਿਬ ਦੇ ਬਾਅਦ ਮੁਸਲਿਮ ਕਾਨਫਰੰਸ ਦੇ ਪ੍ਰਧਾਨ ਸ. ਕਯੂਮ ਖਾਨ ਨੇ ਖ਼ਤਾਬ ਕੀਤਾ। ਸ. ਕਯੂਮ ਖਾਨ ਨੂੰ ਉਥੇ ਮੁਜਾਹਿਦ-ਏ-ਅਵਲ ਵੀ ਕਿਹਾ ਜਾਂਦਾ ਹੈ, ਕਿਉਂਕਿ ਭਾਰਤ ਦੇ ਖਿਲਾਫ ਤੇ ਕਸ਼ਮੀਰ ਦੀ ਆਜ਼ਾਦੀ ਦੇ ਹੱਕ ਵਿੱਚ ਪਹਿਲੀ ਬੰਦੂਕ ਸ. ਕਯੂਮ ਖਾਨ ਨੇ ਹੀ ਚੁੱਕੀ ਸੀ। ਸ. ਕਯੂਮ ਖਾਨ ਨੇ ਖ਼ਾਲਿਦ ਸਾਹਿਬ ਦੇ

ਵਿਚਾਰਾਂ ਨੂੰ ਨਕਾਰਦਿਆਂ ਹੋਇਆਂ ਕਿਹਾ ਕਿ ਉਨ੍ਹਾਂ ਕਸ਼ਮੀਰ ਦੀ ਆਜ਼ਾਦੀ ਲਈ ਬੜੀਆਂ ਕੁਰਬਾਨੀਆਂ ਕੀਤੀਆਂ ਹਨ ਤੇ ਕਸ਼ਮੀਰ ਇੱਕ ਨਾ ਇੱਕ ਦਿਨ ਪਾਕਿਸਤਾਨ ਬਣ ਕੇ ਰਵੇਗਾ। ਪਰ ਉਨ੍ਹਾਂ ਅਮਨ ਤੇ ਸ਼ਾਂਤੀ ਲਈ ਦੋਵਾਂ ਹਕੂਮਤਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਤਾਰੀਫ ਵੀ ਕੀਤੀ। ਇੰਝ ਬਰੇਕ ਫਾਸਟ ਕਰਨ ਮਗਰੋਂ ਸਾਰੇ ਮੁਸਾਫਿਰ ਆਪਣੇ ਆਪਣੇ ਠਿਕਾਣਿਆਂ ਵੱਲ ਚਲੇ ਗਏ। ਅਸਾਂ ਵੀ ਖ਼ਾਲਿਦ ਸਾਹਿਬ ਤੇ ਭੈਣ ਨਸੀਮ ਨੂੰ ਆਪਣੀ ਕਾਰ ਵਿੱਚ ਬਿਠਾਇਆ ਤੇ ਰਾਵਲਪਿੰਡੀ ਵੱਲ ਚੱਲ ਪਏ। ਕੋਹਾਲਾ ਪੁੱਲ ਤਕ ਰਿਆਸਤ ਜੰਮੂ-ਕਸ਼ਮੀਰ ਦੀ ਹੱਦ ਸੀ ਤੇ ਪੁੱਲ ਟੱਪਦਿਆਂ ਹੀ ਪੰਜਾਬ ਦੇ ਰਾਵਲਪਿੰਡੀ ਜ਼ਿਲ੍ਹੇ ਦੀ ਹੱਦ ਸ਼ੁਰੂ ਹੋ ਜਾਂਦੀ ਹੈ। ਕੋਹਾਲਾ ਤਕ ਦਰਿਆ ਜਿਹਲਮ ਸੜਕ ਦੇ ਨਾਲ ਨਾਲ ਚੱਲਦਾ ਹੈ ਤੇ ਦਰਿਆ ਜਿਹਲਮ ਦੇ ਪਾਰ ਹਜ਼ਾਰਾਂ ਡਿਵੀਜ਼ਨ ਦੇ ਇਲਾਕੇ ਪੈਂਦੇ ਹਨ ਜੋ ਖੈਬਰ ਪਖ਼ਤੂਨ ਖਾਹ ਸੂਬੇ ਦਾ ਹਿੱਸਾ ਹੈ। ਕੋਹਾਲਾ ਤੋਂ ਛਾਂਗਾ ਗਲੀ, ਕੋਹਮਰੀ, ਘੋੜਾ ਗਲੀ ਤੋਂ ਹੁੰਦਿਆਂ ਹੋਇਆਂ ਇਸਲਾਮਾਬਾਦ ਤੇ ਰਾਵਲਪਿੰਡੀ ਪਹੁੰਚੇ, ਜਿਥੇ ਨਸੀਮ ਫਿਰਦੋਸ ਦੀ ਫੁਫੀ ਜ਼ਾਦ ਤੇ ਸਾਡੀ ਸਕੀ ਭੈਣ ਡਾ. ਪਰਵੀਨ ਰਹਿੰਦੀ ਹੈ। ਅਸਾਂ ਸਾਰਿਆਂ ਰਾਤ ਉਥੇ ਗੁਜ਼ਾਰੀ। ਉਨ੍ਹਾਂ ਦੇ ਪਤੀ ਇਨਾਯਤ ਹੁਸੈਨ ਜੀ ਵੀ ਡਾਕਟਰ ਹਨ ਤੇ ਪਾਕਿਸਤਾਨੀ ਫੌਜ ਦੇ ਕਰਨਲ ਰਹਿ ਚੁੱਕੇ ਹਨ ਤੇ ਅੱਜਕੱਲ੍ਹ ਪ੍ਰਾਈਵੇਟ ਪ੍ਰੈਕਟਿਸ ਕਰਦੇ ਹਨ। ਦੂਜੇ ਦਿਨ ਯਾਨੀ 9 ਅਪ੍ਰੈਲ 2005 ਨੂੰ ਅਸੀਂ ਸਾਰੇ ਰਾਵਲਪਿੰਡੀ ਵਿੱਚ ਹੀ ਭੈਣ ਪਰਵੀਨ ਦੇ ਘਰ ਰਹੇ। ਉਥੇ ਬਾਜ਼ਾਰਾਂ ਵਿੱਚ ਘੁੰਮੇ, ਪੰਜਾਬੀ ਦੇ ਪੁਰਾਣੇ ਪਾਕਿਸਤਾਨੀ ਗੀਤਾਂ ਦੀਆਂ ਕੈਸਟਾਂ ਖਰੀਦੀਆਂ। ਉਰਦੂ ਤੇ ਪੰਜਾਬੀ ਡਰਾਮਿਆਂ ਦੀਆਂ ਕੈਸਟਾਂ ਤੇ ਸੀ.ਡੀਆਂ ਵੀ ਖ਼ਰੀਦੀਆਂ ਤੇ ਫੇਰ ਅਸੀਂ ਸਾਰੇ ਬੇਹਰੀਆ ਟਾਊਨ ਵੱਲ ਚਲੇ ਗਏ। ਇਹ ਇੱਕ ਬਹੁਤ ਹੀ ਖੂਬਸੂਰਤ ਨਵੀਂ ਕਾਲੋਨੀ ਹੈ, ਜਿਸ ਦੀਆਂ ਸੜਕਾਂ ਤੇ ਕੋਠੀਆਂ ਵੇਖਣ ਯੋਗ ਹਨ। ਰਾਤ ਖ਼ਾਲਿਦ ਸਾਹਿਬ ਦੇ ਕੁੜਮ ਫਾਰੂਕ ਬੇਗ ਦੀ ਮਾਂ ਤੇ ਭਰਾਵਾਂ ਨੂੰ ਮਿਲਣ ਲਈ ਇਸਲਾਮਾਬਾਦ ਗਏ ਤੇ ਰਾਤ ਦੀ ਰੋਟੀ ਉਥੇ ਹੀ ਖਾਧੀ। ਪਾਕ ਫੌਜ ਦੇ ਰਿਟਾਇਰਡ ਬ੍ਰਿਗੇਡੀਅਰ ਜੋ ਕਰਨਲ ਸਾਹਿਬ ਦੇ ਮਿੱਤਰ ਹਨ, ਖ਼ਾਲਿਦ ਸਾਹਿਬ ਨੂੰ ਮਿਲਣ ਲਈ ਆਏ। ਉਨ੍ਹਾਂ ਨਾਲ ਕਸ਼ਮੀਰ ਦੇ ਮਸਲੇ 'ਤੇ ਗੱਲਬਾਤ ਹੋਈ। ਖ਼ਾਲਿਦ ਹੁਸੈਨ ਦਾ ਕਹਿਣਾ ਸੀ ਕਿ ਕਸ਼ਮੀਰ ਬਾਰੇ ਪਾਕਿਸਤਾਨੀਆਂ ਦਾ ਨਜ਼ਰੀਆ, ਹਕੀਕਤ 'ਤੇ ਘੱਟ ਅਤੇ ਜਜ਼ਬਾਤ 'ਤੇ ਜ਼ਿਆਦਾ ਆਧਾਰਿਤ ਹੈ ਤੇ ਲੋਕਾਂ ਦੇ ਦਿਲ ਦਿਮਾਗ 'ਤੇ ਕਸ਼ਮੀਰ ਹੀ ਸਵਾਰ ਹੈ। ਦਸ ਅਪ੍ਰੈਲ ਨੂੰ ਅਸੀਂ ਭੈਣ ਨਸੀਮ ਤੇ ਖ਼ਾਲਿਦ ਸਾਹਿਬ ਨੂੰ ਲੈ ਕੇ ਮੀਰਪੁਰ ਲਈ ਰਵਾਨਾ ਹੋਏ। ਰਸਤੇ ਵਿੱਚ ਮੰਦਰਾ, ਗੁੱਜਰ ਖਾਨ, ਸੁਹਾਵਾ ਤੇ ਦੀਨਾ ਦੇ ਕਸਬੇ ਵੇਖਦੇ ਆਏ। ਦੀਨਾ ਨੈਸ਼ਨਲ ਹਾਈਵੇ 'ਤੇ ਆਬਾਦ ਕਸਬਾ ਹੈ ਤੇ ਇਥੋਂ ਇੱਕ ਰਸਤਾ ਜਿਹਲਮ ਨੂੰ ਜਾਂਦਾ ਹੈ ਤੇ ਦੂਜਾ ਮੀਰਪੁਰ ਨੂੰ। ਦੀਨੇ ਤੋਂ ਮੀਰਪੁਰ 25 ਕਿਲੋਮੀਟਰ ਹੈ। ਮੀਰਪੁਰ ਤੋਂ ਪਹਿਲਾਂ

ਮੰਗਲਾ ਡੈਮ ਆਉਂਦਾ ਹੈ, ਜੋ ਜਿਹਲਮ ਦਰਿਆ 'ਤੇ ਬਣਾਇਆ ਗਿਆ ਹੈ ਤੇ ਇਥੋਂ ਜੋ ਬਿਜਲੀ ਪੈਦਾ ਹੁੰਦੀ ਹੈ ਉਹ ਅੱਧੇ ਪਾਕਿਸਤਾਨ ਨੂੰ ਰੋਸ਼ਨੀ ਦਿੰਦੀ ਹੈ। ਮੰਗਲਾ ਵੀ ਇੱਕ ਕਸਬੇ ਦਾ ਨਾਂ ਹੈ ਤੇ ਇਸਦੇ ਨਾਂ 'ਤੇ ਹੀ ਮੰਗਲਾ ਡੈਮ ਦਾ ਨਾਂ ਰੱਖਿਆ ਗਿਆ। ਪੁਰਾਣੇ ਮੀਰਪੁਰ ਸ਼ਹਿਰ ਦਾ 90% ਇਲਾਕਾ ਇਸ ਡੈਮ ਵਿੱਚ ਆ ਚੁੱਕਿਆ ਹੈ ਤੇ ਥੋੜੀ ਦੂਰ ਪਹਾੜੀ 'ਤੇ ਨਵਾਂ ਮੀਰਪੁਰ ਸ਼ਹਿਰ ਵਸਾਇਆ ਗਿਆ ਹੈ। ਖ਼ਾਲਿਦ ਸਾਹਿਬ ਭਾਰਤੀ ਕਸ਼ਮੀਰ ਤੋਂ ਆਉਣ ਵਾਲੇ ਮੁਸਾਫਿਰਾਂ ਦੇ ਗਰੁੱਪ ਲੀਡਰ ਸਨ, ਇਸ ਲਈ ਉਨ੍ਹਾਂ ਦੀ ਆਮਦ ਦਾ ਪਤਾ ਮੀਰਪੁਰ ਡਿਵੀਜ਼ਨ ਦੇ ਕਮਿਸ਼ਨਰ ਸਲੀਮ ਬਿਸਮਿਲ ਸਾਹਿਬ ਨੂੰ ਮਿਲ ਚੁੱਕਿਆ ਸੀ। ਮੀਰਪੁਰ ਪਹੁੰਚਦਿਆਂ ਹੀ ਐਡਵੋਕੇਟ ਸ਼ਰੀਫ ਤਾਰਿਕ (ਜਿਹੜੇ 1965 ਦੀ ਭਾਰਤ-ਪਾਕ ਜੰਗ ਵਿੱਚ ਰਾਜੋਰੀ ਤੋਂ ਮੀਰਪੁਰ ਆ ਵੱਸੇ ਸਨ), ਆਜ਼ਾਦ ਕਸ਼ਮੀਰ ਦੇ ਰਿਟਾਇਰਡ ਚੀਫ ਜਸਟਿਸ ਅਬਦੁੱਲ ਮੱਜੀਦ ਮਲਿਕ, ਮੀਰਪੁਰ ਬਾਰ ਦੇ ਪ੍ਰਧਾਨ ਕੁਰੈਸ਼ੀ ਸਾਹਿਬ ਤੇ ਉਰਦੂ ਰੋਜ਼ਨਾਮੇ (ਖ਼ਬਰੇਂ) ਦੇ ਸਥਾਨਕ ਨਾਮਾਨਿਗਾਰ ਚੁਗਤਾਈ ਸਾਹਿਬ ਖ਼ਾਲਿਦ ਸਾਹਿਬ ਨੂੰ ਮਿਲਣ ਆ ਗਏ। ਉਨ੍ਹਾਂ ਸ਼ਾਮ ਨੂੰ ਇੱਕ ਹੋਟਲ ਵਿੱਚ ਮੀਰਪੁਰ ਵਾਸੀਆਂ ਵੱਲੋਂ ਸਵਾਗਤੀ ਸਮਾਰੋਹ ਰੱਖਿਆ ਸੀ। ਮੈਨੂੰ ਆਪਣੀ ਸਰਕਾਰ ਨੇ ਖ਼ਾਲਿਦ ਸਾਹਿਬ ਨਾਲ ਨੋਡਲ ਅਫਸਰ ਲਾਇਆ ਸੀ, ਇਸ ਲਈ ਜਦ ਤਕ ਉਹ ਆਜ਼ਾਦ ਕਸ਼ਮੀਰ ਵਿੱਚ ਰਹੇ, ਮੈਂ ਉਨ੍ਹਾਂ ਦੇ ਨਾਲ ਨਾਲ ਰਿਹਾ। ਸ਼ਾਮ ਦੇ 5 ਵਜੇ ਇੱਕ ਮੁਕਾਮੀ ਹੋਟਲ ਵਿੱਚ ਢਾਈ ਤਿੰਨ ਸੌ ਦੇ ਕਰੀਬ ਮੀਰਪੁਰ ਵਾਸੀ ਜਮ੍ਹਾ ਹੋਏ ਸਨ। ਜਸਟਿਸ ਅਬਦੁੱਲ ਮੱਜੀਦ ਮਲਿਕ ਦੀ ਸਦਾਰਤ ਵਿੱਚ ਪ੍ਰੋਗਰਾਮ ਸ਼ੁਰੂ ਹੋਇਆ। ਮੀਰਪੁਰ ਦੇ ਸਥਾਨਕ ਲੀਡਰਾਂ, ਬਾਰ ਦੇ ਪ੍ਰਧਾਨ ਅਤੇ ਐਡਵੋਕੇਟ ਸ਼ਰੀਫ ਤਾਰਿਕ ਸਾਹਿਬ ਨੇ ਤਕਰੀਰਾਂ ਕੀਤੀਆਂ ਤੇ ਕਸ਼ਮੀਰ ਮਸਲੇ ਬਾਰੇ ਆਪਣੇ ਵਿਚਾਰ ਰੱਖੇ, ਜਿਹੜੇ ਬਹੁਤੇ ਪਾਕਿਸਤਾਨੀ ਦ੍ਰਿਸ਼ਟੀਕੋਣ ਨੂੰ ਛੂੰਹਦੇ ਸਨ ਜਾਂ ਫਿਰ ਪੂਰੇ ਜੰਮੂ-ਕਸ਼ਮੀਰ ਦੀ ਆਜ਼ਾਦੀ ਦੀ ਗੱਲ ਕੀਤੀ ਗਈ। ਜਦ ਖ਼ਾਲਿਦ ਸਾਹਿਬ ਨੂੰ ਬੋਲਣ ਲਈ ਕਿਹਾ ਗਿਆ ਤਾਂ ਉਨ੍ਹਾਂ ਆਪਣੀ ਤਕਰੀਰ ਸ਼ੁਰੂ ਕਰਨ ਤੋਂ ਪਹਿਲਾਂ 'ਦੁਸ਼ਮਣੀ' ਨਾਂ ਦੀ ਆਪਣੀ ਇੱਕ ਮਿੰਨੀ ਕਹਾਣੀ ਸੁਣਾਈ, ਜਿਸ ਵਿੱਚ ਭਾਰਤ-ਪਾਕਿਸਤਾਨ ਦੀ ਨਫਰਤ ਨੂੰ ਮੁਹੱਬਤ ਵਿੱਚ ਬਦਲਣ ਦਾ ਪੈਗਾਮ ਦਿੱਤਾ ਗਿਆ ਸੀ। ਫਿਰ ਉਨ੍ਹਾਂ ਆਪਣੀ ਤਕਰੀਰ ਵਿੱਚ ਸਾਫ-ਸਾਫ ਸ਼ਬਦਾਂ ਵਿੱਚ ਕਿਹਾ ਕਿ ਭਾਰਤ ਆਪਣੇ ਕਬਜ਼ੇ ਵਾਲੇ ਕਸ਼ਮੀਰ ਦੀ ਇੱਕ ਇੰਚ ਜ਼ਮੀਨ ਵੀ ਪਾਕਿਸਤਾਨ ਨੂੰ ਨਹੀਂ ਦੇਵੇਗਾ, ਭਾਵੇਂ ਅਮਰੀਕੀ, ਰੂਸੀ ਜਾਂ ਹੋਰ ਵੱਡੀਆਂ ਤਾਕਤਾਂ ਦਾ ਕਿੰਨਾਂ ਵੀ ਦਬਾਅ ਕਿਉਂ ਨਾ ਹੋਵੇ। ਤਿੰਨ ਜੰਗਾਂ ਇਸ ਮਸਲੇ ਦਾ ਹੱਲ ਨਹੀਂ ਕਰ ਸਕੀਆਂ, ਇਸ ਲਈ ਕਸ਼ਮੀਰ ਦੇ ਮਸਲੇ ਦਾ ਹੱਲ ਇਹ ਹੈ ਕਿ ਜੋ ਇਲਾਕਾ ਤੁਹਾਡੇ ਕੋਲ ਹੈ ਉਹ ਤੁਹਾਡਾ ਹੈ ਤੇ ਜੋ ਇਲਾਕਾ ਸਾਡੇ ਕੋਲ ਹੈ ਉਹ ਸਾਡਾ ਹੈ। ਅੱਤਵਾਦੀ ਹਮਲੇ ਕਰਨੇ ਬੰਦ ਕੀਤੇ ਜਾਣ। ਲੋਕਾਂ ਦੀ

ਆਵਾਜਾਈ ਲਈ ਸਾਰੇ ਰਸਤੇ ਖੋਲੇ ਜਾਣ। ਆਪਸੀ ਕਾਰੋਬਾਰ ਸ਼ੁਰੂ ਕੀਤਾ ਜਾਏ। ਰਿਸ਼ਤੇਦਾਰਾਂ ਨੂੰ ਮਿਲਣ ਦਿੱਤਾ ਜਾਏ। ਕਸ਼ਮੀਰ ਦੇ ਦੋਵੇਂ ਪਾਸੇ ਰਹਿਣ ਵਾਲੇ ਲੋਕਾਂ ਨੂੰ ਪਾਸਪੋਰਟ ਜਾਂ ਪਰਮਿਟ ਦੇ ਬਗੈਰ ਆਣ-ਜਾਣ ਦੀ ਇਜਾਜ਼ਤ ਹੋਏ। ਆਪਸੀ ਗਲਤ ਫਹਿਮੀਆਂ ਦੂਰ ਹੋਣ। ਤੁਹਾਡੇ ਬੱਚੇ ਆਲਾ ਤਾਲੀਮ ਲਈ ਸਾਡੇ ਵੱਲ ਆਉਣ ਤੇ ਭਾਰਤ ਦੀਆਂ ਸਿੱਖਿਆ ਸੰਸਥਾਵਾਂ, ਮੈਡੀਕਲ ਕਾਲਜਾਂ ਤੇ ਇਜੀਨੀਅਰਿੰਗ ਇਸਟੀਚਿਊਟਾਂ ਦਾ ਫਾਇਦਾ ਚੁੱਕਣ ਤੇ ਇਹੋ ਕਸ਼ਮੀਰ ਮਸਲੇ ਦਾ ਹੱਲ ਹੈ ਅਤੇ ਦੋਵੇਂ ਮੁਲਕਾਂ ਦੇ ਸਰਬਰਾਹਾਂ ਨੇ ਜੋ ਕਦਮ ਚੁੱਕਿਆ ਹੈ ਉਹ ਸ਼ਲਾਘਾਯੋਗ ਹੈ। ਖਾਲਿਦ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਮਾਸੂਮ ਬੱਚਿਆਂ ਦੇ ਹੱਥਾਂ ਵਿੱਚ ਬੰਦੂਕ ਫੜਾਉਣ ਦੀ ਥਾਂ ਕਿਤਾਬਾਂ ਫੜਾਈਆਂ ਜਾਣ ਤਾਂ ਜੋ ਉਹ ਦੁਨੀਆ ਵਿੱਚ ਕੁੱਝ ਕਰਨ ਦੇ ਕਾਬਿਲ ਹੋਣ। ਬੰਦੂਕ ਸਿਰਫ ਮੌਤ ਦਿੰਦੀ ਹੈ, ਜ਼ਿੰਦਗੀ ਨਹੀਂ। ਖ਼ਾਲਿਦ ਸਾਹਿਬ ਦੀ ਤਕਰੀਰ ਕੁੱਝ ਬੰਦਿਆਂ ਨੂੰ ਚੰਗੀ ਨਹੀਂ ਲੱਗੀ, ਪਰ ਉਹ ਚੁੱਪ ਰਹੇ। ਜਸਟਿਸ ਮੱਜੀਦ ਮਲਿਕ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਇਹ ਖ਼ਾਲਿਦ ਸਾਹਿਬ ਦੇ ਜ਼ਾਤੀ ਵਿਚਾਰ ਹਨ ਤੇ ਇਨ੍ਹਾਂ ਵਿਚਾਰਾਂ ਨਾਲ ਸਭ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ।

ਪਾਕਿਸਤਾਨੀ ਇੰਤਜ਼ਾਮ ਵਾਲੇ ਕਸ਼ਮੀਰ ਦੇ ਸੱਤ ਜ਼ਿਲ੍ਹੇ ਹਨ, ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ: ਮੁਜ਼ਫਰਾਬਾਦ, ਬਾਗ਼, ਸਧਨੂਤੀ, ਪੁਣਛ (ਰਾਵਲਾਕੋਟ), ਮੀਰਪੁਰ, ਕੋਟਲੀ ਤੇ ਭਿੰਬਰ। ਅੱਠਵਾਂ ਜ਼ਿਲ੍ਹਾਂ ਨੀਲਮ ਬਣਾਇਆ ਜਾ ਰਿਹਾ ਹੈ। (ਇਹ ਸਤਰਾਂ ਲਿਖਣ ਤਕ ਅੱਠਵਾਂ ਜ਼ਿਲ੍ਹਾ ਨੀਲਮ ਵੀ ਬਣ ਚੁੱਕਿਆ ਹੈ)। ਆਜ਼ਾਦ ਕਸ਼ਮੀਰ ਦੋ ਡਿਵੀਜ਼ਨਾਂ ਵਿੱਚ ਵੰਡਿਆ ਹੋਇਆ ਹੈ, ਇੱਕ ਮੁਜ਼ਫਰਾਬਾਦ ਡਿਵੀਜ਼ਨ ਤੇ ਦੂਜੀ ਮੀਰਪੁਰ ਡਿਵੀਜ਼ਨ। 11 ਅਪ੍ਰੈਲ 2005 ਦੀ ਸਵੇਰ ਨੂੰ ਕਮਿਸ਼ਨਰ ਮੀਰਪੁਰ ਡਿਵੀਜ਼ਨ ਖਵਾਜਾ ਮੁਹੰਮਦ ਸਲੀਮ ਬਿਸਮਿਲ ਤੇ ਡਿਪਟੀ ਕਮਿਸ਼ਨਰ ਮੀਰਪੁਰ ਨੇ ਰਾਤ ਦੇ ਖਾਣੇ ਦੀ ਦਾਵਤ ਦਿੱਤੀ। ਇਹ ਸਰਕਾਰੀ ਦਾਵਤ ਸੀ, ਜਿਸ ਵਿੱਚ ਮੀਰਪੁਰ ਡਿਵੀਜ਼ਨ ਦੇ ਸਾਰੇ ਡਿਪਟੀ ਕਮਿਸ਼ਨਰ, ਸਰਕਾਰੀ ਅਫ਼ਸਰ ਤੇ ਸ਼ਹਿਰ ਦੇ ਪਤਵੰਤਿਆਂ ਨੂੰ ਵੀ ਬੁਲਾਇਆ ਗਿਆ ਸੀ। ਖ਼ਾਲਿਦ ਸਾਹਿਬ ਨੇ ਦਾਵਤ ਕਬੂਲ ਕੀਤੀ ਤੇ ਨਾਲ ਹੀ ਖੜੀ ਸ਼ਰੀਫ ਜਾਣ ਦੀ ਇਜਾਜ਼ਤ ਮੰਗੀ। ਬਿਸਮਿਲ ਸਾਹਿਬ ਨੇ ਸਰਕਾਰੀ ਕਾਰ ਭੇਜੀ ਤੇ ਇੰਝ ਮੈਂ, ਭੈਣ ਨਸੀਮ, ਖ਼ਾਲਿਦ ਸਾਹਿਬ ਤੇ ਆਪਣੇ ਬੱਚਿਆਂ ਨੂੰ ਲੈ ਕੇ ਖੜੀ ਸ਼ਰੀਫ ਵਿੱਚ ਦਮੜੀ ਵਾਲੇ ਪੀਰ ਤੇ ਮੀਆਂ ਮੁਹੰਮਦ ਬਖ਼ਸ਼ ਦੇ ਮਜ਼ਾਰ ’ਤੇ ਹਾਜ਼ਰੀ ਦੇਣ ਲਈ ਪਹੁੰਚੇ। ਸੈਫ-ਉਲ-ਮਲੂਕ ਦੇ ਰਚਨਹਾਰ ਮੀਆਂ ਮੁਹੰਮਦ ਬਖ਼ਸ਼ ਦਾ ਮਜ਼ਾਰ ਆਪਣੇ ਮੁਰਸ਼ਦ ਦਮੜੀ ਵਾਲੇ ਪੀਰ ਦੀ ਦਰਗਾਹ ਦੇ ਬਿਲਕੁਲ ਨਾਲ ਹੈ, ਇਥੇ ਪੂਰਾ ਸਾਲ ਲੰਗਰ ਚੱਲਦਾ ਰਹਿੰਦਾ ਹੈ। ਅਸਾਂ ਸਾਰਿਆਂ ਲੰਗਰ ਛਕਿਆ। ਦਰਗਾਹ ਦੇ ਮਜਾਵਰ ਨੇ ਖ਼ਾਲਿਦ ਸਾਹਿਬ ਨੂੰ ਪ੍ਰਸ਼ਾਦ ਦੇਣ ਤੋਂ ਇਲਾਵਾ ਉਨ੍ਹਾਂ ਨੂੰ ਸਿਰੋਪਾ ਵੀ ਭੇਂਟ ਕੀਤਾ

ਤੇ ਸੈਫ-ਉਲ-ਮਲੂਕ ਦਾ ਨਵਾਂ ਐਡੀਸ਼ਨ ਵੀ ਦਿੱਤਾ। ਖੜੀ ਸ਼ਰੀਫ ਮੀਰਪੁਰ ਤੋਂ 13-14 ਕਿਲੋਮੀਟਰ ਹੈ। ਵਾਪਸੀ 'ਤੇ ਅਸਾਂ ਮੰਗਲਾ ਡੈਮ ਦੀ ਸੈਰ ਕੀਤੀ। ਚੀਨੀ ਇੰਜੀਨੀਅਰ ਡੈਮ ਦੇ ਬੰਨ੍ਹ ਨੂੰ ਉਚਾ ਕਰਨ ਦਾ ਕੰਮ ਕਰ ਰਹੇ ਸਨ। ਸ਼ਾਮੀ 4 ਵਜੇ ਨਿਸਾਰ ਅਹਿਮਦ ਨਾਂ ਦਾ ਇੱਕ ਬੰਦਾ ਖ਼ਾਲਿਦ ਸਾਹਿਬ ਨੂੰ ਮਿਲਣ ਆਇਆ। ਉਸਨੇ ਦੱਸਿਆ ਕਿ ਉਹ ਬਾਰਾ ਮੁੱਲਾਂ ਦਾ ਰਹਿਣ ਵਾਲਾ ਕਸ਼ਮੀਰੀ ਹੈ ਤੇ 1990 ਵਿੱਚ ਮੁਜਾਹਿਦ ਬਣਨ ਲਈ ਆਜ਼ਾਦ ਕਸ਼ਮੀਰ ਆਇਆ ਸੀ, ਪਰ ਟ੍ਰੇਨਿੰਗ ਕਰਨ ਦੇ ਬਾਵਜੂਦ ਉਹ ਵਾਪਿਸ ਕਸ਼ਮੀਰ ਨਹੀਂ ਪਰਤਿਆ, ਕਿਉਂਕਿ ਉਸਦੇ ਮਾਪਿਆਂ ਨੇ ਉਸਨੂੰ ਆਜ਼ਾਦ ਕਸ਼ਮੀਰ ਵਿੱਚ ਹੀ ਰਹਿਣ ਲਈ ਕਿਹਾ ਸੀ, ਕਿਉਂਕਿ ਭਾਰਤੀ ਫੌਜ ਉਸਦੀ ਤਲਾਸ਼ ਵਿੱਚ ਸੀ ਤੇ ਉਸਨੂੰ ਕਸ਼ਮੀਰ ਆਉਂਦਿਆਂ ਹੀ ਮਾਰ ਦਿੱਤਾ ਜਾਂਦਾ। ਨਿਸਾਰ ਅਹਿਮਦ ਨੇ ਮੀਰਪੁਰ ਵਿੱਚ ਰਹਿਣ ਦਾ ਫੈਸਲਾ ਕੀਤਾ ਤੇ ਉਸਨੇ ਉਥੇ ਵਿਆਹ ਵੀ ਕਰਵਾ ਲਿਆ ਤੇ ਉਸਦੇ ਦੋ ਬੱਚੇ ਵੀ ਹੋਏ, ਪਰ ਹੁਣ ਉਸਨੂੰ ਆਪਣੇ ਮਾਂ ਪਿਓ ਅਤੇ ਵਤਨ ਦੀ ਯਾਦ ਸਤਾ ਰਹੀ ਸੀ ਤੇ ਉਹ ਖ਼ਾਲਿਦ ਸਾਹਿਬ ਤੋਂ ਇਸ ਸਿਲਸਿਲੇ ਵਿੱਚ ਸਹਾਇਤਾ ਮੰਗ ਰਿਹਾ ਸੀ। ਐਡਵੋਕੇਟ ਸ਼ਰੀਫ ਤਾਰਿਕ ਹੋਰਾਂ ਚਾਹ ਦੀ ਦਾਵਤ ਦਿੱਤੀ ਸੀ ਤੇ ਉਥੇ ਵੀ ਕਸ਼ਮੀਰ ਦੀ ਸਿਆਸਤ ਉਤੇ ਗੱਲਬਾਤ ਹੁੰਦੀ ਰਹੀ। ਸ਼ਾਮ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੱਤੀ ਦਾਵਤ ਵਿੱਚ ਖ਼ਾਲਿਦ ਸਾਹਿਬ ਸ਼ਾਮਿਲ ਹੋਏ। ਆਸ਼ਿਕ ਸਲਾਰੀਆ ਤੇ ਉਸਦੇ ਬੀਵੀ ਬੱਚੇ ਅਤੇ ਮੈਂ ਤੇ ਮੇਰੇ ਬੀਵੀ ਬੱਚੇ ਵੀ ਇਸ ਦਾਵਤ ਵਿੱਚ ਸ਼ਾਮਿਲ ਹੋਏ। ਇਸ ਦਾਵਤ ਵਿੱਚ ਜਸਟਿਸ ਅਬਦੁੱਲ ਮੱਜੀਦ ਮਲਿਕ, ਐਡਵੋਕੇਟ ਮੁਨੀਰ ਅਹਿਮਦ, ਐਡਵੋਕੇਟ ਰਿਆਜ਼ ਇਨਕਲਾਬੀ ਅਤੇ ਮੀਡੀਆ ਦੇ ਲੋਕ ਵੀ ਸ਼ਾਮਿਲ ਹੋਏ ਸਨ। ਉਨ੍ਹਾਂ ਨਾਲ ਜੰਮੂ-ਕਸ਼ਮੀਰ ਦੇ ਸਿਆਸੀ ਤੇ ਸਮਾਜੀ ਹਾਲਾਤ ਬਾਰੇ ਬੜੀ ਲੰਬੀ ਚੌੜੀ ਗੱਲਬਾਤ ਹੋਈ ਤੇ ਖ਼ਾਲਿਦ ਸਾਹਿਬ ਨੇ ਕਈ ਗ਼ਲਤ ਫਹਿਮੀਆਂ ਦੂਰ ਕੀਤੀਆਂ। 12 ਅਪ੍ਰੈਲ ਨੂੰ ਖ਼ਾਲਿਦ ਸਾਹਿਬ ਤੇ ਭੈਣ ਨਸੀਮ ਨੇ ਮੀਰਪੁਰ ਪ੍ਰੈੱਸ ਵੱਲੋਂ ਰੱਖੇ ਗਏ ਸਮਾਗਮ ਵਿੱਚ ਹਿੱਸਾ ਲਿਆ। ਅਖ਼ਬਾਰ ਮਸ਼ਰਿਕ, ਜੰਗ, ਤੇ ਖ਼ਬਰੇਂ ਨੂੰ ਇੰਟਰਵਿਊ ਦਿੱਤੇ। ਖ਼ਾਲਿਦ ਸਾਹਿਬ ਨੇ ਅਖ਼ਬਾਰ ਵਾਲਿਆਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਵੀ ਦਿੱਤੇ ਤੇ ਭਾਰਤੀ ਕਸ਼ਮੀਰ ਵਿੱਚ ਹੋਈ ਉਨੱਤੀ, ਤਾਲੀਮ, ਦਸਤਕਾਰੀ ਤੇ ਟੂਰਿਜ਼ਮ ਆਦਿ ਬਾਰੇ ਦੱਸਿਆ। ਮਜ਼ਬੀ ਆਜ਼ਾਦੀ, ਜੰਮੂ-ਕਸ਼ਮੀਰ ਦੇ ਹਰ ਖੇਤਰ ਵਿੱਚ ਔਰਤਾਂ ਦਾ ਯੋਗਦਾਨ ਅਤੇ ਬਿਜਲੀ, ਪਾਣੀ ਤੇ ਹੋਰ ਲੋਕਾਂ ਦੀਆਂ ਸਹੂਲਤਾਂ ਲਈ ਬਣਾਈਆਂ ਗਈਆਂ ਸਕੀਮਾਂ ਬਾਰੇ ਜਾਣੂੰ ਕਰਵਾਇਆ। 13 ਤਾਰੀਕ ਸ਼ਾਮ ਨੂੰ ਮੀਰਪੁਰ ਬਾਰ ਐਸੋਸੀਏਸ਼ਨ ਵੱਲੋਂ ਚਾਹ ਦੀ ਦਾਵਤ ਦਿੱਤੀ ਗਈ ਤੇ ਉਥੇ ਭਾਰਤ-ਪਾਕਿਸਤਾਨ ਰਿਸ਼ਤਿਆਂ ਬਾਰੇ, ਕਸ਼ਮੀਰ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਖ਼ਾਲਿਦ ਸਾਹਿਬ ਨੇ ਬੜੀ ਤਫਸੀਲ ਨਾਲ ਦਿੱਤੇ। 1947 ਵਿੱਚ ਜੰਮੂ ਤੋਂ ਪਲਾਇਨ ਕਰਕੇ ਮੀਰਪੁਰ ਵਿੱਚ

ਵੱਸੇ ਕਈ ਲੋਕ ਖ਼ਾਲਿਦ ਸਾਹਿਬ ਨੂੰ ਮਿਲਣ ਆਏ ਤੇ ਜੰਮੂ ਬਾਰੇ ਗੱਲਾਂ ਕਰਦੇ ਰਹੇ। ਰਾਤ ਨੂੰ ਖ਼ਾਲਿਦ ਸਾਹਿਬ ਨੇ ਕਮਿਸ਼ਨਰ ਮੀਰਪੁਰ ਡਿਵੀਜ਼ਨ, ਡਿਪਟੀ ਕਮਿਸ਼ਨਰ, ਬਾਰ ਐਸੋਸੀਏਸ਼ਨ ਦੇ ਸਦਰ, ਪ੍ਰੈੱਸ ਕਲੱਬ ਦੇ ਪ੍ਰਧਾਨ, ਐਡਵੋਕੇਟ ਮੁਨੀਰ ਅਹਿਮਦ ਤੇ ਰਿਆਜ਼ ਇਨਕਲਾਬੀ ਆਦਿ ਨੂੰ ਰਾਤ ਦੇ ਖਾਣੇ ਦੀ ਦਾਵਤ 'ਤੇ ਬੁਲਾਇਆ, ਜਿਸਦਾ ਇੰਤਜ਼ਾਮ ਅਸਾਂ ਦੋਵਾਂ ਭਰਾਵਾਂ ਨੇ ਮਿਲ ਕੇ ਕੀਤਾ ਸੀ। 14 ਅਪ੍ਰੈਲ ਨੂੰ ਭੈਣ ਨਸੀਮ ਤੇ ਖ਼ਾਲਿਦ ਭਾਈ ਨੂੰ ਲੈ ਕੇ ਮੈਂ ਵਾਪਿਸ ਰਾਵਲਪਿੰਡੀ ਆਇਆ। ਉਥੇ ਖ਼ਾਲਿਦ ਸਾਹਿਬ ਦੇ ਕੁੜਮ ਫਾਰੂਕ ਬੇਗ ਦੇ ਭਰਾਵਾਂ ਮੋਹਸਿਨ ਬੇਗ ਤੇ ਮਹਿਬੂਬ ਬੇਗ ਦੇ ਘਰ ਖਾਣਾ ਖਾਧਾ। ਫਾਰੂਕ ਬੇਗ ਦੀ ਬੇਟੀ ਸੰਨਾਹ, ਖ਼ਾਲਿਦ ਸਾਹਿਬ ਦੇ ਛੋਟੇ ਬੇਟੇ ਯਾਸਿਰ ਇਮਰਾਨ ਦੀ ਬੀਵੀ ਹੈ। ਫਾਰੂਕ ਬੇਗ ਜੰਮੂ ਵਿੱਚ ਹੀ ਰਹਿੰਦਾ ਹੈ ਤੇ ਉਸਦੇ ਭਰਾ ਮੋਹਸਿਨ ਬੇਗ ਤੇ ਮਹਿਬੂਬ ਬੇਗ ਇਸਲਾਮਾਬਾਦ ਵਿੱਚ। ਇਸਲਾਮਾਬਾਦ ਦੀ ਖ਼ੂਬ ਸੈਰ ਕੀਤੀ, ਸ਼ੱਕਰ ਪੜੀਆਂ, ਫੈਸਲ ਮਸਜਿਦ ਤੇ ਹੋਰ ਕਈ ਥਾਵਾਂ ਨੂੰ ਵੇਖਿਆ। ਇਸਲਾਮਾਬਾਦ ਨੂੰ ਵੇਖ ਕੇ ਖ਼ਾਲਿਦ ਸਾਹਿਬ ਦਾ ਕਹਿਣਾ ਸੀ ਕਿ ਇਹ ਸ਼ਹਿਰ ਭਾਰਤੀ ਉਪ-ਮਹਾਦੀਪ ਦਾ ਸਭ ਤੋਂ ਸੋਹਣਾ ਤੇ ਸਾਫ਼ ਸੁਥਰਾ ਸ਼ਹਿਰ ਹੈ। ਭੈਣ ਨਸੀਮ, ਮੋਹਸਿਨ ਬੇਗ ਸਾਹਿਬ ਦੇ ਘਰ ਬੈਠੀ ਰਹੀ। ਖ਼ਾਲਿਦ ਸਾਹਿਬ ਤੇ ਮੈਂ ਟੈਕਸਲਾ ਵੇਖਣ ਚਲੇ ਗਏ। ਇਹ ਇਤਿਹਾਸਕ ਸ਼ਹਿਰ ਰਾਵਲਪਿੰਡੀ ਤੋਂ 30 ਕਿਲੋਮੀਟਰ ਦੂਰ ਹੈ ਤੇ ਸਿੱਖ ਭਰਾਵਾਂ ਦਾ ਮਸ਼ਹੂਰ ਤੀਰਥ ਅਸਥਾਨ ਗੁਰਦੁਆਰਾ ਪੰਜਾ ਸਾਹਿਬ ਟੈਕਸਲਾ ਤੋਂ 15 ਕਿਲੋਮੀਟਰ ਦੂਰ ਹੈ, ਜੋ ਹੱਸਣ ਅਬਦਾਲ ਕਸਬੇ ਵਿੱਚ ਹੈ। ਖ਼ਾਲਿਦ ਸਾਹਿਬ ਨੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਵੀ ਕੀਤੇ ਸਨ। ਟੈਕਸਲਾ, ਗੰਧਾਰਾ ਸੱਭਿਅਤਾ ਦਾ ਇੱਕ ਵਧੀਆ ਨਮੂਨਾ ਹੈ। ਇਸ ਦੀ ਖੁਦਾਈ ਵੀ ਅੰਗਰੇਜ਼ਾਂ ਨੇ ਹੀ ਸ਼ੁਰੂ ਕਰਵਾਈ ਸੀ। ਇਹ ਬਹੁਤ ਵੱਡਾ ਸ਼ਹਿਰ ਸੀ ਤੇ ਇਸ ਵਿੱਚ ਇੱਕ ਯੂਨੀਵਰਸਿਟੀ ਵੀ ਸੀ ਜਿਥੇ ਪੂਰੇ ਭਾਰਤ ਤੋਂ ਪੜ੍ਹਣ ਲਈ ਵਿਦਿਆਰਥੀ ਆਉਂਦੇ ਸਨ। ਟੈਕਸਲਾ ਦਾ ਮਿਊਜ਼ੀਅਮ ਵੇਖਣ ਯੋਗ ਹੈ, ਜਿਸ ਵਿੱਚ ਤਿੰਨ ਹਜ਼ਾਰ ਸਾਲ ਪੁਰਾਣੀ ਪੰਜਾਬੀਆਂ ਦੀ ਰਹਿਤਲ ਤੇ ਸੱਭਿਅਤਾ ਦਾ ਝਲਕਾਰਾ ਮਿਲਦਾ ਹੈ। ਗੌਤਮ ਬੁੱਧ ਦੀਆਂ ਮੂਰਤੀਆਂ, ਪਾਲੀ ਲਿੱਪੀ ਵਿੱਚ ਭੋਜ-ਪੱਤਰਾਂ ਤੇ ਲਿਖੇ ਗਏ ਗ੍ਰੰਥ, ਔਰਤਾਂ ਦੇ ਗਹਿਣੇ, ਕਿਸਾਨਾਂ ਦੇ ਖੇਤੀਬਾੜੀ ਸੰਦ ਤੇ ਹੋਰ ਬੇਸ਼ੁਮਾਰ ਚੀਜ਼ਾਂ ਵੇਖਣ ਯੋਗ ਹਨ। ਨਾਲ ਹੀ ਪਾਕਿਸਤਾਨ ਆਰਡੀਨੈਂਸ ਫੈਕਟਰੀ ਵੀ ਹੈ, ਜਿਸ ਵਿੱਚ ਅਲ-ਖ਼ਾਲਿਦ ਤੇ ਅਲ-ਜਰਾਰ ਟੈਂਕ ਬਣਦੇ ਹਨ, ਛੋਟੀਆਂ ਤੋਪਾਂ ਬਣਦੀਆਂ ਹਨ ਅਤੇ ਫੌਜ ਲਈ ਛੋਟੇ ਹਥਿਆਰ। ਖ਼ਾਲਿਦ ਸਾਹਿਬ ਨੇ ਗੰਧਾਰਾ ਸੱਭਿਅਤਾ ਉਤੇ ਲਿਖੀਆਂ ਗਈਆਂ ਪੁਸਤਕਾਂ ਖਰੀਦੀਆਂ ਤੇ ਇੰਝ ਅਸੀਂ ਵਾਪਿਸ ਇਸਲਾਮਾਬਾਦ ਪਰਤ ਆਏ। 15 ਅਪ੍ਰੈਲ ਨੂੰ ਭਾਈਜਾਨ ਖ਼ਾਲਿਦ ਹੁਸੈਨ, ਭੈਣ ਨਸੀਮ ਤੇ ਮੈਂ ਰਾਵਲਪਿੰਡੀ ਤੋਂ ਲਾਹੌਰ ਲਈ ਡੀਓਵੋ ਬੱਸ ਸਰਵਿਸ (DEOWOO

Bus Service) ਦੀ ਬੱਸ ਵਿੱਚ ਬਹਿ ਗਏ। ਡੀਓਵੋ ਇੱਕ ਵਧੀਆ ਬੱਸ ਸਰਵਿਸ ਹੈ। ਇਸ ਬੱਸ ਵਿੱਚ ਇੱਕ ਲੇਡੀ ਹੋਸਟੇਸ, ਸਵਾਰੀਆਂ ਨੂੰ ਪਾਣੀ, ਕੋਲਡ ਡਰਿੰਕ ਤੇ ਸਨੈਕਸ ਦਿੰਦੀ ਹੈ। ਇਹ ਬੱਸ ਮੋਟਰ ਵੇਅ 'ਤੇ ਚੱਲਦੀ ਹੈ। ਮੋਟਰ ਵੇਅ, ਨਾਰਥ ਕੋਰੀਆ ਦੀ ਸਹਾਇਤਾ ਨਾਲ ਬਣਾਈ ਗਈ ਹੈ ਤੇ ਬਹੁਤ ਹੀ ਚੌੜੀ ਹੈ, ਜਿਸ ਦੀਆਂ ਛੇ ਲਾਈਨਾਂ ਹਨ ਤੇ ਸੜਕਾਂ ਦੇ ਦੋਵੇਂ ਪਾਸੇ ਤਾਰਾਂ ਲਗਾਈਆਂ ਗਈਆਂ ਹਨ। ਮੋਟਰ ਵੇਹ ਲਾਹੌਰ ਤੋਂ ਪਿਸ਼ਾਵਰ ਤਕ ਤੇ ਦੂਜੇ ਪਾਸੇ ਕਰਾਚੀ ਤਕ ਬਣਾਈ ਗਈ ਹੈ। ਇਸ 'ਤੇ ਬੱਸ ਜਾਂ ਹੋਰ ਗੱਡੀਆਂ ਦੀ ਰਫਤਾਰ 120 ਕਿਲੋਮੀਟਰ ਪ੍ਰਤੀ ਘੰਟਾ ਹੋਣੀ ਚਾਹੀਦੀ ਹੈ। ਜਿਸ ਏਅਰ ਕੰਡੀਸ਼ਨਡ ਬੱਸ ਵਿੱਚ ਅਸੀਂ ਬੈਠੇ ਸਾਂ ਉਸਨੇ 400 ਕਿਲੋਮੀਟਰ ਦਾ ਸਫਰ 4 ਘੰਟਿਆਂ ਵਿੱਚ ਕੀਤਾ, ਜਿਸ ਵਿੱਚ ਚਾਹ-ਪਾਣੀ ਲਈ ਅੱਧੇ ਘੰਟੇ ਦੀ ਬ੍ਰੇਕ ਵੀ ਸ਼ਾਮਿਲ ਹੈ। ਲਾਹੌਰ ਵਿੱਚ ਅਸੀਂ ਬਾਜੀ ਨਸੀਮ ਦੀ ਮਾਸੀ, ਖਾਲਾ ਰਜ਼ੀਆ ਦੇ ਘਰ ਵਿੱਚ ਰਹੇ ਜਿਹੜਾ ਗੁਲਬਰਗ ਵਿੱਚ ਹੈ। ਸ਼ਾਮ ਨੂੰ ਖਾਲਾ ਰਜ਼ੀਆ ਦੇ ਘਰ ਲਾਹੌਰ ਵਿੱਚ ਰਹਿਣ ਵਾਲੇ ਜੰਮੂ ਵਾਸੀਆਂ ਦਾ ਮੇਲਾ ਲੱਗ ਗਿਆ, ਆਉਣ ਵਾਲੇ ਸਾਰੇ ਬੁੱਢੇ ਤੇ ਬੁੱਢੀਆਂ ਸਨ, ਜਿਨ੍ਹਾਂ ਦੀ ਉਮਰ 70 ਤੋਂ 80 ਵਰ੍ਹਿਆਂ ਦੀ ਹੋਵੇਗੀ। ਉਹ ਸਾਰੇ ਜੰਮੂ ਬਾਰੇ ਪੁੱਛ ਪੜਤਾਲ ਕਰ ਰਹੇ ਸਨ। ਇਨ੍ਹਾਂ ਵਿੱਚ ਕੋਈ ਪੁਰਾਣੀ ਮੰਡੀ, ਕੋਈ ਸਰਾਜਾਂ ਦੀ ਢੱਕੀ ਤੇ ਕੋਈ ਮੁਹੱਲਾ ਦਲਪੱਤੀਆਂ ਦਾ ਰਹਿਣ ਵਾਲਾ ਸੀ। ਇੰਝ ਹੀ ਜੰਮੂ ਦੇ ਵੱਖ-ਵੱਖ ਮੁਹੱਲਿਆਂ ਤੋਂ ਹਿਜਰਤ ਕਰਕੇ ਗਏ ਹੋਏ ਇਹ ਪੰਜਾਬੀ ਆਪਣੀ ਮਿੱਟੀ ਨਾਲੋਂ ਹਾਲੇ ਵੀ ਨਹੀਂ ਸਨ ਟੁੱਟੇ। ਉਹ ਬਾਜੀ ਨਸੀਮ ਤੇ ਖ਼ਾਲਿਦ ਸਾਹਿਬ ਨੂੰ ਮਿਲ ਕੇ ਬਹੁਤ ਖੁਸ਼ ਹੋਏ ਤੇ ਸਾਰਿਆਂ ਨੇ ਰਾਤ ਦਾ ਖਾਣਾ ਖਾਲਾ ਰਜ਼ੀਆ ਦੇ ਘਰ ਹੀ ਖਾਧਾ। ਦੂਜੇ ਦਿਨ ਯਾਨੀ 16 ਅਪ੍ਰੈਲ ਨੂੰ ਅਸੀਂ ਦਾਤਾ ਗੰਜ ਬਖ਼ਸ਼ ਦੀ ਮਜ਼ਾਰ 'ਤੇ ਹਾਜ਼ਰੀ ਦਿੱਤੀ ਤੇ ਫਿਰ ਸ਼ਾਹੀ ਕਿਲ੍ਹਾ, ਬਾਦਸ਼ਾਹੀ ਮਸਜਿੱਦ, ਅਲਾਮਾਂ ਇਕਬਾਲ ਦਾ ਮਕਬਰਾ, ਰਣਜੀਤ ਸਿੰਘ ਦੀ ਸਮਾਧ, ਮਿਨਾਰ-ਏ-ਪਾਕਿਸਤਾਨ, ਸ਼ਾਲਾਮਾਰ ਬਾਗ਼, ਸ਼ਾਹ ਹੁਸੈਨ ਤੇ ਮੀਆਂ ਮੀਰ ਦੇ ਮਜ਼ਾਰ ਵੇਖੇ ਤੇ ਪੁਰਾਣੇ ਲਾਹੌਰ ਦੀ ਸੈਰ ਕੀਤੀ ਤੇ ਅਨਾਰਕਲੀ ਬਾਜ਼ਾਰ ਵਿੱਚ ਖ਼ਾਲਿਦ ਸਾਹਿਬ ਨੇ ਕੁੱਝ ਖਰੀਦਾਰੀ ਵੀ ਕੀਤੀ। ਦੁਪਹਿਰ ਦਾ ਖਾਣਾ ਖਾਣ ਮਗਰੋਂ ਖ਼ਾਲਿਦ ਸਾਹਿਬ 12ਵੀਂ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਸ਼ਰੀਕ ਹੋਣ ਲਈ ਪੰਜ ਸਤਾਰਾ ਹੋਟਲ ਐਮਬਸਡਰ ਵਿੱਚ ਗਏ, ਜਿਹੜਾ ਡੇਵਸ ਰੋਡ 'ਤੇ ਹੈ। ਬਾਜੀ ਨਸੀਮ ਨੂੰ ਲੈਣ ਲਈ, ਖਾਲਾ ਰਜ਼ੀਆ ਦੇ ਨਿੱਕੇ ਪੁੱਤਰ ਜ਼ਾਹਿਦ ਕੁਰੈਸ਼ੀ ਆਏ ਸਨ ਤੇ ਉਹ ਉਨ੍ਹਾਂ ਨਾਲ ਗੁਲਬਰਗ ਚਲੀ ਗਈ ਤੇ ਖ਼ਾਲਿਦ ਸਾਹਿਬ ਮੈਨੂੰ ਲੈ ਕੇ ਹੋਟਲ ਦੇ ਉਸ ਹਾਲ ਵਿੱਚ ਗਏ ਜਿਥੇ ਕਾਨਫਰੰਸ ਹੋ ਰਹੀ ਸੀ। ਭਾਰਤ ਤੋਂ ਕੋਈ ਸਾਹਿਤਕਾਰ ਨਹੀਂ ਸੀ ਆ ਸਕਿਆ, ਕਿਉਂਕਿ ਉਨ੍ਹਾਂ ਨੂੰ ਵੇਲੇ ਸਿਰ ਵੀਜ਼ਾ ਨਹੀਂ ਸੀ ਮਿਲ ਸਕਿਆ। ਸਿਰਫ ਭਾਰਤ ਦੇ ਅਕਲੀਤੀ (Monority) ਕਮਿਸ਼ਨ

ਦੇ ਚੇਅਰਮੈਨ ਸ. ਤਰਲੋਚਨ ਸਿੰਘ ਤੇ ਯਾਤਰਾ 'ਤੇ ਆਏ ਕੁੱਝ ਸਿੱਖ ਸੱਜਣ ਹਾਲ ਵਿੱਚ ਜਮ੍ਹਾ ਹੋ ਗਏ ਸਨ। ਇਹ ਵਿਸ਼ਵ ਕਾਨਫਰੰਸ ਕਰਾਉਣ ਦਾ ਬੇੜਾ ਫ਼ਖਰ ਜ਼ਮਾਂ ਹੋਰਾਂ ਨੇ ਚੁੱਕਿਆ ਸੀ, ਜਿਹੜੇ ਵਿਸ਼ਵ ਪੰਜਾਬੀ ਕਾਨਫਰੰਸ ਦੇ ਚੇਅਰਮੈਨ ਹਨ। ਪੂਰੇ ਪਾਕਿਸਤਾਨ ਤੋਂ ਡੈਲੀਗੇਟ ਪਹੁੰਚੇ ਸਨ ਤੇ ਉਨ੍ਹਾਂ ਨੂੰ ਵੱਖ-ਵੱਖ ਹੋਟਲਾਂ ਵਿੱਚ ਠਹਿਰਾਇਆ ਗਿਆ ਸੀ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਕੁੱਝ ਹੋਰ ਵਿਦੇਸ਼ੀ ਮੁਲਕਾਂ ਦੇ ਡੈਲੀਗੇਟ ਆਏ ਸਨ। 16 ਅਪ੍ਰੈਲ ਨੂੰ ਗੈਰ-ਰਸਮੀ ਇੱਕਠ ਹੋਇਆ ਸੀ ਤੇ ਸਾਹਿਤਕਾਰ ਆਪਸ ਵਿੱਚ ਜਾਣ-ਪਛਾਣ ਕਰ ਰਹੇ ਸਨ। ਖ਼ਾਲਿਦ ਸਾਹਿਬ ਤੇ ਮੈਂ ਐਮਬਸਡਰ ਹੋਟਲ ਦੇ ਕਮਰਾ ਨੰ. 9 ਵਿੱਚ ਠਹਿਰੇ ਸਾਂ। ਖਾਣ-ਪੀਣ ਤੇ ਰਿਹਾਇਸ਼ ਦਾ ਵਧੀਆ ਪ੍ਰਬੰਧ ਸੀ। 17 ਅਪ੍ਰੈਲ 2005 ਨੂੰ ਅਲਹਮਰਾ ਵਿਖੇ 12ਵੀਂ ਵਿਸ਼ਵ ਪੰਜਾਬੀ ਕਾਨਫਰੰਸ ਦਾ ਬਾਕਾਇਦਾ ਉਦਘਾਟਨ ਪਾਕਿਸਤਾਨ ਦੇ ਸਾਬਕਾ ਸਦਰ ਤੇ ਚੀਫ਼ ਜਸਟਿਸ ਰਫੀਕ ਤਾਰੜ ਸਾਹਿਬ ਨੇ ਕੀਤਾ ਤੇ ਸਭ ਤੋਂ ਪਹਿਲਾਂ ਪ੍ਰਸਿੱਧ ਗਾਇਕ ਸ਼ੌਕਤ ਅਲੀ ਦਾ ਗਾਇਆ ਹੋਇਆ ਤੇ ਏਜਾਜ਼ ਆਜ਼ਰ ਦਾ ਲਿਖਿਆ ਹੋਇਆ ਦੋਵਾਂ ਮੁਲਕਾਂ ਦੀ ਸਾਂਝ ਬਾਰੇ ਗੀਤ ਦੀ ਵਿਡੀਓ ਵਿਖਾਈ ਗਈ, ਜੋ ਦਿਲ ਨੂੰ ਟੂਹਣ ਵਾਲੀ ਸੀ। ਤਕਰੀਰਾਂ ਹੋਈਆਂ। ਹਿੰਦ-ਪਾਕ ਦੋਸਤੀ, ਪੰਜਾਬੀ ਭਾਈਚਾਰਾ ਤੇ ਸਰਹੱਦਾਂ ਨੂੰ ਨਰਮ ਕਰਨ ਦੀ ਮੰਗ ਕੀਤੀ ਗਈ। ਦੁਪਹਿਰ ਦੇ ਖਾਣੇ ਮਗਰੋਂ ਸਾਹਿਤਕ ਸੈਸ਼ਨ ਸ਼ੁਰੂ ਹੋਏ। ਰਾਤ ਨੂੰ ਗੀਤ-ਸੰਗੀਤ ਦਾ ਪ੍ਰੋਗਰਾਮ ਹੋਇਆ ਜਿਸ ਵਿੱਚ ਪਾਕਿਸਤਾਨੀ ਪੰਜਾਬ ਦੇ ਕਲਾਕਾਰਾਂ ਨੇ ਆਪਣੀ ਖੂਬਸੂਰਤ ਗਾਇਕੀ ਨਾਲ ਰੰਗ ਜਮਾਇਆ। 18 ਅਪ੍ਰੈਲ ਨੂੰ ਪਹਿਲੇ ਸੈਸ਼ਨ ਵਿੱਚ ਖ਼ਾਲਿਦ ਹੁਸੈਨ ਹੋਰਾਂ ਦੀ ਕਿਤਾਬ 'ਬਲਦੀ ਬਰਫ਼ ਦਾ ਸੇਕ' ਰਿਲੀਜ਼ ਕੀਤੀ ਗਈ, ਜਿਹੜੀ ਸ਼ਾਹ ਮੁੱਖੀ ਅੱਖਰਾਂ ਵਿੱਚ ਲਿਖੀ ਗਈ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਲਹਿੰਦੇ ਪੰਜਾਬ ਦੇ ਸਿੱਖਿਆ ਮੰਤਰੀ ਨੇ ਕੀਤੀ। ਦੂਜੇ ਸੈਸ਼ਨ ਦੀ ਪ੍ਰਧਾਨਗੀ ਸ. ਤਰਲੋਚਨ ਸਿੰਘ ਜੀ ਨੇ ਕੀਤੀ, ਜਿਸ ਵਿੱਚ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਸਾਹਿਤ ਬਾਰੇ ਪੇਪਰ ਪੜ੍ਹੇ ਗਏ। ਤੀਜੇ ਸੈਸ਼ਨ ਦੀ ਪ੍ਰਧਾਨਗੀ ਖ਼ਾਲਿਦ ਹੁਸੈਨ ਹੋਰਾਂ ਕੀਤੀ, ਇਸ ਵਿੱਚ ਕਈ ਮਤੇ ਪਾਸ ਕੀਤੇ ਗਏ, ਜਿਸ ਵਿੱਚ ਦੋਵਾਂ ਪੰਜਾਬਾਂ ਵਿੱਚ ਆਣ-ਜਾਣ ਲਈ ਵੀਜ਼ਾ ਸਿਸਟਮ ਖਤਮ ਕਰਨ ਦੀ ਮੰਗ ਕੀਤੀ ਗਈ, ਨਾਲੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਲਾਹੌਰ ਵਿੱਚ ਕਿਸੇ ਚੌਂਕ ਦਾ ਨਾਂ ਰੱਖਣ ਲਈ ਕਿਹਾ ਗਿਆ ਸੀ। ਇਸ ਮੰਗ ਨੂੰ ਸਵੀਕਾਰ ਕਰਦਿਆਂ ਹੋਇਆਂ ਲਾਹੌਰ ਦੇ ਸ਼ਾਦਮਾਨ ਚੌਂਕ ਦਾ ਨਾਂ ਭਗਤ ਸਿੰਘ ਚੌਂਕ ਰੱਖਣਾ ਸਰਕਾਰ ਨੇ ਮੰਨ ਲਿਆ ਹੈ। ਸੈਸ਼ਨ ਮੁੱਕਦਿਆਂ ਹੀ ਅਮਜਦ ਸਲੀਮ ਤੇ ਉਨ੍ਹਾਂ ਨਾਲ ਕੁੱਝ ਹੋਰ ਨੌਜਵਾਨ ਪੰਜਾਬੀ ਲਿਖਾਰੀ ਖ਼ਾਲਿਦ ਸਾਹਿਬ ਨੂੰ ਟੈਂਪਲ ਰੋਡ ਵਿਖੇ 'ਸਾਂਝ' ਦੇ ਦਫਤਰ ਲੈ ਗਏ, ਜਿਥੇ 25-30 ਨੌਜਵਾਨ ਲਿਖਾਰੀ ਇੱਕਠੇ ਹੋਏ ਸਨ। ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ

ਸਈਯਦ ਭੁੱਟਾ ਜਿਹੜੇ ਆਪ ਵੀ ਪੰਜਾਬੀ/ਸਰਾਇਕੀ ਦੇ ਪ੍ਰਸਿੱਧ ਸਾਹਿਤਕਾਰ ਹਨ, ਨੇ ਖ਼ਾਲਿਦ ਸਾਹਿਬ ਦਾ ਤਾਰੁਫ ਕਰਵਾਇਆ। ਪ੍ਰਸਿੱਧ ਸ਼ਾਇਰ ਅਫ਼ਜ਼ਲ ਸਾਹਿਰ ਨੇ 'ਬਲਦੀ ਬਰਫ ਦਾ ਸੇਕ' 'ਚੋਂ ਖ਼ਾਲਿਦ ਹੁਸੈਨ ਦਾ ਆਪਣੇ ਬਾਰੇ ਲਿਖਿਆ ਲੇਖ 'ਕਹੇ ਹੁਸੈਨ ਫਕੀਰ ਸਾਂਈ ਦਾ' ਪੜ੍ਹ ਕੇ ਸੁਣਾਇਆ। ਇਥੇ ਖ਼ਾਲਿਦ ਸਾਹਿਬ ਨੇ ਆਪਣੀ ਕਹਾਣੀ ਸੁਣਾਈ। ਨੌਜਵਾਨ ਲਿਖਾਰੀਆਂ ਨਾਲ ਮਿਲ ਕੇ ਖ਼ਾਲਿਦ ਸਾਹਿਬ ਬਹੁਤ ਖੁਸ਼ ਸਨ। ਰਾਤ ਦਾ ਖਾਣਾ ਖਾਣ ਮਗਰੋਂ ਅਲਹਮਰਾ ਵਿੱਚ ਹੀ ਪਾਕਿਸਤਾਨੀ ਗਾਇਕਾਂ ਸ਼ੌਕਤ ਅਲੀ, ਰੇਸ਼ਮਾਂ, ਉਸਤਾਦ ਹਾਮਦ ਅਲੀ ਖਾਨ, ਸੁਰਈਆ ਖ਼ਾਨੁਮ ਤੇ ਫਿਊਜ਼ਨ ਗਰੁੱਪ ਨੇ ਵਾਹ ਵਾਹ ਰੰਗ ਜਮਾਇਆ। ਇਹ ਕਲਚਰਲ ਪ੍ਰੋਗਰਾਮ ਅੱਧੀ ਰਾਤੀਂ ਖਤਮ ਹੋਇਆ। 19 ਅਪ੍ਰੈਲ ਨੂੰ ਖ਼ਾਲਿਦ ਸਾਹਿਬ ਐਮਬਸਡਰ ਹੋਟਲ ਛੱਡ ਕੇ ਖਾਲਾ ਰਜ਼ੀਆ ਕੋਲ ਗੁਲਬਰਗ ਆ ਗਏ। ਨਾਸ਼ਤਾ ਕਰਨ ਮਗਰੋਂ ਖ਼ਾਲਿਦ ਸਾਹਿਬ, ਬਾਜੀ ਨਸੀਮ ਤੇ ਮੈਂ, ਲਾਹੌਰ ਤੋਂ ਗੁਜਰਾਤ ਲਈ ਬੱਸ ਫੜੀ। ਰਸਤੇ ਵਿੱਚ ਕਾਲਾ ਸ਼ਾਹ ਕਾਕੋ (ਜ਼ਿਲ੍ਹਾ ਸ਼ੇਖੂਪੁਰਾ), ਖੜਕ ਪਿੰਡ ਦਾਸ, ਗੁੱਜਰਾਂਵਾਲਾ ਅਤੇ ਐਮਨਾਬਾਦ ਵੀ ਵੇਖਿਆ। ਰਾਤ ਖ਼ਾਲਿਦ ਸਾਹਿਬ ਨੇ ਆਪਣੇ ਦੋਸਤ ਤੇ ਗਾਇਕ ਅਤੇ ਗੁਜਰਾਤ ਦੇ ਮਸ਼ਹੂਰ ਡਾਕਟਰ ਅਜ਼ਹਰ ਮਹਿਮੂਦ ਚੌਧਰੀ ਦੇ ਘਰ ਗੁਜ਼ਾਰੀ। ਡਾਕਟਰ ਸਾਹਿਬ ਨੇ ਸੁਰਜੀਤ ਪਾਤਰ ਦੇ ਇੱਕ ਗੀਤ (ਕੱਚ ਦਾ ਗਿਲਾਸ) ਗਾ ਕੇ ਸੁਣਾਇਆ। ਸਵੇਰੇ ਸੌਖਤੇ ਅਸੀਂ ਗੁਜਰਾਤ ਤੋਂ ਰਾਵਲਪਿੰਡੀ ਵੱਲ ਨਿਕਲ ਪਏ। ਰਸਤੇ ਵਿੱਚ ਲਾਲਾ ਮੂਸਾ, ਖਾਰੀਆਂ, ਸਰਾਏ ਆਲਮਗੀਰ ਤੇ ਜਿਹਲਮ ਸ਼ਹਿਰ ਵੇਖੇ। ਗੁਜਰਾਤ ਵਿੱਚ ਡਾ. ਅਜ਼ਹਰ ਮਹਿਮੂਦ ਨੇ ਸਾਨੂੰ ਤਹਿਸੀਲ ਚੇਲੀਆਂ ਵਾਲਾ ਵਿੱਚ ਉਹ ਇਤਿਹਾਸਕ ਮੈਦਾਨ ਦੱਸਿਆ ਜਿਥੇ ਸਿਕੰਦਰ ਤੇ ਪੋਰਸ ਦੀ ਲੜਾਈ ਹੋਈ ਸੀ। ਇਸੇ ਮੈਦਾਨ ਵਿੱਚ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਵੀ ਹੋਈ ਸੀ, ਜਿਸ ਵਿੱਚ ਬਹੁ-ਗਿਣਤੀ ਵਿੱਚ ਅੰਗਰੇਜ਼ ਸਿਪਾਹੀ ਮਰੇ ਸਨ ਤੇ ਉਥੇ ਉਨ੍ਹਾਂ ਦਾ ਕਬਰਿਸਤਾਨ ਮੌਜੂਦ ਹੈ। 20 ਅਪ੍ਰੈਲ ਦੀ ਦੁਪਹਿਰ ਦਾ ਖਾਣਾ ਰਾਵਲਪਿੰਡੀ ਵਿੱਚ ਭੈਣ ਡਾ. ਪਰਵੀਨ ਦੇ ਘਰ ਖਾਣ ਮਗਰੋਂ ਅਸੀਂ ਉਨ੍ਹਾਂ ਦੀ ਹੀ ਕਾਰ ਵਿੱਚ ਮੁਜ਼ਫਰਾਬਾਦ ਲਈ ਚੱਲ ਪਏ। ਰਾਤ ਦੇਰ ਨਾਲ ਮੁਜ਼ਫਰਾਬਾਦ ਦੇ ਡਾਕ ਬੰਗਲੇ ਵਿੱਚ ਪਹੁੰਚੇ। 21 ਅਪ੍ਰੈਲ ਨੂੰ ਮਿਊਂਸਿਪਲ ਕਾਰਪੋਰੇਸ਼ਨ ਮੁਜ਼ਫਰਾਬਾਦ ਵੱਲੋਂ ਭਾਰਤੀ ਕਸ਼ਮੀਰ ਤੋਂ ਗਏ ਯਾਤਰੀਆਂ ਨੂੰ ਨਾਸ਼ਤਾ ਤੇ ਦੁਪਹਿਰ ਦੀ ਰੋਟੀ ਖੁਵਾਈ ਗਈ। ਮੁਜ਼ਫਰਾਬਾਦ ਡਿਵੀਜ਼ਨ ਦੇ ਕਮਿਸ਼ਨਰ ਨੇ ਖ਼ਾਲਿਦ ਸਾਹਿਬ ਨੂੰ ਚਾਂਦੀ ਦੀ ਇੱਕ ਸ਼ੀਲਡ ਯਾਦਗਾਰੀ ਚਿੰਨ੍ਹ ਵਜੋਂ ਦਿੱਤੀ। ਦੁਪਹਿਰ ਦੇ ਬਾਅਦ ਖ਼ਾਲਿਦ ਸਾਹਿਬ ਤੇ ਭੈਣ ਨਸੀਮ ਆਪਣੇ ਕੁੜਮ ਫਾਰੂਕ ਬੇਗ ਦੇ ਤਾਏ ਦੇ ਪੁੱਤਰ ਮਿਰਜ਼ਾ ਗੁਲਾਮ ਰਸੂਲ ਬੇਗ ਨੂੰ ਮਿਲਣ ਲਈ ਦੂਮੇਲ ਗਏ। ਮਿਰਜ਼ਾ ਗੁਲਾਮ ਰਸੂਲ ਬੇਗ ਦਾ ਮਕਾਨ ਦਰਿਆ ਨੀਲਮ (ਕਿਸ਼ਨ ਗੰਗਾ) ਦੇ ਕੰਢੇ 'ਤੇ ਬਣਿਆ ਹੋਇਆ ਸੀ। ਗੁਲਾਮ ਰਸੂਲ ਬੇਗ ਉਂਝ ਤਾਂ

ਬਿਮਾਰ ਸੀ, ਪਰ ਜੰਮੂ ਦਾ ਨਾਂ ਸੁਣ ਕੇ ਇੱਕ ਦਮ ਉਠ ਕੇ ਬਹਿ ਗਿਆ ਤੇ ਆਪਣੇ ਯਾਰ ਦੋਸਤਾਂ ਤੇ ਰਿਸ਼ਤੇਦਾਰਾਂ ਬਾਰੇ ਪੁੱਛਣ ਲੱਗਾ। ਉਹਨੇ ਦੀਨੂ ਭਾਈ ਪੰਤ ਬਾਰੇ ਵੀ ਗੱਲਬਾਤ ਕੀਤੀ ਤੇ ਉਨ੍ਹਾਂ ਦੀਆਂ ਦੋ ਡੋਗਰੀ ਕਵਿਤਾਵਾਂ ਵੀ ਜ਼ੁਬਾਨੀ ਸੁਣਾਈਆਂ। ਫੇਰ ਉਸਨੇ ਕਿਹਾ ਕਿ ਜੰਮੂ ਰੇਡੀਓ ਤੋਂ ਖ਼ਾਲਿਦ ਹੁਸੈਨ ਨਾਂ ਦਾ ਇੱਕ ਬੰਦਾ ਪੰਜਾਬੀ ਕਹਾਣੀਆਂ ਸੁਣਾਉਂਦਾ ਹੈ, ਉਸਨੂੰ ਮੇਰਾ ਸਲਾਮ ਕਹਿ ਦਿਓ। ਜਦ ਖ਼ਾਲਿਦ ਹੁਸੈਨ ਨੇ ਦੱਸਿਆ ਕਿ ਉਹ ਬੰਦਾ ਤੁਹਾਡੇ ਸਾਹਮਣੇ ਬੈਠਾ ਹੈ ਤਾਂ ਗੁਲਾਮ ਰਸੂਲ ਬੇਗ ਨੇ ਉਠ ਕੇ ਗੱਲਵਕੜੀ ਪਾ ਲਈ ਤੇ ਭਾਈ ਸਾਹਿਬ ਦੇ ਹੱਥ ਚੁੰਮਣ ਲੱਗਾ। ਇੰਝ ਇਹ ਮੁਲਾਕਾਤ ਬੜੀ ਸੁਆਦਲੀ ਰਹੀ। 22 ਅਪ੍ਰੈਲ ਨੂੰ ਸ੍ਰੀਨਗਰ ਦਾ ਵਾਪਸੀ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਖ਼ਾਲਿਦ ਸਾਹਿਬ ਨੂੰ ਆਜ਼ਾਦ ਕਸ਼ਮੀਰ ਦੇ ਪਹਿਲੇ ਮੁਜਾਹਿਦ ਤੇ ਸਾਬਕਾ ਵਜ਼ੀਰੇ ਆਜ਼ਮ ਤੇ ਸਦਰ ਸ. ਅਬਦੁੱਲ ਕਯੂਮ ਖਾਨ ਨੇ ਨਾਸ਼ਤੇ ’ਤੇ ਬੁਲਾਇਆ। ਆਪਣੀ ਗੱਲਬਾਤ ਵਿੱਚ ਉਨ੍ਹਾਂ ਕਿਹਾ ਕਿ ਉਹ ਹੁਣ ਉਮਰ ਦੇ ਉਸ ਹਿੱਸੇ ਵਿੱਚ ਦਾਖ਼ਿਲ ਹੋ ਚੁੱਕੇ ਹਨ ਜਿਥੇ ਕਿਸੇ ਵੇਲੇ ਵੀ ਜ਼ਿੰਦਗੀ ਦਾ ਖ਼ਾਤਮਾ ਹੋ ਸਕਦਾ ਹੈ, ਇਸ ਲਈ ਉਹ ਚਾਹੁੰਦੇ ਹਨ ਕਿ ਕਸ਼ਮੀਰ ਦਾ ਮਸਲਾ ਉਨ੍ਹਾਂ ਦੀਆਂ ਅੱਖਾਂ ਬੰਦ ਹੋਣ ਤੋਂ ਪਹਿਲਾਂ ਹੱਲ ਹੋ ਜਾਵੇ। ਉਨ੍ਹਾਂ ਕਿਹਾ ਜੇ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਇਸ ਮਸਲੇ ਦਾ ਹੱਲ ਲੱਭ ਲੈਂਦੀਆਂ ਹਨ ਤਾਂ ਉਹ ਮੁਖ਼ਾਲਫ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਮੇਰਾ ਇਹ ਪੈਗਾਮ ਕਸ਼ਮੀਰ ਦੇ ਲੀਡਰਾਂ ਨੂੰ ਦੇ ਦਿੱਤਾ ਜਾਏ। ਖ਼ਾਲਿਦ ਸਾਹਿਬ ਨੇ ਜਵਾਬ ਵਿੱਚ ਕਿਹਾ ਕਿ ਉਹ ਹੁਰੀਅਤ ਤੇ ਵੱਖਵਾਦੀ ਲੀਡਰਾਂ ਨੂੰ ਨਹੀਂ ਜਾਣਦੇ, ਪਰ ਕਸ਼ਮੀਰ ਦੇ ਮੁੱਖ ਮੰਤਰੀ ਨੂੰ ਉਨ੍ਹਾਂ ਦਾ ਪੈਗਾਮ ਜ਼ਰੂਰ ਦੇ ਦੇਣਗੇ। 11 ਵਜੇ ਮੁਜ਼ਫਰਾਬਾਦ ਤੋਂ ਸ੍ਰੀਨਗਰ ਜਾਣ ਵਾਲੀ ਬੱਸ ਰਵਾਨਾ ਹੋਈ। ਮੁਜ਼ਫਰਾਬਾਦ ਦੀ ਸਾਰੀ ਸਰਕਾਰੀ ਮਸ਼ੀਨਰੀ ਤੇ ਸ਼ਹਿਰ ਦੇ ਪਤਵੰਤਿਆਂ ਨੇ ਯਾਤਰੀਆਂ ਨੂੰ ਵਿਦਾ ਕੀਤਾ। ਡਿਪਟੀ ਕਮਿਸ਼ਨਰ ਮੁਜ਼ਫਰਾਬਾਦ, ਬੱਸ ਦੇ ਨਾਲ ਕਮਾਨ ਪੁਲ ਤਕ ਆਏ। ਜਦ ਉਹ ਜਾਣ ਲੱਗੇ ਤਾਂ ਭਾਰਤੀ ਫੌਜ ਦੇ ਬ੍ਰਿਗੇਡੀਅਰ ਫਿਦਾ ਹਸਨੈਨ (ਜਿਹੜੇ ਬਾਅਦ ਵਿੱਚ ਜਨਰਲ ਬਣੇ ਤੇ ਸ੍ਰੀਨਗਰ ਵਿੱਚ ਕੋਰ ਕਮਾਂਡਰ ਰਹੇ) ਨੇ ਉਨ੍ਹਾਂ ਨੂੰ ਚਾਹ ਦੀ ਦਾਵਤ ਦਿੱਤੀ। ਡਿਪਟੀ ਕਮਿਸ਼ਨਰ ਕਮਾਨ ਪੁਲ ਨੂੰ ਪਾਰ ਕਰਕੇ ਫੌਜ ਵੱਲੋਂ ਲਗਾਏ ਗਏ ਸਵਾਗਤੀ ਸ਼ਾਮੀਆਨੇ ਵਿੱਚ ਚਾਹ ਪੀਣ ਆਏ ਤੇ ਸਾਰੇ ਮੁਸਾਫਿਰਾਂ ਨਾਲ ਚਾਹ ਪੀਤੀ। ਚਾਹ ਪੀਣ ਮਗਰੋਂ ਬ੍ਰਿਗੇਡੀਅਰ ਹਸਨੈਨ ਉਨ੍ਹਾਂ ਨੂੰ ਕਮਾਨ ਪੁਲ ਦੇ ਆਖ਼ੀਰ ਤਕ ਛੱਡ ਕੇ ਵਾਪਿਸ ਆਏ। ਮੈਂ ਵੀ ਉਨ੍ਹਾਂ ਨਾਲ ਹੀ ਵਾਪਿਸ ਮੁਜ਼ਫਰਾਬਾਦ ਆ ਗਿਆ ਤੇ ਦੂਜੇ ਦਿਨ ਟੈਕਸਟ ਬੁੱਕ ਵਿਭਾਗ ਵਿੱਚ ਆਪਣੀ ਡਿਊਟੀ ’ਤੇ ਹਾਜ਼ਿਰ ਹੋ ਗਿਆ। ਕੁੱਝ ਦਿਨਾਂ ਮਗਰੋਂ ਖ਼ਾਲਿਦ ਸਾਹਿਬ ਦਾ ਦਸੂਏ (ਪੰਜਾਬ) ਤੋਂ ਫੋਨ ਆਇਆ ਕਿ ਉਨ੍ਹਾਂ ਦੁਪਹਿਰ ਦਾ ਖਾਣਾ ਸਲਾਮਾਬਾਦ ਉੜੀ ਵਿੱਚ ਖਾਧਾ ਤੇ ਸ਼ਾਮ ਦੇ 6 ਵਜੇ ਸ੍ਰੀਨਗਰ

ਪਹੁੰਚ ਗਏ ਸਨ, ਜਿਥੇ ਉਨ੍ਹਾਂ ਨੂੰ ਇੰਸਪੈਕਟਰ ਜਨਰਲ ਪੁਲਿਸ ਜਾਵੇਦ ਮਖਦੂਮੀ ਹੋਰਾਂ ਨੇ ਪੁਲਿਸ ਗੈਸਟ ਹਾਊਸ ਵਿੱਚ ਰੱਖਿਆ ਤੇ ਉਥੇ ਰਾਤ ਰਹਿ ਕੇ ਖ਼ਾਲਿਦ ਸਾਹਿਬ ਤੇ ਭੈਣ ਨਸੀਮ ਦੂਜੇ ਦਿਨ ਜੰਮੂ ਆਪਣੇ ਘਰ ਸਹੀ ਸਲਾਮਤ ਪਹੁੰਚ ਗਏ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਸ. ਕਯੂਮ ਖਾਨ ਦਾ ਪੈਗਾਮ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਯਦ ਨੂੰ ਦੇ ਦਿੱਤਾ ਸੀ ਅਤੇ ਮੁਲਾਕਾਤ ਵਿੱਚ ਆਜ਼ਾਦ ਕਸ਼ਮੀਰ ਦੇ ਦੌਰੇ ਦੀ ਤਫਸੀਲ ਵੀ ਸੁਣਾਈ ਸੀ।

***

# ਦਿਲਗੀਰੀਆਂ

1990 ਦਾ ਸਾਲ ਖ਼ਾਲਿਦ ਹੁਸੈਨ ਲਈ ਬੜਾ ਔਖਾ ਵਰ੍ਹਾ ਰਿਹਾ। ਇਸ ਤੋਂ ਪਹਿਲਾਂ 1988 ਤੇ 1989 ਵਰ੍ਹਿਆਂ ਵਿੱਚ ਵੀ ਉਨ੍ਹਾਂ ਨੂੰ ਸੁੱਖ ਦਾ ਸਾਹ ਨਹੀਂ ਆਇਆ। ਕੋਈ ਨਾ ਕੋਈ ਅਜਿਹੀ ਘਟਨਾ ਹੁੰਦੀ ਰਹੀ, ਜਿਸ ਕਾਰਨ ਉਹ ਪ੍ਰੇਸ਼ਾਨੀ ਤੇ ਮੁਸੀਬਤ ਵਿੱਚ ਉਲਝੇ ਰਹੇ। ਉਹ ਚੰਗੇ ਭਲੇ ਉਸਤਾਦ ਮੁਹੱਲੇ ਵਿੱਚ ਰਹਿੰਦੇ ਸਨ, ਜਿਥੇ ਉਨ੍ਹਾਂ ਦੇ ਗੁਆਂਢੀ ਹਿੰਦੂ, ਮੁਸਲਮਾਨ ਤੇ ਸਿੱਖ ਸਨ। ਉਸ ਸਾਂਝੀ ਰਹਿਤਲ ਵਿੱਚ ਰਹਿ ਕੇ ਖ਼ਾਲਿਦ ਸਾਹਿਬ ਦੇ ਬੱਚੇ ਪੜ੍ਹਦੇ ਰਹੇ ਤੇ ਉਨ੍ਹਾਂ ਦੇ ਬੱਚਿਆਂ ਦਾ ਬਹਿਣ ਖਲੋਣ ਤੇ ਯਾਰੀ ਦੋਸਤੀ ਵੀ ਹਰ ਕਿਸੇ ਨਾਲ ਸੀ। ਪਰ 1987 ਵਿੱਚ ਖ਼ਾਲਿਦ ਸਾਹਿਬ ਨੇ ਗੁੱਜਰ ਨਗਰ ਵਿੱਚ ਇੱਕ ਵੱਡਾ ਮਕਾਨ ਬਣਾਇਆ ਤੇ ਉਸ ਵਿੱਚ ਰਹਿਣ ਲਈ ਚਲੇ ਗਏ, ਕਿਉਂਕਿ ਉਸਤਾਦ ਮੁਹੱਲੇ ਵਾਲ਼ੇ ਮਕਾਨ ਵਿੱਚ ਜਗ੍ਹਾ ਦੀ ਤੰਗੀ ਸੀ। ਗੁੱਜਰ ਨਗਰ ਇੱਕ ਨਵੀਂ ਬਸਤੀ ਵਸਾਈ ਗਈ ਸੀ ਤੇ ਇਸ ਕਾਲੋਨੀ ਵਿੱਚ ਪੁਣਛ, ਰਾਜੌਰੀ, ਡੋਡਾ, ਭੱਦਰਵਾਹ, ਕਿਸ਼ਤਵਾੜ, ਬਨਹਾਲ ਤੇ ਕਸ਼ਮੀਰ ਦੇ ਰਹਿਣ ਵਾਲੇ ਲੋਕਾਂ ਨੇ ਮਕਾਨ ਬਣਾਏ ਸਨ। ਉਨ੍ਹਾਂ ’ਚੋਂ ਕੁੱਝ ਤਾਂ ਪੱਕੇ ਤੌਰ ’ਤੇ ਗੁੱਜਰ ਨਗਰ ਵਿੱਚ ਰਹਿੰਦੇ ਸਨ ਤੇ ਕੁੱਝ ਸਰਦੀਆਂ ਦੇ ਚਾਰ ਪੰਜ ਮਹੀਨੇ ਰਹਿ ਕੇ ਵਾਪਿਸ ਪਰਤ ਜਾਂਦੇ ਸਨ। ਇਹ ਸਾਰਾ ਇਲਾਕਾ ਮੁਸਲਮਾਨ ਆਬਾਦੀ ਨਾਲ ਭਰਿਆ ਪਿਆ ਸੀ। ਇਥੇ ਖ਼ਾਲਿਦ ਸਾਹਿਬ ਦੇ ਵੱਡੇ ਪੁੱਤਰ ਜ਼ਾਕਿਰ ਹੁਸੈਨ ਦਾ ਬਹਿਣ ਖਲੋਣ ਕੁੱਝ ਕੱਟਰਪੰਥੀ ਮੁੰਡਿਆਂ ਨਾਲ ਹੋ ਗਿਆ, ਜਿਹੜੇ ਪੰਜ ਵਕਤ ਦੇ ਨਿਮਾਜ਼ੀ ਸਨ ਤੇ ਜਿਨ੍ਹਾਂ ਨੂੰ ਕੋਈ ਐਬ ਨਹੀਂ ਸੀ। ਜਦ ਖ਼ਾਲਿਦ ਹੁਸੈਨ ਦੀ ਪਲੇਠੀ ਦੀ ਧੀ ਸਿੱਮੀ ਦਾ ਵਿਆਹ ਹੋਇਆ ਤਾਂ ਇਨ੍ਹਾਂ ਮੁੰਡਿਆਂ ਨੇ ਚੋਖਾ ਕੰਮ ਕੀਤਾ। ਗੁੱਜਰ ਨਗਰ ਵਾਲੇ ਮਕਾਨ ਵਿੱਚ ਆ ਕੇ ਅਜੀਬ-ਅਜੀਬ ਗੱਲਾਂ ਹੋਈਆਂ। ਬੱਚਿਆਂ ਤੇ ਉਨ੍ਹਾਂ ਦੀ ਪਤਨੀ ਨੂੰ ਡਰਾਉਣੇ ਸੁਪਨੇ ਆਉਂਦੇ ਰਹਿੰਦੇ। ਕਮਰੇ ਦੇ ਬਾਹਰ ਅਤੇ ਕਦੇ ਬਰਾਮਦੇ ਵਿੱਚ ਤਾਜ਼ੇ ਖ਼ੂਨ ਦੇ ਤੁਪਕੇ ਫਰਸ਼ ’ਤੇ ਪਏ ਮਿਲਦੇ। ਉਨ੍ਹਾਂ ਦੀ ਪਤਨੀ ਪਹਿਲੇ ਦਿਨ ਤੋਂ ਹੀ ਕਹਿਣ ਲੱਗੀ ਕਿ ਵਾਪਿਸ ਉਸਤਾਦ ਮੁਹੱਲੇ ਚੱਲੋ, ਇਥੇ ਅਸਾਂ ਨਹੀਂ ਰਹਿਣਾ। ਪਰ ਖ਼ਾਲਿਦ ਸਾਹਿਬ ਨੇ ਕਿਸੇ ਦੀ ਨਾ ਮੰਨੀ। 1988 ਵਿੱਚ ਜਬਰਦਸਤ ਹੜ੍ਹ ਆਇਆ। ਤਵੀ ਦਰਿਆ ਦਾ ਪਾਣੀ ਪੁਲ ਨੂੰ ਛੂਹਣ ਲੱਗਾ ਅਤੇ ਹੜ੍ਹ ਦਾ ਪਾਣੀ ਖ਼ਾਲਿਦ ਸਾਹਿਬ ਦੇ ਘਰ ਵੜ ਗਿਆ,

ਕਿਉਂਕਿ ਖ਼ਾਲਿਦ ਸਾਹਿਬ ਨੇ ਆਪਣਾ ਮਕਾਨ ਤਵੀ ਦਰਿਆ ਦੇ ਕੰਢੇ 'ਤੇ ਬਣਾਇਆ ਸੀ। ਮਕਾਨ ਦੀ ਹੇਠਲੀ ਮੰਜ਼ਿਲ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬ ਗਈ ਸੀ। ਚੋਖਾ ਨੁਕਸਾਨ ਹੋਇਆ। ਦੂਜੇ ਸਾਲ ਫਿਰ ਹੜ੍ਹ ਆਇਆ, ਪਾਣੀ ਮਕਾਨ ਦੇ ਅੰਦਰ ਤਾਂ ਆ ਗਿਆ, ਪਰ ਕੋਈ ਨੁਕਸਾਨ ਨਹੀਂ ਹੋਇਆ। ਖ਼ਾਲਿਦ ਸਾਹਿਬ ਦੇ ਇੱਕ ਨੌਕਰ ਦਾ ਨਾਮ ਵੀ ਜ਼ਾਕਿਰ ਹੁਸੈਨ ਸੀ। ਉਹ ਬਿਜਲੀ ਦੀ ਹਾਇਰ ਟੈਂਸ਼ਨ ਵਾਇਰ ਨਾਲ ਜਾ ਚੰਬੜਿਆ। ਉਹ ਮਰਦੇ ਮਰਦੇ ਬਚਿਆ, ਪਰ ਉਸਦੇ ਇਲਾਜ 'ਤੇ ਚੋਖਾ ਪੈਸਾ ਖ਼ਰਚ ਹੋਇਆ। ਫਿਰ 1990 ਦੀ ਗੱਲ ਹੈ ਜਦ ਕਸ਼ਮੀਰ ਵਿੱਚ ਖਾੜਕੂਆਂ ਨੇ ਆਪਣੀਆਂ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਲੋਕਾਂ ਦੇ ਜਲੂਸ ਨਿਕਲਦੇ ਸਨ। ਜਲੂਸਾਂ ਵਿੱਚ ਲੱਖਾਂ ਲੋਕੀ ਸ਼ਿਰਕਤ ਕਰਦੇ ਸਨ। ਆਜ਼ਾਦੀ ਦੇ ਨਾਅਰੇ ਲੱਗਦੇ ਸਨ। ਫਾਰੂਕ ਅਬਦੁੱਲਾ ਦੀ ਹਕੂਮਤ ਨੇ ਅਸਤੀਫਾ ਦੇ ਦਿੱਤਾ, ਕਿਉਂਕਿ ਕੇਂਦਰੀ ਸਰਕਾਰ ਨੇ ਜਗਮੋਹਨ ਨੂੰ ਮੁੜ ਜੰਮੂ-ਕਸ਼ਮੀਰ ਦਾ ਗਵਰਨਰ ਬਣਾ ਕੇ ਭੇਜਿਆ ਸੀ ਤੇ ਇਹ ਗੱਲ ਫਾਰੂਕ ਅਬਦੁੱਲਾ ਨੂੰ ਮਨਜ਼ੂਰ ਨਹੀਂ ਸੀ। ਜਗਮੋਹਨ ਨੇ ਚਾਰਜ ਸੰਭਾਲਦੇ ਹੀ ਕਸ਼ਮੀਰੀਆਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਕਸ਼ਮੀਰ ਵਿੱਚ ਪੰਡਿਤ ਬਰਾਦਰੀ, ਜਿਸਦੀ ਕੁੱਲ ਗਿਣਤੀ ਤਿੰਨ ਚਾਰ ਲੱਖ ਤੋਂ ਵੱਧ ਨਹੀਂ ਸੀ, ਉਹ ਵੱਡੇ ਵੱਡੇ ਜਲੂਸਾਂ ਨੂੰ ਵੇਖ ਕੇ ਡਰੀ ਤੇ ਸਹਿਮੀ ਹੋਈ ਸੀ। ਮਸੀਤਾਂ ਦੇ ਲਾਊਡ-ਸਪੀਕਰਾਂ 'ਤੇ ਵੀ ਆਜ਼ਾਦੀ ਦੇ ਨਾਅਰੇ ਲਗਾਏ ਜਾ ਰਹੇ ਸਨ। ਖਾੜਕੂਆਂ ਨੇ ਸਭ ਤੋਂ ਪਹਿਲਾਂ ਉਨ੍ਹਾਂ ਕਸ਼ਮੀਰੀ ਪੰਡਿਤਾਂ ਨੂੰ ਮਾਰ ਦਿੱਤਾ ਜਿਹੜੇ ਭਾਰਤੀ ਸਰਕਾਰ ਦੀਆਂ ਖ਼ੁਫੀਆ ਏਜੰਸੀਆਂ ਵਿੱਚ ਕੰਮ ਕਰਦੇ ਸਨ। ਉਸ ਪੰਡਿਤ ਜੱਜ ਨੂੰ ਵੀ ਮਾਰ ਦਿੱਤਾ ਜਿੰਨੇ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਬਾਨੀ, ਚੇਅਰਮੈਨ ਮੁਹੰਮਦ ਮਕਬੂਲ ਭੱਟ ਨੂੰ ਫਾਂਸੀ ਦੀ ਸਜ਼ਾ ਦਿੱਤੀ ਸੀ। ਇਸ ਤੋਂ ਛੁੱਟ ਕਈ ਕਸ਼ਮੀਰੀ ਮੁਸਲਮਾਨਾਂ ਨੂੰ ਵੀ ਕਤਲ ਕਰ ਦਿੱਤਾ ਜਿਹੜੇ ਭਾਰਤ ਨਵਾਜ਼ ਸਨ। ਹਾਲਾਤ ਇੰਨੀ ਤੇਜ਼ੀ ਨਾਲ ਵਿਗੜੇ ਸਨ ਕਿ ਕੇਂਦਰੀ ਸਰਕਾਰ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਇਨ੍ਹਾਂ 'ਤੇ ਕਿੰਝ ਕਾਬੂ ਪਾਇਆ ਜਾਏ, ਇਸੇ ਲਈ ਉਨ੍ਹਾਂ ਜਗਮੋਹਨ ਨੂੰ ਦੂਜੀ ਵਾਰੀ ਗਵਰਨਰ ਬਣਾ ਕੇ ਘੱਲਿਆ ਸੀ। ਉਸਨੇ ਆਉਂਦਿਆਂ ਹੀ ਪਹਿਲਾ ਕੰਮ ਇਹ ਕੀਤਾ ਕਿ ਕਸ਼ਮੀਰੀ ਪੰਡਿਤਾਂ ਨੂੰ ਕਸ਼ਮੀਰ ਘਾਟੀ ਛੱਡਣ ਲਈ ਤਿਆਰ ਕਰ ਲਿਆ। ਉਸਨੇ ਗਵਰਨਮੈਂਟ ਟਰਾਂਸਪੋਰਟ ਦੀਆਂ ਬੱਸਾਂ ਤੇ ਟਰੱਕ ਕਸ਼ਮੀਰੀ ਪੰਡਿਤਾਂ ਨੂੰ ਦਿੱਤੇ, ਨਾਲ ਸੈਂਟਰਲ ਰਿਜ਼ਰਵ ਪੁਲਿਸ ਦੇ ਸਿਪਾਹੀ ਹਿਫਾਜ਼ਤ ਲਈ ਦਿੱਤੇ ਤਾਂ ਜੋ ਉਹ ਸਾਰਾ ਸਾਮਾਨ ਘਰਾਂ ਤੋਂ ਲੈ ਕੇ ਕਸ਼ਮੀਰ ਤੋਂ ਪਲਾਇਨ ਕਰ ਸਕਣ। ਕਸ਼ਮੀਰੀ ਪੰਡਿਤ ਜਿਹੜੇ ਸਦੀਆਂ ਤੋਂ ਆਪਣੇ ਕਸ਼ਮੀਰੀ ਮੁਸਲਮਾਨ ਭਰਾਵਾਂ ਨਾਲ ਘਿਓ-ਖਿੱਚੜੀ ਹੋ ਕੇ ਰਹਿੰਦੇ ਸਨ, ਜਦ ਉਨ੍ਹਾਂ ਦੇ ਢਾਈ ਸੌ ਤੋਂ ਵੱਧ ਬੰਦੇ ਖਾੜਕੂਆਂ ਕਤਲ ਕਰ ਦਿੱਤੇ ਤਾਂ ਉਨ੍ਹਾਂ ਕਸ਼ਮੀਰ ਛੱਡਣ ਦਾ ਫੈਸਲਾ ਕੀਤਾ। ਜਗਮੋਹਨ

ਨੇ ਗੱਡੀਆਂ ਤੇ ਸਕਿਓਰਟੀ ਦਿੱਤੀ। ਇੰਝ ਕਸ਼ਮੀਰੀ ਪੰਡਿਤ ਊਧਮਪੁਰ, ਜੰਮੂ, ਦਿੱਲੀ ਤੇ ਹੋਰ ਕਈ ਥਾਵਾਂ 'ਤੇ ਸ਼ਰਨਾਰਥੀ ਬਣ ਕੇ ਰਹਿਣ ਲੱਗੇ। ਪੂਰਾ ਸ਼੍ਰੀਨਗਰ ਸ਼ਹਿਰ ਤੇ ਵੱਡੇ ਵੱਡੇ ਕਸਬੇ ਕਸ਼ਮੀਰੀ ਪੰਡਿਤਾਂ ਤੋਂ ਖਾਲੀ ਹੋ ਗਏ। ਕੁੱਝ ਕਸ਼ਮੀਰੀ ਪੰਡਿਤ ਦੂਰ ਦੁਰਾਡੇ ਪਿੰਡਾਂ ਵਿੱਚ ਰਹਿ ਗਏ ਤੇ ਉਨ੍ਹਾਂ ਆਪਣੀਆਂ ਜ਼ਮੀਨਾਂ ਤੇ ਘਰ ਛੱਡਣ ਤੋਂ ਇਨਕਾਰ ਕਰ ਦਿੱਤਾ। ਹੁਣ ਜਗਮੋਹਨ ਕੋਲ ਮੈਦਾਨ ਖੁੱਲ੍ਹਾ ਸੀ, ਉਸਨੇ ਜਲੂਸਾਂ 'ਤੇ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ, ਜਿਸ ਕਾਰਨ ਆਮ ਲੋਕੀ ਮਰਨ ਲੱਗੇ ਤੇ ਖਾੜਕੂਆਂ ਦੀ ਪੁਜੀਸ਼ਨ ਮਜ਼ਬੂਤ ਹੁੰਦੀ ਗਈ। ਖਾੜਕੂਆਂ ਨੂੰ ਸ਼ੱਕ ਸੀ ਕਿ ਕਸ਼ਮੀਰ ਦਾ ਮੀਰ ਵਾਇਜ਼ ਮੌਲਵੀ ਫਾਰੂਕ ਭਾਰਤੀ ਏਜੰਟ ਹੈ। ਉਨ੍ਹਾਂ ਉਸਨੂੰ ਕਤਲ ਕਰ ਦਿੱਤਾ ਤੇ ਦੋਸ਼ ਸਕਿਓਰਟੀ ਫੌਜਾਂ 'ਤੇ ਲੱਗ ਗਿਆ। ਲੋਕਾਂ ਨੇ ਸਾਰਾ ਇਲਜ਼ਾਮ ਪੁਲਿਸ 'ਤੇ ਫੌਜ ਉਤੇ ਮੜ ਦਿੱਤਾ। ਜਦ ਮੌਲਵੀ ਫਾਰੂਕ ਦੇ ਜਨਾਜ਼ੇ ਦਾ ਜਲੂਸ ਨਿਕਲਿਆ ਤਾਂ ਉਸ ਉਤੇ ਬਾਰਡਰ ਸਕਿਓਰਟੀ ਫੋਰਸ ਤੇ ਸੈਂਟਰਲ ਰਿਜ਼ਰਵ ਪੁਲਿਸ ਦੇ ਜਵਾਨਾਂ ਨੇ ਫਾਇਰਿੰਗ ਕਰ ਦਿੱਤੀ, ਜਿਸ ਨਾਲ ਪੰਜਾਹ ਬੰਦੇ ਮਰ ਗਏ ਤੇ ਸੌ ਤੋਂ ਵੱਧ ਫੱਟੜ ਹੋ ਗਏ। ਇੰਝ ਹੀ ਬਿਜਬਿਹਾੜਾ ਵਿੱਚ ਇੱਕ ਵੱਡੇ ਜਲੂਸ 'ਤੇ ਸਕਿਓਰਟੀ ਫੋਰਸ ਨੇ ਗੋਲੀਆਂ ਚਲਾਈਆਂ, ਜਿਸ ਨਾਲ 55 ਬੰਦੇ ਮਰ ਗਏ ਤੇ ਡੇਢ ਸੌ ਤੋਂ ਵੱਧ ਫੱਟੜ ਹੋ ਗਏ। ਫੌਜ ਬੈਰਕਾਂ 'ਚੋਂ ਬਾਹਰ ਆਉਣੀ ਸ਼ੁਰੂ ਹੋ ਗਈ ਤੇ ਉਸ ਵਿੱਚ ਹੌਲੀ ਹੌਲੀ ਵਾਧਾ ਹੁੰਦਾ ਗਿਆ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚੋਂ ਫੌਜ ਨੂੰ ਘਾਟੀ ਵਿੱਚ ਬਗਾਵਤ ਨੂੰ ਦਬਾਉਣ ਲਈ ਭੇਜਿਆ ਗਿਆ। ਸੱਤ ਲੱਖ ਫੌਜ ਤੇ ਦੋ ਲੱਖ ਬੀ.ਐਸੱ.ਐਫੱ. ਤੇ ਸੀ.ਆਰ.ਪੀ. ਅਤੇ ਇੱਕ ਲੱਖ ਮੁਕਾਮੀਂ ਪੁਲਿਸ ਕਾਰਨ ਪੂਰੀ ਵਾਦੀ ਇੱਕ ਫੌਜੀ ਛਾਉਣੀ ਬਣ ਗਈ। ਕਰੈਕ ਡਾਉਨ ਆਮ ਹੋ ਗਿਆ। ਮਰਦਾਂ ਨੂੰ ਘਰਾਂ 'ਚੋਂ ਕੱਢ ਕੇ ਮੈਦਾਨਾਂ ਵਿੱਚ ਖੜਾ ਕੀਤਾ ਜਾਂਦਾ ਤੇ ਘਰਾਂ ਵਿੱਚ ਤਲਾਸ਼ੀ ਲਈ ਜਾਂਦੀ। ਔਰਤਾਂ ਦੀ ਬੇ-ਹੁਰਮਤੀ ਹੁੰਦੀ, ਗੱਭਰੂਆਂ ਨੂੰ ਫੜ ਕੇ ਲੈ ਜਾਂਦੇ ਤੇ ਉਨ੍ਹਾਂ ਦੀਆਂ ਲਾਸ਼ਾਂ ਸੁੱਟ ਜਾਂਦੇ। ਅੱਤਿਆਚਾਰ ਵਧਦੇ ਗਏ। ਖਾੜਕੂ ਵੀ ਘੱਟ ਨਹੀਂ ਸਨ ਕਰ ਰਹੇ, ਉਹ ਵੀ ਫੌਜ ਦੇ ਮੁਖਬਰਾਂ ਨੂੰ ਮਾਰਦੇ। ਭਾਰਤ ਨਵਾਜ਼ ਲੋਕਾਂ ਦਾ ਅਪਹਰਣ ਕਰਦੇ। ਗਰਜ਼ ਕਸ਼ਮੀਰ ਦੀ ਲੋਕਾਈ ਦੋ-ਧਾਰੀ ਤਲਵਾਰ ਦੀ ਸ਼ਿਕਾਰ ਸੀ। ਕਸ਼ਮੀਰੀ ਨੌਜਵਾਨ ਜੋਕ ਦਰ ਜੋਕ ਖਾੜਕੂਆਂ ਦੀਆਂ ਜਥੇਬੰਦੀਆਂ ਵਿੱਚ ਸ਼ਾਮਿਲ ਹੁੰਦੇ ਗਏ ਤੇ ਟ੍ਰੇਨਿੰਗ ਲੈਣ ਲਈ ਪਾਕਿਸਤਾਨ ਜਾਂਦੇ ਰਹੇ। ਆਮ ਲੋਕਾਂ 'ਤੇ ਗੋਲੀਆਂ ਚਲਾਉਣ ਤੇ ਉਨ੍ਹਾਂ ਨੂੰ ਕਤਲ ਕਰਨ ਦਾ ਨੋਟਿਸ ਵੱਡੀਆਂ ਤਾਕਤਾਂ ਨੇ ਸਖਤੀ ਨਾਲ ਲਿਆ, ਜਿਸਦਾ ਸਿੱਟਾ ਇਹ ਨਿਕਲਿਆ ਕਿ ਕੇਂਦਰੀ ਸਰਕਾਰ ਨੇ ਜਗਮੋਹਨ ਨੂੰ ਵਾਪਿਸ ਬੁਲਾ ਲਿਆ। ਕਸ਼ਮੀਰ ਵਿੱਚ ਉਗਰਵਾਦ ਪਲੇਗ ਦੀ ਬਿਮਾਰੀ ਵਾਂਗ ਫੈਲਦਾ ਗਿਆ ਤੇ ਉਸਦਾ ਪ੍ਰਭਾਵ ਜੰਮੂ, ਊਧਮਪੁਰ, ਡੋਡਾ, ਭੱਦਰਵਾਹ, ਕਿਸ਼ਤਵਾੜ, ਬਨਹਾਲ, ਰਾਜੌਰੀ ਤੇ ਪੁਣਛ ਦੇ ਮੁਸਲਮ

ਇਲਾਕਿਆਂ ਵਿੱਚ ਵੀ ਪਿਆ। ਰਿਆਸਤ ਜੰਮੂ-ਕਸ਼ਮੀਰ ਵਿੱਚ ਉਗਰਵਾਦ ਲਿਆਉਣ ਲਈ ਪਾਕਿਸਤਾਨ ਸਿੱਧਾ ਜ਼ਿੰਮੇਵਾਰ ਸੀ, ਉਹ ਹਥਿਆਰ ਤੇ ਪੈਸੇ ਭੇਜ ਰਿਹਾ ਸੀ ਤੇ ਆਪਣੇ ਇਲਾਕਿਆਂ ਵਿੱਚ ਮੁੰਡਿਆਂ ਨੂੰ ਟ੍ਰੇਨਿੰਗ ਵੀ ਦੇ ਰਿਹਾ ਸੀ। ਜੰਮੂ ਦੇ ਮੁਸਲਮ ਇਲਾਕਿਆਂ ਵਿੱਚ ਵੀ ਉਗਰਵਾਦ ਜ਼ੋਰ ਫੜਦਾ ਗਿਆ। ਇਥੋਂ ਵੀ ਮੁੰਡੇ ਟ੍ਰੇਨਿੰਗ ਲਈ ਪਾਕਿਸਤਾਨ ਜਾਣ ਲੱਗੇ ਤੇ ਬੰਦੂਕਾਂ ਲੈ ਕੇ ਆਪਣੀਆਂ ਕਾਰਵਾਈਆਂ ਕਰਨ ਲੱਗੇ। ਜੰਮੂ ਵਿੱਚ ਕਾਕਾ ਹੁਸੈਨ ਨਾਂ ਦੇ ਇੱਕ ਨੌਜਵਾਨ ਨੂੰ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਚੇਅਰਮੈਨ ਮੁਹੰਮਦ ਯਾਸੀਨ ਮਲਿਕ ਨੇ ਜੰਮੂ ਵਿੱਚ ਉਸ ਜਥੇਬੰਦੀ ਨੂੰ ਸਥਾਪਿਤ ਕਰਨ ਤੇ ਨੌਜਵਾਨ ਬੱਚਿਆਂ ਨੂੰ ਭਰਤੀ ਕਰਨ ਦਾ ਕੰਮ ਸੌਂਪਿਆ। ਉਸਨੇ ਮਾਸੂਮ ਤੇ ਸਿੱਧੇ ਸਾਧੇ ਬੱਚਿਆਂ ਨੂੰ ਰੋਜ਼ ਰਾਤ ਵੇਲੇ ਗੁੱਜਰ ਨਗਰ ਕਬਰਸਤਾਨ ਵਿੱਚ ਬੁਲਾਣਾ ਤੇ ਉਨ੍ਹਾਂ ਨੂੰ ਭਾਰਤੀ ਫੌਜ ਦੇ ਜ਼ੁਲਮ ਤੇ ਮਾਸੂਮ ਲੋਕਾਂ ਦੀ ਹਲਾਕਤ ਦੇ ਸੱਚੇ-ਝੂਠੇ ਕਿੱਸੇ ਸੁਣਾਉਣੇ। ਉਸਨੇ ਅੱਠ-ਨੌ ਮੁੰਡਿਆਂ ਦੀ ਇੱਕ ਜਥੇਬੰਦੀ ਬਣਾਈ ਤੇ ਆਪ ਉਸਦਾ ਏਰੀਆ ਕਮਾਂਡਰ ਬਣ ਗਿਆ। ਉਹ ਕਬਰਸਤਾਨ ਵਿੱਚ ਹੀ ਛੋਟੀ ਉਮਰ ਦੇ ਇਨ੍ਹਾਂ ਨਾਦਾਨ ਬੱਚਿਆਂ ਨੂੰ ਬੰਦੂਕ ਚਲਾਉਣ ਦੀ ਟ੍ਰੇਨਿੰਗ ਵੀ ਦੇਣ ਲੱਗਾ। ਇਸ ਕਾਕਾ ਹੁਸੈਨ ਨੇ ਖ਼ਾਲਿਦ ਸਾਹਿਬ ਦੇ ਬੇਟੇ ਜ਼ਾਕਿਰ ਹੁਸੈਨ ਨੂੰ ਵੀ ਵਰਗਲਾਇਆ ਤੇ ਆਪਣੀ ਜਥੇਬੰਦੀ ਵਿੱਚ ਸ਼ਾਮਿਲ ਕਰ ਲਿਆ। ਉਸ ਵੇਲੇ ਜ਼ਾਕਿਰ ਦੀ ਉਮਰ ਪੰਦਰਾਂ ਸਾਲ ਸੀ ਤੇ ਉਸਨੇ ਦਸਵੀਂ ਜਮਾਤ ਦਾ ਇਮਤਿਹਾਨ ਦਿੱਤਾ ਸੀ। ਜ਼ਾਕਿਰ ਨੂੰ ਗੱਡੀ ਚਲਾਉਣ ਦਾ ਬੜਾ ਸ਼ੌਂਕ ਸੀ ਤੇ ਕਾਕਾ ਹੁਸੈਨ ਉਸਨੂੰ ਆਪਣੀ ਮਾਰੂਤੀ ਵੈਨ ਵਿੱਚ ਬਿਠਾ ਕੇ ਲੈ ਜਾਂਦਾ ਤੇ ਉਸਨੂੰ ਗੱਡੀ ਚਲਾਉਣਾ ਸਿਖਾਉਂਦਾ। ਕੁੱਝ ਦਿਨਾਂ ਵਿੱਚ ਜ਼ਾਕਿਰ ਆਪ ਗੱਡੀ ਚਲਾਉਣ ਲੱਗਾ। ਕਾਕਾ ਹੁਸੈਨ, ਜੰਮੂ ਵਿੱਚ ਕੋਈ ਵੱਡਾ ਕਾਂਡ ਕਰਨਾ ਚਾਹੁੰਦਾ ਸੀ, ਜਿਸ ਲਈ ਉਸਨੇ ਗੁੰਮਟ ਚੌਂਕ ਦੇ ਇੱਕ ਵੈਸ਼ਨੋ ਢਾਬੇ ਨੂੰ ਚੁਣਿਆ। ਕਾਂਡ ਕਰਨ ਤੋਂ ਇੱਕ ਦਿਨ ਪਹਿਲਾਂ ਉਸਨੇ ਜ਼ਾਕਿਰ ਨੂੰ ਮਾਰੂਤੀ ਵੈਨ ਦਿੱਤੀ ਤੇ ਵੈਨ ਦੇ ਸ਼ੀਸ਼ਿਆਂ ਨੂੰ ਕਾਲੀ ਫਿਲਮ ਲਗਾਉਣ ਲਈ ਘੱਲਿਆ। ਜ਼ਾਕਿਰ ਵੈਨ ਨੂੰ ਸ਼ਹਿਰ ਵਿੱਚ ਘੁਮਾਉਂਦਾ ਰਿਹਾ ਤੇ ਆਖ਼ੀਰ ਕਾਲੀ ਫਿਲਮ ਲਗਵਾ ਕੇ ਵੈਨ ਨੂੰ ਕਾਕਾ ਹੁਸੈਨ ਦੇ ਹਵਾਲੇ ਕਰਕੇ ਆਪਣੇ ਘਰ ਆ ਗਿਆ। ਦੂਜੇ ਦਿਨ ਕਾਕਾ ਹੁਸੈਨ ਨੇ ਗੁੰਮਟ ਦੇ ਵੈਸ਼ਨੋ ਢਾਬੇ 'ਤੇ ਆਪਣੀ ਵੈਨ ਤੋਂ ਫਾਇਰਿੰਗ ਕੀਤੀ ਤੇ ਭੱਜ ਗਿਆ। ਉਸ ਨਾਲ ਉਸ ਵੇਲੇ ਵੈਨ ਵਿੱਚ ਤਿੰਨ ਚਾਰ ਮੁੰਡੇ ਹੋਰ ਸਨ। ਫਾਇਰਿੰਗ ਨਾਲ ਦੋ ਬੰਦੇ ਮਰ ਗਏ ਤੇ ਕੁੱਝ ਜ਼ਖ਼ਮੀ ਹੋ ਗਏ। ਕਾਂਡ ਕਰਨ ਮਗਰੋਂ ਕਾਕਾ ਹੁਸੈਨ ਵੈਨ ਨੂੰ ਲੈ ਕੇ ਗਾਂਧੀ ਨਗਰ ਵੱਲ ਚਲਾ ਗਿਆ, ਉਥੇ ਇੱਕ ਗਲੀ ਵਿੱਚ ਉਸਨੇ ਵੈਨ ਨੂੰ ਖੜਾ ਕਰ ਦਿੱਤਾ ਤੇ ਸਾਰੇ ਮੁੰਡੇ ਵੱਖ ਵੱਖ ਪਾਸੇ ਭੱਜ ਗਏ। ਦੂਜੇ ਦਿਨ ਇਹ ਖ਼ਬਰ ਸਾਰੀਆਂ ਅਖ਼ਬਾਰਾਂ ਵਿੱਚ ਛਪ ਗਈ। ਪੁਲਿਸ ਨੇ ਵੈਨ ਜ਼ਬਤ ਕਰ ਲਈ ਸੀ ਤੇ ਉਹ ਇਸ ਗੱਲ ਦੀ ਤਫਤੀਸ਼ ਕਰ ਰਹੀ

ਸੀ ਕਿ ਇਸ ਵੈਨ ਨੂੰ ਕੌਣ ਚਲਾ ਰਿਹਾ ਸੀ? ਪੁਲਿਸ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਇੱਕ ਦਿਨ ਪਹਿਲਾਂ ਜ਼ਾਕਿਰ ਹੁਸੈਨ, ਜ਼ਬਤ ਕੀਤੀ ਗਈ ਮਾਰੂਤੀ ਵੈਨ ਨੂੰ ਚਲਾ ਰਿਹਾ ਸੀ। ਫੜ ਫੜਾਈ ਸ਼ੁਰੂ ਹੋ ਗਈ। ਜ਼ਾਕਿਰ ਦੇ ਇੱਕ ਦੋ ਦੋਸਤਾਂ ਤੋਂ ਜ਼ਾਕਿਰ ਬਾਰੇ ਪੁੱਛ ਗਿੱਛ ਹੋਣ ਲੱਗੀ। ਜਦ ਜ਼ਾਕਿਰ ਨੂੰ ਪਤਾ ਲੱਗਾ ਤਾਂ ਉਹ ਘਰੋਂ ਭੱਜ ਗਿਆ। ਖ਼ਾਲਿਦ ਸਾਹਿਬ ਦੀ ਪੋਸਟਿੰਗ ਉਸ ਵੇਲੇ ਬਤੌਰ ਐਸਿਸਟੈਂਟ ਕਮਿਸ਼ਨਰ ਡਿਵੈਲਪਮੈਂਟ, ਪੁਣਛ ਵਿਚ ਸੀ। ਜ਼ਾਕਿਰ ਬਾਰੇ ਸੁਣਦਿਆਂ ਹੀ ਉਹ ਪੁਣਛ ਤੋਂ ਜੰਮੂ ਪਹੁੰਚ ਗਏ। ਘਰ ਵਿਚ ਮਾਤਮ ਦਾ ਮਾਹੌਲ ਸੀ। ਮਾਂ ਤੇ ਭੈਣਾਂ ਰੋ ਰਹੀਆਂ ਸਨ। ਖ਼ਾਲਿਦ ਸਾਹਿਬ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਤੇ ਜ਼ਾਕਿਰ ਨੂੰ ਲੱਭਣਾ ਸ਼ੁਰੂ ਕੀਤਾ, ਪਰ ਜ਼ਾਕਿਰ ਦਾ ਕੋਈ ਪਤਾ ਨਾ ਲੱਗਾ। ਕੁਝ ਦਿਨਾਂ ਮਗਰੋਂ ਕਾਕਾ ਹੁਸੈਨ ਸ਼੍ਰੀਨਗਰ ਵਿੱਚ ਗ੍ਰਿਫਤਾਰ ਹੋਇਆ ਤਾਂ ਉਸਨੇ ਆਪਣੇ ਸਾਰਿਆਂ ਸਾਥੀਆਂ ਦਾ ਨਾਂ ਦੱਸਿਆ, ਜਿਸ ਵਿੱਚ ਜ਼ਾਕਿਰ ਹੁਸੈਨ ਦਾ ਨਾਂ ਵੀ ਸੀ। ਬਸ ਫਿਰ ਕੀ ਸੀ, ਵੇਲੇ-ਕੁਵੇਲੇ ਖ਼ਾਲਿਦ ਸਾਹਿਬ ਦੇ ਘਰ ਛਾਪੇ ਵੱਜਣ ਲੱਗੇ। ਕਦੀ ਰਾਤ ਦੇ ਬਾਰ੍ਹਾਂ ਵਜੇ, ਕਦੇ ਦੋ ਵਜੇ, ਕਦੀ ਚਾਰ ਵਜੇ। ਸੀ.ਆਈ.ਡੀ. ਦੇ ਬੰਦੇ ਖ਼ਾਲਿਦ ਸਾਹਿਬ ਦੇ ਘਰ ਕਈ ਰੂਪ ਬਣਾ ਕੇ ਆਉਂਦੇ ਤੇ ਜ਼ਾਕਿਰ ਬਾਰੇ ਸੂਹ ਲੈਂਦੇ। ਬੜੇ ਔਖੇ ਦਿਹਾੜੇ ਸਨ, ਜਿਸ ਵਿੱਚੋਂ ਖ਼ਾਲਿਦ ਸਾਹਿਬ ਤੇ ਉਨ੍ਹਾਂ ਦਾ ਪਰਿਵਾਰ ਲੰਘ ਰਿਹਾ ਸੀ। ਖ਼ਾਲਿਦ ਸਾਹਿਬ ਨੂੰ ਸਿਟੀ ਥਾਣੇ ਬੁਲਾਇਆ ਗਿਆ, ਜਿਥੇ ਬੀ.ਐਸ.ਐਫ਼. ਦੇ ਇੱਕ ਵੱਡੇ ਅਫਸਰ ਨੇ ਉਨ੍ਹਾਂ ਦੀ ਤਫਤੀਸ਼ ਕੀਤੀ। ਉਹ ਪਹਿਲਾਂ ਖ਼ਾਲਿਦ ਸਾਹਿਬ ਦਾ ਹਮਦਰਦ ਬਣ ਕੇ ਮਿਲਿਆ ਤੇ ਉਸਨੇ ਆਪਣਾ ਨਾਂ ਅਫਸਰ ਖਾਨ ਦੱਸਿਆ, ਇਹ ਸੋਚਦਿਆਂ ਕਿ ਮੁਸਲਮਾਨ ਨਾਂ ਦੱਸਣ ਨਾਲ ਖ਼ਾਲਿਦ ਸਾਹਿਬ ਉਸਨੂੰ ਆਪਣਾ ਹਮਾਇਤੀ ਸਮਝਣਗੇ। ਖ਼ਾਲਿਦ ਸਾਹਿਬ ਨੇ ਆਪਣੇ ਬਾਰੇ, ਆਪਣੇ ਖਾਨਦਾਨ ਬਾਰੇ ਤੇ ਜ਼ਾਕਿਰ ਬਾਰੇ ਸਾਰੀਆਂ ਗੱਲਾਂ ਦਾ ਜਵਾਬ ਦਿੱਤਾ ਤੇ ਨਾਲੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਪੁੱਛ ਗਿੱਛ ਕਰਨ ਵਾਲਾ ਅਫਸਰ ਹਿੰਦੂ ਹੈ ਜਾਂ ਮੁਸਲਮਾਨ। ਉਹ ਭਾਰਤ ਨਿਵਾਸੀ ਹੈ ਤੇ ਜ਼ਾਕਿਰ ਨੇ ਉਸਦੀ ਸੋਚ 'ਤੇ ਸਨ ਮਾਰੀ ਹੈ, ਜਿਸਦਾ ਖਮਿਆਜ਼ਾ ਉਹ ਆਪ ਭੁਗਤੇਗਾ। ਤਫਤੀਸ਼ ਮਗਰੋਂ ਉਸ ਅਫਸਰ ਨੇ ਖ਼ਾਲਿਦ ਸਾਹਿਬ ਨੂੰ ਚਾਹ ਪਿਲਾਈ ਤੇ ਥਾਣੇ ਵਾਲਿਆਂ ਨੂੰ ਲਿਖ ਕੇ ਦਿੱਤਾ ਕਿ ਉਨ੍ਹਾਂ ਨੂੰ ਦੁਬਾਰਾ ਕਦੇ ਵੀ ਥਾਣੇ ਨਾ ਬੁਲਾਇਆ ਜਾਵੇ। ਉਸਦੇ ਬਾਅਦ ਕਿਸੇ ਨੇ ਵੀ ਖ਼ਾਲਿਦ ਸਾਹਿਬ ਨੂੰ ਥਾਣੇ ਨਹੀਂ ਬੁਲਾਇਆ, ਪਰ ਮਕਾਨ 'ਤੇ ਛਾਪੇ ਵੱਜਦੇ ਰਹਿੰਦੇ ਸਨ। ਸ਼ਾਇਦ ਇਹ ਗੁੱਜਰ ਨਗਰ ਵਾਲੇ ਮਕਾਨ ਵਿੱਚ ਰਹਿਣ ਕਾਰਨ ਸੀ ਕਿ ਜਦ ਤਕ ਉਹ ਉਸ ਮਕਾਨ ਵਿੱਚ ਰਹੇ ਘਰ ਦੇ ਕਿਸੇ ਵੀ ਮੈਂਬਰ ਨੂੰ ਸੁੱਖ ਦਾ ਸਾਹ ਲੈਣਾ ਨਸੀਬ ਨਾ ਹੋਇਆ। ਗੁੱਜਰ ਨਗਰ ਭਾਣਮਤੀ ਦਾ ਕੁੰਬਾ ਸੀ ਤੇ ਇਸ ਵਿੱਚ ਖੌਰੇ ਕਿਥੋਂ ਦੀਆਂ ਇੱਟਾਂ ਤੇ ਰੋੜੇ 'ਕੱਠੇ ਹੋਏ ਸਨ। ਨਮਾਜ਼ਾਂ 'ਤੇ ਬਹੁਤਾ

ਜ਼ੋਰ ਸੀ। ਦਾੜ੍ਹੀਆਂ ਲੰਮੀਆਂ ਰੱਖੀਆਂ ਸਨ, ਪਰ ਇਹ ਕੋਈ ਪਤਾ ਨਹੀਂ ਸੀ ਲੱਗਦਾ ਕਿ ਇਨ੍ਹਾਂ ਵਿੱਚੋਂ ਮੁੱਖਬਰ ਕੌਣ ਹੈ ਤੇ ਮੁਜਾਹਿਦ ਕੌਣ ਹੈ। ਇਹ ਸਾਰੀਆਂ ਗੱਲਾਂ ਮੈਨੂੰ ਖ਼ਾਲਿਦ ਸਾਹਿਬ ਨੇ ਆਪ ਸੁਣਾਈਆਂ ਸਨ, ਜਦ ਉਹ ਪੁਣਛ ਤੋਂ ਟਰਾਂਸਫਰ ਹੋ ਕੇ ਦੂਜੀ ਵਾਰੀ 1991 ਵਿੱਚ ਡੋਡਾ ਜ਼ਿਲ੍ਹੇ ਵਿੱਚ ਬਤੌਰ ਏ.ਸੀ.ਡੀ. ਆਏ ਸਨ। ਮੇਰਾ ਨਾਂ ਅਖ਼ਤਰ ਹੁਸੈਨ ਗੱਤੂ ਹੈ। ਮੈਂ ਉਨ੍ਹਾਂ ਦੇ ਬਹੁਤ ਨੇੜੇ ਸਾਂ। ਉਨ੍ਹਾਂ ਮੈਨੂੰ ਸਾਰਾ ਦਫਤਰੀ ਕੰਮ ਸਿਖਾਇਆ ਸੀ ਤੇ ਉਹ ਮੈਨੂੰ ਆਪਣਾ ਨਿੱਕਾ ਭਰਾ ਸਮਝਦੇ ਸਨ। ਉਹ ਰੋਜ਼ ਸ਼ਾਮੀ ਮੈਨੂੰ ਆਪਣੇ ਕੁਆਟਰ ਵਿੱਚ ਬੁਲਾਉਂਦੇ ਤੇ ਆਪਣਾ ਦੁੱਖ ਸੁੱਖ ਸਾਂਝਾ ਕਰਦੇ। ਉਨ੍ਹਾਂ ਦਿਨਾਂ ਵਿੱਚ ਡੋਡੇ ਵਿੱਚ ਮਿਸਟਰ ਇਲੰਗੋ ਨਾਂ ਦਾ ਆਈ.ਪੀ.ਐੱਸ. ਜ਼ਿਲ੍ਹਾ ਪੁਲਿਸ ਅਫਸਰ ਸੀ। ਉਹ ਬੜਾ ਮਿਲਾਪੜਾ ਸੀ ਤੇ ਉਸਦੀ ਖ਼ਾਲਿਦ ਸਾਹਿਬ ਨਾਲ ਚੋਖੀ ਸਾਂਝ ਸੀ। ਦੋਵੇਂ ਵਿਸ਼ਵ ਸਾਹਿਤ ਤੇ ਭਾਰਤ ਵਿੱਚ ਰਚੇ ਸਾਹਿਤ ’ਤੇ ਗੱਲਾਂ ਕਰਦੇ ਤੇ ਇੱਕ ਦੂਜੇ ਨੂੰ ਪੜ੍ਹਣ ਲਈ ਪੁਸਤਕਾਂ ਵੀ ਦਿੰਦੇ। ਕੁੱਝ ਚਿਰ ਮਗਰੋਂ ਮਿਸਟਰ ਇਲੰਗੋ ਦਾ ਤਬਾਦਲਾ ਹੋ ਗਿਆ ਤੇ ਉਨ੍ਹਾਂ ਨੂੰ ਜੰਮੂ ਦਾ ਐੱਸ.ਐੱਸ.ਪੀ. ਬਣਾਇਆ ਗਿਆ। ਇੱਕ ਦਿਨ ਇਲੰਗੋ ਸਾਹਿਬ ਨੇ ਖ਼ਾਲਿਦ ਸਾਹਿਬ ਨੂੰ ਟੈਲੀਫੋਨ ਕੀਤਾ ਤੇ ਉਨ੍ਹਾਂ ਨੂੰ ਜੰਮੂ ਬੁਲਾਇਆ। ਖ਼ਾਲਿਦ ਸਾਹਿਬ ਜੰਮੂ ਪਹੁੰਚੇ ਤੇ ਇਲੰਗੋ ਦੇ ਕਵਾਟਰ ਵਿੱਚ ਉਨ੍ਹਾਂ ਨੂੰ ਜਾ ਕੇ ਮਿਲੇ। ਇਲੰਗੋ ਨੇ ਖ਼ਾਲਿਦ ਸਾਹਿਬ ਨੂੰ ਦੱਸਿਆ ਕਿ ਜ਼ਾਕਿਰ ਅੱਜਕੱਲ੍ਹ ਜੰਮੂ ਹੈ ਤੇ ਉਨ੍ਹਾਂ ਨੂੰ ਪਤਾ ਹੈ ਕਿ ਉਹ ਕਿਸ ਕਿਸ ਘਰ ਵਿੱਚ ਰਾਤ ਗੁਜ਼ਾਰਦਾ ਹੈ। ਇਲੰਗੋ ਨੇ ਕਿਹਾ ਕਿ ਜ਼ਾਕਿਰ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕੀਤਾ ਜਾਏ, ਨਹੀਂ ਤਾਂ ਪੁਲਿਸ ਮੁਕਾਬਲੇ ਵਿੱਚ ਉਸਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਦੋਸਤ ਦਾ ਪੁੱਤਰ ਪੁਲਿਸ ਮੁਕਾਬਲੇ ਵਿੱਚ ਮਾਰਿਆ ਜਾਏ। ਖ਼ਾਲਿਦ ਨੇ ਘਰ ਆਉਂਦਿਆਂ ਹੀ ਜ਼ਾਕਿਰ ਦੇ ਜਿਗਰੀ ਯਾਰਾਂ ਨੂੰ ਬੁਲਾਇਆ ਤੇ ਜ਼ਾਕਿਰ ਬਾਰੇ ਪੁੱਛਿਆ। ਕਿਸੇ ਨੇ ਵੀ ਜ਼ਾਕਿਰ ਦਾ ਥੋਹ-ਪਤਾ ਨਾ ਦੱਸਿਆ। ਫਿਰ ਉਨ੍ਹਾਂ ਉਸਦੇ ਲੰਗੋਟੀਏ ਯਾਰ ਅਯੂਬ ਨੂੰ ਇੱਕ ਪਾਸੇ ਖੜ ਕੇ ਸਾਰੀ ਗੱਲ ਸਮਝਾਈ ਤੇ ਉਸਨੂੰ ਕਿਹਾ ਕਿ ਉਹ ਜ਼ਾਕਿਰ ਨੂੰ ਆਤਮ ਸਮਰਪਣ ਕਰਨ ਲਈ ਕਹੇ। ਸ਼ਾਮ ਨੂੰ ਅਯੂਬ ਨੇ ਆ ਕੇ ਦੱਸਿਆ ਕਿ ਜ਼ਾਕਿਰ ਆਤਮ ਸਮਰਪਣ ਕਰਨ ਲਈ ਤਿਆਰ ਨਹੀਂ ਹੈ, ਕਿਉਂਕਿ ਉਹ ਡਰਦਾ ਹੈ ਕਿ ਇੰਝ ਕਰਨ ਨਾਲ ਖਾੜਕੂ ਉਸਦੇ ਪਰਿਵਾਰ ਨੂੰ ਮਾਰ ਦੇਣਗੇ। ਦੂਜੇ ਦਿਨ ਸਵੇਰੇ ਖ਼ਾਲਿਦ ਸਾਹਿਬ, ਐੱਸ.ਐੱਸ.ਪੀ. ਜੰਮੂ ਨੂੰ ਮਿਲੇ ਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਖ਼ਾਲਿਦ ਸਾਹਿਬ ਵਾਪਿਸ ਡੋਡੇ ਆ ਗਏ, ਪਰ ਉਹ ਬੇਚੈਨ ਰਹਿੰਦੇ ਸਨ। ਮੈਂ ਰਾਤ ਦੇਰ ਤਕ ਉਨ੍ਹਾਂ ਕੋਲ ਬਹਿੰਦਾ ਤੇ ਉਨ੍ਹਾਂ ਦੀ ਪੀੜਾ ’ਤੇ ਮਲ੍ਹਮ ਲਗਾਉਣ ਦਾ ਯਤਨ ਕਰਦਾ। ਦੋ ਤਿੰਨ ਦਿਨ ਦੇ ਬਾਅਦ ਅਸੀਂ ਦੌਰੇ ’ਤੇ ਬਨਹਾਲ ਗਏ। ਰਾਤ ਅਸਾਂ ਬਨਹਾਲ ਇੱਕ ਗ੍ਰਾਮ ਸੇਵਕ ਦੇ ਘਰ ਕੱਟੀ। ਮੈਂ ਉਨ੍ਹਾਂ ਦੇ ਕਮਰੇ ਵਿੱਚ ਹੀ ਸੁੱਤਾ

ਸਾਂ। ਰਾਤ ਦੇ ਦੋ ਵਜੇ ਖ਼ਾਲਿਦ ਸਾਹਿਬ ਉਠ ਕੇ ਬਹਿ ਗਏ। ਉਹ ਡਾਹਢੇ ਪ੍ਰੇਸ਼ਾਨ ਸਨ ਤੇ ਕਹਿਣ ਲੱਗੇ ਕਿ ਮੈਂ ਸੁਪਨੇ ਵਿੱਚ ਜ਼ਾਕਿਰ ਨੂੰ ਗ੍ਰਿਫਤਾਰ ਹੁੰਦਿਆਂ ਵੇਖਿਆ ਹੈ। ਉਹਨੂੰ ਗੋਲੀ ਲੱਗੀ ਹੈ। ਦੂਜੇ ਦਿਨ ਉਹ ਡੋਡੇ ਜਾਣ ਦੇ ਬਦਲੇ ਜੰਮੂ ਚਲੇ ਗਏ। ਉਸੇ ਰਾਤ ਪੁਲਿਸ ਨੇ ਸਾਰੇ ਗੁੱਜਰ ਨਗਰ ਨੂੰ ਘੇਰਾ ਪਾਇਆ ਸੀ ਤੇ ਪੁਲਿਸ ਦੇ ਅਫਸਰ ਖ਼ਾਲਿਦ ਸਾਹਿਬ ਦੇ ਘਰ ਆ ਗਏ ਸਨ, ਜਿਸ ਵਿੱਚ ਐਸੱ.ਐਸੱ.ਪੀ. ਇਲੰਗੋ ਤੇ ਉਸ ਵੇਲੇ ਦੇ ਐਸੱ.ਪੀ. ਵੈਦ (ਜਿਹੜੇ ਅੱਜਕੱਲ੍ਹ ਐਡੀਸ਼ਨਲ ਡਾਇਰੈਕਟਰ ਜਨਰਲ) ਖ਼ਾਲਿਦ ਸਾਹਿਬ ਨਾਲ ਜ਼ਾਕਿਰ ਬਾਰੇ ਗੱਲਾਂ ਕਰਨ ਲੱਗੇ। ਉਸ ਵੇਲੇ ਨਾਲ ਦੇ ਮਕਾਨ 'ਚੋਂ ਉਚੀਆਂ ਉਚੀਆਂ ਆਵਾਜ਼ਾਂ ਆਉਣ ਲੱਗੀਆਂ। ਇਹ ਮਕਾਨ ਕਿਸ਼ਤਵਾੜ ਦੇ ਇਕਬਾਲ ਸ਼ੇਖ਼ ਦਾ ਸੀ ਤੇ ਉਸਦੀ ਪਤਨੀ ਪਰਵੀਨ ਅਖ਼ਤਰ ਅਪਣਿਆਂ ਬੱਚਿਆਂ ਨਾਲ ਇਸ ਵਿੱਚ ਰਹਿੰਦੀ ਸੀ। ਜ਼ਾਕਿਰ ਹੁਸੈਨ ਉਸੇ ਮਕਾਨ ਵਿੱਚ ਸੁੱਤਾ ਸੀ, ਜਿਸਦਾ ਪਤਾ ਨਾ ਖ਼ਾਲਿਦ ਸਾਹਿਬ ਨੂੰ ਤੇ ਨਾ ਹੀ ਉਨ੍ਹਾਂ ਦੇ ਪਰਿਵਾਰ ਨੂੰ ਸੀ। ਪੁਲਿਸ ਨੇ ਜ਼ਾਕਿਰ ਨੂੰ ਪਰਵੀਨ ਅਖ਼ਤਰ ਦੇ ਘਰੋਂ ਫੜ ਲਿਆ। ਇਲੰਗੋ ਨੇ ਖ਼ਾਲਿਦ ਸਾਹਿਬ ਨੂੰ ਕਿਹਾ ਕਿ ਉਸਨੇ ਪੁਲਿਸ ਨੂੰ ਹੁਕਮ ਦਿੱਤਾ ਸੀ ਕਿ ਜ਼ਾਕਿਰ 'ਤੇ ਕੋਈ ਗੋਲੀ ਨਹੀਂ ਚਲਾਏਗਾ ਅਤੇ ਜੇ ਉਸਦੇ ਹੱਥ ਵਿੱਚ ਹਥਿਆਰ ਹੋਵੇਗਾ ਤਾਂ ਵੀ ਗੋਲੀ ਉਸਦੇ ਗਿੱਟਿਆਂ ਵਿੱਚ ਮਾਰੀ ਜਾਏ। ਉਸਨੇ ਖ਼ਾਲਿਦ ਸਾਹਿਬ ਨੂੰ ਕਿਹਾ ਕਿ ਰੱਬ ਦਾ ਸ਼ੁਕਰ ਹੈ ਕਿ ਤੁਹਾਡਾ ਬੱਚਾ ਸਹੀ ਸਲਾਮਤ ਹੈ ਤੇ ਜਦ ਤਕ ਉਹ ਮੇਰੀ ਹਿਰਾਸਤ ਵਿੱਚ ਹੈ, ਉਸ 'ਤੇ ਕੋਈ ਤਸ਼ੱਦਤ ਨਹੀਂ ਕੀਤਾ ਜਾਏਗਾ। ਖ਼ਾਲਿਦ ਸਾਹਿਬ ਦੇ ਘਰ ਹਾਹਾਕਾਰ ਮਚ ਗਿਆ। ਜ਼ਾਕਿਰ ਦੀ ਮਾਂ ਤੇ ਭੈਣਾਂ ਵਰਲਾਪ ਕਰਨ ਲੱਗੀਆਂ। ਡਰ ਦੇ ਮਾਰੇ ਕੋਈ ਰਿਸ਼ਤੇਦਾਰ ਜਾਂ ਗਵਾਂਢੀ ਉਨ੍ਹਾਂ ਦਾ ਦੁੱਖ ਵੰਡਾਉਣ ਨਹੀਂ ਆਇਆ। ਸਾਰੇ ਡਰਦੇ ਸਨ ਕਿ ਮਿਲਨ ਕਰਕੇ ਕਿਤੇ ਉਹ ਵੀ ਮੁਸੀਬਤ ਵਿੱਚ ਨਾ ਫਸ ਜਾਣ। ਇਲੰਗੋ ਸਾਹਿਬ ਨੇ ਆਪਣਾ ਵਾਇਦਾ ਨਿਭਾਇਆ ਸੀ ਤੇ ਜਦ ਤਕ ਜ਼ਾਕਿਰ ਪੁਲਿਸ ਹਿਰਾਸਤ ਵਿੱਚ ਰਿਹਾ, ਉਸ 'ਤੇ ਕੋਈ ਤਸ਼ੱਦਤ ਨਹੀਂ ਕੀਤਾ ਗਿਆ। ਉਸ ਲਈ ਰੋਟੀ ਘਰੋਂ ਜਾਂਦੀ ਰਹੀ, ਕੱਪੜੇ ਤੇ ਕੰਬਲ ਭੇਜੇ ਗਏ, ਪਰ ਅੱਠਵੇਂ ਦਿਨ ਉਸਨੂੰ ਸਿਟੀ ਥਾਣੇ ਤੋਂ ਇੰਟੈਰੋਗੇਸ਼ਨ ਸੈਂਟਰ ਤਲਾਬ ਤਿੱਲੋ ਭੇਜ ਦਿੱਤਾ ਗਿਆ। ਇੰਟੈਰੋਗੇਸ਼ਨ ਸੈਂਟਰ ਦਾ ਇੰਚਾਰਜ਼, ਡੀ.ਐਸੱ.ਪੀ. ਮੱਖਣ ਲਾਲ ਸ਼ਰਮਾ ਸੀ, ਜਿਹੜਾ ਸਖ਼ਤ ਤਬੀਅਤ ਦਾ ਬੰਦਾ ਸੀ ਤੇ ਉਸ ਕੋਲੋਂ ਇੰਟੈਰੋਗੇਸ਼ਨ ਸੈਂਟਰ ਅੰਦਰ ਬੰਦ ਸਾਰੇ ਖਾੜਕੂ ਤੇ ਵੱਖਵਾਦੀ ਲੀਡਰ ਡਰਦੇ ਸਨ। ਕੋਈ ਵੀ ਵੱਡਾ ਪੁਲਿਸ ਅਫਸਰ ਉਸ ਕੋਲ ਸਿਫਾਰਸ਼ ਕਰਦਿਆਂ ਡਰਦਾ ਸੀ। ਇੰਟੈਰੋਗੇਸ਼ਨ ਸੈਂਟਰ ਵਿੱਚ ਕੈਦੀਆਂ ਨੂੰ ਡਾਹਢੇ ਤਸੀਹੇ ਦਿੱਤੇ ਜਾਂਦੇ। ਉਨ੍ਹਾਂ ਨੂੰ ਕਈ ਕਈ ਰਾਤਾਂ ਤੇ ਦਿਨਾਂ ਤਕ ਜਗਾਈ ਰੱਖਦੇ। ਚੂਆਂ ਵਾਲੀ ਕੋਠੜੀ ਵਿੱਚ ਰੱਖਿਆ ਜਾਂਦਾ। ਲੱਤਾਂ ਤੇ ਗੋਡਿਆਂ ਵਿੱਚ ਲੱਕੜ ਫਸਾ ਕੇ ਟਿਕਟਿਕੀ ਲਗਾਈ ਜਾਂਦੀ। ਬਿਜਲੀ ਦੇ ਝਟਕੇ

ਦਿੱਤੇ ਜਾਂਦੇ, ਬਰਫ 'ਤੇ ਲਿਟਾਇਆ ਜਾਂਦਾ ਤਾਂ ਜੋ ਕੈਦੀ ਸੱਚ ਉਗਲਣ। ਮੱਖਣ ਲਾਲ ਸ਼ਰਮਾ ਉਂਝ ਤਾਂ ਇੱਕ ਬਾਅਸੂਲ ਅਫਸਰ ਸੀ। ਬੜਾ ਪੂਜਾ ਪਾਠੀ ਸੀ, ਪਰ ਉਸ ਅੰਦਰ ਮੁਸਲਮਾਨਾਂ ਪ੍ਰਤੀ ਤਲਖ਼ੀ ਵੀ ਭਰੀ ਹੋਈ ਸੀ, ਜਿਸਦਾ ਕਾਰਨ ਇਹ ਸੀ ਕਿ 1947 ਵਿੱਚ ਮੀਰਪੁਰ ਜਾਂ ਕੋਟਲੀ ਵਿੱਚ ਮੁਸਲਮਾਨ ਬਲਵਾਈਆਂ ਨੇ ਉਸਦੇ ਪਿਤਾ ਤੇ ਹੋਰ ਰਿਸ਼ਤੇਦਾਰਾਂ ਦਾ ਕਤਲ ਕੀਤਾ ਸੀ। ਤੇ ਇਸ ਗੱਲ ਨੂੰ ਉਹ ਵੀ ਗਵਰਨਰ ਜਗਮੋਹਨ ਵਾਂਗ ਨਹੀਂ ਸੀ ਭੁੱਲਿਆ, ਕਿਉਂਕਿ ਜਗਮੋਹਨ ਦੇ ਵੀ ਸਾਕ-ਸੰਬੰਧੀ ਲਾਹੌਰ ਵਿੱਚ ਮਾਰੇ ਗਏ ਸਨ। ਕੈਦੀਆਂ ਨਾਲ ਸਖ਼ਤੀ ਕਰਦਿਆਂ, ਮੱਖਣ ਲਾਲ ਸ਼ਰਮਾ ਕਦੇ ਕਦੇ ਉਸ ਰੋਹ ਵਿੱਚ ਵਹਿ ਜਾਂਦਾ ਸੀ। ਜ਼ਾਕਿਰ ਹੁਸੈਨ ਨੂੰ ਇੰਟੈਰੋਗੇਸ਼ਨ ਸੈਂਟਰ ਵਿੱਚ ਗਏ ਇੱਕ ਮਹੀਨਾ ਹੋ ਗਿਆ ਸੀ, ਉਸਦੀ ਮਾਂ, ਪੁੱਤਰ ਨੂੰ ਵੇਖਣ ਲਈ ਤਰਲੋ ਮੱਛੀ ਹੋ ਰਹੀ ਸੀ। ਉਸਦੀਆਂ ਭੈਣਾਂ ਨਿਮੋਝੂਣੀਆਂ ਜਹੀਆਂ ਹੋਈਆਂ ਪਈਆਂ ਸਨ। ਸਭ ਖ਼ਾਲਿਦ ਸਾਹਿਬ ਨੂੰ ਮਜਬੂਰ ਕਰਦੇ ਕਿ ਉਹ ਪੁਲਿਸ ਦੇ ਵੱਡੇ ਅਫਸਰਾਂ ਨੂੰ ਮਿਲ ਕੇ ਜ਼ਾਕਿਰ ਨਾਲ ਮੁਲਾਕਾਤ ਕਰਵਾਉਣ ਦਾ ਯਤਨ ਕਰਨ। ਸ਼੍ਰੀ ਪ੍ਰਿਥਵੀ ਰਾਜ ਗੰਡੋਤਰਾ ਉਸ ਵੇਲੇ ਸੀ.ਆਈ.ਡੀ. ਦੇ ਐਸੱ.ਐਸੱ.ਪੀ. ਸਨ (ਜਿਹੜੇ ਮਗਰੋਂ ਆਈ.ਜੀ. ਪੁਲਿਸ ਦੇ ਪੱਦ ਤੋਂ ਸੇਵਾ ਮੁਕਤ ਹੋਏ) ਤੇ ਮੱਖਣ ਲਾਲ ਸ਼ਰਮਾ ਉਨ੍ਹਾਂ ਦਾ ਮਾਤਹਤ। ਖ਼ਾਲਿਦ ਸਾਹਿਬ, ਗੰਡੋਤਰਾ ਸਾਹਿਬ ਨੂੰ ਮਿਲੇ ਤੇ ਜ਼ਾਕਿਰ ਨਾਲ ਮੁਲਾਕਾਤ ਕਰਾਵਾਉਣ ਦੀ ਬੇਨਤੀ ਕੀਤੀ। ਗੰਡੋਤਰਾ ਸਾਹਿਬ ਨੇ ਡਰਦੇ ਡਰਦੇ ਮੱਖਣ ਲਾਲ ਨੂੰ ਫੋਨ ਕੀਤਾ ਅਤੇ ਦੱਸਿਆ ਕਿ ਖ਼ਾਲਿਦ ਸਾਹਿਬ ਮੇਰੇ ਕੋਲ ਆਏ ਹਨ ਤੇ ਜ਼ਾਕਿਰ ਨਾਲ ਮੁਲਾਕਾਤ ਕਰਨ ਲਈ ਕਹਿ ਰਹੇ ਹਨ। ਮੱਖਣ ਲਾਲ ਨੇ ਸਾਫ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਹਾਲੇ ਤਕ ਉਸਦੀ ਤਫਤੀਸ਼ ਪੂਰੀ ਨਹੀਂ ਹੋਈ ਹੈ। ਗੰਡੋਤਰਾ ਸਾਹਿਬ ਦੇ ਜ਼ੋਰ ਪਾਉਣ 'ਤੇ ਮੱਖਣ ਲਾਲ ਨੇ ਮੁਲਾਕਾਤ ਲਈ ਅੱਠਵੇਂ ਦਿਨ ਦਾ ਟਾਈਮ ਦਿੱਤਾ। ਅੱਠਵੇਂ ਦਿਨ ਖ਼ਾਲਿਦ ਸਾਹਿਬ ਆਪਣੀ ਪਤਨੀ ਤੇ ਬੇਟੀਆਂ ਨੂੰ ਲੈ ਕੇ ਤਫਤੀਸ਼ ਕੇਂਦਰ ਤਲਾਬ ਤਿੱਲੋ ਪਹੁੰਚੇ। ਮੱਖਣ ਲਾਲ, ਖ਼ਾਲਿਦ ਸਾਹਿਬ ਨਾਲ ਖਹਿਬੜ ਪਿਆ ਤੇ ਕਹਿਣ ਲੱਗਾ ਕਿ ਤੁਸੀਂ ਭਾਰਤ ਦੇ ਖਿਲਾਫ ਹੋ ਤੇ ਤੁਹਾਡੇ ਘਰਾਂ ਵਿੱਚ ਭਾਰਤ ਵਿਰੋਧੀ ਤੇ ਪਾਕਿਸਤਾਨ ਦੇ ਹੱਕ ਵਿੱਚ ਗੱਲਾਂ ਹੁੰਦੀਆਂ ਰਹਿੰਦੀਆਂ ਹਨ, ਤਾਹੀਓਂ ਤੁਹਾਡੇ ਬੱਚੇ ਉਗਰਵਾਦੀ ਬਣਦੇ ਹਨ। ਉਸਨੇ ਗੱਲਾਂ ਗੱਲਾਂ ਵਿੱਚ ਇਹ ਵੀ ਦੱਸਿਆ ਕਿ ਉਸਦਾ ਪਿਓ ਤੇ ਹੋਰ ਰਿਸ਼ਤੇਦਰ ਮੁਸਲਮਾਨਾਂ ਨੇ ਮਾਰ ਦਿੱਤੇ ਸਨ ਤੇ ਉਹ ਸਾਰੇ ਪਾਕਿਸਤਾਨ ਦੀ ਭੇਟ ਚੜ੍ਹ ਗਏ। ਜਵਾਬ ਵਿੱਚ ਖ਼ਾਲਿਦ ਸਾਹਿਬ ਨੇ ਕਿਹਾ ਕਿ ਉਸਦਾ ਸਾਰਾ ਖਾਨਦਾਨ ਵੀ 1947 ਵਿੱਚ ਕੱਟੜ ਪੰਥੀ ਹਿੰਦੂਆਂ ਨੇ ਕਤਲ ਕਰ ਦਿੱਤਾ ਸੀ, ਪਰ ਉਹ ਇਸਦਾ ਦੋਸ਼ ਹਿੰਦੂਆਂ ਦੇ ਸਿਰ ਨਹੀਂ ਮੜਦੇ, ਕਿਉਂਕਿ ਅਜਿਹੇ ਕੰਮ ਕਰਨ ਵਾਲੇ ਨਾ ਹਿੰਦੂ ਹੁੰਦੇ ਹਨ, ਨਾ ਮੁਸਲਮਾਨ। ਇਹ ਕੰਮ ਵਹਿਸ਼ੀ ਜਨੌਰਾਂ ਦਾ ਹੁੰਦਾ ਹੈ,

ਨਾ ਕਿ ਇਨਸਾਨਾਂ ਦਾ। ਖ਼ਾਲਿਦ ਸਾਹਿਬ, ਉਨ੍ਹਾਂ ਦੀ ਪਤਨੀ ਤੇ ਬੇਟੀਆਂ ਨੂੰ ਇੱਕ ਦੂਜੇ ਕਮਰੇ ਵਿੱਚ ਲਿਜਾਇਆ ਗਿਆ ਤੇ ਉਥੇ ਜ਼ਾਕਿਰ ਹੁਸੈਨ ਨੂੰ ਲਿਆਂਦਾ ਗਿਆ। ਜ਼ਾਕਿਰ ਦੀ ਹਾਲਤ ਵੇਖ ਕੇ ਖ਼ਾਲਿਦ ਸਾਹਿਬ ਦੀ ਪਤਨੀ ਤੇ ਨਿੱਕੀ ਧੀ ਹੂਮਾ ਬੇਹੋਸ਼ ਹੋ ਗਈਆਂ। ਜ਼ਾਕਿਰ ਦੇ ਪੈਰ ਤੇ ਸਾਰਾ ਸ਼ਰੀਰ ਸੁੱਜਿਆ ਹੋਇਆ ਸੀ। ਉਨੀਂਦਰੇ ਕਾਰਨ ਉਸਦੀਆਂ ਅੱਖਾਂ ਕਾਲੀਆਂ ਸ਼ਾਹ ਤੇ ਸੁੱਜੀਆਂ ਹੋਈਆਂ ਸਨ। ਉਹ ਚੱਲ ਫਿਰ ਨਹੀਂ ਸੀ ਸਕਦਾ ਤੇ ਉਸਨੂੰ ਦੋ ਸਿਪਾਹੀਆਂ ਨੇ ਸਹਾਰਾ ਦੇ ਕੇ ਕਮਰੇ ਅੰਦਰ ਲਿਆਂਦਾ ਸੀ। ਖ਼ਾਲਿਦ ਸਾਹਿਬ ਨੂੰ ਵੇਖਦਿਆਂ ਹੀ ਜ਼ਾਕਿਰ ਦੀਆਂ ਚੀਕਾਂ ਨਿਕਲ ਗਈਆਂ ਤੇ ਉਹ ਤਫਤੀਸ਼ ਕਰਨ ਵਾਲਿਆਂ ਦੀਆਂ ਸ਼ਿਕਾਇਤਾਂ ਲਗਾਉਣ ਲੱਗਾ ਤੇ ਕਹਿਣ ਲੱਗਾ ਇਨ੍ਹਾਂ ਮੈਨੂੰ ਬਹੁਤ ਮਾਰਿਆ ਹੈ, ਬਿਜਲੀ ਦੇ ਝਟਕੇ ਲਾਏ ਹਨ ਤੇ ਮੈਨੂੰ ਪੰਦਰਾਂ ਦਿਨ ਤੇ ਰਾਤਾਂ ਸੌਣ ਨਹੀਂ ਦਿੱਤਾ। ਜੂਆਂ ਨੇ ਮੇਰਾ ਸ਼ਰੀਰ ਜ਼ਖ਼ਮੀ ਕਰ ਛੱਡਿਆ ਹੈ। ਖ਼ਾਲਿਦ ਸਾਹਿਬ ਨੇ ਜ਼ਾਕਿਰ ਨੂੰ ਗਲੇ ਨਾਲ ਲਉਂਦਿਆਂ ਕਿਹਾ ਕਿ ਤੂੰ ਗ਼ਲਤ ਸ਼ੋਹਬਤ ਵਿੱਚ ਪੈ ਗਿਆ ਸੈਂ, ਤੈਨੂੰ ਘਰ ਦੀ ਰੋਟੀ ਤੇ ਆਰਾਮ ਚੰਗਾ ਨਹੀਂ ਸੀ ਲੱਗਦਾ ਤੇ ਤੂੰ ਕਾਕਾ ਹੁਸੈਨ ਜਿਹੇ ਕੰਜ਼ਰ ਨਾਲ ਯਾਰੀ ਲਾ ਲਈ, ਜਿਨ੍ਹੇ ਤੈਨੂੰ ਇਸਤੇਮਾਲ ਕੀਤਾ ਹੈ। ਤੁਹਾਨੂੰ ਕਿਹੜੀ ਆਜ਼ਾਦੀ ਚਾਹੀਦੀ ਹੈ? ਇਥੇ ਤੁਹਾਨੂੰ ਕਿਸ ਗੱਲ ਦੀ ਘਾਟ ਹੈ? ਤੇਰਾ ਪਿਓ ਇੱਕ ਵੱਡਾ ਅਫਸਰ ਹੈ ਤੇ ਤੁਸੀਂ ਉਸਦੇ ਕਾਰਨ ਰੱਜ ਕੇ ਆਜ਼ਾਦੀ ਦੀ ਮਦਰਾ ਪੀ ਰਹੇ ਸੋ, ਫਿਰ ਤੈਨੂੰ ਕੀ ਹੋਇਆ? ਇਹ ਤਫਤੀਸ਼ ਕਰਨ ਵਾਲੇ ਤੇਰੇ ਅੰਕਲ ਹਨ, ਤੈਨੂੰ ਚੰਗਾ-ਮਾੜਾ ਸਮਝਾਣ ਵਾਲੇ ਹਨ। ਇਹ ਤੈਨੂੰ ਚੰਗੇ ਰਾਹ ’ਤੇ ਲਗਾਉਣਗੇ, ਇਸ ਲਈ ਜੇ ਤੂੰ ਕੋਈ ਗ਼ਲਤੀ ਕੀਤੀ ਹੈ ਤਾਂ ਇਹ ਅੰਕਲ ਉਸ ਗ਼ਲਤੀ ਨੂੰ ਸੁਧਾਰਨਗੇ। ਮੁਲਾਕਾਤ ਮਗਰੋਂ ਮੱਖਣ ਲਾਲ ਸ਼ਰਮਾ ਨੇ ਖ਼ਾਲਿਦ ਸਾਹਿਬ ਨੂੰ ਆਪਣੇ ਕਮਰੇ ਵਿੱਚ ਬੁਲਾਇਆ ਤੇ ਪੂਰੇ ਪਰਿਵਾਰ ਨੂੰ ਕਾਵਾ ਪਿਲਾਇਆ। ਨਾਲ ਹੀ ਕਿਹਾ ਕਿ ਉਸਦੀ ਤਫਤੀਸ਼ ਮੁਕੰਮਲ ਹੋ ਚੁੱਕੀ ਹੈ ਤੇ ਕੁੱਝ ਹੀ ਦਿਨਾਂ ਵਿੱਚ ਉਹ ਜ਼ਾਕਿਰ ਨੂੰ ਅਦਾਲਤੀ ਹਿਰਾਸਤ ਵਿੱਚ ਭੇਜ ਦੇਣਗੇ।

ਜ਼ਾਕਿਰ ਹੁਸੈਨ ਤੇ ਟਾਡਾ ਲਗਾਇਆ ਗਿਆ ਸੀ ਤੇ ਟਾਡਾ ਅਦਾਲਤ ਵਿੱਚ ਚਲਾਣ ਪੇਸ਼ ਕਰ ਦਿੱਤਾ ਗਿਆ ਸੀ, ਜਿਸ ਵਿੱਚ ਉਸਨੂੰ ਇੱਕ ਖ਼ਤਰਨਾਕ ਉਗਰਵਾਦੀ ਤੇ ਜੰਮੂ ਵਿੱਚ, ਜੇ.ਐਂਡ.ਕੇ. ਬਿਲਰੇਸ਼ਨ ਫਰੰਟ ਦੀ ਜਥੇਬੰਦੀ ਨੂੰ ਮਜ਼ਬੂਤ ਕਰਨ ਦਾ ਦੋਸ਼ ਵੀ ਲਗਾਇਆ ਗਿਆ ਸੀ ਅਤੇ ਖੌਰੇ ਕਿੰਨੇ ਹੀ ਬੰਬ ਬਲਾਸਟ ਤੇ ਕਤਲ ਉਸਦੇ ਖਾਤੇ ਪਾਏ ਗਏ ਸਨ। ਜ਼ਾਕਿਰ ਨੂੰ ਡਿਸਟ੍ਰਿਕ ਜੇਲ੍ਹ ਜੰਮੂ ਰੱਖਿਆ ਗਿਆ। ਜੰਮੂ ਤੋਂ ਕੋਟਭਲਵਾਲ ਜੇਲ੍ਹ ਭੇਜਿਆ ਗਿਆ ਤੇ ਉਥੋਂ ਪੰਜਾਬ ਦੀ ਸੰਗਰੂਰ ਜੇਲ੍ਹ ਵਿੱਚ ਤੇ ਸੰਗਰੂਰ ਤੋਂ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿੱਚ ਰੱਖਿਆ ਗਿਆ। ਦੋ ਦੋ ਵਕੀਲ ਕੀਤੇ ਗਏ ਤੇ ਟਾਡਾ ਕੋਰਟ ਜੰਮੂ ਵਿੱਚ, ਸਾਜਿੱਦ ਭੱਟ, ਖ਼ਾਲਿਦ ਚੌਧਰੀ, ਮੁਹੰਮਦ ਅਸ਼ਰਫ,

ਪਰਵੀਨ ਅਖ਼ਤਰ ਤੇ ਜ਼ਾਕਿਰ ਹੁਸੈਨ ਆਦਿ ਦਾ ਮੁਕਦਮਾ ਲੜਿਆ ਗਿਆ। ਬਹਿਸ ਹੋਣ ਲੱਗੀ, ਗਵਾਹੀਆਂ ਤੇ ਬਿਆਨ ਕਲਮਬੰਧ ਹੋਣ ਲੱਗੇ। ਚਾਰ ਸਾਲ ਤਕ ਗਵਾਹੀਆਂ ਤੇ ਬਿਆਨ ਲਿਖੇ ਜਾਂਦੇ ਰਹੇ ਤੇ ਉਨ੍ਹਾਂ ਉੱਪਰ ਜਿਰਹਾ ਹੁੰਦੀ ਰਹੀ। ਇਸ ਦੌਰਾਨ ਖ਼ਾਲਿਦ ਸਾਹਿਬ ਆਪਣੀ ਪਤਨੀ ਤੇ ਛੋਟੀ ਬੇਟੀ ਨਾਲ ਜ਼ਾਕਿਰ ਹੁਸੈਨ ਨੂੰ ਮਿਲਣ ਲਈ ਜੋਧਪੁਰ ਗਏ। ਜੰਮੂ ਤੋਂ ਲੈ ਕੇ ਜੋਧਪੁਰ ਤਕ ਕਾਰ ਖ਼ਾਲਿਦ ਸਾਹਿਬ ਦੇ ਦੋਸਤ ਅਜਬ ਸਿੰਘ ਵਜ਼ੀਰ ਨੇ ਚਲਾਈ। 11-12 ਸੌ ਕਿਲੋਮੀਟਰ ਦਾ ਸਫ਼ਰ ਦੋ ਦਿਨਾਂ ਵਿੱਚ ਪੂਰਾ ਕੀਤਾ ਗਿਆ। ਜ਼ਾਬਤੇ ਮੁਤਾਬਿਕ ਜੋਧਪੁਰ ਦੇ ਡਿਸਟ੍ਰਿਕ ਜੱਜ ਕੋਲੋਂ ਜ਼ਾਕਿਰ ਨੂੰ ਮਿਲਣ ਦਾ ਪ੍ਰਮਾਣ-ਪੱਤਰ ਲੈਣ ਲਈ, ਉਹ ਸਾਰੇ ਪਹਿਲਾਂ ਕਚਹਿਰੀ ਗਏ। ਸਾਰੀ ਕਚਹਿਰੀ ਵਿੱਚ ਇਕੋ ਸਿੱਖ ਵਕੀਲ ਦਿਸਿਆ। ਅਜਬ ਸਿੰਘ ਦੌੜਦਾ ਹੋਇਆ ਉਸ ਕੋਲ ਗਿਆ। ਉਸਨੂੰ ਸਾਰੀ ਗੱਲ ਦੱਸੀ। ਸਰਦਾਰ ਵਕੀਲ ਨੇ ਮੁਲਾਕਾਤ ਲਈ ਆਪ ਦਰਖ਼ਾਸਤ ਬਣਾਈ। ਖ਼ਾਲਿਦ ਸਾਹਿਬ ਦੇ ਦਸਤਖ਼ਤ ਕਰਵਾਏ ਤੇ ਉਨ੍ਹਾਂ ਨੂੰ ਲੈ ਕੇ ਸੈਸ਼ਨ ਜੱਜ ਕੋਲ ਪੇਸ਼ ਹੋ ਗਿਆ। ਸੈਸ਼ਨ ਜੱਜ ਨੇ ਪ੍ਰਮਾਣ-ਪੱਤਰ 'ਤੇ ਦਸਤਖ਼ਤ ਕੀਤੇ ਤੇ ਸਰਦਾਰ ਸਾਹਿਬ ਨੂੰ ਫੜਾਏ। ਜਦ ਅਜਬ ਸਿੰਘ ਨੇ ਵਕੀਲ ਨੂੰ ਸੇਵਾ ਫਲ ਪੁੱਛਿਆ ਤਾਂ ਉਸਨੇ ਜੱਫੀ ਪਾ ਕੇ ਅਜਬ ਸਿੰਘ ਨੂੰ ਕਿਹਾ ਕਿ ਕਿਉਂ ਸ਼ਰਮਿੰਦਾ ਕਰਦੇ ਹੋ। ਅੱਜ ਚੋਖੇ ਚਿਰ ਬਾਅਦ ਇੱਕ ਸਿੱਖ ਭਰਾ ਨੂੰ ਵੇਖਿਆ ਹੈ, ਇਸ ਲਈ ਤੁਹਾਡੇ ਕੋਲੋਂ ਕੋਈ ਪੈਸਾ ਨਹੀਂ ਲੈਣਾ। ਉਹ ਸਾਰੇ ਪ੍ਰਮਾਣ-ਪੱਤਰ ਲੈ ਕੇ ਜੋਧਪੁਰ ਜੇਲ੍ਹ ਗਏ। ਖ਼ਾਲਿਦ ਸਾਹਿਬ ਨੇ ਆਪਣਾ ਸ਼ਨਾਖਤੀ ਕਾਰਡ ਤੇ ਪ੍ਰਮਾਣ-ਪੱਤਰ ਜੇਲਰ ਨੂੰ ਭੇਜਿਆ। ਉਸਨੇ ਸਾਰਿਆਂ ਨੂੰ ਆਪਣੇ ਕਮਰੇ ਅੰਦਰ ਬੁਲਾਇਆ, ਆਪਣੀ ਕੁਰਸੀ ਤੋਂ ਉਠ ਕੇ ਖ਼ਾਲਿਦ ਸਾਹਿਬ ਨੂੰ ਸਲੂਟ ਮਾਰਿਆ, ਬੜੀ ਇੱਜ਼ਤ ਨਾਲ ਚਾਹ ਪਿਲਾਈ ਤੇ ਫਿਰ ਕਹਿਣ ਲੱਗਾ ਕਿ ਮੈਂ ਆਪਣਾ ਪਰੋਟੋਕੋਲ ਪੂਰਾ ਕਰ ਦਿੱਤਾ ਹੈ। ਹੁਣ ਤੁਹਾਨੂੰ ਵੀ ਬਾਕੀ ਮੁਲਾਕਾਤੀਆਂ ਵਾਂਗ ਉਨ੍ਹਾਂ ਸਾਰੇ ਜੇਲ੍ਹ ਨਿਯਮਾਂ ਦਾ ਪਾਲਣ ਕਰਨਾ ਪਵੇਗਾ। ਇੱਕ ਕੋਠੜੀ ਵਿੱਚ ਜ਼ਾਕਿਰ ਨੂੰ ਲਿਆਂਦਾ ਗਿਆ। ਅੱਧਾ ਘੰਟਾ ਮੁਲਾਕਾਤ ਹੋਈ। ਜ਼ਾਕਿਰ ਦੀ ਸਿਹਤ ਠੀਕ ਸੀ ਤੇ ਉਸਦੇ ਚਿਹਰੇ ਦਾ ਰੰਗ ਨਿਖਰਿਆ ਹੋਇਆ ਸੀ। ਉਹ ਪਤਲਾ ਤੇ ਉਚਾ ਲੰਮਾ ਬੜਾ ਸੋਹਣਾ ਲੱਗ ਰਿਹਾ ਸੀ। ਮਾਂ ਤੇ ਭੈਣ ਦੀ ਤਸੱਲੀ ਹੋਈ। ਰਾਤ ਉਨ੍ਹਾਂ ਜੋਧਪੁਰ ਵਿੱਚ ਕੱਟੀ ਤੇ ਦੂਜੇ ਦਿਨ ਅਜਮੇਰ-ਸ਼ਰੀਫ ਵਿੱਚ ਦਰਗਾਹ ਦੀ ਜ਼ਿਆਰਤ ਕੀਤੀ। ਰਾਤ ਉਥੇ ਗੁਜ਼ਾਰੀ ਤੇ ਤੀਜੇ ਦਿਨ ਦਿੱਲੀ ਅੱਪੜੇ। ਦਿੱਲੀ ਉਨ੍ਹਾਂ ਖਵਾਜ਼ਾ ਨਿਜ਼ਾਮ-ਓ-ਦੀਨ ਦੀ ਦਰਗਾਹ 'ਤੇ ਹਾਜ਼ਰੀ ਦਿੱਤੀ ਤੇ ਚੋਖੇ ਚਿਰ ਤਕ ਅਮੀਰ ਖੁਸਰੋ ਦੇ ਮਜ਼ਾਰ 'ਤੇ ਬੈਠੇ ਰਹੇ। ਜਦਕਿ ਉਨ੍ਹਾਂ ਦੀ ਬੀਵੀ ਤੇ ਬੱਚੀ, ਜ਼ਾਕਿਰ ਦੀ ਰਿਹਾਈ ਲਈ ਦੁਆ ਮੰਗਦੀਆਂ ਰਹੀਆਂ। ਦਰਗਾਹ 'ਤੇ ਮੰਗਣ ਵਾਲੇ ਸੌ-ਡੇਢ ਸੌ ਮੰਗਤਿਆਂ ਨੂੰ ਖ਼ਾਲਿਦ ਸਾਹਿਬ ਨੇ ਰੋਟੀ ਖੁਵਾਈ, ਕਿਉਂਕਿ ਉਨ੍ਹਾਂ ਨੂੰ ਇੱਕ ਪੰਡਿਤ

ਨੇ ਕਿਹਾ ਸੀ ਕਿ ਜ਼ਾਕਿਰ ਨੂੰ ਕਮੀਨੇ ਗ੍ਰਹਿਆਂ ਨੇ ਘੇਰਿਆ ਹੋਇਆ ਹੈ। ਇੰਝ ਦੂਜੇ ਦਿਨ ਖ਼ਾਲਿਦ ਸਾਹਿਬ, ਉਨ੍ਹਾਂ ਦੀ ਪਤਨੀ, ਬੇਟੀ ਤੇ ਅਜਬ ਸਿੰਘ ਵਾਪਿਸ ਜੰਮੂ ਪਰਤ ਆਏ।

ਜੰਮੂ ਆ ਕੇ ਖ਼ਾਲਿਦ ਸਾਹਿਬ ਤੇ ਉਨ੍ਹਾਂ ਦੀ ਪਤਨੀ ਨੇ ਸਤਵਾਰੀ ਵਾਲੇ ਪੀਰ ਬਾਬਾ ਬੁੱਢਣ ਸ਼ਾਹ, ਰਾਮ ਨਗਰ ਦੇ ਮੋੜਾਂ ਵਿੱਚ ਪੰਜ ਪੀਰ ਅਤੇ ਗੁੰਮਟ ਦੇ ਨੌ ਗਜ਼ੀਏ ਪੀਰ ਦੀ ਦਰਗਾਹਵਾਂ 'ਤੇ ਜਾਣ ਦਾ ਸਿਲਸਿਲਾ ਜਾਰੀ ਰੱਖਿਆ ਤੇ ਉਥੇ ਮੰਗਤਿਆਂ ਨੂੰ ਛੋਲਿਆਂ ਵਾਲੇ ਚੌਲ ਖੁਵਾਉਣ ਤੇ ਪੈਸੇ ਵੰਡਣਾ ਜਾਰੀ ਰੱਖਿਆ। ਇੰਝ ਹੀ ਦੋਵੇਂ ਰਘੂਨਾਥ ਮੰਦਿਰ ਤੇ ਰਣਵੇਸ਼ਵਰ ਮੰਦਿਰ ਦੇ ਬਾਹਰ ਬੈਠੇ ਮੰਗਤਿਆਂ ਨੂੰ ਵੀ ਪੈਸੇ ਵੰਡਦੇ ਰਹਿੰਦੇ ਤਾਂ ਜੋ ਜ਼ਾਕਿਰ ਦੇ ਮਾੜੇ ਗ੍ਰਹਿ ਖਤਮ ਹੋਣ। ਉਨ੍ਹਾਂ ਦਿਨਾਂ ਵਿੱਚ ਹੀ ਖ਼ਾਲਿਦ ਸਾਹਿਬ ਨੂੰ ਪ੍ਰਮੋਸ਼ਨ ਮਿਲੀ ਤੇ ਉਨ੍ਹਾਂ ਨੂੰ ਡਿਪਟੀ ਡਾਇਰੈਕਟਰ ਅਸਟੇਟਸ ਜੰਮੂ ਨਿਯੁਕਤ ਕੀਤਾ ਗਿਆ। ਉਥੇ ਵਿਜਯ ਕੁਮਾਰ ਨਾਂ ਦਾ ਇੱਕ ਕਸ਼ਮੀਰੀ ਪੰਡਿਤ ਮੁਲਾਜ਼ਮ ਸੀ। ਉਹ ਖ਼ਾਲਿਦ ਸਾਹਿਬ ਨੂੰ ਇੱਕ ਦਿਨ, ਉਸ ਵੇਲੇ ਦੇ ਟਾਡਾ ਕੋਰਟ ਦੇ ਜੱਜ ਤ੍ਰਲੋਕੀ ਨਾਥ ਭੱਟ ਦੇ ਘਰ ਲੈ ਗਿਆ। ਭੱਟ ਸਾਹਿਬ ਵਿਜਯ ਕੁਮਾਰ ਦੇ ਨੇੜੇ ਦੇ ਰਿਸ਼ਤੇਦਾਰ ਸਨ। ਉਨ੍ਹਾਂ ਖ਼ਾਲਿਦ ਸਾਹਿਬ ਦੀ ਸਾਰੀ ਗੱਲ ਸੁਣੀ ਤੇ ਕਿਹਾ ਕਿ ਜ਼ਾਕਿਰ ਤਾਂ ਅਦਾਲਤੀ ਹਿਰਾਸਤ ਵਿੱਚ ਹੈ, ਤਾਂ ਉਸਨੂੰ ਅਦਾਲਤ ਦੀ ਇਜਾਜ਼ਤ ਬਗੈਰ ਜੋਧਪੁਰ ਕਿੰਝ ਲਿਜਾਇਆ ਗਿਆ। ਉਨ੍ਹਾਂ ਖ਼ਾਲਿਦ ਸਾਹਿਬ ਨੂੰ ਵਿਸ਼ਵਾਸ ਦੁਵਾਇਆ ਕਿ ਅਗਲੀ ਪੇਸ਼ੀ 'ਤੇ ਜ਼ਾਕਿਰ ਜੰਮੂ ਹੋਵੇਗਾ। ਫਿਰ ਉਨ੍ਹਾਂ ਇੱਕ ਸਖ਼ਤ ਚਿੱਠੀ ਉਸ ਵੇਲੇ ਦੇ ਹੋਮ ਕਮਿਸ਼ਨਰ ਮਹਿਮੂਦ-ਉਰ-ਰਹਿਮਾਨ ਨੂੰ ਲਿਖੀ, ਜਿਸ ਵਿੱਚ ਦਰਜ ਸੀ ਕਿ ਪਿਛਲੀਆਂ ਕਈ ਪੇਸ਼ੀਆਂ 'ਤੇ ਪੁਲਿਸ ਨੇ ਜ਼ਾਕਿਰ ਹੁਸੈਨ ਨੂੰ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਅਤੇ ਉਨ੍ਹਾਂ ਦੀ ਇਜਾਜ਼ਤ ਬਗੈਰ ਜੰਮੂ ਜੇਲ੍ਹ ਤੋਂ ਜੋਧਪੁਰ ਜੇਲ੍ਹ ਵਿੱਚ ਭੇਜਿਆ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਕੇਸ ਚਲਾਉਣ ਵਿੱਚ ਸੰਜੀਦਾ ਨਹੀਂ ਹੈ। ਜੱਜ ਸਾਹਿਬ ਨੇ ਹੋਮ ਕਮਿਸ਼ਨਰ ਨੂੰ ਚੇਤਾਵਨੀ ਦਿੰਦਿਆਂ ਹੋਇਆਂ ਲਿਖਿਆ ਭਈ ਜੇ ਅਗਲੀ ਪੇਸ਼ੀ 'ਤੇ ਜ਼ਾਕਿਰ ਨੂੰ ਪੇਸ਼ ਨਾ ਕੀਤਾ ਗਿਆ ਤਾਂ ਉਹ ਇਸ ਕੇਸ ਨੂੰ ਖਾਰਿਜ ਕਰ ਦੇਣਗੇ। ਇੰਝ ਜ਼ਾਕਿਰ ਹੁਸੈਨ ਡੇਢ ਸਾਲ ਮਗਰੋਂ ਮੁੜ ਜੰਮੂ ਡਿਸਟ੍ਰਿਕ ਜੇਲ੍ਹ ਵਿੱਚ ਆ ਗਿਆ। ਜੋਧਪੁਰ ਜੇਲ੍ਹ ਵਿੱਚ ਜੇਲ੍ਹਰ ਨੇ ਇਸਲਾਮੀ ਕਿਤਾਬਾਂ ਤੇ ਕੁਰਾਨ ਮੱਜੀਦ ਦਾ ਹਿੰਦੀ ਤੇ ਉਰਦੂ ਅਨੁਵਾਦ ਜ਼ਾਕਿਰ ਨੂੰ ਪੜਣ ਲਈ ਦਿੱਤਾ ਤੇ ਆਪ ਵੀ ਉਸਦੀ ਬ੍ਰੇਨ ਵਾਸ਼ਿੰਗ ਕਰਦਾ ਰਿਹਾ। ਉਥੇ ਜ਼ਾਕਿਰ ਨੂੰ ਵੱਖਵਾਦੀ ਕਈ ਲੀਡਰਾਂ ਨਾਲ ਮਿਲਣ ਦਾ ਮੌਕਾ ਮਿਲਿਆ ਤੇ ਉਸਨੇ ਭਲੀਭਾਂਤ ਸਮਝ ਲਿਆ ਕਿ ਇਨ੍ਹਾਂ ਲੋਕਾਂ ਦੀ ਕਥਨੀ ਤੇ ਕਰਨੀ ਵਿੱਚ ਚੋਖਾ ਫਰਕ ਹੈ। ਇਹ ਲੋਕ ਭਾਰਤ ਤੇ ਪਾਕਿਸਤਾਨ ਦੀਆਂ ਏਜੰਸੀਆਂ ਕੋਲੋਂ ਪੈਸੇ ਖਾਂਦੇ ਹਨ। ਪਾਕਿਸਤਾਨ, ਅਲਗਾਉਵਾਦ ਨੂੰ ਲੋਕਾਂ ਵਿੱਚ

ਫੈਲਾਉਣ ਤੇ ਭਾਰਤ ਦੀ ਹੋਮ ਮਨਿਸਟਰੀ ਆਜ਼ਾਦੀ ਦੇ ਸੰਘਰਸ਼ ਨੂੰ ਦਬਾਣ ਲਈ ਖੁੱਲ੍ਹਾ ਪੈਸਾ ਖ਼ਰਚਦੀਆਂ ਹਨ, ਤਾਹੀਓਂ ਤਾਂ ਇਨ੍ਹਾਂ ਆਖੌਤੀ ਲੀਡਰਾਂ ਨੇ ਕਰੋੜਾਂ ਰੁਪਏ ਦੀ ਜਾਇਦਾਦ ਬਣਾਈ ਹੈ। ਜ਼ਾਕਿਰ ਦੇ ਸਾਰੇ ਭੇਦ ਭੁਲੇਖੇ ਮੁੱਕ ਚੁੱਕੇ ਸਨ ਤੇ ਉਸਨੂੰ ਖਰ੍ਹੇ-ਖੋਟੇ ਤੇ ਚੰਗੇ-ਮੰਦੇ ਦੀ ਪਹਿਚਾਣ ਹੋ ਚੁੱਕੀ ਸੀ। ਜੰਮੂ ਆਉਂਦਿਆਂ ਹੀ ਉਸਨੇ ਖ਼ਾਲਿਦ ਸਾਹਿਬ ਨੂੰ ਕਿਹਾ ਸੀ ਕਿ ਉਹ ਉਸਦੀ ਰਿਹਾਈ ਲਈ ਕੋਸ਼ਿਸ਼ ਕਰਨ, ਕਿਉਂਕਿ ਉਸਨੂੰ ਆਜ਼ਾਦੀ ਦੀ ਤਹਿਰੀਕ ਚਲਾਣ ਵਾਲਿਆਂ ਲੀਡਰਾਂ ਦੀ ਅਸਲੀਅਤ ਦਾ ਪਤਾ ਲੱਗ ਚੁੱਕਾ ਹੈ। ਇੱਕ ਵਾਰੀ ਜਦ ਖ਼ਾਲਿਦ ਸਾਹਿਬ, ਜ਼ਾਕਿਰ ਨੂੰ ਮਿਲਣ ਲਈ ਜੇਲ੍ਹ ਗਏ ਤਾਂ ਉਥੇ ਉਨ੍ਹਾਂ ਜੇਲ੍ਹਰ ਸਾਹਿਬ ਦੇ ਕਮਰੇ ਵਿੱਚ ਇੱਕ ਵੱਖਵਾਦੀ ਲੀਡਰ ਨੂੰ ਆਈ.ਬੀ. (Intelligence Bureau) ਦੇ ਕੁੱਝ ਅਫ਼ਸਰਾਂ ਨਾਲ ਗੱਲਾਂ ਕਰਦਿਆਂ ਵੇਖਿਆ। ਉਨ੍ਹਾਂ ਅਫ਼ਸਰਾਂ ਵਿੱਚ ਇੱਕ ਬੰਦਾ ਖ਼ਾਲਿਦ ਸਾਹਿਬ ਨੂੰ ਜਾਣਦਾ ਸੀ, ਕਿਉਂਕਿ ਉਹ ਦੋਵੇਂ ਪੁਣਛ ਵਿੱਚ ਇੱਕੱਠੇ ਨੌਕਰੀ ਕਰ ਚੁੱਕੇ ਸਨ। ਉਹ ਅਫ਼ਸਰ ਖ਼ਾਲਿਦ ਸਾਹਿਬ ਕੋਲ ਆਇਆ ਤੇ ਜ਼ਾਕਿਰ ਦੀ ਖ਼ੈਰ-ਖ਼ੈਰੀਅਤ/ਸੁੱਖ-ਸਾਂਦ ਪੁੱਛਣ ਲੱਗਾ। ਫਿਰ ਉਹ ਕਹਿਣ ਲੱਗਾ ਕਿ ਅਸੀਂ ਜਾਵੇਦ ਮੀਰ ਦੀ ਸਿਫ਼ਾਰਸ਼ 'ਤੇ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਛੇ ਮੈਂਬਰ ਛੱਡ ਰਹੇ ਹਾਂ, ਤੁਸੀਂ ਵੀ ਜਾਵੇਦ ਮੀਰ ਨੂੰ ਕਹੋ ਕਿ ਉਹ ਜ਼ਾਕਿਰ ਦਾ ਨਾਂ ਵੀ ਦੇ ਦੇਵੇ ਤਾਂ ਅਸੀਂ ਉਸਨੂੰ ਵੀ ਛੱਡ ਦੇਵਾਂਗੇ। ਜਦ ਖ਼ਾਲਿਦ ਸਾਹਿਬ ਨੇ ਜ਼ਾਕਿਰ ਨਾਲ ਗੱਲ ਕੀਤੀ ਤਾਂ ਉਸਨੇ ਸਖ਼ਤੀ ਨਾਲ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਇਨ੍ਹਾਂ ਵਿਕਾਊ ਲੀਡਰਾਂ ਦੀ ਸਿਫ਼ਾਰਸ਼ਾਂ 'ਤੇ ਬਾਹਰ ਨਹੀਂ ਆਉਣਾ ਚਾਹੁੰਦਾ, ਤੁਸੀਂ ਟਾਡਾ ਕੋਰਟ ਤੋਂ ਮੇਰੀ ਜ਼ਮਾਨਤ ਕਰਵਾਉ। ਭਾਰਤ ਸਰਕਾਰ ਨੇ ਕਈ ਵੱਖਵਾਦੀ ਲੀਡਰਾਂ ਨੂੰ ਲਾਲਚ ਦੇ ਕੇ ਖਰੀਦ ਲਿਆ ਸੀ, ਜਿਨ੍ਹਾਂ ਵਿੱਚ ਕੁੱਕ ਪਰੇ ਤੇ ਉਸਮਾਨ ਮੱਜੀਦ ਨੂੰ ਐਮੱ.ਐਲੱ.ਏ. ਬਣਵਾਇਆ ਅਤੇ ਬਾਬਰ ਬਦਰ ਨੂੰ ਤੇ ਕੁੱਝ ਹੋਰ ਬੰਦਿਆਂ ਨੂੰ ਐਮੱ.ਐਲੱ. ਸੀ। ਕਈਆਂ ਨੂੰ ਕਾਰੋਬਾਰ ਲਈ ਲੱਖਾਂ ਰੁਪਏ ਦਿੱਤੇ ਗਏ। ਸ਼ਬੀਰ ਸ਼ਾਹ ਨੂੰ ਚੀਫ਼ ਮਨਿਸਟਰ ਬਣਾਉਣ ਦਾ ਲਾਲਚ ਦਿੱਤਾ ਗਿਆ। ਜੇਲੋਂ ਬਾਹਰ ਆਉਂਦੇ ਹੀ ਸ਼ਬੀਰ ਸ਼ਾਹ ਦੇ ਸਵਾਗਤ ਦਾ ਇੰਤਜ਼ਾਮ ਕਰਵਾਇਆ ਗਿਆ ਤੇ ਉਸਨੇ ਕਠੂਏ ਤੋਂ ਜਲਸੇ ਕਰਨੇ ਤੇ ਲੋਕਾਂ ਨੂੰ ਮਿਲਣਾ ਸ਼ੁਰੂ ਕੀਤਾ। ਬਨਹਾਲ ਪੁੱਜਣ ਤਕ ਉਸਦੀ ਸਾਰੀ ਫੂਕ ਨਿਕਲ ਚੁੱਕੀ ਸੀ ਤੇ ਕਸ਼ਮੀਰ ਘਾਟੀ ਵਿੱਚ ਪੁੱਜ ਕੇ ਜਦ ਉਸਨੇ ਲੋਕਾਂ ਦੀ ਨਬਜ਼ ਵੇਖੀ ਤਾਂ ਮੁੜ ਕਸ਼ਮੀਰ ਮਸਲੇ ਦੇ ਹੱਲ ਲਈ ਤਿੰਨ ਫਰੀਕਾਂ ਦੀ ਗੱਲ ਕਰਨ ਲੱਗਾ, ਯਾਨੀ ਭਾਰਤ, ਪਾਕਿਸਤਾਨ ਤੇ ਕਸ਼ਮੀਰ ਦੇ ਲੋਕ ਹੀ ਕਸ਼ਮੀਰ ਮਸਲੇ ਦਾ ਹੱਲ ਲੱਭਣ। ਜ਼ਾਕਿਰ ਹੁਸੈਨ ਨੂੰ ਇਨ੍ਹਾਂ ਅਲਗਾਉਵਾਦੀ ਲੀਡਰਾਂ ਦੀਆਂ ਚਾਲਾਂ ਨਾਲ ਡਾਹਢੀ ਨਫ਼ਰਤ ਸੀ, ਤੇ ਉਸਨੇ ਇਨ੍ਹਾਂ ਲੋਕਾਂ ਨਾਲ ਕਿਸੇ ਕਿਸਮ ਦਾ ਰਾਬਤਾ ਰੱਖਣ ਤੋਂ ਇਨਕਾਰ ਕਰ ਦਿੱਤਾ। ਟਾਡਾ ਕੋਰਟ ਵਿੱਚ ਮੁਕਦਮਾ

ਚੱਲਦਾ ਰਿਹਾ ਤੇ ਖ਼ਾਲਿਦ ਸਾਹਿਬ, ਮਜਾਜ਼ ਅਫਸਰਾਂ ਨੂੰ ਜ਼ਾਕਿਰ ਦੀ ਰਿਹਾਈ ਲਈ ਮਿਲਦੇ ਰਹੇ। ਸਰਕਾਰ ਨੇ ਘੱਟ ਜ਼ੁਰਮ ਕਰਨ ਵਾਲੇ ਗੱਭਰੂਆਂ ਦੀ ਰਿਹਾਈ ਲਈ ਇੱਕ ਸਕਰੀਨਿੰਗ ਕਮੇਟੀ ਬਣਾਈ ਸੀ, ਜਿਸ ਵਿੱਚ ਸੁਸ਼ਮਾ ਚੌਧਰੀ ਤੇ ਗੁਲਾਮ ਮੁਹੰਮਦ ਠਾਕੁਰ ਨੂੰ ਜੰਮੂ-ਕਸ਼ਮੀਰ ਸਰਕਾਰ ਵੱਲੋਂ ਮੈਂਬਰ ਲਿਆ ਗਿਆ ਸੀ ਤੇ ਬਾਕੀ ਮੈਂਬਰਾਂ ਵਿੱਚ ਰਿਸਰਚ ਐਂਡ ਐਨਾਲਾਇਸਸ ਵਿੰਗ (R.A.W.), ਆਈ.ਬੀ., ਐਸੱ.ਬੀ., ਬੀ.ਐਸੱ.ਐਫੱ., ਐਮੱ.ਆਈ. ਤੇ ਰਿਆਸਤੀ ਪੁਲਿਸ ਦੀ ਸੀ.ਆਈ.ਡੀ. ਤੋਂ ਮੈਂਬਰ ਲਏ ਗਏ ਸਨ। ਉਥੇ ਜੰਮੂ ਦੀ ਪਹਿਲੀ ਆਈ.ਏ.ਐਸੱ ਸਪੁੱਤਰੀ ਮਿੱਸ ਸੁਸ਼ਮਾ ਚੌਧਰੀ ਜੀ ਨੇ ਜ਼ਾਕਿਰ ਨੂੰ ਛੱਡਣ ਦੀ ਰੱਜ ਕੇ ਵਕਾਲਤ ਕੀਤੀ। ਇੰਝ ਹੀ ਕਮਿਸ਼ਨਰ ਕਾਨੂੰਨ ਗੁਲਾਮ ਮੁਹੰਮਦ ਠਾਕੁਰ ਨੇ ਵੀ ਜ਼ਾਕਿਰ ਦੀ ਰਿਹਾਈ ਲਈ ਜ਼ੋਰਦਾਰ ਬਹਿਸ ਕੀਤੀ, ਪਰ ਸਿੱਟਾ ਕੁੱਝ ਨਹੀਂ ਨਿਕਲਿਆ। ਉਨ੍ਹਾਂ ਦਿਨਾਂ ਵਿੱਚ ਹੀ ਖ਼ਾਲਿਦ ਸਾਹਿਬ ਦੇ ਦੋਸਤ ਤੇ ਸੀਨੀਅਰ ਆਈ.ਏ.ਐਸੱ. ਅਫਸਰ ਸ੍ਰੀ ਸੁਧੀਰ ਸਿੰਘ ਬਲੌਰੀਆ ਹੋਮ ਕਮਿਸ਼ਨਰ ਬਣੇ। ਉਨ੍ਹਾਂ ਚਾਰਜ ਸੰਭਾਲਦਿਆਂ ਹੀ ਜ਼ਾਕਿਰ ਦੇ ਕੇਸ ਦੀ ਫਾਈਲ ਇੰਸਪੈਕਟਰ ਜਨਰਲ ਪੁਲਿਸ ਸੀ.ਆਈ.ਡੀ. ਸ੍ਰੀ ਗੋਪਾਲ ਸ਼ਰਮਾ ਨੂੰ ਦਿੱਤੀ ਤੇ ਕਿਹਾ ਕਿ ਇਹ ਖ਼ਾਲਿਦ ਹੁਸੈਨ ਦਾ ਬੇਟਾ ਹੈ ਤੇ ਇਸਨੂੰ ਬਾਹਰ ਲਿਆਉਣਾ ਹੈ। (ਬਲੌਰੀਆ ਸਾਹਿਬ ਬਾਅਦ ਵਿੱਚ ਚੀਫ-ਸੈਕਟਰੀ ਬਣੇ ਤੇ ਅੱਜਕੱਲ੍ਹ ਸੈਂਟਰਲ ਯੂਨੀਵਰਸਿਟੀ, ਜੰਮੂ ਦੇ ਵਾਇਸ ਚਾਂਸਲਰ ਹਨ ਤੇ ਗੋਪਾਲ ਸ਼ਰਮਾ ਜੰਮੂ-ਕਸ਼ਮੀਰ ਦੇ ਡਾਇਰੈਕਟਰ ਜਨਰਲ ਪੁਲਿਸ ਬਣ ਕੇ ਸੇਵਾ ਮੁਕਤ ਹੋ ਚੁੱਕੇ ਹਨ।) ਜੱਜ ਤਰਲੋਕੀ ਨਾਥ ਭੱਟ ਦੀ ਬਦਲੀ ਹੋ ਗਈ ਸੀ ਤੇ ਉਨ੍ਹਾ ਦੀ ਜਗ੍ਹਾ 'ਤੇ ਸਰਦਾਰ ਮਹਿੰਦਰ ਸਿੰਘ ਟਾਡਾ ਕੋਰਟ ਦੇ ਜੱਜ ਨਿਯੁਕਤ ਹੋਏ ਸਨ। ਉਨ੍ਹਾਂ ਦੋ ਤਿੰਨ ਪੇਸ਼ੀਆਂ ਵਿੱਚ ਹੀ ਜ਼ਾਕਿਰ ਹੁਸੈਨ ਤੇ ਉਸਦੇ ਦੋ-ਤਿੰਨ ਸਾਥੀਆਂ ਨੂੰ ਜ਼ਮਾਨਤ ਦੇ ਦਿੱਤੀ, ਪਰ ਜ਼ਾਕਿਰ ਨੂੰ ਰਿਹਾਈ ਤਾਂ ਵੀ ਨਸੀਬ ਨਾ ਹੋਈ। ਸਕਰੀਨਿੰਗ ਕਮੇਟੀ ਦੀ ਅਗਲੀ ਕਿਸੇ ਮੀਟਿੰਗ ਵਿੱਚ ਗੋਪਾਲ ਸ਼ਰਮਾ ਜੀ ਨੇ ਜ਼ਾਕਿਰ ਦੀ ਰਿਹਾਈ ਬਾਰੇ ਫਾਈਲ ਮੈਂਬਰਾਂ ਅੱਗੇ ਰੱਖੀ ਤੇ ਉਨ੍ਹਾਂ ਦੇ ਸਾਰੇ ਸ਼ੰਕੇ ਦੂਰ ਕੀਤੇ, ਤੇ ਉਨ੍ਹਾਂ ਕੋਲੋਂ ਜ਼ਾਕਿਰ ਦੀ ਰਿਹਾਈ ਲਈ ਮਨਜ਼ੂਰੀ ਲੈ ਲਈ। ਬਲੌਰੀਆ ਸਾਹਿਬ ਨੇ ਖ਼ਾਲਿਦ ਸਾਹਿਬ ਨੂੰ ਬੁਲਾ ਕੇ ਕਿਹਾ ਕਿ ਭਈ ਸਕਰੀਨਿੰਗ ਕਮੇਟੀ ਨੇ ਇਸ ਸ਼ਰਤ 'ਤੇ ਜ਼ਾਕਿਰ ਦੀ ਰਿਹਾਈ ਮਨਜ਼ੂਰ ਕੀਤੀ ਹੈ ਕਿ ਜਾਂ ਤੇ ਉਹ ਜ਼ਾਕਿਰ ਨੂੰ ਅੱਗੇ ਪੜ੍ਹਣ ਲਈ ਬਾਹਰ ਕਿਸੇ ਦੂਸਰੇ ਪ੍ਰਦੇਸ ਵਿੱਚ ਭੇਜ ਦੇਵੇ ਜਾਂ ਫਿਰ ਉਸਦਾ ਵਿਆਹ ਕਰਵਾ ਦੇਵੇ। ਰਿਹਾਈ ਤੋਂ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਉਸਦਾ ਵਿਆਹ ਹੋਣਾ ਜਾਂ ਦੂਸਰੇ ਪ੍ਰਦੇਸ ਵਿੱਚ ਭੇਜਣਾ ਜ਼ਰੂਰੀ ਹੈ। ਜ਼ਾਕਿਰ ਨੇ 11ਵੀ, 12ਵੀਂ ਤੇ 13ਵੀਂ. ਜਮਾਤ ਜੇਲ੍ਹ ਵਿੱਚ ਹੀ ਇਮਤਿਹਾਨ ਦੇ ਕੇ ਪਾਸ ਕੀਤੀ, ਪਰ ਉਹ ਦੂਸਰੇ ਪ੍ਰਦੇਸ ਵਿੱਚ ਜਾਣ ਲਈ ਤਿਆਰ ਨਹੀਂ ਸੀ, ਇਸ ਲਈ ਖ਼ਾਲਿਦ ਸਾਹਿਬ ਨੇ ਉਸਦਾ ਵਿਆਹ

ਕਰਵਾਉਣ ਦਾ ਫੈਸਲਾ ਕੀਤਾ। ਜੰਮੂ-ਕਸ਼ਮੀਰ ਵਿੱਚ ਆਪਣੇ ਰਿਸ਼ਤੇਦਾਰਾਂ ਤੇ ਯਾਰਾਂ-ਦੋਸਤਾਂ ਕੋਲੋਂ ਜ਼ਾਕਿਰ ਲਈ ਰਿਸ਼ਤਾ ਮੰਗਿਆ, ਪਰ ਕੋਈ ਵੀ ਤਿਆਰ ਨਾ ਹੋਇਆ। ਆਖ਼ੀਰ ਉਹ ਮਲੇਰਕੋਟਲੇ ਗਏ ਤੇ ਉਥੇ ਆਪਣੇ ਦੋਸਤ ਕੋਲੋਂ ਉਸਦੀ ਬੇਟੀ ਦਾ ਰਿਸ਼ਤਾ ਜ਼ਾਕਿਰ ਲਈ ਮੰਗਿਆ, ਉਹ ਤਿਆਰ ਹੋ ਗਿਆ ਤੇ ਖ਼ਾਲਿਦ ਸਾਹਿਬ ਨੇ ਵਾਪਿਸ ਆ ਕੇ ਉਹ ਗੱਲ ਬਲੌਰੀਆ ਸਾਹਿਬ ਨੂੰ ਦੱਸੀ ਤੇ ਇੰਝ 3 ਨਵੰਬਰ 1995 ਨੂੰ ਜ਼ਾਕਿਰ ਪੌਣੇ ਪੰਜ ਸਾਲਾਂ ਬਾਅਦ ਜ਼ਮਾਨਤ 'ਤੇ ਰਿਹਾ ਹੋ ਕੇ ਘਰ ਆਇਆ। 15 ਦਿਨਾਂ ਦੇ ਅੰਦਰ ਉਸਦਾ ਵਿਆਹ ਕੀਤਾ ਗਿਆ ਤੇ ਵਿਆਹ ਵਿੱਚ ਬਲੌਰੀਆ ਸਾਹਿਬ ਤੇ ਖ਼ਾਲਿਦ ਸਾਹਿਬ ਦੇ ਹੋਰ ਗ਼ੈਰ-ਮੁਸਲਿਮ ਦੋਸਤਾਂ ਨੇ ਸ਼ਿਰਕਤ ਕੀਤੀ, ਜਿਹੜੇ ਖ਼ਾਲਿਦ ਸਾਹਿਬ ਦੇ ਔਖੇ ਵੇਲੇ ਉਨ੍ਹਾਂ ਨਾਲ ਜੁੜੇ ਰਹੇ ਤੇ ਜਿਨ੍ਹਾਂ ਜ਼ਾਕਿਰ ਦੀ ਰਿਹਾਈ ਲਈ ਸਿਰ ਤੋੜ ਕੋਸ਼ਿਸ਼ ਕੀਤੀ ਸੀ। ਇਥੇ ਇਹ ਗੱਲ ਦੱਸਣ ਯੋਗ ਹੈ ਕਿ ਇਸ ਸਾਰੇ ਔਖੇ ਸਫਰ ਵਿੱਚ ਖ਼ਾਲਿਦ ਸਾਹਿਬ ਨੂੰ ਕਿਸੇ ਨੇ ਤੰਗ ਨਹੀਂ ਕੀਤਾ। ਉਨ੍ਹਾਂ ਦੀ ਕੋਈ ਪ੍ਰਮੋਸ਼ਨ ਰੋਕੀ ਨਹੀਂ ਗਈ ਤੇ ਉਹ ਚੰਗੀ ਤੋਂ ਚੰਗੀ ਪਦਵੀ ਹਾਸਿਲ ਕਰਦੇ ਰਹੇ। ਉਹ ਐਡੀਸ਼ਨਲ ਰਿਜਸਟਰਾਰ ਕੋਆਪਰੇਟਿਵ, ਜੰਮੂ ਬਣੇ। ਐਡੀਸ਼ਨਲ ਡਿਪਟੀ ਕਮਿਸ਼ਨਰ ਜੰਮੂ ਬਣੇ ਤੇ ਡਿਪਟੀ ਕਮਿਸ਼ਨਰ ਪੁਣਛ ਬਣਾਏ ਗਏ।

1990 ਵਿੱਚ ਜਦ ਮਿਲੀਟੈਂਸੀ ਜ਼ੋਰਾਂ 'ਤੇ ਸੀ ਤਾਂ ਕਸ਼ਮੀਰ ਦੇ ਇਲਾਕੇ ਸ਼ੋਪਈਆਂ ਤੇ ਪੁਲਵਾਮਾਂ ਦੇ 40-50 ਪੜ੍ਹੇ ਲਿਖੇ ਗੱਭਰੂ ਟ੍ਰੇਨਿੰਗ ਲੈਣ ਲਈ ਪੁਣਛ ਦੇ ਰਸਤੇ ਇੱਕ ਗਾਈਡ ਦੀ ਸਹਾਇਤਾ ਨਾਲ ਪਾਕਿਸਤਾਨ ਕਸ਼ਮੀਰ ਵੱਲ ਗਏ ਸਨ। ਉਸ ਗਾਈਡ ਦਾ ਨਾਂ ਗੁਲਾਮ ਰਸੂਲ ਤਿਤਰੂ ਸੀ। ਤਿਤਰੂ ਨੂੰ ਮੁਕਾਮੀ ਪੁਲਿਸ ਤੇ ਮੰਡੀ ਵਿੱਚ ਤਾਇਨਾਤ ਰਾਸ਼ਟਰੀਯ ਰਾਇਫਲ ਦੇ ਕਰਨਲ ਨੇ ਖਰੀਦ ਲਿਆ ਤੇ ਉਹ ਫੌਜ ਦਾ ਮੁਖਬਰ ਬਣ ਚੁੱਕਿਆ ਸੀ। ਟ੍ਰੇਨਿੰਗ ਲੈਣ ਮਗਰੋਂ ਉਨ੍ਹਾਂ ਮੁੰਡਿਆਂ ਨੇ ਦੁਬਾਰਾ ਤਿਤਰੂ ਨਾਲ ਰਾਬਤਾ ਕਾਇਮ ਕੀਤਾ ਤੇ ਤਿਤਰੂ ਨੇ ਉਨ੍ਹਾਂ ਨੂੰ ਮੰਡੀ ਦੇ ਜੰਗਲਾਂ ਵਿੱਚ ਇੱਕ ਖ਼ਾਸ ਥਾਂ 'ਤੇ ਇੱਕੱਠਿਆਂ ਕੀਤਾ ਅਤੇ ਫੌਜ ਨੂੰ ਇਸ ਗੱਲ ਦੀ ਸੂਚਨਾ ਦਿੱਤੀ। ਫੌਜ ਨੇ ਇੱਕ ਸਿਵਲ ਟਰੱਕ ਮਿੱਥੀ ਗਈ ਜਗ੍ਹਾ 'ਤੇ ਭੇਜਿਆ। ਤਿਤਰੂ ਨੇ 34 ਮੁੰਡਿਆਂ ਨੂੰ ਟਰੱਕ ਵਿੱਚ ਬਿਠਾਇਆ ਤੇ ਉਨ੍ਹਾਂ ਦਾ ਅਸਲਾ ਲੈ ਕੇ ਟਰੱਕ ਦੇ ਟੂਲ ਬਕਸ ਵਿੱਚ ਰੱਖਵਾਇਆ ਤੇ ਉਨ੍ਹਾਂ ਨੂੰ ਸਮਝਾਇਆ ਕਿ ਆਰਮੀ ਦੇ ਅੱਗੇ ਦੋ ਜਗ੍ਹਾ ਨਾਕੇ ਹਨ, ਇਸ ਲਈ ਅਸਲਾ ਲੁਕਾਉਣਾ ਜ਼ਰੂਰੀ ਹੈ। ਉਨ੍ਹਾਂ ਖਾੜਕੂਆਂ ਦਾ ਕਮਾਂਡਰ ਤੇ ਗਾਈਡ, ਡਰਾਈਵਰ ਨਾਲ ਅੱਗੇ ਬੈਠ ਗਏ ਤੇ ਬਾਕੀ ਸਾਰੇ ਖਾੜਕੂ ਟਰੱਕ ਦੇ ਪਿੱਛੇ ਬੈਠ ਗਏ। ਉਨ੍ਹਾਂ ਨੂੰ ਸਮਝਾਇਆ ਗਿਆ ਕਿ ਫੌਜੀ ਜੇ ਪੁੱਛਣ ਤਾਂ ਉਹ ਦੱਸਣ ਕਿ ਉਹ ਮਜ਼ਦੂਰ ਹਨ। ਆਜ਼ਾਦੀ ਲਈ ਲੜਨ ਵਾਲੇ ਇਹ ਸਾਰੇ ਬੱਚੇ ਜਿਨ੍ਹਾਂ ਦੀਆਂ ਉਮਰ 18 ਤੋਂ 25 ਸਾਲ ਦੀ ਸੀ ਤੇ ਜਿਨ੍ਹਾਂ ਵਿੱਚ ਕਈ ਇੰਜੀਨੀਅਰ ਤੇ ਡਾਕਟਰੀ ਦੇ ਕੋਰਸ ਵੀ ਕਰ

ਰਹੇ ਸਨ, ਇਹ ਸਾਰੇ ਤਿਤਰੂ ਕਾਰਨ ਫੌਜੀ ਜਾਲ ਵਿੱਚ ਫਸ ਚੁੱਕੇ ਸਨ। ਜਦ ਇਹ ਟਰੱਕ ਫੌਜੀ ਨਾਕੇ ਕੋਲ ਪਹੁੰਚਿਆਂ ਤਾਂ ਤਿਤਰੂ ਟਰੱਕ ਤੋਂ ਉਤਰਨ ਲੱਗਾ ਤੇ ਕਹਿਣ ਲੱਗਾ ਕਿ ਉਹ ਫੌਜੀ ਅਫਸਰ ਨੂੰ ਦੱਸੇਗਾ ਕਿ ਅਸੀਂ ਸਾਰੇ ਮਜ਼ਦੂਰ ਹਾਂ ਤੇ ਪੁਣਛ ਜਾ ਰਹੇ ਹਾਂ, ਪਰ ਖਾੜਕੂ ਕਮਾਂਡਰ ਨੂੰ ਸ਼ੱਕ ਹੋਇਆ ਤੇ ਉਸਨੇ ਤਿਤਰੂ ਦੀ ਬਾਂਹ ਮਜ਼ਬੂਤੀ ਨਾਲ ਫੜ ਲਈ। ਤਿਤਰੂ ਨੇ ਟਰੱਕ ਤੋਂ ਉਤਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਸ ਮੁੰਡੇ ਨੇ ਤਿਤਰੂ ਦੀ ਬਾਂਹ ਨਹੀਂ ਛੱਡੀ। ਜਦ ਫੌਜੀਆਂ ਦੇਖਿਆ ਕਿ ਤਿਤਰੂ ਟਰੱਕ ਤੋਂ ਹੇਠਾਂ ਨਹੀਂ ਉਤਰ ਰਿਹਾ ਤਾਂ ਉਨ੍ਹਾਂ ਫਾਇਰਿੰਗ ਸ਼ੁਰੂ ਕਰ ਦਿੱਤੀ, ਚਾਰੇ ਪਾਸਿਓਂ ਟਰੱਕ ਉਤੇ ਗੋਲੀਆਂ ਚੱਲਣ ਲੱਗੀਆਂ। 34 ਖਾੜਕੂ, ਤਿਤਰੂ ਤੇ ਡਰਾਈਵਰ ਫੌਜੀਆਂ ਨੇ ਮਾਰ ਦਿੱਤੇ। ਉਨ੍ਹਾਂ ਦੀਆਂ ਲਾਸ਼ਾਂ ਨੂੰ ਮੰਡੀ ਲਿਆਂਦਾ ਗਿਆ ਤੇ ਬ੍ਰਿਗੇਡੀਅਰ ਨੇ ਲਾਸ਼ਾਂ 'ਤੇ ਪਟਰੋਲ ਸੁੱਟ ਕੇ ਫੂਕਣ ਦਾ ਆਰਡਰ ਦਿੱਤਾ, ਪਰ ਮੌਕੇ 'ਤੇ ਡੀ.ਐਸੱ.ਪੀ. ਸ਼ੇਖ ਗੁਲਾਮ ਅਹਿਮਦ ਨੇ ਬ੍ਰਿਗੇਡੀਅਰ ਸਾਹਿਬ ਨੂੰ ਸਮਝਾਇਆ ਕਿ ਸਿਵਲ ਐਡਮਿਨਿਸਟਰੇਸ਼ਨ ਲਈ ਲਾਅ ਐਂਡ ਆਰਡਰ ਦਾ ਮਸਲਾ ਪੈਦਾ ਹੋ ਜਾਏਗਾ, ਲੋਕੀ ਕੱਲ੍ਹ ਸੜਕਾਂ 'ਤੇ ਆ ਜਾਣਗੇ ਤੇ ਉਨ੍ਹਾਂ ਨੂੰ ਸਾਂਭਣਾ ਮੁਸ਼ਕਿਲ ਹੋ ਜਾਏਗਾ, ਇਸ ਲਈ ਇਨ੍ਹਾਂ ਖਾੜਕੂਆਂ ਨੂੰ ਦਫਨਾਉਣ ਦੀ ਇਜਾਜ਼ਤ ਦਿੱਤੀ ਜਾਏ। ਫੌਜੀ ਮੰਨ ਗਏ, ਪਰ ਉਨ੍ਹਾਂ ਇਸ ਕੰਮ ਵਿੱਚ ਕਿਸੇ ਕਿਸਮ ਦੀ ਸਹਾਇਤਾ ਦੇਣ ਤੋਂ ਇਨਕਾਰ ਕਰ ਦਿੱਤਾ। ਡੀ.ਐਸੱ.ਪੀ. ਸ਼ੇਖ ਨੇ ਮੰਡੀ ਦੇ ਨੈਸ਼ਨਲ ਕਾਨਫਰੰਸੀ ਲੀਡਰ ਗੁਲਾਮ ਮੁਹੰਮਦ ਗੰਨਾਈ (ਮਾਮਾ ਗੰਨਾਈ) ਨੂੰ ਰਾਤੀਂ 12 ਵਜੇ ਜਗਾਇਆ ਤੇ ਸਾਰੀ ਗੱਲ ਦੱਸੀ। ਮਾਮਾ ਗੰਨਾਈ ਨੇ ਮੰਡੀ ਦੇ ਸੌ-ਪੰਜਾਹ ਬੰਦਿਆਂ ਨੂੰ ਜਗਾ ਕੇ ਸੇਕਲੂ ਕੋਲ ਇੱਕ ਖੇਤ ਵਿੱਚ 11-11 ਦੀਆਂ ਲਾਈਨਾਂ ਵਿੱਚ ਤੇਤੀ ਕਬਰਾਂ ਖੁਦਵਾਈਆਂ ਤੇ 34ਵੀਂ ਕਬਰ ਚੌਥੀ ਲਾਈਨ ਵਿੱਚ ਖੋਦੀ ਗਈ। ਇੰਝ ਸਵੇਰ ਦੇ ਪੰਜ ਵਜੇ ਤਕ ਸਾਰੀਆਂ ਲਾਸ਼ਾਂ ਨੂੰ ਦਫਣ ਕਰ ਦਿੱਤਾ ਗਿਆ। ਅੱਜ ਵੀ ਇਹ ਕਬਰਾਂ ਸੇਕਲੂ ਵਿੱਚ ਮੌਜੂਦ ਹਨ। ਉਸ ਵੇਲੇ ਜ਼ਿਲ੍ਹਾ ਪੁਣਛ ਦੇ ਐਸੱ.ਐਸੱ.ਪੀ. ਪਿਤੰਬਰ ਲਾਲ ਗੁਪਤਾ ਤੇ ਡਿਪਟੀ ਕਮਿਸ਼ਨਰ ਪੀ. ਧਰ ਚੱਕਰਵਰਤੀ ਸਨ ਅਤੇ ਖ਼ਾਲਿਦ ਸਾਹਿਬ ਐਸਿਸਟੈਂਟ ਕਮਿਸ਼ਨਰ ਡਿਵੈਲਪਮੈਂਟ।

ਜਦੋਂ ਖ਼ਾਲਿਦ ਸਾਹਿਬ ਪੁਣਛ ਵਿੱਚ ਡਿਪਟੀ ਕਮਿਸ਼ਨਰ ਸਨ ਤਾਂ ਉਨ੍ਹਾਂ ਦਿਨਾਂ ਵਿੱਚ ਵੀ ਕਸ਼ਮੀਰ ਦੇ ਕੁੱਝ ਗੱਭਰੂ ਅਸਲਾਹ ਚਲਾਉਣ ਦੀ ਟ੍ਰੇਨਿੰਗ ਲੈਣ ਲਈ ਪਾਕਿਸਤਾਨੀ ਕਸ਼ਮੀਰ ਵਿੱਚ ਗਏ ਸਨ। ਜਦ ਉਹ ਵਾਪਿਸ ਆਏ ਤਾਂ ਜਮੀਆ ਗਲੀ ਦੇ ਜੰਗਲ ਵਿੱਚ ਥਕਾਵਟ ਦੂਰ ਕਰਨ ਲਈ ਆਰਾਮ ਕਰ ਰਹੇ ਸਨ ਕਿ ਮੁਖਬਰ ਨੇ ਪੁਲਿਸ ਨੂੰ ਉਨ੍ਹਾਂ ਦੀ ਖ਼ਬਰ ਦਿੱਤੀ। ਐਸੱ.ਐਸੱ.ਪੀ. ਸ਼੍ਰੀ ਪੰਕਜ ਸਕਸੈਨਾ, ਪੁਲਿਸ ਦੀ ਇੱਕ ਟੁਕੜੀ ਲੈ ਕੇ ਮੌਕੇ 'ਤੇ ਪਹੁੰਚ ਗਿਆ ਤੇ ਉਸਨੇ ਉਨ੍ਹਾਂ ਮੁੰਡਿਆਂ ਨੂੰ ਘੇਰੇ ਵਿੱਚ ਲੈ ਲਿਆ ਤੇ ਆਤਮ ਸਮਰਪਣ ਕਰਨ ਲਈ ਕਿਹਾ। ਖਾੜਕੂਆਂ ਮੌਕੇ ਦੀ

ਨਜ਼ਾਕਤ ਨੂੰ ਸਮਝਦਿਆਂ ਹੋਇਆਂ ਆਤਮ ਸਮਰਪਣ ਕਰ ਦਿੱਤਾ। ਉਹ ਸਾਰੇ ਖਾੜਕੂ ਕਸ਼ਮੀਰੀ ਸਨ, ਉਨ੍ਹਾਂ ਵਿੱਚ ਕੋਈ ਵੀ ਗ਼ੈਰ-ਕਸ਼ਮੀਰੀ ਨਹੀਂ ਸੀ, ਪਰ ਉਸਨੂੰ ਜੰਮੂ ਤੋਂ ਵੱਡੇ ਅਫਸਰ ਅਤੇ ਪੁਣਛ ਤੇ ਰਾਜੌਰੀ ਤੋਂ ਫੌਜੀ ਅਫਸਰ ਇਹ ਹੁਕਮ ਦੇ ਰਹੇ ਸਨ ਕਿ ਉਹ ਇਨ੍ਹਾਂ ਸਾਲਿਆਂ ਨੂੰ ਗੋਲੀਆਂ ਨਾਲ ਭੁੰਨ ਕੇ ਰੱਖ ਦੇਵੇ, ਪਰ ਪੰਕਜ ਸਕਸੈਨਾ, ਉਨ੍ਹਾਂ ਦੀ ਗੱਲ ਨਹੀਂ ਸੀ ਮੰਨ ਰਿਹਾ। ਉਹ ਇੱਕ ਨੌਜਵਾਨ ਆਈ.ਪੀ.ਐੱਸ. ਅਫਸਰ ਸੀ, ਸੱਚਾ ਤੇ ਸੁੱਚਾ, ਪੂਜਾ-ਪਾਠੀ ਤੇ ਇਮਾਨਦਾਰ। ਉਸਨੇ ਖ਼ਾਲਿਦ ਸਾਹਿਬ ਨਾਲ ਵਾਇਰਲੈਸ 'ਤੇ ਗੱਲ ਕੀਤੀ ਤੇ ਕਿਹਾ ਕਿ ਭਈ ਉਨ੍ਹਾਂ ਸਾਰਿਆਂ ਖਾੜਕੂਆਂ ਨੂੰ ਫੜ ਲਿਆ ਹੈ ਤੇ ਉਹ ਨਿਹੱਥਿਆਂ ਨੂੰ ਗੋਲੀ ਨਹੀਂ ਮਾਰ ਸਕਦਾ, ਕਿਉਂਕਿ ਨਾ ਹੀ ਉਸਦਾ ਧਰਮ ਕਹਿੰਦਾ ਹੈ ਅਤੇ ਨਾ ਹੀ ਉਸਦਾ ਕਾਨੂੰਨ ਕਿ ਨਿਹੱਥਿਆਂ ਨੂੰ ਕਤਲ ਕਰ ਦਿੱਤਾ ਜਾਏ। ਪੁਲਿਸ ਦਾ ਕੰਮ ਹੈ ਮੁਲਜ਼ਿਮ ਨੂੰ ਫੜਨਾ ਤੇ ਅਦਾਲਤ ਦਾ ਕੰਮ ਹੈ ਸਜ਼ਾ ਦੇਣਾ। ਉਹ ਬੜਾ ਘਬਰਾਇਆ ਹੋਇਆ ਸੀ। ਖ਼ਾਲਿਦ ਸਾਹਿਬ ਦੇ ਪੁੱਛਣ 'ਤੇ ਜਦ ਉਸਨੇ ਦੱਸਿਆ ਕਿ ਸਾਰੇ ਖਾੜਕੂ ਕਸ਼ਮੀਰੀ ਹਨ ਤਾਂ ਖ਼ਾਲਿਦ ਸਾਹਿਬ ਨੇ ਉਨ੍ਹਾਂ ਨੂੰ ਪੁਣਛ ਵਿੱਚ ਲਿਆਉਣ ਲਈ ਕਿਹਾ, ਨਾਲ ਹੀ ਬਤੌਰ ਡਿਸਟ੍ਰਿਕ ਮੈਜਿਸਟਰੇਟ ਲਿਖਤੀ ਹੁਕਮ ਦਿੱਤਾ ਕਿ ਸਾਰੇ ਪਕੜੇ ਗਏ ਖਾੜਕੂਆਂ ਦੇ ਖਿਲਾਫ਼ ਕੇਸ ਤਿਆਰ ਕੀਤਾ ਜਾਵੇ। ਪੰਦਰਾਂ ਦਿਨਾਂ ਮਗਰੋਂ ਜੰਮੂ-ਕਸ਼ਮੀਰ ਦੇ ਡੀ.ਜੀ.ਪੀ. ਗੁਰਬਚਨ ਜਗਤ 15 ਲੱਖ ਰੁਪਏ ਲੈ ਕੇ ਪੁਣਛ ਆਏ ਤੇ ਉਨ੍ਹਾਂ ਜਵਾਨਾਂ ਨੂੰ ਇਨਾਮ ਦਿੱਤਾ ਜਿਨ੍ਹਾਂ ਨੇ ਇਸ ਕਾਰਵਾਈ ਵਿੱਚ ਹਿੱਸਾ ਲਿਆ ਸੀ। ਉਨ੍ਹਾਂ ਖ਼ਾਲਿਦ ਸਾਹਿਬ ਦੀ ਵੀ ਤਾਰੀਫ਼ ਕੀਤੀ ਕਿ ਉਨ੍ਹਾਂ ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆਂ ਸਾਰੀ ਸਿਚੂਏਸ਼ਨ ਨੂੰ ਸਾਂਭ ਲਿਆ। ਇੰਝ ਹੀ ਪੁਣਛ ਜ਼ਿਲ੍ਹੇ ਦੇ ਬਲਾਕ ਬਾਲਾਕੋਟ ਦੇ ਪਿੰਡ ਤਰਕੁੰਡੀ (ਜਿਹੜਾ ਲਾਈਨ ਆਫ਼ ਕੰਟਰੋਲ 'ਤੇ ਹੈ) ਦੀ ਸਾਰੀ ਵੱਸੋਂ ਆਰਮੀ ਦੀ ਜ਼ਿਆਦਤੀ ਕਾਰਨ ਸਰਹੱਦ ਪਾਰ ਕਰ ਗਈ, ਤੇ ਉਨ੍ਹਾਂ ਦੀ ਅਗਵਾਈ ਪਿੰਡ ਦੇ ਲੰਬਰਦਾਰ ਤੇ ਸਰਪੰਚ ਨੇ ਕੀਤੀ ਸੀ। ਖ਼ਾਲਿਦ ਸਾਹਿਬ ਨੂੰ ਤੇ ਐੱਸ.ਐੱਸ.ਪੀ. ਪੰਕਜ ਸਕਸੈਨਾ ਨੂੰ ਚੀਫ਼ ਸੈਕਟਰੀ ਤੇ ਡੀ.ਜੀ.ਪੀ. ਵੱਲੋਂ ਹੁਕਮ ਮਿਲਿਆ ਕਿ ਉਹ ਤਰਕੁੰਡੀ ਪਿੰਡ ਦਾ ਦੌਰਾ ਕਰਨ ਤੇ ਉਨ੍ਹਾਂ ਕਾਰਨਾਂ ਦਾ ਪਤਾ ਲਗਾਉਣ, ਜਿਸਦੀ ਵਜ੍ਹਾ ਨਾਲ ਸਾਰੇ ਪਿੰਡ ਵਾਸੀ ਬੰਨ੍ਹਾ ਟੱਪ ਕੇ ਪਾਕਿਸਤਾਨ ਕਬਜ਼ੇ ਵਾਲੇ ਕਸ਼ਮੀਰ ਵਿੱਚ ਚਲੇ ਗਏ ਸਨ। ਖ਼ਾਲਿਦ ਸਾਹਿਬ ਤੇ ਪੰਕਜ ਸਕਸੈਨਾ ਤਰਕੁੰਡੀ ਤੋਂ ਪਹਿਲਾਂ ਆਖ਼ਰੀ ਫੌਜੀ ਚੌਕੀ 'ਤੇ ਅੱਪੜੇ ਤੇ ਫੌਜੀ ਬਟਾਲੀਅਨ ਦੇ ਕਰਨਲ ਨਾਲ ਪਿੰਡ ਵਾਸੀਆਂ ਦੇ ਪਲਾਇਨ ਕਰਨ ਬਾਰੇ ਸੂਚਨਾ ਲੈਣ ਦੀ ਕੋਸ਼ਿਸ਼ ਕੀਤੀ। ਕਰਨਲ ਤੇ ਉਸਦੇ ਨਾਲ ਦੋ ਮੇਜਰ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਪਿੰਡ ਵਾਸੀ ਉਗਰਵਾਦੀਆਂ ਨੂੰ ਆਪਣੇ ਘਰਾਂ ਵਿੱਚ ਪਨਾਹ ਦਿੰਦੇ ਹਨ, ਜਿਸ ਕਰਕੇ ਕੁੱਝ ਬੰਦਿਆਂ ਦੀ ਤਫਤੀਸ਼ ਕੀਤੀ ਗਈ ਤੇ

ਉਨ੍ਹਾਂ ਦੇ ਵਰਗਲਾਉਣ 'ਤੇ ਲੋਕੀ ਸਰਹੱਦ ਦੇ ਪਾਰ ਚਲੇ ਗਏ। ਜਦਕਿ ਪਿੰਡ ਦੇ ਪਟਵਾਰੀ, ਗ੍ਰਾਮ ਸੇਵਕ ਤੇ ਨਾਇਬ ਤਹਿਸੀਲਦਾਰ ਦਾ ਕਹਿਣਾ ਸੀ ਕਿ ਸ਼ਾਮ ਦੇ ਪੰਜ ਵਜੇ ਤੋਂ ਲੈ ਕੇ ਸਵੇਰ ਦੇ ਛੇ ਵਜੇ ਤਕ ਫੌਜੀ ਕਿਸੇ ਵੀ ਪਿੰਡ ਵਾਸੀ ਨੂੰ ਘਰੋਂ ਬਾਹਰ ਨਹੀਂ ਨਿਕਲਣ ਦਿੰਦੇ ਅਤੇ ਫੌਜ ਪੂਰੇ ਪਿੰਡ ਵਿੱਚ ਗਸ਼ਤ ਕਰਦੀ ਰਹਿੰਦੀ ਹੈ। ਇਸ ਲਈ ਫੌਜ ਦਾ ਇਲਜ਼ਾਮ ਚਿੱਟਾ ਝੂਠ ਹੈ। ਖ਼ਾਲਿਦ ਸਾਹਿਬ ਤੇ ਪੰਕਜ ਜੀ ਨੇ ਜਦ ਪਿੰਡ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਫੌਜੀ ਅਫਸਰਾਂ ਨੇ ਉਨ੍ਹਾਂ ਨੂੰ ਰੋਕ ਦਿੱਤਾ ਤੇ ਕਿਹਾ ਕਿ ਸਾਹਮਣੇ ਵਾਲੀ ਪਹਾੜੀ 'ਤੇ ਪਾਕਿਸਤਾਨ ਦੀਆਂ ਫੌਜੀ ਚੌਂਕੀਆਂ ਨੇ ਅਤੇ ਤੁਹਾਨੂੰ ਵੇਖਦਿਆਂ ਹੀ ਪਾਕ ਫੌਜੀਆਂ ਨੇ ਗੋਲੀਬਾਰੀ ਸ਼ੁਰੂ ਕਰ ਦੇਣੀ ਹੈ,ਇਸ ਲਈ ਫੌਜ ਤੁਹਾਨੂੰ ਪਿੰਡ ਵੱਲ ਨਹੀਂ ਜਾਣ ਦੇਵੇਗੀ, ਕਿਉਂਕਿ ਤੁਹਾਡੀ ਜਾਨ ਨੂੰ ਖ਼ਤਰਾ ਹੈ। ਜਦ ਡੀ.ਸੀ. ਸਾਹਿਬ ਤੇ ਐੱਸ.ਐੱਸ.ਪੀ. ਸਾਹਿਬ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ ਤੇ ਪਿੰਡ ਦੀ ਪਗਡੰਡੀ ਉਤਰਣ ਲੱਗੇ ਤਾਂ ਆਪਣਿਆਂ ਹੀ ਫੌਜੀਆਂ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ ਤੇ ਗੋਲੀਆਂ ਉਨ੍ਹਾਂ ਦੇ ਸਿਰਾਂ ਦੇ ਉੱਪਰੋਂ ਲੰਘ ਗਈਆਂ। ਇਨ੍ਹੇ ਵਿੱਚ ਦੋਵੇਂ ਮੇਜ਼ਰ ਉਨ੍ਹਾਂ ਕੋਲ ਆ ਕੇ ਕਹਿਣ ਲੱਗੇ ਕਿ ਤੁਹਾਨੂੰ ਰੋਕਿਆ ਸੀ, ਪਰ ਤੁਸੀਂ ਨਹੀਂ ਰੁਕੇ ਤੇ ਤੁਹਾਨੂੰ ਵੇਖ ਕੇ ਹੀ ਪਾਕਿਸਤਾਨ ਦੇ ਫੌਜੀਆਂ ਨੇ ਫਾਇਰਿੰਗ ਕੀਤੀ ਹੈ। ਐੱਸ.ਐੱਸ.ਪੀ. ਪੰਕਜ ਨੂੰ ਬੜਾ ਗੁੱਸਾ ਚੜ੍ਹਿਆ ਤੇ ਉਹ ਗੁੱਸੇ ਨਾਲ ਬੋਲਿਆ ਕਿ ਪੁਲਿਸ ਦੀ ਨੌਕਰੀ ਕਰਨ ਤੋਂ ਪਹਿਲਾਂ ਉਹ ਆਰਮੀ ਵਿੱਚ ਸੈਕਿੰਡ ਲੈਫਟੀਨੈਂਟ ਭਰਤੀ ਹੋਇਆ ਸੀ ਤੇ ਆਈ.ਪੀ.ਐੱਸ. ਬਣਨ ਮਗਰੋਂ ਫੌਜੀ ਨੌਕਰੀ ਛੱਡ ਕੇ ਪੁਲਿਸ ਫੋਰਸ ਵਿੱਚ ਆਇਆ ਸੀ, ਇਸ ਲਈ ਉਹ ਐੱਲ.ਐੱਮ.ਜੀ., ਏ.ਕੇ.47 ਹਥਿਆਰਾਂ ਤੋਂ ਚੱਲਣ ਵਾਲੀ ਗੋਲੀਬਾਰੀ ਦੀ ਪਛਾਣ ਰੱਖਦਾ ਹੈ। ਦੂਜੀ ਗੱਲ ਇਹ ਹੈ ਕਿ ਫਾਇਰਿੰਗ ਸਾਹਮਣੇ ਵਾਲੀ ਪਹਾੜੀ ਤੋਂ ਨਹੀਂ, ਸਾਡੇ ਪਿੱਛੇ ਤੋਂ ਹੋਈ ਹੈ, ਤੇ ਪਿੱਛੇ ਤੋਂ ਆਉਣ ਵਾਲੀ ਫਾਇਰਿੰਗ ਸਾਡੇ ਆਪਣਿਆਂ ਫੌਜੀਆਂ ਦੀ ਹੀ ਹੋ ਸਕਦੀ ਹੈ, ਨਾ ਕਿ ਪਾਕਿਸਤਾਨ ਦੀ। ਐੱਸ.ਐੱਸ.ਪੀ. ਦੀਆਂ ਗੱਲਾਂ ਸੁਣ ਕੇ ਦੋਵੇਂ ਮੇਜ਼ਰ ਵੱਟ ਖਾ ਗਏ ਤੇ ਕਹਿਣ ਲੱਗੇ ਕਿ ਤੁਹਾਨੂੰ ਕਿਸੇ ਵੀ ਹਾਲਤ ਵਿੱਚ ਪਿੰਡ ਨਹੀਂ ਜਾਣ ਦੇਣਾ। ਦੋਵੇਂ ਜ਼ਿਲ੍ਹਾ ਅਫਸਰ ਇੱਕ ਰੁੱਖ ਦੀ ਛਾਂ ਹੇਠ ਬਹਿ ਗਏ। ਮੇਜ਼ਰ ਨੇ ਕੁੱਝ ਫੌਜੀ ਜਵਾਨਾਂ ਨੂੰ ਅੱਗੇ ਰਸਤੇ ਵਿੱਚ ਖੜਾ ਕਰ ਦਿੱਤਾ ਤਾਂ ਜੋ ਉਹ ਪਿੰਡ ਵੱਲ ਨਾ ਜਾ ਸਕਣ। ਕੁੱਝ ਚਿਰ ਮਗਰੋਂ ਇੱਕ ਬੁੱਢੀ ਤੇ ਬੁੱਢਾ ਸਿਰ 'ਤੇ ਭਾਂਡੇ ਤੇ ਬਿਸਤਰਾ ਚੁੱਕ ਕੇ ਢੱਕੀ ਚੜ ਰਹੇ ਸਨ। ਉਨ੍ਹਾਂ ਦੇ ਅੱਗੇ ਅੱਗੇ ਦੋ ਗਾਵਾਂ ਤੇ ਇੱਕ ਮੱਝ ਸੀ, ਜਦ ਉਹ ਡੀ.ਸੀ. ਸਾਹਿਬ ਤੇ ਐੱਸ.ਐੱਸ.ਪੀ. ਸਾਹਿਬ ਕੋਲ ਪਹੁੰਚੇ ਤਾਂ ਖ਼ਾਲਿਦ ਸਾਹਿਬ ਨੇ ਉਸ ਬੁੱਢੇ ਕੋਲੋਂ ਪਿੰਡ ਦੀ ਅਸਲ ਕਹਾਣੀ ਸੁਣਨੀ ਚਾਹੀ, ਪਰ ਉਹ ਡਰ ਦੇ ਮਾਰੇ ਕੁੱਝ ਨਹੀਂ ਸੀ ਬੋਲ ਰਿਹਾ। ਜਦ ਖ਼ਾਲਿਦ ਸਾਹਿਬ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਜ਼ਿਲੇ ਦੇ ਡਿਪਟੀ ਕਮਿਸ਼ਨਰ

ਹਨ ਤੇ ਇਸ ਵਾਰਦਾਤ ਦੀ ਅਸਲ ਹਕੀਕਤ ਜਾਣਨ ਲਈ ਆਏ ਹਨ ਤਾਂ ਬੁੱਢੇ ਤੇ ਬੁੱਢੀ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਤੇ ਉਨ੍ਹਾਂ ਕਿਹਾ ਕਿ ਫੌਜੀਆਂ ਨੇ ਕੱਲ੍ਹ ਸ਼ਾਮੀ ਪਿੰਡ ਵਾਸੀਆਂ ਨੂੰ ਬੜਾ ਕੁੱਟਿਆ। ਜਵਾਨ ਕੁੜੀਆਂ ਨੂੰ ਜਦ ਉਹ ਹੱਥ ਪਾਉਣ ਲੱਗੇ ਤਾਂ ਸਾਰੇ ਮਰਦ ਫੌਜੀਆਂ ਨੂੰ ਪੈ ਗਏ, ਪਰ ਫੌਜੀਆਂ ਕੋਲ ਬੰਦੂਕਾਂ ਸਨ, ਉਨ੍ਹਾਂ ਔਰਤਾਂ, ਬੱਚਿਆਂ, ਬੁੱਢਿਆਂ ਤੇ ਜਵਾਨਾਂ ਨੂੰ ਬਹੁਤ ਮਾਰਿਆ ਤਾਂ ਲੰਬਰਦਾਰ ਨੇ ਪਿੰਡ ਛੱਡਣ ਦਾ ਫੈਸਲਾ ਕੀਤਾ। ਬੁੱਢੇ ਨੇ ਦੱਸਿਆ ਕਿ ਤਰਕੁੰਡੀ ਪਿੰਡ ਦੇ ਵਾਸੀ ਮੁਸਲਮਾਨ ਰਾਜਪੂਤ ਹਨ ਤੇ ਰਾਜਪੂਤ ਬੇ-ਗੈਰਤ ਨਹੀਂ ਹੁੰਦੇ, ਇਸ ਲਈ ਉਹ ਚਲੇ ਗਏ। ਸਾਡੀ ਧੀ ਇਸ ਪਿੰਡ ਵਿਆਹੀ ਗਈ ਸੀ। ਸਵੇਰੇ ਜਦ ਸਾਨੂੰ ਪਤਾ ਲੱਗਾ ਤਾਂ ਅਸੀਂ ਉਨ੍ਹਾਂ ਦਾ ਘਰ-ਬੂਹਾ ਸਾਂਭਣ ਆਏ ਸੀ, ਪਰ ਪੂਰਾ ਪਿੰਡ ਬੇ-ਚਰਾਗ਼ ਹੋ ਗਿਆ ਹੈ। ਇਹ ਮਾਲ ਬੱਛਾ ਉਸੇ ਦਾ ਹੈ। ਇਸਨੂੰ ਲੈ ਕੇ ਆਪਣੇ ਘਰ ਜਾ ਰਹੇ ਹਾਂ, ਤਾਂ ਜੋ ਡੰਗਰ ਫਾਕੇ ਨਾ ਮਰਨ। ਰਾਤ ਨੂੰ ਖ਼ਾਲਿਦ ਸਾਹਿਬ ਤੇ ਪੰਕਜ ਸਕਸੈਨਾ ਰਾਜੌਰੀ ਡੀ.ਆਈ.ਜੀ. ਰਾਮ ਲੁਭਾਇਆ ਦੇ ਘਰ ਗਏ, ਉਥੇ ਪਾਕਿਸਤਾਨ ਟੈਲੀਵਿਜ਼ਨ ਤੋਂ ਖ਼ਬਰਾਂ ਆ ਰਹੀਆਂ ਸਨ। ਉਸੇ ਵੇਲੇ ਤਰਕੁੰਡੀ ਪਿੰਡ ਦੇ ਲੰਬਰਦਾਰ ਤੇ ਸਰਪੰਚ ਕੈਮਰੇ ਸਾਹਮਣੇ ਭਾਰਤੀ ਫੌਜੀਆਂ ਦੀ ਮਾਰ ਕੁਟਾਈ ਬਾਰੇ ਦੱਸ ਰਹੇ ਸਨ ਤੇ ਉਹ ਸਾਰੀਆਂ ਗੱਲਾਂ ਬਿਆਨ ਕਰ ਰਹੇ ਸਨ ਜਿਹੜੀਆਂ ਉਸ ਬੁੱਢੇ ਨੇ ਉਨ੍ਹਾਂ ਨੂੰ ਦੱਸੀਆਂ ਸਨ। ਪੁਣਛ ਵਾਪਿਸ ਆਉਂਦਿਆਂ ਹੀ ਡਿਪਟੀ ਕਮਿਸ਼ਨਰ ਤੇ ਐਸੱ.ਐਸੱ.ਪੀ. ਨੇ ਇੱਕ ਸਾਂਝੀ ਰਿਪੋਰਟ ਤਿਆਰ ਕੀਤੀ ਤੇ ਦੋਵਾਂ ਨੇ ਦਸਤਖ਼ਤ ਕੀਤੇ ਤੇ ਰਿਪੋਰਟ ਦੀਆਂ ਕਾਪੀਆਂ ਚੀਫ ਸੈਕਟਰੀ ਸ੍ਰੀ ਅਸ਼ੋਕ ਜੇਟਲੀ, ਡੀ.ਜੀ.ਪੀ. ਸ੍ਰੀ ਗੁਰਬਚਨ ਜਗਤ, ਡਿਵੀਜ਼ਨਲ ਕਮਿਸ਼ਨਰ ਅਨਿਲ ਗੋਸਵਾਮੀ ਤੇ ਆਈ.ਜੀ.ਪੀ. ਜੰਮੂ ਸ੍ਰੀ ਰਾਜੂ ਨੂੰ ਭੇਜ ਦਿੱਤੀਆਂ। ਡਿਵੀਜ਼ਨਲ ਕਮਿਸ਼ਨਰ ਨੇ ਰਿਪੋਰਟ ਦੀ ਕਾਪੀ, ਆਰਮੀ ਦੇ ਕੋਰ ਕਮਾਂਡਰ ਨੂੰ ਭੇਜੀ, ਜਿਸਨੇ ਆਪਣੇ ਜਵਾਬ ਵਿੱਚ ਦੋਵੇਂ ਅਫਸਰਾਂ ਦੇ ਖਿਲਾਫ ਲਿਖਿਆ ਕਿ ਇਹ ਉਗਰਵਾਦੀਆਂ ਦੀ ਬੋਲੀ ਬੋਲ ਰਹੇ ਹਨ। ਕੁੱਝ ਦਿਨਾਂ ਮਗਰੋਂ ਚੀਫ ਸੈਕਟਰੀ ਨੇ ਖ਼ਾਲਿਦ ਸਾਹਿਬ ਨੂੰ ਸ੍ਰੀਨਗਰ ਆਪਣੇ ਦਫਤਰ ਬੁਲਾਇਆ ਤੇ ਉਨ੍ਹਾਂ ਕੋਲੋਂ ਸਾਰੀ ਗੱਲ ਸੁਣੀ ਤੇ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਦੇਣ ਤੇ ਕਿਸੇ ਕੋਲੋਂ ਡਰਨ ਦੀ ਕੋਈ ਲੋੜ ਨਹੀਂ।

ਪੁਣਛ ਜ਼ਿਲ੍ਹੇ ਦੇ ਹਸਪਤਾਲ ਦੀ ਹਾਲਤ ਬਹੁਤ ਮਾੜੀ ਸੀ। ਆਏ ਦਿਨ ਲੋਕੀ, ਡਾਕਟਰਾਂ ਦੇ ਖਿਲਾਫ ਧਰਨੇ ਦਿੰਦੇ ਸਨ। ਮੈਂਡਰ, ਸੁਰਨਕੋਟ, ਮੰਡੀ, ਬਾਲਾਕੋਟ ਤੇ ਪੁਣਛ ਦੇ ਹਸਪਤਾਲਾਂ ਬਾਰੇ ਰੋਜ਼ ਡੀ.ਸੀ. ਸਾਹਿਬ ਨੂੰ ਸ਼ਿਕਾਇਤਾਂ ਮਿਲਦੀਆਂ ਸਨ। ਡਾਕਟਰਾਂ ਦੀ ਡਿਊਟੀ ਤੋਂ ਗੈਰ-ਹਾਜ਼ਰੀ, ਮਰੀਜ਼ਾਂ ਕੋਲੋਂ ਪੈਸੇ ਲੈਣੇ ਤੇ ਸਰਕਾਰੀ ਦਵਾਈਆਂ ਵੇਚਣ ਦੇ ਇਲਜ਼ਾਮ ਆਮ ਸਨ। ਜ਼ਿਲ੍ਹਾ ਹਸਪਤਾਲ ਦੇ ਬਾਹਰ ਤਾਂ

ਲਗਾਤਾਰ ਧਰਨਾ ਲੱਗਾ ਰਹਿੰਦਾ ਸੀ। ਡਾਕਟਰਾਂ ਦੀ ਨਲਾਇਕੀ ਤੇ ਪੈਸੇ ਖਾਣ ਦੇ ਕਿੱਸੇ ਆਮ ਸਨ। ਇਸੇ ਦੌਰਾਨ ਇੱਕ ਰਾਤੀਂ ਖ਼ਾਲਿਦ ਸਾਹਿਬ ਨੂੰ ਬੜੀ ਸਖ਼ਤ ਦਰਦ ਉਠੀ, ਉਹ ਦਰਦ ਬਰਦਾਸ਼ਤ ਕਰਦੇ ਰਹੇ, ਜਦ ਪੋਹ ਫੁੱਟੀ ਤਾਂ ਉਨ੍ਹਾਂ ਆਪਣੇ ਨੌਕਰ ਨੂੰ ਜਗਾਇਆ ਤੇ ਆਪਣੀ ਤਕਲੀਫ਼ ਬਾਰੇ ਦੱਸਿਆ। ਨੌਕਰ ਨੇ ਚੀਫ਼ ਮੈਡੀਕਲ ਅਫ਼ਸਰ ਤੇ ਜ਼ਿਲ੍ਹਾ ਹਸਪਤਾਲ ਦੇ ਮੁਖੀ ਨੂੰ ਫੋਨ ਕੀਤਾ। ਮਿੰਟਾਂ ਵਿੱਚ ਹੀ ਚਾਰ-ਪੰਜ ਡਾਕਟਰ, ਡੀ.ਸੀ. ਦੀ ਸਰਕਾਰੀ ਕੋਠੀ ਵਿੱਚ ਆ ਗਏ ਤੇ ਖ਼ਾਲਿਦ ਸਾਹਿਬ ਨੂੰ ਐਮਬੂਲੈਂਸ ਵਿੱਚ ਪਾ ਕੇ ਹਸਪਤਾਲ ਲੈ ਗਏ। ਐਕਸ-ਰੇ ਤੇ ਅਲਟਰਾ-ਸਾਉਂਡ ਕੀਤੀ ਗਈ। ਰਿਪੋਰਟ ਵੇਖ ਕੇ ਡਾਕਟਰਾਂ ਨੇ ਦੱਸਿਆ ਕਿ ਐਪੰਡਾਸਾਇਡ (ਵਾਧੂ ਨਾੜ) ਹੈ ਤੇ ਤੁਰੰਤ ਅਪਰੇਸ਼ਨ ਕਰਨਾ ਪਵੇਗਾ। ਖ਼ਾਲਿਦ ਸਾਹਿਬ ਨੂੰ ਹੈਲੀਕਾਪਟਰ 'ਤੇ ਜੰਮੂ ਅਪਰੇਸ਼ਨ ਲਈ ਜਾਣਾ ਚਾਹੀਦਾ ਹੈ। ਡਾਕਟਰਾਂ ਤੇ ਲੋਕਾਂ ਦਾ ਵਿਸ਼ਵਾਸ ਕਾਇਮ ਕਰਨ ਅਤੇ ਉਨ੍ਹਾਂ ਦੀ ਕਾਬਲੀਅਤ ਨੂੰ ਦੱਸਣ ਲਈ ਖ਼ਾਲਿਦ ਸਾਹਿਬ ਨੇ ਫੈਸਲਾ ਕੀਤਾ ਕਿ ਅਪਰੇਸ਼ਨ ਮੁਕਾਮੀ ਸਰਜਨ ਕੋਲੋਂ ਹੀ ਕਰਵਾਇਆ ਜਾਏ। ਅਪਰੇਸ਼ਨ ਹੋਇਆ, ਦੋ-ਚਾਰ ਦਿਨਾਂ ਮਗਰੋਂ ਹਸਪਤਾਲ ਤੋਂ ਛੁੱਟੀ ਵੀ ਮਿਲ ਗਈ, ਪਰ ਦਰਦ ਨਾ ਗਈ। ਆਖ਼ੀਰ ਖ਼ਾਲਿਦ ਸਾਹਿਬ ਨੇ ਜੰਮੂ ਆ ਕੇ ਇੱਕ ਮਸ਼ਹੂਰ ਡਾਕਟਰ ਨੂੰ ਦੱਸਿਆ। ਉਸਨੇ ਵੀ ਐਕਸ-ਰੇ ਤੇ ਅਲਟਰਾ-ਸਾਉਂਡ ਕਰਵਾਉਣ ਲਈ ਕਿਹਾ। ਜਦ ਡਾਕਟਰ ਨੇ ਰਿਪੋਰਟ ਦੇਖੀ ਤਾਂ ਉਹ ਰਿਪੋਰਟ ਪੜ੍ਹ ਕੇ ਹੱਸਣ ਲੱਗਾ ਤੇ ਕਹਿਣ ਲੱਗਾ ਕਿ ਖ਼ਾਲਿਦ ਸਾਹਿਬ ਦੇ ਗੁਰਦਿਆਂ ਵਿੱਚ ਪੱਥਰੀ ਹੈ ਤੇ ਪੁਣਛ ਦੇ ਡਾਕਟਰਾਂ ਨੇ ਐਪੰਡਾਸਾਇਡ ਦਾ ਅਪਰੇਸ਼ਨ ਕਰ ਦਿੱਤਾ। ਇਸ ਤਰ੍ਹਾਂ ਦੇ ਡਾਕਟਰ ਪੁਣਛ ਵਿੱਚ ਇਨਸਾਨੀ ਜਾਨਾਂ ਨਾਲ ਖਿਲਵਾੜ ਕਰਦੇ ਸਨ।

ਪਹਾੜੀ ਇਲਾਕਿਆਂ ਵਿੱਚ ਸਰਕਾਰੀ ਸਕੂਲਾਂ ਦੇ ਮਾਸਟਰ ਤੇ ਮਾਸਟਰਨੀਆਂ ਅਕਸਰ ਆਪਣੀ ਡਿਊਟੀ ਨਹੀਂ ਦਿੰਦੇ। ਉਹ ਆਪਣੀ ਥਾਂ 'ਤੇ ਕਿਸੇ ਬੇਰੋਜ਼ਗਾਰ ਪੜ੍ਹੇ ਲਿਖੇ ਮੁੰਡੇ ਜਾਂ ਕੁੜੀ ਨੂੰ ਸਕੂਲ ਵਿੱਚ ਦੋ-ਤਿੰਨ ਹਜ਼ਾਰ ਰੁਪਏ ਮਹੀਨਾ ਦੇ ਕੇ ਸਕੂਲ ਵਿੱਚ ਪੜ੍ਹਾਉਣ ਲਈ ਰੱਖ ਲੈਂਦੇ ਸਨ। ਉਨ੍ਹਾਂ ਵੇਚਾਰਿਆਂ ਦਾ ਜੇਬ ਖ਼ਰਚ ਚੱਲਦਾ ਤੇ ਮਾਸਟਰ ਤਨਖ਼ਾਹਾਂ ਬੋਝੇ ਵਿੱਚ ਪਾਉਂਦੇ ਤੇ ਆਪ ਠੇਕੇਦਾਰੀ ਕਰਦੇ, ਲੀਡਰੀ ਕਰਦੇ ਜਾਂ ਦੁਕਾਨਦਾਰੀ ਕਰਦੇ। ਇਸ ਸਥਿਤੀ ਨੂੰ ਸੁਧਾਰਨ ਲਈ ਖ਼ਾਲਿਦ ਸਾਹਿਬ ਨੇ ਬੜੇ ਯਤਨ ਕੀਤੇ, ਪਰ ਕਾਮਯਾਬ ਨਹੀਂ ਹੋਏ ਤੇ ਇਹ ਸਿਲਸਿਲਾ ਅੱਜ ਵੀ ਚੱਲ ਰਿਹਾ ਹੈ।

ਪੁਣਛ ਵਿੱਚ ਬਤੌਰ ਡਿਪਟੀ ਕਮਿਸ਼ਨਰ ਖ਼ਾਲਿਦ ਸਾਹਿਬ ਨੇ ਕਈ ਕਵੀ ਦਰਬਾਰ ਕਰਵਾਏ, ਜਿਨ੍ਹਾਂ ਵਿੱਚ ਆਪਣੀ ਕਿਸਮ ਦਾ ਇੱਕ ਨਿਵੇਕਲਾ ਮੁਸ਼ਾਇਰਾ ਵੀ ਸੀ, ਜਿਸ ਵਿੱਚ ਇੱਕ ਸ਼ਾਇਰ ਨੂੰ ਆਪਣਾ ਕਲਾਮ ਸੁਣਾਉਣ ਦੀ ਦਾਵਤ ਦਿੱਤੀ

ਗਈ ਸੀ। ਸ਼ਾਇਰ ਦਾ ਨਾਂ ਸੀ ਬਸ਼ੀਰ ਬਦਰ, ਜੋ ਉਰਦੂ ਸ਼ਾਇਰੀ ਵਿੱਚ ਇੱਕ ਜਾਣਿਆ ਪਛਾਣਿਆ ਨਾਂ ਹੈ। ਜਿਹੜਾ ਸੱਦਾ-ਪੱਤਰ ਛਪਵਾਇਆ ਗਿਆ ਉਸ 'ਤੇ ਲਿਖਿਆ ਗਿਆ ਸੀ, 'ਏਕ ਸ਼ਾਮ, ਬਸ਼ੀਰ ਬੱਦਰ ਕੇ ਨਾਮ' ਤੇ ਕਾਰਡ ਉਤੇ ਬਸ਼ੀਰ ਬੱਦਰ ਹੋਰਾਂ ਦੇ ਕਈ ਮਸ਼ਹੂਰ ਸ਼ੇਅਰ ਲਿਖਵਾਏ ਗਏ ਸਨ। ਪੂਰੇ ਦੇਸ਼ ਵਿੱਚ ਆਪਣੀ ਕਿਸਮ ਦਾ ਇਹ ਪਹਿਲਾ ਮੁਸ਼ਾਇਰਾ ਸੀ, ਜਿਸ ਵਿੱਚ ਇੱਕ ਕਵੀ ਨੇ ਢਾਈ ਘੰਟੇ ਤਕ ਡੇਢ ਹਜ਼ਾਰ ਸਰੋਤਿਆਂ ਨੂੰ ਬੰਨ੍ਹ ਕੇ ਰੱਖਿਆ। ਬਸ਼ੀਰ ਬੱਦਰ ਸਾਹਿਬ ਨੂੰ ਹਰ ਗ਼ਜ਼ਲ 'ਤੇ ਅਤੇ ਹਰ ਸ਼ੇਅਰ 'ਤੇ ਰੱਜ ਕੇ ਦਾਦ ਮਿਲ ਰਹੀ ਸੀ। ਇਸ ਮੁਸ਼ਾਇਰੇ ਨੂੰ ਕਾਮਯਾਬ ਕਰਨ ਲਈ ਡਾ. ਲਿਆਕਤ ਜਾਫਰੀ ਨੇ ਖ਼ਾਲਿਦ ਸਾਹਿਬ ਦਾ ਬੜਾ ਸਾਥ ਦਿੱਤਾ ਸੀ। ਪੰਚਾਇਤ ਇਲੈਕਸ਼ਨ ਕਰਵਾਉਣਾ ਵੀ ਖ਼ਾਲਿਦ ਸਾਹਿਬ ਲਈ ਇੱਕ ਬੜੀ ਵੱਡੀ ਚੁਣੌਤੀ ਸੀ, ਕਿਉਂਕਿ ਖਾੜਕੂ ਪੂਰੇ ਪੁਣਛ ਵਿੱਚ ਫੈਲੇ ਹੋਏ ਸਨ ਤੇ ਸਾਰੇ ਪਹਾੜੀ ਦਰ੍ਹੇ ਮੱਲ ਕੇ ਬੈਠੇ ਹੋਏ ਸਨ। ਮੁਲਾਜ਼ਮਾਂ ਨੂੰ ਪੰਚਾਇਤ ਇਲੈਕਸ਼ਨ ਦੀ ਕੋਈ ਸਮਝ ਨਹੀਂ ਸੀ। ਖ਼ਾਲਿਦ ਸਾਹਿਬ ਨੇ ਆਪਣੀ ਕੋਠੀ ਵਿੱਚ ਇਲੈਕਸ਼ਨ ਦਫਤਰ ਜਮਾਇਆ ਤੇ ਲਿਆਕਤ ਜਾਫਰੀ ਤੇ ਉਸਦੇ ਕੁੱਝ ਦੋਸਤਾਂ ਨੂੰ ਨਾਲ ਲੈ ਕੇ ਸਾਰਾ ਕਾਗਜ਼ੀ ਕੰਮ ਕੀਤਾ। ਲਗਭਗ ਤੀਹ ਵਰ੍ਹਿਆਂ ਬਾਅਦ ਇਹ ਇਲੈਕਸ਼ਨ ਹੋ ਰਹੇ ਸਨ। ਸਾਰੇ ਸਰਕਾਰੀ ਮੁਲਾਜ਼ਮ ਡਰੇ ਹੋਏ ਸਨ। ਇੱਕ ਪਾਸੇ ਖਾੜਕੂ ਤੇ ਦੂਜੇ ਪਾਸੇ ਸਰਕਾਰੀ ਹੁਕਮਨਾਮਾ। ਇੱਕ ਪਾਸੇ ਜਾਨ, ਜਾਣ ਦਾ ਖ਼ਤਰਾ ਤੇ ਦੂਜੇ ਪਾਸੇ ਨੌਕਰੀ ਜਾਣ ਦਾ। ਇਲੈਕਸ਼ਨ ਹੋਇਆ ਤੇ ਸ਼ਾਂਤੀ ਪੂਰਵਕ ਹੋਇਆ। ਕਿਸੇ ਪਾਸਿਓਂ ਮਾੜੀ ਘਟਨਾ ਦੀ ਸੂਚਨਾ ਨਹੀਂ ਮਿਲੀ ਤੇ ਰੱਬ ਸੱਚੇ ਨੇ ਖ਼ਾਲਿਦ ਸਾਹਿਬ ਦੀ ਇਜ਼ਤ ਰੱਖ ਲਈ।

ਬਤੌਰ ਡੀ.ਸੀ. ਪੁਣਛ ਖ਼ਾਲਿਦ ਸਾਹਿਬ ਨੂੰ ਕਈ ਹੋਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿੱਚ ਮੈਂਡਰ ਤਹਿਸੀਲ ਦੇ ਪਿੰਡ ਹਰਨੀ ਵਿੱਚ ਚਾਰ ਹਿੰਦੂਆਂ ਦਾ ਖਾੜਕੂਆਂ ਵੱਲੋਂ ਕਤਲ ਹੋਣਾ ਅਤੇ ਕਸ਼ਮੀਰ ਦੀ ਤਰਾਲ ਤਹਿਸੀਲ ਦੇ ਪਿੰਡ ਛੱਟੀ ਸਿੰਘ ਪੁਰਾ ਵਿੱਚ 36 ਸਿੱਖਾਂ ਦਾ ਕਤਲੇਆਮ ਸ਼ਾਮਿਲ ਸੀ। ਹਰਨੀ ਦੀ ਘਟਨਾ ਸਾਡੇ ਕੁੱਝ ਫੌਜੀਆਂ ਵੱਲੋਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੇ ਇੱਕ ਪਿੰਡ ਵਿੱਚ ਜਾ ਕੇ, ਵਿਆਹ ਵਾਲੇ ਘਰ, ਸੱਤ ਬੰਦਿਆਂ ਦਾ ਕਤਲ ਕਰਨਾ ਤੇ ਉਨ੍ਹਾਂ ਦੇ ਸਿਰ, ਧੜ ਤੋਂ ਵੱਖ ਕਰਨ ਦੇ ਰੋਸ ਵਜੋਂ ਬਦਲੇ ਦੀ ਕਾਰਵਾਈ ਸੀ। ਸਾਡੀ ਫੌਜ ਦੇ ਕੁੱਝ ਜਵਾਨਾਂ ਰਾਤੀਂ ਸ਼ਰਾਬ ਪੀ ਕੇ ਨਸ਼ੇ ਦੀ ਹਾਲਤ ਵਿੱਚ ਇਹ ਗ਼ੈਰ-ਇਨਸਾਨੀ ਕਾਂਡ ਕੀਤਾ ਸੀ। ਖ਼ਾਲਿਦ ਸਾਹਿਬ ਨੇ ਪਾਕਿਸਤਾਨ ਟੈਲੀਵਿਜ਼ਨ ਤੋਂ ਇਸ ਘਟਨਾ ਦੇ ਦ੍ਰਿਸ਼ ਆਪ ਵੇਖੇ ਸਨ ਤੇ ਖਾੜਕੂ ਬਦਲਾ ਲੈਣ ਦੀਆਂ ਗੱਲਾਂ ਕਰ ਰਹੇ ਸਨ। ਖ਼ਾਲਿਦ ਸਾਹਿਬ ਨੇ ਉਸੇ ਵੇਲੇ ਆਪਣੇ ਐਸੱ.ਐਸੱ.ਪੀ. ਸ੍ਰੀ ਪੰਕਜ ਸਕਸੈਨਾ ਨੂੰ ਫੋਨ ਕਰਕੇ ਇਸ ਘਟਨਾ ਬਾਰੇ ਸੂਚਿਤ ਕੀਤਾ। ਨਾਲ ਹੀ ਉਨ੍ਹਾਂ ਨੂੰ ਕਿਹਾ ਕਿ ਹਿੰਦੂ ਆਬਾਦੀ

ਵਾਲੇ ਘਰਾਂ 'ਚੋਂ ਸਾਰੇ ਬੰਦਿਆਂ ਨੂੰ ਇੱਕ ਥਾਂ 'ਤੇ ਜਮ੍ਹਾ ਕਰਕੇ ਪੁਲਿਸ ਦਾ ਪਹਿਰਾ ਲਗਵਾਇਆ ਜਾਵੇ। ਪੰਕਜ ਜੀ ਨੇ ਸਾਰੇ ਪੁਲਿਸ ਥਾਣਿਆਂ ਨੂੰ ਵਾਇਰਲੈਸ ਰਾਹੀਂ ਹੁਕਮ ਦਿੱਤਾ ਕਿ ਜਿਥੇ ਜਿਥੇ ਵੀ ਹਿੰਦੂਆਂ ਦੀ ਆਬਾਦੀ ਹੈ, ਉਥੇ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਦਿੱਤੀ ਜਾਵੇ ਜਾਂ ਫਿਰ ਉਨ੍ਹਾਂ ਸਾਰਿਆਂ ਨੂੰ ਇਕੋ ਥਾਂ 'ਤੇ ਇੱਕਠਿਆਂ ਕਰਕੇ ਪੁਲਿਸ ਪਹਿਰੇ ਵਿੱਚ ਰੱਖਿਆ ਜਾਵੇ। ਹਰਨੀ ਦੇ ਪੁਲਿਸ ਇੰਸਪੈਕਟਰ ਨੇ ਕਾਰਵਾਈ ਕਰਨ ਵਿੱਚ ਦੇਰ ਲਾ ਦਿੱਤੀ, ਜਿਸਦਾ ਨਤੀਜਾ ਇਹ ਨਿਕਲਿਆ ਕਿ ਖਾੜਕੂਆਂ ਨੇ ਦਿਨ ਦਿਹਾੜੇ ਪਿੰਡ ਅੰਦਰ ਵੜ ਕੇ ਚਾਰ ਹਿੰਦੂਆਂ ਨੂੰ ਕਤਲ ਕਰ ਦਿੱਤਾ। ਹਿੰਦੂਆਂ ਨੇ ਡਾਹਢਾ ਰੋਸ ਪ੍ਰਗਟ ਕੀਤਾ। ਜੰਮੂ, ਰਾਜੌਰੀ ਤੇ ਹੋਰ ਇਲਾਕਿਆਂ ਤੋਂ ਹਿੰਦੂ ਜ਼ਥੇਬੰਦੀਆਂ ਦੇ ਆਹੁਦੇਦਾਰ ਅਤੇ ਕਰਿੰਦੇ ਹਰਨੀ ਪਹੁੰਚਣਾ ਸ਼ੁਰੂ ਹੋ ਗਏ ਤੇ ਪਾਕਿਸਤਾਨ ਦੇ ਖਿਲਾਫ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਫਾਰੂਕ ਅਬਦੁੱਲਾ ਸਰਕਾਰ ਨੂੰ ਪਾਕਿਸਤਾਨੀ ਏਜੰਟ ਕਿਹਾ ਜਾ ਰਿਹਾ ਸੀ, ਤੇ ਇਹ ਮੰਗ ਕੀਤੀ ਜਾ ਰਹੀ ਸੀ ਕਿ ਪ੍ਰਧਾਨ ਮੰਤਰੀ ਨੂੰ ਬੁਲਾਇਆ ਜਾਏ ਤਾਂ ਹੀ ਉਹ ਲਾਸ਼ਾਂ ਨੂੰ ਚੁੱਕਣ ਦੇਣਗੇ। ਉਸੇ ਵੇਲੇ ਆਈ.ਜੀ. ਪੁਲਿਸ ਸ੍ਰੀ ਪਰਮਜੀਤ ਸਿੰਘ ਗਿੱਲ (ਜਿਹੜੇ ਬਾਅਦ ਵਿੱਚ ਪੰਜਾਬ ਦੇ ਡੀ.ਜੀ.ਪੀ. ਬਣੇ) ਸਰਕਾਰੀ ਹੈਲੀਕਾਪਟਰ 'ਤੇ ਮੌਕਾ ਵਾਰਦਾਤ 'ਤੇ ਪਹੁੰਚੇ। ਖ਼ਾਲਿਦ ਸਾਹਿਬ ਨੇ ਜਲੂਸ ਵਿੱਚ ਸ਼ਾਮਿਲ ਹੋ ਕੇ ਪ੍ਰਭਾਵਸ਼ਾਲੀ ਤਕਰੀਰ ਕੀਤੀ ਤੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਗੁਜਾਰਿਸ਼ ਕੀਤੀ ਤੇ ਕਿਹਾ ਕਿ ਉਹ ਸਰਕਾਰ ਦੇ ਨੁਮਾਇੰਦੇ ਹਨ ਤੇ ਇਸ ਲਈ ਇਹ ਬੇਨਤੀ ਕਰਦੇ ਹਨ ਕਿ ਰਾਤ ਹੋਣ ਵਾਲੀ ਹੈ ਅਤੇ ਪਹਾੜੀਆਂ ਉਪੱਰ ਖਾੜਕੂਆਂ ਦਾ ਜਮਾਵੜਾ ਹੈ, ਇਸ ਲਈ ਸ਼ਹੀਦਾਂ ਦਾ ਅੰਤਿਮ ਸੰਸਕਾਰ ਕਰਨ ਦਿੱਤਾ ਜਾਵੇ ਤਾਂ ਜੋ ਹੋਰ ਜਾਨਾਂ ਖ਼ਤਰੇ ਵਿੱਚ ਨਾ ਪੈਣ। ਜੰਮੂ, ਰਾਜੌਰੀ ਅਤੇ ਪੁਣਛ ਤੋਂ ਆਉਣ ਵਾਲੇ ਲੋਕੀ ਹੌਲੀ-ਹੌਲੀ ਜਾਣ ਲੱਗੇ ਤੇ ਆਖੀਰ ਹਰਨੀ ਪਿੰਡ ਵਾਲੇ ਹੀ ਰਹਿ ਗਏ। ਖ਼ਾਲਿਦ ਸਾਹਿਬ ਨੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਵੀ ਦਿੱਤਾ।

ਇੰਝ ਹੀ ਅਪ੍ਰੈਲ 2000 ਵਿੱਚ ਛੱਟੀ ਸਿੰਘ ਪੁਰਾ, ਤਰਾਲ ਵਿੱਚ ਕਤਲੋਗਾਰਤ ਦਾ ਇੱਕ ਕਾਂਡ ਹੋਇਆ, ਜਿਥੇ ਸਿਰਫ ਸਿੱਖ ਕੌਮ ਦੇ 36 ਮਾਸੂਮ ਲੋਕਾਂ ਨੂੰ ਬੰਦੂਕਧਾਰੀਆਂ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਹਾਹਾਕਾਰ ਮਚ ਗਈ। ਸਰਕਾਰ ਘਬਰਾ ਗਈ। ਸਾਰੇ ਡਿਪਟੀ ਕਮਿਸ਼ਨਰਾਂ ਨੂੰ ਵਾਇਰਲੈਸ ਭੇਜ ਕੇ ਇਸ ਕਾਂਡ ਦੀ ਸੂਚਨਾ ਦਿੱਤੀ ਗਈ ਤੇ ਆਪਣੇ ਆਪਣੇ ਜ਼ਿਲ੍ਹਿਆਂ ਵਿੱਚ ਅਮਨ ਕਾਇਮ ਰੱਖਣ ਲਈ ਲੋੜੀਂਦੇ ਉਪਾਅ ਕਰਨ ਦੀ ਹਦਾਇਤ ਕੀਤੀ ਗਈ। ਖ਼ਾਲਿਦ ਸਾਹਿਬ ਦੋ ਦਿਨ ਦੀ ਛੁੱਟੀ 'ਤੇ ਆਪਣੇ ਨਾਨਕੇ ਪਿੰਡ ਡੁੱਡੂ ਤਹਿਸੀਲ ਰਾਮ ਨਗਰ ਗਏ ਸਨ, ਜਿਥੇ ਉਨ੍ਹਾਂ ਦੇ ਸਾਲੇ ਨੂੰ ਖਾੜਕੂਆਂ ਨੇ ਮਾਰ ਦਿੱਤਾ ਸੀ ਤੇ ਉਹ ਉਸਦੇ ਚੌਥੇ ਦੀ ਰਸਮ ਵਿੱਚ ਭਾਗ ਲੈਣ ਗਏ ਸਨ। ਡਿਵੀਜ਼ਨਲ ਕਮਿਸ਼ਨਰ ਜੰਮੂ ਨੇ ਉਥੇ ਬੀ.ਐਸੱ.ਐਫੱ. ਦੇ

ਕੈਂਪ ਵਿੱਚ ਵਾਇਰਲੈਸ ਭੇਜੀ ਤੇ ਖ਼ਾਲਿਦ ਸਾਹਿਬ ਨੂੰ ਹੁਕਮ ਦਿੱਤਾ ਕਿ ਉਹ ਤੁਰੰਤ ਆਪਣੇ ਹੈਡੱ ਕਵਾਟਰ ਪਹੁੰਚੇ। ਖ਼ਾਲਿਦ ਸਾਹਿਬ ਬੀ.ਐਸੱ.ਐਫੱ. ਦੇ ਟਰੱਕ ਵਿੱਚ ਰਾਤੋ-ਰਾਤ ਉਧਮਪੁਰ ਪਹੁੰਚੇ। ਉਧਮਪੁਰ ਦੇ ਡੀ.ਸੀ. ਨੇ ਰਾਜੌਰੀ ਤਕ ਕਾਰ ਵਿੱਚ ਭੇਜਿਆ ਤੇ ਰਾਜੌਰੀ ਦੇ ਡਿਪਟੀ ਕਮਿਸ਼ਨਰ ਨੇ ਪੁਣਛ ਤਕ ਆਪਣੀ ਕਾਰ ਵਿੱਚ ਪਹੁੰਚਾਇਆ। ਸਵੇਰੇ 4 ਵਜੇ ਖ਼ਾਲਿਦ ਸਾਹਿਬ ਡੁੰਡੂ ਤੋਂ ਪੁਣਛ ਪਹੁੰਚੇ ਸਨ। ਦਿਨ ਚੜ੍ਹਦੇ ਹੀ ਸਿੱਖਾਂ ਦੀਆਂ ਜਥੇਬੰਦੀਆਂ ਨੇ ਇੱਕ ਵੱਡਾ ਜਲੂਸ ਕੱਢਿਆ, ਜਿਸ ਵਿੱਚ ਹਿੰਦੂ ਤੇ ਮੁਸਲਮਾਨ ਵੀ ਸ਼ਾਮਿਲ ਹੋਏ। ਖ਼ਾਲਿਦ ਸਾਹਿਬ ਨੇ ਜਲੂਸ ਨੂੰ ਸ਼ਾਂਤ ਕਰਨ ਲਈ ਇੱਕ ਧੂਆਂਧਾਰ ਤਕਰੀਰ ਕੀਤੀ ਤੇ ਕਿਹਾ ਕਿ ਕਾਤਲਾਂ ਦਾ ਕੋਈ ਦੀਨ-ਧਰਮ ਨਹੀਂ ਹੁੰਦਾ ਤੇ ਸਰਕਾਰ ਇਸ ਘਟਨਾ ਦੀ ਡਾਹਢੇ ਸ਼ਬਦਾਂ ਵਿੱਚ ਨਿੰਦਿਆ ਕਰਦੀ ਹੈ। ਉਨ੍ਹਾਂ ਸਿੱਖ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਗੁਰਦੁਆਰੇ ਵਿੱਚ ਛੱਟੀ ਸਿੰਘ ਪੁਰਾ ਦੇ ਸ਼ਹੀਦਾਂ ਲਈ ਅਖੰਡ ਪਾਠ ਰੱਖਣ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਨ ਕਿ ਸ਼ਹੀਦਾਂ ਦੀ ਕੁਰਬਾਨੀ ਨੂੰ ਕਬੂਲ ਕਰਦਿਆਂ ਹੋਇਆਂ ਦੇਸ਼ ਵਿੱਚ ਅਮਨ ਤੇ ਸ਼ਾਂਤੀ ਕਾਇਮ ਹੋਏ ਤੇ ਸਦੀਆਂ ਦਾ ਆਪਸੀ ਭਾਈਚਾਰਾ ਜ਼ਿੰਦਾ ਰਵੇ। ਲੋਕੀ ਸ਼ਾਂਤ ਹੋ ਕੇ ਆਪਣੇ-ਆਪਣੇ ਘਰਾਂ ਨੂੰ ਨਿਕਲ ਗਏ ਤੇ ਭੋਗ ਵਾਲੇ ਦਿਨ ਖ਼ਾਲਿਦ ਸਾਹਿਬ ਆਪ ਗੁਰਦੁਆਰੇ ਗਏ ਤੇ ਉਥੇ ਵੀ ਸਿੱਖ ਸੰਗਤ ਅੱਗੇ ਆਪਣੇ ਵਿਚਾਰ ਰੱਖੇ ਤੇ ਲੰਗਰ ਦੀ ਸੇਵਾ ਕੀਤੀ। ਇੰਝ ਪੁਣਛ ਵਿੱਚ ਹਾਲਾਤ ਨੂੰ ਬੇਕਾਬੂ ਨਹੀਂ ਹੋਣ ਦਿੱਤਾ। ਅੱਜ ਵੀ ਪੁਣਛ ਦੇ ਹਿੰਦੂ, ਮੁਸਲਮਾਨ ਤੇ ਸਿੱਖ, ਖ਼ਾਲਿਦ ਸਾਹਿਬ ਨੂੰ ਯਾਦ ਕਰਦੇ ਹਨ ਤੇ ਉਨ੍ਹਾਂ ਦੀ ਧਰਮ ਨਿਰਪੱਖਤਾ ਵਾਲੀ ਸੋਚ ਨੂੰ ਸਰਹਾਂਦੇ ਹਨ। ਛੱਟੀ ਸਿੰਘ ਪੁਰਾ ਵਾਲੇ ਕਾਂਡ ਬਾਰੇ ਜਿਹੜੀ ਗੱਲ ਉੱਭਰ ਕੇ ਸਾਹਮਣੇ ਆਈ ਸੀ, ਉਹ ਇਹ ਸੀ ਕਿ ਇਸ ਕਾਂਡ ਦਾ ਖਾੜਕੂਆਂ ਜਾਂ ਉਗਰਵਾਦੀਆਂ ਨਾਲ ਕੋਈ ਸੰਬੰਧ ਨਹੀਂ ਸੀ ਤੇ ਕਸ਼ਮੀਰ ਵਿੱਚ ਇਹ ਗੱਲ ਆਮ ਸੀ ਤੇ ਸਿੱਖ ਘਰਾਂ ਵਿੱਚ ਵੀ ਇਸ ਗੱਲ ਦੀ ਚਰਚਾ ਸੀ ਕਿ ਇਹ ਕਾਂਡ ਸਰਕਾਰੀ ਏਜੰਸੀਆਂ ਨੇ ਕਰਵਾਇਆ ਹੈ, ਕਿਉਂਕਿ ਅੱਜ ਤਕ ਇਸ ਕਾਂਡ ਦੀ ਕੋਈ ਇਨਕੁਆਰੀ ਨਹੀਂ ਕਰਵਾਈ ਗਈ। ਲੋਕਾਂ ਦੀ ਪੁਰਜ਼ੋਰ ਮੰਗ ਦੇ ਬਾਵਜੂਦ ਸਰਕਾਰ ਨੇ ਇਸ ਪਾਸੇ ਕੋਈ ਕਦਮ ਨਹੀਂ ਚੁੱਕਿਆ, ਜਦਕਿ ਅਮਰੀਕੀ ਸਦਰ ਕਲਿੰਟਨ ਨੂੰ ਜਦ ਪੱਤਰਕਾਰਾਂ ਨੇ ਪੁੱਛਿਆ ਕਿ ਤੁਹਾਡੇ ਭਾਰਤ ਆਉਣ 'ਤੇ ਖਾੜਕੂਆਂ ਇਹ ਕਾਂਡ ਕੀਤਾ ਹੈ ਤਾਂ ਉਨ੍ਹਾਂ ਜਵਾਬ ਦਿੱਤਾ ਸੀ ਕਿ ਇਹ ਕਾਂਡ ਕਿਸਨੇ ਕੀਤਾ, ਉਸ ਬਾਰੇ ਉਹ ਕੁੱਝ ਨਹੀਂ ਜਾਣਦੇ, ਪਰ ਇਨਾਂ ਜ਼ਰੂਰ ਜਾਣਦੇ ਹਨ ਕਿ ਤਰਾਲ ਵਿੱਚ ਜਿਹੜੇ ਮਾਸੂਮ ਲੋਕੀ ਮਰੇ ਹਨ, ਉਹ ਮੇਰੇ ਕਾਰਨ ਹੀ ਮਰੇ ਹਨ। ਇਹ ਗੱਲ ਕਹਿ ਕੇ ਅਮਰੀਕੀ ਸਦਰ ਨੇ ਬਹੁਤ ਕੁੱਝ ਕਹਿ ਦਿੱਤਾ ਸੀ।

***

## ਘੁੰਮਣ ਘੇਰੀਆਂ

ਰਿਆਸਤ ਜੰਮੂ-ਕਸ਼ਮੀਰ ਤਿੰਨ ਹਿੱਸਿਆਂ ਵਿੱਚ ਤਕਸੀਮ ਹੈ। ਜੰਮੂ, ਕਸ਼ਮੀਰ ਤੇ ਲਦਾਖ਼। ਲਦਾਖ਼ ਖਿੱਤੇ ਵਿੱਚ ਕਾਰਗਿਲ ਤੇ ਲੇਹ ਦੋ ਜ਼ਿਲ੍ਹੇ ਹਨ। ਕਾਰਗਿਲ ਵਿੱਚ ਸ਼ੀਆ ਮੁਸਲਿਮ ਰਹਿੰਦੇ ਹਨ ਤੇ ਕਾਰਗਿਲ ਦੇ ਹੀ ਇੱਕ ਇਲਾਕੇ ਜ਼ੰਸਕਾਰ ਵਿੱਚ ਬੋਧਾਂ ਦੀ ਵੀ ਚੋਖੀ ਵੱਸੋਂ ਹੈ। ਲੇਹ ਵਿੱਚ 80 ਪ੍ਰਤੀਸ਼ਤ ਬੋਧ ਤੇ ਬਾਕੀ ਮੁਸਲਮਾਨ ਰਹਿੰਦੇ ਹਨ। ਕਾਰਗਿਲ ਵਿੱਚ ਬਲਤੀ ਭਾਸ਼ਾ ਬੋਲੀ ਜਾਂਦੀ ਹੈ, ਜਦਕਿ ਦਰਾਸ ਵਿੱਚ ਸ਼ੀਨਾ ਜਾਂ ਦਰਦੀ। ਲੇਹ ਵਿੱਚ ਤਿਬਤੀ ਤੇ ਭੋਠੀ। ਲੇਹ ਵਾਲਿਆਂ ਦਾ ਪਹਿਰਾਵਾ ਤੇ ਰਹਿਤਲ ਬਿਲਕੁਲ ਵੱਖਰੀ ਹੈ। ਕਸ਼ਮੀਰ ਵਿੱਚ ਕਸ਼ਮੀਰੀ ਭਾਸ਼ਾ ਬੋਲੀ ਜਾਂਦੀ ਹੈ ਤੇ ਕਸ਼ਮੀਰ ਦਾ ਕਲਚਰਲ ਇਤਿਹਾਸ, ਸੱਭਿਅਤਾ, ਰਹਿਤਲ ਤੇ ਵਸੇਬਾ ਇੱਕ ਵੱਖਰੀ ਸ਼ਨਾਖਤ ਰੱਖਦਾ ਹੈ। ਜੰਮੂ ਖਿੱਤੇ ਦੇ ਪੁਣਛ, ਰਾਜੌਰੀ, ਨੌਸ਼ਹਿਰਾ ਤੇ ਸੁੰਦਰਬਨੀ ਤਕ ਪਹਾੜੀ (ਪੋਠੋਹਾਰੀ) ਬੋਲੀ, ਬੋਲੀ ਜਾਂਦੀ ਹੈ। ਇਸ ਤੋਂ ਛੁੱਟ ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲੇ ਗੁੱਜਰ ਤੇ ਬੱਕਰਵਾਲ, ਗੋਜਰੀ ਬੋਲੀ ਬੋਲਦੇ ਹਨ। ਇੰਝ ਹੀ ਕਸ਼ਮੀਰ ਖਿੱਤੇ ਦੇ ਕਰਨਾਹ, ਟੀਟਵਾਲ, ਊੜੀ ਵਿੱਚ ਰਹਿਣ ਵਾਲੇ ਲੋਕੀ ਵੀ ਪਹਾੜੀ ਤੇ ਗੋਜਰੀ ਬੋਲੀਆਂ ਬੋਲਦੇ ਹਨ। ਜੰਮੂ ਖਿੱਤੇ ਵਿੱਚ ਮੰਡੀ ਤੇ ਲੌਰਨ (ਪੁਣਛ) ਥਾਣਾਮੰਡੀ, ਦਰਹਾਲ ਤੇ ਬੁੱਧਲ ਦੇ ਪੀਰ-ਪੰਚਾਲ ਪਹਾੜੀ ਸਿਲਸਿਲੇ ਨਾਲ ਮਿਲਦੇ ਇਲਾਕੇ ਵਿੱਚ ਵੀ ਕਸ਼ਮੀਰੀ ਬੋਲੀ ਜਾਂਦੀ ਹੈ। ਇੰਝ ਹੀ ਜ਼ਿਲ੍ਹਾ ਰਿਆਸੀ ਦੀ ਤਹਿਸੀਲ ਮਾਹੌਰ, ਕਸ਼ਮੀਰੀ ਤੇ ਗੋਜਰੀ ਬੋਲਣ ਵਾਲਾ ਇਲਾਕਾ ਹੈ। ਜ਼ਿਲ੍ਹਾ ਰਾਮਬਨ ਦੀ ਤਹਿਸੀਲ ਗੁਲ ਪੂਰੀ ਤਰ੍ਹਾਂ ਕਸ਼ਮੀਰੀ ਬੋਲਣ ਵਾਲੀ ਤਹਿਸੀਲ ਹੈ, ਪਰ ਉਥੇ ਰਹਿਣ ਵਾਲੇ ਗੁੱਜਰ ਆਪਣੀ ਮਾਂ ਬੋਲੀ ਗੋਜਰੀ ਵੀ ਬੋਲਦੇ ਹਨ। ਜ਼ਿਲ੍ਹਾ ਰਾਮਬਨ ਦੀ ਹੀ ਤਹਿਸੀਲ ਬਨਹਾਲ ਵੀ ਕਸ਼ਮੀਰੀ ਬੋਲਦਾ ਇਲਾਕਾ ਹੈ, ਜਦਕਿ ਰਾਮਬਨ ਜ਼ਿਲ੍ਹੇ ਵਿੱਚ ਰਾਮਸੂ, ਰਾਜਗੜ੍ਹ, ਨੀਲ, ਬੱਗਰ ਤੇ ਅਸਰ ਤਕ ਦੇ ਖੇਤਰ ਵਿੱਚ ਸਰਾਜੀ ਬੋਲੀ, ਬੋਲੀ ਜਾਂਦੀ ਹੈ। ਜ਼ਿਲ੍ਹਾ ਡੋਡਾ ਦੀਆਂ ਦੋ ਤਿੰਨ ਤਹਿਸੀਲਾਂ- ਡੋਡਾ, ਭਦਰਵਾਹ ਤੇ ਠਾਠਰੀ, ਕਸ਼ਮੀਰੀ ਬੋਲਣ ਵਾਲੇ ਇਲਾਕੇ ਹਨ, ਪਰ ਇਨ੍ਹਾਂ ਵਿੱਚ ਵੀ ਸਰਾਜੀ ਬੋਲੀ ਜਾਂਦੀ ਹੈ, ਖ਼ਾਸਕਰ ਕਾਸਤੀਗੜ੍ਹ, ਬਾਗਵਾ ਤੇ ਦੇਸਾ ਦੇ ਇਲਾਕਿਆਂ ਵਿੱਚ। ਕਿਸ਼ਤਵਾੜ ਜ਼ਿਲ੍ਹਾ ਵੀ ਕਸ਼ਮੀਰੀ ਬੋਲਣ ਵਾਲਾ ਇਲਾਕਾ ਹੈ, ਜਦਕਿ ਤਹਿਸੀਲ ਪਾਡਰ ਵਿੱਚ ਲੋਕੀ ਬੋਧੀ

ਵੀ ਬੋਲਦੇ ਹਨ, ਕਿਉਂਕਿ ਇਹ ਇਲਾਕਾ ਹਿਮਾਚਲ ਪ੍ਰਦੇਸ ਦੇ ਜ਼ਿਲ੍ਹਾ ਚੰਬਾ ਦੀ ਕਮਿਸ਼ਨਰੀ ਪਾਂਗੀ ਤੇ ਲਾਹੌਰ ਸਪੀਤੀ ਨਾਲ ਮਿਲਦਾ ਹੈ। ਕਿਸ਼ਤਵਾੜ ਤੋਂ ਪਾਂਗੀ ਤਕ ਬੜੀ ਖੂਬਸੂਰਤ ਸੜਕ ਬਣਾਈ ਗਈ ਹੈ ਤੇ ਭਾਰਤੀ ਇੰਜ਼ੀਨੀਅਰਾਂ ਦੀ ਕਾਰੀਗਰੀ ਦਾ ਵਧੀਆ ਨਮੂਨਾ ਹੈ। ਚਨਾਬ ਜਾਂ ਚੰਦਰਬਾਗਾ ਪਾਂਗੀ ਤੋਂ ਹੀ ਪਾਡਰ ਰਾਹੀਂ ਰਿਆਸਤ ਵਿੱਚ ਦਾਖ਼ਿਲ ਹੁੰਦਾ ਹੈ। ਜ਼ਿਲ੍ਹਾ ਜੰਮੂ ਦੇ ਰਣਵੀਰ ਸਿੰਘ ਪੁਰਾ ਤਹਿਸੀਲ ਵਿੱਚ ਪੰਜਾਬੀ, ਪਹਾੜੀ ਤੇ ਡੋਗਰੀ ਬੋਲੀ ਜਾਂਦੀ ਹੈ, ਇਹ ਇਲਾਕਾ ਪਾਕਿਸਤਾਨ ਦੇ ਸਿਆਲਕੋਟ ਇਲਾਕੇ ਨਾਲ ਮਿਲਦਾ ਹੈ। ਬਿਸ਼ਨਾਹ, ਸਾਂਬਾ, ਕਠੂਆ ਦੇ ਜਿਹੜੇ ਇਲਾਕੇ ਪਾਕਿਸਤਾਨੀ ਬਾਰਡਰ ਨਾਲ ਮਿਲਦੇ ਹਨ ਉਥੇ ਪੰਜਾਬੀ ਬੋਲਣ ਵਾਲੀ ਵੱਸੋਂ ਬਹੁਗਿਣਤੀ ਵਿੱਚ ਹੈ, ਜਦਕਿ ਜ਼ਿਲ੍ਹਾ ਊਧਮਪੁਰ, ਜ਼ਿਲ੍ਹਾ ਸਾਂਬਾ ਦਾ ਸਾਰਾ ਪਹਾੜੀ ਇਲਾਕਾ, ਜ਼ਿਲ੍ਹਾ ਕਠੂਆ ਦਾ ਬਸੋਲੀ, ਬਿਲਾਵਰ ਤੇ ਬੰਨੀ ਵਿੱਚ ਡੋਗਰੀ ਭਾਸ਼ਾ ਬੋਲੀ ਜਾਂਦੀ ਹੈ। ਡੋਗਰੀ, ਪੰਜਾਬੀ, ਪਹਾੜੀ, ਗੋਜਰੀ ਸਾਰੀਆਂ ਇੱਕੋ ਪਰਿਵਾਰ ਦੀਆਂ ਬੋਲੀਆਂ ਹਨ, ਇਸ ਲਈ ਸਾਰੇ ਇਨ੍ਹਾਂ ਬੋਲੀਆਂ ਨੂੰ ਬੋਲ ਤੇ ਸਮਝ ਸਕਦੇ ਹਨ। ਪਰ ਕਸ਼ਮੀਰੀ, ਬਲਤੀ ਤੇ ਲਦਾਖੀ (ਪੋਠੀ) ਜੰਮੂ ਵਾਲਿਆਂ ਲਈ ਕਾਲੇ ਅੱਖਰ ਹਨ। ਉਂਝ ਹੀ ਡੋਗਰੀ, ਕਸ਼ਮੀਰੀਆਂ ਤੇ ਲਦਾਖੀਆਂ ਲਈ ਅਣਜਾਣ ਭਾਸ਼ਾ ਹੈ ਅਤੇ ਕਸ਼ਮੀਰੀ ਭਾਸ਼ਾ, ਲਦਾਖੀਆਂ ਤੇ ਡੋਗਰਿਆਂ ਲਈ। ਇਸ ਗੱਲ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਰਿਆਸਤ ਵਿੱਚ ਕਈ ਬੋਲੀਆਂ ਤੇ ਕਲਚਰ ਹਨ। ਆਜ਼ਾਦੀ ਦੇ ਬਾਅਦ ਵੀ ਅੱਜ ਤਕ ਇਨ੍ਹਾਂ ਤਿੰਨਾਂ ਖਿੱਤਿਆਂ ਵਿੱਚ ਕਿਸੇ ਕਿਸਮ ਦੀ ਸਾਂਝ ਨਹੀਂ ਹੈ। 1947 ਤੋਂ ਪਹਿਲਾਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਜਿਹੜੇ ਇਲਾਕੇ ਰਿਆਸਤ ਜੰਮੂ ਕਸ਼ਮੀਰ ਦਾ ਹਿੱਸਾ ਸਨ, ਉਨ੍ਹਾਂ ਵਿੱਚ ਅਸਕਰਦੂ ਤੇ ਗਿਲਗਿਤ, ਬਲਤੀ ਭਾਸ਼ਾ ਬੋਲਣ ਵਾਲੇ ਇਲਾਕੇ ਹਨ। ਨੀਲਮ, ਸ਼ਾਰਦਾ, ਮੁਜ਼ਫਰਾਬਾਦ, ਬਾਗ਼, ਸਦਨੂਤੀ, ਪੁਣਛ-ਰਾਵਲਾਕੋਟ, ਕੋਟਲੀ ਤੇ ਭਿੰਬਰ ਪਹਾੜੀ (ਪੋਠੋਹਰੀ) ਤੇ ਗੋਜਰੀ ਬੋਲਦੇ ਇਲਾਕੇ ਹਨ। ਨਗਰ, ਹਵੇਲੀ, ਹੁਨਜ਼ਾ ਵਿੱਚ ਸ਼ੀਨਾ ਤੇ ਦਰਦੀ ਬੋਲੀ, ਬੋਲੀ ਜਾਂਦੀ ਹੈ।

ਕਸ਼ਮੀਰ ਤੇ ਮੁਗ਼ਲ ਰਾਜ ਤੋਂ ਪਹਿਲਾਂ ਇਹ ਸਾਰੇ ਇਲਾਕੇ ਵੱਖ-ਵੱਖ ਰਾਜਵਾੜੇ ਸਨ ਤੇ ਮੁਗ਼ਲਾਂ ਨੇ ਸਭ ਤੋਂ ਪਹਿਲਾਂ ਕਸ਼ਮੀਰ 'ਤੇ ਕਬਜ਼ਾ ਕੀਤਾ ਤੇ ਉਥੋਂ ਦੇ ਬਾਦਸ਼ਾਹ ਯੂਸਫ ਸ਼ਾਹ ਚੱਕ ਨੂੰ ਸ਼ਹਿਨਸ਼ਾਹ ਅਕਬਰ ਨੇ ਬੰਦੀ ਬਣਾ ਕੇ ਬਿਹਾਰ ਭੇਜ ਦਿੱਤਾ, ਜਿਥੇ ਅੱਜ ਵੀ ਉਸਦੀ ਕਬਰ ਮੌਜੂਦ ਹੈ। ਕਸ਼ਮੀਰ ਦਾ ਇਤਿਹਾਸ, ਜਿਸ ਵਿੱਚ ਕਲਹਨ ਦੀ ਰਾਜ ਤਰੰਗਨੀ ਵੀ ਸ਼ਾਮਿਲ ਹੈ, ਇਹ ਦੱਸਦਾ ਹੈ ਕਿ ਕਸ਼ਮੀਰੀ ਨਸਲ ਅਤੇ ਕਸ਼ਮੀਰੀ ਭਾਸ਼ਾ ਬੋਲਣ ਵਾਲਾ ਕੋਈ ਵੀ ਰਾਜਾ ਕਸ਼ਮੀਰ ਦੇ ਤਖ਼ਤ 'ਤੇ ਕਦੇ ਵੀ ਨਹੀਂ ਬੈਠਿਆ, ਰਾਜਾ ਹਰਸ਼ਵਰਧਨ, ਰਾਜਾ ਅਵੰਤੀ ਵਰਮਨ ਤੋਂ ਲੈ ਕੇ ਰਿਨਚਿਨ ਸ਼ਾਹ, ਜ਼ੈਨ-ਉਲ-ਆਬਦੀਨ ਤੇ ਯੂਸਫ ਸ਼ਾਹ ਚੱਕ ਤਕ ਕੋਈ ਵੀ ਰਾਜਾ

ਕਸ਼ਮੀਰੀ ਨਹੀਂ ਸੀ, ਪਰ ਉਨ੍ਹਾਂ ਵਿੱਚੋਂ ਤਕਰੀਬਨ ਸਾਰਿਆਂ ਨੇ ਕਸ਼ਮੀਰ ਦੀ ਲੋਕਾਈ ਦੀ ਸੇਵਾ ਕੀਤੀ ਤੇ ਉਨ੍ਹਾਂ ਦਾ ਦਿਲ ਜਿੱਤਿਆ। ਜੰਮੂ ਤੇ ਲਦਾਖ਼ ਹਮੇਸ਼ਾ ਕਸ਼ਮੀਰ ਤੋਂ ਵੱਖ ਰਹੇ ਤੇ ਉਥੇ ਮੁਕਾਮੀਂ ਰਾਜੇ ਹਕੂਮਤ ਕਰਦੇ ਰਹੇ, ਪਰ ਕਸ਼ਮੀਰ ਘਾਟੀ ਵਿੱਚ ਅਜਿਹੀ ਕੋਈ ਗੱਲ ਨਹੀਂ ਰਹੀ। ਕਸ਼ਮੀਰੀਆਂ ਦਾ ਰੋਸ ਤੇ ਕ੍ਰੋਧ ਮੁਗਲਾਂ ਵੇਲੇ ਸਭ ਤੋਂ ਪਹਿਲਾਂ ਸ਼ਿੱਦਤ ਨਾਲ ਉਭੱਰ ਕੇ ਸਾਹਮਣੇ ਆਇਆ, ਜਦ ਮੁਗਲਾਂ ਨੇ ਕਸ਼ਮੀਰ 'ਤੇ ਕਬਜ਼ਾ ਕੀਤਾ। ਮੁਗਲਾਂ ਦੇ ਬਾਅਦ ਪਠਾਨਾਂ ਨੇ ਕਸ਼ਮੀਰ 'ਤੇ ਕਬਜ਼ਾ ਕੀਤਾ ਤੇ 57 ਸਾਲ ਤਕ ਹਕੂਮਤ ਕੀਤੀ। ਪਠਾਨਾਂ ਦਾ ਰਾਜ ਸਿੱਖਾਂ ਨੇ ਖਤਮ ਕੀਤਾ ਤੇ ਕਸ਼ਮੀਰ ਉਤੇ ਸਿੱਖਾਂ ਦੀ 29 ਸਾਲ ਤਕ ਹਕੂਮਤ ਰਹੀ। ਇਸ ਸਾਰੇ ਦੌਰ ਵਿੱਚ ਯਾਨੀ ਮੁਗਲਾਂ ਤੋਂ ਲੈ ਕੇ ਸਿੱਖਾਂ ਦੀ ਹਕੂਮਤ ਤਕ ਕਸ਼ਮੀਰ ਵਿੱਚ ਬੇਚੈਨੀ ਤੇ ਸਰਕਾਰ ਪ੍ਰਤੀ ਰੋਸ ਕਾਇਮ ਰਿਹਾ ਤੇ ਲੋਕੀ ਹਲਕੀ ਜਾਂ ਮਜ਼ਬੂਤ ਸੁਰ ਵਿੱਚ ਬਗ਼ਾਵਤ ਕਰਦੇ ਰਹੇ ਅਤੇ ਤਸੀਹੇ ਸਹਿੰਦੇ ਰਹੇ। ਇਹ ਸਾਰਾ ਹਾਲ ਕਸ਼ਮੀਰ ਉਤੇ ਲਿਖੀਆਂ ਗਈਆਂ ਇਤਿਹਾਸਕ ਕਿਤਾਬਾਂ ਵਿੱਚ ਸ਼ਾਮਿਲ ਹੈ। ਅੰਗਰੇਜ਼ਾਂ ਨੇ, ਕੁੱਝ ਕਾਲੀਆਂ ਭੇਡਾਂ ਦੀਆਂ ਸਾਜ਼ਿਸ਼ਾਂ ਨਾਲ ਜਦ ਸਿੱਖ ਰਾਜ ਨੂੰ ਖਤਮ ਕੀਤਾ ਤਾਂ ਉਨ੍ਹਾਂ ਕਸ਼ਮੀਰ ਨੂੰ ਜੰਮੂ ਦੇ ਰਾਜੇ ਗੁਲਾਬ ਸਿੰਘ ਨੂੰ 75 ਲੱਖ ਰੁਪਏ (ਨਾਨਕਸ਼ਾਹੀ) ਵਿੱਚ ਵੇਚ ਦਿੱਤਾ। ਇਸ ਖਰੀਦ ਫਰੋਕਤ ਦੇ ਦਸਤਾਵੇਜ਼ ਨੂੰ 'ਬੈਅਨਾਮਾ ਅੰਮ੍ਰਿਤਸਰ' ਕਿਹਾ ਜਾਂਦਾ ਹੈ ਤੇ ਇਹ 16 ਮਾਰਚ 1846 ਵਿੱਚ ਸਿਰੇ ਚੜ੍ਹਿਆ। ਇਹ ਬੈਅਨਾਮਾ ਬਰਤਾਨੀਆ ਤੇ ਹਿੰਦ-ਪਾਕ ਦੀਆਂ ਸਾਰੀਆਂ ਲਾਇਬ੍ਰੇਰੀਆਂ ਵਿੱਚ ਮੌਜੂਦ ਹੈ। ਇਸ ਮੁਹਾਈਦੇ ਮੁਜਬ ਜੰਮੂ ਤੋਂ ਛੁੱਟ ਪੂਰੀ ਕਸ਼ਮੀਰ ਵਾਦੀ ਉਤੇ ਮਹਾਰਾਜ ਗੁਲਾਬ ਸਿੰਘ ਦੀ ਹਾਕਮੀਅਤ ਕੰਪਨੀ ਸਰਕਾਰ ਨੇ ਕਬੂਲ ਕੀਤੀ ਸੀ। ਮਜ਼ੇਦਾਰ ਗੱਲ ਇਹ ਹੈ ਕਿ ਬਰਤਾਨੀਆ ਜਿਹੇ ਜਮਹੂਰੀ ਦੇਸ਼ ਨੇ ਵੀ ਕਸ਼ਮੀਰ ਦੇ ਲੋਕਾਂ ਦੀ ਮਰਜ਼ੀ ਜਾਣਨ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਕਸ਼ਮੀਰੀ ਲੋਕ ਵੀ ਪਸ਼ੂਆਂ ਵਾਂਗ ਵੇਚ ਦਿੱਤੇ ਗਏ। ਕਸ਼ਮੀਰ ਨੂੰ ਰਾਜਾ ਗੁਲਾਬ ਸਿੰਘ ਨੂੰ ਦੇਣਾ, ਉਸਦਾ ਅੰਗਰੇਜ਼ਾਂ ਦੇ ਹਿੱਤ ਲਈ ਕੀਤੀ ਗਈ ਕਾਰਗੁਜਾਰੀ ਦਾ ਸਿਲਾ ਸੀ। ਕਸ਼ਮੀਰ ਤੇ ਡੋਗਰਾ ਸ਼ਾਹੀ ਕਾਇਮ ਹੁੰਦਿਆਂ ਹੀ ਸਿੱਖਾਂ ਨੂੰ ਸ਼ਹਿਰਾਂ ਤੋਂ ਖਦੇੜ ਕੇ ਦੂਰ ਦੁਰਾਡੇ ਪਿੰਡਾਂ ਵਿੱਚ ਵੱਸਣ ਲਈ ਮਜ਼ਬੂਰ ਕਰ ਦਿੱਤਾ ਗਿਆ, ਤਾਂ ਜੋ ਉਹ ਮੁੜ ਜਥੇਬੰਦੀ ਬਣਾ ਕੇ ਬਗਾਵਤ ਨਾ ਕਰ ਸਕਣ। ਹੌਲੀ-ਹੌਲੀ ਸਿੱਖ ਆਰਥਿਕ, ਰਾਜਨੀਤਿਕ ਤੇ ਸਮਾਜਿਕ ਤੌਰ 'ਤੇ ਪਿਛੜ ਗਏ। ਸਰਕਾਰੀ ਨੌਕਰੀਆਂ ਵਿੱਚ ਉਹ ਚਪੜਾਸੀ ਤੇ ਖਾਨਸਾਮੇਂ ਤੇ ਜੰਗਲਾਤ ਦੇ ਗਾਰਡ ਤਕ ਸੀਮਤ ਰਹਿ ਗਏ। ਇੰਝ ਹੀ ਕਸ਼ਮੀਰੀ ਮੁਸਲਮਾਨਾਂ ਲਈ ਫੌਜ ਵਿੱਚ ਭਰਤੀ ਨਾ-ਮੁਮਕਿਨ ਸੀ। ਸਾਰੀ ਜ਼ਮੀਨ ਸਰਕਾਰੀ ਮਲਕੀਅਤ ਬਣਾ ਦਿੱਤੀ ਗਈ ਤੇ ਅਸਲੀ ਮਾਲਿਕ ਕਾਸ਼ਤਕਾਰ। ਪੁਣਛ, ਰਾਜੌਰੀ ਤੇ ਜੰਮੂ ਦੇ ਹਿੰਦੂ ਰਾਜਪੂਤ, ਡੋਗਰੇ ਤੇ ਪੰਜਾਬੀ ਮੁਸਲਮਾਨ ਉਚੀਆਂ ਪਦਵੀਆਂ 'ਤੇ ਬੈਠਾ ਦਿੱਤੇ ਗਏ ਅਤੇ ਫੌਜ ਵਿੱਚ ਭਰਤੀ

ਕੀਤੇ ਗਏ। ਇਥੋਂ ਤਕ ਕਿ ਪੰਜਾਬ ਤੇ ਸੂਬਾ ਸਰਹੱਦ ਦੇ ਮੁਸਲਮਾਨਾਂ ਨੂੰ ਕਸ਼ਮੀਰੀਆਂ ਉਤੇ ਜ਼ੁਲਮ ਕਰਨ ਲਈ ਕਸ਼ਮੀਰ ਭੇਜਿਆ ਜਾਂਦਾ। ਕਸ਼ਮੀਰੀਆਂ ਨੂੰ ਹੀਨਾ ਤੇ ਹਾਤੋ ਕਿਹਾ ਜਾਂਦਾ, ਜਿਸ ਕਰਕੇ ਕਸ਼ਮੀਰੀਆਂ ਵਿੱਚ ਡੋਗਰਾਸ਼ਾਹੀ ਖਿਲਾਫ ਨਫਰਤ ਫੈਲਦੀ ਗਈ ਤੇ ਸ਼ੇਖ਼ ਮੁਹੰਮਦ ਅਬਦੁੱਲਾ ਨੇ ਕਸ਼ਮੀਰੀਆਂ ਦੇ ਹੱਕਾਂ ਲਈ ਡੋਗਰਾਸ਼ਾਹੀ ਦੇ ਖਿਲਾਫ ਇੱਕ ਮਜ਼ਬੂਤ ਸੰਘਰਸ਼ ਸ਼ੁਰੂ ਕੀਤਾ ਤੇ ਇਹ ਸੰਘਰਸ਼ 1931 ਵਿੱਚ ਆਜ਼ਾਦੀ ਦੀ ਇੱਕ ਤਹਿਰੀਕ ਬਣ ਕੇ ਉਭਰਿਆ। 13 ਜੁਲਾਈ 1931 ਨੂੰ ਡੋਗਰਾ ਫੌਜ ਨੇ ਕਸ਼ਮੀਰੀਆਂ ਦੇ ਇੱਕ ਇੱਕਠ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ 17 ਮੁਸਲਮਾਨ ਕਸ਼ਮੀਰੀ ਸ਼ਹੀਦ ਹੋਏ। ਇਸ ਤਹਿਰੀਕ ਨੇ ਜ਼ੋਰ ਪਕੜਿਆ ਤੇ ਮਹਾਰਾਜਾ ਨੇ ਸ਼ੇਖ਼ ਅਬਦੁੱਲਾ ਤੇ ਉਸਦੇ ਸਾਥੀਆਂ ਨੂੰ ਕੈਦ ਕਰ ਲਿਆ। ਸਿੱਟਾ ਇਹ ਨਿਕਲਿਆ ਕਿ ਕਸ਼ਮੀਰੀਆਂ, ਡੋਗਰਾਸ਼ਾਹੀ ਦੇ ਖਿਲਾਫ 'ਕਸ਼ਮੀਰ ਛੋੜ ਦੋ' ਦਾ ਅੰਦੋਲਨ ਸ਼ੁਰੂ ਕਰ ਦਿੱਤਾ। ਇਸ ਅੰਦੋਲਨ ਵਿੱਚ ਕਾਂਗਰਸ ਦੇ ਦਿੱਗਜ ਨੇਤਾ ਗਾਂਧੀ ਜੀ ਤੇ ਪੰਡਿਤ ਨਹਿਰੂ ਖੁੱਲ ਕੇ ਸ਼ੇਖ਼ ਅਬਦੁੱਲਾ ਦੀ ਹਮਾਇਤ ਤੇ ਡੋਗਰਾ ਹਕੂਮਤ ਦੇ ਖਿਲਾਫ ਬੋਲਣ ਲੱਗੇ।

ਇਹ ਸਾਰਾ ਇਤਿਹਾਸਕ ਪਿਛੋਕੜ ਦੱਸਣ ਦਾ ਮਤਲਬ ਇਹ ਹੈ ਕਿ ਪਾਠਕ ਕਸ਼ਮੀਰ ਸਮੱਸਿਆ ਦੀ ਅਸਲੀਅਤ ਤੋਂ ਮੋਟੇ ਤੌਰ 'ਤੇ ਜਾਣੂ ਹੋ ਸਕਣ। ਖ਼ਾਲਿਦ ਹੁਸੈਨ ਕਸ਼ਮੀਰ ਸਮੱਸਿਆ ਤੇ ਉਸ ਨਾਲ ਪੈਦਾ ਹੋਏ ਹਾਲਾਤ ਤੇ ਕਸ਼ਮੀਰੀਆਂ ਨਾਲ ਹੋਣ ਵਾਲੇ ਸਲੂਕ ਦਾ ਚਸ਼ਮਦੀਦ ਗਵਾਹ ਸੀ। 1953 ਵਿੱਚ ਸ਼ੇਖ਼ ਅਬਦੁੱਲਾ ਦੀ ਗ੍ਰਿਫਤਾਰੀ ਮਗਰੋਂ ਜਿਨ੍ਹਾਂ ਲੋਕਾਂ ਨੇ ਸ਼ੇਖ਼ ਅਬਦੁੱਲਾ ਤੇ ਆਜ਼ਾਦੀ ਦੇ ਹੱਕ ਵਿੱਚ ਜਲੂਸ ਕੱਢੇ ਅਤੇ ਫੌਜ ਨੇ ਬਲ ਪ੍ਰਯੋਗ ਨਾਲ ਲੋਕਾਂ ਦੀ ਐਜੀਟੇਸ਼ਨ ਨੂੰ ਜਿਸ ਤਰ੍ਹਾਂ ਦਬਾਇਆ, ਉਸਦੇ ਕਈ ਦ੍ਰਿਸ਼ ਖ਼ਾਲਿਦ ਹੁਸੈਨ ਨੇ ਆਪਣੀ ਅੱਖੀਂ ਵੇਖੇ ਸਨ, ਹਾਲਾਂਕਿ ਉਸਦੀ ਉਮਰ ਉਸ ਵੇਲੇ ਕੇਵਲ 7-8 ਸਾਲ ਸੀ। ਉਸਦੇ ਬਾਅਦ ਕਸ਼ਮੀਰ 'ਤੇ ਭਾਰਤੀ ਸ਼ਿਕੰਜਾ ਕੱਸਣ ਅਤੇ ਭਾਰਤੀ ਕਾਨੂੰਨ ਰਿਆਸਤ 'ਤੇ ਲਾਗੂ ਕਰਨ ਦੇ ਖਿਲਾਫ ਕਸ਼ਮੀਰੀਆਂ ਜਿਨਾਂ ਵੀ ਰੋਸ ਤੇ ਕ੍ਰੋਧ ਦੱਸਿਆ, ਉਹ ਸਾਰਾ ਉਸਨੇ ਆਪਣੀ ਅੱਖੀਂ ਵੇਖਿਆ ਸੀ। ਬਖ਼ਸ਼ੀ ਗੁਲਾਮ ਮੁਹੰਮਦ ਨੂੰ ਸ਼ੇਖ਼ ਅਬਦੁੱਲਾ ਦੇ ਖਿਲਾਫ ਵਰਤਿਆ ਗਿਆ ਤੇ ਉਸਨੂੰ, ਉਸਦੀ ਥਾਂ 'ਤੇ ਵਜ਼ੀਰ-ਏ-ਆਜ਼ਮ ਬਣਾਇਆ ਗਿਆ। ਕਸ਼ਮੀਰੀਆਂ ਨੂੰ ਐਜੀਟੇਸ਼ਨ ਖਤਮ ਕਰਨ ਤੇ ਭਾਰਤ ਦੇ ਹੱਕ ਵਿੱਚ ਬੋਲਣ ਲਈ ਕਰੋੜਾਂ ਰੁਪਏ ਵੰਡੇ ਗਏ। ਬਖ਼ਸ਼ੀ ਸਾਹਿਬ ਦੇ ਵੇਲੇ ਹੀ ਮੋਏ-ਮੁਕੱਦਸ ਦਾ ਕਾਂਡ ਹੋਇਆ। ਹਜ਼ਰਤ ਮੁਹੰਮਦ ਦੀ ਮੁੱਛ ਦੇ ਵਾਲ ਨੂੰ ਹਜ਼ਰਤਬਲ ਦਰਗਾਹ ਤੋਂ ਕਿਸੇ ਨੇ ਚੁਰਾ ਲਿਆ ਸੀ। ਜਦ ਖਲਕਤ ਨੂੰ ਪਤਾ ਲੱਗਾ ਤਾਂ ਸਖ਼ਤ ਤੇ ਚੀਰਵੀਂ ਸਰਦੀ ਦੇ ਬਾਵਜੂਦ ਪੂਰੇ ਕਸ਼ਮੀਰ ਦੀ ਲੋਕਾਈ ਸੜਕਾਂ 'ਤੇ ਆ ਗਈ। ਭਾਰਤ ਸਰਕਾਰ ਕੰਬ ਉਠੀ। ਉਸਨੇ ਆਈ.ਬੀ. ਦੇ ਚੀਫ ਮਲਿਕ ਨੂੰ ਇੱਕ

ਟੀਮ ਸਮੇਤ ਕਸ਼ਮੀਰ ਭੇਜਿਆ ਤੇ ਕੁੱਝ ਦਿਨਾਂ ਵਿੱਚ ਹੀ ਮੋਏ (ਵਾਲ) ਮੁਕੱਦਸ ਨੂੰ ਬਾਜ਼ਯਾਬ ਕਰਾ ਲਿਆ ਗਿਆ। ਇਸ ਕਾਂਡ ਵਿੱਚ ਬਖ਼ਸ਼ੀ ਗੁਲਾਮ ਮੁਹੰਮਦ ਨੂੰ ਆਪਣੀ ਕੁਰਸੀ ਛੱਡਣੀ ਪੈ ਗਈ। ਇਹ ਕਾਂਡ 1964 ਵਿੱਚ ਹੋਇਆ ਤੇ ਖ਼ਾਲਿਦ ਹੁਸੈਨ ਨੇ ਉਨ੍ਹਾਂ ਦਿਨਾਂ ਦੇ ਹਾਲਾਤ ਆਪਣੀ ਅੱਖੀਂ ਵੇਖੇ। ਫੇਰ ਉਸਨੇ ਸ਼ਮਸਦੀਨ ਦਾ 90 ਦਿਨ ਦਾ ਰਾਜ ਵੀ ਵੇਖਿਆ। ਫੇਰ ਸ਼ਮਸਦੀਨ ਨੂੰ ਵੀ ਕੁਰਸੀਓਂ ਉਤਾਰ ਕੇ ਗੁਲਾਮ ਮੁਹੰਮਦ ਸਾਦਿਕ ਨੂੰ ਕਸ਼ਮੀਰ ਦਾ ਹਾਕਮ ਬਣਾਇਆ ਗਿਆ। 1967 ਮਗਰੋਂ ਸਦਰ-ਏ-ਰਿਆਸਤ ਅਤੇ ਵਜ਼ੀਰ-ਏ-ਆਜ਼ਮ ਦੇ ਨਾਂ ਖਤਮ ਕਰਕੇ ਗਵਰਨਰ ਅਤੇ ਮੁੱਖ ਮੰਤਰੀ ਰੱਖ ਦਿੱਤੇ ਗਏ ਅਤੇ ਕਸ਼ਮੀਰ ਉਤੇ ਭਾਰਤੀ ਸੰਵਿਧਾਨ ਦੀਆਂ ਹੋਰ ਕਈ ਧਾਰਾਵਾਂ ਲਾਗੂ ਕਰ ਦਿੱਤੀਆਂ ਗਈਆਂ।

ਖ਼ਾਲਿਦ ਹੁਸੈਨ ਉਸ ਵੇਲੇ ਸਰਕਾਰੀ ਨੌਕਰੀ ਵਿੱਚ ਸੀ, ਪਰ ਆਪਣੇ ਬੀਵੀ-ਬੱਚਿਆਂ ਨੂੰ ਇੱਕ ਖੁਸ਼ਹਾਲ ਜੀਵਨ ਦੇਣ ਲਈ ਉਸਨੇ ਪਾਰਟ-ਟਾਈਮ ਜਾਬ ਕਰਨ ਦਾ ਫੈਸਲਾ ਕੀਤਾ ਤੇ ਉਹ ਅਖ਼ਬਾਰਾਂ ਵਿੱਚ ਕੰਮ ਕਰਨ ਲੱਗਾ। ਉਸਨੇ ਜੰਮੂ ਵਿੱਚ ਰੋਜ਼ਨਾਮਾ 'ਸੰਦੇਸ਼', ਰੋਜ਼ਨਾਮਾ 'ਇਮਾਰਤ' ਤੇ ਰੋਜ਼ਨਾਮਾ 'ਵਕਤ' ਦੀ ਸੰਪਾਦਨਾ ਕੀਤੀ ਤੇ ਇੰਝ ਹੀ ਸ੍ਰੀਨਗਰ ਦੇ ਰੋਜ਼ਨਾਮਾ 'ਜ਼ਮੀਂਦਾਰ', 'ਰੋਸ਼ਨੀ' ਤੇ ਰੋਜ਼ਨਾਮਾ 'ਪੋਲੀਟਿਕਲ ਟਾਇਮਸ' ਨੂੰ ਸੰਪਾਦਿਤ ਕੀਤਾ। ਇਸ ਦੌਰਾਨ ਜੋ ਵੀ ਘਟਨਾਵਾਂ ਵਾਪਰੀਆਂ ਖ਼ਾਲਿਦ ਹੁਸੈਨ ਨੇ ਉਨ੍ਹਾਂ ਘਟਨਾਵਾਂ ਅਤੇ ਉਨ੍ਹਾਂ ਦੇ ਪ੍ਰਭਾਵ ਉਤੇ ਬੇਸ਼ੁਮਾਰ ਸੰਪਾਦਕੀ ਲੇਖ ਲਿਖੇ। ਸਰਕਾਰੀ ਨੌਕਰੀ ਕਾਰਨ ਉਹ ਆਪਣਾ ਨਾਂ ਨਹੀਂ ਸੀ ਦੇ ਸਕਦਾ, ਇਸ ਲਈ ਉਸਨੇ ਸਾਰੇ ਲੇਖ ਇਬਨ-ਏ-ਹੁਸੈਨ ਦੇ ਨਾਂ ਨਾਲ ਲਿਖੇ ਅਤੇ ਸੰਪਾਦਕੀ ਵਿੱਚ ਵੀ, ਇਹੋ ਨਾਂ ਵਰਤਿਆ। ਦਿੱਲੀ ਵਿੱਚ ਉਨ੍ਹਾਂ ਦਿਨਾਂ ਵਿੱਚ ਸ਼ੇਖ਼ ਅਬਦੁੱਲਾ ਤੇ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਧੀ ਵਿਚਕਾਰ ਕਸ਼ਮੀਰ ਦੀ ਸਮੱਸਿਆ ਦੇ ਹੱਲ ਅਤੇ ਅੰਦਰੂਨੀ ਖੁਦਮੁਖਤਿਆਰੀ ਦੇਣ ਬਾਰੇ, ਨਾਲੇ ਕਿਹੜੇ ਕੇਂਦਰੀ ਕਾਨੂੰਨ ਕਸ਼ਮੀਰ ਉਤੇ ਲਾਗੂ ਰਹਿਣੇ ਚਾਹੀਦੇ ਜਾਂ ਨਹੀਂ, ਇਨ੍ਹਾਂ ਸਾਰੇ ਮਸਲਿਆਂ ਬਾਰੇ ਗੱਲਬਾਤ ਆਰੰਭ ਹੋਈ। ਇੰਦਰਾ ਗਾਂਧੀ ਵੱਲੋਂ ਜੀ. ਪਾਰਥਾਸਾਰਥੀ ਤੇ ਸ਼ੇਖ਼ ਅਬਦੁੱਲਾ ਵੱਲੋਂ ਮਿਰਜ਼ਾ ਅਫ਼ਜ਼ਲ ਬੇਗ ਨੇ 'ਇੰਦਰਾ-ਸ਼ੇਖ਼ ਐਕਾਰਡ' ਨੂੰ ਬਣਾਉਣ ਵਿੱਚ ਬੜੀ ਮਿਹਨਤ ਕੀਤੀ। ਆਖ਼ੀਰ ਇਸ ਮੁਆਹਿਦੇ 'ਤੇ ਸ਼ੇਖ਼ ਅਬਦੁੱਲਾ ਤੇ ਇੰਦਰਾ ਗਾਂਧੀ ਨੇ ਦਸਤਖ਼ਤ ਕਰ ਦਿੱਤੇ। ਉਸ ਵੇਲੇ ਕਸ਼ਮੀਰ ਦਾ ਮੁੱਖ ਮੰਤਰੀ ਸਈਯਦ ਮੀਰ ਕਾਸਿਮ ਸੀ, ਜਿਸਨੂੰ ਗੱਦੀ ਤੋਂ ਉਤਾਰ ਕੇ ਸ਼ੇਖ਼ ਸਾਹਿਬ ਨੂੰ ਮੁੱਖ ਮੰਤਰੀ ਦੀ ਕੁਰਸੀ ਉਤੇ ਬਿਠਾਇਆ ਗਿਆ ਤੇ ਕਾਂਗਰਸ ਨੇ ਸ਼ੇਖ਼ ਸਾਹਿਬ ਦੀ ਹਕੂਮਤ ਨੂੰ ਬਾਹਰ ਰਹਿ ਕੇ ਹਮਾਇਤ ਦੇਣ ਦਾ ਫੈਸਲਾ ਕੀਤਾ। ਇਹ ਫਰਵਰੀ 1975 ਦੀ ਗੱਲ ਹੈ। ਉਹ ਕੱਦਾਵਰ ਸ਼ਖ਼ਸੀਅਤ ਜਿਸਦਾ ਨਾਂ ਸ਼ੇਖ਼ ਅਬਦੁੱਲਾ ਸੀ ਤੇ ਜਿਹੜਾ 1952 ਦੇ ਹਿੰਦ-ਕਸ਼ਮੀਰ ਮੁਆਹਿਦੇ ਨੂੰ ਲਾਗੂ ਕਰਵਾਉਣ

ਦੇ ਜੁਰਮ ਵਿੱਚ ਬੰਦੀ ਬਣਾਇਆ ਗਿਆ ਸੀ ਤੇ ਜਿਹੜਾ 6 ਸਾਲ ਤਕ ਕਸ਼ਮੀਰ ਦਾ ਵਜ਼ੀਰ-ਏ-ਆਜ਼ਮ ਸੀ, ਉਹ ਮੁੱਖ ਮੰਤਰੀ ਦੀ ਕੁਰਸੀ ਨਾਲ ਸੰਤੁਸ਼ਟ ਹੋ ਗਿਆ। ਉਸਦੀ ਕੈਬਨਿਟ ਵਿੱਚ ਕੁੱਲ 4 ਮੰਤਰੀ ਸਨ, ਯਾਨੀ ਮੁੱਖ ਮੰਤਰੀ ਤੋਂ ਛੁੱਟ ਤਿੰਨ ਹੋਰ। ਮਿਰਜ਼ਾ ਅਫਜ਼ਲ ਬੇਗ, ਕਸ਼ਮੀਰ ਤੋਂ, ਜਸਟਿਸ ਠਾਕੁਰ ਦੇਵੀਦਾਸ, ਜੰਮੂ ਤੋਂ ਤੇ ਸੋਨਮ ਨਰਬੂ ਲਦਾਖ ਤੋਂ। ਕੁਰਸੀ ਉਤੇ ਬੈਠਦੇ ਹੀ ਸ਼ੇਖ਼ ਸਾਹਿਬ 'ਇੰਦਰਾ-ਸ਼ੇਖ਼ ਮੁਆਹਿਦੇ' ਨੂੰ ਭੁੱਲ ਗਏ। ਖ਼ਾਲਿਦ ਹੁਸੈਨ ਨੂੰ ਮਿਰਜ਼ਾ ਅਫਜ਼ਲ ਬੇਗ ਦਾ ਪੀ.ਏ. ਨਿਯੁਕਤ ਕੀਤਾ ਗਿਆ, ਪਰ ਉਹ ਪਾਰਟ-ਟਾਇਮ ਅਖ਼ਬਾਰ ਐਡਿਟ ਕਰਦਾ ਰਿਹਾ ਤੇ ਸਰਕਾਰ ਦੀਆਂ ਤਰੁਟੀਆਂ ਦੀ ਨਿਸ਼ਾਨਦੇਹੀ ਕਰਦਾ ਰਿਹਾ। 1977 ਵਿੱਚ ਕਾਂਗਰਸ ਨੇ ਸ਼ੇਖ਼ ਸਾਹਿਬ ਦੀ ਸਰਕਾਰ ਨੂੰ ਦਿੱਤੀ ਜਾ ਰਹੀ ਹਮਾਇਤ ਨੂੰ ਵਾਪਸ ਲੈ ਲਿਆ ਤੇ ਰਿਆਸਤ ਵਿੱਚ ਗਵਰਨਰ ਰਾਜ ਲਾਗੂ ਕਰ ਦਿੱਤਾ ਗਿਆ। ਖ਼ਾਲਿਦ ਹੁਸੈਨ ਨੂੰ ਗਵਰਨਰ ਦੇ ਐਡਵਾਇਜਰ ਸਤਾਰਾਵਾਲਾ ਦਾ ਪੀ.ਏ. ਬਣਾਇਆ ਗਿਆ। ਸਤਾਰਾਵਾਲਾ ਅੰਗਰੇਜ਼ੀ ਭਾਸ਼ਾ ਤੋਂ ਬਗੈਰ ਕੋਈ ਦੂਜੀ ਭਾਸ਼ਾ ਨਹੀਂ ਸੀ ਜਾਣਦਾ ਤੇ ਖ਼ਾਲਿਦ ਦਾ ਕੰਮ ਸੀ ਕਿ ਲੋਕਾਂ ਨੂੰ ਸਤਾਰਾਵਾਲਾ ਨਾਲ ਮਿਲਾਉਣਾ ਅਤੇ ਉਨ੍ਹਾਂ ਦੀਆਂ ਉਰਦੂ-ਹਿੰਦੀ ਦਰਖ਼ਾਸਤਾਂ ਉਤੇ ਅੰਗਰੇਜ਼ੀ ਦੇ ਕੁੱਝ ਸ਼ਬਦਾਂ ਵਿੱਚ ਉਸਦਾ ਮਤਲਬ ਲਿਖ ਕੇ ਸਤਾਰਾਵਾਲਾ ਨੂੰ ਦੇਣਾ, ਤਾਂ ਜੋ ਉਹ ਮੁਨਾਸਿਬ ਕਾਰਵਾਈ ਲਈ ਸੰਬੰਧਤ ਮਹਿਕਮੇ ਨੂੰ ਲਿਖ ਸਕੇ। ਗਵਰਨਰ ਨੇ ਨਵੀਆਂ ਚੋਣਾਂ ਕਰਾਉਣ ਲਈ 90 ਦਿਨਾਂ ਦਾ ਵਕਤ ਮੁਕਰਰ ਕੀਤਾ ਸੀ। ਕਸ਼ਮੀਰ ਵਿੱਚ ਕਾਂਗਰਸ ਦਾ ਕੋਈ ਆਧਾਰ ਨਹੀਂ ਸੀ। ਕਾਂਗਰਸ ਸਿਰਫ ਜੰਮੂ ਦੇ ਹਿੰਦੂ ਬਹੁਗਿਣਤੀ ਇਲਾਕਿਆਂ ਤਕ ਹੀ ਸੀਮਤ ਸੀ ਤੇ ਉਥੇ ਵੀ ਉਸਦਾ ਮੁਕਾਬਲਾ ਭਾਰਤੀ ਜਨਤਾ ਪਾਰਟੀ ਨਾਲ ਸੀ, ਪਰ ਕਸ਼ਮੀਰ ਵਿੱਚ ਨੈਸ਼ਨਲ ਕਨਾਫਰੰਸ ਜਮਾਤ ਦਾ ਬੋਲ ਬਾਲਾ ਸੀ ਤੇ ਉਸਦੇ ਮੁਕਾਬਲੇ ਲਈ ਕਸ਼ਮੀਰ ਵਿੱਚ ਜਨਤਾ ਪਾਰਟੀ ਨੂੰ ਖੜਾ ਕੀਤਾ ਗਿਆ। ਪਾਰਟੀ ਦਾ ਸਦਰ ਸ਼ੇਖ਼ ਮੁਹੰਮਦ ਅਬਦੁੱਲਾ ਦੇ ਇੱਕ ਪੁਰਾਣੇ ਸਾਥੀ ਮੌਲਾਨਾ ਮੁਹੰਮਦ ਸਈਯਦ ਮਸੂਦੀ ਨੂੰ ਬਣਾਇਆ ਗਿਆ ਤੇ ਪਾਰਟੀ ਅਮਲੀ ਤੌਰ 'ਤੇ ਮੀਰ-ਵਾਇਜ਼ ਮੌਲਵੀ ਫਾਰੂਕ ਦੇ ਹਵਾਲੇ ਕਰ ਦਿੱਤੀ ਗਈ, ਜੋ ਸ਼ੇਖ਼ ਦੀ ਸਿਆਸਤ ਦੇ ਪੁਰਾਣੇ ਵਿਰੋਧੀ ਸਨ। ਕਸ਼ਮੀਰ ਵਿੱਚ ਮੌਲਵੀ ਫਾਰੂਕ ਦੇ ਹਮਾਇਤੀਆਂ ਨੂੰ ਬੱਕਰਾ (ਦਾੜ੍ਹੀਆਂ ਵਾਲੇ) ਤੇ ਸ਼ੇਖ਼ ਸਾਹਿਬ ਦੇ ਹਮਾਇਤੀਆਂ ਨੂੰ ਸ਼ੇਰ (ਸ਼ੇਖ਼ ਅਬਦੁੱਲਾ ਦਾ ਖਿਤਾਬ ਸ਼ੇਰ-ਏ-ਕਸ਼ਮੀਰ ਸੀ, ਜਿਸ ਕਰਕੇ ਉਹਦੇ ਹਮਾਇਤੀਆਂ ਨੂੰ ਸ਼ੇਰ ਕਹਿੰਦੇ ਸਨ)। ਖ਼ਾਲਿਦ ਹੁਸੈਨ ਨੇ ਉਨ੍ਹਾਂ ਦਿਨਾਂ ਵਿੱਚ ਆਪਣੇ ਦੋਸਤ ਮੁਹੰਮਦ ਸਦੀਕ ਕਾਤਿਬ ਨਾਲ ਮਿਲ ਕੇ ਸਪਤਾਹਿਕ ਅਖ਼ਬਾਰ ਉਰਦੂ ਵਿੱਚ ਕੱਢਿਆ, ਜਿਸ ਵਿੱਚ ਸ਼ੇਖ਼ ਅਬਦੁੱਲਾ ਤੇ ਨੈਸ਼ਨਲ ਕਾਨਫਰੰਸ ਦੀਆਂ ਪਾਲਸੀਆਂ ਦੇ ਹੱਕ ਵਿੱਚ ਲੇਖ ਹੁੰਦੇ। ਉਸ ਸਪਤਾਹਿਕ ਅਖ਼ਬਾਰ ਦਾ ਨਾਂ 'ਕੈਨਵਸ' ਸੀ। ਸ਼ੇਖ਼ ਦੇ ਹਮਾਇਤੀ ਅਤੇ ਨੈਸ਼ਨਲ ਕਾਨਫਰੰਸ ਵਾਲੇ

ਇਸ ਅਖ਼ਬਾਰ ਨੂੰ ਹੱਥੋ ਹੱਥੀ ਖਰੀਦਦੇ। ਉਸ ਵੇਲੇ ਕੇਂਦਰ ਵਿੱਚ ਮੁਰਾਰ ਜੀ ਡਿਸਾਈ ਦੀ ਸਰਕਾਰ ਸੀ। ਚੌਧਰੀ ਚਰਨ ਸਿੰਘ ਗ੍ਰਹਿ ਮੰਤਰੀ ਸਨ ਅਤੇ ਬਾਬੂ ਜਗਜੀਵਨ ਰਾਮ ਸੁਰੱਖਿਆ ਮੰਤਰੀ। ਚੌਧਰੀ ਚਰਨ ਸਿੰਘ ਤੇ ਬਾਬੂ ਜਗਜੀਵਨ ਰਾਮ ਦੀ ਇੱਛਾ ਸੀ ਕਿ ਪਹਿਲਾਂ ਵਾਂਗ ਹੀ ਕਸ਼ਮੀਰ ਦੇ ਇਲੈਕਸ਼ਨ ਵਿੱਚ ਧਾਂਦਲੀਆਂ ਕਰਕੇ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਇਆ ਜਾਏ। ਇਸ ਕੰਮ ਲਈ ਭਾਰਤੀ ਖੁਫ਼ੀਆ ਏਜੰਸੀਆਂ ਨੇ ਵੀ ਲੰਗਰ ਲੰਗੋਟੇ ਕੱਸ ਲਏ ਸਨ, ਪਰ ਉਨ੍ਹਾਂ ਦਿਨਾਂ ਵਿੱਚ ਹੀ ਪ੍ਰਧਾਨ ਮੰਤਰੀ ਮੁਰਾਰ ਜੀ ਡਿਸਾਈ, ਕਸ਼ਮੀਰ ਦੇ ਸਰਕਾਰੀ ਦੌਰੇ 'ਤੇ ਆਏ। ਮੀਰ ਵਾਇਜ਼ ਮੌਲਵੀ ਫਾਰੂਕ ਨੇ ਉਨ੍ਹਾਂ ਨੂੰ ਆਪਣੇ ਘਰ ਚਾਹ ਦੀ ਦਾਵਤ ਦਿੱਤੀ। ਜਦ ਮੁਰਾਰ ਜੀ ਡਿਸਾਈ ਤੇ ਉਨ੍ਹਾਂ ਦਾ ਕਾਫਲਾ ਮੌਲਵੀ ਫਾਰੂਕ ਦੇ ਘਰ ਪਹੁੰਚਿਆ ਤਾਂ ਔਰਤਾਂ ਨੇ ਕਸ਼ਮੀਰੀ ਭਾਸ਼ਾ ਵਿੱਚ ਲੋਕ ਗੀਤਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਇੱਕ ਲੋਕ ਗੀਤ ਦੇ ਬੋਲ ਇੰਝ ਸਨ:

"ਸਬਜ਼ ਦਸਤਾਰਸ ਖ਼ੁਦਾ ਛੂ ਰਾਜ਼ੀ, ਪਾਕਿਸਤਾਨੁਕ ਗਾਜ਼ੀ-ਆਉ"

(ਸਬਜ਼ ਰੰਗ ਦੀ ਪੱਗ ਤੇ ਰੱਬ ਰਾਜ਼ੀ ਹੈ, ਕਿਉਂਕਿ ਪਾਕਿਸਤਾਨ ਦਾ ਗਾਜ਼ੀ ਆਇਆ ਹੈ)

ਪ੍ਰਧਾਨ ਮੰਤਰੀ ਨੂੰ ਜਿਸ ਕਮਰੇ ਵਿੱਚ ਬਿਠਾਇਆ ਗਿਆ ਉਥੇ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਦੀ ਇੱਕ ਵੱਡੀ ਫੋਟੋ ਟੰਗੀ ਹੋਈ ਸੀ। ਮੌਲਵੀ ਫਾਰੂਕ ਨੇ ਬੜੇ ਫਖ਼ਰ ਨਾਲ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਜਿਸ ਕੁਰਸੀ 'ਤੇ ਉਹ ਬੈਠੇ ਹਨ, ਉਸ ਕੁਰਸੀ 'ਤੇ ਜਿਨਾਹ ਸਾਹਿਬ ਵੀ ਬੈਠੇ ਸਨ। ਇਸ ਘਟਨਾ ਨੂੰ ਖ਼ਾਲਿਦ ਹੁਸੈਨ ਨੇ ਆਪਣੇ ਅਖ਼ਬਾਰ 'ਕੈਨਵਸ' ਵਿੱਚ ਖੂਬ ਉਛਾਲਿਆ ਤੇ ਜਦ ਅਖ਼ਬਾਰਾਂ ਪ੍ਰਧਾਨ ਮੰਤਰੀ ਨੂੰ ਦੱਸੀਆਂ ਗਈਆਂ, ਤਾਂ ਉਨ੍ਹਾਂ ਵਾਪਿਸ ਦਿੱਲੀ ਪਹੁੰਚਦਿਆਂ ਪਹੁੰਚਦਿਆਂ ਇੱਕ ਅਹਿਮ ਫੈਸਲਾ ਕਰ ਲਿਆ ਅਤੇ ਦਿੱਲੀ ਜਾਂਦਿਆਂ ਹੀ ਮੰਤਰੀ ਮੰਡਲ ਦੀ ਮੀਟਿੰਗ ਬੁਲਾਈ ਤੇ ਸਖ਼ਤੀ ਨਾਲ ਹੁਕਮ ਦਿੱਤਾ ਕਿ ਕਸ਼ਮੀਰ ਵਿੱਚ ਚੋਣਾਂ ਨਿਰਪੱਖ ਹੋਣੀਆਂ ਚਾਹੀਦੀਆਂ ਨੇ। ਕਿਸੇ ਕਿਸਮ ਦੀ ਧਾਂਦਲੀ ਬਰਦਾਸ਼ਤ ਨਹੀਂ ਕੀਤੀ ਜਾਏਗੀ। ਜੇ ਸ਼ੇਖ਼ ਅਬਦੁੱਲਾ ਦੀ ਪਾਰਟੀ ਨੈਸ਼ਨਲ ਕਾਨਫਰੰਸ ਜਿੱਤਦੀ ਹੈ ਤਾਂ ਕੇਂਦਰ ਨੂੰ ਕੋਈ ਆਪੱਤੀ ਨਹੀਂ ਹੋਏਗੀ, ਕਿਉਂਕਿ ਸ਼ੇਖ਼ ਸਾਹਿਬ ਭਾਰਤੀ ਸੰਵਿਧਾਨ ਅੰਦਰ ਰਹਿ ਕੇ ਕਸ਼ਮੀਰ ਦੀ ਐਟਾਨਮੀ (ਅੰਦਰੂਨੀ ਖ਼ੁਦ ਮੁਖ਼ਤਿਆਰੀ) ਦੀ ਗੱਲ ਕਰਦਾ ਹੈ, ਜਦਕਿ ਮੌਲਵੀ ਫਾਰੂਕ ਸਿੱਧਾ-ਸਿੱਧਾ ਪਾਕਿਸਤਾਨ ਦੇ ਗੁਣ-ਗਾਣ ਕਰਦਾ ਹੈ। ਚੋਣ ਹੋਏ ਤੇ ਪਹਿਲੀ ਵਾਰੀ ਨਿਰਪੱਖ ਚੋਣ ਹੋਏ, ਜਿਸ ਵਿੱਚ ਸ਼ੇਖ਼ ਅਬਦੁੱਲਾ ਦੀ ਪਾਰਟੀ ਦੇ ਉਮੀਦਵਾਰਾਂ ਨੇ ਦੋ-ਤਿਹਾਈ ਤੋਂ ਵੀ ਵੱਧ ਗਿਣਤੀ ਵਿੱਚ ਜਿੱਤ ਹਾਸਿਲ ਕੀਤੀ। ਅਖ਼ਬਾਰ ਵਿੱਚ ਲਿਖਣ ਦਾ ਕੰਮ ਖ਼ਾਲਿਦ ਹੁਸੈਨ ਤਦ ਤਕ ਕਰਦਾ ਰਿਹਾ

ਜਦ ਤਕ ਉਹ ਦਰਬਾਰ ਮੂਵ ਦੇ ਨਾਲ ਰਿਹਾ, ਪਰ ਜਦ ਉਸਦੀ ਬਦਲੀ ਫੀਲਡ ਵਿੱਚ ਹੋ ਗਈ ਤਾਂ ਉਸਨੇ ਅਖ਼ਬਾਰਾਂ ਵਿੱਚ ਲਿਖਣ ਦਾ ਕੰਮ ਛੱਡ ਦਿੱਤਾ। ਇਸ ਸਾਰੇ ਚੈਪਟਰ ਨੂੰ ਪੜ੍ਹ ਕੇ ਪਾਠਕਾਂ ਨੂੰ ਇਹ ਅੰਦਾਜ਼ਾ ਹੋ ਗਿਆ ਹੋਏਗਾ ਕਿ ਜੰਮੂ ਕਸ਼ਮੀਰ ਦੀ ਰਾਜਨੀਤੀ ਵਿੱਚ ਜੰਮੂ ਦਾ ਕੋਈ ਖ਼ਾਸ ਯੋਗਦਾਨ ਨਹੀਂ ਹੈ। ਜੰਮੂ-ਕਸ਼ਮੀਰ ਦੀ ਸਾਰੀ ਸਿਆਸਤ ਕਸ਼ਮੀਰ ਘਾਟੀ 'ਤੇ ਹੀ ਕੇਂਦਰਿਤ ਹੈ ਤੇ ਦਿੱਲੀ ਸਰਕਾਰ ਵੀ ਕਸ਼ਮੀਰੀ ਲੀਡਰਾਂ ਨੂੰ ਹੀ ਅਹਿਮੀਅਤ ਦੇਂਦੀ ਹੈ ਤੇ ਅਸਲ ਵਿੱਚ ਜੰਮੂ-ਕਸ਼ਮੀਰ ਦਾ ਮਸਲਾ ਸਿਰਫ਼ ਕਸ਼ਮੀਰ ਘਾਟੀ ਤਕ ਹੀ ਸੀਮਤ ਹੈ। ਮੇਰਾ ਨਾਂ ਮੁਹੰਮਦ ਸਲੀਮ ਬੇਗ ਹੈ। ਮੈਂ ਖ਼ਾਲਿਦ ਹੁਸੈਨ ਦਾ ਪਿਛਲੇ ਪੈਂਤੀਆਂ ਸਾਲਾਂ ਦਾ ਦੋਸਤ ਤੇ ਉਸਦੇ ਦੁੱਖ-ਸੁੱਖ ਦਾ ਸਾਥੀ ਸਾਂ। ਅਸੀਂ ਦੋਵਾਂ ਨੇ ਉਪ ਮੁੱਖ ਮੰਤਰੀ ਮਿਰਜ਼ਾ ਮੁਹੰਮਦ ਅਫ਼ਜ਼ਲ ਬੇਗ ਨਾਲ ਕੰਮ ਕੀਤਾ ਹੈ ਅਤੇ ਮੈਂ ਉਨ੍ਹਾਂ ਦਾ ਅਵਾਮੀ ਰਾਬਤਾ ਅਫ਼ਸਰ ਸਾਂ। ਮੈਂ ਵੀ ਸਰਕਾਰ ਵਿੱਚ ਕਈ ਪਦਵੀਆਂ 'ਤੇ ਕੰਮ ਕੀਤਾ ਹੈ ਤੇ ਆਖ਼ੀਰ ਡਾਇਰੈਕਟਰ ਇੰਡਸਟਰੀਜ਼ ਦੇ ਆਹੁਦੇ ਤੋਂ ਸੇਵਾ ਮੁਕਤ ਹੋਇਆ ਹਾਂ ਅਤੇ ਮੈਂ ਵੀ ਕਸ਼ਮੀਰ ਸਮੱਸਿਆ ਅਤੇ ਕਸ਼ਮੀਰ ਵਿੱਚ ਵਾਪਰੀਆਂ ਘਟਨਾਵਾਂ ਦਾ ਚਸ਼ਮਦੀਦ ਗਵਾਹ ਹਾਂ।

ਜਿਨ੍ਹਾਂ ਦਿਨਾਂ ਵਿੱਚ ਖ਼ਾਲਿਦ ਹੁਸੈਨ ਅਖ਼ਬਾਰਾਂ ਵਿੱਚ ਕੰਮ ਕਰਦਾ ਸੀ, ਉਨ੍ਹਾਂ ਦਿਨਾਂ ਵਿੱਚ ਕਈ ਆਈ.ਏ.ਐੱਸ. ਅਫ਼ਸਰਾਂ ਨਾਲ ਉਸਦੀ ਸਾਂਝ ਵਧੀ ਤੇ ਉਹ ਦਫ਼ਤਰੋਂ ਵਿਹਲਿਆਂ ਹੋਣ ਮਗਰੋਂ ਉਸਦੇ ਦਫ਼ਤਰ ਵਿੱਚ ਆ ਬਹਿੰਦੇ। ਖ਼ਾਲਿਦ ਪਹਿਲੇ ਸਫ਼ੇ ਦੀਆਂ ਖ਼ਬਰਾਂ ਬਣਾਉਂਦਾ, ਉਨ੍ਹਾਂ 'ਤੇ ਸੁਰਖੀ ਜਮਾਂਦਾ ਤੇ ਸੰਪਾਦਕੀ ਲਿਖਦਾ ਅਤੇ ਕਾਤਬਾਂ ਨੂੰ ਲਿਖਣ ਲਈ ਭੇਜ ਦੇਂਦਾ, ਨਾਲ ਨਾਲ ਉਨ੍ਹਾਂ ਅਫ਼ਸਰਾਂ ਨਾਲ ਗੱਪਾਂ ਵੀ ਮਾਰਦਾ। ਇਨ੍ਹਾਂ ਅਫ਼ਸਰਾਂ 'ਚੋਂ ਕੋਈ ਕੇਰਲਾ ਦਾ ਸੀ, ਕੋਈ ਤਾਮਿਲਨਾਡੂ ਦਾ, ਕੋਈ ਦਿੱਲੀ ਦਾ, ਕੋਈ ਹਿਮਾਚਲ ਪ੍ਰਦੇਸ ਦਾ। ਜੰਮੂ-ਕਸ਼ਮੀਰ ਦਾ ਇਤਿਹਾਸ, ਲੋਕਾਂ ਦਾ ਸੁਭਾਅ ਤੇ ਐਡਮਿਨਿਸਟਰੇਸ਼ਨ ਚਲਾਉਣ ਦੇ ਗੁਰ ਬਾਰੇ ਉਹ ਖ਼ਾਲਿਦ ਹੁਸੈਨ ਕੋਲੋਂ ਜਾਣਕਾਰੀ ਲੈਂਦੇ ਅਤੇ ਉਸ ਕੋਲੋਂ ਉਰਦੂ ਭਾਸ਼ਾ ਵੀ ਸਿੱਖਦੇ, ਕਿਉਂਕਿ ਰਿਆਸਤ ਦੀ ਸਰਕਾਰੀ ਜ਼ੁਬਾਨ ਹੋਣ ਕਾਰਨ, ਉਨ੍ਹਾਂ ਦਾ ਉਰਦੂ ਭਾਸ਼ਾ ਜਾਣਨਾ ਬਹੁਤ ਜ਼ਰੂਰੀ ਸੀ। ਇਨ੍ਹਾਂ ਅਫ਼ਸਰਾਂ ਵਿੱਚੋਂ ਮਾਰੀਆ ਡਿਜ਼ਾਲਫਿਨ, ਸ਼ਾਮ ਸਿੰਘ ਕਪੂਰ, ਵਰਗੀਜ਼ ਸਾਈਮਲ, ਬਲਦੇਵ ਸਿੰਘ ਜਸਵਾਲ ਤੇ ਏ.ਐੱਸ. ਸਿੱਧੂ ਦੇ ਨਾਂ ਵਰਣਨਯੋਗ ਹਨ। ਸ਼ਾਮ ਸਿੰਘ ਕਪੂਰ ਬਾਅਦ ਵਿੱਚ ਚੀਫ਼ ਸੈਕਟਰੀ ਬਣ ਕੇ ਰਿਟਾਇਰ ਹੋਇਆ ਅਤੇ ਬਾਕੀ ਸੱਜਣ ਵੀ ਜਾਂ ਤਾਂ ਚੀਫ਼ ਸੈਕਟਰੀ ਦੇ ਗ੍ਰੇਡ ਵਿੱਚ ਜਾਂ ਫਿਰ ਐਡੀਸ਼ਨਲ ਚੀਫ਼ ਸੈਕਟਰੀ ਬਣ ਕੇ ਰਿਟਾਇਰ ਹੋਏ। ਜਦੋਂ ਖ਼ਾਲਿਦ ਹੁਸੈਨ ਹੈਡੱ ਆਫ਼ ਡਿਪਾਰਟਮੈਂਟ ਬਣਿਆ ਤਾਂ ਕਈ ਨਵੇਂ ਆਈ.ਏ.ਐੱਸ. ਅਫ਼ਸਰਾਂ ਨੇ ਉਸ ਨਾਲ ਬਤੌਰ ਪ੍ਰੋਬੇਸ਼ਨਰ ਕੰਮ ਕੀਤਾ। ਇੱਕ ਵਾਰੀ ਖ਼ਾਲਿਦ ਹੁਸੈਨ ਨੇ ਇੱਕ ਅਖ਼ਬਾਰ ਦੀ ਸੁਰਖੀ ਅਜਿਹੀ ਲਾਈ ਕਿ

ਸਰਕਾਰ ਨੇ ਅਖ਼ਬਾਰ ਜ਼ਬਤ ਕਰ ਲਈ ਤੇ ਉਸਦੇ ਮਾਲਿਕ ਨੂੰ ਹਵਾਲਾਤ ਵਿੱਚ ਠੋਕ ਦਿੱਤਾ। ਸੁਰਖੀ ਇੱਕ ਆਯਾਸ਼ ਕਮਿਸ਼ਨਰ ਦੀਆਂ ਕਰਤੂਤਾਂ ਨੂੰ ਮੁੱਖ ਰੱਖ ਕੇ ਬਣਾਈ ਗਈ ਸੀ। ਜਦ ਖ਼ਾਲਿਦ ਹੁਸੈਨ ਨੂੰ ਅਖ਼ਬਾਰ ਦੇ ਮਾਲਿਕ ਦੀ ਗ੍ਰਿਫ਼ਤਾਰੀ ਦਾ ਪਤਾ ਲੱਗਾ, ਤਾਂ ਉਸਨੇ ਉਹਦੀ ਜ਼ਮਾਨਤ ਕਰਾਈ। ਇਸ ਤਰ੍ਹਾਂ ਦੇ ਕਈ ਪੰਗੇ ਖ਼ਾਲਿਦ ਹੁਸੈਨ ਨੇ ਬਤੌਰ ਸੰਪਾਦਕ ਲਏ, ਜਿਸਦਾ ਖਮਿਆਜ਼ਾ ਸਾਰਿਆਂ ਮਿਲ ਕੇ ਭੁਗਤਿਆ।

***

# ਉਚੱਾ ਨਾਮ ਸਾਂਈਂ ਦਾ

ਖ਼ਾਲਿਦ ਸਾਹਿਬ ਦੀਆਂ ਦੋ ਪੋਤਰੀਆਂ ਤੇ ਇੱਕ ਪੋਤਰਾ ਹੈ। ਪੋਤਰੀਆਂ ਵੱਡੇ ਬੇਟੇ ਜ਼ਾਕਿਰ ਹੁਸੈਨ ਵਿੱਚੋਂ ਹਨ ਅਤੇ ਪੋਤਰਾ, ਨਿੱਕੇ ਪੁੱਤਰ ਯਾਸਿਰ ਇਮਰਾਨ ਦੀ ਔਲਾਦ ਹੈ। ਜ਼ਾਕਿਰ ਹੁਸੈਨ ਦੇ ਘਰ ਦੋ ਬੇਟੇ ਹੋਏ, ਪਰ ਉਹ ਰੱਬ ਨੂੰ ਪਿਆਰੇ ਹੋ ਗਏ। ਯਾਸਿਰ ਦਾ ਬੇਟਾ ਹੀ ਸਾਰਿਆਂ ਲਈ ਘਰ ਦਾ ਖਿਡੌਣਾ ਸੀ। ਉਸਦਾ ਨਾਂ ਖ਼ਾਲਿਦ ਸਾਹਿਬ ਨੇ ਯਸ਼ਬ ਖ਼ਾਲਿਦ ਰੱਖਿਆ। ਜਦ ਉਹ ਦੋ ਸਾਲ ਦਾ ਸੀ ਤਾਂ ਖ਼ਾਲਿਦ ਦੇ ਡਰਾਈਵਰ ਅਜੇ ਕੁਮਾਰ ਨੇ ਬਲੈਰੋ ਪਿੱਛੇ ਕਰਦਿਆਂ ਇੱਕ ਟਾਇਰ ਯਸ਼ਬ ’ਤੇ ਚੜ੍ਹਾ ਦਿੱਤਾ, ਜਿਸ ਨਾਲ ਉਹ ਬੇਹੋਸ਼ ਹੋ ਗਿਆ। ਉਸਨੂੰ ਉਸੇ ਵੇਲੇ ਹਸਪਤਾਲ ਲੈ ਗਏ। ਡਾਕਟਰਾਂ ਉਸਦਾ ਐਕਸ-ਰੇ ਤੇ ਅਲਟਰਾ-ਸਾਉਂਡ ਕੀਤਾ ਤਾਂ ਪਤਾ ਲੱਗਾ ਕਿ ਉਸਦਾ ਜਿਗਰ (ਲੀਵਰ) ਫੱਟੜ ਹੋ ਚੁੱਕਾ ਹੈ ਤੇ ਇਨਫੈਕਸ਼ਨ ਸਾਰੇ ਪੇਟ ਵਿੱਚ ਫੈਲ ਚੁੱਕੀ ਹੈ। ਯਸ਼ਬ ਦਾ ਤੁਰੰਤ ਅਪਰੇਸ਼ਨ ਕੀਤਾ ਗਿਆ ਤੇ ਅੱਧਾ ਜਿਗਰ ਕੱਟ ਕੇ ਬਾਹਰ ਕੱਢਿਆ ਗਿਆ ਤੇ ਬਾਕੀ ਨੂੰ ਸੀਅ ਦਿੱਤਾ। ਉਸਦੇ ਪੇਟ ਦੀ ਸਫਾਈ ਕਰਕੇ ਟਾਂਕੇ ਲਾ ਦਿੱਤੇ। ਉਸਨੂੰ ਵਾਰਡ ਵਿੱਚ ਭੇਜ ਦਿੱਤਾ ਗਿਆ, ਪਰ ਦੂਜੇ ਦਿਨ ਤਕ ਵੀ ਬੱਚਾ ਬੇਹੋਸ਼ ਸੀ। ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀ ਲਾਪ੍ਰਵਾਹੀ ਕਾਰਨ ਕਈ ਮਰੀਜ਼ ਆਪਣੀ ਜਾਨ ਗੁਵਾ ਬਹਿੰਦੇ ਹਨ। ਖ਼ਾਲਿਦ ਸਾਹਿਬ ਨੇ ਹਸਪਤਾਲ ਦੇ ਇੱਕ ਮਸ਼ਹੂਰ ਸਰਜਨ ਡਾ. ਤਾਰਕ ਆਜ਼ਾਦ ਨਾਲ ਗੱਲ ਕੀਤੀ। ਉਸਨੇ ਯਸ਼ਬ ਦਾ ਦੁਬਾਰਾ ਅਲਟਰਾ-ਸਾਉਂਡ ਕੀਤਾ। ਉਸਨੂੰ ਅਲਟਰਾ-ਸਾਉਂਡ ਵਿੱਚ ਕਾਫੀ ਗੜਬੜ ਦਿਸੀ। ਉਸਨੇ ਖ਼ਾਲਿਦ ਸਾਹਿਬ ਨੂੰ ਮਸ਼ਵਰਾ ਦਿੱਤਾ ਕਿ ਉਹ ਯਸ਼ਬ ਨੂੰ ਲੈ ਕੇ ਦਿੱਲੀ, ਚੰਡੀਗੜ੍ਹ ਜਾਂ ਲੁਧਿਆਣੇ ਜਾਣ, ਕਿਉਂਕਿ ਬੱਚੇ ਦੀ ਹਾਲਤ ਬੜੀ ਨਾਜ਼ੁਕ ਹੈ। ਖ਼ਾਲਿਦ ਸਾਹਿਬ ਦੇ ਇੱਕ ਦੋਸਤ ਆਰਫ ਹਲੀਮ ਦਾ ਭਾਣਜਾ ਡਾ. ਨਵੇਦ ਅਸਲਮ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ ਲੁਧਿਆਣਾ ਵਿੱਚ ਪ੍ਰੋਫੈਸਰ ਹੈ। ਉਨ੍ਹਾਂ ਨੇ ਡਾ. ਨਵੇਦ ਅਸਲਮ ਨੂੰ ਫੋਨ ਕੀਤਾ ਤੇ ਸਾਰੀ ਗੱਲ ਦੱਸੀ। ਉਸਦਾ ਕਹਿਣਾ ਸੀ ਕਿ ਡੀ.ਐਮੱ.ਸੀ. ਲੁਧਿਆਣਾ ਵਿੱਚ ਬੱਚਿਆਂ ਦਾ ਜੋ ਸਰਜਨ ਕੰਮ ਕਰਦਾ ਹੈ ਉਹ ਪੂਰੇ ਏਸ਼ੀਆ ਵਿੱਚ ਜਾਣਿਆ ਜਾਂਦਾ ਹੈ, ਇਸ ਲਈ ਬੱਚੇ ਨੂੰ ਫੌਰਨ ਲੈ ਕੇ ਲੁਧਿਆਣੇ ਆ ਜਾਓ। ਮੈਂ ਯਸ਼ਬ ਦਾ ਮਾਮਾ ਹਾਂ ਤੇ ਮੇਰਾ ਨਾਂ ਮੁਸਤਕੀਮ ਬੇਗ ਹੈ। ਮੈਂ ਤੁਰੰਤ ਐਮਬੂਲੈਂਸ ਦਾ ਪ੍ਰਬੰਧ ਕੀਤਾ ਤੇ ਯਸ਼ਬ ਨੂੰ ਉਸ

ਵਿੱਚ ਬਿਠਾਇਆ ਤੇ ਯਸ਼ਬ ਦੀ ਮਾਂ ਤੇ ਮੇਰੀ ਭੈਣ ਸੰਨਾ ਫਾਰੂਕ ਤੇ ਜੀਜਾ ਯਾਸਿਰ ਇਮਰਾਨ ਵੀ ਉਸ ਵਿੱਚ ਬਹਿ ਗਏ। ਇੱਕ ਡਾਕਟਰ ਤੇ ਇੱਕ ਕੰਪਾਊਡਰ ਵੀ ਐਮਰਜੈਂਸੀ ਕਰਕੇ ਸਾਡੇ ਨਾਲ ਹੀ ਲੁਧਿਆਣੇ ਤਕ ਗਏ। ਖ਼ਾਲਿਦ ਸਾਹਿਬ ਤੇ ਉਨ੍ਹਾਂ ਦਾ ਵੱਡਾ ਬੇਟਾ ਜ਼ਾਕਿਰ ਹੁਸੈਨ ਆਪਣੀ ਕਾਰ ਵਿੱਚ ਐਮਬੂਲੈਂਸ ਦੇ ਨਾਲ ਨਾਲ ਚੱਲ ਰਹੇ ਸਨ। ਉਨ੍ਹਾਂ ਡਾ. ਨਾਵੇਦ ਅਸਲਮ ਨੂੰ ਜੰਮੂ ਤੋਂ ਚੱਲਣ ਦਾ ਵੇਲਾ ਦੱਸ ਦਿੱਤਾ। ਜਦ ਅਸੀਂ ਡੀ.ਐਮੱ.ਸੀ. ਲੁਧਿਆਣਾ ਪਹੁੰਚੇ ਤਾਂ ਸਾਰੇ ਡਾਕਟਰ, ਨਰਸਾਂ ਤੇ ਹੋਰ ਅਮਲਾ ਓ.ਪੀ.ਡੀ. ਵਿੱਚ ਖੜੇ ਸਨ। ਉਨ੍ਹਾਂ ਯਸ਼ਬ ਨੂੰ ਆਈ.ਸੀ.ਯੂ. ਵਿੱਚ ਖੜਣ ਤੋਂ ਪਹਿਲਾਂ ਉਸਦੇ ਸਾਰੇ ਟੈਸਟ ਕਰਵਾਏ। ਦੂਜੇ ਦਿਨ ਡਾ. ਆਰ.ਜੇ. ਸਿੰਘ ਨੇ ਖ਼ਾਲਿਦ ਸਾਹਿਬ ਨੂੰ ਆਪਣੇ ਕਮਰੇ ਵਿੱਚ ਬੁਲਾਇਆ ਤੇ ਦੱਸਿਆ ਕਿ ਤੁਸਾਂ ਇੱਕ ਮੁਰਦਾ ਲਾਸ਼ ਨੂੰ ਲਿਆਂਦਾ ਹੈ। 90 ਪ੍ਰਤੀਸ਼ਤ ਇਨਫੈਕਸ਼ਨ ਇਸ ਅੰਦਰ ਫੈਲ ਚੁੱਕੀ ਹੈ, ਪਰ ਮੈਂ ਇੱਕ ਚਾਂਸ ਲੈਣਾ ਚਾਹੁੰਦਾ ਹਾਂ ਤੇ ਬੱਚੇ ਦਾ ਮੁੜ ਅਪਰੇਸ਼ਨ ਕਰਨਾ ਚਾਹੁੰਦਾ ਹਾਂ। ਖ਼ਾਲਿਦ ਸਾਹਿਬ ਨੇ ਆਗਿਆ ਦੇ ਦਿੱਤੀ ਤੇ ਇਜਾਜ਼ਤਨਾਮੇ ਵਾਲੇ ਫਾਰਮ 'ਤੇ ਦਸਤਖ਼ਤ ਕਰ ਦਿੱਤੇ। ਦਿਨ ਦੇ 11 ਵਜੇ ਯਸ਼ਬ ਨੂੰ ਅਪਰੇਸ਼ਨ ਥਿਏਟਰ ਵਿੱਚ ਲੈ ਗਏ ਤੇ ਤਿੰਨ ਘੰਟੇ ਤਕ ਉਸਦਾ ਅਪਰੇਸ਼ਨ ਹੁੰਦਾ ਰਿਹਾ। ਯਸ਼ਬ ਦੀ ਮਾਂ, ਇਨ੍ਹਾਂ ਤਿੰਨਾਂ ਘੰਟਿਆਂ ਵਿੱਚ ਰੱਬ ਸੱਚੇ ਅੱਗੇ ਆਪਣੇ ਬੱਚੇ ਦੀ ਜ਼ਿੰਦਗੀ ਲਈ ਅਰਦਾਸ ਕਰਦੀ ਰਹੀ। ਜਦ ਅਪਰੇਸ਼ਨ ਖਤਮ ਹੋਣ 'ਤੇ ਡਾ. ਆਰ.ਜੇ. ਸਿੰਘ ਬਾਹਰ ਨਿਕਲਿਆਂ ਤਾਂ ਉਸਨੇ ਖ਼ਾਲਿਦ ਸਾਹਿਬ ਨੂੰ ਦੱਸਿਆ ਕਿ ਉਸਦੀਆਂ ਦੋ ਅੰਤੜੀਆਂ ਤੇ ਖੁਰਾਕ ਵਾਲੀ ਨਾੜੀ (Food Pipe) ਕੱਟੀਆਂ ਹੋਈਆਂ ਸਨ। ਇਸ ਤੋਂ ਛੁੱਟ ਪਿੱਤਾ ਵੀ ਪੈਂਚਰ ਹੋ ਚੁੱਕਿਆ ਸੀ, ਜਿਸ ਕਾਰਨ ਸਾਰਾ ਜਹਿਰ ਪੇਟ ਅੰਦਰ ਫੈਲ ਚੁੱਕਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਵੱਲੋਂ ਅਪਰੇਸ਼ਨ ਠੀਕ ਕੀਤਾ ਹੈ ਤੇ ਕੱਟੀਆਂ ਹੋਈਆਂ ਨਾੜਾਂ ਜੋੜ ਦਿੱਤੀਆਂ ਹਨ ਤੇ ਪਿੱਤੇ ਨੂੰ ਵੀ ਸੀਅ ਦਿੱਤਾ ਹੈ ਤੇ ਅੱਗੇ ਰੱਬ ਦੀ ਮਰਜ਼ੀ। ਯਸ਼ਬ ਨੂੰ ਆਈ.ਸੀ.ਯੂ. ਵਿੱਚ ਲਿਆਂਦਾ ਗਿਆ ਤੇ ਅਠਾਰ੍ਹਾਂ ਦਿਨ ਤਕ ਰੱਖਿਆ ਗਿਆ। ਡਾ. ਆਰ.ਜੇ. ਸਿੰਘ ਆਪ ਉਸਦੀ ਡਰੈਸਿੰਗ ਕਰਦੇ ਸਨ ਤੇ ਕਿਸੇ ਵੀ ਜੂਨੀਅਰ ਡਾਕਟਰ ਨੂੰ ਪੱਟੀ ਕਰਨ ਦੀ ਇਜਾਜ਼ਤ ਨਹੀਂ ਸੀ। ਡਾ. ਆਰ.ਜੇ. ਸਿੰਘ ਦਿਨ ਵਿੱਚ ਚਾਰ-ਪੰਜ ਵਾਰੀ ਆ ਕੇ ਯਸ਼ਬ ਨੂੰ ਦੇਖਦੇ, ਜਿਹੜਾ ਬੇਹੋਸ਼ ਪਿਆ ਸੀ। ਯਸ਼ਬ ਦੇ ਸ਼ਰੀਰ ਨੂੰ ਦੋ-ਤਿੰਨ ਕਿਸਮ ਦੇ ਡ੍ਰਿਪ ਲੱਗੇ ਹੋਏ ਸਨ ਤੇ ਉਸਨੂੰ ਸਿਰਫ ਗਲੂਕੋਜ਼ 'ਤੇ ਰੱਖਿਆ ਗਿਆ ਸੀ। ਤੀਜੇ ਦਿਨ ਜਦ ਯਸ਼ਬ ਨੂੰ ਹੋਸ਼ ਆਈ ਤਾਂ ਉਹ ਮਾਸੂਮ ਬੱਚਾ ਦਰਦ ਨਾਲ ਕੁਰਲਾਉਣ ਲੱਗਾ। ਡਾ. ਆਰ.ਜੇ. ਸਿੰਘ ਨੂੰ ਬੁਲਾਇਆ ਗਿਆ ਤੇ ਉਸਨੇ ਕੋਈ ਇੰਜੈਕਸ਼ਨ ਲਗਾਇਆ, ਜਿਸ ਨਾਲ ਯਸ਼ਬ ਸੌਂ ਗਿਆ। ਡਰੈਸਿੰਗ ਰੋਜ਼ ਕੀਤੀ ਜਾਂਦੀ ਤੇ ਇਹ ਸਿਲਸਿਲਾ ਅਠਾਰ੍ਹਾਂ ਦਿਨ ਤਕ ਜਾਰੀ ਰਿਹਾ। ਉਧਰ ਜੰਮੂ ਵਿੱਚ ਜ਼ਾਕਿਰ ਦੀ ਸਪੁੱਤਰੀ ਜ਼ਾਰਾ ਫਿਰਦੋਸ

ਜਿਹੜੀ ਉਸ ਵੇਲੇ ਛੇਵੀਂ ਜਮਾਤ ਵਿੱਚ ਪੜ੍ਹਦੀ ਸੀ ਨੇ ਆਪਣੇ ਸਕੂਲ ਦੇ ਬੱਚਿਆਂ ਨੂੰ ਯਸ਼ਬ ਦੀ ਜ਼ਿੰਦਗੀ ਲਈ ਦੁਆ ਕਰਨ ਦੀ ਬੇਨਤੀ ਕੀਤੀ। ਸਕੂਲ ਪ੍ਰੇਅਰ ਵਿੱਚ ਯਸ਼ਬ ਲਈ ਦੁਆ ਮੰਗੀ ਗਈ। ਮੁਹੱਲੇ ਦੀਆਂ ਮਸੀਤਾਂ ਵਿੱਚ ਦੁਆ ਕਰਵਾਈ ਗਈ। ਯਸ਼ਬ ਦੇ ਨਾਂ ਦਾ ਸਦਕਾ ਦਿੱਤਾ ਗਿਆ। ਦਰਗਾਹਾਂ 'ਤੇ ਦੇਗਾਂ ਚੜ੍ਹਾਈਆਂ ਗਈਆਂ। ਨਜ਼ਰ ਨਿਆਜ਼ ਕੀਤੀ ਗਈ, ਪਰ ਯਸਬ ਦੀ ਹਾਲਤ ਵਿੱਚ ਕੋਈ ਖ਼ਾਸ ਸੁਧਾਰ ਨਹੀਂ ਸੀ ਹੋ ਰਿਹਾ। ਹਰ ਦੂਜੇ-ਤੀਜੇ ਦਿਨ ਯਸ਼ਬ ਦਾ ਐਕਸ-ਰੇ ਤੇ ਅਲਟਰਾ-ਸਾਊਂਡ ਕਰਵਾਇਆ ਜਾਂਦਾ। ਅਠਾਰ੍ਹਵੇਂ ਦਿਨ ਯਸ਼ਬ ਨੂੰ ਮੁੜ ਅਪਰੇਸ਼ਨ ਥਿਏਟਰ ਲਿਜਾਇਆ ਗਿਆ, ਜਿਥੇ ਡਾ. ਆਰ.ਜੇ. ਸਿੰਘ ਨੇ ਉਸਦੇ ਪੇਟ ਨੂੰ ਟਾਂਕਿਆਂ ਨਾਲ ਸੀਅ ਦਿੱਤਾ, ਜਿਹੜਾ ਉਸ ਦਿਨ ਤਕ ਡਾ. ਸਿੰਘ ਨੇ ਖੁੱਲ੍ਹਾ ਰੱਖਿਆ ਸੀ ਤਾਂ ਜੋ ਉਹ ਇਹ ਤਸੱਲੀ ਕਰ ਸਕੇ ਕਿ ਫੂਡ ਪਾਈਪ ਤੇ ਦੋ ਅੰਤੜੀਆਂ ਪਹਿਲਾਂ ਵਾਂਗ ਕੰਮ ਕਰ ਰਹੀਆਂ ਹਨ ਜਾਂ ਨਹੀਂ ਅਤੇ ਸਪਲੀਨ (ਪਿੱਤਾ) ਵੀ ਠੀਕ ਹੋ ਚੁੱਕਿਆ ਹੈ ਜਾਂ ਨਹੀਂ। ਪੇਟ ਸੀਣ ਦਾ ਮਤਲਬ ਇਹ ਸੀ ਕਿ ਡਾ. ਆਰ.ਜੇ. ਸਿੰਘ, ਯਸ਼ਬ ਦੀ ਸਥਿਤੀ ਤੋਂ ਸੰਤੁਸ਼ਟ ਹੈ। ਉਸਨੇ ਯਸ਼ਬ ਨੂੰ ਰੋਟੀ ਦੇਣ ਤੇ ਦੁੱਧ ਪਿਲਾਉਣ ਲਈ ਕਿਹਾ। ਉਸਦਾ ਸ਼ਰੀਰ ਜਿਹੜਾ ਸੁਈਆਂ ਲਾ-ਲਾ ਕੇ ਜ਼ਖ਼ਮੀ ਹੋ ਚੁੱਕਿਆ ਸੀ, ਡਾ. ਨੇ ਉਸ 'ਚੋਂ ਡ੍ਰਿਪ ਕੱਢਣ ਲਈ ਨਰਸ ਨੂੰ ਕਿਹਾ। ਦੋ-ਚਾਰ ਦਿਨਾਂ ਵਿੱਚ ਹੀ ਬੱਚਾ ਮਾੜਾ-ਮਾੜਾ ਹਿੱਲ ਜੁੱਲ ਕਰਨ ਲੱਗਾ। ਉਹ ਥੋੜੀ-ਥੋੜੀ ਖੁਰਾਕ ਖਾਣ ਲੱਗਾ। ਅਠਾਈਵੇਂ ਦਿਨ ਉਸਨੂੰ ਆਈ.ਸੀ.ਯੂ. ਤੋਂ ਸ਼ਿਫਟ ਕਰਕੇ ਹਸਪਤਾਲ ਦੇ ਇੱਕ ਕਮਰੇ ਵਿੱਚ ਰੱਖਿਆ ਗਿਆ, ਜਿਥੇ ਡਾ. ਸਵੇਰੇ ਸ਼ਾਮ ਉਸਨੂੰ ਵੇਖਣ ਆਉਂਦਾ। ਹੁਣ ਉਸਦੇ ਜੂਨੀਅਰ ਡਾਕਟਰ ਯਸ਼ਬ ਦੀ ਡਰੈਸਿੰਗ ਕਰਦੇ। ਲੀਵਰ 'ਚੋਂ ਬਾਇਲ (ਗੰਦਾ ਪਾਣੀ) ਨਿਕਲਣ ਲਈ ਯਸ਼ਬ ਨੂੰ ਪਲਾਸਟਿਕ ਦੀ ਥੈਲੀ ਲਾ ਦਿੱਤੀ ਗਈ ਸੀ। ਉਹ ਹੌਲੀ-ਹੌਲੀ ਪਹਿਲੇ ਵਾਂਗ ਰੋਟੀ ਖਾਣ ਲੱਗਾ ਤੇ ਉਸਦੀ ਸਿਹਤ ਸੁਧਰਨ ਲੱਗੀ। ਦੇਸ਼ ਦੇ ਕਈ ਡਾਕਟਰ ਵੱਖ-ਵੱਖ ਪ੍ਰਦੇਸਾਂ ਤੋਂ ਉਸਨੂੰ ਵੇਖਣ ਆਉਂਦੇ। ਡਾ. ਆਰ.ਜੇ. ਸਿੰਘ ਨੇ ਯਸ਼ਬ ਦੇ ਅਪਰੇਸ਼ਨ ਦੀ ਵੀਡਿਓ ਬਣਾਈ ਸੀ, ਜਿਹੜੀ ਆਉਣ ਵਾਲੇ ਡਾਕਟਰਾਂ ਨੂੰ ਦੱਸੀ ਜਾਂਦੀ ਸੀ ਅਤੇ ਵਿਦਿਆਰਥੀਆਂ ਨੂੰ ਉਸ ਵੀਡਿਓ ਰਾਹੀਂ ਬੱਚੇ ਦੇ ਐਕਸੀਡੈਂਟ ਤੇ ਉਸ ਨਾਲ ਹੋਏ ਨੁਕਸਾਨ ਤੇ ਉਸਨੂੰ ਠੀਕ ਕਰਨ ਬਾਰੇ ਸਮਝਾਇਆ ਜਾਂਦਾ। ਇੱਕ ਦਿਨ ਡਾ. ਆਰ.ਜੇ. ਸਿੰਘ ਕਮਰੇ ਵਿੱਚ ਆਇਆ ਤੇ ਕਹਿਣ ਲੱਗਾ ਕਿ ਯਸ਼ਬ ਹੁਣ ਖ਼ਤਰੇ ਤੋਂ ਬਾਹਰ ਹੈ ਅਤੇ ਤੁਸੀਂ ਇਹਨੂੰ ਘਰ ਲੈ ਜਾ ਸਕਦੇ ਹੋ, ਪਰ ਮਹੀਨੇ ਵਿੱਚ ਦੋ ਵਾਰੀ ਚੈਕਿੰਗ ਵਾਸਤੇ ਲੁਧਿਆਣੇ, ਡੀ.ਐਮ.ਸੀ. ਵਿੱਚ ਲਿਆਉਣਾ ਪਵੇਗਾ। ਜੰਮੂ ਵਿੱਚ ਵੀ ਇਸਨੂੰ ਅਜਿਹੇ ਕਮਰੇ ਵਿੱਚ ਰੱਖਿਆ ਜਾਵੇ ਜਿਥੇ ਇਨਫੈਕਸ਼ਨ ਦਾ ਕੋਈ ਖ਼ਤਰਾ ਨਾ ਹੋਵੇ। ਬਿਸਤਰੇ ਦੀ ਚਾਦਰ, ਕਮਰੇ ਦੇ ਪਰਦੇ ਤੇ ਫਰਸ਼ ਡੀਟੋਲ ਨਾਲ ਧੋਤੇ ਜਾਣ ਤੇ ਜਿਹੜਾ ਵੀ ਯਸ਼ਬ ਕੋਲ ਆਵੇ

ਉਸਦਾ ਮੂੰਹ ਪੱਟੀ ਨਾਲ ਢੱਕਿਆ ਹੋਵੇ। ਜੰਮੂ ਵਿੱਚ ਖ਼ਾਲਿਦ ਸਾਹਿਬ ਨੇ ਯਸ਼ਬ ਨੂੰ ਆਪਣੀ ਵੱਡੀ ਸਪੁੱਤਰੀ ਡਾ. ਸਿੰਮੀ ਦੇ ਘਰ ਰੱਖਿਆ ਤਾਂ ਜੋ ਬੱਚੇ ਨੂੰ ਘਰ ਵਿੱਚ ਆਵਾਜਾਈ ਕਾਰਨ ਇਨਫੈਕਸ਼ਨ ਦੇ ਖ਼ਤਰੇ ਤੋਂ ਬਚਾਇਆ ਜਾ ਸਕੇ। ਦੋ ਮਹੀਨੇ ਤਕ ਚਾਰ ਵਾਰੀ ਯਸ਼ਬ ਨੂੰ ਡੀ.ਐਮੱ.ਸੀ. ਲਿਜਾਇਆ ਗਿਆ। ਡਾ. ਆਰ.ਜੇ. ਸਿੰਘ ਬੱਚੇ ਦਾ ਮੁਆਇਨਾ ਕਰਦਾ। ਕਦੇ-ਕਦੇ ਦਵਾਈ ਤਬਦੀਲ ਕਰ ਦਿੰਦਾ। ਫਿਰ ਮਹੀਨੇ ਵਿੱਚ ਇੱਕ ਵਾਰੀ, ਫਿਰ ਛੇ ਮਹੀਨਿਆਂ ਮਗਰੋਂ ਦੋ ਮਹੀਨਿਆਂ ਵਿੱਚ ਇੱਕ ਵਾਰੀ ਚੈਕ-ਅਪ ਲਈ ਯਸ਼ਬ ਨੂੰ ਡੀ.ਐਮੱ.ਸੀ. ਖੜਿਆ ਗਿਆ। ਇੰਝ ਰੱਬ ਦਾ ਸ਼ੁਕਰ ਹੋਇਆ ਕਿ ਯਸ਼ਬ ਨੂੰ ਨਵੀਂ ਜ਼ਿੰਦਗੀ ਮਿਲੀ। ਖ਼ਾਲਿਦ ਸਾਹਿਬ ਨੇ ਆਪਣੇ ਪੋਤਰੇ ਨੂੰ ਬਚਾਉਣ ਲਈ ਕੋਈ ਕਸਰ ਨਹੀਂ ਸੀ ਛੱਡੀ। ਉਹ ਡਾ. ਆਰ.ਜੇ. ਸਿੰਘ ਦੇ ਅਤਿ ਧੰਨਵਾਦੀ ਸਨ ਤੇ ਉਸਨੂੰ ਰੱਬ ਦਾ ਭੇਜਿਆ ਹੋਇਆ ਇੱਕ ਫਰਿਸ਼ਤਾ ਸਮਝਦੇ ਸਨ, ਜਿਸਨੇ ਯਸ਼ਬ ਦੇ ਸ਼ਰੀਰ ਵਿੱਚ ਨਵੀਂ ਰੂਹ ਪਾਈ। ਅੱਜ ਯਸ਼ਬ ਪੂਰੇ ਘਰ ਵਿੱਚ ਨੱਚਦਾ, ਖੇਡਦਾ, ਸ਼ੋਰ ਮਚਾਂਦਾ ਤੇ ਸ਼ਰਾਰਤਾਂ ਕਰਦਾ ਸਭ ਦੀਆਂ ਅੱਖਾਂ ਦਾ ਨੂਰ ਹੈ। ਯਸ਼ਬ ਦੇ ਨਾਨਾ ਫਾਰੂਕ ਬੇਗ ਤੇ ਨਾਨੀ ਫਰਹਤ ਉਸਨੂੰ ਵੇਖ ਕੇ ਖੁਸ਼ ਹੁੰਦੇ ਹਨ। ਤਾਇਆ ਅੱਬੂ ਜ਼ਾਕਿਰ ਤੇ ਤਾਈ ਫਰਹਤ ਬਾਨੋ ਅਤੇ ਭੈਣ ਜ਼ਾਰਾ ਤੇ ਰਮਸ਼ਾ ਦੀ ਵੀ ਉਹ ਜਿੰਦ ਜਾਨ ਹੈ ਤੇ ਆਪਣੀਆਂ ਫੁਫੀਆਂ ਡਾ. ਸਿੰਮੀ ਤੇ ਡਾ. ਹੁਮਾ ਦੇ ਦਿਲ ਦਾ ਟੁਕੜਾ। ਦਾਦੀ ਨਸੀਮ ਫਿਰਦੋਸ ਉਸਨੂੰ ਵੇਖ-ਵੇਖ ਕੇ ਜਿਊਂਦੀ ਹੈ। ਰੱਬ ਖ਼ਾਲਿਦ ਸਾਹਿਬ ਨੂੰ ਸਵਰਗਾਂ ਵਿੱਚ ਆਨੰਦ ਬਖਸ਼ੇ ਤੇ ਉਨ੍ਹਾਂ ਦੇ ਪਰਿਵਾਰ ਨੂੰ ਯਸ਼ਬ ਦੀਆਂ ਖੁਸ਼ੀਆਂ।

***

# ਔਗਣਹਾਰਾ

14 ਨਵੰਬਰ 2005 ਨੂੰ ਖ਼ਾਲਿਦ ਹੁਸੈਨ ਦੇ ਨਿੱਕੇ ਪੁੱਤਰ ਯਾਸਿਰ ਇਮਰਾਨ ਦਾ ਵਿਆਹ ਸੰਨਾ ਫਾਰੂਕ ਨਾਲ ਹੋਇਆ ਤੇ 6 ਦਸੰਬਰ 2005 ਨੂੰ ਖ਼ਾਲਿਦ ਹੁਸੈਨ, ਆਪਣੀ ਪਤਨੀ ਨਸੀਮ ਫਿਰਦੋਸ ਨਾਲ ਹੱਜ ਕਰਨ ਲਈ ਸਾਊਦੀ ਅਰਬ ਗਿਆ। ਉਸਦੇ ਨਾਲ ਉਹਦੇ ਨਿੱਘੇ ਮਿੱਤਰ ਸ਼੍ਰੀ ਤਾਜ ਮਹੀ-ਉ-ਦੀਨ, ਮੰਤਰੀ ਜੰਮੂ-ਕਸ਼ਮੀਰ ਸਰਕਾਰ ਤੇ ਉਨ੍ਹਾਂ ਦੀ ਪਤਨੀ ਵੀ ਸੀ। ਹਾਜੀਆਂ ਨੂੰ ਸ਼੍ਰੀਨਗਰ ਤੋਂ ਸਿੱਧੀ ਫਲਾਈਟ ਵਿੱਚ ਜੱਦਾਹ ਏਅਰ ਪੋਰਟ 'ਤੇ ਉਤਾਰਿਆ ਜਾਂਦਾ ਸੀ, ਜਿਥੋਂ ਦੀ ਹਾਜੀਆਂ ਨੂੰ ਬੱਸਾਂ ਵਿੱਚ ਮੱਕਾ ਸ਼ਰੀਫ਼ ਲੈ ਜਾਇਆ ਜਾਂਦਾ ਸੀ। ਰਸਤੇ ਵਿੱਚ ਜਗ੍ਹਾ-ਜਗ੍ਹਾ ਉਨ੍ਹਾਂ ਲਈ ਪਾਣੀ, ਖਜੂਰਾਂ, ਜੂਸ ਦਾ ਬੰਦੋਬਸਤ ਹੁੰਦਾ ਸੀ। ਖ਼ਾਲਿਦ ਹੁਸੈਨ ਤੇ ਉਨ੍ਹਾਂ ਦੀ ਬੀਵੀ ਵੀ ਇੰਡੀਅਨ ਏਅਰ ਲਾਈਨਜ਼ ਦੇ ਜਹਾਜ਼ ਵਿੱਚ ਸ਼੍ਰੀਨਗਰ ਤੋਂ ਜੱਦਾਹ ਲਈ ਰਵਾਨਾ ਹੋਏ ਸਨ। ਰਵਾਨਗੀ ਤੋਂ ਪਹਿਲਾਂ ਖ਼ਾਲਿਦ ਹੁਸੈਨ ਤੇ ਤਾਜ ਮਹੀ-ਉ-ਦੀਨ ਨੇ ਏਅਰ ਪੋਰਟ 'ਤੇ ਹੀ ਏਹਰਾਮ ਬੰਨ੍ਹਿਆ (ਹੱਜ 'ਤੇ ਜਾਣ ਜਾਂ ਮੱਕਾ ਪਹੁੰਚਣ ਤੋਂ ਪਹਿਲਾਂ ਹਰ ਇੱਕ ਮਰਦ ਹਾਜੀ ਨੂੰ ਆਪਣੇ ਕੱਪੜੇ ਖੋਲ੍ਹ ਕੇ ਬਗੈਰ ਸੀਤੀਆਂ ਹੋਈਆਂ ਦੋ ਚਿੱਟੀਆਂ ਚਾਦਰਾਂ ਆਪਣੇ ਸਰੀਰ 'ਤੇ ਵਲੇਟਣੀਆਂ ਪੈਂਦੀਆਂ ਹਨ। ਇੱਕ ਚਾਦਰ ਲੱਤਾਂ ਤੇ ਪੇਟ ਦੇ ਹੇਠਲੇ ਹਿੱਸੇ ਯਾਨੀ ਕਮਰ ਉਤੇ ਬੰਨਣੀ ਪੈਂਦੀ ਹੈ ਅਤੇ ਦੂਜੀ ਖੇਸੀ ਵਾਂਗ ਉਪਰਲੇ ਧੜ 'ਤੇ ਵਲੇਟਣੀ ਪੈਂਦੀ ਹੈ। ਇਨ੍ਹਾਂ ਚਾਦਰਾਂ ਨੂੰ ਵਲੇਟਨ ਜਾਂ ਬੰਨ੍ਹਣ ਨੂੰ ਏਹਰਾਮ ਕਹਿੰਦੇ ਹਨ।) ਕਿਉਂਕਿ ਜਹਾਜ਼ ਵਿੱਚ ਏਹਰਾਮ ਬੰਨ੍ਹਣਾ ਮੁਸ਼ਕਿਲ ਹੋ ਜਾਂਦਾ ਹੈ ਤੇ ਜਹਾਜ਼ ਸਿੱਧਾ ਜੱਦਾਹ 'ਤੇ ਹੀ ਜਾ ਕੇ ਉਤਰਦਾ ਹੈ, ਇਸ ਲਈ ਸਾਰੇ ਮਰਦ ਹਾਜੀ ਜਾਂ ਤਾਂ ਘਰੋਂ ਏਹਰਾਮ ਬੰਨ੍ਹ ਕੇ ਆਉਂਦੇ ਹਨ ਜਾਂ ਫਿਰ ਹਵਾਈ ਅੱਡੇ 'ਤੇ ਹੀ ਬੰਨ੍ਹਦੇ ਹਨ। ਜ਼ੁਵਾਣੀਆਂ ਨੂੰ ਏਹਰਾਮ ਬੰਨ੍ਹਣ ਦਾ ਕੋਈ ਹੁਕਮ ਨਹੀਂ, ਉਹ ਆਪਣੇ ਪਾਉਣ ਵਾਲੇ ਕੱਪੜਿਆਂ ਵਿੱਚ ਹੀ ਹੱਜ 'ਤੇ ਜਾ ਸਕਦੀਆਂ ਹਨ। ਉਨ੍ਹਾਂ ਦਿਨਾਂ ਵਿੱਚ ਹਾਜੀਆਂ ਨੂੰ ਸਰਕਾਰੀ ਸਬਸਿਡੀ ਦਿੱਤੀ ਜਾਂਦੀ ਸੀ ਅਤੇ ਵੱਖ-ਵੱਖ ਪ੍ਰਦੇਸਾਂ ਤੋਂ ਗਏ ਹਾਜੀਆਂ ਨੂੰ ਖ਼ੁੱਦਾਮਾਂ (ਹੱਜ ਦੀਆਂ ਰਸਮਾਂ ਅਦਾ ਕਰਵਾਉਣ ਵਾਲੇ ਅਤੇ ਮੱਕਾ ਤੇ ਮਦੀਨਾ ਵਿੱਚ ਉਨ੍ਹਾਂ ਦੀ ਰਿਹਾਇਸ਼ ਦਾ ਇੰਤਜ਼ਾਮ ਕਰਨ ਵਾਲੇ) ਦੇ ਹਵਾਲੇ ਕੀਤਾ ਜਾਂਦਾ ਸੀ, ਜੋ ਉਨ੍ਹਾਂ ਦੀ ਸੁਰੱਖਿਆ ਤੇ ਬਾਕੀ ਦੇ ਬੰਦੋਬਸਤ ਦੇ ਜ਼ਿੰਮੇਦਾਰ ਹੁੰਦੇ ਹਨ। ਖ਼ਾਲਿਦ ਹੁਸੈਨ

ਰਾਤ ਦੇ ਤਿੰਨ ਵਜੇ (ਸਾਊਦੀ ਟਾਈਮ ਅਨੁਸਾਰ) ਮੱਕੇ ਪਹੁੰਚੇ। ਜਿਸ ਬੱਸ ਵਿੱਚ ਉਹ ਬੈਠੇ ਸਨ, ਉਸਦੇ ਸਾਰੇ ਹਾਜੀਆਂ ਨੂੰ ਖ਼ੁੱਦਾਮ ਦੇ ਦਫਤਰ ਲੈ ਜਾਇਆ ਗਿਆ। ਖ਼ੁੱਦਾਮ ਨੇ ਅਰਬੀ ਵਿੱਚ ਤਕਰੀਰ ਕੀਤੀ, ਜਿਸਦਾ ਅਨੁਵਾਦ ਭਾਰਤੀ ਮੁਲਾਜ਼ਮ ਨੇ ਕੀਤਾ, ਫਿਰ ਉਹ ਮੁਲਾਜ਼ਮ ਇਸ ਜਥੇ ਨੂੰ ਲੈ ਕੇ ਖਾਨਾ ਕਾਅਬਾ, ਉਮਰਾ ਕਰਵਾਉਣ ਲਈ ਲੈ ਗਿਆ। ਜਿਹੜਾ ਵੀ ਮੁਸਲਮਾਨ ਮੱਕੇ ਵਿੱਚ ਦਾਖ਼ਿਲ ਹੁੰਦਾ ਹੈ, ਉਸਨੂੰ ਸਭ ਤੋਂ ਪਹਿਲਾਂ ਉਮਰਾ ਕਰਨਾ ਪੈਂਦਾ ਹੈ। ਉਮਰਾ ਕਰਨ ਲਈ ਖਾਨਾ ਕਾਅਬਾ ਦੇ ਚੌਗਿਰਦੇ ਸੱਤ ਚੱਕਰ ਲਾਉਣੇ ਪੈਂਦੇ ਹਨ ਤੇ ਹਰ ਚੱਕਰ ਮਗਰੋਂ ਖਾਨਾ ਕਾਅਬਾ ਦੀ ਦੀਵਾਰ ਵਿੱਚ ਲੱਗੇ ਸੰਗ-ਏ-ਅਸਵਦ (ਕਾਲਾ ਪੱਥਰ) ਨੂੰ ਚੁੰਮਣਾ ਪੈਂਦਾ ਹੈ। ਜੇ ਭੀੜ ਜ਼ਿਆਦਾ ਹੋਵੇ ਤਾਂ ਦੂਰੋਂ ਇਸ਼ਾਰੇ ਨਾਲ ਉਸ ਪੱਥਰ ਨੂੰ ਹਾਜੀ ਚੁੰਮਦੇ ਹਨ। ਸੱਤ ਚੱਕਰ ਪੂਰੇ ਕਰਨ ਮਗਰੋਂ ਮੁਕਾਮ-ਏ-ਇਬਰਾਹੀਮ ਦੇ ਲਾਗੇ ਦੋ ਰਿਕਾਤ ਨਮਾਜ਼ ਪੜ੍ਹ ਕੇ ਖਾਨਾ ਕਾਅਬਾ ਤੋਂ ਬਾਹਰ ਨਿਕਲਣਾ ਹੁੰਦਾ ਹੈ। (ਰਿਕਾਤ ਦਾ ਮਤਲਬ ਹੈ ਨਮਾਜ਼ ਲਈ ਇੱਕ ਵਾਰੀ ਜ਼ਮੀਨ 'ਤੇ ਸੀਸ ਨਿਵਾਉਣਾ।) ਫਿਰ ਸੱਤ ਵਾਰੀ 'ਸਈ' ਕਰਨੀ ਪੈਂਦੀ ਹੈ। (ਖਾਨਾ ਕਾਅਬਾ ਦੇ ਨਾਲ ਹੀ ਸਫ਼ਾ ਤੇ ਮਰਵਾਹ ਪਹਾੜੀ ਵਿਚਕਾਰ ਰਸਤੇ ਉਤੇ ਸੱਤ ਚੱਕਰ ਲਗਾਉਣ ਨੂੰ 'ਸਈ' ਕਹਿੰਦੇ ਹਨ, ਮਗਰੋਂ ਸਿਰ ਮੁੰਨਵਾਉਣਾ ਜਾਂ ਸ਼ਰਤ ਲਈ ਮਾੜੇ ਜਿਹੇ ਵਾਲ ਕਟਵਾਨਾ।) ਇੰਝ ਉਮਰਾ ਕਰਨ ਦੀ ਰਸਮ ਪੂਰੀ ਹੁੰਦੀ ਹੈ ਤੇ ਹਾਜੀਆਂ ਨੂੰ ਆਪਣੇ-ਆਪਣੇ ਹੋਟਲ਼ਾਂ ਵਿੱਚ ਭੇਜ ਦਿੱਤਾ ਜਾਂਦਾ ਹੈ। ਇਹ ਬੜਾ ਥਕਾ ਦੇਣ ਵਾਲਾ ਕੰਮ ਹੁੰਦਾ ਹੈ। ਹਾਜੀ ਫੱਜਰ (ਸਵੇਰ) ਦੀ ਨਮਾਜ਼ ਪੜ੍ਹ ਕੇ ਅਤੇ ਨਾਸ਼ਤਾ ਕਰਕੇ ਸੌਂ ਜਾਂਦੇ ਹਨ। ਏਹਰਾਮ ਉਤਾਰ ਦਿੱਤਾ ਜਾਂਦਾ ਹੈ ਤੇ ਆਪਣੇ ਅਸਲੀ ਕੱਪੜੇ ਪਾ ਲਏ ਜਾਂਦੇ ਹਨ। ਮੇਰਾ ਨਾਂ ਪਰਵੇਜ਼ ਖਤੀਬ ਹੈ। ਮੈਂ ਵੀ ਆਪਣੀ ਪਤਨੀ ਨਾਲ ਹੱਜ ਲਈ ਮੱਕਾ ਗਿਆ ਸਾਂ ਤੇ ਖ਼ਾਲਿਦ ਸਾਹਿਬ ਤੇ ਸਾਨੂੰ ਖ਼ੁੱਦਾਮ ਨੇ ਇੱਕੋ ਕਮਰੇ ਵਿੱਚ ਰੱਖਿਆ ਸੀ। ਅਸੀਂ ਰੋਜ਼ ਪੰਜ ਨਮਾਜ਼ਾਂ ਪੜ੍ਹਣ, ਹਰਮ ਸ਼ਰੀਫ (ਖਾਨਾ ਕਾਅਬਾ ਦਾ ਅਹਾਤਾ ਜਾਂ ਬਾਹਰਲੀ ਪਰਕਰਮਾ) ਜਾਂਦੇ ਸਾਂ ਤੇ ਰੋਜ਼ ਦੋ-ਤਿੰਨ ਵਾਰੀ ਖਾਨਾ ਕਾਅਬਾ ਦਾ ਤੁਆਫ ਵੀ ਕਰਦੇ ਸਾਂ। ਉਥੋਂ ਅਸੀਂ ਇੱਕ ਦਿਨ ਗਾਰ-ਏ-ਹਿੱਰਾ (ਉਹ ਗਾਰ ਜਿਥੇ ਹਜ਼ਰਤ ਮੁਹੰਮਦ ਨੇ ਇਬਾਦਤ ਕੀਤੀ ਤੇ ਜਿਥੇ ਉਨ੍ਹਾਂ ਨੂੰ ਵੱਹੀ (ਗ਼ੈਬੀ ਆਵਾਜ਼) ਉਤਰੀ ਤੇ ਨਬੂਵਤ ਦੀ ਬਸ਼ਾਰਤ ਹੋਈ।) ਦੀ ਜ਼ਿਆਰਤ ਲਈ ਗਏ। ਦੂਜੇ ਦਿਨ ਖਨਦਕ ਦਾ ਮੈਦਾਨ ਵੇਖਿਆ, ਜਿਥੇ ਹਜ਼ਰਤ ਮੁਹੰਮਦ ਨੇ ਜੰਗ ਲੜੀ ਸੀ। ਕੁੱਝ ਦਿਨਾਂ ਵਿੱਚ ਹੀ ਖ਼ਾਲਿਦ ਹੁਸੈਨ ਅਤੇ ਅਸਾਂ ਸਾਰਿਆਂ ਮੱਕੇ ਦੇ ਸਾਰੇ ਇਤਿਹਾਸਿਕ ਥਾਂ ਵੇਖੇ। ਫਿਰ ਸਾਨੂੰ ਖ਼ੁੱਦਾਮ ਮਦੀਨਾ ਲੈ ਗਏ। ਉਥੇ ਵੀ ਸਾਡੇ ਰਹਿਣ ਦਾ ਇੰਤਜ਼ਾਮ ਖ਼ਾਲਿਦ ਹੁਸੈਨ ਤੇ ਉਨ੍ਹਾਂ ਦੀ ਪਤਨੀ ਨਾਲ ਹੀ ਸੀ। ਮਦੀਨਾ ਵਿੱਚ ਮਸਜਿਦ ਨਬਵੀ ਵਿਖੇ ਚਾਲੀ ਨਮਾਜ਼ਾਂ ਪੜ੍ਹਣੀਆਂ ਪੈਂਦੀਆਂ ਹਨ, ਜਿਸ ਲਈ ਅੱਠ ਦਿਨਾਂ ਤਕ ਮਦੀਨੇ

ਵਿੱਚ ਰਹਿਣਾ ਲਾਜ਼ਮੀ ਹੈ, ਤੇ ਇਹ ਨਮਾਜ਼ਾਂ ਮਸਜਿਦ ਨਬਵੀ ਵਿੱਚ ਹੀ ਪੜ੍ਹਣੀਆਂ ਪੈਂਦੀਆਂ ਹਨ, ਜਿਥੇ ਹਜ਼ਰਤ ਮੁਹੰਮਦ ਦਫਨ ਹਨ। ਨੌਵੇਂ ਦਿਨ ਹਾਜੀ ਮੁੜ ਮੱਕੇ ਵਾਪਸ ਆਉਂਦੇ ਹਨ ਤੇ ਹੋਟਲ ਵਿੱਚ ਪਹੁੰਚਣ ਤੋਂ ਪਹਿਲਾਂ ਮੁੜ ਉਮਰਾ ਕਰਨਾ ਪੈਂਦਾ ਹੈ। ਸਫੇਦ ਲਾਚਾ ਤੇ ਸਫੇਦ ਉਪੱਰ ਵਲੇਟਨ ਵਾਲੇ ਕੱਪੜੇ ਵਿੱਚ ਸੱਤ ਵਾਰੀ ਖਾਨਾ ਕਾਅਬਾ ਦਾ ਤੁਆਫ ਕਰਕੇ ਅਤੇ ਸਈ ਕਰਨ ਮਗਰੋਂ ਮੁੜ ਸਿਰ ਦੀ ਟਿੰਡ ਕਰਵਾਉਣੀ ਪੈਂਦੀ ਹੈ। ਪੰਜ ਵੇਲੇ ਦੀਆਂ ਨਮਾਜ਼ਾਂ ਰੋਜ਼ ਹਰਮ ਵਿੱਚ ਜਾ ਕੇ ਹਾਜੀ ਪੜ੍ਹਦੇ ਹਨ ਤੇ ਖਾਨਾ ਕਾਅਬਾ ਦੀ ਪਰਿਕਰਮਾ ਵੀ ਕਰਦੇ ਹਨ। ਖ਼ਾਲਿਦ ਸਾਹਿਬ ਦੇ ਬੇਲੀ ਤਾਜ ਮਹੀ-ਉ-ਦੀਨ ਤੇ ਉਨ੍ਹਾਂ ਦੀ ਪਤਨੀ ਅਤੇ ਧੀ ਡਾ. ਅਰਸ਼ੀ ਤਾਜ ਨੂੰ ਖਾਨਾ ਕਾਅਬਾ ਦੇ ਬਿਲਕੁਲ ਨਾਲ ਜੁੜਦੇ ਹੋਟਲ ਵਿੱਚ ਰੱਖਿਆ ਗਿਆ ਸੀ ਤੇ ਦੋਵੇਂ ਮਿੱਤਰ ਤੇ ਉਨ੍ਹਾਂ ਦੇ ਪਰਿਵਾਰ ਨਾਸ਼ਤੇ ਤੋਂ ਲੈ ਕੇ ਰੋਟੀ ਪਾਣੀ ਹੋਟਲ ਵਿੱਚ ਇਕੱਠੇ ਹੀ ਖਾਂਦੇ। ਜਿਵੇਂ-ਜਿਵੇਂ ਹੱਜ ਦੇ ਦਿਨ ਨੇੜੇ ਆ ਰਹੇ ਸਨ, ਹਾਜੀਆਂ ਦੀ ਭੀੜ ਵਧਦੀ ਜਾ ਰਹੀ ਸੀ। ਮੱਕਾ ਵਿੱਚ ਦੁਕਾਨਦਾਰਾਂ, ਨਾਈਆਂ, ਹੋਟਲਾਂ ਤੇ ਢਾਬਿਆਂ ਵਾਲਿਆਂ ਨੇ ਚੀਜ਼ਾਂ ਦੇ ਮੁੱਲ ਦੁਗਣੇ-ਚੁਗਣੇ ਕਰ ਦਿੱਤੇ ਸਨ। ਫਿਰ ਹੱਜ ਦੀਆਂ ਰਸਮਾਂ ਸ਼ੁਰੂ ਹੋਈਆਂ। ਇਸਲਾਮੀ ਮਹੀਨੇ ਜ਼ਿਲਹਜ ਦੀ 8 ਤਾਰੀਕ ਨੂੰ ਸਾਰੇ ਹਾਜੀ ਮਿੰਨਾ ਜਾਂਦੇ ਹਨ। ਉਥੇ ਹਾਜੀਆਂ ਲਈ ਹਜ਼ਾਰਾਂ ਤੰਬੂ ਲੱਗੇ ਹੁੰਦੇ ਹਨ, ਨਾਉਣ-ਧੋਣ ਤੇ ਖਾਣ-ਪੀਣ ਦਾ ਵਧੀਆ ਬੰਦੋਬਸਤ ਹੁੰਦਾ ਹੈ। ਸਫਾਈ ਦਾ ਇੰਤਜ਼ਾਮ ਸ਼ਲਾਘਾਯੋਗ ਹੁੰਦਾ ਹੈ। ਦੂਜੇ ਦਿਨ 9 ਤਾਰੀਕ ਨੂੰ ਸਾਰਾ ਦਿਨ ਅਰਫਾਤ ਦੇ ਮੈਦਾਨ ਵਿੱਚ ਹਾਜੀ ਰੱਬ ਸੱਚੇ ਦੀ ਇਬਾਦਤ ਵਿੱਚ ਗੁਜ਼ਾਰਦੇ ਹਨ ਤੇ ਸ਼ਾਮ ਨੂੰ ਸੂਰਜ ਢਲਣ ਮਗਰੋਂ ਮਜ਼ਦੁਲਫਾ ਆ ਜਾਂਦੇ ਹਨ ਅਤੇ 10 ਤਾਰੀਕ ਨੂੰ ਸਵੇਰ ਤਕ ਮਜ਼ਦੁਲਫਾ ਵਿੱਚ ਰੱਬ ਦੀ ਵਡਿਆਈ ਦੇ ਗੁਣ ਗਾਉਂਦੇ ਹਨ ਤੇ ਆਪਣੇ ਪਾਪਾਂ ਤੇ ਗੁਨਾਹਾਂ ਦੀ ਮਾਫੀ ਮੰਗਦੀ ਹਨ। ਫਜਰ ਵੇਲੇ ਨਮਾਜ਼ ਪੜ੍ਹਣ ਮਗਰੋਂ ਉਹ ਮੁੜ ਮਿੰਨਾ ਵਿੱਚ ਆਪਣੇ ਆਪਣੇ ਤੰਬੂਆਂ ਵਿੱਚ ਆ ਜਾਂਦੇ ਹਨ। ਚਾਹ-ਪਾਣੀ ਅਤੇ ਨਾਸ਼ਤੇ ਲਈ ਹਰ ਇੱਕ ਦੇਸ਼ ਦੇ ਢਾਬੇ ਹੁੰਦੇ ਹਨ, ਜਿਥੇ ਲੋਕੀ ਨਾਸ਼ਤਾ ਵਗੈਰਾ ਕਰਦੇ ਹਨ। ਭਾਰਤੀ, ਪਾਕਿਸਤਾਨੀ ਅਤੇ ਬੰਗਲਾਦੇਸ਼ੀਆਂ ਦੀਆਂ ਦੁਕਾਨਾਂ 'ਤੇ ਚੋਖੀ ਭੀੜ ਰਹਿੰਦੀ ਹੈ। ਨਾਸ਼ਤਾ ਕਰਨ ਮਗਰੋਂ ਕੁੱਝ ਹਾਜੀ ਆਪਣੇ ਆਪਣੇ ਤੰਬੂਆਂ ਵਿੱਚ ਜਾ ਕੇ ਸੌਂ ਜਾਂਦੇ ਹਨ ਤੇ ਕੁੱਝ ਸ਼ੈਤਾਨਾਂ ਨੂੰ ਪੱਥਰ ਜਾਂ ਗੀਟੀਆਂ ਮਾਰਨ ਲਈ ਮਿੰਨਾ ਤੋਂ ਤੁਰ ਪੈਂਦੇ ਹਨ। ਸ਼ੈਤਾਨਾਂ ਨੂੰ ਪੱਥਰ ਮਾਰਨ ਲਈ ਤਿੰਨ ਦਿਨ ਨਿਯੁਕਤ ਕੀਤੇ ਗਏ ਹੁੰਦੇ ਹਨ, ਯਾਨੀ ਕਿ 10, 11, 12 ਜ਼ਿਲਹਜ। ਸ਼ੈਤਾਨ ਤਿੰਨ ਹਨ ਜਿਨ੍ਹਾਂ ਦੀ ਛਵੀ ਤਿੰਨ ਉਚੀਆਂ ਦੀਵਾਰਾਂ ਦੀ ਸੂਰਤ ਵਿੱਚ ਬਣਾਈ ਗਈ ਹੈ। ਸਭ ਤੋਂ ਪਹਿਲੀ ਦੀਵਾਰ ਵੱਡੇ ਸ਼ੈਤਾਨ ਦੀ ਛਵੀ ਹੈ, ਦੂਜੀ ਦੀਵਾਰ ਦੂਜੇ ਸ਼ੈਤਾਨ ਦੀ ਅਤੇ ਤੀਜੀ, ਤੀਜੇ ਸ਼ੈਤਾਨ ਦਾ ਚਿੰਨ੍ਹ ਹੈ। ਹਾਜੀ ਨਿੱਕੀਆਂ ਨਿੱਕੀਆਂ ਗੀਟੀਆਂ ਵਾਰੀ-ਵਾਰੀ ਸ਼ੈਤਾਨਾਂ ਨੂੰ ਮਾਰਦੇ

ਹਨ। ਇਸ ਅਮਲ ਨੂੰ 'ਰੱਮੀ' ਕਹਿੰਦੇ ਹਨ।

ਖ਼ਾਲਿਦ ਹੁਸੈਨ ਤੇ ਉਨ੍ਹਾਂ ਦੀ ਪਤਨੀ ਨਾਸ਼ਤਾ ਕਰਨ ਮਗਰੋਂ ਸ਼ੈਤਾਨਾਂ ਨੂੰ ਰੱਮੀ ਕਰਨ ਲਈ ਚਲੇ ਗਏ ਤੇ ਅਸੀਂ ਆਰਾਮ ਕਰਨ ਲਈ ਆਪਣੇ ਤੰਬੂ ਵਿੱਚ ਵਾਪਿਸ ਆ ਗਏ। ਉਹ ਰੱਮੀ ਕਰਨ ਮਗਰੋਂ ਪੈਦਲ 'ਮੱਕਾ' ਆਪਣੇ ਹੋਟਲ ਵਿੱਚ ਆ ਕੇ ਸੌਂ ਗਏ, ਪਰ ਅਸੀਂ ਦੁਪਹਿਰ ਵੇਲੇ ਖਾਣਾ ਖਾਣ ਮਗਰੋਂ ਰੱਮੀ ਕਰਨ ਲਈ ਮਿੰਨਾ ਤੋਂ ਚੱਲੇ। ਉਸ ਵੇਲੇ ਲੱਖਾਂ ਹਾਜੀਆਂ ਦੀ ਭੀੜ ਜੂੰ ਦੀ ਰਫਤਾਰ ਨਾਲ ਚੱਲ ਰਹੀ ਸੀ। ਧੱਕੇ ਲੱਗਣ ਨਾਲ ਹਾਜੀ ਇੱਕ ਦੂਜੇ 'ਤੇ ਡਿੱਗ ਰਹੇ ਸਨ। ਅਜਿਹੀ ਹਾਲਤ ਵਿੱਚ ਭੀੜ ਦਾ ਇੱਕ ਵੱਡਾ ਰੇਲਾ ਆਇਆ, ਜਿਸ ਕਾਰਨ ਸੈਂਕੜੇ ਹਾਜੀ ਡਿੱਗ ਪਏ ਤੇ ਲੋਕੀ ਉਨ੍ਹਾਂ ਨੂੰ ਲਤਾੜਦੇ ਹੋਏ ਚੱਲਦੇ ਰਹੇ। ਇਸ ਭਗਦੜ ਵਿੱਚ ਸਾਢੇ ਚਾਰ ਸੌ (450) ਹਾਜੀ ਮਰ ਗਏ। ਰੱਬ ਜਾਣੇ ਅਸੀਂ ਕਿੰਞ ਬਚ ਗਏ ਤੇ ਬੜੀ ਮੁਸ਼ਕਿਲ ਨਾਲ ਰੋਂਦਿਆਂ ਧੋਂਦਿਆਂ ਆਪਣੇ ਹੋਟਲ ਪਹੁੰਚੇ। ਜਦ ਅਸੀਂ ਹੋਟਲ ਪਹੁੰਚੇ ਤਦ ਤਕ ਦੁਨੀਆ ਭਰ ਦੇ ਟੈਲੀਵਿਜ਼ਨ ਕੈਮਰੇ, ਭਗਦੜ ਵਿੱਚ ਮਾਰੇ ਗਏ ਹਾਜੀਆਂ ਦੀਆਂ ਤਸਵੀਰਾਂ ਵਿਖਾ ਰਹੇ ਸਨ। ਸਾਨੂੰ ਸਾਰਿਆਂ ਨੂੰ ਆਪਣੇ ਆਪਣੇ ਘਰੋਂ ਅਤੇ ਸਾਕ ਸੰਬੰਧੀਆਂ ਤੇ ਯਾਰ ਬੇਲੀਆਂ ਵੱਲੋਂ ਖ਼ੈਰ-ਖ਼ੈਰੀਅਤ ਪੁੱਛਣ ਲਈ ਫੋਨ ਆਉਣੇ ਸ਼ੁਰੂ ਹੋ ਗਏ ਤੇ ਇਹ ਸਿਲਸਿਲਾ ਦੋ ਤਿੰਨ ਦਿਨਾਂ ਤਕ ਜਾਰੀ ਰਿਹਾ। ਅਸੀਂ ਹੋਟਲ ਵਿੱਚ ਹੀ ਟਿਕੇ ਰਹੇ, ਪਰ ਖ਼ਾਲਿਦ ਹੁਸੈਨ ਤੇ ਉਨ੍ਹਾਂ ਦੀ ਪਤਨੀ, ਹੱਜ ਦੀ ਬਾਕੀ ਰਸਮਾਂ ਪੂਰੀਆਂ ਕਰਨ ਲਈ ਖਾਨਾ ਕਾਅਬਾ ਵਿੱਚ ਚਲੇ ਗਏ ਅਤੇ ਮੁੜ ਤੁਆਫ ਅਤੇ ਉਮਰਾਹ ਕਰਨ ਮਗਰੋਂ ਟਿੰਡ ਕਰਾਉਣ ਲਈ ਨਾਈ ਦੀ ਦੁਕਾਨ 'ਤੇ ਗਏ, ਜਿਥੇ ਵੱਡੀਆਂ ਵੱਡੀਆਂ ਲਾਈਨਾਂ ਲੱਗੀਆਂ ਹੋਈਆਂ ਸਨ ਤੇ ਨਾਈ ਟਿੰਡ ਕਰਨ ਲਈ 30 ਤੋਂ ਲੈ ਕੇ 40 ਰਿਯਾਲ ਤਕ ਮਜ਼ਦੂਰੀ ਮੰਗ ਰਹੇ ਸਨ। ਖ਼ਾਲਿਦ ਹੁਸੈਨ ਨੇ ਇੱਕ ਦੂਜੇ ਜਾਣਕਾਰ ਤੇ ਆਪਣੇ ਜਥੇ ਨਾਲ ਆਏ ਹੋਏ ਸਾਥੀ ਹਾਜੀ ਨੂੰ ਪੁੱਛਿਆ ਕਿ ਜੇ ਮੈਂ ਦੁਕਾਨ ਤੋਂ ਸੇਫਟੀ ਲਿਆਵਾਂ ਤਾਂ ਕੀ ਉਹ ਉਨ੍ਹਾਂ ਦੇ ਸਿਰ ਦੀ ਟਿੰਡ ਕਰ ਸਕਦਾ ਹੈ। ਜਦ ਉਸ ਹਾਜੀ ਨੇ ਹਾਮੀ ਭਰੀ ਤਾਂ ਖ਼ਾਲਿਦ ਸਾਹਿਬ ਨੇ ਸੇਫਟੀ ਖ਼ਰੀਦੀ ਅਤੇ ਪਹਿਲਾਂ ਉਸ ਹਾਜੀ ਦੀ ਟਿੰਡ ਕੀਤੀ, ਮਗਰੋਂ ਉਸ ਹਾਜੀ ਨੇ ਖ਼ਾਲਿਦ ਸਾਹਿਬ ਦੀ ਟਿੰਡ ਕੀਤੀ। ਇੰਞ ਦੋ ਰਿਯਾਲ ਵਿੱਚ ਦੋਵਾਂ ਦਾ ਕੰਮ ਸਰ ਗਿਆ। ਖ਼ਾਲਿਦ ਹੁਸੈਨ ਨੂੰ ਵੀ ਪੰਜਾਬ ਤੇ ਜੰਮੂ ਤੋਂ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਦੇ ਫੋਨ ਆਉਣੇ ਸ਼ੁਰੂ ਹੋ ਗਏ। ਪਹਿਲਾ ਫੋਨ ਤਾਜ ਸਾਹਿਬ ਦਾ ਆਇਆ। ਜਦ ਉਨ੍ਹਾਂ ਨੂੰ ਖ਼ਾਲਿਦ ਹੁਸੈਨ ਦੀ ਖ਼ੈਰੀਅਤ ਦਾ ਪਤਾ ਲੱਗਾ ਤਾਂ ਉਨ੍ਹਾਂ ਸ਼ਾਮ ਨੂੰ ਖ਼ਾਲਿਦ ਸਾਹਿਬ ਨੂੰ ਆਪਣੇ ਹੋਟਲ 'ਚ ਬੁਲਾ ਲਿਆ। ਫਿਰ ਖ਼ਾਲਿਦ ਸਾਹਿਬ ਦੇ ਨਿੱਕੇ ਜਵਾਈ ਡਾ. ਇਸ਼ਰਤ ਚੌਧਰੀ ਦਾ ਫੋਨ ਆਇਆ ਤੇ ਸਾਰੇ ਖ਼ੈਰ-ਖ਼ੈਰੀਅਤ ਪੁੱਛਦੇ ਰਹੇ। ਹੱਜ ਦੀਆਂ ਰਸਮਾਂ ਪੰਜ ਦਿਨਾਂ ਮਗਰੋਂ ਖ਼ਤਮ ਹੋ ਗਈਆਂ ਸਨ। ਹਾਜੀ

ਆਪਣੇ ਘਰਾਂ ਨੂੰ ਵਾਪਿਸ ਪਰਤਣ ਲਈ ਤੋਹਫੇ ਤੇ ਹੋਰ ਸ਼ੈਵਾਂ ਖਰੀਦਣ ਲੱਗੇ। ਖ਼ਾਲਿਦ ਸਾਹਿਬ ਨੇ ਨਮਾਜ਼ ਪੜ੍ਹਣ ਲਈ ਕੋਈ ਪੰਜਾਹ ਤੋਂ ਵੱਧ ਜਾਏ ਨਿਮਾਜ਼ਾਂ ਤੇ 80-90 ਕਿੱਲੋ ਖਜੂਰਾਂ ਖਰੀਦੀਆਂ। 10 ਕਿੱਲੋ ਦੀ ਕੈਨੀ ਖਰੀਦ ਕੇ ਉਸ ਵਿੱਚ ਜ਼ਮ-ਜ਼ਮ ਦਾ ਪਾਣੀ ਭਰਿਆ, ਤਾਂ ਜੋ ਇਹ ਸਾਰੇ ਤੱਬਾਰੁਕ (ਪ੍ਰਸ਼ਾਦ) ਰਿਸ਼ਤੇਦਾਰਾਂ ਅਤੇ ਦੋਸਤਾਂ ਵਿੱਚ ਵੰਡ ਸਕਣ। ਉਨ੍ਹਾਂ ਆਪਣੇ ਪਰਿਵਾਰ ਲਈ ਵੀ ਕਈ ਚੀਜ਼ਾਂ ਖਰੀਦੀਆਂ ਤੇ ਘਰ ਵਾਪਿਸ ਜਾਣ ਦੀ ਉਡੀਕ ਕਰਨ ਲੱਗੇ। ਮੱਕਾ ਤੇ ਮਦੀਨਾ ਖ਼ੁਦਾ ਦੇ ਸ਼ਹਿਰ ਕਹੇ ਜਾਂਦੇ ਹਨ ਅਤੇ ਹਾਜੀਆਂ ਨੂੰ ਰੱਬ ਦੇ ਮਹਿਮਾਨ, ਪਰ ਇਥੇ ਵੀ ਬਾਕੀ ਤੀਰਥ ਸਥਾਨਾਂ ਵਾਂਗ ਹਾਜੀਆਂ ਨੂੰ ਰੱਜ ਕੇ ਛਿੱਲ ਲੁਹਾਉਣੀ ਪੈਂਦੀ ਹੈ। ਸਾਊਦੀ ਅਰਬ ਵਿੱਚ ਰਹਿਣ ਵਾਲੇ ਕਿਸੇ ਵੀ ਵਿਦੇਸ਼ੀ ਨੂੰ ਉਥੇ ਦੀ ਨਾਗਰਿਕਤਾ ਨਹੀਂ ਦਿੱਤੀ ਜਾਂਦੀ, ਭਾਵੇਂ ਉਹ ਮੁਸਲਮਾਨ ਹੀ ਕਿਉਂ ਨਾ ਹੋਵੇ। ਵਿਦੇਸ਼ਾਂ ਤੋਂ ਆ ਕੇ ਉਥੇ ਵੱਸਣ ਵਾਲੇ ਬਹੁਤੇ ਲੋਕ ਪਾਕਿਸਤਾਨ, ਭਾਰਤ ਤੇ ਬੰਗਲਾਦੇਸ਼ ਤੋਂ ਹਨ। ਇਨ੍ਹਾਂ ਤਿੰਨਾਂ ਮੁਲਕਾਂ ਦੇ ਲੋਕ ਉਥੇ ਹੋਟਲ ਚਲਾਉਂਦੇ ਹਨ, ਟੈਕਸੀਆਂ ਚਲਾਉਂਦੇ ਹਨ ਅਤੇ ਦੁਕਾਨਾਂ ਕਿਰਾਏ ’ਤੇ ਲੈ ਕੇ ਆਪਣਾ ਕਾਰੋਬਾਰ ਕਰਦੇ ਹਨ। ਦੁਕਾਨਾਂ ਦੇ ਮਾਲਕ ਅਰਬੀ ਹਨ ਤੇ ਸਾਰਾ ਕਾਰੋਬਾਰ ਉਨ੍ਹਾਂ ਦੇ ਨਾਂ ਨਾਲ ਹੀ ਕੀਤਾ ਜਾਂਦਾ ਹੈ। ਜੇ ਕੋਈ ਵਿਦੇਸ਼ੀ, ਦੁਕਾਨ ਦੇ ਅਸਲੀ ਮਾਲਕ ਨੂੰ ਅੱਖਾਂ ਦਿਖਾਵੇ ਤਾਂ ਉਸਨੂੰ ਤੁਰੰਤ ਬਾਹਰ ਕੱਢ ਦਿੱਤਾ ਜਾਂਦਾ ਹੈ ਤੇ ਉਸਦਾ ਸਾਰਾ ਮਾਲ ਅਰਬੀ ਮਾਲਕ ਜ਼ਬਤ ਕਰਕੇ ਕਿਸੇ ਦੂਜੇ ਗੈਰ-ਮੁਲਕੀ ਨੂੰ ਦੁਕਾਨ ਦੇ ਦਿੰਦੇ ਹਨ। ਇਸ ਲਈ ਉਨ੍ਹਾਂ ਨਾਲ ਕੋਈ ਪੰਗਾ ਨਹੀਂ ਲੈਂਦਾ। ਉਥੇ ਭਾਰਤੀ, ਬੰਗਲਾਦੇਸ਼ੀ ਤੇ ਪਾਕਿਸਤਾਨੀ ਪਿਛਲੇ ਸੱਠ ਸਾਲਾਂ ਤੋਂ ਰਹਿ ਰਹੇ ਹਨ, ਪਰ ਉਨ੍ਹਾਂ ਨੂੰ ਹਮੇਸ਼ਾ ਇਹ ਡਰ ਤੇ ਤੌਖਲਾ ਰਹਿੰਦਾ ਹੈ ਕਿ ਕਿਤੇ ਉਨ੍ਹਾਂ ਨੂੰ ਮੁਲਕ ਤੋਂ ਬਾਹਰ ਨਾ ਕੱਢ ਦਿੱਤਾ ਜਾਵੇ। ਜਦਕਿ ਮੱਕੇ ਤੇ ਮਦੀਨਾ ਵਿੱਚ ਸਾਰੀਆਂ ਦੁਕਾਨਾਂ ਤੇ ਖ਼ੁੱਦਾਮ ਦੇ ਕੰਮ ਭਾਰਤੀ ਉਪ ਮਹਾਦੀਪ ਦੇ ਮੁਸਲਮਾਨ ਹੀ ਕਰਦੇ ਹਨ ਅਤੇ ਸਾਰੇ ਅਰਬੀ ਭਾਸ਼ਾ ਵੀ ਬੋਲਦੇ ਹਨ। ਸਾਊਦੀ ਅਰਬ ਦਾ ਬਾਦਸ਼ਾਹ ਖਾਨਾ ਕਾਅਬਾ ਦਾ ਰਾਖਾ ਤੇ ਮਜਾਵਰ ਵੀ ਹੈ। ਹਰ ਸਾਲ ਹੱਜ ਦੇ ਦੌਰਾਨ ਖਾਨਾ ਕਾਅਬਾ ਦਾ ਪੁਰਾਣਾ ਗਿਲਾਫ ਬਦਲਿਆ ਜਾਂਦਾ ਹੈ ਤੇ ਨਵਾਂ ਚੜ੍ਹਾਇਆ ਜਾਂਦਾ ਹੈ, ਜਿਸ ਉਤੇ ਸੋਨੇ ਦੀਆਂ ਤਾਰਾਂ ਨਾਲ ਕੁਰਾਨੀ ਅੱਖਰ ਉਕਰੇ ਹੁੰਦੇ ਹਨ। ਇਸਲਾਮੀ ਮੁਲਕਾਂ ਦੇ ਹਾਕਮ ਹੀ ਖਾਨਾ ਕਾਅਬਾ ਅੰਦਰ ਜਾ ਸਕਦੇ ਹਨ। ਆਮ ਲੋਕਾਂ ਲਈ ਖਾਨਾ ਕਾਅਬਾ ਦਾ ਦਰਵਾਜ਼ਾ ਬੰਦ ਰਹਿੰਦਾ ਹੈ। ਸਫਾਈ ਦਾ ਬਹੁਤ ਹੀ ਵਧੀਆ ਇੰਤਜ਼ਾਮ ਹੁੰਦਾ ਹੈ। ਦੋ-ਦੋ ਮਿੰਟ ਬਾਅਦ ਹਰਮ ਸ਼ਰੀਫ ਤੇ ਖਾਨਾ ਕਾਅਬਾ ਦੇ ਮਾਰਬਲ ਉਤੇ ਮਸ਼ੀਨਾਂ ਪੋਚਾ ਮਾਰਦੀਆਂ ਹਨ। ਗੁਸਲਖ਼ਾਨੇ ਤੇ ਫਲੱਸ਼ਾਂ ਦੀ ਸਫਾਈ ਵੀ ਵਧੀਆ ਹੁੰਦੀ ਹੈ। ਜ਼ਮ-ਜ਼ਮ ਦੇ ਪਾਣੀ ਦਾ ਚਸ਼ਮਾ ਖਾਨਾ ਕਾਅਬਾ ਦੇ ਬਿਲਕੁਲ ਨੇੜੇ ਹੈ ਤੇ ਲੱਖਾਂ ਆਦਮੀ ਇਸ ਪਵਿੱਤਰ ਪਾਣੀ ਨੂੰ ਆਪਣੇ ਆਪਣੇ

ਘਰਾਂ ਨੂੰ ਲੈ ਜਾਂਦੇ ਹਨ। ਹਰ ਇੱਕ ਮੁਲਕ ਦਾ ਸਫਾਰਤ ਖ਼ਾਨਾ (ਦੂਤਾਵਾਸ) ਮੱਕੇ ਵਿੱਚ ਮੌਜੂਦ ਹੈ। ਇੰਝ ਹੀ ਹਰ ਇੱਕ ਮੁਲਕ ਦੀਆਂ ਡਿਸਪੈਂਸਰੀਆਂ ਵੀ ਆਪਣੇ ਆਪਣੇ ਮੁਲਕਾਂ ਦੇ ਹਾਜੀਆਂ ਦੇ ਇਲਾਜ ਲਈ ਬਣੀਆਂ ਹੁੰਦੀਆਂ ਹਨ। ਸਭ ਤੋਂ ਵਧੀਆ ਇੰਤਜ਼ਾਮ ਭਾਰਤੀ ਸਫਾਰਤ ਖ਼ਾਨੇ ਦਾ ਹੈ। ਉਹ ਆਪਣੇ ਹਾਜੀਆਂ ਦੀ ਦੇਖਭਾਲ ਕਰਦੇ ਹਨ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਦਿਨ ਰਾਤ ਸਫਾਰਤ ਖ਼ਾਨੇ ਦੇ ਕਰਿੰਦੇ ਹੋਟਲਾਂ ਵਿੱਚ ਪੁੱਛ-ਗਿੱਛ ਕਰਨ ਆਉਂਦੇ ਰਹਿੰਦੇ ਹਨ। ਖ਼ਾਲਿਦ ਹੁਸੈਨ ਵੀ ਉਥੇ ਬਿਮਾਰ ਹੋ ਗਿਆ। ਉਸਦੀ ਛਾਤੀ ਬੰਦ ਹੋ ਗਈ, ਸਿਰ ਦਰਦ ਤੇ ਬੁਖ਼ਾਰ ਨੇ ਉਨ੍ਹਾਂ ਦਾ ਸਾਹ ਸੱਤ ਖਤਮ ਕਰ ਦਿੱਤਾ, ਪਰ ਭਾਰਤੀ ਡਾਕਟਰਾਂ ਨੇ ਉਨ੍ਹਾਂ ਦਾ ਇਲਾਜ ਕੀਤਾ ਤੇ ਕੁੱਝ ਦਿਨਾਂ ਵਿੱਚ ਹੀ ਉਹ ਠੀਕ ਹੋ ਗਏ, ਪਰ ਮੱਕੇ ਤੇ ਮਦੀਨਾ ਵਿੱਚ ਇਨਫੈਕਸ਼ਨ ਦਾ ਖ਼ਤਰਾ ਬਰਾਬਰ ਰਹਿੰਦਾ ਹੈ, ਖ਼ਾਸਕਰ ਅਫਰੀਕੀ, ਇੰਡੋਨੇਸ਼ੀਆ ਤੇ ਮਲੇਸ਼ੀਆ ਦੇ ਹਾਜੀਆਂ ਕੋਲੋਂ। ਸਾਨੂੰ ਖ਼ੁੱਦਾਮ ਨੇ ਦੂਜੇ ਦਿਨ ਤਿਆਰ ਰਹਿਣ ਲਈ ਕਿਹਾ, ਤਾਂ ਜੋ ਸਾਨੂੰ ਮੁੜ ਜੱਦਾਹ ਪਹੁੰਚਾਇਆ ਜਾਵੇ। ਰਸਮ ਦੇ ਮੁਤਾਬਿਕ ਖ਼ਾਲਿਦ ਹੁਸੈਨ ਤੇ ਉਸਦੀ ਪਤਨੀ ਅਤੇ ਬਾਕੀ ਸਾਰਿਆਂ ਮੱਕੇ ਤੋਂ ਵਿਧਾਈ ਦਾ ਤੁਆਫ, ਖ਼ਾਨਾ ਕਾਅਬਾ ਵਿੱਚ ਕੀਤਾ ਤੇ ਆਖਰੀ ਉਮਰਾ ਵੀ ਕੀਤਾ, ਉਸ ਵਿੱਚ ਉਹ ਸਾਰੇ ਕਰਮ ਕੀਤੇ ਜੋ ਪਹਿਲਾ ਉਮਰਾ ਕਰਨ ਵੇਲੇ ਕੀਤੇ ਸਨ।

ਤਾਜ ਮੁਹੀ-ਉ-ਦੀਨ ਤੇ ਉਨ੍ਹਾਂ ਦਾ ਪਰਿਵਾਰ ਹੱਜ ਕਰਨ ਮਗਰੋਂ ਮਦੀਨੇ ਲਈ ਰਵਾਨਾ ਹੋ ਗਿਆ, ਜਿਥੇ ਉਨ੍ਹਾਂ ਨੇ ਚਾਲੀ ਨਮਾਜ਼ਾਂ ਮਸਜਿੱਦ ਨਬਵੀ ਵਿੱਚ ਪੜ੍ਹਣੀਆਂ ਸਨ ਤੇ ਉਥੋਂ ਹੀ ਉਨ੍ਹਾਂ ਦੀ ਫਲਾਈਟ ਸ਼੍ਰੀਨਗਰ ਜਾਣੀ ਸੀ। ਸਾਡਾ ਜਥਾ ਖ਼ਾਲਿਦ ਹੁਸੈਨ ਸਮੇਤ ਜੱਦਾਹ ਏਅਰ ਪੋਰਟ ਪਹੁੰਚਿਆ ਤੇ ਹਾਜੀਆਂ ਦੇ ਸਾਮਾਨ ਦਾ ਵਜ਼ਨ ਕੀਤਾ ਜਾਣ ਲੱਗਾ। ਇੰਡੀਅਨ ਏਅਰ ਲਾਈਨਸ ਦੇ ਕਾਨੂੰਨ ਮੁਤਾਬਿਕ ਹੱਜ ਯਾਤਰੀਆਂ ਨੂੰ ਸਿਰਫ 40 ਕਿੱਲੋ ਵਜ਼ਨ ਲੈ ਜਾਣ ਦੀ ਆਗਿਆ ਸੀ, ਪਰ ਹਾਜੀਆਂ ਕੋਲ ਜਿਹੜਾ ਸਾਮਾਨ ਸੀ ਉਹ ਕਈ ਗੁਣਾਂ ਜ਼ਿਆਦਾ ਵਜ਼ਨ ਦਾ ਸੀ। ਖ਼ਾਲਿਦ ਹੁਸੈਨ ਨੇ ਵੀ ਆਪਣੇ ਵਾਧੂ ਸਾਮਾਨ ਦੀ ਬੁਕਿੰਗ ਕਾਰਗੋ ਰਾਹੀਂ ਕਰਵਾਈ ਤੇ ਸ਼ਾਇਦ ਪੰਜ ਹਜ਼ਾਰ ਰਿਯਾਲ ਦਿੱਤੇ। ਇੰਝ 'ਧੇਲੇ ਦੀ ਬੁੱਢੀ ਤੇ ਟਕਾ ਸਿਰ ਮੁਨਾਈ' ਵਾਲੀ ਗੱਲ ਹੋ ਗਈ। ਹੱਜ ਕਰਨ ਵੇਲੇ ਸਭ ਤੋਂ ਵੱਡੀ ਔਖਿਆਈ ਭਾਸ਼ਾ ਦੀ ਆਉਂਦੀ ਹੈ। ਅਰਬੀ ਭਾਸ਼ਾ ਕੋਈ ਵੀ ਭਾਰਤੀ ਹਾਜੀ ਨਹੀਂ ਜਾਣਦਾ, ਇਥੋਂ ਤਕ ਕਿ ਦੁਕਾਨਦਾਰਾਂ ਜਾਂ ਆਮ ਲੋਕਾਂ ਨਾਲ ਮਾੜੀ ਮੋਟੀ ਗੱਲ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਖ਼ਾਲਿਦ ਹੁਸੈਨ ਦਾ ਵਿਚਾਰ ਸੀ ਕਿ ਭਾਰਤ ਸਰਕਾਰ ਨੂੰ ਆਪਣੇ ਹਾਜੀਆਂ ਨੂੰ ਹੱਜ 'ਤੇ ਭੇਜਣ ਤੋਂ ਪਹਿਲਾਂ ਅਰਬੀ ਭਾਸ਼ਾ ਦੀ ਮਾੜੀ ਮੋਟੀ ਜਾਣਕਾਰੀ ਦੇਣ ਲਈ ਥਾਂ-ਥਾਂ ਸਿਖਲਾਈ ਕੈਂਪ ਖੋਲ੍ਹਣੇ ਚਾਹੀਦੇ ਹਨ, ਤਾਂ ਜੋ ਹਾਜੀ ਮੱਕਾ ਜਾਂ ਮਦੀਨਾ ਵਿੱਚ ਠੱਗੇ ਨਾ ਜਾਣ।

ਖ਼ਾਲਿਦ ਹੁਸੈਨ ਦਾ ਇਹ ਵੀ ਕਹਿਣਾ ਸੀ ਕਿ ਹੱਜ ਹਮੇਸ਼ਾ ਜਵਾਨੀ ਵੇਲੇ ਕਰਨਾ ਚਾਹੀਦਾ ਹੈ, ਜਦ ਸਰੀਰ ਵਿੱਚ ਚੱਲਣ ਫਿਰਨ ਤੇ ਮੁਸ਼ਕਲਾਂ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਹੁੰਦੀ ਹੈ। ਹੱਜ ਕਰਨਾ ਕੋਈ ਆਸਾਨ ਕੰਮ ਨਹੀਂ ਹੈ, ਖ਼ਾਸਕਰ ਬੁੱਢਿਆ ਲਈ। ਇਸ ਗੱਲ ਵੱਲ ਵੀ ਸਾਡੀ ਕੇਂਦਰੀ ਸਰਕਾਰ ਤੇ ਰਿਆਸਤੀ ਹਕੂਮਤਾਂ ਨੂੰ ਗੌਰ ਕਰਨਾ ਚਾਹੀਦਾ ਹੈ, ਤਾਂ ਜੋ ਹੱਜ ਦਾ ਆਨੰਦ ਵੀ ਮਾਣਿਆ ਜਾਏ ਤੇ ਪੁੰਨ ਵੀ ਕਮਾਇਆ ਜਾਏ। ਇੰਝ ਪੰਜਤਾਲੀ ਦਿਨ ਮੱਕੇ ਤੇ ਮਦੀਨੇ ਵਿੱਚ ਰਹਿਣ ਮਗਰੋਂ ਖ਼ਾਲਿਦ ਹੁਸੈਨ ਤੇ ਉਸਦੀ ਪਤਨੀ ਸ੍ਰੀਨਗਰ ਆ ਗਏ ਤੇ ਦੂਜੇ ਦਿਨ ਜੰਮੂ ਆਪਣੇ ਘਰ।

***

# ਸੱਜਰੇ ਫੁੱਲਾਂ ਦੇ ਗਜਰੇ

ਖ਼ਾਲਿਦ ਹੁਸੈਨ ਵਧੀਆ ਰਚਨਾ ਦਾ ਆਸ਼ਿਕ ਸੀ। ਚੰਗੀ ਫਿਲਮ ਵੇਖਣਾ, ਚੰਗੇ ਸੰਗੀਤ ਤੇ ਵਧੀਆ ਗਾਇਕੀ ਨੂੰ ਸੁਣਨਾ, ਚੰਗਾ ਡਰਾਮਾ ਦੇਖਣਾ ਤੇ ਚੰਗੀ ਸ਼ਾਇਰੀ ਪੜ੍ਹਣਾ ਉਸਦੇ ਸ਼ੌਂਕ ਸਨ। ਉਸਨੇ ਮਸ਼ਹੂਰ ਪਾਕਿਸਤਾਨੀ ਗਾਇਕਾਂ ਨੂੰ ਸੁਣਨ ਲਈ ਕਈ ਭਾਰਤੀ ਸ਼ਹਿਰਾਂ ਦਾ ਸਫਰ ਵੀ ਕੀਤਾ। ਜਿਵੇਂ ਰੇਸ਼ਮਾ ਨੂੰ ਸੁਣਨ ਲਈ ਜਲੰਧਰ ਤੇ ਚੰਡੀਗੜ੍ਹ ਗਿਆ। ਗੁਲਾਮ ਅਲੀ, ਮਹਿੰਦੀ ਹਸਨ ਤੇ ਆਬਦਾ ਪਰਵੀਨ ਨੂੰ ਸੁਣਨ ਲਈ ਉਹ ਕਈ ਵਾਰ ਦਿੱਲੀ ਤੇ ਚੰਡੀਗੜ੍ਹ ਗਿਆ। ਪੰਜਾਬੀ ਦੇ ਪ੍ਰਸਿੱਧ ਗਾਇਕ ਤੁਫੈਲ ਨਿਆਜ਼ੀ, ਨਸੀਬੋ ਲਾਲ ਤੇ ਅਕਰਮ ਰਾਹੀ ਨੂੰ ਸੁਣਨ ਲਈ ਉਹ ਗੁਰਦਾਸਪੁਰ ਤੇ ਜਲੰਧਰ ਗਿਆ। ਕਲਾ ਪ੍ਰਤੀ ਇਹ ਖ਼ਾਲਿਦ ਸਾਹਿਬ ਦਾ ਜਨੂੰਨ ਹੀ ਸੀ ਕਿ ਉਹ ਅਜੋਕਾ ਥਿਏਟਰ ਲਾਹੌਰ ਵੱਲੋਂ ਖੇਡਿਆ ਗਿਆ ਉਰਦੂ ਡਰਾਮਾ 'ਏਕ ਥੀ ਨਾਨੀ' ਵੇਖਣ ਲਈ ਉਹ ਅੰਮ੍ਰਿਤਸਰ ਗਏ ਤੇ ਆਪਣੇ ਨਾਲ ਜੰਮੂ ਦੇ ਥਿਏਟਰ ਨਾਲ ਜੁੜੇ ਕੁੱਝ ਦੋਸਤਾਂ ਨੂੰ ਵੀ ਲੈ ਗਏ, 'ਏਕ ਥੀ ਨਾਨੀ' ਵਿੱਚ ਨਾਨੀ ਦੀ ਭੂਮਿਕਾ ਪ੍ਰਸਿੱਧ ਥਿਏਟਰ ਤੇ ਫਿਲਮੀ ਕਲਾਕਾਰ ਜ਼ੋਹਰਾ ਸਹਿਗਲ ਨੇ ਨਿਭਾਈ ਸੀ, ਜਿਸ ਦੀ ਉਮਰ ਉਸ ਵੇਲੇ 93 ਸਾਲ ਸੀ ਤੇ ਉਸਦੀ ਸਕੀ ਭੈਣ ਨੇ ਇਸੇ ਡਰਾਮੇ ਵਿੱਚ ਦਾਦੀ ਦਾ ਰੋਲ ਨਿਭਾਇਆ ਸੀ, ਤੇ ਜਿਸ ਕੁੜੀ ਨੇ ਪੋਤਰੀ ਤੇ ਦੋਹਤਰੀ ਦਾ ਕਿਰਦਾਰ ਨਿਭਾਇਆ ਸੀ, ਉਹ ਅਸਲ ਜੀਵਨ ਵਿੱਚ ਵੀ ਜ਼ੋਹਰਾ ਸਹਿਗਲ ਦੀ ਦੋਹਤਰੀ ਸੀ ਤੇ ਉਸਦੀ ਛੋਟੀ ਭੈਣ ਦੀ ਪੋਤਰੀ। ਡਰਾਮਾ, ਪਾਕਿਸਤਾਨੀ ਸਮਾਜ ਦੇ ਦੋਗਲੇਪਣ 'ਤੇ ਕਟਾਖਸ਼ ਸੀ। ਇਸਨੂੰ ਸ਼ਾਹਿਦ ਨਦੀਮ ਨੇ ਲਿਖਿਆ ਸੀ ਤੇ ਨਿਰਦੇਸ਼ਨ ਮਦੀਹਾ ਗੌਹਰ ਦਾ ਸੀ। ਇਹ ਇੱਕ ਬਹੁਤ ਖੂਬਸੂਰਤ ਪ੍ਰੋਡਕਸ਼ਨ ਸੀ। ਖ਼ਾਲਿਦ ਸਾਹਿਬ ਕੁੱਝ ਚਿਰ ਪਹਿਲਾਂ ਸ਼ਾਹਿਦ ਨਦੀਮ ਦਾ ਹੀ ਲਿਖਿਆ ਤੇ ਮਦੀਹਾ ਗੌਹਰ ਦਾ ਡਾਇਰੈਕਟ ਕੀਤਾ ਹੋਇਆ ਡਰਾਮਾ 'ਬੁੱਲਾ' ਲਾਹੌਰ ਵਿੱਚ ਦੇਖ ਕੇ ਆਏ ਸਨ। ਉਨ੍ਹਾਂ ਨੇ ਮਦੀਹਾ ਜੀ ਨੂੰ ਦਾਵਤ ਦਿੱਤੀ ਕਿ ਉਹ 'ਬੁੱਲਾ' ਡਰਾਮਾ ਜੰਮੂ ਆ ਕੇ ਖੇਡੇ। ਉਨ੍ਹਾਂ ਨੇ ਖ਼ਾਲਿਦ ਸਾਹਿਬ ਦੀ ਗੱਲ ਮੰਨ ਲਈ ਤੇ ਦੱਸਿਆ ਕਿ ਪੱਚੀ-ਛੱਬੀ ਬੰਦਿਆਂ ਦਾ ਡਰਾਮਾ ਗਰੁੱਪ ਹੈ, ਜਿਸਨੂੰ ਵਾਹਗੇ ਤੋਂ ਜੰਮੂ ਲਿਆਣਾ ਤੇ ਵਾਪਿਸ ਛੱਡਣਾ ਖ਼ਾਲਿਦ ਹੁਸੈਨ ਹੋਰਾਂ ਦੇ ਜ਼ਿੰਮੇ ਹੋਏਗਾ। ਖ਼ਾਲਿਦ ਸਾਹਿਬ ਨੇ ਮਦੀਹਾ ਗੌਹਰ ਦੀ ਗੱਲ ਮੰਨ ਲਈ ਅਤੇ ਜੰਮੂ

ਡਰਾਮਾ ਖੇਡਣ ਲਈ ਦਿਨ ਤੇ ਤਾਰੀਕ ਮਿੱਥ ਲਈ ਗਈ। ਖ਼ਾਲਿਦ ਹੁਸੈਨ ਸਾਹਿਬ, ਮੈਨੂੰ ਨਾਲ ਲੈ ਕੇ ਜੰਮੂ ਯੂਨੀਵਰਸਿਟੀ ਦੇ ਉਸ ਵੇਲੇ ਦੇ ਵਾਇਸ-ਚਾਂਸਲਰ ਡਾ. ਅਮਿਤਾਭ ਮੱਟੂ ਨੂੰ ਮਿਲੇ। ਮੇਰਾ ਨਾਂ ਡਾ. ਲਿਆਕਤ ਜਾਫਰੀ ਹੈ, ਤੇ ਮੈਂ ਖ਼ਾਲਿਦ ਸਾਹਿਬ ਨੂੰ ਉਨ੍ਹਾਂ ਦਿਨਾਂ ਤੋਂ ਜਾਣਦਾ ਸਾਂ, ਜਿਨ੍ਹਾਂ ਦਿਨਾਂ ਵਿੱਚ ਉਹ ਪੁਣਛ ਵਿੱਚ ਡਿਪਟੀ ਕਮਿਸ਼ਨਰ ਸਨ ਤੇ ਉਨ੍ਹਾਂ ਨੇ ਪੁਣਛ ਰਹਿ ਕੇ ਕਈ ਮੁਸ਼ਾਇਰੇ ਤੇ ਗੀਤ-ਸੰਗੀਤ ਦੇ ਪ੍ਰੋਗਰਾਮ ਕਰਵਾਏ ਸਨ, ਜਿਨ੍ਹਾਂ ਵਿੱਚ ਮੈਂ ਹੁਮ-ਹੁਮਾ ਕੇ ਸ਼ਾਮਿਲ ਹੋਇਆ ਸਾਂ। ਫਿਰ ਜਦ ਮੇਰੀ ਪੋਸਟਿੰਗ ਜੰਮੂ ਦੇ ਇੱਕ ਡਿਗਰੀ ਕਾਲਜ ਵਿੱਚ ਬਤੌਰ ਉਰਦੂ ਲੈਕਚਰਾਰ ਹੋਈ ਤਾਂ ਖ਼ਾਲਿਦ ਸਾਹਿਬ ਨਾਲ ਰੋਜ਼ ਮੁਲਾਕਾਤਾਂ ਹੋਣ ਲੱਗੀਆਂ ਤੇ ਮੈਂ ਵੀ ਉਨ੍ਹਾਂ ਨਾਲ ਸਾਹਿਤਕ ਬੈਠਕਾਂ ਵਿੱਚ ਜਾਣ ਲੱਗਾ, ਜਿਸ ਕਾਰਨ ਮੇਰੀ ਆਪਣੀ ਸ਼ਨਾਖਤ ਵੀ ਜੰਮੂ ਵਿੱਚ ਬਣ ਗਈ। ਡਾ. ਅਮਿਤਾਭ ਮੱਟੂ, ਭਾਰਤ-ਪਾਕਿਸਤਾਨ ਵਿਚਕਾਰ ਹੋ ਰਹੀ 'ਟ੍ਰੈਕ ਟੂ ਡਿਪਲੋਮੈਸੀ' ਦੇ ਇੱਕ ਮੈਂਬਰ ਸਨ, ਇਸ ਲਈ ਉਨ੍ਹਾਂ 'ਬੁੱਲਾ' ਡਰਾਮੇ ਨੂੰ ਯੂਨੀਵਰਸਿਟੀ ਵੱਲੋਂ ਸਪਾਂਸਰ ਕਰਨਾ ਮਨਜ਼ੂਰ ਕਰ ਲਿਆ। ਇੰਜ 'ਬੁੱਲਾ' ਡਰਾਮਾ ਅਭਿਨਵ ਥਿਏਟਰ ਵਿੱਚ ਖੇਡਿਆ ਗਿਆ ਤੇ ਜਿਸਨੂੰ ਵੇਖਣ ਲਈ ਪੂਰਾ ਜੰਮੂ ਸ਼ਹਿਰ ਉਮੜ ਆਇਆ ਸੀ। ਇਸ ਡਰਾਮੇ ਵਿੱਚ ਪਹਿਲੀ ਵਾਰੀ ਸਟੇਜ 'ਤੇ ਬੁੱਲੇ ਸ਼ਾਹ ਦੀਆਂ ਕਵਾਲੀਆਂ ਵੀ, ਪਾਕਿਸਤਾਨ ਦੇ ਮਸ਼ਹੂਰ ਕਵਾਲ ਉਸਤਾਦ ਜਾਵੇਦ ਤੇ ਉਸਦੇ ਸਾਥੀਆਂ ਨੇ ਸਟੇਜ 'ਤੇ ਬਹਿ ਕੇ ਗਾਈਆਂ ਸਨ। ਇਹ ਕਵਾਲੀਆਂ, ਡਰਾਮੇ ਦਾ ਹਿੱਸਾ ਸਨ ਤੇ ਇਨ੍ਹਾਂ ਨੂੰ ਪਾਤਰਾਂ ਦੀ ਵਾਰਤਾਲਾਪ ਨਾਲ ਜੋੜਿਆ ਗਿਆ ਸੀ। ਬੁੱਲੇ ਦੀ ਭੂਮਿਕਾ ਨਿਭਾਉਣ ਵਾਲੇ ਅਨਸਾਰੀ ਸਾਹਿਬ ਨੇ ਬੁੱਲੇ ਦੀਆਂ ਦੋ ਕਾਫੀਆਂ ਆਪ ਵੀ ਗਾਈਆਂ ਸਨ ਅਤੇ ਬੁੱਲੇ ਦੇ ਮੁਰਸ਼ਦ ਸ਼ਾਹ ਅਨਾਇਤ ਦੀ ਭੂਮਿਕਾ ਨਿਭਾਉਣ ਵਾਲੇ ਆਸਿਮ ਬੁਖਾਰੀ, ਪਾਕਿਸਤਾਨ ਟੈਲੀਵਿਜ਼ਨ, ਫਿਲਮ ਅਤੇ ਥਿਏਟਰ ਦੇ ਮਸ਼ਹੂਰ ਕਲਾਕਾਰ ਸਨ। ਡਰਾਮੇ ਦੀ ਪ੍ਰਸੰਸਾ ਹੱਦ ਤੋਂ ਵੱਧ ਹੋਈ। ਸਾਰੀਆਂ ਅਖ਼ਬਾਰਾਂ ਡਰਾਮੇ ਦੇ ਦ੍ਰਿਸ਼ ਅਤੇ ਡਰਾਮੇ ਬਾਰੇ ਦਰਸ਼ਕਾਂ ਦੀ ਪ੍ਰਸੰਸਾ ਨਾਲ ਭਰੀਆਂ ਹੋਈਆਂ ਸਨ। ਅਖ਼ਬਾਰਾਂ ਪੜ੍ਹ ਕੇ ਵਾਇਸ-ਚਾਂਸਲਰ ਅਮਿਤਾਭ ਮੱਟੂ ਜ਼ਾਹਿਬ ਨੂੰ ਗਵਰਨਰ ਜੰਮੂ-ਕਸ਼ਮੀਰ ਜਨਰਲ ਸਿਨਹਾ ਦਾ ਟੈਲੀਫੋਨ ਆਇਆ ਤੇ ਉਨ੍ਹਾਂ ਡਰਾਮਾ ਵੇਖਣ ਦੀ ਇੱਛਾ ਜਾਹਿਰ ਕੀਤੀ। ਇੰਝ ਹੀ ਗੁੱਜਰ ਭਰਾਵਾਂ ਦੇ ਵੱਡੇ ਪੀਰ ਮੀਆਂ ਬਸ਼ੀਰ (ਵਾਂਗਤ ਗੱਦੀ ਵਾਲੇ) ਨੇ ਵੀ ਡਰਾਮੇ ਵੇਖਣ ਦੀ ਚਾਅ ਪ੍ਰਗਟ ਕੀਤੀ। ਇਸ ਤੋਂ ਇਲਾਵਾ ਖ਼ਾਲਿਦ ਸਾਹਿਬ ਨੂੰ ਕਈ ਸਰਕਾਰੀ ਅਫਸਰਾਂ ਤੇ ਪਤਵੰਤਿਆਂ ਦੇ ਵੀ ਫੋਨ ਆਏ ਤੇ ਡਰਾਮਾ ਦੁਬਾਰਾ ਸਟੇਜ ਕਰਨ ਲਈ ਬੇਨਤੀ ਕੀਤੀ ਗਈ। ਸ਼੍ਰੀ ਅਮਿਤਾਭ ਮੱਟੂ ਨੇ ਦੂਜੇ ਦਿਨ ਸ਼ਾਮ ਨੂੰ 'ਬੁੱਲਾ' ਦਾ ਦੂਜਾ ਸ਼ੋਅ ਕਰਵਾਇਆਂ, ਸਾਰਾ ਹਾਲ ਪ੍ਰੋਚਿਆ ਹੋਇਆ ਸੀ। ਗਵਰਨਰ ਸਾਹਿਬ ਤੇ ਹੋਰ ਪੁਲਿਸ ਤੇ ਸਿਵਲ ਸਰਕਾਰ ਦੇ ਅਫਸਰ ਤੇ ਸ਼ਹਿਰਦਾਰ ਡਰਾਮਾ ਵੇਖਣ ਆਏ

ਸਨ। ਗਵਰਨਰ ਸਾਹਿਬ ਨੇ ਡਰਾਮਾ ਖਤਮ ਹੋਣ ਮਗਰੋਂ ਕਲਾਕਾਰਾਂ ਦੀ ਪ੍ਰਸੰਸਾ ਕੀਤੀ ਤੇ ਇਸ ਕਿਸਮ ਦੇ ਪ੍ਰੋਗਰਾਮ ਅੱਗੇ ਵੀ ਕਰਵਾਉਣ ਲਈ ਕਿਹਾ, ਜਿਨ੍ਹਾਂ ਨਾਲ ਦੋਵਾਂ ਮੁਲਕਾਂ ਵਿੱਚ ਸਾਂਝ ਵਧਾਈ ਜਾ ਸਕਦੀ ਹੋਵੇ। ਗਵਰਨਰ ਸਾਹਿਬ ਨੇ ਦੂਜੇ ਦਿਨ ਸਵੇਰੇ ਮਦੀਹਾ ਗੌਹਰ ਤੇ ਉਨ੍ਹਾਂ ਦੀ ਟੀਮ ਨੂੰ ਗਵਰਨਰ ਹਾਊਸ ਨਾਸ਼ਤੇ ’ਤੇ ਬੁਲਾਇਆ ਅਤੇ ਰਾਤ ਦੇ ਖਾਣੇ ਲਈ ਮੀਆਂ ਬਸ਼ੀਰ ਸਾਹਿਬ ਨੇ ਆਪਣੇ ਘਰ ਦਾਵਤ ਦਿੱਤੀ ਤੇ ਖਾਣਾ ਪਕਾਉਣ ਲਈ ਕਸ਼ਮੀਰ ਤੋਂ ‘ਵਾਜ਼ੇ’ ਬੁਲਾਏ, ਜਿਨ੍ਹਾਂ ਕਸ਼ਮੀਰ ਦਾ ਮਸ਼ਹੂਰ ‘ਵਾਜ਼ਵਾਨ’ ਪਕਾਇਆ ਤੇ ਮਹਿਮਾਨਾਂ ਨੂੰ ਖੁਵਾਇਆ। ਮੀਆਂ ਬਸ਼ੀਰ ਸਾਹਿਬ ਦੇ ਸਪੁੱਤਰ ਤੇ ਰਿਆਸਤੀ ਸਰਕਾਰ ਦੇ ਮੰਤਰੀ ਮੀਆਂ ਅਲਤਾਫ ਹੋਰਾਂ ਮਹਿਮਾਨਾਂ ਦੀ ਆਪਣੇ ਹੱਥੀਂ ਸੇਵਾ ਕੀਤੀ। ਮੀਆਂ ਬਸ਼ੀਰ ਸਾਹਿਬ ਨੇ ਮਦੀਹਾ ਗੌਹਰ, ਆਸਿਮ ਬੁਖਾਰੀ ਤੇ ਅਨਸਾਰੀ ਹੋਰਾਂ ਨੂੰ ਪਸ਼ਮੀਨੇ ਦਾ ਚੋਗਾ, ਪਸ਼ਮੀਨੇ ਦਾ ਧੁੱਸਾ (ਪਸ਼ਮੀਨੇ ਦੀ ਦੋਹਰੀ ਚਾਦਰ) ਅਤੇ ਅਚਕਣ (ਸ਼ੇਰਵਾਨੀ) ਦਿੱਤੀ।

ਇੰਝ ਹੀ ਖ਼ਾਲਿਦ ਸਾਹਿਬ ਦੇ ਬਚਪਨ ਦੇ ਦੋਸਤ ਅਤੇ ਰਿਟਾਇਰਡ ਆਈ.ਏ.ਐਸੱ. ਮੁਹੰਮਦ ਅਸਲਮ ਕੁਰੇਸ਼ੀ ਇੱਕ ਦਿਨ ਉਨ੍ਹਾਂ ਦੇ ਘਰ ਆਏ ਤੇ ਕਹਿਣ ਲੱਗੇ ਕਿ ਕੁੱਝ ਦਿਨ ਪਹਿਲਾਂ ਉਨ੍ਹਾਂ ਦੀ ਮੁਲਾਕਾਤ ਡਾ. ਕਰਨ ਸਿੰਘ ਮੈਂਬਰ ਰਾਜ ਸਭਾ ਤੇ ਚੇਅਰਮੈਨ ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਸ, ਨਵੀਂ ਦਿੱਲੀ ਨਾਲ ਉਨ੍ਹਾਂ ਦੇ ਸ੍ਰੀਨਗਰ ਵਾਲੇ ਮਹੱਲ ਵਿੱਚ ਹੋਈ, ਜਿਹੜਾ ਡੱਲ ਝੀਲ ਦੇ ਸਾਹਮਣੇ ਵਾਲੀ ਪਹਾੜੀ ਉਤੇ ਬਣਿਆ ਹੋਇਆ ਹੈ ਤੇ ਉਥੇ ਉਨ੍ਹਾਂ ਨੇ ਭਾਰਤੀ ਉਪ ਮਹਾਦੀਪ ਦੇ ਮਸ਼ਹੂਰ ਇਨਕਲਾਬੀ ਸ਼ਾਇਰ ਫੈਜ਼ ਅਹਿਮਦ ਫੈਜ਼ ਦੀ ਸੌ ਸਾਲਾ ਜਯੰਤੀ ਜੰਮੂ ਵਿੱਚ ਮਨਾਉਣ ਬਾਰੇ ਡਾ. ਕਰਨ ਸਿੰਘ ਜੀ ਨਾਲ ਗੱਲਬਾਤ ਕੀਤੀ। ਡਾ. ਕਰਨ ਸਿੰਘ ਹੋਰਾਂ ਨੇ ਉਨ੍ਹਾਂ ਦੀ ਤਜਵੀਜ਼ ਨੂੰ ਸਰ੍ਹਾਇਆ ਅਤੇ ਆਈ.ਸੀ.ਸੀ.ਆਰ. ਵੱਲੋਂ ਮਾਇਕ ਸਹਾਇਤਾ ਦੇਣ ਦੀ ਹਾਮੀ ਵੀ ਭਰੀ। ਅਸਲਮ ਕੁਰੇਸ਼ੀ ਸਾਹਿਬ ਨੇ ਖ਼ਾਲਿਦ ਸਾਹਿਬ ਨੂੰ ਕਿਹਾ ਕਿ ਉਹ ਇਹ ਪ੍ਰੋਗਰਾਮ ਕਰਵਾਉਣ ਦਾ ਬੇੜਾ ਚੁੱਕਣ ਤਾਂ ਜੋ ਇੱਕ ਇੰਟਰਨੈਸ਼ਨਲ ਲੇਵਲ ਦਾ ਪ੍ਰੋਗਰਾਮ ਜੰਮੂ ਵਿੱਚ ਕਰਵਾਇਆ ਜਾ ਸਕੇ। ਸਭ ਤੋਂ ਪਹਿਲਾਂ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਗਈ, ਜਿਸ ਵਿੱਚ ਮਸੂਦ ਚੌਧਰੀ ਸਾਹਿਬ ਰਿਟਾਇਰਡ ਆਈ.ਪੀ.ਐਸੱ. ਤੇ ਸਾਬਕਾ ਵਾਇਸ-ਚਾਂਸਲਰ ਬਾਬਾ ਗੁਲਾਮ ਸ਼ਾਹ ਬਾਦਸ਼ਾਹ ਯੂਨੀਵਰਸਿਟੀ, ਰਾਜੌਰੀ, ਖ਼ਾਲਿਦ ਹੁਸੈਨ ਸਾਹਿਬ, ਮੁਹੰਮਦ ਅਸਲਮ ਕੁਰੇਸ਼ੀ, ਡਾ. ਲਿਆਕਤ ਜਾਫਰੀ ਤੇ ਉਰਦੂ ਰੋਜ਼ਨਾਮਾ ਤਸਕੀਨ ਦੇ ਸੰਪਾਦਕ ਸੁਹੇਲ ਕਾਜ਼ਮੀ ਸਨ। ਇਨ੍ਹਾਂ ਮਿਲ ਕੇ ਫੈਜ਼ ਅਹਿਮਦ ਫੈਜ਼ ਦੀ ਸੌਵੀਂ ਜਯੰਤੀ ਮਨਾਉਣ ਦੀ ਰੂਪ ਰੇਖਾ ਤਿਆਰ ਕੀਤੀ। ਫੈਸਲਾ ਹੋਇਆ ਕਿ ਪਾਕਿਸਤਾਨ ਅਤੇ ਭਾਰਤ ਦੇ ਉਚ ਕੋਟੀ ਦੇ ਉਰਦੂ ਸ਼ਾਇਰ ਬੁਲਾਏ ਜਾਣ ਤੇ ਇੱਕ ਵੱਡਾ ਉਰਦੂ ਕਵੀ ਸੰਮੇਲਨ ਕਰਵਾਇਆ ਜਾਏ। ਪਾਕਿਸਤਾਨ ਤੇ ਭਾਰਤ ਦੇ ਮੰਨੇ-

ਪ੍ਰਮੰਨੇ ਗਾਇਕ ਬੁਲਾਏ ਜਾਣ, ਜਿਹੜੇ ਫੈਜ਼ ਅਹਿਮਦ ਫੈਜ਼ ਦਾ ਉਰਦੂ ਤੇ ਪੰਜਾਬੀ ਕਲਾਮ ਪੇਸ਼ ਕਰਨ। ਦੋ ਦਿਨਾਂ ਦੇ ਜਸ਼ਨ-ਏ-ਫੈਜ਼ ਪ੍ਰੋਗਰਾਮ ਕਰਵਾਉਣ ਲਈ ਭਾਰਤੀ ਸ਼ਾਇਰਾਂ ਨਾਲ ਸੰਪਰਕ ਕਰਨ ਦੀ ਜ਼ਿੰਮੇਵਾਰੀ ਲਿਆਕਤ ਜਾਫਰੀ ਯਾਨੀ ਮੇਰੇ ਉਤੇ ਪਾਈ ਗਈ। ਖ਼ਾਲਿਦ ਸਾਹਿਬ ਦੀ ਜ਼ਿੰਮੇਵਾਰੀ ਇਹ ਸੀ ਕਿ ਉਹ ਪਾਕਿਸਤਾਨ ਜਾਣ ਤੇ ਜ਼ਾਤੀ ਤੌਰ 'ਤੇ ਉਥੋਂ ਦੇ ਪ੍ਰਸਿੱਧ ਸ਼ਾਇਰਾਂ ਨੂੰ ਮਿਲ ਕੇ ਜੰਮੂ ਆਉਣ ਦੀ ਦਾਵਤ ਦੇਣ ਨਾਲੇ ਕਿਸੇ ਅਜਿਹੇ ਪ੍ਰਸਿੱਧ ਗਾਇਕ ਨੂੰ ਜੰਮੂ ਵਿੱਚ ਪਰਫਾਰਮ ਕਰਨ ਲਈ ਬੁਲਾਉਣ ਜਿਹੜਾ ਫੈਜ਼ ਸਾਹਿਬ ਦੀਆਂ ਗ਼ਜ਼ਲਾਂ ਗਾਉਣ ਵਿੱਚ ਮਾਹਿਰ ਹੋਏ। ਇਸ ਤੋਂ ਛੁੱਟ ਫੈਜ਼ ਸਾਹਿਬ ਦੀਆਂ ਧੀਆਂ, ਸਲੀਮਾਂ ਹਾਸ਼ਮੀ ਤੇ ਮੁਨੱਜ਼ਾ ਨੂੰ ਜੰਮੂ ਆਉਣ ਦੀ ਦਾਵਤ ਦਿੱਤੀ ਜਾਏ। ਆਈ.ਸੀ.ਸੀ.ਆਰ. ਨਾਲ ਅਤੇ ਭਾਰਤ ਦੀ ਹੋਮ ਮਨਿਸਟਰੀ ਅਤੇ ਵਿਦੇਸ਼ ਮੰਤਰਾਲੇ ਨਾਲ ਚਿੱਠੀ-ਪੱਤਰ ਕਰਨ ਦੀ ਜ਼ਿੰਮੇਵਾਰੀ ਵੀ ਖ਼ਾਲਿਦ ਸਾਹਿਬ ਤੇ ਪਾਈ ਗਈ। ਇਸ ਤੋਂ ਇਲਾਵਾ ਉਨ੍ਹਾਂ ਨੇ ਚੀਫ ਮਨਿਸਟਰ ਤੇ ਹੋਰ ਅਹਿਮ ਸ਼ਖਸੀਅਤਾਂ ਦੇ ਪੈਗ਼ਾਮ ਵੀ ਤਿਆਰ ਕੀਤੇ। ਖ਼ਾਲਿਦ ਸਾਹਿਬ ਦੇ ਰਿਸ਼ਤੇਦਾਰਾਂ ਦੇ ਘਰ ਲਾਹੌਰ ਵਿੱਚ ਲੜਕੇ ਦਾ ਵਿਆਹ ਸੀ, ਜਿਸ ਲਈ ਉਨ੍ਹਾਂ ਨੂੰ ਸੱਦਾ-ਪੱਤਰ ਮਿਲ ਚੁੱਕਿਆ ਸੀ। ਉਨ੍ਹਾਂ ਨੇ ਦਿੱਲੀ ਤੋਂ ਆਪਣੇ ਤੇ ਆਪਣੀ ਪਤਨੀ ਦੇ ਪਾਸਪੋਰਟਾਂ 'ਤੇ ਪਾਕਿਸਤਾਨ ਦਾ ਵੀਜ਼ਾ ਲਗਵਾਇਆ ਤੇ ਦੋਵੇਂ ਜੀਅ ਪਾਕਿਸਤਾਨ ਚਲੇ ਗਏ। ਪਾਕਿਸਤਾਨ ਵਿੱਚ ਉਨ੍ਹਾਂ ਜ਼ਾਤੀ ਤੌਰ 'ਤੇ ਜੰਮੂ ਵਿੱਚ ਮੁਸ਼ਾਇਰਾ ਪੜ੍ਹਣ ਦਾ ਸੱਦਾ ਦਿੱਤਾ। ਜਿਨ੍ਹਾਂ ਵਿੱਚ ਕਿਸ਼ਵਰ ਨਾਹੀਦ, ਅਨਵਰ ਮਸੂਦ, ਅਮਜਦ ਇਸਲਾਮ ਅਮਜਦ, ਅਫਜ਼ਲ ਸਾਹਿਰ, ਆਯੂਬ ਖਾਵਰ, ਇਸ਼ਰਤ ਆਫਰੀਨ, ਮੰਜ਼ਰ ਨਕਵੀ, ਏਜ਼ਾਜ਼ ਅਹਿਮਦ ਆਜ਼ਰ, ਅਲੀ ਅਕਬਰ ਨਾਤਿਕ ਤੇ ਇਫਤਖਾਰ ਆਰਿਫ ਸ਼ਾਮਿਲ ਸਨ। ਇਨ੍ਹਾਂ ਸ਼ਾਇਰਾਂ ਨੂੰ ਮਿਲਣ ਲਈ ਖ਼ਾਲਿਦ ਸਾਹਿਬ ਲਾਹੌਰ, ਰਾਵਲਪਿੰਡੀ ਤੇ ਇਸਲਾਮਾਬਾਦ ਗਏ। ਇਸ ਤੋਂ ਛੁੱਟ ਫੈਜ਼ ਸਾਹਿਬ ਦੀ ਬੇਟੀ ਸਲੀਮਾ ਹਾਸ਼ਮੀ ਜੀ ਨੂੰ ਵੀ ਮਿਲੇ। ਜਨਾਬ ਫਕਰ ਜਮਾਂ ਹੋਰਾਂ ਖ਼ਾਲਿਦ ਸਾਹਿਬ ਨੂੰ ਮਸ਼ਵਰਾ ਦਿੱਤਾ ਕਿ ਉਹ ਪਟਿਆਲਾ ਘਰਾਣੇ ਦੇ ਪ੍ਰਸਿੱਧ ਗਾਇਕ ਤੇ ਸੰਗੀਤਕਾਰ ਹਾਮਿਦ ਅਲੀ ਖਾਨ ਸਾਹਿਬ ਨੂੰ ਜੰਮੂ ਬੁਲਾਉਣ। ਉਨ੍ਹਾਂ ਦੀ ਗਾਇਕੀ ਸੁਣ ਕੇ ਜੰਮੂ ਵਾਲੇ ਵਰ੍ਹਿਆਂ ਤਕ ਉਨ੍ਹਾਂ ਨੂੰ ਯਾਦ ਰੱਖਣਗੇ, ਪਰ ਖ਼ਾਲਿਦ ਸਾਹਿਬ ਦੀ ਮਰਜ਼ੀ ਸੀ ਕਿ ਜਾਂ ਤਾਂ ਆਬਿਦਾ ਪਰਵੀਨ ਸਾਹਿਬਾ ਜਾਂ ਫਿਰ ਗੁਲਾਮ ਅਲੀ ਸਾਹਿਬ ਨੂੰ ਜੰਮੂ ਆਉਣ ਲਈ ਦਾਵਤ ਦਿੱਤੀ ਜਾਏ। ਇਸ ਸਿਲਸਿਲੇ ਵਿੱਚ ਜਦ ਆਬਿਦਾ ਪਰਵੀਨ ਹੋਰਾਂ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਉਹ ਮੁਹਰਮ ਦੇ ਮਹੀਨੇ ਵਿੱਚ ਨਹੀਂ ਗਾਉਂਦੀਆਂ। ਜਦਕਿ ਸਾਡਾ ਪ੍ਰੋਗਰਾਮ 10-11 ਦਸੰਬਰ ਦਾ ਸੀ। ਜਦ ਉਨ੍ਹਾਂ ਦੀ ਸੈਕਟਰੀ ਨਾਲ ਗੱਲ ਹੋਈ ਤਾਂ ਉਸਨੇ ਪ੍ਰੋਗਰਾਮ ਲਈ 12 ਲੱਖ ਰੁਪਏ ਲੈਣ ਦਾ ਜ਼ਿਕਰ ਕੀਤਾ। ਇੰਝ

ਹੀ ਜਦ ਖ਼ਾਲਿਦ ਸਾਹਿਬ ਪ੍ਰਸਿੱਧ ਉਰਦੂ ਗ਼ਜ਼ਲ ਗਾਇਕ ਗੁਲਾਮ ਅਲੀ ਸਾਹਿਬ ਨੂੰ ਮਿਲੇ ਤਾਂ ਉਨ੍ਹਾਂ ਵੀ ਪ੍ਰੋਗਰਾਮ ਕਰਨ ਲਈ 12 ਲੱਖ ਰੁਪਏ ਮੰਗੇ। ਜਦ ਖ਼ਾਲਿਦ ਸਾਹਿਬ ਨੇ ਗੁਲਾਮ ਅਲੀ ਸਾਹਿਬ ਨੂੰ ਕਿਹਾ ਕਿ ਫ਼ੈਜ਼ ਸਾਹਿਬ ਤੁਹਾਡੇ ਸ਼ਾਇਰ ਹਨ ਤੇ ਅਸੀਂ ਉਨ੍ਹਾਂ ਦਾ ਦਿਨ ਜੰਮੂ ਵਿੱਚ ਮਨਾ ਰਹੇ ਹਾਂ ਤਾਂ ਤੁਹਾਡਾ ਫਰਜ਼ ਵੀ ਹੈ ਕਿ ਤੁਸੀਂ ਵੀ ਆਪਣਾ ਯੋਗਦਾਨ ਪਾਓ, ਤਾਂ ਗੁਲਾਮ ਅਲੀ ਸਾਹਿਬ ਨੇ ਦੋ ਲੱਖ ਰੁਪਏ ਘੱਟ ਕਰ ਦਿੱਤੇ ਤੇ ਕਿਹਾ ਕਿ ਉਹ ਘਰੇਲੂ ਮਹਿਫਲਾਂ ਵਿੱਚ ਆਉਣ ਦਾ 15 ਲੱਖ ਰੁਪਏ ਲੈਂਦੇ ਹਨ। ਇਸ ਲਈ ਤੁਹਾਡੇ ਕੋਲੋਂ 10 ਲੱਖ ਮੰਗ ਰਹੇ ਹਨ। ਖ਼ਾਲਿਦ ਸਾਹਿਬ ਨੇ ਆਪਣੇ ਬਜਟ ਵੱਲ ਧਿਆਨ ਦਿੱਤਾ ਤੇ ਉਸਤਾਦ ਹਾਮਦ ਅਲੀ ਖਾਨ ਸਾਹਿਬ ਨੂੰ ਢਾਈ ਲੱਖ ਰੁਪਏ ਤੇ ਬੁੱਕ ਕਰ ਲਿਆ। ਉਸਤਾਦ ਹਾਮਦ ਅਲੀ ਖਾਨ ਨੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਨਾਯਾਬ ਅਲੀ ਖਾਨ ਤੇ ਢੋਲਕ ਵਜਾਉਣ ਵਾਲੇ ਜਾਵੇਦ ਫ਼ੈਜ਼ ਵੀ ਉਨ੍ਹਾਂ ਨਾਲ ਆਉਣਗੇ, ਪਰ ਉਹ ਉਨ੍ਹਾਂ ਲਈ ਵਾਧੂ ਪੈਸਾ ਨਹੀਂ ਮੰਗਦਾ, ਪਰ ਬਾਕੀ ਦੇ ਸਾਜ਼ ਵਜਾਉਣ ਵਾਲਿਆਂ ਦਾ ਇੰਤਜ਼ਾਮ ਤੁਸੀਂ ਕਰੋਗੇ, ਕਿਉਂਕਿ ਭਾਰਤੀ ਸਫਾਰਤਖਾਨਾ ਬਹੁਤੇ ਬੰਦਿਆਂ ਨੂੰ ਜਾਣ ਦੀ ਆਗਿਆ ਨਹੀਂ ਦਿੰਦਾ। ਉਥੇ ਖ਼ਾਲਿਦ ਸਾਹਿਬ ਨੂੰ ਮਿਲਣ ਲਈ ਪਾਕਿਸਤਾਨ ਟੈਲੀਵਿਜ਼ਨ, ਫਿਲਮ ਤੇ ਥਿਏਟਰ ਦੀ ਮਸ਼ਹੂਰ ਕਲਾਕਾਰ ਅਤੇ ਡਾਇਰੈਕਟਰ ਸਮੀਨਾ ਪੀਰਜ਼ਾਦਾ ਵੀ ਆਈਆਂ ਤੇ ਕਹਿਣ ਲੱਗੀਆਂ ਕਿ ਉਨ੍ਹਾਂ ਨੂੰ ਵੀ ਜੰਮੂ ਲੈ ਚੱਲੋ, ਕਿਉਂਕਿ ਉਨ੍ਹਾਂ ਦੇ ਵੱਡੇ-ਵਡੇਰਿਆਂ ਦਾ ਸੰਬੰਧ ਵੀ ਕਸ਼ਮੀਰ ਨਾਲ ਹੈ। ਖ਼ਾਲਿਦ ਸਾਹਿਬ ਨੇ ਸਮੀਨਾ ਪੀਰਜ਼ਾਦਾ ਜੀ ਨੂੰ ਕਿਹਾ ਕਿ ਜੰਮੂ ਦਾ ਬੱਚਾ-ਬੱਚਾ ਉਨ੍ਹਾਂ ਨੂੰ ਪਕਿਸਤਾਨ ਟੈਲੀਵਿਜ਼ਨ ਦੇ ਹਵਾਲੇ ਨਾਲ ਜਾਣਦਾ ਹੈ, ਇਸ ਲਈ ਉਹ ਆਪਣਾ ਡਰਾਮਾ ਗਰੁੱਪ ਲੈ ਕੇ ਜੰਮੂ ਆਉਣ, ਤਾਂ ਅਸੀਂ ਉਨ੍ਹਾਂ ਦਾ ਸਵਾਗਤ ਕਰਾਂਗੇ, ਨਾਲੇ ਡਰਾਮਾ ਖੇਡਣ ਲਈ ਸੇਵਾ ਫਲ ਵੀ ਦੇਵਾਂਗੇ। ਉਨ੍ਹਾਂ ਦੇ ਪਤੀ ਉਸਮਾਨ ਪੀਰਜ਼ਾਦਾ ਵੀ ਪਾਕਿਸਤਾਨੀ ਟੈਲੀਵਿਜ਼ਨ, ਫਿਲਮ ਤੇ ਥਿਏਟਰ ਦਾ ਇੱਕ ਮੰਨਿਆ ਪਰਮੰਨਿਆ ਨਾਂ ਹੈ ਤੇ ਉਨ੍ਹਾਂ ਦੇ ਥਿਏਟਰ ਗਰੁੱਪ ਦਾ ਨਾਂ 'ਰਫੀ ਪੀਰਜ਼ਾਦਾ' ਹੈ, ਤੇ ਉਨ੍ਹਾਂ ਦਾ ਆਪਣਾ ਸਟੂਡੀਓ ਰਾਏਵਿੰਡ ਵਿੱਚ ਹੈ। ਦੋਵਾਂ ਪਤੀ-ਪਤਨੀ ਨੇ ਆਪਣਾ ਜੀਵਨ ਕਲਾ ਤੇ ਥਿਏਟਰ ਲਈ ਅਰਪਨ ਕੀਤਾ ਹੋਇਆ ਹੈ। ਖ਼ਾਲਿਦ ਸਾਹਿਬ ਨੇ ਮਲਕਾ ਪੁਖਰਾਜ ਦੀ ਸਪੁੱਤਰੀ ਤਾਹੀਰਾ ਸਈਅਦ ਨਾਲ ਵੀ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਉਹ ਆਪਣੀ ਮਾਂ ਦੇ ਵਤਨ ਜੰਮੂ ਵਿੱਚ ਜ਼ਰੂਰ ਆਉਣਾ ਚਾਹੁੰਦੀ ਹੈ ਤੇ ਉਥੇ ਡੋਗਰੀ ਤੇ ਪੰਜਾਬੀ ਗੀਤ ਗਾਉਣਾ ਚਾਹੁੰਦੀ ਹੈ, ਪਰ ਅਮਰੀਕਾ ਵਿੱਚ ਉਸਦਾ ਪ੍ਰੋਗਰਾਮ ਜਨਵਰੀ ਮਹੀਨੇ ਹੋ ਰਿਹਾ ਹੈ, ਇਸ ਲਈ ਉਹ ਮਾਰਚ 2012 ਤੋਂ ਬਾਅਦ ਕਿਸੇ ਵੀ ਵੇਲੇ ਜੰਮੂ ਆ ਸਕਦੀ ਹੈ। 20-22 ਦਿਨ ਪਾਕਿਸਤਾਨ ਵਿੱਚ ਗੁਜ਼ਾਰ ਕੇ ਜਿਨ੍ਹਾਂ ਸੱਜਣਾਂ ਨੂੰ ਸੱਦਾ ਦਿੱਤਾ ਸੀ, ਉਨ੍ਹਾਂ ਦੇ ਪਾਸਪੋਰਟਾਂ ਤੇ ਸ਼ਨਾਖਤੀ ਕਾਰਡਾਂ ਦੀਆਂ ਫੋਟੋ

ਕਾਫੀਆਂ ਲੈ ਕੇ 20 ਅਕਤੂਬਰ 2011 ਨੂੰ ਉਹ ਵਾਪਿਸ ਜੰਮੂ ਆ ਗਏ। ਜੰਮੂ ਆਉਂਦਿਆਂ ਹੀ ਉਨ੍ਹਾਂ ਸਭ ਤੋਂ ਪਹਿਲਾਂ 'ਜੰਮੂ ਸਿਵਲ ਸੋਸਾਇਟੀ ਫਾਰ ਆਰਟ ਐਂਡ ਲਿਟਰੇਚਰ' ਨਾਂ ਦੀ ਸੰਸਥਾ ਬਣਾਈ ਤੇ ਉਸ ਵਿੱਚ ਡਾ. ਲਲਿਤ ਮੰਗੋਤਰਾ ਤੇ ਸ਼ਾਮ ਸੁੰਦਰ ਆਨੰਦ ਲਹਿਰ ਨੂੰ ਵੀ ਸ਼ਾਮਿਲ ਕੀਤਾ ਤੇ ਇਸ ਸੰਸਥਾ ਨੂੰ ਰਜਿਸਟਰਡ ਕਰਵਾਇਆ ਤੇ ਫਿਰ ਚਿੱਠੀ-ਪੱਤਰ ਲਿਖਣ ਤੇ ਬਾਕੀ ਕਾਰਵਾਈਆਂ ਲਈ ਇਸੇ ਸੰਸਥਾਂ ਦਾ ਨਾਂ ਇਸਤੇਮਾਲ ਕੀਤਾ ਗਿਆ। ਇਸ ਸੰਸਥਾ ਦੇ ਸਰਪਰਸਤ ਮਸੂਦ ਚੌਧਰੀ (ਆਈ.ਪੀ.ਐਸੱ. ਰਿਟਾਇਰਡ), ਪ੍ਰਧਾਨ ਮੁਹੰਮਦ ਅਸਲਮ ਕੁਰੇਸ਼ੀ (ਆਈ.ਏ.ਐਸੱ. ਰਿਟਾਇਰਡ), ਤੇ ਜਨਰਲ ਸਕੱਤਰ ਖ਼ਾਲਿਦ ਹੁਸੈਨ ਜੀ ਬਣੇ। ਬਾਕੀ ਸਾਰੇ ਮੈਂਬਰ। ਆਈ.ਸੀ.ਸੀ.ਆਰ ਨਵੀਂ ਦਿੱਲੀ ਵੱਲੋਂ 10 ਲੱਖ ਰੁਪਏ ਦੀ ਮਾਇਕ ਸਹਾਇਤਾ ਦੋ ਰੋਜ਼ਾ ਜਸ਼ਨ-ਏ-ਫ਼ੈਜ਼ ਜਯੰਤੀ ਲਈ ਮਨਜ਼ੂਰ ਹੋਏ ਸਨ, ਜਿਨ੍ਹਾਂ ਵਿੱਚੋਂ 5 ਲੱਖ ਰੁਪਏ ਉਨ੍ਹਾਂ ਚੈੱਕ ਰਾਹੀਂ ਭੇਜ ਦਿੱਤੇ ਸਨ ਅਤੇ ਬਾਕੀ ਦੀ ਰਕਮ ਪ੍ਰੋਗਰਾਮ ਖਤਮ ਹੋਣ ਅਤੇ ਹਿਸਾਬ-ਕਿਤਾਬ ਦੇਣ ਮਗਰੋਂ ਜਾਰੀ ਕਰਨ ਦਾ ਵਿਸ਼ਵਾਸ ਦਵਾਇਆ ਗਿਆ ਸੀ। ਜਿਨ੍ਹਾਂ ਭਾਰਤੀ ਸ਼ਾਇਰਾਂ ਅਤੇ ਗਾਇਕਾਂ ਨੂੰ ਸੱਦਾ-ਪੱਤਰ ਦਿੱਤਾ ਗਿਆ ਸੀ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ- ਪ੍ਰਸਿੱਧ ਫਿਲਮਸਾਜ਼ ਤੇ ਸ਼ਾਇਰ ਗੁਲਜ਼ਾਰ, ਜਾਵੇਦ ਅਖ਼ਤਰ, ਨਿਦਾ ਫਾਜ਼ਲੀ, ਵਸੀਮ ਬਰੇਲਵੀ, ਅਨਵਰ ਜਲਾਲਾਬਾਦੀ, ਅਸ਼ੋਕ ਸਾਹਿਲ, ਖੁਸ਼ਬੀਰ ਸਿੰਘ ਸ਼ਾਦ, ਸਰਦਾਰ ਸਿੰਘ ਪੰਛੀ, ਤਾਹਿਰ ਫਰਾਜ਼, ਨਵਾਜ਼ ਦੇਵਬੰਦੀ ਤੇ ਫਿਆਜ਼ ਫਾਰੂਕੀ (ਆਈ.ਪੀ.ਐਸੱ.)। ਇਨ੍ਹਾਂ ਤੋਂ ਇਲਾਵਾ ਪੰਜਾਬੀ ਦੇ ਨੌਜਵਾਨ ਉਭਰਦੇ ਪੰਜਾਬੀ ਗਾਇਕ ਜਗੀਰ ਸਿੰਘ ਅਤੇ ਰੀਚਾ ਜੈਨ (ਕਥਕ ਨ੍ਰਿਤਕੀ)। ਇਸ ਤੋਂ ਛੁੱਟ ਸਾਹਿਤ ਅਕਾਦਮੀ ਦਿੱਲੀ ਦੇ ਉਰਦੂ ਵਿਭਾਗ ਦੇ ਮੁਖੀ ਆਰਿਫ-ਮਸੂਦ ਤੇ ਮੁਸ਼ਤਾਕ ਸਦਫ ਤਹਿਰੀਕ-ਏ-ਅਦਬ ਵਾਰਾਨਸੀ ਦੇ ਸੰਪਾਦਕ ਜਾਵੇਦ ਅਨਵਰ, ਅਤੇ ਅੰਜੁਮਨ-ਏ-ਤਰੱਕੀ ਉਰਦੂ ਹਿੰਦ ਦੇ ਮੁਖੀ ਖਲੀਲ-ਉਰ-ਰਹਿਮਾਨ। ਇਸ ਸਾਰੇ ਪ੍ਰੋਗਰਾਮ ਨੂੰ ਅੰਤਿਮ ਰੂਪ ਦੇਣ ਮਗਰੋਂ ਖ਼ਰਚ ਦਾ ਅਨੁਮਾਨ 19-20 ਲੱਖ ਤਕ ਲਗਾਇਆ ਗਿਆ, ਜਦਕਿ ਸਾਡੇ ਕੋਲ ਕੁੱਲ ਪੰਜ ਲੱਖ ਰੁਪਿਆ ਸੀ ਜੋ ਆਈ.ਸੀ.ਸੀ.ਆਰ. ਨੇ ਘੱਲਿਆ ਸੀ। ਬਾਕੀ ਦੀ ਰਕਮ ਇੱਕੱਠੀ ਕਰਨ ਲਈ ਖ਼ਾਲਿਦ ਸਾਹਿਬ ਨੇ ਸਾਰੇ ਮੈਂਬਰਾਂ 'ਤੇ ਜ਼ੋਰ ਪਾਇਆ, ਖ਼ਾਸਕਰ ਮਸੂਦ ਚੌਧਰੀ ਸਾਹਿਬ ਤੇ ਮੁਹੰਮਦ ਅਸਲਮ ਕੁਰੇਸ਼ੀ ਸਾਹਿਬ ਉਤੇ। ਮਸੂਦ ਚੌਧਰੀ ਸਾਹਿਬ ਨੇ ਸਾਫ ਇਨਕਾਰ ਕਰ ਦਿੱਤਾ, ਪਰ ਅਸਲਮ ਕੁਰੇਸ਼ੀ ਨੇ ਬੜੇ ਵੱਡੇ ਦਾਅਵੇ ਕੀਤੇ, ਭਈ ਉਹ ਪੰਜਾਹ ਲੱਖ ਰੁਪਏ ਤਕ ਇੱਕੱਠੇ ਕਰ ਸਕਦੇ ਹਨ। ਉਨ੍ਹਾਂ ਦੇ ਦਾਅਵੇ ਹਨ੍ਹੇਰੇ ਵਿੱਚ ਤੀਰ ਮਾਰਨ ਵਾਲੇ ਨਿਕਲੇ। ਉਹ ਸਿਰਫ ਇੱਕ ਵਿਅਕਤੀ ਕੋਲੋਂ 31 ਹਜ਼ਾਰ ਰੁਪਏ ਹੀ ਲਿਆ ਸਕੇ, ਜਦਕਿ ਉਨ੍ਹਾਂ ਦੇ ਦੋ ਪੁੱਤਰਾਂ ਨੇ 40 ਹਜ਼ਾਰ ਰੁਪਏ ਦਿੱਤੇ। ਬਾਕੀ ਦੀ ਸਾਰੀ ਰਕਮ ਖ਼ਾਲਿਦ ਸਾਹਿਬ ਨੇ ਇੱਕੱਠੀ

ਕੀਤੀ। ਉਨ੍ਹਾਂ ਨੇ ਆਪਣੇ ਬੋਲੀ ਤੇ ਪ੍ਰਦੇਸ਼ ਦੇ ਮੰਤਰੀ ਤਾਜ ਮੁਹੀ-ਉ-ਦੀਨ ਸਾਹਿਬ ਕੋਲੋਂ ਅਤੇ ਚੰਡੀਗੜ੍ਹ ਦੇ ਆਪਣੇ ਇੱਕ ਵਪਾਰੀ ਦੋਸਤ ਕੋਲੋਂ ਲੱਖ-ਲੱਖ ਰੁਪਿਆ ਵਸੂਲਿਆ। ਨਿਰਭੈਅ ਤਰੇਹਨ, ਵਿਵੇਕ ਮਹਿਤਾ, ਸੁਨਿਲ ਗੁਪਤਾ, ਬੀ.ਆਰ. ਡੋਗਰਾ, ਅਜਯ ਆਨੰਦ, ਚੌਧਰੀ ਨਜ਼ੀਰ ਅਹਿਮਦ ਤੇ ਮੁਜ਼ੱਫਰਸ਼ਾਹ ਹੋਰਾਂ ਕੋਲੋਂ 50-50 ਹਜ਼ਾਰ ਰੁਪਏ ਵਸੂਲੇ ਗਏ। ਰੋਜ਼ਨਾਮਾ ਤਸਕੀਨ ਦੇ ਸੰਪਾਦਕ ਤੇ ਜੰਮੂ ਸਿਵਲ ਸੋਸਾਇਟੀ ਦੇ ਮੈਂਬਰ ਸੋਹੇਲ ਕਾਜਮੀ ਹੋਰਾਂ ਨੇ ਡੇਢ ਲੱਖ ਰੁਪਏ ਇੱਕਠੇ ਕਰਕੇ ਦਿੱਤੇ, ਜਿਸ ਵਿੱਚ ਜੰਮੂ-ਕਸ਼ਮੀਰ ਪੁਲਿਸ ਦੇ ਡਾਇਰੈਕਟਰ ਜਨਰਲ ਦਾ ਇੱਕ ਲੱਖ ਰੁਪਿਆ ਵੀ ਸ਼ਾਮਿਲ ਸੀ। ਉਨ੍ਹਾਂ ਨੇ ਮਹਿਮਾਨਾਂ ਲਈ ਪੁਲਿਸ ਗੈਸਟ ਹਾਊਸ ਦੇਣ ਦੀ ਪੇਸ਼ਕਸ਼ ਕੀਤੀ। ਇੰਝ ਹੀ ਜੰਮੂ ਯੂਨੀਵਰਸਿਟੀ ਨੇ ਵੀ ਆਪਣੇ ਗੈਸਟ ਹਾਊਸ ਦੇ ਛੇ ਕਮਰੇ ਦੇਣ ਦੀ ਪੇਸ਼ਕਸ਼ ਕੀਤੀ। ਗ੍ਰਹਿ ਤੇ ਵਿਦੇਸ਼ ਮੰਤਰਾਲੇ ਦੇ ਸਕੱਤਰਾਂ ਨੂੰ ਚਿੱਠੀਆਂ ਲਿਖੀਆਂ ਗਈਆਂ ਅਤੇ ਬੇਨਤੀ ਕੀਤੀ ਗਈ ਕਿ ਪਾਕਿਸਤਾਨੀ ਮਹਿਮਾਨਾਂ ਨੂੰ ਰਿਆਸਤ ਜੰਮੂ ਕਸ਼ਮੀਰ ਦੀ ਸਰਮਾਈ ਰਾਜਧਾਨੀ ਜੰਮੂ ਵਿੱਚ ਆਉਣ ਦੀ ਆਗਿਆਂ ਦਿੱਤੀ ਜਾਏ। ਗ੍ਰਹਿ ਮੰਤਰਾਲੇ ਵਿੱਚ ਜੰਮੂ-ਕਸ਼ਮੀਰ ਕਾਰਡਰ ਦੇ ਆਈ.ਏ.ਐੱਸ. ਅਫਸਰ ਅਤੇ ਖ਼ਾਲਿਦ ਹੁਸੈਨ ਦੇ ਸੀਨੀਅਰ ਅਤੇ ਜੰਮੂ ਨਿਵਾਸੀ ਸ਼੍ਰੀ ਅਨਿਲ ਗੋਸਵਾਮੀ ਐਡਿਸ਼ਨਲ ਸਕੱਤਰ ਵਜੋਂ ਕੰਮ ਕਰ ਰਹੇ ਸਨ। ਇੰਝ ਹੀ ਖ਼ਾਲਿਦ ਹੁਸੈਨ ਦੇ ਇੱਕ ਪਰਮ ਮਿੱਤਰ ਤੇ ਆਈ.ਏ.ਐੱਸ. ਅਫਸਰ ਸ਼੍ਰੀ ਸਿਨਹਾ ਵਿਦੇਸ਼ ਮੰਤਰਾਲੇ ਵਿੱਚ ਜਾਇੰਟ ਸਕੱਤਰ ਦੀ ਪਦਵੀ 'ਤੇ ਕੰਮ ਕਰ ਰਹੇ ਸਨ। ਖ਼ਾਲਿਦ ਹੁਸੈਨ ਅਤੇ ਮੁਹੰਮਦ ਅਸਲਮ ਕੁਰੈਸ਼ੀ ਚਿੱਠੀਆਂ ਦੀਆਂ ਫੋਟੋ ਕਾਪੀਆਂ ਅਤੇ ਪਾਕਿਸਤਾਨੀ ਮਹਿਮਾਨਾਂ ਦੇ ਪਾਸਪੋਰਟਾਂ ਅਤੇ ਸ਼ਨਾਖਤੀ ਕਾਰਡਾਂ ਦੀਆਂ ਫੋਟੋ ਕਾਪੀਆਂ ਲੈ ਕੇ ਆਪ ਦਿੱਲੀ ਗਏ ਅਤੇ ਦੋਵੇਂ ਅਫਸਰਾਂ ਨੂੰ ਮਿਲੇ। ਉਹ ਬੜੇ ਖੁਸ਼ ਸਨ ਕਿ ਜੰਮੂ ਜਿਹੇ ਸ਼ਹਿਰ ਵਿੱਚ ਇੱਕ ਵਿਸ਼ਵ ਪੱਧਰ ਦਾ ਪ੍ਰੋਗਰਾਮ ਹੋ ਰਿਹਾ ਹੈ। ਉਨ੍ਹਾਂ ਆਪਣੇ ਵੱਲੋਂ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਅਤੇ ਜੰਮੂ-ਕਸ਼ਮੀਰ ਵਿਭਾਗਾਂ ਦੇ ਅਫਸਰਾਂ ਨੂੰ ਬੁਲਾ ਕੇ ਕਾਗਜ਼ ਉਨ੍ਹਾਂ ਦੇ ਹਵਾਲੇ ਕੀਤੇ ਤੇ ਉਨ੍ਹਾਂ ਨੂੰ ਹਦਾਇਤ ਦਿੱਤੀ ਕਿ ਛੇਤੀ ਤੋਂ ਛੇਤੀ ਕਾਰਵਾਈ ਮੁਕੰਮਲ ਕੀਤੀ ਜਾਏ ਤੇ ਪਾਕਿਸਤਾਨੀ ਮਹਿਮਾਨਾਂ ਦੇ ਹੱਕ ਵਿੱਚ ਜੰਮੂ ਆਉਣ ਦੀ ਮਨਜ਼ੂਰੀ ਦਿੱਤੀ ਜਾਏ। ਖ਼ਾਲਿਦ ਸਾਹਿਬ ਨੇ ਦਿੱਲੀ ਯੂਨੀਵਰਸਿਟੀ ਦੇ ਉਰਦੂ ਵਿਭਾਗ ਵਿੱਚ ਐਸਿਸਟੈਂਟ ਪ੍ਰੋਫੈਸਰ ਤੇ ਪੁਣਛ ਨਿਵਾਸੀ ਮੁਸ਼ਤਾਕ ਕਾਦਰੀ ਨੂੰ ਬੇਨਤੀ ਕੀਤੀ ਅਤੇ ਇਹ ਜ਼ਿੰਮੇਵਾਰੀ ਸੌਂਪੀ ਕਿ ਉਹ ਦੋਵਾਂ ਮੰਤਰਾਲਿਆਂ ਵਿੱਚ ਜੰਮੂ ਸਿਵਲ ਸੋਸਾਇਟੀ ਵੱਲੋਂ ਕੇਸ ਦੀ ਪੈਰਵੀ ਕਰੇ ਅਤੇ ਫਾਈਲ ਨੂੰ ਛੇਤੀ ਤੋਂ ਛੇਤੀ ਸਕੱਤਰ ਦੇ ਟੇਬਲ ਤਕ ਪਹੁੰਚਾਉਣ ਦਾ ਯਤਨ ਕਰੇ। ਇਧਰ ਜੰਮੂ ਵਿੱਚ ਕਾਰਡ ਛਪਣੇ ਸ਼ੁਰੂ ਹੋ ਗਏ। ਹੋਰਡਿੰਗਸ ਬਣਨ ਲੱਗੀਆਂ ਅਤੇ ਬਰੋਸ਼ਰ ਤਿਆਰ ਹੋਣ ਲੱਗੇ। ਵੋਡਾਫੋਨ ਟੈਲੀਕਾਮ ਕੰਪਨੀ ਅਤੇ ਦੂਜੇ ਕਾਰੋਬਾਰੀ

ਅਦਾਰਿਆਂ ਨੇ ਵੀ ਆਪਣੀਆਂ ਆਪਣੀਆਂ ਹੋਰਡਿੰਗਸ ਬਣਾਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਪ੍ਰੋਗਰਾਮ ਵਾਲੇ ਦਿਨਾਂ ਵਿੱਚ ਇਨ੍ਹਾਂ ਨੂੰ ਹਾਲ ਦੇ ਬਾਹਰ ਅਤੇ ਅੰਦਰ ਲਗਾਇਆ ਜਾ ਸਕੇ। ਵੋਡਾਫੋਨ ਵਾਲਿਆਂ ਨੇ ਇਸ ਲਈ ਇੱਕ ਲੱਖ ਰੁਪਿਆ ਦਿੱਤਾ ਸੀ। ਕਾਰਡ ਤਿਆਰ ਹੋ ਗਏ ਤੇ ਉਨ੍ਹਾਂ ਨੂੰ ਵੰਡਣ ਦਾ ਜ਼ਿੰਮਾ ਮਸੂਦ ਚੌਧਰੀ ਸਾਹਿਬ ਨੇ ਲਿਆ। ਮਸੂਦ ਸਾਹਿਬ ਨੇ ਇਸ ਕੰਮ ਲਈ ਐਸੱ.ਪੀ. ਸ਼ਰੀਫ ਚੌਹਾਨ ਹੋਰਾਂ ਦੀ ਡਿਊਟੀ ਲਗਾਈ ਅਤੇ ਉਨ੍ਹਾਂ ਦੇ ਅਮਲੇ ਨੇ ਇਹ ਕੰਮ ਕੀਤਾ। 9 ਦਸੰਬਰ 2011 ਨੂੰ ਪਾਕਿਸਤਾਨੀ ਮਹਿਮਾਨਾਂ ਨੇ ਵਾਹਗਾ ਬਾਰਡਰ ਪਾਰ ਕੀਤਾ। ਖ਼ਾਲਿਦ ਸਾਹਿਬ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਕਾਰਾਂ ਦੇ ਕਾਫਲੇ ਵਿੱਚ ਅੰਮ੍ਰਿਤਸਰ ਲਿਆਂਦਾ, ਜਿਥੇ ਪੱਤਰਕਾਰ ਸ਼੍ਰੀਮਤੀ ਰਸ਼ਮੀ ਤਲਵਾਰ ਨੇ ਬੜਾ ਵਧੀਆ ਲੰਚ ਕਰਵਾਇਆ। ਫਿਰ ਇਹ ਕਾਫਲਾ ਅੰਮ੍ਰਿਤਸਰ ਤੋਂ ਜੰਮੂ ਲਈ ਰਵਾਨਾ ਹੋਇਆ। ਰਾਜੌਰੀ ਦੀ ਧੀ ਤੇ ਕਠੂਏ ਵਿਆਹੀ ਅਤੇ ਖ਼ਾਲਿਦ ਸਾਹਿਬ ਦੀ ਮੂੰਹ ਬੋਲੀ ਭੈਣ ਅਤੇ ਡੋਗਰੀ, ਉਰਦੂ ਦੀ ਕਵਿਤਰੀ ਵਿਜਯ ਠਾਕੁਰ ਨੇ ਕਠੂਏ ਵਿੱਚ ਪਾਕਿਸਤਾਨੀ ਮਹਿਮਾਨਾਂ ਨੂੰ ਚਾਹ ਪਿਲਾਉਣ ਦੀ ਜ਼ਿੱਦ ਫੜੀ। ਜਦ ਖ਼ਾਲਿਦ ਸਾਹਿਬ, ਪਾਕਿਸਤਾਨੀ ਮਹਿਮਾਨਾਂ ਨੂੰ ਲੈ ਕੇ ਕਠੂਏ ਪਹੁੰਚੇ ਤਾਂ ਕਠੂਏ ਦੀ ਡਿਪਟੀ ਕਮਿਸ਼ਨਰ ਸ਼੍ਰੀਮਤੀ ਜ਼ਾਹੀਦਾ ਖਾਨ, ਐਸੱ.ਪੀ. ਕਠੂਆ ਤੇ ਬਾਕੀ ਜ਼ਿਲ੍ਹਾ ਅਫਸਰ ਅਤੇ ਸ਼ਹਿਰ ਦੇ ਪਤਵੰਤਿਆਂ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਸੜਕ ਦੇ ਨਾਲ ਹੀ ਬਣੇ ਕਾਲਜ ਵਿੱਚ ਮਹਿਮਾਨਾਂ ਲਈ ਇੱਕ ਕਲਚਰਲ ਪ੍ਰੋਗਰਾਮ ਪੇਸ਼ ਕੀਤਾ। ਪਾਕਿਸਤਾਨੀ ਮਹਿਮਾਨ ਬਹੁਤ ਖੁਸ਼ ਸਨ ਕਿ ਜੰਮੂ ਕਸ਼ਮੀਰ ਦੀ ਹੱਦ ਅੰਦਰ ਵੜਦਿਆਂ ਹੀ ਲੋਕਾਂ ਨੇ ਇੰਨੀ ਗਰਮਜੋਸ਼ੀ ਨਾਲ ਉਨ੍ਹਾਂ ਨੂੰ ਜੀ ਆਇਆਂ ਆਖਿਆ ਹੈ। ਜੰਮੂ ਪਹੁੰਚਣ ਸਾਰ ਹੀ ਅਖ਼ਬਾਰੀ ਪੱਤਰਕਾਰ ਅਤੇ ਵੱਖ-ਵੱਖ ਟੈਲੀਵਿਜ਼ਨ ਚੈਨਲਾਂ ਦੇ ਰਿਪੋਰਟਰਾਂ ਨੇ ਪਾਕਿਸਤਾਨੀ ਸ਼ਾਇਰਾਂ ਤੇ ਕਲਾਕਾਰਾਂ ਨਾਲ ਗੱਲਬਾਤ ਸ਼ੁਰੂ ਕੀਤੀ ਤੇ ਉਨ੍ਹਾਂ ਦੀ ਇੰਟਰਵਿਊ ਲਈ। ਪਾਕਿਸਤਾਨੀ ਮਹਿਮਾਨਾਂ ਨੂੰ ਜਿਹਲਮ ਰਿਜ਼ਾਰਟ, ਬਾਹੂ ਪਲਾਜ਼ਾ ਵਿਖੇ ਠਹਿਰਾਇਆ ਗਿਆ ਤੇ ਭਾਰਤੀ ਸ਼ਾਇਰਾਂ ਤੇ ਕਲਾਕਾਰਾਂ ਨੂੰ ਪੁਲਿਸ ਗੈਸਟ ਹਾਊਸ ਤੇ ਯੂਨੀਵਰਸਿਟੀ ਗੈਸਟ ਹਾਊਸ ਵਿੱਚ ਰੱਖਿਆ ਗਿਆ। ਜੰਮੂ ਸਿਵਲ ਸੋਸਾਇਟੀ ਨੇ ਇਹ ਫੈਸਲਾ ਕੀਤਾ ਸੀ ਕਿ ਕੋਈ ਵੀ ਮੁਕਾਮੀ ਸ਼ਾਇਰ ਹਿੰਦ-ਪਾਕ ਮੁਸ਼ਾਇਰੇ ਵਿੱਚ ਹਿੱਸਾ ਨਹੀਂ ਲਏਗਾ, ਪਰ ਉਹ ਲੰਚ ਤੋਂ ਪਹਿਲਾਂ ਤੇ ਬਾਅਦ ਵਿੱਚ ਭਾਰਤੀ ਤੇ ਪਾਕਿਸਤਾਨੀ ਸ਼ਾਇਰਾਂ ਨਾਲ ਸਾਹਿਤਕ ਗੋਸ਼ਟੀਆਂ ਕਰ ਸਕਦੇ ਹਨ। ਇਸ ਫੈਸਲੇ ਦੀ ਨਿੰਦਿਆ ਜੰਮੂ-ਕਸ਼ਮੀਰ ਦੇ ਉਰਦੂ ਸ਼ਾਇਰਾਂ ਨੇ ਕੀਤੀ ਤੇ ਫੈਸਲਾ ਕੀਤਾ ਕਿ ਉਹ ਇਸ ਪ੍ਰੋਗਰਾਮ ਦਾ ਬਾਈਕਾਟ ਕਰਨਗੇ। ਬਾਈਕਾਟ ਦਾ ਫੈਸਲਾ ਕਰਨ ਅਤੇ ਜੰਮੂ ਸਿਵਲ ਸੋਸਾਇਟੀ ਨੂੰ ਭੰਡਣ ਵਿੱਚ ਖ਼ਾਲਿਦ ਸਾਹਿਬ ਦਾ ਇੱਕ ਬਹੁਤ ਹੀ ਕਰੀਬੀ ਮਿੱਤਰ ਪ੍ਰਿਤਪਾਲ ਸਿੰਘ ਬੇਤਾਬ ਪੇਸ਼ ਪੇਸ਼ ਸੀ।

ਉਹ ਹੋਛੇ ਹਥਿਆਰਾਂ 'ਤੇ ਉਤਰ ਆਇਆ ਤੇ ਗਾਲ੍ਹਾਂ ਵੀ ਕੱਢਦਾ ਰਿਹਾ।

10 ਦਸੰਬਰ 2011 ਨੂੰ 5 ਵਜੇ ਜੰਮੂ ਯੂਨੀਵਰਸਿਟੀ ਦੇ ਜਰਨਲ ਜ਼ੋਰਾਵਰ ਸਿੰਘ ਆਡੀਟੋਰੀਅਮ ਵਿੱਚ ਸੰਗੀਤ ਦਾ ਪ੍ਰੋਗਰਾਮ ਆਰੰਭ ਹੋਇਆ, ਸਾਰਾ ਹਾਲ ਖਚਾ ਖਚ ਭਰਿਆ ਹੋਇਆ ਸੀ। ਤਿੱਲ ਸੁੱਟਣ ਨੂੰ ਵੀ ਕਿਤੇ ਥਾਂ ਨਹੀਂ ਸੀ ਲੱਭਦੀ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਸ੍ਰੀ ਉਮਰ ਅਬਦੁੱਲਾ, ਵਿੱਤ ਮੰਤਰੀ ਅਬਦੁੱਲ ਰਹੀਮ ਰਾਥਰ ਤੋਂ ਛੁੱਟ ਸਾਰੀ ਕੈਬੀਨੇਟ ਦੇ ਵੱਡੇ ਅਫਸਰ, ਪੁਲਿਸ ਦੇ ਡਾਇਰੈਕਟਰ ਜਨਰਲ ਤੇ ਹੋਰ ਵੱਡੇ ਪੁਲਿਸ ਅਫਸਰ, ਯੂਨੀਵਰਸਿਟੀ ਤੇ ਕਾਲਜ ਦੇ ਪ੍ਰੋਫੈਸਰ ਅਤੇ ਸ਼ਹਿਰ ਦੇ ਸੰਗੀਤ ਤੇ ਕਲਾ ਪ੍ਰੇਮੀ ਹਾਲ ਵਿੱਚ ਬਿਰਾਜਮਾਨ ਸਨ। ਡੋਡਾ, ਪੁਣਛ ਤੇ ਰਾਜੌਰੀ ਤੋਂ ਵੀ ਸਾਹਿਤ ਤੇ ਕਲਾ ਪ੍ਰੇਮੀ ਜਸ਼ਨ-ਏ-ਫੈਜ਼ ਵਿੱਚ ਸ਼ਾਮਿਲ ਹੋਣ ਲਈ ਆਏ ਸਨ। ਸਭ ਤੋਂ ਪਹਿਲਾਂ ਮਸੂਦ ਚੌਧਰੀ ਸਾਹਿਬ ਨੇ ਕੁੰਜੀਵਤ ਭਾਸ਼ਣ ਦਿੱਤਾ, ਫਿਰ ਪਾਕਿਸਤਾਨ ਦੇ ਮੰਨੇ-ਪ੍ਰਮੰਨੇ ਸ਼ਾਇਰ ਅਤੇ ਪਾਕਿਸਤਾਨ ਟੈਲੀਵਿਜ਼ਨ ਦੇ ਡਰਾਮਾ ਡਾਇਰੈਕਟਰ ਆਯੂਬ ਖਾਵਰ ਹੋਰਾਂ ਫੈਜ਼ ਅਹਿਮਦ ਫੈਜ਼ ਹੋਰਾਂ ਦੀਆਂ ਦੋ ਨਜ਼ਮਾਂ ਪੜ੍ਹੀਆਂ ਤੇ ਫਿਰ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਆਪਣਾ ਭਾਸ਼ਣ ਦਿੱਤਾ, ਜਿਹੜੇ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਜੰਮੂ ਸਿਵਲ ਸੋਸਾਇਟੀ ਦੇ ਮੈਂਬਰਾਂ ਦੀ ਰੱਜ ਕੇ ਪ੍ਰਸੰਸਾ ਕੀਤੀ ਅਤੇ ਫਰਮਾਇਆ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਗਲਤ ਫਹਿਮੀਆਂ ਤੇ ਦੂਰੀਆਂ ਖਤਮ ਕਰਨ ਲਈ ਅਜਿਹੇ ਪ੍ਰੋਗਰਾਮ ਕਰਵਾਉਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਇਹ ਕੰਮ ਰਿਆਸਤ ਦੀ ਕਲਚਰਲ ਅਕੈਡਮੀ ਜਾਂ ਜੰਮੂ ਯੂਨੀਵਰਸਿਟੀ ਨੂੰ ਕਰਵਾਉਣਾ ਚਾਹੀਦਾ ਸੀ, ਪਰ ਉਹ ਨਾ ਕਰਵਾ ਸਕੇ। ਸ੍ਰੀ ਉਮਰ ਅਬਦੁੱਲਾ ਨੇ ਪਾਕਿਸਤਾਨੀ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਫਰਮਾਇਆ ਕਿ ਉਹ ਵਾਪਿਸ ਜਾਂਦਿਆਂ ਸਾਡੇ ਪਿਆਰ, ਖਲੂਸ, ਮਹਿਮਾਨ-ਨਿਵਾਜ਼ੀ ਅਤੇ ਅਮਨ ਦੀ ਖ਼ਾਹਿਸ਼ ਦਾ ਪੈਗਾਮ ਲੈ ਕੇ ਜਾਣ। ਉਨ੍ਹਾਂ ਦੱਸਿਆ ਕਿ ਫੈਜ਼ ਅਹਿਮਦ ਫੈਜ਼ ਤੇ ਉਨ੍ਹਾਂ ਦੇ ਦਾਦਾ ਸ਼ੇਖ਼ ਮੁਹੰਮਦ ਅਬਦੁੱਲਾ ਬੜੇ ਗੂੜ੍ਹੇ ਯਾਰ ਸਨ ਤੇ ਫੈਜ਼ ਸਾਹਿਬ ਦੇ ਵਿਆਹ ਵਿੱਚ ਵਕੀਲ ਦੀ ਭੂਮਿਕਾ ਸ਼ੇਖ਼ ਅਬਦੁੱਲਾ ਨੇ ਹੀ ਨਿਭਾਈ ਸੀ। ਇਹ ਵਿਆਹ ਸ੍ਰੀਨਗਰ ਵਿੱਚ ਐਸ.ਪੀ. ਕਾਲਜ ਦੇ ਰਿਹਾਇਸ਼ੀ ਬਲਾਕ ਵਿੱਚ ਹੋਇਆ ਸੀ, ਜਿਥੇ ਐਸ.ਪੀ. ਕਾਲਜ ਦੇ ਪ੍ਰਿੰਸੀਪਲ ਤੇ ਫੈਜ਼ ਸਾਹਿਬ ਦੀ ਪਤਨੀ ਦੇ ਬਹਿਨੋਈ ਤੇ ਪਾਕਿਸਤਾਨੀ ਪੰਜਾਬ ਦੇ ਸਾਬਕਾ ਗਵਰਨਰ ਸ਼ਹੀਦ ਸਲਮਾਨ ਤਾਸੀਰ ਦੇ ਪਿਤਾ ਮੁਹੰਮਦ ਦੀਨ ਤਾਸੀਰ ਰਹਿੰਦੇ ਸਨ। ਤਾਸੀਰ ਸਾਹਿਬ ਦੀ ਪਤਨੀ ਤੇ ਫੈਜ਼ ਸਾਹਿਬ ਦੀ ਪਤਨੀ ਦੋਵੇਂ ਅੰਗਰੇਜ਼ ਸਨ ਤੇ ਸਿਰਫ ਅੰਗਰੇਜ਼ੀ ਭਾਸ਼ਾ ਹੀ ਬੋਲ ਸਕਦੀਆਂ ਸਨ ਤੇ ਉਨ੍ਹਾਂ (ਉਮਰ ਅਬਦੁੱਲਾ) ਦੀ ਦਾਦੀ ਵੀ ਅੰਗਰੇਜ਼ ਖਾਤੂਨ ਸੀ। ਉਨ੍ਹਾਂ ਦੀ ਤਕਰੀਰ ਤੋਂ ਬਾਅਦ ਪਾਕਿਸਤਾਨ ਦੇ ਪ੍ਰਸਿੱਧ ਗਾਇਕ ਤੇ ਪਟਿਆਲਾ ਘਰਾਣੇ ਦੇ ਵਾਰਿਸ ਉਸਤਾਦ ਹਾਮਿਦ ਅਲੀ ਖਾਨ ਨੇ ਫੈਜ਼ ਅਹਿਮਦ ਫੈਜ਼ ਦੀਆਂ

ਗ਼ਜ਼ਲਾਂ ਗਾਉਣ ਤੋਂ ਛੁੱਟ ਪੰਜਾਬੀ ਤੇ ਡੋਗਰੀ ਗੀਤ ਵੀ ਗਾਏ। ਫਿਰ ਉਨ੍ਹਾਂ ਆਪਣੇ ਪੁੱਤਰ ਨਾਯਾਬ ਅਲੀ ਨਾਲ ਮਿਲ ਕੇ ਜੁਗਲਬੰਦੀ ਗਾਈ ਤੇ ਸਾਰੀ ਮਹਿਫਲ ਨੂੰ ਮਸਤ ਬਣਾ ਦਿੱਤਾ। ਉਸਤਾਦ ਹਾਮਿਦ ਅਲੀ ਨੇ ਲੋਕਾਂ ਦੀ ਫਰਮਾਇਸ਼ 'ਤੇ ਆਪਣੇ ਵੱਡੇ ਭਰਾ ਉਸਤਾਦ ਅਮਾਨਤ ਅਲੀ ਦੀ ਗਾਈ ਹੋਈ ਇਬਨ-ਏ-ਇੰਸ਼ਾ ਦੀ ਗ਼ਜ਼ਲ 'ਇੰਸ਼ਾ ਜੀ ਚਲੋ ਅਬ ਕੂਚ ਕਰੋ' ਵੀ ਗਾਈ। ਉਨ੍ਹਾਂ ਦੇ ਮਗਰੋਂ ਰੀਚਾ ਜੈਨ ਨੇ ਫੈਜ਼ ਦੀਆਂ ਦੋ ਗ਼ਜ਼ਲਾਂ ਨੂੰ ਕੱਥਕ ਡਾਂਸ ਰਾਹੀਂ ਪੇਸ਼ ਕੀਤਾ ਤੇ ਆਖ਼ਿਰ ਵਿੱਚ ਜਗੀਰ ਸਿੰਘ ਨੇ ਫੈਜ਼ ਸਾਹਿਬ ਦੀਆਂ ਦੋ ਪੰਜਾਬੀ ਨਜ਼ਮਾਂ ਗਾ ਕੇ ਮਹਿਫਿਲ ਨੂੰ ਆਪਣੀ ਗਾਇਕੀ ਦਾ ਅਹਿਸਾਸ ਕਰਵਾਇਆ। ਰਾਤ ਦਾ ਖਾਣਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਆਪਣੀ ਸਰਕਾਰੀ ਰਿਹਾਇਸ਼ਗਾਹ 'ਤੇ ਦਿੱਤਾ। ਉਥੇ ਪਾਕਿਸਤਾਨੀ ਉਰਦੂ ਤੇ ਪੰਜਾਬੀ ਸ਼ਾਇਰ ਅਨਵਰ ਮਸੂਦ ਨੇ ਆਪਣੀਆਂ ਹਾਸ ਰਸ ਕਵਿਤਾਵਾਂ ਸੁਣਾ ਕੇ ਉਮਰ ਅਬਦੁੱਲਾ ਤੇ ਉਨ੍ਹਾਂ ਦੇ ਮੰਤਰੀਆਂ ਨੂੰ ਰੱਜ ਕੇ ਹਸਾਇਆ। ਆਯੂਬ ਖਾਵਰ ਨੇ ਆਪਣੀ ਮਸ਼ਹੂਰ ਗ਼ਜ਼ਲ (ਪਰਵੇਜ਼ ਮਹਿੰਦੀ ਦੀ ਗਾਈ ਹੋਈ) 'ਸਾਤ ਸੁਰੋਂ ਕਾ ਬਹਤਾ ਦਰਿਆ ਤੇਰੇ ਨਾਮ' ਸੁਣਾਈ। ਦੂਜੇ ਦਿਨ ਸਲੀਮਾ ਹਾਸ਼ਮੀ ਜੀ ਨੇ ਆਪਣੇ ਪਿਤਾ ਫੈਜ਼ ਅਹਿਮਦ ਫੈਜ਼ ਬਾਰੇ ਇੱਕ ਬਹੁਤ ਹੀ ਖ਼ੂਬਸੂਰਤ ਲੇਖ ਪੜ੍ਹਿਆ। ਇੰਝ ਜਾਪਦਾ ਸੀ, ਜਿਵੇਂ ਪਿਓ-ਧੀ ਆਪਸ ਵਿੱਚ ਗੱਲਾਂ ਕਰ ਰਹੇ ਹਨ। ਫਿਰ ਮੁਸ਼ਾਇਰੇ ਦਾ ਆਰੰਭ ਹੋਇਆ। ਅਨਵਰ ਜਲਾਲਾਬਾਦੀ ਨੇ ਮੁਸ਼ਾਇਰੇ ਦੇ ਪਹਿਲੇ ਭਾਗ ਦਾ ਸੰਚਾਲਨ ਕੀਤਾ ਅਤੇ ਦੂਜੇ ਭਾਗ ਵਿੱਚ ਪਾਕਿਸਤਾਨ ਦੇ ਸ਼ਾਇਰਾਂ ਨੇ ਹਿੱਸਾ ਲਿਆ ਤੇ ਉਸਦੀ ਸੰਚਾਲਨਾ ਏਜਾਜ਼ ਅਹਿਮਦ ਆਜ਼ਰ ਨੇ ਕੀਤੀ। ਮੁਸ਼ਾਇਰੇ ਦੇ ਪ੍ਰਧਾਨ ਅਨਵਰ ਮਸੂਦ ਨੇ ਆਖ਼ਿਰ ਵਿੱਚ ਆਪਣਾ ਸੰਜੀਦਾ ਤੇ ਹਾਸ ਰਸ ਵਾਲਾ ਕਲਾਮ ਪੜ੍ਹਿਆ। ਉਨ੍ਹਾਂ ਉਰਦੂ ਦੇ ਨਾਲ ਨਾਲ ਪੰਜਾਬੀ ਕਵਿਤਾਵਾਂ ਵੀ ਸੁਣਾਈਆਂ ਤੇ ਸੁਣਨ ਵਾਲਿਆਂ ਦੇ ਮਨ ਮੋਹ ਲਏ। ਰਾਤ ਨੂੰ ਕਾਨੂੰਨ ਸਾਜ਼ ਕੌਂਸਲ ਦੇ ਚੇਅਰਮੈਨ ਸ਼੍ਰੀ ਅਮ੍ਰਿਤ ਮਲਹੋਤਰਾ ਵੱਲੋਂ ਖਾਣੇ ਦੀ ਦਾਵਤ ਸੀ। ਉਥੇ ਲੋਕਾਂ ਦੀ ਫਰਮਾਇਸ਼ 'ਤੇ ਉਸਤਾਦ ਹਾਮਿਦ ਅਲੀ ਨੇ ਕੁੱਝ ਗ਼ਜ਼ਲਾਂ ਗਾਈਆਂ। ਉਥੇ ਸਾਬਕਾ ਐਡਵੋਕੇਟ ਜਨਰਲ ਤੇ ਨੈਸ਼ਨਲ ਕਾਨਫਰੰਸ ਦੇ ਐਡਵਾਈਜ਼ਰ ਅਤੇ ਖ਼ਾਲਿਦ ਹੁਸੈਨ ਦੇ ਮਿੱਤਰ ਸ਼੍ਰੀ ਅਸਲਮ ਗੋਨੀ ਨੇ ਪਕਿਸਤਾਨੀ ਮਹਿਮਾਨਾਂ ਨੂੰ ਆਪਣੇ ਘਰ, ਅਗਲੀ ਰਾਤ ਦੇ ਖਾਣੇ ਦੀ ਦਾਵਤ ਦਿੱਤੀ। ਦੂਜੇ ਦਿਨ ਪਾਕਿਸਤਾਨੀ ਮਹਿਮਾਨ ਜੰਮੂ ਦੇ ਬਾਜ਼ਾਰਾਂ ਵਿੱਚ ਤੇ ਪੁਰਾਣੇ ਮੁਹੱਲਿਆਂ ਵਿੱਚ ਘੁੰਮਦੇ ਫਿਰਦੇ ਰਹੇ। ਰਾਤ ਨੂੰ ਅਸਲਮ ਗੋਨੀ ਦੇ ਘਰ ਵਾਜ਼ਵਾਨ (ਕਸ਼ਮੀਰੀ ਦਾਵਤ) ਖਾਧਾ ਤੇ ਉਥੇ ਵੀ ਉਸਤਾਦ ਹਾਮਿਦ ਅਲੀ ਤੇ ਉਨ੍ਹਾਂ ਦੇ ਸਪੁੱਤਰ ਨਾਯਾਬ ਅਲੀ ਨੇ ਗ਼ਜ਼ਲਾਂ ਗਾ ਕੇ ਵਾਹੋ-ਵਾਹੀ ਬਟੋਰੀ। ਚੌਥੇ ਦਿਨ ਸਵੇਰੇ ਖ਼ਾਲਿਦ ਹੁਸੈਨ ਇਸ ਕਾਫ਼ਲੇ ਨੂੰ ਲੈ ਕੇ ਵਾਪਿਸ ਅੰਮ੍ਰਿਤਸਰ ਗਏ ਤੇ ਇੱਕ ਰਾਤ ਅੰਮ੍ਰਿਤਸਰ ਗੁਜ਼ਾਰਨ ਮਗਰੋਂ ਉਹ 15 ਦਸੰਬਰ 2011

ਨੂੰ ਵਾਹਗਾ ਬਾਰਡਰ ਵੱਲੋਂ ਪਾਕਿਸਤਾਨ ਚਲੇ ਗਏ। ਜੰਮੂ-ਕਸ਼ਮੀਰ ਦਾ ਇੱਕ ਨੌਜਵਾਨ ਆਈ.ਪੀ.ਐਸੱ. ਅਫਸਰ ਬਸੰਤ ਰਥ (ਜੋ ਆਪ ਵੀ ਅੰਗਰੇਜ਼ੀ ਦਾ ਇੱਕ ਸ਼ਾਇਰ ਹੈ), ਉਸਤਾਦ ਹਾਮਿਦ ਅਲੀ ਤੇ ਨਾਯਾਬ ਅਲੀ ਦੀ ਗਾਇਕੀ ਤੋਂ ਇਨ੍ਹਾਂ ਪ੍ਰਭਾਵਿਤ ਸੀ ਕਿ ਉਹ ਉਨ੍ਹਾਂ ਨੂੰ ਛੱਡਣ ਲਈ ਅੰਮ੍ਰਿਤਸਰ ਤਕ ਵੀ ਗਿਆ। ਜਸ਼ਨ-ਏ-ਫੈਜ਼ ਪ੍ਰੋਗਰਾਮ ਦੀ ਚਰਚਾ ਪ੍ਰਿੰਟ ਮੀਡੀਆ ਤੇ ਇਲੈਕਟ੍ਰਾਨਿਕ ਮੀਡੀਆ ਨੇ ਕਈ ਦਿਨਾਂ ਤਕ ਕੀਤੀ। ਭਾਰਤੀ ਤੇ ਪਾਕਿਸਤਾਨੀ ਸ਼ਾਇਰਾਂ ਦੇ ਇੰਟਰਵਿਊ ਨਸ਼ਰ ਹੋਏ ਤੇ ਅਖ਼ਬਾਰਾਂ ਵਿੱਚ ਛਪੇ। ਦੂਰਦਰਸ਼ਨ ਨੇ ਦੋਵਾਂ ਦਿਨਾਂ ਦੇ ਪ੍ਰੋਗਰਾਮ ਰਿਕਾਰਡ ਕੀਤੇ ਤੇ ਫਿਰ ਦੂਰਦਰਸ਼ਨ ਦੇ ਜੰਮੂ, ਸ੍ਰੀਨਗਰ, ਦਿੱਲੀ, ਲਖਨਉ ਤੇ ਹੈਦਰਾਬਾਦ ਕੇਂਦਰਾਂ ’ਤੇ ਵਿਖਾਏ। ਬੇਸ਼ੁਮਾਰ ਲੋਕਾਂ ਨੇ ਜਸ਼ਨ-ਏ-ਫੈਜ਼ ਪ੍ਰੋਗਰਾਮ ਦੀਆਂ ਸੀਡੀਆਂ ਹਾਸਿਲ ਕਰਕੇ ਆਪਣੇ ਰਿਕਾਰਡ ਲਈ ਰੱਖੀਆਂ। ਜੰਮੂ ਦੇ ਇਤਿਹਾਸ ਵਿੱਚ ਇਸ ਤੋਂ ਵੱਡਾ ਪ੍ਰੋਗਰਾਮ ਪਹਿਲਾਂ ਕਦੇ ਨਹੀਂ ਸੀ ਹੋਇਆ ਤੇ ਇਸ ਦਾ ਸੇਹਰਾ ਖ਼ਾਲਿਦ ਸਾਹਿਬ ਦੇ ਸਿਰ ਜਾਂਦਾ ਹੈ।

***

# ਨਿੱਘ ਦੇ ਗੀਤ

ਜੰਮੂ-ਕਸ਼ਮੀਰ ਦੀਆਂ ਪੰਜਾਬੀ ਸੰਸਥਾਵਾਂ, ਮਾਂ ਬੋਲੀ ਤੇ ਸਾਹਿਤ ਲਈ ਉਨ੍ਹਾਂ ਕੰਮ ਨਹੀਂ ਸਨ ਕਰ ਰਹੀਆਂ, ਜਿਨ੍ਹਾਂ ਕਰਨ ਦੀ ਲੋੜ ਸੀ। ਕਸ਼ਮੀਰ ਵਿੱਚ ਅੱਤਵਾਦ ਫੈਲਣ ਤੋਂ ਪਹਿਲਾਂ ਯਾਨੀ 1990 ਤਕ ਪੰਜਾਬੀ ਸਾਹਿਤ ਸਭਾ, ਸ੍ਰੀਨਗਰ ਸਰਗਰਮੀ ਨਾਲ ਸਾਹਿਤਕ ਗਤੀਵਿਧੀਆਂ ਨੂੰ ਜਾਰੀ ਰੱਖ ਰਹੀ ਸੀ। ਹਰ ਹਫਤੇ ਸਭਾ ਦੀ ਗੋਸ਼ਟੀ ਹੁੰਦੀ, ਜਿਸ ਵਿੱਚ ਸਾਹਿਤਕਾਰ ਆਪਣੀਆਂ ਰਚਨਾਵਾਂ ਪੜ੍ਹਦੇ, ਉਨ੍ਹਾਂ 'ਤੇ ਭਰਵੀਂ ਬਹਿਸ ਹੁੰਦੀ ਤੇ ਸਾਹਿਤਕਾਰਾਂ ਨੂੰ ਆਪਣੀ ਰਚਨਾਵਾਂ ਵਿੱਚ ਪਾਈਆਂ ਜਾਣ ਵਾਲੀਆਂ ਖ਼ਾਮੀਆਂ ਦਾ ਪਤਾ ਲੱਗਦਾ ਤੇ ਉਹ ਰਚਨਾਵਾਂ ਨੂੰ ਸੋਧਣ, ਸਵਾਰਨ ਤੇ ਸ਼ਿੰਗਾਰਨ ਲਈ ਮਿਹਨਤ ਕਰਦੇ। ਬੜੀਆਂ ਖੂਬਸੂਰਤ ਕਹਾਣੀਆਂ ਇਸ ਸਭਾ ਦੀਆਂ ਬੈਠਕਾਂ ਵਿੱਚ ਪੜ੍ਹੀਆਂ ਜਾਂਦੀਆਂ। ਨਾਵਲ ਦੇ ਅੰਸ਼ ਪੜ੍ਹੇ ਜਾਂਦੇ, ਡਰਾਮੇ ਪੜ੍ਹੇ ਜਾਂਦੇ ਅਤੇ ਵਾਰਤਕ ਦੀਆਂ ਹੋਰ ਕਈ ਸਿਨਫ਼ਾਂ 'ਤੇ ਕਲਮ ਚੁੱਕੀ ਜਾਂਦੀ। ਸ਼ਾਇਰੀ ਦਾ ਹਾਲ ਹਮੇਸ਼ਾ ਮਾੜਾ ਰਿਹਾ ਤੇ ਇਹ ਸਿਨਫ਼ ਤੁਕਬੰਦੀ ਤੋਂ ਉਪੱਰ ਨਹੀਂ ਉਠ ਸਕੀ, ਜਿਸਦਾ ਕਾਰਨ ਇਹ ਸੀ ਕਿ ਸਭਾ ਦਾ ਕੋਈ ਵੀ ਮੈਂਬਰ, ਆਲੋਚਕ ਜਾਂ ਸਾਹਿਤਕਾਰ, ਸ਼ਾਇਰੀ ਦੀ ਤਕਨੀਕ ਅਤੇ ਬੁਨਿਆਦੀ ਗੱਲਾਂ ਤੋਂ ਜਾਣੂ ਨਹੀਂ ਸੀ। ਇਹ ਭਾਵੇਂ ਆਪਣੇ ਆਪ ਨੂੰ ਮੋਢੀ ਅਖਵਾਉਣ ਵਾਲੇ ਪ੍ਰੋ. ਪ੍ਰੇਮ ਸਿੰਘ, ਪ੍ਰੋ. ਸੇਵਾ ਸਿੰਘ, ਕੰਵਲ ਕਸ਼ਮੀਰੀ ਜਾਂ ਸਰਨ ਸਿੰਘ ਹੋਣ ਜਾਂ ਫਿਰ ਗੁਰਚਰਨ ਸਿੰਘ ਗੁਲਸ਼ਨ, ਅਵਤਾਰ ਸਿੰਘ ਚੰਦਨ, ਹਰਭਜਨ ਸਿੰਘ ਸਾਗਰ, ਇਛੂਪਾਲ, ਜਰਨੈਲ ਸਿੰਘ ਗੁਲਾਬ, ਅਜੀਤ ਸਿੰਘ ਮਸਤਾਨਾ, ਸੁਮੇਰ ਸਿੰਘ ਮਸਤਾਨਾ ਤੇ ਖ਼ਾਲਿਦ ਹੁਸੈਨ ਆਦਿ ਹੋਣ। ਕਿਸੇ ਨੂੰ ਵੀ ਵਜ਼ਨ, ਬੈਹਰ, ਲਘਾਂ-ਮਾਤਰਾਂ, ਜਾਂ ਛੰਦਾ-ਬੰਦੀ ਦਾ ਗਿਆਨ ਨਹੀਂ ਸੀ, ਫਿਰ ਵੀ ਸਰਨ ਸਿੰਘ, ਕੰਵਲ ਕਸ਼ਮੀਰੀ, ਇਛੂਪਾਲ, ਗੁਰਚਰਨ ਸਿੰਘ ਗੁਲਸ਼ਨ ਆਦਿ ਆਪਣੇ ਆਪ ਨੂੰ ਸ਼ਾਇਰ ਵੀ ਮੰਨਦੇ ਸਨ ਤੇ ਇਨ੍ਹਾਂ ਦੀਆਂ ਕਵਿਤਾਵਾਂ ਦੀਆਂ ਪੁਸਤਕਾਂ ਵੀ ਛਪੀਆਂ, ਪਰ ਕਿਸੇ ਨੇ ਵੀ ਇਨ੍ਹਾਂ ਦੀਆਂ ਕਵਿਤਾਵਾਂ ਦਾ ਨੋਟਿਸ ਨਹੀਂ ਲਿਆ। ਕਿਸੇ ਦਾ ਇੱਕ ਵੀ ਸ਼ੇਅਰ ਅਜਿਹਾ ਨਹੀਂ ਸੀ ਜੋ ਕਿਸੇ ਨੂੰ ਯਾਦ ਹੋਏ, ਪਰ ਵਾਰਤਕ ਦੇ ਖੇਤਰ ਵਿੱਚ ਇਨ੍ਹਾਂ ਸੱਜਣਾਂ ਦੀਆਂ ਕਈ ਕਹਾਣੀਆਂ ਵਰਣਨਯੋਗ ਹਨ। 1990 ਤੋਂ ਪਹਿਲਾਂ ਸਭਾ ਦੀਆਂ ਗੋਸ਼ਟੀਆਂ ਵਿੱਚ ਡੋਗਰੀ, ਕਸ਼ਮੀਰੀ, ਹਿੰਦੀ ਤੇ ਉਰਦੂ ਦੇ ਵੀ ਸਾਹਿਤਕਾਰ ਹਿੱਸਾ

ਲੈਂਦੇ ਸਨ ਤੇ ਆਪਣੀ ਰਚਨਾ ਸੁਣਾਉਂਦੇ ਸਨ, ਕਿਉਂਕਿ ਪੰਜਾਬੀ ਸਾਹਿਤ ਸਭਾ ਹੀ ਇੱਕ ਅਜਿਹਾ ਅਦਾਰਾ ਸੀ, ਜਿਸਦਾ ਆਪਣਾ ਦਫ਼ਤਰ ਸੀ ਅਤੇ ਆਪਣੀ ਲਾਇਬ੍ਰੇਰੀ। ਉਰਦੂ, ਹਿੰਦੀ ਤੇ ਪੰਜਾਬੀ ਦੇ ਮੰਨੇ-ਪ੍ਰਮੰਨੇ ਸਾਹਿਤਕਾਰ ਤੇ ਕਵੀ, ਜਦ ਵੀ ਭਾਰਤ ਦੇ ਵੱਖ-ਵੱਖ ਥਾਵਾਂ ਤੋਂ ਆਉਂਦੇ ਤਾਂ ਸਭਾ ਵਾਲੇ ਉਨ੍ਹਾਂ ਨੂੰ ਆਪਣੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੰਦੇ। ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਹਰਭਜਨ ਸਿੰਘ, ਅਤਰ ਸਿੰਘ, ਗੁਲਵੰਤ ਸਿੰਘ, ਸੋਹਣ ਸਿੰਘ ਸ਼ੀਤਲ, ਕਪੂਰ ਸਿੰਘ ਘੁੰਮਣ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਪ੍ਰੀਤਮ ਸਿੰਘ, ਬਲਰਾਜ ਸਾਹਨੀ, ਅਲੀ ਸਰਦਾਰ ਜਾਫ਼ਰੀ, ਨਾਮਵਰ ਸਿੰਘ (ਹਿੰਦੀ), ਮਹੀਪ ਸਿੰਘ ਆਦਿ ਪੰਜਾਬੀ ਸਾਹਿਤ ਸਭਾ, ਸ਼੍ਰੀਨਗਰ ਦੀਆਂ ਗੋਸ਼ਟੀਆਂ ਵਿੱਚ ਸ਼ਾਮਿਲ ਹੋ ਕੇ ਆਪਣੇ ਕੀਮਤੀ ਵਿਚਾਰਾਂ ਨਾਲ ਸਭਾ ਦੇ ਮੈਂਬਰਾਂ ਦੀ ਹੌਸਲਾ ਅਫ਼ਜ਼ਾਈ ਕਰਦੇ ਸਨ। ਹਰ ਸਾਲ ਸਭਾ ਆਪਣੀ ਸਾਲਾਨਾ ਕਾਨਫਰੰਸ ਵੀ ਕਰਦੀ ਸੀ ਤੇ ਸਭਾ ਵੱਲੋਂ ਇੱਕ ਮਾਸਿਕ ਪਰਚਾ 'ਹੀਮਾਲ' ਵੀ ਨਿਕਲਦਾ ਸੀ। ਇਸ ਤੋਂ ਛੁੱਟ ਕਈ ਵਿਸ਼ੇਸ਼ ਪ੍ਰੋਗਰਾਮ ਵੀ ਕਰਵਾਏ ਜਾਂਦੇ ਸਨ। ਸਭਾ ਵੱਲੋਂ 1975 ਦੀ ਸਰਬ ਹਿੰਦ ਪੰਜਾਬੀ ਕਾਨਫਰੰਸ ਨੂੰ ਕੋਈ ਵੀ ਨਹੀਂ ਭੁੱਲਿਆ ਹੈ, ਪਰ 1990 ਤੋਂ ਬਾਅਦ ਕਸ਼ਮੀਰ ਵਿੱਚ ਹਾਲਾਤ ਖ਼ਰਾਬ ਹੋਣ ਕਾਰਨ, ਸਭਾ ਨੂੰ ਆਪਣਾ ਦਫ਼ਤਰ ਛੱਡ ਕੇ ਗੁਰਦੁਆਰੇ ਵਿੱਚ ਪਨਾਹ ਲੈਣੀ ਪਈ ਅਤੇ ਕਰਫਿਊ, ਕ੍ਰੈਕ ਡਾਊਨ, ਬੰਬ ਬਲਾਸਟ, ਗੋਲੀਬਾਰੀ ਤੇ ਕਰਾਸ ਫਾਇਰਿੰਗ ਕਾਰਨ ਸਾਹਿਤਕਾਰ ਕਈ-ਕਈ ਮਹੀਨੇ ਨਹੀਂ ਸਨ ਮਿਲਦੇ ਤੇ ਗੋਸ਼ਟੀਆਂ ਨਹੀਂ ਸਨ ਹੁੰਦੀਆਂ। ਸਿੱਟਾ ਇਹ ਨਿਕਲਿਆ ਕਿ ਸਭਾ ਦੀਆਂ ਕਾਰਵਾਈਆਂ ਠੰਡੀਆਂ ਪੈ ਗਈਆਂ ਤੇ ਸਭਾ ਵਿੱਚ ਆਉਣ ਵਾਲੇ ਪਾਠਕਾਂ ਦਾ ਜੋਸ਼-ਖਰੋਸ਼ ਠੰਡਾ ਪੈ ਗਿਆ। ਖ਼ਾਲਿਦ ਹੁਸੈਨ ਵੀ ਪੰਜਾਬੀ ਸਾਹਿਤ ਸਭਾ, ਸ਼੍ਰੀਨਗਰ ਦੀ ਹੀ ਦੇਣ ਸੀ। 1971 ਤੋਂ ਲੈ ਕੇ 1983 ਤਕ ਉਹ ਨਿਰੰਤਰ ਸਭਾ ਦੀਆਂ ਬੈਠਕਾਂ ਵਿੱਚ ਭਾਗ ਲੈਂਦਾ ਰਿਹਾ ਤੇ ਆਪਣੀਆਂ ਕਹਾਣੀਆਂ ਸੁਣਾਂਦਾ ਰਿਹਾ ਤੇ ਦੂਜੇ ਸਾਹਿਤਕਾਰਾਂ ਦੀਆਂ ਕਹਾਣੀਆਂ ਸੁਣਦਾ ਰਿਹਾ। ਜਦੋਂ ਦਫ਼ਤਰ ਹਰ ਛੇ ਮਹੀਨਿਆਂ ਮਗਰੋਂ ਜੰਮੂ ਆਉਂਦੇ ਤਾਂ ਉਹ ਜੰਮੂ ਦੀ ਸਾਹਿਤ ਸੰਸਥਾ, ਪੰਜਾਬੀ ਲੇਖਕ ਸਭਾ, ਜੰਮੂ ਦੀਆਂ ਗੋਸ਼ਟੀਆਂ ਵਿੱਚ ਸ਼ਾਮਿਲ ਹੁੰਦਾ, ਇਸ ਤੋਂ ਛੁੱਟ ਉਹ ਰਣਬੀਰ ਸਿੰਘਪੁਰਾ, ਦੀ ਸਭਾ ਵਿੱਚ ਵੀ ਜਾਂਦਾ, ਪਰ ਉਸਨੇ ਮਹਿਸੂਸ ਕੀਤਾ ਕਿ ਇਨ੍ਹਾਂ ਸਭਾਵਾਂ ਵਿੱਚ ਬਹੁਤ ਘੱਟ ਗਿਣਤੀ ਵਿੱਚ ਨਵੇਂ ਲਿਖਣ ਵਾਲੇ ਮਿਲਦੇ ਹਨ। ਕੁੱਲ ਮਿਲਾ ਕੇ 15-16 ਸਾਹਿਤਕਾਰ ਤੇ ਕਵੀ ਹਨ, ਜਿਹੜੇ ਜੰਮੂ ਅਤੇ ਸ਼੍ਰੀਨਗਰ ਦੀਆਂ ਸਭਾਵਾਂ ਨੂੰ ਜ਼ਿੰਦਾ ਰੱਖਦੇ ਆ ਰਹੇ ਹਨ, ਪਰ ਕੋਈ ਨਵਾਂ ਸਾਹਿਤਕਾਰ ਅਜਿਹਾ ਨਹੀਂ ਹੈ, ਜਿਸਨੂੰ ਇਹ ਸਭਾਵਾਂ ਆਪਣੀ ਦੇਣ ਕਹਿ ਸਕਣ। ਸ਼੍ਰੀਨਗਰ ਵਿੱਚ ਤਿੰਨ-ਚਾਰ ਨਵੇਂ ਲਿਖਣ ਵਾਲੇ ਅਤੇ ਇੰਨੇ ਹੀ ਜੰਮੂ ਵਿੱਚ ਸਾਹਮਣੇ ਆਏ ਹਨ। ਇਹ ਇਸ ਗੱਲ ਦਾ ਸਬੂਤ

ਹੈ ਕਿ ਸਭਾਵਾਂ ਅਤੇ ਸਾਹਿਤਕਾਰ ਮਿੱਤਰਾਂ ਵਿੱਚ ਸਾਹਿਤ ਪ੍ਰਤੀ ਉਹ ਜੋਸ਼-ਖਰੋਸ਼ ਨਹੀਂ ਹੈ ਜੋ ਹੋਣਾ ਚਾਹੀਦਾ ਸੀ। ਰਿਆਸਤੀ ਕਲਚਰਲ ਅਕਾਦਮੀ ਵੀ ਡੋਗਰੀ ਤੇ ਕਸ਼ਮੀਰੀ ਵੱਲ ਹੀ ਸਾਰਾ ਧਿਆਨ ਦਿੰਦੀ ਹੈ ਅਤੇ ਜੰਮੂ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਵੀ ਵਿਦਿਆਰਥੀਆਂ ਨੂੰ ਸਿਲੇਬਸ ਪੜ੍ਹਾਉਣ ਤੋਂ ਇਲਾਵਾ ਕੋਈ ਹੋਰ ਸਾਹਿਤਕ ਕੰਮ ਨਹੀਂ ਕਰ ਰਿਹਾ। ਨਾ ਕੋਈ ਸੈਮੀਨਾਰ, ਨਾ ਕੋਈ ਗੋਸ਼ਟੀ, ਨਾ ਹੀ ਕੋਈ ਵਿਦਿਆਰਥੀਆਂ ਨਾਲ ਕਿਸੇ ਪ੍ਰਸਿੱਧ ਸਾਹਿਤਕਾਰ ਦੀ ਮੁਲਾਕਾਤ, ਗਰਜ਼ ਸਾਰਾ ਵਿਭਾਗ ਹੀ ਜਮੂਦ ਦਾ ਸ਼ਿਕਾਰ ਹੋ ਚੁੱਕਿਆ ਸੀ। ਇਸ ਖੜੋਤ ਨੇ ਵਿਦਿਆਰਥੀਆਂ ਦਾ ਚੋਖਾ ਨੁਕਸਾਨ ਕੀਤਾ। ਉਨ੍ਹਾਂ ਨੂੰ ਆਪਣੇ ਵਿਭਾਗ ਤੋਂ ਬਾਹਰ ਸਾਹਿਤਕ ਗਤੀਵਿਧੀਆਂ ਵੱਲ ਝਾਕਣ ਦਾ ਮੌਕਾ ਹੀ ਨਹੀਂ ਦਿੱਤਾ। ਅਜਿਹੇ ਵਾਤਾਵਰਣ ਵਿੱਚ ਇੱਕ ਦਿਨ ਖ਼ਾਲਿਦ ਹੁਸੈਨ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਸਾਨੂੰ ਇੱਕ ਨਵੀਂ ਸੰਸਥਾ ਬਣਾਉਣੀ ਚਾਹੀਦੀ ਹੈ ਜੋ ਜੰਮੂ-ਕਸ਼ਮੀਰ ਦੇ ਕਵੀਆਂ, ਕਹਾਣੀਕਾਰਾਂ, ਨਾਟਕਕਾਰਾਂ ਤੇ ਹੋਰ ਸਾਹਿਤਕਾਰਾਂ ਦੀਆਂ ਲਿਖਤਾਂ ਉਤੇ ਕੰਮ ਕਰਵਾਏ, ਸੈਮੀਨਾਰ ਕਰਵਾਏ, ਜਿਸ ਵਿੱਚ ਦੇਸ਼ ਭਰ ਤੋਂ ਪੰਜਾਬੀ ਦੇ ਵਿਦਵਾਨ ਤੇ ਆਲੋਚਕ, ਰਿਆਸਤ ਦੇ ਪੰਜਾਬੀ ਸਾਤਿਹਕਾਰਾਂ ਦੀਆਂ ਪੁਸਤਕਾਂ ਉਪੱਰ ਪੇਪਰ ਲਿਖਣ ਤੇ ਇਥੇ ਲਿਖੇ ਜਾ ਰਹੇ ਪੰਜਾਬੀ ਸਾਹਿਤ ਦੀ ਪਰਖ-ਪੜਚੋਲ ਕਰਨ ਤਾਂ ਜੋ ਸਾਨੂੰ ਆਪਣੀਆਂ ਤਰੁਟੀਆਂ ਦਾ ਪਤਾ ਲੱਗ ਸਕੇ ਤੇ ਅਸੀਂ ਵੀ ਆਪਣੀ ਰਚਨਾ ਨੂੰ ਮਿਆਰੀ ਬਣਾ ਸਕੀਏ। ਖ਼ਾਲਿਦ ਹੁਸੈਨ ਦੀ ਗੱਲ ਵਿੱਚ ਬੜਾ ਵਜ਼ਨ ਸੀ ਤੇ ਉਸਨੂੰ ਇਸ ਗੱਲ ਦਾ ਬੜਾ ਦੁੱਖ ਸੀ ਕਿ ਇੱਕ ਅੱਧ ਸਾਹਿਤਕਾਰ ਨੂੰ ਛੱਡ ਕੇ ਸਮੁੱਚੇ ਪੰਜਾਬੀ ਸਾਹਿਤ ਵਿੱਚ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤਕਾਰਾਂ ਦਾ ਕਿਤੇ ਜ਼ਿਕਰ ਨਹੀਂ ਸੀ ਹੁੰਦਾ। ਪੰਜਾਬ, ਹਰਿਆਣਾ ਤੇ ਦਿੱਲੀ ਦੇ ਸਾਹਿਤਕਾਰ ਤੇ ਆਲੋਚਕ, ਜੰਮੂ-ਕਸ਼ਮੀਰ ਦਾ ਪੰਜਾਬੀ ਸਾਹਿਤ ਪੜ੍ਹ ਕੇ ਰਾਜ਼ੀ ਨਹੀ ਸਨ। ਉਹ ਚਾਹੁੰਦਾ ਸੀ ਕਿ ਸੱਠ ਸਾਲ ਦਾ ਸਮਾਂ ਬੀਤ ਚੁੱਕਿਆ ਹੈ, ਇਸ ਲਈ ਹੁਣ ਜੰਮੂ-ਕਸ਼ਮੀਰ ਵਿੱਚ ਲਿਖੇ ਜਾ ਰਹੇ ਪੰਜਾਬੀ ਸਾਹਿਤ ਨੂੰ ਗੌਲਿਆ ਜਾਣਾ ਜ਼ਰੂਰੀ ਹੈ। ਅਸਾਂ ਦੋਵਾਂ ਇੱਕ ਨਵੀਂ ਸੰਸਥਾ ਬਣਾਉਣ ਦਾ ਮਨ ਬਣਾ ਲਿਆ ਤੇ ਹਰਭਜਨ ਸਿੰਘ ਸਾਗਰ ਅਤੇ ਸਰਨ ਸਿੰਘ ਵੀ ਸਾਡੇ ਵਿਚਾਰਾਂ ਨਾਲ ਸਹਿਮਤ ਹੋਏ ਤੇ ਇੰਝ 'ਪੰਜਾਬੀ ਅਦਬੀ ਸੰਗਤ' ਦੀ ਸਥਾਪਨਾ ਹੋਈ। ਇਸ ਵਿੱਚ ਮੈਂ ਯਾਨੀ ਸੁਸ਼ੀਲ ਸ਼ਰਮਾ, ਖ਼ਾਲਿਦ ਹੁਸੈਨ, ਹਰਭਜਨ ਸਿੰਘ ਸਾਗਰ ਤੇ ਸਰਨ ਸਿੰਘ ਮੈਂਬਰ ਬਣੇ। ਕੋਈ ਪ੍ਰਧਾਨ, ਸਕੱਤਰ ਜਾਂ ਆਹੁਦੇਦਾਰ ਨਹੀਂ ਬਣਾਇਆ ਗਿਆ ਤੇ ਸਾਰੇ ਆਪਣੇ ਆਪ ਨੂੰ ਕਾਮੇ ਅਖਵਾਉਣ ਲੱਗੇ। ਸੈਮੀਨਾਰ ਕਰਵਾਉਣੇ ਸ਼ੁਰੂ ਹੋਏ। ਹਰਭਜਨ ਸਿੰਘ ਸਾਗਰ ਦੀਆਂ ਕਹਾਣੀਆਂ ਤੇ ਪ੍ਰਸਿੱਧ ਆਲੋਚਕਾਂ ਨੇ ਪਰਚੇ ਪੜ੍ਹੇ। ਸੁਰਿੰਦਰ ਨੀਰ, ਬਲਜੀਤ ਰੈਣਾ, ਗੁਰਦੀਪ ਕੌਰ, ਕੰਵਲ ਕਸ਼ਮੀਰੀ, ਸਰਨ ਸਿੰਘ, ਪ੍ਰੇਮ ਸਿੰਘ, ਗੁਰਚਰਨ ਸਿੰਘ

ਗੁਲਸ਼ਨ ਆਦਿ ਤੇ ਵੱਖ-ਵੱਖ ਸੈਮੀਨਾਰ ਹੋਏ, ਜਿਨ੍ਹਾਂ ਵਿਚ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੋਂ ਛੁੱਟ ਪੰਜਾਬੀ ਵਿਦਵਾਨਾਂ ਤੇ ਆਲੋਚਕਾਂ ਨੇ ਹਿੱਸਾ ਲਿਆ ਤੇ ਜੰਮੂ-ਕਸ਼ਮੀਰ ਦੇ ਪੰਜਾਬੀ ਕਹਾਣੀਕਾਰਾਂ ਬਾਰੇ ਕਈ ਪਰਚੇ ਪੜ੍ਹੇ। ਇਹ ਸਾਰੇ ਪਰਚੇ ਕਲਚਰਲ ਅਕਾਦਮੀ ਦੇ ਪੰਜਾਬੀ ਰਸਾਲੇ 'ਸ਼ਿਰਾਜ਼ਾ' ਵਿੱਚ ਲੜੀਵਾਰ ਛਪਦੇ ਰਹੇ। ਰਿਆਸਤੀ ਕਲਚਰਲ ਅਕਾਦਮੀ ਨੇ ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਤੇ ਦੋ ਦਿਨ ਦਾ ਸੈਮੀਨਾਰ ਕਰਵਾਇਆ, ਜਿਸ ਵਿੱਚ ਡਾ. ਨੂਰ, ਡਾ. ਦੀਪਕ ਮਨਮੋਹਨ, ਡਾ. ਮਨਮੋਹਨ ਸਿੰਘ (ਆਈ.ਪੀ.ਐਸ.), ਡਾ. ਰਵੇਲ ਸਿੰਘ, ਡਾ. ਜਗਬੀਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਡਾ. ਸੁਖਦੇਵ, ਡਾ. ਸੁਸ਼ੀਲ ਸ਼ਰਮਾ, ਡਾ. ਸੀ.ਆਰ ਮੌਦਗਿਲ, ਪ੍ਰੋ. ਕਰਮਜੀਤ ਸਿੰਘ, ਡਾ. ਦੇਵਿੰਦਰ ਕੌਰ, ਡਾ. ਰਵਿੰਦਰ ਕੁਮਾਰ, ਡਾ. ਹਰਮਿੰਦਰ ਕੌਰ, ਡਾ. ਹਰਜੀਤ ਸਿੰਘ, ਡਾ. ਰਮਿੰਦਰ ਕੌਰ ਤੇ ਡਾ. ਜੋਗਿੰਦਰ ਸਿੰਘ ਰਾਹੀ ਆਦਿ ਨੇ ਖ਼ਾਲਿਦ ਹੁਸੈਨ ਦੀਆਂ ਕਹਾਣੀਆਂ, ਕਹਾਣੀਆਂ ਵਿੱਚ ਵਰਤੀ ਗਈ ਭਾਸ਼ਾ, ਪਲਾਟ, ਕਲਾ-ਕੁਸ਼ਲਤਾ, ਅਖਾਣ, ਮੁਹਾਵਰੇ ਤੇ ਕਾਵਿਮਈ ਸ਼ੈਲੀ ਦੀ ਵਰਤੋਂ ਆਦਿ ਤੇ ਪੇਪਰ ਪੜ੍ਹੇ ਤੇ ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਦੇ ਕਈ ਪਹਿਲੂ ਉਭਾਰੇ। ਇਨ੍ਹਾਂ ਪਰਚਿਆਂ 'ਤੇ ਭਰਵੀਂ ਬਹਿਸ ਹੋਈ ਤੇ ਸੈਮੀਨਾਰ ਨੂੰ ਤੀਜੇ ਦਿਨ ਵੀ ਜਾਰੀ ਰੱਖਿਆ ਗਿਆ। ਤੀਜੇ ਦਿਨ ਦੀ ਕਾਰਵਾਈ ਪੰਜਾਬੀ ਅਦਬੀ ਸੰਗਤ ਵੱਲੋਂ ਲਾਟੀ ਪਿੰਡ ਵਿੱਚ ਹੋਈ। ਲਾਟੀ, ਜੰਮੂ ਤੋਂ 150 ਕਿਲੋਮੀਟਰ ਦੂਰ, ਬਹੁਤ ਹੀ ਖ਼ੂਬਸੂਰਤ ਪਹਾੜੀ ਇਲਾਕਾ ਹੈ, ਜੋ ਸੁਧ ਮਹਾਦੇਵ ਤੇ ਮਾਨ ਤਲਾਈ ਆਸ਼ਰਮ ਤੋਂ 25 ਕਿਲੋਮੀਟਰ ਅੱਗੇ ਪੈਂਦਾ ਹੈ। ਇਨ੍ਹਾਂ ਸਾਰਿਆਂ ਪਰਚਿਆਂ ਨੂੰ ਰਿਆਸਤੀ ਕਲਚਰਲ ਅਕਾਦਮੀ ਨੇ ਪੰਜਾਬੀ 'ਸ਼ਿਰਾਜ਼ਾ' ਵਿੱਚ ਲੜੀਵਾਰ ਛਾਪਿਆ ਤੇ ਪਰਚਾਕਾਰਾਂ ਨੂੰ ਸੇਵਾ ਫਲ ਤੇ ਆਉਣ-ਜਾਣ ਦਾ ਕਿਰਾਇਆ ਵੀ ਦਿੱਤਾ। ਇਨ੍ਹਾਂ ਸਾਰਿਆਂ ਪਰਚਿਆਂ ਨੂੰ ਮੈਂ ਪੁਸਤਕ ਰੂਪ ਵਿੱਚ ਛਾਪਿਆ ਤੇ ਪੁਸਤਕ ਦਾ ਨਾਂ ਹੈ 'ਖ਼ਾਲਿਦ ਹੁਸੈਨ ਦਾ ਕਥਾ ਜਗਤ'। ਪੰਜਾਬੀ ਅਦਬੀ ਸੰਗਤ ਨੇ ਅਭੀਨਵ ਥਿਏਟਰ ਵਿੱਚ ਪੰਜਾਬੀ ਲੋਕ-ਨਾਚਾਂ ਤੇ ਗੀਤਾਂ ਦਾ ਇੱਕ ਰੰਗਾ-ਰੰਗ ਪ੍ਰੋਗਰਾਮ ਵੀ ਕਰਵਾਇਆ, ਜਿਸ ਵਿੱਚ ਅੰਮ੍ਰਿਤਸਰ ਦੇ ਕਲਾਕਾਰਾਂ ਨੇ ਭਾਗ ਲਿਆ। ਪਾਕਿਸਤਾਨ ਦੇ ਮਸ਼ਹੂਰ ਪੰਜਾਬੀ ਨਾਵਲਕਾਰ ਅਤੇ ਸ਼ਾਇਰ ਫਖ਼ਰ ਜ਼ਮਾਂ ਹੋਰਾਂ ਨਾਲ ਵੀ ਇੱਕ ਪ੍ਰੋਗਰਾਮ ਜੰਮੂ ਵਿੱਚ ਕੀਤਾ ਗਿਆ, ਜਿਸਦੀ ਪ੍ਰਧਾਨਗੀ ਜੰਮੂ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਸ਼੍ਰੀ ਅਮਿਤਾਭ ਮੱਟੂ ਨੇ ਕੀਤੀ ਤੇ ਉਸ ਵਿੱਚ ਰਿਆਸਤ ਦੀਆਂ ਸਾਰੀਆਂ ਜ਼ੁਬਾਨਾਂ ਦੇ ਸਾਹਿਤਕਾਰਾਂ ਨੇ ਸ਼ਮੂਲੀਅਤ ਇਖ਼ਤਿਆਰ ਕੀਤੀ। ਪੰਜਾਬੀ ਅਦਬੀ ਸੰਗਤ ਜੰਮੂ ਨੇ ਕਈ ਕਿਤਾਬਾਂ ਛਾਪੀਆਂ ਅਤੇ 'ਲੋਕ ਵਾਣੀ' ਨਾਂ ਦਾ ਪਰਚਾ ਨਿਰੰਤਰ ਛਪ ਰਿਹਾ ਹੈ। ਮੈਂ ਜੰਮੂ-ਕਸ਼ਮੀਰ ਦੇ ਸਾਹਿਤਕਾਰਾਂ ਦੇ ਇੰਟਰਵਿਊ ਵੀ ਕੀਤੇ ਤੇ ਉਨ੍ਹਾਂ ਨੂੰ ਜਲੰਧਰ ਤੋਂ ਨਿਕਲਦੇ ਰੋਜ਼ਨਾਮਾ 'ਨਵਾਂ ਜ਼ਮਾਨਾ'

ਵਿੱਚ ਛਾਪਿਆ। ਜਿਨ੍ਹਾਂ ਸਾਹਿਤਕਾਰਾਂ ਦੇ ਇੰਟਰਵਿਊ ਛਪੇ, ਉਨ੍ਹਾਂ ਵਿੱਚ ਸ੍ਰੀ ਵੇਦ ਭਸੀਨ, ਕਸ਼ਮੀਰੀ ਦੇ ਗਿਆਨਪੀਠ ਅਵਾਰਡ ਜੇਤੂ ਰਹਿਮਾਨ ਰਾਹੀ, ਖ਼ਾਲਿਦ ਹੁਸੈਨ, ਹਰਭਜਨ ਸਿੰਘ ਸਾਗਰ, ਕੰਵਲ ਕਸ਼ਮੀਰੀ, ਗੁਰਚਰਨ ਸਿੰਘ ਗੁਲਸ਼ਨ, ਰਛਪਾਲ ਸਿੰਘ ਬਾਲੀ, ਪ੍ਰਿਤਪਾਲ ਸਿੰਘ ਬੇਤਾਬ, ਸਰਨ ਸਿੰਘ, ਨਰਸਿੰਘ ਦੇਵ ਜਮਵਾਲ ਆਦਿ ਵਰਣਨਯੋਗ ਹਨ। ਇਹ ਸਾਰੇ ਇੰਟਰਵਿਊ ਮੈਂ ਪੰਜਾਬੀ ਅਦਬੀ ਸੰਗਤ ਵੱਲੋਂ ਕਿਤਾਬੀ ਸ਼ਕਲ ਵਿੱਚ ਪੇਸ਼ ਕੀਤੇ ਹਨ ਅਤੇ ਕਿਤਾਬ ਦਾ ਨਾਂ ਹੈ 'ਸਾਹਿਤ ਸੰਵਾਦ'। ਇਹ ਇੰਟਰਵਿਊ ਵੀ ਰਿਆਸਤ ਦੇ ਪੰਜਾਬੀ, ਉਰਦੂ, ਡੋਗਰੀ ਤੇ ਕਸ਼ਮੀਰੀ ਸਾਹਿਤਕਾਰਾਂ ਦੀ ਪਛਾਣ ਸਮੁੱਚੇ ਪੰਜਾਬੀ ਜਗਤ ਨਾਲ ਕਰਵਾਉਣ ਦਾ ਵਸੀਲਾ ਬਣੇ। ਪੰਜਾਬੀ ਅਦਬੀ ਸੰਗਤ ਨੇ ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਨਾਲ ਮਿਲ ਕੇ ਜੰਮੂ ਵਿੱਚ ਇੱਕ ਵੱਡਾ ਸਾਹਿਤਕ ਸਮਾਗਮ ਵੀ ਕੀਤਾ, ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਕਵੀ, ਕਹਾਣੀਕਾਰ ਤੇ ਆਲੋਚਕ ਸ਼ਾਮਿਲ ਹੋਏ। ਇੰਝ ਹੀ ਪੰਜਾਬੀ ਅਦਬੀ ਸੰਗਤ ਨੇ ਸਾਹਿਤ ਅਕੈਡਮੀ, ਨਵੀਂ ਦਿੱਲੀ ਨਾਲ ਰਲ ਕੇ ਦੋ ਦਿਨ ਦਾ ਇੱਕ ਸੈਮੀਨਾਰ ਸ੍ਰੀਨਗਰ ਵਿਖੇ ਕਰਵਾਇਆ, ਜਿਸ ਵਿੱਚ ਰਿਆਸਤ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤਕਾਰਾਂ ਨੇ ਹਿੱਸਾ ਲਿਆ ਤੇ ਸਮੁੱਚੇ ਪੰਜਾਬੀ ਸਾਹਿਤਕ ਜਗਤ ਤੋਂ ਮਸ਼ਹੂਰ ਵਿਦਵਾਨਾਂ, ਆਲੋਚਕਾਂ ਤੇ ਸਾਹਿਤਕਾਰਾਂ ਨੇ ਵੀ ਭਾਗ ਲਿਆ। ਜਿਨ੍ਹਾਂ ਵਿੱਚ ਡਾ. ਰਵੇਲ ਸਿੰਘ, ਡਾ. ਦੀਪਕ ਮਨਮੋਹਨ, ਡਾ. ਮਨਜੀਤ ਸਿੰਘ (ਦਿੱਲੀ ਯੂਨੀਵਰਸਿਟੀ), ਡਾ. ਅਜ਼ੀਜ਼ ਹਾਜਨੀ, ਡਾ. ਏਯਾਜ਼ ਰਸੂਲ ਨਾਜ਼ਕੀ, ਰੁਖਸਾਨਾ ਜਬੀਨ, ਫਾਰੂਕ ਨਾਜ਼ਕੀ, ਖ਼ਾਲਿਦ ਬਾਸ਼ੀਰ ਆਦਿ ਵਰਣਨਯੋਗ ਹਨ।

ਪੰਜਾਬੀ ਅਦਬੀ ਸੰਗਤ ਦੇ ਪ੍ਰੋਗਰਾਮ ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਹੁੰਦੀ ਰਹੀ ਹੈ, ਕਿਉਂਕਿ ਇਨ੍ਹਾਂ ਪ੍ਰੋਗਰਾਮਾਂ ਨੂੰ ਕਰਵਾਉਣ ਲਈ ਅਦਬੀ ਸੰਗਤ ਨੂੰ ਕਿਸੇ ਪਾਸੋਂ ਕਦੀ ਕੋਈ ਮਾਇਕ ਸਹਾਇਤਾ ਨਹੀਂ ਮਿਲੀ। ਇਥੋਂ ਤਕ ਕਿ ਅਦਬੀ ਸੰਗਤ ਦੇ ਬਾਕੀ ਦੋ ਮੈਂਬਰਾਂ ਨੇ ਕਦੀ ਕੋਈ ਧੇਲੀ ਵੀ ਖ਼ਰਚ ਨਹੀਂ ਕੀਤੀ। ਇਨ੍ਹਾਂ ਪ੍ਰੋਗਰਾਮਾਂ 'ਤੇ ਆਉਣ ਵਾਲੇ ਖ਼ਰਚੇ ਦਾ 80 ਪ੍ਰਤੀਸ਼ਤ ਭਾਰ ਖ਼ਾਲਿਦ ਹੁਸੈਨ ਨੇ ਆਪਣੇ ਮੋਢਿਆਂ 'ਤੇ ਚੁੱਕਿਆ ਸੀ, ਜਦਕਿ ਬਾਕੀ ਦਾ ਖ਼ਰਚ ਮੈਂ ਬਰਦਾਸ਼ਤ ਕੀਤਾ ਹੈ। ਇਸ ਗੱਲ ਤੋਂ ਇਹ ਸਪੱਸ਼ਟ ਹੈ ਕਿ ਖ਼ਾਲਿਦ ਹੁਸੈਨ, ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉਨੱਤੀ ਲਈ ਕੁੱਝ ਕਰਨ ਨੂੰ ਹਮੇਸ਼ਾ ਤਿਆਰ ਰਹਿੰਦਾ ਸੀ ਤੇ ਪੰਜਾਬੀ ਲਈ ਉਹ ਕਿਸੇ ਵੀ ਹੱਦ ਤਕ ਜਾ ਸਕਦਾ ਸੀ। ਇਸ ਨੂੰ ਤੁਸੀਂ ਖ਼ਾਲਿਦ ਹੁਸੈਨ ਦਾ ਆਪਣੀ ਮਾਂ ਬੋਲੀ, ਆਪਣੀ ਰਹਿਤਲ ਤੇ ਆਪਣੇ ਸਾਹਿਤਕ ਵਿਰਸੇ ਨੂੰ ਘਰ-ਘਰ ਪਹੁੰਚਾਉਣ ਦਾ ਜਨੂੰਨ ਨਹੀਂ ਕਹੋਗੇ ਤਾਂ ਹੋਰ ਕੀ ਕਹੋਗੇ। ਸਬੂਤ ਵਜੋਂ ਮੈਂ ਇੱਕ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਜਿਹੜੀ ਰਿਆਸਤੀ ਕਲਚਰਲ ਅਕਾਦਮੀ ਦੇ ਐਡੀਸ਼ਨਲ

ਸੈਕਟਰੀ ਡਾ. ਅਰਵਿੰਦਰ ਸਿੰਘ ਅਮਨ ਦੀ ਅੱਖੀਂ ਵੇਖੀਂ ਹੋਈ ਹੈ, ਉਨ੍ਹਾਂ ਮੁਤਾਬਿਕ ਜਦ ਮਰਦਮਸ਼ੁਮਾਰੀ ਵਾਲੇ ਖ਼ਾਲਿਦ ਹੁਸੈਨ ਨੂੰ ਆਪਣੀ ਮਾਂ ਬੋਲੀ ਬਾਰੇ ਪੁੱਛਣ ਲੱਗੇ ਤਾਂ ਉਨ੍ਹਾਂ ਕਿਹਾ 'ਪੰਜਾਬੀ'। ਮਰਦਮਸ਼ੁਮਾਰੀ ਵਾਲੇ ਨੇ ਫਿਰ ਪੁੱਛਿਆ ਉਨ੍ਹਾਂ ਦੀ ਦੂਜੀ ਭਾਸ਼ਾ ਕਿਹੜੀ ਹੈ ਤਾਂ ਖ਼ਾਲਿਦ ਹੁਸੈਨ ਨੇ ਜਵਾਬ ਦਿੱਤਾ ਸੀ 'ਪੰਜਾਬੀ' ਅਤੇ ਤੀਜੀ ਭਾਸ਼ਾ ਪੁੱਛਣ ਤੇ ਵੀ ਉਨ੍ਹਾਂ 'ਪੰਜਾਬੀ' ਹੀ ਕਿਹਾ ਸੀ।

***

# ਮੋਮਿਨ ਕਾਫ਼ਿਰ ਮੈਂ ਕੀ ਜਾਣਾ

ਉਰਦੂ ਦਾ ਇੱਕ ਸ਼ੇਅਰ ਹੈ:

"ਜ਼ਾਹਿਦ-ਏ-ਤੰਗ ਨਜ਼ਰ ਨੇ ਕਾਫਿਰ ਜਾਣਾ ਮੁਝੇ
ਔਰ ਕਾਫਿਰ ਯਹ ਸਮਝਤਾ ਹੈ ਕਿ ਮੁਸਲਮਾਂ ਹੂੰ ਮੈਂ।"

ਖ਼ਾਲਿਦ ਦੀ ਆਜ਼ਾਦ ਖਿਆਲੀ ਤੇ ਧਰਮੀ ਠੇਕੇਦਾਰਾਂ ਪ੍ਰਤੀ ਉਹਦੇ ਮਨਫੀ
ਨਜ਼ਰੀਏ ਅਤੇ ਧਰਮ ਦੀ ਗਲਤ ਵਿਆਖਿਆ ਕਰਨ ਵਾਲੇ ਮਲਵਾਣੇ ਤੇ ਕੱਟੜਪੰਥੀ
ਉਸ ਕੋਲੋਂ ਹਮੇਸ਼ਾ ਦੁਖੀ ਰਹੇ। ਉਸਦਾ ਇਹੋ ਨਜ਼ਰੀਆ ਹਿੰਦੂ ਤੇ ਸਿੱਖ ਧਰਮਾਂ ਦੇ
ਠੇਕੇਦਾਰਾਂ ਪ੍ਰਤੀ ਵੀ ਸੀ। ਇਸੇ ਕਰਕੇ ਉਹ ਮੌਲਵੀਆਂ, ਭਾਈਆਂ, ਪੁਜਾਰੀਆਂ ਅਤੇ
ਉਨ੍ਹਾਂ ਦੇ ਸ਼ਰਧਾਲੂਆਂ ਨੂੰ ਕੰਡਿਆਂ ਵਾਂਗ ਚੁਭਦਾ ਰਿਹਾ, ਕਿਉਂਕਿ ਉਹ ਅੰਧਵਿਸ਼ਵਾਸੀ
ਉਤੇ ਵਿਸ਼ਵਾਸ ਨਹੀਂ ਸੀ ਰੱਖਦਾ ਅਤੇ ਚਾਹੁੰਦਾ ਸੀ ਕਿ ਦਲੀਲ ਨਾਲ ਬੰਦਾ ਆਪਣੀ
ਗੱਲ ਮੰਨਵਾਏ। ਇਸੇ ਕਰਕੇ ਉਹ ਆਪਣੇ ਧਰਮ ਭਰਾਵਾਂ, ਯਾਰ ਦੋਸਤਾਂ ਤੇ ਸਾਕ-
ਸੰਬੰਧੀਆਂ ਵਿੱਚ ਬਾਗੀ, ਪਾਗਲ ਤੇ ਸਿਰਫਿਰਾ ਮੰਨਿਆ ਜਾਂਦਾ ਸੀ। ਉਹ ਆਪਣੀ
ਗੱਲ ਸਾਫ, ਸਪੱਸ਼ਟ ਤੇ ਖੁੱਲ੍ਹ ਕੇ ਕਰਨ ਦਾ ਆਦੀ ਸੀ। ਵਲ-ਫਰੇਬ ਅਤੇ ਲਿਹਾਜ਼ਦਾਰੀ
ਦੀ ਫੱਟੀ ਉਹਨੇ ਕਦੇ ਨਹੀਂ ਪੋਚੀ, ਜਿਸ ਕਰਕੇ ਉਸ ਉਤੇ ਅਕਸਰ ਦੋਸ਼ ਲੱਗਦੇ
ਰਹਿੰਦੇ। ਉਪੱਰੋਂ ਸੋਨੇ 'ਤੇ ਸੁਹਾਗਾ ਇਹ ਹੋਇਆ ਕਿ ਖ਼ਾਲਿਦ ਦਾ ਵੱਡਾ ਬੇਟਾ ਖਾੜਕੂ
ਹੋਣ ਦੇ ਇਲਜ਼ਾਮ ਵਿੱਚ ਜੇਲ੍ਹ ਚਲਾ ਗਿਆ। ਕਈ ਸਾਲਾਂ ਤਕ ਉਹ ਖ਼ਾਲਿਦ ਦੇ ਗਲੇ
ਦਾ ਗਿੱਲੜ ਅਤੇ ਹੱਥ ਦਾ ਛਾਲਾ ਬਣਿਆ ਰਿਹਾ, ਕਿਉਂਕਿ ਉਸਨੇ ਖ਼ਾਲਿਦ ਦੀ ਸੋਚ
'ਤੇ ਸੰਨ ਮਾਰੀ ਸੀ, ਜਿਸ ਕਰਕੇ ਖ਼ਾਲਿਦ ਦੇ ਦਿਲ ਦਿਮਾਗ ਵਿੱਚ ਤਰੇੜਾਂ ਪੈ ਗਈਆਂ
ਸਨ। ਧਰਮ ਅਤੇ ਰਾਜਨੀਤੀ ਦੇ ਨਾਂ ਉਤੇ, ਸਿਆਸਤ ਚਮਕਾਉਣ ਵਾਲੇ ਖ਼ਾਲਿਦ ਨੂੰ
ਭੰਡਦੇ ਰਹਿੰਦੇ ਅਤੇ ਸ਼ਿਕਾਇਤਾਂ ਭਾਰਤੀ ਖੁਫੀਆ ਏਜੰਸੀਆਂ ਨੂੰ ਕਰਦੇ ਰਹਿੰਦੇ।
ਖ਼ਾਲਿਦ ਦੀ ਜਿਥੇ ਜਿਥੇ ਪੋਸਟਿੰਗ ਹੁੰਦੀ, ਖ਼ੁਫੀਆ ਏਜੰਸੀਆਂ ਦੇ ਕਰਿੰਦੇ ਉਸਦੀ ਟੋਹ
ਲੈਂਦੇ ਰਹਿੰਦੇ ਤੇ ਹਰ ਥਾਂ ਉਸਦੀ ਸੂਹ ਰੱਖਦੇ। ਮੈਂ, ਇਨ੍ਹਾਂ ਗੱਲਾਂ ਦਾ ਚਸ਼ਮਦੀਦ ਗਵਾਹ
ਹਾਂ, ਕਿਉਂਕਿ ਮੈਂ ਉਨ੍ਹਾਂ ਨਾਲ ਨੌਕਰੀ ਕੀਤੀ ਅਤੇ ਉਨ੍ਹਾਂ ਦੀ ਸਾਫ ਗੋਈ ਵਜੋਂ ਉਨ੍ਹਾਂ
ਦਾ ਪ੍ਰਸ਼ੰਸਕ ਸਾਂ। ਮੇਰਾ ਨਾਂ ਭੋਲਾ ਨਾਥ ਹੈ ਤੇ ਮੈਂ ਉਨ੍ਹਾਂ ਦੇ ਦਫਤਰ ਵਿੱਚ ਕਲਰਕ
ਸਾਂ। ਇਹ ਗੱਲ ਫਰਵਰੀ 1993 ਦੀ ਹੈ, ਜਦ ਖ਼ਾਲਿਦ ਸਾਹਿਬ ਰਾਜੌਰੀ ਵਿੱਚ

ਏ.ਸੀ.ਡੀ. ਸਨ ਕਿ ਇੱਕ ਦਿਨ ਆਈ.ਬੀ. ਦੇ ਦੋ ਅਫਸਰ ਦਫਤਰ ਆਏ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਖ਼ਾਲਿਦ ਸਾਹਿਬ ਸਰਕਾਰੀ ਦੌਰੇ 'ਤੇ ਬਾਹਰ ਹਨ, ਇਸ ਲਈ ਉਨ੍ਹਾਂ ਨੇ ਦਫਤਰ ਦੇ ਹਿੰਦੂ ਮੁਲਾਜ਼ਮਾਂ ਨੂੰ ਇੱਕ ਇੱਕ ਕਰਕੇ ਖ਼ਾਲਿਦ ਹੁਸੈਨ ਬਾਰੇ ਪੁੱਛਿਆ ਕਿ ਉਹ ਕਿਹੋ ਜਿਹਾ ਅਫਸਰ ਹੈ? ਉਸਦਾ ਵਿਵਹਾਰ ਗ਼ੈਰ-ਮੁਸਲਮ ਮੁਲਾਜ਼ਮਾਂ ਨਾਲ ਕੈਸਾ ਹੈ? ਕੀ ਉਹ ਖਾੜਕੂਆਂ ਦਾ ਹਮਦਰਦ ਹੈ ਅਤੇ ਕੀ ਉਸ ਕੋਲ ਓਪਰੇ ਲੋਕ ਵੀ ਮਿਲਣ ਆਉਂਦੇ ਹਨ? ਅਤੇ ਕੀ ਉਹ ਭਾਰਤ ਦਾ ਦੁਸ਼ਮਣ ਹੈ ਜਾਂ ਕਸ਼ਮੀਰ ਸਮੱਸਿਆ ਬਾਰੇ ਉਹ ਕਿਸ ਕਿਸਮ ਦੇ ਵਿਚਾਰ ਰੱਖਦਾ ਹੈ? ਜਦ ਅਸਾਂ ਦੱਸਿਆ ਕਿ ਖ਼ਾਲਿਦ ਸਾਹਿਬ ਲਈ ਸਾਰੇ ਮੁਲਾਜ਼ਮ ਇੱਕੋ ਜਿਹੇ ਹਨ ਤੇ ਉਹ ਹਿੰਦੂ, ਮੁਸਲਿਮ ਵਿੱਚ ਕੋਈ ਫਰਕ ਨਹੀਂ ਸਮਝਦਾ ਅਤੇ ਉਹ ਕੌਮ ਪ੍ਰਸਤ ਭਾਰਤੀ ਹੈ, ਤਾਂ ਉਹ ਸਾਡੇ ਬਿਆਨ ਲੈ ਕੇ ਚਲੇ ਗਏ। ਇਸੇ ਤਰ੍ਹਾਂ ਦੀਆਂ ਘਟਨਾਵਾਂ ਡੋਡਾ ਅਤੇ ਪੁਣਛ ਵਿੱਚ ਵੀ ਹੋਈਆਂ ਅਤੇ ਸਾਨੂੰ, ਸਾਡੇ ਸਾਥੀਆਂ ਨੇ ਉਹੋ ਗੱਲਾਂ ਦੱਸੀਆਂ ਜੋ ਸਾਡੇ ਕੋਲੋਂ ਵੀ ਪੁੱਛੀਆਂ ਗਈਆਂ ਸਨ। ਉਨ੍ਹਾਂ ਨੇ ਵੀ ਖ਼ਾਲਿਦ ਸਾਹਿਬ ਬਾਰੇ ਚੰਗੇ ਬੋਲ ਬੋਲੇ ਸਨ। ਕਲਾ ਤੇ ਸਾਹਿਤ ਵਿੱਚ ਡੂੰਘੀ ਰੁਚੀ ਰੱਖਣ ਕਾਰਨ, ਖ਼ਾਲਿਦ ਸਾਹਿਬ ਜਿਥੇ ਵੀ ਗਏ ਉਥੇ ਉਨ੍ਹਾਂ ਨੇ ਸਾਹਿਤਕ ਤੇ ਸੰਗੀਤਕ ਸਰਗਰਮੀਆਂ ਜਾਰੀ ਰੱਖੀਆਂ।

1987 ਵਿੱਚ ਜਦ ਉਨ੍ਹਾਂ ਦੀ ਪੋਸਟਿੰਗ ਡੋਡੇ ਜ਼ਿਲ੍ਹੇ ਵਿੱਚ ਸੀ ਤਾਂ ਉਨ੍ਹਾਂ ਉਥੇ ਕੁੱਲ ਹਿੰਦ ਉਰਦੂ ਮੁਸ਼ਾਇਰਾ ਕਰਵਾਇਆ। ਮੁਸ਼ਾਇਰੇ ਵਿੱਚ ਭਾਗ ਲੈਣ ਲਈ ਜਿਥੇ ਭਾਰਤ ਦੀਆਂ ਵੱਖ-ਵੱਖ ਥਾਵਾਂ ਤੋਂ ਸ਼ਾਇਰ ਆਏ ਸਨ, ਉਥੇ ਤਿੰਨ ਸ਼ਾਇਰ ਮਲੇਰਕੋਟਲਾ, ਪੰਜਾਬ ਤੋਂ ਵੀ ਆਏ ਸਨ, ਜਿਨ੍ਹਾਂ ਵਿੱਚੋਂ ਇੱਕ ਖ਼ਾਲਿਦ ਸਾਹਿਬ ਦਾ ਨਿੱਘਾ ਯਾਰ ਖ਼ਾਲਿਦ ਕਫਾਇਤ ਸੀ, ਦੂਜਾ ਸ਼ਾਇਰ ਰਮਜ਼ਾਨ ਸਈਅਦ ਅਤੇ ਤੀਜਾ ਆਰਫ ਹਲੀਮ। ਇਹ ਤਿੰਨੋ ਖ਼ਾਲਿਦ ਸਾਹਿਬ ਕੋਲ ਹੀ ਠਹਿਰੇ ਸਨ, ਜਦਕਿ ਬਾਕੀ ਮਹਿਮਾਨ ਸ਼ਾਇਰਾਂ ਦੇ ਰਹਿਣ ਦਾ ਇੰਤਜ਼ਾਮ ਹੋਟਲ ਵਿੱਚ ਕੀਤਾ ਗਿਆ ਸੀ। ਮਾਸਟਰ ਰਮਜ਼ਾਨ ਸਈਅਦ ਉਨ੍ਹਾਂ ਦਿਨਾਂ ਵਿੱਚ ਕੁਰਾਨ ਮਜੀਦ ਦਾ ਪੰਜਾਬੀ ਤਰਜੁਮਾਂ ਕਰ ਰਿਹਾ ਸੀ ਅਤੇ ਉਸਦੇ ਅਨੁਵਾਦ ਦੀ ਬੁਨਿਆਦ ਅਬੂ-ਉਲ-ਆਲਾ ਮਾਦੂਦੀ ਦਾ ਕੀਤਾ ਹੋਇਆ ਕੁਰਾਨ ਦਾ ਉਰਦੂ ਤਰਜੁਮਾਂ ਸੀ। ਰਮਜ਼ਾਨ ਸਈਅਦ ਨੇ ਪੰਜਾਬੀ ਵਿੱਚ ਤਰਜੁਮਾਂ ਕੀਤੇ ਹੋਏ ਕੁੱਝ ਸਪਾਰੇ (ਕਾਂਡ) ਖ਼ਾਲਿਦ ਸਾਹਿਬ ਨੂੰ ਦੱਸਣ ਲਈ ਨਾਲ ਲਿਆਂਦੇ ਸਨ, ਤਾਂ ਜੋ ਭਾਸ਼ਾ ਪੱਖੋਂ ਕਮੀਆਂ ਪੇਸ਼ੀਆਂ ਦੂਰ ਕੀਤੀਆਂ ਜਾ ਸਕਣ। ਉਹ ਚਾਰ-ਪੰਜ ਦਿਨ ਖ਼ਾਲਿਦ ਸਾਹਿਬ ਕੋਲ ਟਿਕੇ ਰਹੇ ਤੇ ਰੋਜ਼ ਚਾਰੇ ਮਿਲ ਕੇ ਇੱਕ ਸਪਾਰਾ ਫੜਦੇ ਤੇ ਉਸਦਾ ਪੰਜਾਬੀ ਅਨੁਵਾਦ ਪੜ੍ਹਦੇ ਜਾਂਦੇ। ਖ਼ਾਲਿਦ ਸਾਹਿਬ ਉਨ੍ਹਾਂ ਕੋਲੋਂ ਪਹਿਲਾਂ ਅਰਬੀ ਵਿੱਚ ਲਿਖੀਆਂ ਆਇਤਾਂ (ਕੁਰਾਨੀ ਹੁਕਮ) ਪੜ੍ਹਣ ਲਈ ਕਹਿੰਦੇ ਤੇ ਅਰਬੀ ਸ਼ਬਦਾਂ ਦੇ ਅਰਥਾਂ ਨੂੰ ਉਰਦੂ ਅਤੇ ਪੰਜਾਬੀ ਵਿੱਚ ਕੀਤੇ ਗਏ

ਅਨੁਵਾਦ ਨੂੰ ਮੁੱਖ ਰੱਖ ਕੇ ਜਿਥੇ ਲੋੜ ਪੈਂਦੀ ਉਥੇ ਪੰਜਾਬੀ ਦਾ ਢੁਕਵਾਂ ਤੇ ਜਚਦਾ ਸ਼ਬਦ ਲਿਖਵਾਉਂਦੇ। ਇੰਝ ਦੋ ਤਿੰਨ ਸਪਾਰਿਆਂ ਦੀ ਭਾਸ਼ਾ ਸੋਧਣ ਮਗਰੋਂ ਮਾਸਟਰ ਰਮਜ਼ਾਨ ਸਈਅਦ ਨੂੰ ਕਿਹਾ ਕਿ ਬਾਕੀ ਦਾ ਕੰਮ ਉਹ ਮਲੇਰਕੋਟਲਾ ਜਾ ਕੇ ਕਰਨ ਤੇ ਕੀਤੇ ਗਏ ਸੋਧ-ਸੁਧਾਰ ਨੂੰ ਮੁੱਖ ਰੱਖ ਕੇ ਬਾਕੀ ਦਾ ਅਨੁਵਾਦ ਕਰਨ। ਕੁਰਾਨ ਮਜੀਦ ਦੇ ਪੰਜਾਬੀ ਅਨੁਵਾਦ ਦੇ ਕੰਮ ਨੂੰ ਪੂਰਾ ਕਰਨ ਵਿੱਚ ਕਈ ਸਾਲ ਲੱਗ ਗਏ। ਪੰਜਾਬੀ ਕੁਰਾਨ, ਜਮਾਤ ਇਸਲਾਮੀ ਹਿੰਦ ਨੇ ਆਪਣੇ ਖ਼ਰਚੇ 'ਤੇ ਛਪਵਾਇਆ ਤੇ ਮੂੰਹ ਵਖਾਲੀ ਦੀ ਰਸਮ ਮਨਾਉਣ ਲਈ ਖ਼ਾਲਿਦ ਸਾਹਿਬ ਨੂੰ ਵੀ ਬੁਲਾਇਆ। ਖ਼ਾਲਿਦ ਸਾਹਿਬ ਉਦੋਂ ਜੰਮੂ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਸਨ। ਉਹ ਮਿੱਥੀ ਗਈ ਤਾਰੀਕ ਨੂੰ ਸਮਾਗਮ ਵਿੱਚ ਭਾਗ ਲੈਣ ਲਈ ਮਲੇਰਕੋਟਲਾ ਗਏ। ਇਹ ਗੱਲ 16 ਅਗਸਤ 1998 ਦੀ ਹੈ। ਇਸ ਸਮਾਗਮ ਦੀ ਪ੍ਰਧਾਨਗੀ ਭਾਰਤ ਦੇ ਉਸ ਵੇਲੇ ਦੇ ਖੇਤੀਬਾੜੀ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕੀਤੀ ਸੀ ਅਤੇ ਮੰਚ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਉਪ-ਕੁਲਪਤੀ, ਐੱਮ.ਐੱਲ.ਏ. ਮਲੇਰਕੋਟਲਾ ਆਦਿ ਸ਼ਸ਼ੋਭਿਤ ਸਨ। ਜਦ ਖ਼ਾਲਿਦ ਸਾਹਿਬ ਨੂੰ ਕੁੱਝ ਸ਼ਬਦ ਕਹਿਣ ਲਈ ਬੁਲਾਇਆ ਗਿਆ ਤਾਂ ਉਨ੍ਹਾਂ ਕੁਰਾਨ ਮਜੀਦ ਨੂੰ ਪੰਜਾਬੀ ਵਿੱਚ ਛਾਪਣ ਨੂੰ ਇੱਕ ਇਤਿਹਾਸਕ ਕੰਮ ਦੱਸਿਆ ਤੇ ਕਿਹਾ ਕਿ ਕਿਸੇ ਵੀ ਧਾਰਮਿਕ ਗ੍ਰੰਥ ਨੂੰ ਆਪਣੀ ਮਾਂ ਬੋਲੀ ਵਿੱਚ ਜਿਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਅਤੇ ਆਨੰਦ ਮਾਣਿਆ ਜਾ ਸਕਦਾ ਹੈ, ਉਹ ਕਿਸੇ ਦੂਜੀ ਜਾਂ ਓਪਰੀ ਭਾਸ਼ਾ ਵਿੱਚ ਨਹੀਂ ਮਿਲ ਸਕਦਾ। ਉਨ੍ਹਾਂ ਨੇ ਆਪਣੀ ਮਾਂ ਦੀ ਮਿਸਾਲ ਦਿੰਦਿਆਂ ਹੋਇਆਂ ਦੱਸਿਆ ਕਿ ਉਨ੍ਹਾਂ ਨੇ ਆਪਣੀ ਮਾਂ ਨੂੰ 40 ਸਾਲ ਤਕ ਕੁਰਾਨ ਦੀ ਤਲਾਵਤ (ਪੜ੍ਹਣ) ਕਰਦਿਆਂ ਵੇਖਿਆ, ਪਰ ਇੱਕ ਵਾਰੀ ਜਦ ਉਨ੍ਹਾਂ ਮਾਂ ਕੋਲੋਂ ਪੁੱਛਿਆ ਕਿ ਜੋ ਕੁੱਝ ਉਹ ਪੜ੍ਹਦੀ ਹੈ, ਉਸਦਾ ਅਰਥ ਵੀ ਜਾਣਦੀ ਹੈ ਤਾਂ ਮਾਂ ਨੇ ਨਾਂਹ ਵਿੱਚ ਸਿਰ ਹਿਲਾਇਆ ਸੀ। ਉਨ੍ਹਾਂ ਕਿਹਾ ਕਿ ਕੁਰਾਨ ਨੂੰ ਤੋਤੇ ਵਾਂਗ ਰਟਨਾ ਤੇ ਅਰਥ ਜਾਣਨ ਬਗੈਰ ਪੜ੍ਹਣ ਦਾ ਕੋਈ ਮੁੱਲ ਨਹੀਂ। ਇਸ ਲਈ ਕੁਰਾਨ ਨੂੰ ਆਪਣੀ ਮਾਂ ਬੋਲੀ ਵਿੱਚ ਪੜ੍ਹਣਾ ਚਾਹੀਦਾ ਹੈ ਤੇ ਫਿਰ ਉਸਨੂੰ ਸਮਝਣਾ ਚਾਹੀਦਾ ਹੈ ਤੇ ਫਿਰ ਕੁਰਾਨੀ ਹੁਕਮ 'ਤੇ ਅਮਲ ਕਰਨਾ ਚਾਹੀਦਾ ਹੈ। ਉਥੇ ਖੁਫੀਆ ਏਜੰਸੀਆਂ ਦੇ ਬੰਦੇ ਵੀ ਸਨ, ਜਿਨ੍ਹਾਂ ਭਾਰਤ ਦੇ ਗ੍ਰਹਿ ਮੰਤਰਾਲੇ ਵਿੱਚ ਖ਼ਾਲਿਦ ਸਾਹਿਬ ਦੇ ਖਿਲਾਫ਼ ਰਿਪੋਰਟ ਭੇਜੀ, ਜਿਸ ਵਿੱਚ ਲਿਖਿਆ ਸੀ ਕਿ ਉਨ੍ਹਾਂ ਕੁਰਾਨ ਦੇ ਪੰਜਾਬੀ ਅਨੁਵਾਦ ਦੇ ਵਿਮੋਚਨ ਵੇਲੇ ਭਾਰਤ ਦੇ ਖਿਲਾਫ਼ ਜ਼ਹਿਰ ਉਗਲਿਆ ਹੈ ਅਤੇ ਅੱਤਵਾਦੀਆਂ ਦੇ ਹੱਕ ਵਿੱਚ ਬੋਲਿਆ ਹੈ। ਗ੍ਰਹਿ ਮੰਤਰਾਲੇ ਨੇ ਇੱਕ ਚਿੱਠੀ ਜੰਮੂ-ਕਸ਼ਮੀਰ ਦੇ ਚੀਫ਼ ਸੈਕਟਰੀ ਸ੍ਰੀ ਅਸ਼ੋਕ ਜੇਟਲੀ ਨੂੰ ਲਿਖੀ ਤੇ ਚਿੱਠੀ ਨਾਲ ਖੁਫੀਆ ਵਿਭਾਗ ਆਈ.ਬੀ. ਦੀ ਭੇਜੀ ਗਈ ਰਿਪੋਰਟ ਦੀ ਕਾਪੀ ਵੀ ਨੱਥੀ ਕਰ ਦਿੱਤੀ। ਚੀਫ਼ ਸੈਕਟਰੀ ਨੇ

ਡਿਵੀਜ਼ਨਲ ਕਮਿਸ਼ਨਰ, ਜੰਮੂ ਬਲਦੇਵ ਸਿੰਘ ਜਸਵਾਲ ਨੂੰ ਇੰਕੁਆਇਰੀ ਕਰਨ ਲਈ ਕਿਹਾ ਅਤੇ ਦੂਜੇ ਪਾਸੇ ਰਿਆਸਤ ਦਾ ਖ਼ੁਫੀਆ ਵਿਭਾਗ (ਸੀ.ਆਈ.ਡੀ.) ਵੀ ਖ਼ਾਲਿਦ ਸਾਹਿਬ ਦੇ ਖਿਲਾਫ਼ ਇੰਕੁਆਇਰੀ ਕਰਨ ਲੱਗਾ। ਸੀ.ਆਈ.ਡੀ. ਵਾਲਿਆਂ ਖ਼ਾਲਿਦ ਸਾਹਿਬ ਕੋਲੋਂ ਕੁੱਝ ਵੀ ਨਾ ਪੁੱਛਿਆ, ਪਰ ਉਨ੍ਹਾਂ ਦੇ ਸਰਕਾਰੀ ਡਰਾਈਵਰ, ਪੀ.ਐੱਸ.ਓ. ਤੇ ਵਾਇਰਲੈੱਸ ਓਪਰੇਟਰ ਕੋਲੋਂ ਪੁੱਛਦੇ ਰਹੇ ਕਿ ਤੁਹਾਡਾ ਅਫ਼ਸਰ ਘੜੀ-ਘੜੀ ਪੰਜਾਬ ਕੀ ਲੈਣ ਜਾਂਦਾ ਹੈ? ਉਥੇ ਉਹ ਕਿੰਨੂ-ਕਿੰਨੂ ਮਿਲਦਾ ਹੈ? ਉਸਦਾ ਸੰਬੰਧ ਖਾੜਕੂਆਂ ਦੀ ਕਿਹੜੀ ਕਿਹੜੀ ਜਥੇਬੰਦੀ ਨਾਲ ਹੈ? ਉਹ ਸਰਕਾਰੀ ਕਾਰ 'ਚੋਂ ਕਦੇ ਵਾਇਰਲੈੱਸ ਸੈਟੱ ਕੱਢ ਕੇ ਵੇਖਦੇ ਤੇ ਕਦੇ ਡਿੱਕੀ ਦੀ ਤਲਾਸ਼ੀ ਲੈਂਦੇ। ਇੱਕ ਦਿਨ ਉਨ੍ਹਾਂ ਦਾ ਡਰਾਈਵਰ ਖ਼ਾਲਿਦ ਸਾਹਿਬ ਨੂੰ ਕਹਿਣ ਲੱਗਾ ਕਿ ਉਹ ਪੁਲਿਸ ਦੇ ਵੱਡੇ ਅਧਿਕਾਰੀਆਂ ਨਾਲ ਇਸ ਪ੍ਰੇਸ਼ਾਨ ਕਰਨ ਵਾਲੀ ਸਥਿਤੀ ਬਾਰੇ ਗੱਲ ਕਰਨ, ਪਰ ਖ਼ਾਲਿਦ ਸਾਹਿਬ ਨੇ ਜਵਾਬ ਦਿੱਤਾ ਸੀ ਕਿ ਤੁਹਾਨੂੰ ਜੋ ਪੁੱਛਿਆ ਜਾਂਦਾ ਹੈ, ਤੁਸੀਂ ਉਸਦਾ ਸਹੀ ਸਹੀ ਜਵਾਬ ਦਿਓ, ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ। ਇਸ਼ਵਰ ਤੁਹਾਡੀ ਰੱਖਿਆ ਕਰੇਗਾ ਤੇ ਇਸ ਗੱਲ ਨੂੰ ਕਿਸੇ ਨਾਲ ਸਾਂਝਿਆਂ ਨਹੀਂ ਕਰਨਾ, ਕਿਉਂਕਿ ਇਸ ਨਾਲ ਡਿਪਟੀ ਕਮਿਸ਼ਨਰ ਦੇ ਆਹੁਦੇ ਦੀ ਬਦਨਾਮੀ ਹੁੰਦੀ ਹੈ। ਸੀ.ਆਈ.ਡੀ. ਵਾਲਿਆਂ ਹਾਲੇ ਤਕ ਉਨ੍ਹਾਂ ਨੂੰ ਨਹੀਂ ਪੁੱਛਿਆ ਹੈ, ਜਦ ਪੁੱਛਣਗੇ ਤਾਂ ਉਹ ਆਪ ਜਵਾਬ ਦੇਣਗੇ। ਫਿਰ ਇੱਕ ਦਿਨ ਡਿਵੀਜ਼ਨਲ ਕਮਿਸ਼ਨਰ ਜੰਮੂ ਨੇ ਖ਼ਾਲਿਦ ਸਾਹਿਬ ਨੂੰ ਆਪਣੇ ਦਫਤਰ ਬੁਲਾਇਆਂ ਤੇ ਉਨ੍ਹਾਂ ਸਾਹਮਣੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ, ਹੋਮ ਸੈਕਟਰੀ ਤੇ ਰਿਆਸਤ ਦੇ ਚੀਫ਼ ਸੈਕਟਰੀ ਦੀਆਂ ਚਿੱਠੀਆਂ ਰੱਖੀਆਂ ਤੇ ਪੁੱਛਿਆ ਕਿ ਇਹ ਕੀ ਮਾਜਰਾ ਹੈ? ਕੀ ਉਸਨੇ ਮਲ੍ਰੇਰਕੋਟਲਾ ਵਿੱਚ ਭਾਰਤ ਦੇ ਖਿਲਾਫ਼ ਕੋਈ ਤਕਰੀਰ ਕੀਤੀ ਹੈ? ਜਦ ਖ਼ਾਲਿਦ ਸਾਹਿਬ ਨੇ ਕਿਹਾ ਕਿ ਇਹ ਸਭ ਬਕਵਾਸ ਹੈ ਤੇ ਉਨ੍ਹਾਂ ਕੋਈ ਐਸੀ ਤਕਰੀਰ ਮਲੇਰਕੋਟਲਾ ਨਹੀਂ ਕੀਤੀ ਤਾਂ ਜਸਵਾਲ ਸਾਹਿਬ ਨੇ ਸਬੂਤ ਮੰਗਿਆ। ਖ਼ਾਲਿਦ ਸਾਹਿਬ ਨੇ ਡਿਵੀਜ਼ਨਲ ਕਮਿਸ਼ਨਰ ਦੇ ਟੈਲੀਫੋਨ ਤੋਂ ਹੀ ਉਨ੍ਹਾਂ ਸਾਹਮਣੇ ਮਲੇਰਕੋਟਲਾ ਉਸ ਪ੍ਰੋਗਰਾਮ ਦੇ ਪ੍ਰਬੰਧਕਾਂ ਨਾਲ ਗੱਲ ਕੀਤੀ ਅਤੇ ਉਸ ਸਮਾਗਮ ਦੀ ਵੀਡੀਓ ਕੈਸਟ ਜਾਂ ਆਡੀਓ ਕੈਸਟ ਤੁਰੰਤ ਭੇਜਣ ਦੀ ਬੇਨਤੀ ਕੀਤੀ। ਦੂਜੇ ਦਿਨ ਸਵੇਰੇ ਮਲੇਰਕੋਟਲਾ ਤੋਂ ਵੀਡੀਓ ਕੈਸਟ ਆ ਗਈ ਤੇ ਉਹ ਕੈਸਟ ਖ਼ਾਲਿਦ ਸਾਹਿਬ ਨੇ ਆਪਣੇ ਗੂੜੇ ਯਾਰ, ਪਰ ਵੱਡੇ ਅਫ਼ਸਰ ਯਾਨੀ ਡਿਵੀਜ਼ਨਲ ਕਮਿਸ਼ਨਰ ਬਲਦੇਵ ਸਿੰਘ ਜਸਵਾਲ ਨੂੰ ਦਿੱਤੀ। ਉਸਨੇ ਸਾਰੀ ਕੈਸਟ ਵੇਖੀ, ਪਰ ਉਸਨੂੰ ਖ਼ਾਲਿਦ ਸਾਹਿਬ ਦੀ ਤਕਰੀਰ ਵਿੱਚ ਅਜਿਹਾ ਇੱਕ ਸ਼ਬਦ ਵੀ ਨਾ ਮਿਲਿਆ ਜੋ ਭਾਰਤ ਸਰਕਾਰ ਦੇ ਖਿਲਾਫ਼ ਜਾਂ ਉਗਰਵਾਦ ਦੇ ਹੱਕ ਵਿੱਚ ਹੋਏ। ਜਸਵਾਲ ਸਾਹਿਬ ਉਸੇ ਵੇਲੇ ਉਹ ਕੈਸਟ ਲੈ ਕੇ ਚੀਫ਼ ਸੈਕਟਰੀ ਅਸ਼ੋਕ ਜੇਟਲੀ ਕੋਲ ਗਏ ਤੇ ਸਾਰੀ ਗੱਲ

ਦੱਸੀ। ਚੀਫ ਸੈਕਟਰੀ ਨੇ ਪੁਲਿਸ ਦੇ ਡਾਇਰੈਕਟਰ ਜਨਰਲ ਡਾ. ਗੁਰਬਚਨ ਜਗਤ ਅਤੇ ਸੀ.ਆਈ.ਡੀ. ਦੇ ਇੰਸਪੈਕਟਰ ਜਨਰਲ ਨੂੰ ਵੀ ਆਪਣੇ ਦਫਤਰ ਬੁਲਾ ਲਿਆ। ਸਾਰਿਆਂ ਮਿਲ ਕੇ ਉਹ ਕੈਸਟ ਦੇਖੀ ਤੇ ਬੜੇ ਖੁਸ਼ ਹੋਏ ਤੇ ਉਨ੍ਹਾਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਖ਼ਾਲਿਦ ਸਾਹਿਬ ਦੇ ਹੱਕ ਵਿੱਚ ਰਿਪੋਰਟ ਭੇਜੀ, ਨਾਲ ਉਸ ਕੈਸਟ ਦੀ ਕਾਪੀ ਕਰਵਾ ਕੇ ਵੀ ਭੇਜੀ। ਇੱਕ ਦਿਨ ਖ਼ਾਲਿਦ ਸਾਹਿਬ ਨੂੰ ਚੀਫ ਸੈਕਟਰੀ ਨੇ ਬੁਲਾਇਆ ਤੇ ਉਨ੍ਹਾਂ ਦੇ ਕੰਮ ਨੂੰ ਸਰ੍ਹਾਂਹੁੰਦਿਆਂ ਹੋਇਆਂ ਕਿਹਾ ਕਿ ਉਹ ਪੁਣਛ ਜਾਣ ਲਈ ਤਿਆਰ ਰਹੇ, ਕਿਉਂਕਿ ਸਰਕਾਰ ਨੂੰ ਤੇਰੇ ਵਰਗੇ ਡਿਪਟੀ ਕਮਿਸ਼ਨਰ ਦੀ ਉਥੇ ਲੋੜ ਹੈ। ਇਸ ਚੁਗਲਖ਼ੋਰੀ, ਨਫ਼ਰਤ ਤੇ ਜ਼ਾਤੀ ਖ਼ਾਰਬਾਜ਼ੀ ਦਾ ਸਿੱਟਾ ਇਹ ਨਿਕਲਿਆ ਕਿ ਖ਼ਾਲਿਦ ਸਾਹਿਬ ਨੂੰ ਪੁਣਛ ਵਿੱਚ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਗਿਆ।

ਇੰਝ ਹੀ ਜਦੋਂ ਉਹ ਪੁਣਛ ਵਿੱਚ ਐਸਿਸਟੈਂਟ ਡਿਵੈਲਪਮੈਂਟ ਕਮਿਸ਼ਨਰ ਸਨ ਤਾਂ ਇੱਕ ਸਾਬਕਾ ਐੱਮ.ਐੱਲ.ਏ. ਤੇ ਦਲ-ਬਦਲੂ ਮਾਹਿਰ (ਉਹ ਬਾਅਦ ਵਿੱਚ ਐੱਮ.ਐੱਲ.ਸੀ. ਬਣਿਆ ਤੇ ਉਸਨੂੰ ਗੁੱਜਰ ਬੱਕਰਵਾਲ ਬੋਰਡ ਦਾ ਵਾਇਸ ਚੇਅਰਮੈਨ ਬਣਾਇਆ ਗਿਆ।) ਆਪਣੇ ਕਰਿੰਦਿਆਂ ਨੂੰ ਪੰਚਾਇਤ ਨਿਰਮਾਣ ਦੇ ਕੰਮ ਦਵਾਉਣ ਲਈ ਰੋਜ਼ ਸਿਫਾਰਸ਼ੀ ਚਿੱਠੀਆਂ ਲਿਖਦਾ ਸੀ। ਖ਼ਾਲਿਦ ਸਾਹਿਬ ਉਹਦੇ ਕਰਿੰਦਿਆਂ ਨੂੰ ਕੰਮ ਦਿੰਦੇ ਰਹੇ। ਜਦ ਗਿਣਤੀ ਵੱਧ ਗਈ ਤਾਂ ਉਨ੍ਹਾਂ ਆਪਣਾ ਹੱਥ ਰੋਕ ਲਿਆ। ਇੱਕ ਦਿਨ ਉਹ ਸਾਬਕਾ ਮੈਂਬਰ ਐਸੰਬਲੀ (ਸਾਬਕਾ ਇਸ ਲਈ ਕਿ ਗਵਰਨਰ ਜਗਮੋਹਨ ਨੇ ਐਸੰਬਲੀ ਭੰਗ ਕਰ ਦਿੱਤੀ ਸੀ।) ਆਪਣੇ ਕੁੱਝ ਹਵਾਰੀਆਂ ਨਾਲ ਖ਼ਾਲਿਦ ਸਾਹਿਬ ਦੇ ਦਫਤਰ ਵਿੱਚ ਆਇਆ ਤਾਂ ਆਪਣੇ ਵਰਕਰਾਂ ਦੀ ਇੱਕ ਸੂਚੀ ਦੇਂਦਿਆਂ ਕਹਿਣ ਲੱਗਾ ਕਿ ਇਨ੍ਹਾਂ ਸਾਰਿਆਂ ਨੂੰ ਬਲਾਕ ਦੇ ਕੰਮ ਦਿੱਤੇ ਜਾਣ, ਜਦ ਖ਼ਾਲਿਦ ਸਾਹਿਬ ਨੇ ਇਨਕਾਰ ਕਰ ਦਿੱਤਾ ਤਾਂ ਉਹ ਪੁੱਠਾ-ਸਿੱਧਾ ਬੋਲਣ ਲੱਗਾ ਅਤੇ ਧਮਕੀਆਂ ਦੇਣ ਲੱਗਾ। ਖ਼ਾਲਿਦ ਸਾਹਿਬ ਨੇ ਉਸਨੂੰ, ਉਹਦੇ ਹਵਾਰੀਆਂ ਸਾਹਮਣੇ ਧੱਕੇ ਦੇ ਕੇ ਬਾਹਰ ਕੱਢ ਦਿੱਤਾ। ਉਹ ਸਾਬਕਾ ਐੱਮ.ਐੱਲ.ਏ. ਆਪਣੀ ਬੇਇਜ਼ਤੀ ਬ੍ਰਦਾਸ਼ਤ ਨਹੀਂ ਕਰ ਸਕਿਆ ਤੇ ਇੱਕ ਵਫਦ ਲੈ ਕੇ ਉਸ ਵੇਲੇ ਦੇ ਗਵਰਨਰ ਸ੍ਰੀ ਗਿਰੀਸ਼ ਸਕਸੈਨਾ ਨੂੰ ਮਿਲਿਆ ਤੇ ਖ਼ਾਲਿਦ ਸਾਹਿਬ 'ਤੇ ਦੋਸ਼ ਮੜ੍ਹਿਆ ਕਿ ਉਹ ਪੁਣਛ ਵਿੱਚ ਉਗਰਵਾਦੀਆਂ ਦਾ ਸਰਪ੍ਰਸਤ ਹੈ ਤੇ ਪਾਕਿਸਤਾਨ ਤੋਂ ਆਉਣ ਵਾਲਾ ਅਸਲਾ ਆਪਣੀ ਸਰਕਾਰੀ ਜੀਪ ਵਿੱਚ ਉਗਰਵਾਦੀਆਂ ਤਕ ਪਹੁੰਚਾਉਂਦਾ ਹੈ ਅਤੇ ਉਸਦਾ ਖਾੜਕੂ ਪੁੱਤਰ ਜ਼ਾਕਿਰ ਹੁਸੈਨ ਵੀ ਉਹਦੇ ਕੋਲ ਰਹਿੰਦਾ ਹੈ। ਗਵਰਨਰ ਸਾਹਿਬ ਨੇ ਉਨ੍ਹਾਂ ਦੀ ਸ਼ਿਕਾਇਤ 'ਤੇ ਆਪਣੇ ਮੁਸ਼ੀਰ ਤੇ ਸਲਾਹਕਾਰ ਸ੍ਰੀ ਵੇਦ ਪ੍ਰਕਾਸ਼ ਨੂੰ ਲਿਖਿਆ ਕਿ ਇਹ ਇੱਕ ਗੰਭੀਰ ਇਲਜ਼ਾਮ ਹੈ, ਇਸ ਦੀ ਤੁਰੰਤ ਇੰਕੁਆਇਰੀ ਕਰਵਾਈ ਜਾਏ ਤੇ ਖ਼ਾਲਿਦ ਹੁਸੈਨ ਨੂੰ ਇੰਕੁਆਇਰੀ ਹੋਣ ਤਕ ਐਡਮਿਨਿਸਟਰੇਟਿਵ ਵਿਭਾਗ ਨਾਲ

ਅਟੈਚ ਕਰ ਦਿੱਤਾ ਜਾਏ। ਉਸ ਵੇਲੇ ਗ੍ਰਾਮੀਨ ਵਿਕਾਸ ਵਿਭਾਗ ਦੇ ਸਕੱਤਰ ਸ੍ਰੀ ਵਿਜਯ ਬਕਾਇਆ (ਆਈ.ਏ.ਐਸੱ.) ਸਨ। ਉਨ੍ਹਾਂ ਖ਼ਾਲਿਦ ਨੂੰ ਇਸ ਸ਼ਿਕਾਇਤ ਬਾਰੇ ਪੁੱਛਿਆ ਅਤੇ ਦੱਸਿਆ ਕਿ ਗਵਰਨਰ ਸਾਹਿਬ ਨੇ ਸਖ਼ਤ ਕਾਰਵਾਈ ਕਰਨ ਲਈ ਲਿਖਿਆ ਹੈ, ਇਸ ਲਈ ਉਹ ਆਪਣੇ ਹੱਕ ਵਿੱਚ ਸਾਰੇ ਸਬੂਤ ਲੈ ਕੇ ਦੂਜੇ ਦਿਨ ਉਸਨੂੰ ਮਿਲੇ। ਉਸੇ ਵੇਲੇ ਖ਼ਾਲਿਦ ਸਾਹਿਬ ਦੇ ਇੱਕ ਨਿੱਘੇ ਮਿੱਤਰ ਸ੍ਰੀ ਸੁਧੀਰ ਸਿੰਘ ਬਲੌਰੀਆ ਪੁਣਛ-ਰਾਜੌਰੀ ਜ਼ਿਲ੍ਹੇ ਦੇ ਵਿਸ਼ੇਸ਼ ਕਮਿਸ਼ਨਰ ਲਗਾਏ ਗਏ ਸਨ। ਖ਼ਾਲਿਦ ਸਾਹਿਬ ਉਨ੍ਹਾਂ ਨੂੰ ਮਿਲੇ ਤੇ ਸਾਰੀ ਗੱਲ ਦੱਸੀ। ਉਨ੍ਹਾਂ ਫੋਨ ’ਤੇ ਬਕਾਇਆ ਸਾਹਿਬ ਨਾਲ ਗੱਲ ਕੀਤੀ ਤੇ ਦੋਵੇਂ ਜੰਮੂ ਚਲੇ ਗਏ। ਦੂਜੇ ਦਿਨ ਵਿਜਯ ਬਕਾਇਆ ਸਾਹਿਬ ਨੂੰ ਉਨ੍ਹਾਂ ਦੇ ਦਫਤਰ ਵਿੱਚ ਜਾ ਕੇ ਮਿਲੇ। ਬਕਾਇਆ ਸਾਹਿਬ ਨੇ ਗਵਰਨਰ ਤੋਂ ਆਈ ਹੋਈ ਫਾਈਲ ਦੱਸੀ ਅਤੇ ਖ਼ਾਲਿਦ ਸਾਹਿਬ ਨੇ ਉਸ ਸਾਬਕਾ ਐਮੱ.ਐਲੱ.ਏ. ਦੀਆਂ ਚਿੱਠੀਆਂ ਪੇਸ਼ ਕੀਤੀਆਂ। ਬਕਾਇਆ ਸਾਹਿਬ ਨੇ ਪੁਣਛ-ਰਾਜੌਰੀ ਦੇ ਵਿਸ਼ੇਸ਼ ਕਮਿਸ਼ਨਰ ਨੂੰ ਫਾਈਲ ਤੇ ਆਪਣੀ ਟਿੱਪਣੀ ਦਰਜ ਕਰਨ ਲਈ ਕਿਹਾ। ਬਲੌਰੀਆ ਸਾਹਿਬ ਨੇ ਖ਼ਾਲਿਦ ਸਾਹਿਬ ਬਾਰੇ ਬਹੁਤ ਵਧੀਆ ਲਿਖਿਆ ਤੇ ਉਨ੍ਹਾਂ ਦੀ ਸਾਹਿਤਕ ਗਤੀਵਿਧੀਆਂ ਬਾਰੇ ਸਰਕਾਰ ਨੂੰ ਜਾਣੂ ਕਰਵਾਇਆ ਅਤੇ ਸ਼ਿਕਾਇਤ ਨੂੰ ਮਨਘੜਤ ਤੇ ਬਦਲੇ ਦੀ ਭਾਵਨਾ ਦੱਸਿਆ। ਬਕਾਇਆ ਸਾਹਿਬ ਨੇ ਫਾਈਲ ’ਤੇ ਆਪਣੇ ਵੱਲੋਂ ਟਿੱਪਣੀ ਕਰਦਿਆਂ ਹੋਇਆ ਇਹ ਸਿਫਾਰਿਸ਼ ਕੀਤੀ ਕਿ ਇਸ ਅਫ਼ਸਰ ਦਾ ਪੁਣਛ ਵਿੱਚ ਰਹਿਣਾ ਸਰਕਾਰ ਦੇ ਹਿੱਤ ਵਿੱਚ ਹੈ। ਫਾਈਲ ਵਾਪਿਸ ਗਵਰਨਰ ਸਾਹਿਬ ਤਕ ਗਈ ਤੇ ਉਨ੍ਹਾਂ ਫਾਈਲ ਨੂੰ ਬੰਦ ਕਰਨ ਦਾ ਹੁਕਮ ਦਿੱਤਾ। ਇੰਝ ਹੀ ਜਦੋਂ ਉਹ ਰਾਜੌਰੀ ਵਿੱਚ ਸਨ ਤਾਂ ਇੱਕ ਸ਼ਰਾਰਤੀ ਦਿਮਾਗ ਵਾਲੇ ਬੰਦੇ ਨੇ ਦਰਹਾਲ ਦੇ ਬਲਾਕ ਅਫ਼ਸਰ ਰਿਆਜ਼ ਜ਼ਰਗਰ ਨੂੰ ਧਮਕੀ ਦੇ ਕੇ ਕੁੱਝ ਕੰਮਾਂ ਦੇ ਵਰਕ ਆਰਡਰ ਲੈ ਲਏ। ਉਹ ਸ਼ਰੀਫ ਬੀ.ਡੀ.ਓ. ਜਿਹੜਾ ਆਪਣੇ ਆਪ ਵਿੱਚ ਇੱਕ ਫਕੀਰ ਤੇ ਕਲੰਦਰ ਸੀ, ਉਹ ਖ਼ਾਲਿਦ ਸਾਹਿਬ ਕੋਲ ਆਇਆ ਤੇ ਸਾਰੀ ਗੱਲ ਦੱਸੀ। ਖ਼ਾਲਿਦ ਸਾਹਿਬ ਨੇ ਉਸ ਬੰਦੇ ਦੇ ਵਰਕ ਆਰਡਰ ਰੱਦ ਕੀਤੇ ਤੇ ਮਾਮਲਾ ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਪੁਲਿਸ ਅਫ਼ਸਰ ਦੇ ਨੋਟਿਸ ਵਿੱਚ ਲਿਆਂਦਾ। ਇਸ ਗੱਲ ਨਾਲ ਉਸ ਬੰਦੇ ਦੀ ਦੁਸ਼ਮਣੀ ਬੀ.ਡੀ.ਓ. ਤੇ ਖ਼ਾਲਿਦ ਸਾਹਿਬ ਨਾਲ ਪੈ ਗਈ ਤੇ ਉਹ ਉਨ੍ਹਾਂ ਨੂੰ ਭੰਡਣ ਲਈ ਮੌਕੇ ਦੀ ਤਲਾਸ਼ ਵਿੱਚ ਰਹਿੰਦਾ। ਉਸਨੇ ਕੁੱਝ ਹੋਰ ਸ਼ਤੂਨੇ ਠੇਕੇਦਾਰਾਂ ਤੇ ਸਿਆਸੀ ਵਰਕਰਾਂ ਨਾਲ ਮਿਲ ਕੇ ਮਿਲਟਰੀ ਇੰਟੈਲੀਜੈਂਸ, ਆਈ.ਬੀ. ਤੇ ਰਿਆਸਤੀ ਪੁਲਿਸ ਦੀ ਕਰਾਈਮ ਬਰਾਂਚ ਨੂੰ ਖ਼ਾਲਿਦ ਸਾਹਿਬ ਤੇ ਰਿਆਜ਼ ਜ਼ਰਗਰ ਖਿਲਾਫ਼ ਸ਼ਿਕਾਇਤ ਲਿਖ ਕੇ ਭੇਜੀ ਕਿ ਇਨ੍ਹਾਂ ਦੋਵਾਂ ਨੇ ਮਿਲ ਕੇ ਇਲਾਕੇ ਦੇ ਦਸ ਮਾਸੂਮ ਬੱਚਿਆਂ ਨੂੰ ਖਾੜਕੂ ਬਣਾਇਆ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਲਈ ਪਾਕਿਸਤਾਨੀ ਕਸ਼ਮੀਰ ਵਿੱਚ ਭੇਜਿਆ। ਖੁਫੀਆ ਏਜੰਸੀਆਂ ਹਰਕਤ

ਵਿੱਚ ਆ ਗਈਆਂ ਤੇ ਖ਼ਾਲਿਦ ਸਾਹਿਬ ਅਤੇ ਰਿਆਜ਼ ਜ਼ਰਗਰ ਸਾਹਿਬ ਨੂੰ ਤੰਗ ਕੀਤਾ ਜਾਣ ਲੱਗਾ। ਫੌਜ ਦੇ ਇੱਕ ਬ੍ਰਿਗੇਡੀਅਰ ਨੇ ਖ਼ਾਲਿਦ ਸਾਹਿਬ ਤੇ ਰਿਆਜ਼ ਸਾਹਿਬ ਨੂੰ ਬੁਲਾ ਕੇ ਧਮਕੀ ਦਿੱਤੀ ਕਿ ਛੇਤੀ ਹੀ ਉਨ੍ਹਾਂ ਦੇ ਖਿਲਾਫ਼ ਸਬੂਤ ਇੱਕੱਠੇ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਏਗਾ। ਜਦ ਖ਼ਾਲਿਦ ਸਾਹਿਬ ਨੇ ਬ੍ਰਿਗੇਡੀਅਰ ਜੈਸਵਾਲ ਨੂੰ ਪੁੱਛਿਆ ਕਿ ਉਹ ਕਿਸ ਆਧਾਰ ’ਤੇ ਇਹ ਇਲਜ਼ਾਮ ਲਗਾ ਰਹੇ ਹਨ ਤਾਂ ਉਸਨੇ ਕਿਹਾ ਸੀ ਕਿ ਬਨੀਹਾਲ ਤੋਂ ਕੁੱਝ ਉਗਰਵਾਦੀਆਂ ਨੂੰ ਫੌਜ ਨੇ ਪਕੜਿਆ ਹੈ, ਤੇ ਉਨ੍ਹਾਂ ਆਪਣੀ ਇੰਟੈਰੋਗੇਸ਼ਨ ਵਿੱਚ ਦੋਹਾਂ ਦਾ ਨਾਂ ਲਿਆ ਹੈ ਤੇ ਦੱਸਿਆ ਹੈ ਕਿ ਤੁਸਾਂ ਦੋਹਾਂ ਨੇ ਦਸ ਗੱਭਰੂਆਂ ਨੂੰ ਆਤੰਕੀ ਟ੍ਰੇਨਿੰਗ ਲਈ ਪਾਕਿਸਤਾਨ ਭੇਜਿਆ ਹੈ। ਜਦ ਖ਼ਾਲਿਦ ਸਾਹਿਬ ਨੇ ਬ੍ਰਿਗੇਡੀਅਰ ਨੂੰ ਗ੍ਰਿਫਤਾਰ ਕੀਤੇ ਗਏ ਖਾੜਕੂਆਂ ਨੂੰ ਰੂਬ-ਰੂ ਕਰਨ ਲਈ ਕਿਹਾ ਤਾਂ ਉਹ ਕਮਜ਼ੋਰ ਪੈ ਗਿਆ। ਖ਼ਾਲਿਦ ਸਾਹਿਬ ਨੇ ਉਸ ਨਾਲ ਡਟ ਕੇ ਗੱਲ ਕੀਤੀ। ਦੋਵਾਂ ਦੀ ਆਪਸ ਵਿੱਚ ਭਰਵੀਂ ਬਹਿਸ ਹੋਈ। ਖ਼ਾਲਿਦ ਸਾਹਿਬ ਨੇ ਇਸ ਸਾਰੀ ਘਟਨਾ ਬਾਰੇ ਇੱਕ ਰਿਪੋਰਟ ਤਿਆਰ ਕੀਤੀ ਤੇ ਡੀ.ਸੀ. ਨੂੰ ਭੇਜੀ। ਡੀ.ਸੀ. ਨੇ ਆਪਣੀ ਟਿੱਪਣੀ ਨਾਲ ਇਸ ਰਿਪੋਰਟ ਨੂੰ ਚੀਫ ਸੈਕਟਰੀ ਨੂੰ ਘੱਲਿਆ, ਜਿਨ੍ਹਾਂ ਆਪਣੇ ਤੌਰ ’ਤੇ ਸਾਰੇ ਮਾਮਲੇ ਦੀ ਇੰਕੁਆਇਰੀ ਕਰਵਾਈ, ਜਿਸ ਕਾਰਨ ਉਸ ਬ੍ਰਿਗੇਡੀਅਰ ਦੀ ਬਦਲੀ ਕਿਸੇ ਹੋਰ ਥਾਂ ਕਰ ਦਿੱਤੀ ਗਈ।

ਇਸੇ ਤਰ੍ਹਾਂ ਜਦੋਂ ਖ਼ਾਲਿਦ ਸਾਹਿਬ ਪੁਣਛ ਵਿੱਚ ਡਿਪਟੀ ਕਮਿਸ਼ਨਰ ਸਨ ਤਾਂ ਕੁੱਝ ਦੋਖੀਆਂ ਨੇ ਖ਼ਾਲਿਦ ਸਾਹਿਬ ਬਾਰੇ ਝੂਠੀਆਂ ਸ਼ਿਕਾਇਤਾਂ ਸਰਕਾਰ ਨੂੰ ਭੇਜੀਆਂ। ਕਾਰਨ ਇਹ ਸੀ ਕਿ ਇੱਕ ਐਮੱ.ਐਲੱ.ਏ. ਸਾਹਿਬ ਨੇ ਆਪਣੀ ਧੀ ਨੂੰ ਟੀਚਰ ਲਗਵਾਉਣ ਲਈ ਖ਼ਾਲਿਦ ਸਾਹਿਬ ’ਤੇ ਜ਼ੋਰ ਪਾਇਆ ਸੀ। ਉਹ ਕੁੜੀ ਸਰਕਾਰ ਦੇ ਨਿਯਮਾਂ ਮੁਤਾਬਿਕ ਟੀਚਰ ਨਹੀਂ ਸੀ ਲੱਗ ਸਕਦੀ। ਉਸਦੇ ਚਚੇਰੇ ਭਰਾ ਨੇ ਬਤੌਰ ਬਲਾਕ ਮੈਡੀਕਲ ਅਫ਼ਸਰ ਜਿਹੜੀ ਨਾਜਾਇਜ਼ ਭਰਤੀ ਕੀਤੀ ਸੀ ਤੇ ਜਿਸਦਾ ਰਿਕਾਰਡ ਖ਼ਾਲਿਦ ਸਾਹਿਬ ਨੇ ਵਿਜੀਲੈਂਸ ਨੂੰ ਭੇਜ ਦਿੱਤਾ ਸੀ, ਉਨ੍ਹਾਂ ਦੋਹਾਂ ਨੇ ਮਿਲ ਕੇ ਖ਼ਾਲਿਦ ਸਾਹਿਬ ਦੇ ਖਿਲਾਫ਼ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਉਹ ਉਗਰਵਾਦੀਆਂ ਦਾ ਹਮਾਇਤੀ ਹੈ। ਚੀਫ ਸੈਕਟਰੀ ਦੇ ਮਸ਼ਵਰੇ ਨਾਲ ਪੁਲਿਸ ਡਾਇਰੈਕਟਰ ਜਨਰਲ ਗੁਰਬਚਨ ਜਗਤ ਨੇ ਪੰਜਾਬ ਤੇ ਹਰਿਆਣਾ ਤੋਂ ਬੁਲਾਈ ਗਈ ਪੁਲਿਸ ਦੀ ਇੱਕ ਟੀਮ ਕੋਲੋਂ ਇੱਕ ਖੁਫੀਆ ਛਾਣਬੀਣ ਕਰਵਾਈ ਤਾਂ ਜੋ ਲਾਏ ਗਏ ਇਲਜ਼ਾਮਾਂ ਦੀ ਸੱਚਾਈ ਦਾ ਪਤਾ ਲੱਗ ਸਕੇ। 15-20 ਦਿਨਾਂ ਤਕ ਉਹ ਟੀਮ ਛਾਣਬੀਣ ਕਰਦੀ ਰਹੀ, ਜਿਸ ਵਿੱਚ ਉਨ੍ਹਾਂ ਜ਼ਿਲ੍ਹੇ ਦੇ ਪੁਲਿਸ ਅਫ਼ਸਰ ਦੇ ਵੀ ਬਿਆਨ ਲਿਖੇ। ਉਨ੍ਹਾਂ ਦੇ ਜਾਣ ਮਗਰੋਂ ਜ਼ਿਲ੍ਹਾ ਪੁਲਿਸ ਅਫ਼ਸਰ ਪੰਕਜ ਸਕਸੈਨਾ ਨੇ ਖ਼ਾਲਿਦ ਸਾਹਿਬ ਨੂੰ ਆਪ ਦੱਸਿਆ ਸੀ ਕਿ ਉਨ੍ਹਾਂ ਦੇ ਖਿਲਾਫ਼ ਇੱਕ ਸਪੈਸ਼ਲ ਟੀਮ ਇੰਕੁਆਇਰੀ ਕਰਨ

ਆਈ ਸੀ ਤੇ ਉਹ ਆਪਣਾ ਕੰਮ ਕਰਕੇ ਚਲੀ ਗਈ ਹੈ। 20-25 ਦਿਨਾਂ ਮਗਰੋਂ ਚੀਫ਼ ਸੈਕਟਰੀ ਸਾਹਿਬ ਨੇ ਖ਼ਾਲਿਦ ਸਾਹਿਬ ਨੂੰ ਬੁਲਾ ਕੇ ਉਨ੍ਹਾਂ ਦੇ ਕੰਮ ਦੀ ਸਰਾਹਣਾ ਕੀਤੀ, ਨਾਲੇ ਕਿਹਾ ਕਿ ਇਨ੍ਹਾਂ ਸ਼ਿਕਾਇਤਾਂ ਕੋਲੋਂ ਡਰਨ ਦੀ ਕੋਈ ਲੋੜ ਨਹੀਂ। ਇਹ ਇਲਜ਼ਾਮ ਤਰਾਸ਼ੀਆਂ ਹੁੰਦੀਆਂ ਰਹਿੰਦੀਆਂ ਨੇ, ਤੁਸੀਂ ਆਪਣਾ ਕੰਮ ਕਰੋ, ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ, ਮੈਂ ਤੁਹਾਡੇ ਨਾਲ ਹਾਂ। ਇੰਝ ਹੀ ਗੁਰਬਚਨ ਜਗਤ ਸਾਹਿਬ ਨੇ ਵੀ ਖ਼ਾਲਿਦ ਸਾਹਿਬ ਨੂੰ ਥਾਪੀ ਦਿੱਤੀ ਤੇ ਬੇਖ਼ੌਫ਼ ਹੋ ਕੇ ਆਪਣਾ ਕੰਮ ਕਰਨ ਲਈ ਕਿਹਾ।

2005 ਵਿੱਚ ਜਦੋਂ ਖ਼ਾਲਿਦ ਸਾਹਿਬ ਪਾਕਿਸਤਾਨੀ ਇੰਤਜ਼ਾਮ ਵਾਲੇ ਕਸ਼ਮੀਰ ਤੋਂ ਵਾਪਿਸ ਪਰਤੇ ਸਨ ਤਾਂ ਰਿਆਸਤ ਦੇ ਇੱਕ ਆਈ.ਏ.ਐਸੱ. ਅਫਸਰ ਗੌਹਰ ਅਹਿਮਦ ਨੇ ਖ਼ਾਲਿਦ ਸਾਹਿਬ ਨੂੰ ਸ੍ਰੀਨਗਰ ਹਵਾਈ ਅੱਡੇ 'ਤੇ ਤਨਜ਼ੀਆ ਲਹਿਜੇ ਵਿੱਚ ਪੁੱਛਿਆ ਸੀ ਕਿ ਉਹ ਜੈਨੀਵਾ ਕਦੋਂ ਜਾ ਰਹੇ ਹਨ? ਤਦ ਖ਼ਾਲਿਦ ਸਾਹਿਬ ਨੇ ਉਲਟਾ ਸੁਆਲ ਕੀਤਾ ਕਿ ਉਨ੍ਹਾਂ ਨੂੰ ਜੈਨੀਵਾ (ਸਵੀਡਨ) ਕੌਣ ਲੈ ਕੇ ਜਾਏਗਾ ਤਾਂ ਗੌਹਰ ਅਹਿਮਦ ਨੇ ਕਿਹਾ ਕਿ ਆਈ.ਬੀ. ਵਾਲੇ ਉਨ੍ਹਾਂ ਨੂੰ ਜੈਨੀਵਾ ਤੇ ਵਇਆਨਾ ਵੀ ਲੈ ਜਾਣਗੇ, ਕਿਉਂਕਿ ਉਹ ਆਈ.ਬੀ. ਦੇ ਏਜੰਟ ਹਨ। ਜਦ ਖ਼ਾਲਿਦ ਸਾਹਿਬ ਨੇ ਗੌਹਰ ਸਾਹਿਬ ਨੂੰ ਕਿਹਾ ਕਿ ਉਹ ਬੜੀ ਗ਼ਲਤ ਫਹਿਮੀ ਦਾ ਸ਼ਿਕਾਰ ਹਨ ਤਾਂ ਉਸਨੇ ਬੜੇ ਗੁੱਸੇ 'ਚ ਆਖਿਆ ਸੀ ਕਿ ਉਨ੍ਹਾਂ ਨੂੰ ਕੋਈ ਗ਼ਲਤ ਫਹਿਮੀ ਨਹੀਂ, ਕਿਉਂਕਿ ਖ਼ਾਲਿਦ ਸਾਹਿਬ ਦੇ ਬਿਆਨ ਜਿਹੜੇ ਉਨ੍ਹਾਂ ਨੇ ਆਜ਼ਾਦ ਕਸ਼ਮੀਰ ਵਿੱਚ ਦਿੱਤੇ ਹਨ, ਉਹ ਸਬੂਤ ਲਈ ਕਾਫੀ ਹਨ। ਇਸ ਸਭ ਦੇ ਬਾਵਜੂਦ ਖ਼ਾਲਿਦ ਸਾਹਿਬ ਨੇ ਕਦੇ ਵੀ ਆਪਣੇ ਮੁਖ਼ਾਲਫਾਂ ਨਾਲ ਡਾਡਪੁਣਾ ਨਹੀਂ ਲਾਇਆ। ਕੋਈ ਬਹਿਸ ਨਹੀਂ ਕੀਤੀ ਅਤੇ ਹੱਸਦੇ ਖੇਡਦੇ ਆਪਣਾ ਕੰਮ ਕਰਦੇ ਰਹੇ। ਮੇਰੇ ਸਾਲੇ ਨੇ ਪਬਲਿਕ ਸਰਵਿਸ ਕਮਿਸ਼ਨ ਦਾ ਇਮਤਿਹਾਨ ਪਾਸ ਕੀਤਾ ਸੀ ਤੇ ਉਸਨੂੰ ਇਹ ਡਰ ਸੀ ਕਿ ਮੌਖਿਕ ਪ੍ਰੀਖਿਆ (VIVA) ਵਿੱਚ ਉਹ ਰਹਿ ਨਾ ਜਾਵੇ, ਇਸ ਲਈ ਮੈਂ ਉਸਨੂੰ ਨਾਲ ਲੈ ਕੇ ਖ਼ਾਲਿਦ ਸਾਹਿਬ ਨੂੰ ਮਿਲਿਆ ਤੇ ਉਨ੍ਹਾਂ ਅੱਗੇ ਬੇਨਤੀ ਕੀਤੀ ਕਿ ਉਹ ਮੇਰੇ ਸਾਲੇ ਕੌਸ਼ਲ ਕੁਮਾਰ ਦੀ ਸਹਾਇਤਾ ਕਰਨ। ਖ਼ਾਲਿਦ ਸਾਹਿਬ ਕੌਸ਼ਲ ਨੂੰ ਲੈ ਕੇ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਸਈਅਦ ਅਖਤਰ ਮੁਰਤਜ਼ਾ ਕੋਲ ਗਏ ਤੇ ਉਸਦੀ ਸਿਫਾਰਸ਼ ਕੀਤੀ। ਕੌਸ਼ਲ ਕਸ਼ਮੀਰ ਪੁਲਿਸ ਸਰਵਿਸ ਵਿੱਚ ਸਲੈਕਟ ਹੋ ਗਿਆ ਤੇ ਅੱਜਕੱਲ੍ਹ ਉਹ ਐਸੱ.ਪੀ. ਲੱਗਿਆ ਹੋਇਆ ਹੈ। ਜੰਮੂ ਵਿੱਚ ਖ਼ਾਲਿਦ ਸਾਹਿਬ ਦਾ ਰੀਡਰ ਘਣਸ਼ਾਮ ਸਿੰਘ ਸੀ ਜੋ ਰਾਮਸੂ ਤੋਂ ਉੱਪਰ ਪੋਗਲ ਪਰਸਥਾਨ ਦਾ ਰਹਿਣ ਵਾਲਾ ਸੀ। ਘਣਸ਼ਾਮ ਅੰਗਰੇਜ਼ੀ ਅਤੇ ਉਰਦੂ ਭਾਸ਼ਾਵਾਂ ਦਾ ਮਾਹਿਰ ਸੀ। ਉਸਦੇ ਦਸਤਖ਼ਤ ਵੀ ਵਧੀਆ ਸਨ। ਇੱਕ ਦਿਨ ਉਹ ਖ਼ਾਲਿਦ ਸਾਹਿਬ ਕੋਲ ਆਇਆ ਤੇ ਕਹਿਣ ਲੱਗਾ ਕਿ ਉਹ ਦੋ ਵਾਰੀ

ਪਹਿਲਾਂ ਵੀ ਕੰਬਾਇੰਡ ਸਰਵਿਸਸ ਦਾ ਇਮਤਿਹਾਨ ਪਾਸ ਕਰ ਚੁੱਕਾ ਹੈ, ਪਰ ਵਾਈਵਾ ਵਿੱਚ ਉਸਨੂੰ ਫੇਲ੍ਹ ਕਰ ਦਿੱਤਾ ਜਾਂਦਾ ਹੈ, ਕਿਉਂਕਿ ਉਸਦੀ ਕੋਈ ਸਿਫਾਰਸ਼ ਨਹੀਂ ਹੈ। ਘਣਸ਼ਾਮ ਨੇ ਦੱਸਿਆ ਕਿ ਉਸਨੇ ਤੀਜੀ ਵਾਰੀ ਵੀ ਇਹ ਇਮਤਿਹਾਨ ਪਾਸ ਕਰ ਲਿਆ ਹੈ, ਇਸ ਕਰਕੇ ਮੇਰੀ ਸਿਫਾਰਿਸ਼ ਪੀ.ਐੱਸ.ਸੀ. ਮੈਂਬਰਾਂ ਕੋਲ ਕਰੋ ਤਾਂ ਜੋ ਮੇਰਾ ਵੀ ਬੇੜਾ ਪਾਰ ਹੋ ਜਾਏ। ਖ਼ਾਲਿਦ ਸਾਹਿਬ ਉਸਨੂੰ ਸਰਦਾਰ ਸਰਨ ਸਿੰਘ (ਪੰਜਾਬੀ ਕਹਾਣੀਕਾਰ) ਕੋਲ ਲੈ ਕੇ ਗਏ, ਜਿਹੜਾ ਉਸ ਵੇਲੇ ਪੀ.ਐੱਸ.ਸੀ. ਦਾ ਮੈਂਬਰ ਸੀ। ਸਰਨ ਸਿੰਘ ਜੀ ਨੇ ਇੰਟਰਵਿਊ ਲਈ ਘਣਸ਼ਾਮ ਨੂੰ ਕੁੱਝ ਟਿਪਸ ਦਿੱਤੇ। ਫਿਰ ਉਹ ਉਸਨੂੰ ਲੈ ਕੇ ਪੀ.ਐੱਸ.ਸੀ. ਦੇ ਚੇਅਰਮੈਨ ਅਖਤਰ ਮੁਰਤਜ਼ਾ ਨੂੰ ਮਿਲੇ। ਉਸਨੇ ਵੀ ਪੁੱਛੇ ਜਾਣ ਵਾਲੇ ਸਵਾਲਾਂ ਸੰਬੰਧੀ ਟਿਪਸ ਦਿੱਤੇ। ਜਦੋਂ ਨਤੀਜਾ ਨਿਕਲਿਆ ਤਾਂ ਘਣਸ਼ਾਮ ਦਾ ਨਾਂ ਲਿਸਟ ਵਿੱਚ ਸ਼ਾਮਿਲ ਸੀ। ਟ੍ਰੇਨਿੰਗ ਖਤਮ ਹੋਣ ਮਗਰੋਂ ਘਣਸ਼ਾਮ ਨੂੰ ਐਕਸਾਈਜ਼ ਮਹਿਕਮਾ ਐਲਾਟ ਹੋਇਆ, ਜਿਥੇ ਉਹ ਅੱਜਕੱਲ੍ਹ ਅਫਸਰੀ ਕਰ ਰਿਹਾ ਹੈ। ਇਹ ਦੱਸਣ ਦਾ ਮੇਰਾ ਮਤਲਬ ਇਹ ਹੈ ਕਿ ਇਲਜ਼ਾਮ ਤਰਾਸ਼ੀਆਂ ਤੇ ਪ੍ਰੇਸ਼ਾਨੀਆਂ ਬਰਦਾਸ਼ਤ ਕਰਨ ਦੇ ਬਾਵਜੂਦ ਖ਼ਾਲਿਦ ਸਾਹਿਬ ਨੇ ਕਦੇ ਵੀ ਧਰਮ, ਰੰਗ, ਨਸਲ, ਜ਼ਾਤ ਜਾਂ ਭਾਸ਼ਾ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਅਤੇ ਨਾ ਹੀ ਕਿਸੇ ਨਾਲ ਬੇਇਨਸਾਫੀ ਕੀਤੀ। ਉਨ੍ਹਾਂ ਨੇ ਗ਼ਰੀਬਾਂ ਦੀ ਬੜੀ ਮਦਦ ਕੀਤੀ, ਕਿਉਂਕਿ ਉਨ੍ਹਾਂ ਨੇ ਆਪ ਗੁਰਬਤ ਨੂੰ ਭੋਗਿਆ ਸੀ।

***

# ਉਚੀਆਂ ਬਾਂਗਾਂ ਚਾਂਗਾਂ ਮਾਰਨ

ਖ਼ਾਲਿਦ ਹੁਸੈਨ ਜਵਾਨੀ ਵਿੱਚ ਗੁੱਸੇ ਵਾਲੀ ਤਬੀਅਤ ਦਾ ਮਾਲਿਕ ਹੁੰਦਾ ਸੀ। ਉਹ ਨਾ ਤਾਂ ਗ਼ਲਤ ਗੱਲ ਕਰਦਾ ਸੀ, ਨਾ ਹੀ ਗ਼ਲਤ ਗੱਲ ਸੁਣ ਸਕਦਾ ਸੀ। ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ 1965 ਦੀ ਭਾਰਤ--ਪਾਕਿ ਜੰਗ ਜ਼ੋਰਾਂ 'ਤੇ ਸੀ ਤੇ ਹਿੰਦੂ ਕੱਟੜਪੰਥੀ ਲੀਡਰ ਮੁਸਲਮਾਨਾਂ ਦੇ ਖ਼ਿਲਾਫ ਸਿੱਧੀਆਂ ਪੁੱਠੀਆਂ ਗੱਲਾਂ ਕਰਦੇ ਸਨ ਤੇ ਜਨ-ਸੰਘ ਤੇ ਰਾਸ਼ਟਰੀ ਸੇਵਕ ਸੰਘ ਦੇ ਸੇਵਕ ਸਾਰੇ ਭਾਰਤੀ ਮੁਸਲਮਾਨਾਂ ਨੂੰ ਪਾਕਿਸਤਾਨੀ ਕਹਿੰਦੇ ਸਨ। ਇਹ ਗੱਲ ਭਾਰਤੀ ਮੁਸਲਮਾਨਾਂ ਨੂੰ ਬੜੀ ਚੁਭਦੀ, ਪਰ ਅਕਲੀਅਤ ਹੋਣ ਦੇ ਨਾਤੇ ਉਹ ਇਨੇ ਡਰੇ ਹੋਏ ਸਨ ਕਿ ਕਿਸੇ ਗੱਲ ਦਾ ਜਵਾਬ ਨਹੀਂ ਸਨ ਦਿੰਦੇ। ਲੜਾਈ ਖ਼ਤਮ ਹੋਈ ਤਾਂ ਭਾਰਤੀ ਅਖ਼ਬਾਰਾਂ ਪਾਕਿਸਤਾਨ ਦੀ ਹਾਰ 'ਤੇ ਪਾਕਿਸਤਾਨੀਆਂ ਨੂੰ ਮਿੱਟੀ ਵਿੱਚ ਰੋਲਣ 'ਤੇ ਜ਼ਮੀਨ ਚਟਾਨ ਵਰਗੀਆਂ ਗੱਲਾਂ ਨਾਲ ਭਰੀਆਂ ਹੁੰਦੀਆਂ ਸਨ, ਪਰ ਹਕੀਕਤ ਇਹ ਸੀ ਕਿ 1965 ਦੀ ਹਿੰਦ-ਪਾਕਿਸਤਾਨ ਜੰਗ ਬਰਾਬਰੀ 'ਤੇ ਮੁੱਕੀ ਸੀ। ਜੇ ਭਾਰਤੀ ਫੌਜਾਂ ਸਿਆਲਕੋਟ ਤੇ ਲਾਹੌਰ ਦੇ ਪਿੰਡਾਂ ਵਿੱਚ ਦਾਖ਼ਲ ਹੋਈਆਂ ਸਨ ਤਾਂ ਪਾਕਿਸਤਾਨੀ ਫੌਜਾਂ ਛੰਬ ਜੌੜੀਆਂ, ਫਾਜ਼ਲਕਾ ਅਤੇ ਜੈਸਲਮੇਰ ਅੰਦਰ ਆ ਵੜੀਆਂ ਸਨ। ਇਹ ਗੱਲ 1967 ਦੀ ਹੈ ਜਦ ਖ਼ਾਲਿਦ ਹੁਸੈਨ ਨੇ ਜੰਗ ਦੇ ਸਾਰੇ ਵੇਰਵੇ ਜੰਗੀ ਖ਼ਬਰਾਂ ਦੇਣ ਵਾਲੇ ਪੱਤਰਕਾਰਾਂ ਕੋਲੋਂ 'ਕੱਠੇ ਕੀਤੇ ਤੇ ਇੱਕ ਲੇਖ ਉਰਦੂ 'ਪਰਤਾਪ' ਦਿੱਲੀ ਵਿੱਚ ਛਪਿਆ, ਜਿਸ ਵਿੱਚ ਦੋਹਾਂ ਮੁਲਕਾਂ ਦੇ ਜਾਨੀ, ਮਾਲੀ ਤੇ ਫੌਜੀ ਨੁਕਸਾਨ ਬਾਰੇ ਬਹਿਸ ਕੀਤੀ ਗਈ ਸੀ ਤੇ ਹਵਾਲੇ ਦੇ ਤੌਰ 'ਤੇ 1965 ਦੀ ਜੰਗ ਵੇਲੇ ਆਰਮੀ ਚੀਫ਼ ਜਨਰਲ ਚੌਧਰੀ ਦੀ ਕਿਤਾਬ (The Brave Deeds of Indian Jawans) ਤੋਂ ਜਨਰਲ ਸਾਹਿਬ ਦੀਆਂ ਟਿੱਪਣੀਆਂ ਦਿੱਤੀਆਂ ਸਨ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਇਸ ਜੰਗ ਵਿੱਚ ਗੋਲਾ, ਬਾਰੂਦ, ਜ਼ਾਇਆ ਕਰਨ ਤੋਂ ਇਲਾਵਾ ਹੋਰ ਕੁੱਝ ਨਤੀਜਾ ਨਹੀਂ ਨਿਕਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਦੋਹਾਂ ਮੁਲਕਾਂ ਦੀਆਂ ਫੌਜਾਂ ਨੂੰ ਅੰਗਰੇਜ਼ਾਂ ਨੇ ਟ੍ਰੇਨਿੰਗ ਦਿੱਤੀ ਹੋਈ ਸੀ। ਇਸ ਲਈ ਦੋਵੇਂ ਇੱਕ ਦੂਜੇ ਦੀਆਂ ਚਾਲਾਂ ਤੋਂ ਭਲੀਭਾਂਤ ਜਾਣੂ ਸਨ। ਇਸ ਜੰਗ ਮਗਰੋਂ ਰਾਸ਼ਟਰੀ ਸੇਵਕ ਸੰਘ ਦੇ ਸੰਚਾਲਕ ਗੁਰੂ ਗਵਾਲਕਰ ਸ੍ਰੀਨਗਰ ਆਏ। ਉਨ੍ਹਾਂ ਕੱਟੜਵਾਦੀ ਹਿੰਦੂਆਂ ਦੇ ਇੱਕ ਇੱਕਠ ਵਿੱਚ ਇਹ ਸ਼ੁਰ-ਸ਼ੁਰੀ ਸੁੱਟੀ ਕਿ ਭਾਰਤ ਦੇ ਸਾਰੇ ਮੁਸਲਮਾਨਾਂ ਨੂੰ

ਜਾਂ ਤਾਂ ਪਾਕਿਸਤਾਨ ਭੇਜ ਦਿਉ ਜਾਂ ਫਿਰ ਅਰਬ ਮਹਾਂਸਾਗਰ ਵਿੱਚ ਸੁੱਟ ਦਿਉ। ਦੂਜੇ ਦਿਨ ਜਦ ਇਹ ਖ਼ਬਰ ਸ਼੍ਰੀਨਗਰ ਦੀਆਂ ਅਖ਼ਬਾਰਾਂ ਵਿੱਚ ਛਪੀ ਤਾਂ ਗੁਰੂ ਗਵਾਲਕਰ ਹੋਰੀਂ ਕਿਸੇ ਤਰ੍ਹਾਂ ਬਚਦੇ ਬਚਾਂਦੇ ਕਸ਼ਮੀਰ ਤੋਂ ਨਿਕਲ ਗਏ, ਪਰ ਕਸ਼ਮੀਰੀਆਂ ਨੇ ਪੂਰੀ ਘਾਟੀ ਵਿੱਚ ਭਾਰਤ ਦੇ ਖ਼ਿਲਾਫ ਇੱਕ ਬਵਾਲ ਖੜਾ ਕਰ ਦਿੱਤਾ। ਜਲੂਸ ਨਿਕਲਣੇ ਸ਼ੁਰੂ ਹੋ ਗਏ, ਦੁਕਾਨਾਂ ਬੰਦ ਹੋ ਗਈਆਂ ਤੇ ਲੋਕੀ 'ਇੰਡੀਅਨ ਡਾਗਸ ਗੋ ਬੈਕ' ਦੇ ਨਾਅਰੇ ਲਾਉਂਦੇ ਰਹੇ। ਬੜੀ ਮੁਸ਼ਕਿਲ ਨਾਲ ਬਖ਼ਸ਼ੀ ਗੁਲਾਮ ਮੁਹੰਮਦ ਦੀ ਸਰਕਾਰ ਨੇ ਹਾਲਾਤ 'ਤੇ ਕਾਬੂ ਪਾਇਆ। ਉਸ ਜ਼ਮਾਨੇ ਵਿੱਚ ਖ਼ਾਲਿਦ ਹੁਸੈਨ ਨੇ ਇੱਕ ਲੰਬਾ ਲੇਖ ਉਰਦੂ ਭਾਸ਼ਾ ਵਿੱਚ ਲਿਖਿਆ ਜਿਸਦਾ ਸਿਰਨਾਵਾਂ ਸੀ, 'ਭਾਰਤੀ ਮੁਸਲਮਾਨ ਇੱਕ ਸਵਾਲ ਇੱਕ ਜਵਾਬ'। ਇਹ ਲੇਖ ਸਭ ਤੋਂ ਪਹਿਲਾਂ 1967 ਵਿੱਚ ਉਰਦੂ 'ਮਿਲਾਪ' ਜਲੰਧਰ ਵਿੱਚ ਛਪਿਆ ਤੇ ਫਿਰ 1969 ਵਿੱਚ ਸ਼੍ਰੀਨਗਰ ਤੋਂ ਉਰਦੂ ਮਾਸਿਕ 'ਸਫੀਨਾ' ਵਿੱਚ ਅੱਜ ਦੇ ਹੁਰੀਅਤ ਲੀਡਰ ਮੌਲਵੀ ਅੱਬਾਸ ਅਨਸਾਰੀ ਨੇ ਛਾਪਿਆ, ਜਿਹੜੇ ਉਸ ਵੇਲੇ 'ਸਫੀਨਾ' ਦੇ ਸੰਪਾਦਕ ਸਨ। ਇਸ ਲੇਖ ਵਿੱਚ ਖ਼ਾਲਿਦ ਹੁਸੈਨ ਨੇ ਇਤਿਹਾਸਕ ਪੁਸਤਕਾਂ ਦੇ ਹਵਾਲਿਆਂ ਨਾਲ ਇਹ ਸਾਬਤ ਕੀਤਾ ਸੀ ਕਿ ਭਾਰਤੀ ਜਾਂ ਪਾਕਿਸਤਾਨੀ ਮੁਸਲਮਾਨ ਅਸਲ ਵਿੱਚ ਹਿੰਦ-ਸਿੰਧ ਦੇ ਹਿੰਦੂਆਂ ਦੀ ਹੀ ਔਲਾਦ ਹਨ ਤੇ ਉਹ ਵੀ 'ਆਰੀਯਾ' ਨਸਲ ਦੇ ਜਾਏ ਹਨ ਤੇ ਆਰੀਯਾਂ ਨੇ ਵੀ ਉਤਰੀ ਮੈਦਾਨਾਂ 'ਚੋਂ ਦਰਾਵੜਾਂ ਨੂੰ ਪਛਾੜ ਕੇ ਦੱਖਣ ਵੱਲ ਧੱਕ ਦਿੱਤਾ ਸੀ। ਤਾਂ ਤੇ ਗੁਰੂ ਗਵਾਲਕਰ ਤੇ ਉਨ੍ਹਾਂ ਦੀ ਸੋਚ ਰੱਖਣ ਵਾਲੇ ਲੋਕਾਂ ਨੂੰ ਵੀ ਹਿੰਦ ਮਹਾਂਸਾਗਰ ਵਿੱਚ ਸੁੱਟਣਾ ਚਾਹੀਦਾ ਹੈ ਅਤੇ ਉਤਰੀ ਭਾਰਤ (ਪਾਕਿਸਤਾਨ ਸਮੇਤ) ਦਰਾਵੜਾਂ ਨੂੰ ਦੇ ਦੇਣਾ ਚਾਹੀਦਾ ਹੈ, ਜਿਹੜੇ ਕਿਸੇ ਵੇਲੇ ਇਸ ਖੇਤਰ ਦੇ ਅਸਲੀ ਮਾਲਿਕ ਸਨ। ਇਸ ਲਈ ਅਜਿਹੀਆਂ ਗੱਲਾਂ ਕਰਨੀਆਂ ਧਾਰਮਿਕ ਤੇ ਰਾਜਨੀਤਿਕ ਲੀਡਰਾਂ ਅਤੇ ਸਵਾਮੀਆਂ ਤੇ ਮੌਲਵੀਆਂ ਨੂੰ ਮੁਨਾਸਿਬ ਨਹੀਂ ਹਨ। ਇਹ ਲੇਖ ਅੱਜ ਵੀ ਮੇਰੇ ਕੋਲ ਮਹਿਫੂਜ਼ ਪਿਆ ਹੈ ਤੇ ਮੈਂ ਹੈਰਾਨ ਹਾਂ ਕਿ 22 ਸਾਲ ਦਾ ਇੱਕ ਨੌਜਵਾਨ ਏਨਾ ਖੋਜ ਭਰਪੂਰ ਲੇਖ ਕਿਵੇਂ ਲਿਖ ਸਕਦਾ ਹੈ। ਮੇਰਾ ਨਾਂ ਜਾਵੇਦ ਅਹਿਮਦ ਨਰਵਰੀ ਹੈ ਤੇ ਮੈਂ ਜਾਵੇਦ ਆਜ਼ਰ ਦੇ ਨਾਂ ਨਾਲ ਉਰਦੂ ਤੇ ਕਸ਼ਮੀਰੀ ਸਾਹਿਤਕ ਹਲਕਿਆਂ ਵਿੱਚ ਜਾਣਿਆ ਤੇ ਪਛਾਣਿਆ ਜਾਂਦਾ ਹਾਂ। ਮੈਂ ਪਿਛਲੇ ਪੰਝੀ ਸਾਲਾਂ ਤੋਂ ਖ਼ਾਲਿਦ ਸਾਹਿਬ ਨੂੰ ਪੜ੍ਹ ਰਿਹਾ ਹਾਂ। ਉਹ ਮੇਰੇ ਨੇੜੇ ਦੇ ਰਿਸ਼ਤੇਦਾਰ ਵੀ ਸਨ। ਉਨ੍ਹਾਂ ਦੀ ਵੱਡੀ ਭੈਣ ਦੀ ਦੂਜੀ ਬੇਟੀ ਆਬਿਦਾ ਮੇਰੀ ਧਰਮ ਪਤਨੀ ਹੈ। ਮੈਂ ਇਲਾਕਾਈ ਦੇਹਾਤੀ ਬੈਂਕ ਦਾ ਮੈਨੇਜਰ ਹਾਂ, ਪਰ ਉਰਦੂ ਦਾ ਰੋਜ਼ਨਾਮਾ 'ਕਸ਼ਮੀਰ ਉਜ਼ਮਾ' ਮੇਰੀ ਦੇਖ ਰੇਖ ਵਿੱਚ ਹੀ ਛਪਦਾ ਹੈ ਤੇ ਮੈਂ ਖ਼ਾਲਿਦ ਸਾਹਿਬ ਦੀਆਂ ਕਹਾਣੀਆਂ ਤੇ ਲੇਖ ਉਸ ਵਿੱਚ ਛਾਪਦਾ ਰਹਿੰਦਾ ਸਾਂ। ਅਸੀਂ ਪਿਛਲੇ 23 ਸਾਲਾਂ ਤੋਂ ਕਸ਼ਮੀਰ ਵਿੱਚ ਨਰਕ ਭੋਗ ਰਹੇ ਹਾਂ, ਪਰ ਖ਼ਾਲਿਦ ਹੁਸੈਨ ਦੀਆਂ

ਕਹਾਣੀਆਂ ਵਿੱਚ ਕਿਸੇ ਖਾਸ ਫਿਰਕੇ ਜਾਂ ਤਬਕੇ ਨੂੰ ਕਦੇ ਨਹੀਂ ਨਿੰਦਿਆ ਗਿਆ, ਸਗੋਂ ਮੇਲ ਮਿਲਾਪ ਅਤੇ ਅਮਨ ਸ਼ਾਂਤੀ ਦੀ ਹੀ ਗੱਲ ਕੀਤੀ ਹੈ, ਪਰ ਜਦ ਕੁੱਝ ਸਿਰ ਫਿਰੇ ਤੇ ਕੱਟੜਵਾਦੀ ਨਫਰਤ ਫੈਲਾਉਣ ਦੀਆਂ ਗੱਲਾਂ ਕਰਦੇ ਹਨ ਤਾਂ ਖ਼ਾਲਿਦ ਸਾਹਿਬ ਕੋਲੋਂ ਬਰਦਾਸ਼ਤ ਨਹੀਂ ਸੀ ਹੁੰਦਾ। ਇੱਕ ਵਾਰ ਉਹ ਇੱਕ ਅਜਿਹੇ ਸਮਾਗਮ ਵਿੱਚ ਗਏ ਜਿਥੇ ਜੰਮੂ ਨੂੰ ਕਸ਼ਮੀਰ ਤੋਂ ਵੱਖ ਕਰਕੇ ਇੱਕ ਨਵਾਂ ਪ੍ਰਾਂਤ ਬਣਾਉਣ ਦੀਆਂ ਗੱਲਾਂ ਹੋ ਰਹੀਆਂ ਸਨ। ਜਦ ਖ਼ਾਲਿਦ ਸਾਹਿਬ ਨੂੰ ਬੋਲਣ ਲਈ ਕਿਹਾ ਗਿਆ ਤਾਂ ਉਨ੍ਹਾਂ ਕਿਹਾ ਸੀ ਕਿ ਸਭ ਤੋਂ ਪਹਿਲਾਂ ਪੂਰਾ ਜੰਮੂ ਪ੍ਰਾਂਤ ਇੱਕਠਾ ਕਰੋ ਜਿਸ ਵਿੱਚ ਮੀਰਪੁਰ, ਕੋਟਲੀ, ਬਾਗ, ਪਲੰਦਰੀ ਤੇ ਰਾਵਲਾਕੋਟ ਸ਼ਾਮਿਲ ਹੋਣ ਜੋ 1947 ਤੋਂ ਪਹਿਲਾਂ ਜੰਮੂ ਪ੍ਰਾਂਤ ਦਾ ਹਿੱਸਾ ਸਨ। ਫਿਰ ਛੰਬ ਨੂੰ ਵੀ ਨਾਲ ਜੋੜੋ ਜਿਹੜਾ 1971 ਦੀ ਲੜਾਈ ਵਿੱਚ ਪਾਕਿਸਤਾਨ ਨੂੰ ਦੇ ਦਿੱਤਾ ਸੀ। ਜਦ ਇਹ ਕਰ ਲਵੋਂਗੇ ਤਾਂ ਜੰਮੂ ਨੂੰ ਇੱਕ ਵੱਖਰਾ ਪ੍ਰਾਂਤ ਬਣਾਉਣ ਵਿੱਚ ਕੋਈ ਮੁਸ਼ਕਲ ਨਹੀਂ ਹੋਵੇਗੀ। ਜੇ ਜੰਮੂ ਮੁਕਤੀ ਮੋਰਚੇ ਵਾਲੇ ਸਿਰਫ ਹਿੰਦੂ ਬਹੁ-ਗਿਣਤੀ ਵਾਲੇ ਇਲਾਕਿਆਂ ਦਾ ਕੋਈ ਵੱਖਰਾ ਪ੍ਰਾਂਤ ਬਣਾਉਣਾ ਚਾਹੁੰਦੇ ਹਨ ਤਾਂ ਉਸ ਵਿੱਚ ਉਹ ਸ਼ਾਮਿਲ ਨਹੀਂ ਕਿਉਂਕਿ ਇੰਝ ਅਸੀਂ ਡਿਕਸਨ ਪਲਾਨ ਨੂੰ ਹੀ ਮੰਨ ਲਵਾਂਗੇ ਜਿਸ ਦਾ ਫਾਇਦਾ ਕੇਵਲ ਪਾਕਿਸਤਾਨ ਨੂੰ ਹੋਵੇਗਾ ਅਤੇ ਭਾਰਤ ਖਾਸਕਰ ਜੰਮੂ ਪ੍ਰਾਂਤ ਦੇ ਲੋਕੀ ਘਾਟੇ ਵਿੱਚ ਰਹਿਣਗੇ। ਖ਼ਾਲਿਦ ਸਾਹਿਬ ਨੂੰ ਜਦ ਵੀ ਟੈਲੀਵਿਜ਼ਨ ਚੈਨਲ ਵਾਲੇ ਸਿਆਸੀ, ਮਜ਼ਬੀ ਜਾਂ ਫਿਰ ਹਿੰਦ-ਪਾਕ ਵਿਸ਼ਿਆਂ 'ਤੇ ਬਹਿਸ ਲਈ ਬੁਲਾਉਂਦੇ ਤਾਂ ਉਹ ਉਥੇ ਆਪਣੀ ਗੱਲ ਖੁੱਲ੍ਹ ਕੇ ਕਰਦੇ ਤੇ ਆਪਣਾ ਨਜ਼ਰੀਆ ਬੇਖ਼ੌਫ ਹੋ ਕੇ ਸਪੱਸ਼ਟ ਕਰਦੇ।

ਮੇਰਾ ਖਿਆਲ ਹੈ ਕਿ ਖ਼ਾਲਿਦ ਹੁਸੈਨ ਜੰਮੂ-ਕਸ਼ਮੀਰ ਦਾ ਸਭ ਤੋਂ ਵੱਧ ਛਪਣ ਵਾਲਾ ਕਹਾਣੀਕਾਰ ਸੀ। ਉਸਦੀਆਂ ਕਹਾਣੀਆਂ ਤੇ ਲੇਖ ਲਹਿੰਦੇ ਤੇ ਚੜ੍ਹਦੇ ਪੰਜਾਬ ਤੋਂ ਛੁੱਟ ਬਾਹਰਲੇ ਮੁਲਕਾਂ ਦੇ ਪੰਜਾਬੀ ਪਰਚਿਆਂ ਵਿੱਚ ਛਪਦੇ ਰਹਿੰਦੇ ਸਨ। ਉਹ ਆਲ ਇੰਡੀਆ ਰੇਡੀਓ ਜੰਮੂ, ਸ਼੍ਰੀਨਗਰ ਤੇ ਜਲੰਧਰ ਦਾ ਇੱਕ ਜਾਣਿਆ ਪਛਾਣਿਆ ਨਾਂ ਸੀ। ਦੂਰਦਰਸ਼ਨ ਕੇਂਦਰ ਜਲੰਧਰ, ਸ਼੍ਰੀਨਗਰ ਅਤੇ ਜੰਮੂ ਤੋਂ ਛੁੱਟ ਭਾਰਤ ਤੇ ਪਾਕਿਸਤਾਨ ਦੇ ਕਈ ਪ੍ਰਾਈਵੇਟ ਚੈਨਲਾਂ ਵਿੱਚ ਉਸਦੀਆਂ ਕਹਾਣੀਆਂ, ਲੇਖ ਤੇ ਇੰਟਰਵਿਊ ਟੈਲੀਕਾਸਟ ਹੁੰਦੇ ਸਨ ਤੇ ਉਹ ਜੰਮੂ-ਕਸ਼ਮੀਰ ਦਾ ਪਹਿਲਾ ਪੰਜਾਬੀ ਸਾਹਿਤਕਾਰ ਹੈ ਜਿਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ (ਪੰਜਾਬੀ ਅਧਿਐਨ ਸਕੂਲ) ਨੇ ਆਪਣਾ ਵਿਜ਼ਿਟਿੰਗ ਫੈਲੋ ਬਣਾਇਆ ਸੀ, ਤੇ ਉਹ ਸਾਹਿਤ ਅਕਾਦਮੀ ਨਵੀਂ ਦਿੱਲੀ ਦੇ ਪੰਜਾਬੀ ਐਡਵਾਇਜ਼ਰੀ ਬੋਰਡ ਦੇ ਪੰਜ ਸਾਲ ਤਕ ਮੈਂਬਰ ਵੀ ਰਹੇ। ਇਸ ਤੋਂ ਛੁੱਟ ਕਈ ਸੰਸਥਾਵਾਂ ਨਾਲ ਆਖਰੀ ਦਮ ਤਕ ਜੁੜੇ ਰਹੇ। ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਬਾਬਾ ਫਰੀਦ ਸਟੱਡੀ ਸੈਂਟਰ ਦਾ ਮੈਂਬਰ ਵੀ ਨਿਯੁਕਤ

ਕੀਤਾ ਗਿਆ ਸੀ। ਉਰਦੂ ਦੀਆਂ ਤਿੰਨ ਕਿਤਾਬਾਂ ਖ਼ਾਲਿਦ ਸਾਹਿਬ ਨੇ ਲਿਖੀਆਂ ਸਨ ਤੇ ਉਨ੍ਹਾਂ ਤਿੰਨਾਂ ਕਿਤਾਬਾਂ 'ਤੇ ਜੰਮੂ ਯੂਨੀਵਰਸਿਟੀ ਦੇ ਉਰਦੂ ਵਿਭਾਗ ਨੇ ਤਿੰਨ ਐਮੱ. ਫਿਲ ਵੀ ਕਰਵਾਏ ਹਨ ਤੇ ਮੈਂ ਸੁਣਿਆ ਹੈ ਕਿ ਜੰਮੂ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਵੀ ਉਨ੍ਹਾਂ ਦੀਆਂ ਕਹਾਣੀਆਂ ਤੇ ਐਮ. ਫਿਲ ਦਾ ਖੋਜ ਕਾਰਜ ਕਰਵਾ ਰਿਹਾ ਹੈ। ਖ਼ਾਲਿਦ ਸਾਹਿਬ ਦੇ ਬੇਸ਼ੁਮਾਰ ਇੰਟਰਵਿਊ ਵੀ ਛਪੇ ਹਨ। ਇਹ ਇੰਟਰਵਿਊ ਲਹਿੰਦੇ ਤੇ ਚੜ੍ਹਦੇ ਪੰਜਾਬ ਦੀਆਂ ਅਖ਼ਬਾਰਾਂ ਅਤੇ ਮਾਸਿਕ ਪਰਚਿਆਂ ਦੀ ਸੋਭਾ ਬਣੇ ਹਨ। ਸਭ ਤੋਂ ਪਹਿਲਾਂ ਅੰਮ੍ਰਿਤਾ ਪ੍ਰੀਤਮ ਜੀ ਨੇ 'ਨਾਗਮਣੀ' ਵਿੱਚ ਉਨ੍ਹਾਂ ਦਾ ਇੰਟਰਵਿਊ ਛਾਪਿਆ ਸੀ। ਮਗਰੋਂ 'ਟ੍ਰਿਬਿਊਨ', 'ਇੰਡੀਅਨ ਐਕਸਪ੍ਰੈਸੱ', 'ਜਗਬਾਣੀ', 'ਅਜੀਤ', 'ਨਵਾਂ ਜ਼ਮਾਨਾ', 'ਬਦਲਦੀ ਦੁਨੀਆ', 'ਕਰਾਚੀ', 'ਸਾਹਿਤਕਾਰ ਅੰਮ੍ਰਿਤਸਰ', 'ਖ਼ਬਰਾਂ' ਲਾਹੌਰ ਤੇ 'ਸਾਇਬਾਨ' ਲਾਹੌਰ ਆਦਿ ਵਿੱਚ ਛਪੇ ਹਨ।

ਘਰੇਲੂ ਮਹਾਜ਼ 'ਤੇ ਵੀ ਮੇਰਾ ਮਾਮਾ ਸੌਹਰਾ ਯਾਨੀ ਖ਼ਾਲਿਦ ਹੁਸੈਨ ਇੱਕ ਜ਼ਿੰਮੇਵਾਰ ਸ਼ਖ਼ਸੀਅਤ ਸਨ। ਭੈਣ-ਭਰਾਵਾਂ ਦੀ ਸਹਾਇਤਾ ਕਰਨਾ, ਉਨ੍ਹਾਂ ਨੂੰ ਮਿਲਣ 'ਤੇ ਉਨ੍ਹਾਂ ਦੇ ਮਸਲੇ ਹੱਲ ਕਰਨੇ, ਆਪਣੇ ਬੱਚਿਆਂ ਨੂੰ ਹਰ ਤਰ੍ਹਾਂ ਦਾ ਸੁੱਖ ਦੇਣਾ ਅਜਿਹੀਆਂ ਗੱਲਾਂ ਹਨ ਜੋ ਸਾਨੂੰ ਹਮੇਸ਼ਾ ਯਾਦ ਰਹਿਣਗੀਆਂ। ਉਹ ਆਪਣੀ ਲੇਖਣੀ ਵਿੱਚ ਕਦੇ ਮੁਸਲਮਾਨ, ਹਿੰਦੂ ਜਾਂ ਸਿੱਖ ਜਾਂ ਭਾਰਤੀ ਤੇ ਪਾਕਿਸਤਾਨੀ ਨਹੀਂ ਬਣੇ। ਉਨ੍ਹਾਂ ਦਾ ਖ਼ਿਆਲ ਸੀ ਕਿ ਫਸਾਦੀ ਲੋਕ ਧਰਮ ਨੂੰ ਆਪਣੇ ਜ਼ਾਤੀ ਮੁਫਾਦਾਂ ਲਈ ਇਸਤੇਮਾਲ ਕਰਦੇ ਹਨ। ਉਹ ਚਾਹੁੰਦਾ ਸੀ ਕਿ ਭਾਰਤ ਅਤੇ ਪਾਕਿਸਤਾਨ ਆਪਸ ਵਿੱਚ ਪਿਆਰ ਅਤੇ ਮੁਹੱਬਤ ਨਾਲ ਰਹਿਣ ਅਤੇ ਦੋਵਾਂ ਮੁਲਕਾਂ ਵਿੱਚ ਤਾਲਬਾਨੀ, ਇਸਲਾਮ ਜਾਂ ਬਜਰੰਗੀ ਤੇ ਤ੍ਰਿਸ਼ੂਲੀ ਹਿੰਦੂ ਧਰਮ ਕਦੇ ਨਾ ਪਨਪੇ ਤੇ ਦੋਵੇਂ ਦੇਸ਼ ਆਪਣੇ ਸੂਫ਼ੀ ਸੰਤਾਂ ਦੇ ਦੱਸੇ ਹੋਏ ਧਰਮ ਉਤੇ ਚੱਲਣ ਅਤੇ ਨਫ਼ਰਤ, ਜਨੂੰਨ ਅਤੇ ਤੰਗ ਨਜ਼ਰੀ ਨੂੰ ਦਫ਼ਨ ਕਰ ਦੇਣ।

***

# ਬੁੱਕਲ ਦੇ ਚੋਰ

ਜ਼ਿੰਦਗੀ ਵਿੱਚ ਕੁੱਝ ਅਜਿਹੀਆਂ ਘਟਨਾਵਾਂ ਹੁੰਦੀਆਂ ਨੇ ਜਿਨ੍ਹਾਂ ਨੂੰ ਇਨਸਾਨੀ ਜ਼ਿਹਨ, ਅਕਲ ਤੇ ਸੁਝ ਕਬੂਲ ਨਹੀਂ ਕਰਦੀ, ਪਰ ਜਿਸ ਬੰਦੇ ਨਾਲ ਇਹ ਅਣਹੋਣੀਆਂ ਘਟਨਾਵਾਂ ਵਾਪਰਦੀਆਂ ਹਨ, ਉਹ ਸੋਚਣ 'ਤੇ ਮਜਬੂਰ ਹੋ ਜਾਂਦਾ ਹੈ ਕਿ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਅਜਿਹੀਆਂ ਘਟਨਾਵਾਂ ਕਿਉਂ ਵਾਪਰਦੀਆਂ ਹਨ। ਬਾਲੜੀ ਉਮਰੇ ਦਾਦਾ-ਦਾਦੀ ਤੇ ਨਾਨਾ-ਨਾਨੀ, ਬੱਚਿਆਂ ਨੂੰ ਡਰਾਉਣ ਲਈ ਭੂਤ-ਪ੍ਰੇਤ, ਜਿੰਨ ਤੇ ਡੈਣਾਂ ਦੇ ਕਿੱਸੇ ਸੁਣਾਉਂਦੇ ਸਨ, ਪਰ ਜਦ ਕੋਈ ਮਨੁੱਖ ਆਪਣੀ ਅੱਖੀਂ ਭੁਲੇਖੇ ਪਾਉਣ ਵਾਲੇ ਇਹ ਹਾਦਸੇ ਵੇਖੇ ਤਾਂ ਉਹ ਇਹ ਸੋਚਣ 'ਤੇ ਮਜਬੂਰ ਹੋ ਜਾਂਦਾ ਹੈ ਕਿ ਇਹ ਸਭ ਰੱਬੀ ਭੇਦ ਨੇ। ਖ਼ਾਲਿਦ ਹੁਸੈਨ ਦੇ ਜ਼ਿੰਦਗੀਨਾਮੇ ਵਿੱਚ ਵੀ ਅਜਿਹਾ ਕੁੱਝ ਵਾਪਰਿਆ ਹੈ, ਜਿਸਦਾ ਜ਼ਿਕਰ ਕਰਨਾ ਪਾਠਕਾਂ ਦੀ ਦਿਲਚਸਪੀ ਲਈ ਜ਼ਰੂਰੀ ਹੈ। ਮੇਰਾ ਨਾਂ ਮੁਹੰਮਦ ਅਸ਼ਰਫ ਹੈ ਤੇ ਮੈਂ ਖ਼ਾਲਿਦ ਹੁਸੈਨ ਨਾਲ ਵਾਪਰੀਆਂ ਅਜਿਹੀਆਂ ਘਟਨਾਵਾਂ ਦਾ ਚਸ਼ਮਦੀਦ ਗਵਾਹ ਹਾਂ। ਉਨ੍ਹਾਂ ਦਿਨਾਂ ਵਿੱਚ ਖ਼ਾਲਿਦ ਮੁਹੱਲਾ ਉਸਤਾਦ ਦੀ ਨਿੱਕੀ ਮਸੀਤ ਸਾਹਮਣੇ ਮਹਿਕਮਾ ਕਸਟੋਡੀਅਨ ਦੇ ਦੋ ਕਮਰਿਆਂ ਵਿੱਚ ਰਹਿੰਦਾ ਸੀ। ਟੀਨ ਵਾਲੇ ਕਮਰੇ ਨੂੰ ਉਨ੍ਹਾਂ ਰਸੋਈ ਬਣਾਇਆ ਹੋਇਆ ਸੀ ਤੇ ਕੋਠੜੀ ਨੂੰ ਸੌਣ ਵਾਲਾ ਕਮਰਾ। ਮੇਰਾ ਘਰ ਉਹਦੇ ਘਰ ਤੋਂ ਚੱਪਾ ਕੁ ਦੂਰ ਸੀ। ਇਹ ਗੱਲ 1967 ਦੇ ਜੁਲਾਈ ਮਹੀਨੇ ਦੀ ਹੈ। ਉਸ ਵੇਲੇ ਖ਼ਾਲਿਦ ਦੇ ਘਰ ਸਿਰਫ ਇੱਕ ਬੱਚਾ ਸੀ, ਯਾਨੀ ਉਹਦੀ ਪਲੇਠੀ ਧੀ ਸਮੀਆ ਤਬੱਸੁਮ। ਉਦੋਂ ਬਰਸਾਤ ਦੀ ਝੜੀ ਕਈ-ਕਈ ਦਿਨਾਂ ਤਕ ਲੱਗੀ ਰਹਿੰਦੀ। ਕੱਚੇ ਕੋਠੇ ਤੇ ਪੱਕੀਆਂ ਦੀਵਾਰਾਂ ਸਾਵਣ ਮਹੀਨੇ ਵਿੱਚ ਢਹਿ ਪੈਂਦੀਆਂ ਤੇ ਪੱਕੀਆਂ ਛੱਤਾਂ ਚੋਣ ਲੱਗ ਪੈਂਦੀਆਂ ਸਨ। ਖ਼ਾਲਿਦ ਦੀ ਕੋਠੜੀ ਪੱਕੀਆਂ ਇੱਟਾਂ ਨਾਲ ਬਣੀ ਸੀ, ਪਰ ਛੱਤ ਮਿੱਟੀ ਦੀ ਸੀ ਤੇ ਛੱਤ ਹੇਠ ਲੱਕੜੀ ਦੇ ਬਾਲੇ ਤੇ ਕੜੀਆਂ ਬਹੁਤ ਪੁਰਾਣੀਆਂ ਸਨ ਤੇ ਸਿਉਂਕ ਨਾਲ ਕਈ ਬਾਲੇ ਖੋਖਲੇ ਹੋਏ ਸਨ। ਇੱਕ ਰਾਤੀਂ ਜਦ ਖ਼ਾਲਿਦ ਉਹਦੀ ਪਤਨੀ ਨਸੀਮ ਫਿਰਦੋਸ ਤੇ ਸੱਤ-ਅੱਠ ਮਹੀਨਿਆਂ ਦੀ ਬੱਚੀ ਸਮੀਆ ਸੁੱਤੇ ਪਏ ਸਨ ਕਿ ਖ਼ਾਲਿਦ ਨੂੰ ਕਿਸੇ ਨੇ ਲੱਤ ਫੜ ਕੇ ਜ਼ੋਰ ਨਾਲ ਹਿਲਾਇਆ, ਉਹ ਉਠ ਕੇ ਬਹਿ ਗਿਆ, ਉਹਨੇ ਬੱਤੀ ਬਾਲੀ, ਪਰ ਕਮਰੇ ਵਿੱਚ ਕੋਈ ਓਪਰਾ ਬੰਦਾ ਨਹੀਂ ਸੀ। ਉਹ ਫਿਰ ਸੌਂ ਗਿਆ ਤੇ ਥੋੜ੍ਹੇ ਚਿਰ ਮਗਰੋਂ ਉਹਨੂੰ ਸੁਪਨੇ ਵਿੱਚ ਮਕਾਨ

ਦੀ ਛੱਤ ਡਿੱਗਣ ਦੀ ਆਵਾਜ਼ ਆਈ। ਉਹ ਤ੍ਰਭਕ ਕੇ ਉਠ ਪਿਆ। ਉਸਨੇ ਵੇਖਿਆ ਕਿ ਛੱਤ ਤੋਂ ਦੋ ਗੀਟੀਆਂ ਉਸਦੇ ਬਿਸਤਰੇ 'ਤੇ ਡਿੱਗੀਆਂ ਸਨ। ਬਾਹਰ ਜ਼ੋਰਦਾਰ ਬਾਰਿਸ਼ ਹੋ ਰਹੀ ਸੀ। ਉਹ ਫਿਰ ਸੌਂ ਗਿਆ। ਥੋੜ੍ਹੇ ਸਮੇਂ ਬਾਅਦ ਉਹਨੇ ਫਿਰ ਸੁਪਨੇ ਵਿੱਚ ਆਪਣੀ ਕੋਠੜੀ ਦੀ ਛੱਤ ਨੂੰ ਡਿੱਗਦਿਆਂ ਵੇਖਿਆ। ਉਹ ਫਿਰ ਉਠ ਕੇ ਬਹਿ ਗਿਆ, ਉਸਨੇ ਟਾਰਚ ਤੇ ਛੱਤਰੀ ਲਈ ਅਤੇ ਕੋਠੇ 'ਤੇ ਚੜ੍ਹ ਕੇ ਵੇਖਿਆ ਕਿ ਮੀਂਹ ਕਾਰਨ ਸਾਰਾ ਕੋਠਾ ਪਾਣੀ ਨਾਲ ਭਰਿਆ ਹੋਇਆ ਹੈ। ਉਸਨੇ ਹੱਥਾਂ ਨਾਲ ਪਾਣੀ ਪਰਨਾਲੇ ਵੱਲ ਸੁੱਟਿਆ। ਉਸਨੇ ਵੇਖਿਆ, ਛੱਤ ਨੂੰ ਦੋ ਤਿੰਨ ਥਾਵਾਂ 'ਤੇ ਤਰੇੜ ਪਈ ਹੋਈ ਸੀ। ਉਹ ਹੇਠਾਂ ਆਇਆ, ਉਹਨੇ ਘੜੀ ਵੇਖੀ, ਤਿੰਨ ਵੱਜ ਰਹੇ ਸਨ ਤੇ ਰਾਤ ਦਾ ਤੀਜਾ ਪਹਿਰ ਖਤਮ ਹੋ ਰਿਹਾ ਸੀ। ਉਸਨੇ ਆਪਣੀ ਪਤਨੀ ਨੂੰ ਜਗਾਇਆ ਤੇ ਕਿਹਾ ਕਿ ਮੇਰਾ ਮਨ ਬੜਾ ਬੇਚੈਨ ਹੈ ਅਤੇ ਮੈਨੂੰ ਲੱਗਦਾ ਹੈ ਕਿ ਕਿਤੇ ਸਾਡੀ ਛੱਤ ਨਾ ਡਿੱਗ ਪਵੇ, ਇਸ ਲਈ ਤੂੰ ਕੁੜੀ ਨੂੰ ਚੁੱਕ ਕੇ ਛੇਤੀ ਬਾਹਰ ਆ ਜਾ। ਜਿਉਂ ਹੀ ਉਨ੍ਹਾਂ ਕਮਰੇ ਤੋਂ ਬਾਹਰ ਕਦਮ ਰੱਖਿਆ, ਛੱਤ ਡਿੱਗ ਪਈ। ਇੱਕ ਭਿਆਨਕ ਆਵਾਜ਼ ਆਈ, ਸਾਰੇ ਮੁਹੱਲੇ ਵਿੱਚ ਸ਼ੋਰ ਮਚ ਗਿਆ ਕਿ ਖ਼ਾਲਿਦ ਤੇ ਉਹਦੀ ਬੀਵੀ ਤੇ ਬੱਚੀ ਦੱਬ ਕੇ ਮਰ ਗਏ ਹਨ। ਆਂਢੀ-ਗੁਆਂਢੀ, ਉਨ੍ਹਾਂ ਨੂੰ ਬਚਾਉਣ ਤੇ ਮਲਬਾ ਹਟਾਉਣ ਲਈ ਦੌੜੇ। ਮੈਂ ਵੀ ਮੌਕੇ 'ਤੇ ਵੇਖਿਆ ਕਿ ਖ਼ਾਲਿਦ, ਨਸੀਮ ਤੇ ਸਿੰਮੀ ਰਸੋਈ ਵਿੱਚ ਡਰੇ ਤੇ ਸਹਿਮੇ ਬੈਠੇ ਸਨ। ਮੈਂ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ ਤੇ ਗੁਆਂਢੀਆਂ ਨੇ ਮਲਬਾ ਚੁੱਕਿਆ ਤੇ ਕਮਰੇ ਦਾ ਸਾਮਾਨ ਬਾਹਰ ਕੱਢਿਆ। ਜਦ ਮੈਂ ਖ਼ਾਲਿਦ ਨੂੰ ਪੁੱਛਿਆ ਕਿ ਉਹ ਕਿੰਝ ਬਚੇ ਤਾਂ ਉਸਨੇ ਇਹ ਸਾਰੀ ਗੱਲ ਸੁਣਾਈ।

ਇਸਹਾਕ ਸਾਹਿਬ ਇੱਕ ਦਰਵੇਸ਼ ਸਨ, ਉਹ ਸਰੀਰਕ ਤੌਰ 'ਤੇ ਵਿਕਲਾਂਗ ਸੀ, ਪਰ ਕਿਸ਼ਤਵਾੜ ਦੇ ਸ਼ਾਹ-ਇਸਰਾਰ-ਉ-ਦੀਨ ਵਲੀ ਦੇ ਸਦਕੇ ਉਸਨੇ ਆਪਣੇ ਮੌਲ੍ਹਾ ਨਾਲ ਲੋਅ ਲਾਈ ਹੋਈ ਸੀ। ਉਹ ਕਸ਼ਮੀਰੀ ਭਾਸ਼ਾ ਵਿੱਚ ਸੂਫੀਆਨਾਂ ਸ਼ੇਅਰ ਕਹਿੰਦਾ ਸੀ ਤੇ ਅਕਸਰ ਆਪਣੀ ਸ਼ਾਇਰੀ ਖ਼ਾਲਿਦ ਨੂੰ ਸੁਣਾਉਂਦਾ ਸੀ। ਖ਼ਾਲਿਦ ਹੁਸੈਨ ਆਪਣੀ ਮਾਂ ਬੋਲੀ ਤੋਂ ਛੁੱਟ, ਡੋਗਰੀ, ਗੋਜਰੀ, ਪਹਾੜੀ, ਉਰਦੂ, ਹਿੰਦੀ, ਅੰਗਰੇਜ਼ੀ ਤੇ ਕਸ਼ਮੀਰੀ ਭਾਸ਼ਾ ਚੰਗੀ ਤਰ੍ਹਾਂ ਬੋਲ ਸਕਦਾ ਸੀ, ਇਸ ਕਰਕੇ ਦੋਹਾਂ ਵਿਚਕਾਰ ਨਿੱਘ ਦਾ ਰਿਸ਼ਤਾ ਪੁੰਗਰਿਆ ਹੋਇਆ ਸੀ। ਇਸਹਾਕ ਸਾਹਿਬ ਕੋਲ ਚੋਖੀ ਗਿਣਤੀ ਵਿੱਚ ਲੋਕੀ ਆਪਣੇ ਮਸਲੇ ਲੈ ਕੇ ਆਉਂਦੇ ਸਨ। ਉਹ ਗਰਮੀਆਂ ਵਿੱਚ ਕਿਸ਼ਤਵਾੜ ਚਲਾ ਜਾਂਦਾ ਤੇ ਸਰਦੀਆਂ ਵਿੱਚ ਜੰਮੂ ਆਪਣੇ ਕਸ਼ਮੀਰੀ ਪੰਡਿਤ ਮੁਰੀਦ ਕੋਲ ਆ ਜਾਂਦਾ। ਸਵੇਰ ਤੋਂ ਲੈ ਕੇ ਸ਼ਾਮ ਤਕ ਲੋਕੀ ਆਪਣੇ ਦੁੱਖ ਦਰਦ ਤੇ ਫਰਿਆਦਾਂ ਲੈ ਕੇ ਉਸ ਕੋਲ ਆਉਂਦੇ। ਉਹ ਕਿਸੇ ਨੂੰ ਦੁਆ ਫਾਂਡਾ ਕਰਦਾ, ਕਿਸੇ ਨੂੰ ਪਾਣੀ ਦੱਮ ਕਰਕੇ ਦਿੰਦਾ, ਤੇ ਇੰਝ ਇਹ ਸਿਲਸਿਲਾ ਚੱਲਦਾ ਰਹਿੰਦਾ। ਇੱਕ ਵਾਰ ਮੇਰੇ ਕੁੜਮਾਂ ਦੀ ਨਿੱਕੀ ਬੱਚੀ

ਤੇ ਉਸਦੀਆ ਕੁੱਝ ਸਹੇਲੀਆਂ ਸਕੂਲੋਂ ਕਿਤੇ ਚਲੀਆਂ ਗਈਆਂ। ਇਨ੍ਹਾਂ ਬੱਚੀਆਂ ਨੇ ਆਪਣੇ ਮਾਪਿਆਂ ਤੋਂ ਪਿਕਨਿਕ 'ਤੇ ਜਾਣ ਦੀ ਆਗਿਆ ਮੰਗੀ ਸੀ, ਪਰ ਸਾਰਿਆਂ ਨੇ ਇਨਕਾਰ ਕਰ ਦਿੱਤਾ ਸੀ ਤਾਂ ਇਹ ਕੁੜੀਆਂ ਆਪਣਾ ਜੇਬ ਖ਼ਰਚ ਜੋੜਦੀਆਂ ਰਹੀਆਂ ਤੇ ਇੱਕ ਦਿਨ ਸਵੇਰੇ ਸਕੂਲੋਂ ਨਿਕਲ ਗਈਆਂ। ਜਦ ਸਕੂਲ ਵਾਲਿਆਂ ਨੇ ਬੱਚੀਆਂ ਦੇ ਘਰਾਂ ਵਿੱਚ ਸੁਨੇਹਾ ਘੱਲਿਆ ਤਾਂ ਉਨ੍ਹਾਂ ਘਰਾਂ ਵਿੱਚ ਹਾਹਾਕਾਰ ਮਚ ਗਿਆ। ਸਾਰੇ ਬੱਚੀਆਂ ਨੂੰ ਲੱਭਣ ਨਿਕਲ ਪਏ, ਪਰ ਕਿਸੇ ਨੂੰ ਉਨ੍ਹਾਂ ਦਾ ਥੋਹ ਠਿਕਾਣਾ ਨਹੀਂ ਮਿਲਿਆ। ਬੱਚੀਆਂ ਦੇ ਮਾਂ ਪਿਓ ਨੇ ਰੋ-ਰੋ ਕੇ ਬੁਰਾ ਹਾਲ ਕਰ ਲਿਆ। ਜਦ ਖ਼ਾਲਿਦ ਨੂੰ ਪਤਾ ਲੱਗਾ ਤਾਂ ਉਹ ਬੱਚੀ ਦੀ ਮਾਂ ਤੇ ਦਾਦੀ ਨੂੰ ਲੈ ਕੇ ਇਸਹਾਕ ਸਾਹਿਬ ਕੋਲ ਗਿਆ। ਉਨ੍ਹਾਂ ਨੂੰ ਵੇਖਦਿਆਂ ਹੀ ਇਸਹਾਕ ਸਾਹਿਬ ਕਹਿਣ ਲੱਗੇ, "ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਬੱਚੀਆਂ ਇੱਕ ਪਵਿੱਤਰ ਸਥਾਨ 'ਤੇ ਗਈਆਂ ਹਨ। ਉਹ ਬਿਲਕੁਲ ਸੁਰਖਿਅਤ ਹਨ ਤੇ ਸੇਵਾਦਾਰ ਉਨ੍ਹਾਂ ਦਾ ਪੂਰਾ ਧਿਆਨ ਰੱਖ ਰਹੇ ਹਨ।" ਇਸਹਾਕ ਸਾਹਿਬ ਨੇ ਕਿਹਾ ਸੀ ਕਿ ਉਹ ਕੱਲ੍ਹ ਤਿੰਨ ਵਜੇ ਫਿਰ ਉਨ੍ਹਾਂ ਕੋਲ ਆਉਣ, ਪਰ ਬੱਚੀ ਦੀ ਮਾਂ ਤਰਲੋਮੱਛੀ ਹੋਈ ਪਈ ਸੀ, ਉਹ ਸਾਰੀ ਰਾਤ ਰੋਂਦੀ ਰਹੀ। ਸਵੇਰ ਹੁੰਦਿਆਂ ਹੀ ਉਹ ਖ਼ਾਲਿਦ ਨੂੰ ਲੈ ਕੇ ਮੁੜ ਇਸਹਾਕ ਸਾਹਿਬ ਕੋਲ ਗਈ। ਉਸਨੂੰ ਵੇਖ ਕੇ ਇਸਹਾਕ ਸਾਹਿਬ ਕਹਿਣ ਲੱਗੇ, "ਭੈਣਾ! ਮੈਂ ਤੈਨੂੰ ਤਿੰਨ ਵਜੇ ਬੁਲਾਇਆ ਸੀ, ਤੂੰ ਪਹਿਲਾਂ ਕਿਉਂ ਆ ਗਈ ਐਂ?" ਉਸਨੇ ਇਸਹਾਕ ਸਾਹਿਬ ਦੇ ਪੈਰ ਫੜ ਲਏ, ਉਹ ਰੋਂਦੀ ਜਾ ਰਹੀ ਸੀ ਤੇ ਕਹਿ ਰਹੀ ਸੀ ਕਿ ਮੈਂ ਤਿੰਨ ਵਜੇ ਤਕ ਕਿੰਝ ਸਬਰ ਕਰਦੀ, ਤੁਸੀਂ ਕੁੱਝ ਕਰੋ ਤੇ ਮੇਰੀ ਬੱਚੀ ਨੂੰ ਘਰ ਲਿਆਉ। ਇੱਕ ਮਾਂ ਦੀ ਪੀੜਾ ਤੇ ਤੜਫ ਨੂੰ ਵੇਖ ਕੇ ਇਸਹਾਕ ਸਾਹਿਬ ਕਹਿਣ ਲੱਗੇ ਕਿ ਮੈਂ ਬੱਸ ਨੂੰ ਜੰਮੂ ਵੱਲ ਮੋੜ ਰਿਹਾਂ, ਤੂੰ ਸਬਰ ਕਰ, ਰੱਬ ਸਭ ਠੀਕ ਕਰੇਗਾ। ਦਿਨ ਦੇ ਦੋ ਵਜੇ ਇਸਹਾਕ ਸਾਹਿਬ ਨੇ ਉਸਨੂੰ ਜ਼ਬਰਦਸਤੀ ਘਰ ਭੇਜਿਆ ਤੇ ਕਿਹਾ ਕਿ ਤੇਰੀ ਧੀ ਆਪਣੀਆਂ ਸਹੇਲੀਆਂ ਨਾਲ ਆ ਰਹੀ ਹੈ, ਤੇ ਬੱਚੀਆਂ ਮਾਸੂਮ ਨੇ ਤੇ ਇਨ੍ਹਾਂ ਨੂੰ ਕੋਈ ਕੁੱਝ ਨਾ ਕਹੇ, ਨਾਲੇ ਬੱਚੀਆਂ ਦੀਆਂ ਮਾਸੂਮ ਖੁਵਾਹਿਸ਼ਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਪੂਰੇ ਤਿੰਨ ਵਜੇ ਐਸ.ਪੀ. (ਸਿਟੀ) ਜੰਮੂ ਰਫੀਕੀ ਸਾਹਿਬ ਆਪਣੀ ਜੀਪ ਵਿੱਚ ਬੱਚੀਆਂ ਨੂੰ ਲੈ ਕੇ ਮੇਰੇ ਕੁੜਮਾਂ ਦੇ ਘਰ ਆਏ। ਇਨ੍ਹਾਂ ਤਿੰਨਾਂ ਸਹੇਲੀਆਂ ਵਿਚੋਂ ਇੱਕ ਸਿੱਖ ਕੁੜੀ ਸੀ ਤੇ ਉਸਦੇ ਜ਼ੋਰ ਪਾਉਣ 'ਤੇ ਇਹ ਸਾਰੀਆ ਬੱਚੀਆਂ, ਆਪਣਿਆਂ ਬਸਤਿਆਂ ਸਮੇਤ ਦਰਬਾਰ ਸਾਹਿਬ, ਅੰਮ੍ਰਿਤਸਰ ਗਈਆਂ ਸਨ। ਉਥੇ ਸੇਵਾਦਾਰਾਂ ਨੇ ਸਮਝ ਲਿਆ ਕਿ ਬੱਚੀਆਂ ਘਰੋਂ ਪੁੱਛਿਆਂ ਬਗੈਰ ਆਈਆਂ ਹਨ। ਉਨ੍ਹਾਂ ਬੱਚੀਆਂ ਨੂੰ ਬੜੇ ਲਾਡ-ਪਿਆਰ ਨਾਲ ਰੱਖਿਆ ਤੇ ਪੁਲਿਸ ਨੂੰ ਖ਼ਬਰ ਕਰ ਦਿੱਤੀ। ਸਵੇਰੇ ਉਨ੍ਹਾਂ ਨੇ ਬੱਚੀਆਂ ਨੂੰ ਜੰਮੂ ਵਾਲੀ ਬੱਸ ਵਿੱਚ ਬਿਠਾ ਦਿੱਤਾ ਤੇ ਪੰਜਾਬ ਪੁਲਿਸ ਦੀ ਇੱਕ ਜੀਪ ਲਖਨਪੁਰ

ਤਕ ਬੱਸ ਦੇ ਨਾਲ-ਨਾਲ ਆਈ। ਲਖਨਪੁਰ ਤੋਂ ਰਫੀਕੀ ਸਾਹਿਬ ਨੇ ਕੁੜੀਆ ਨੂੰ ਆਪਣੀ ਜੀਪ ਵਿੱਚ ਬਠਾਇਆ ਤੇ ਬੱਚੀਆਂ ਨੂੰ ਉਨ੍ਹਾਂ ਦੇ ਮਾਂ ਪਿਓ ਦੇ ਸਪੁਰਦ ਕੀਤਾ।

ਅੱਜ ਨਾ ਖ਼ਾਲਿਦ ਸਾਡੇ ਵਿੱਚ ਹੈ, ਨਾ ਹੀ ਇਸਹਾਕ ਸਾਹਿਬ, ਪਰ ਗੱਲਾਂ ਚੇਤੇ ਰਹਿੰਦੀਆਂ ਹਨ, ਖਾਸਕਰ ਅਣਹੋਣੀਆਂ ਗੱਲਾਂ। ਖ਼ਾਲਿਦ ਹੁਸੈਨ ਤੇ ਮੇਰੇ ਬਚਪਨ ਦੇ ਦੋਸਤ ਨਸੀਰ ਅਹਿਮਦ ਮੀਰ ਦਾ ਮੁੰਡਾ ਜਮੀਲ ਪੜ੍ਹਣ ਵਿੱਚ ਬੜਾ ਤੇਜ਼ ਸੀ। ਉਸਨੇ ਹਰ ਇਮਤਿਹਾਨ ਚੰਗੇ ਨੰਬਰਾਂ ਵਿੱਚ ਪਾਸ ਕੀਤਾ ਸੀ। ਪਰ ਜਦੋਂ ਉਹ ਬੀ.ਏ. ਫਾਈਨਲ ਦਾ ਪਹਿਲਾ ਪਰਚਾ ਦੇਣ ਗਿਆ ਤਾਂ ਸਵਾਲਨਾਮਾ ਪੜ੍ਹਦਿਆਂ ਉਹ ਆਪਣੇ ਨਹੁੰ ਨਾਲ ਦੰਦ ਨੂੰ ਖੁਰਚਨ ਲੱਗਾ ਜਿਸ ਕਰਕੇ ਉਸਦੇ ਦੰਦ ਵਿੱਚੋਂ ਖ਼ੂਨ ਨਿਕਲ ਪਿਆ। ਲਹੂ ਇਨਾਂ ਜ਼ਿਆਦਾ ਨਿਕਲਣ ਲੱਗਾ ਕਿ ਇਮਤਿਹਾਨੀ ਹਾਲ ਦੇ ਫਰਸ਼ 'ਤੇ ਵਗਣ ਲੱਗਾ। ਸੁਪਰੀਟੈਂਡੈਂਟ ਤੇ ਸੁਪਰਵਾਈਜ਼ਰ ਨੇ ਡਾਕਟਰ ਨੂੰ ਬੁਲਾਇਆ ਪਰ ਖ਼ੂਨ ਬੰਦ ਨਹੀਂ ਹੋਇਆ। ਅਖੀਰ ਜਮੀਲ ਨੂੰ ਉਸਦਾ ਪਿਤਾ ਹਸਪਤਾਲ ਲੈ ਗਿਆ ਜਿਥੇ ਡਾਕਟਰਾਂ ਨੇ ਉਸਦੇ ਸਾਰੇ ਟੈਸਟ ਕੀਤੇ ਪਰ ਬਿਮਾਰੀ ਦਾ ਕੋਈ ਪਤਾ ਨਾ ਚੱਲਿਆ। ਜਦ ਤਕ ਇਮਤਿਹਾਨ ਚੱਲਦਾ ਰਿਹਾ, ਤਦ ਤਕ ਉਹ ਹਸਪਤਾਲ ਵਿੱਚ ਦਾਖ਼ਲ ਰਿਹਾ। ਪੇਪਰ ਖਤਮ ਹੋਣ 'ਤੇ ਆਪਣੇ ਆਪ ਹੀ ਉਸਦਾ ਖ਼ੂਨ ਨਿਕਲਣਾ ਬੰਦ ਹੋ ਗਿਆ ਤੇ ਉਹ ਆਪਣੇ ਘਰ ਆ ਗਿਆ। ਇੰਝ ਇਸ ਹੁਸ਼ਿਆਰ ਤੇ ਪੜਾਕੂ ਬੱਚੇ ਦਾ ਇੱਕ ਸਾਲ ਜਾਇਆ ਹੋ ਗਿਆ। ਦੂਜੇ ਸਾਲ ਜਦ ਉਹ ਫਿਰ ਇਮਤਿਹਾਨ ਦੇਣ ਲਈ ਗਿਆ ਤਾਂ ਇਮਤਿਹਾਨੀ ਸੈਂਟਰ ਵਿੱਚ ਮੁੜ ਦੰਦਾਂ ਵਿੱਚੋਂ ਲਹੂ ਦਾ ਫੁਹਾਰਾ ਫੁੱਟ ਪਿਆ। ਜਮੀਲ ਨੂੰ ਘਰ ਲਿਆਂਦਾ ਗਿਆ ਤੇ ਨਸੀਰ ਨੇ ਆਪਣੇ ਪੁੱਤਰ ਦੀ ਇਸ ਅਜੀਬ ਬਿਮਾਰੀ ਦਾ ਜ਼ਿਕਰ ਖ਼ਾਲਿਦ ਹੁਸੈਨ ਨਾਲ ਕੀਤਾ। ਖ਼ਾਲਿਦ ਹੁਸੈਨ ਇਸਹਾਕ ਦਰਵੇਸ਼ ਕੋਲ ਪਿਓ ਪੁੱਤਰ ਨੂੰ ਲੈ ਕੇ ਗਿਆ। ਇਸਹਾਕ ਸਾਹਿਬ ਨੇ ਕੁੱਝ ਪੜ੍ਹ ਕੇ ਜਮੀਲ ਦੇ ਮੂੰਹ 'ਤੇ ਫੂਕ ਮਾਰੀ ਤਾਂ ਖ਼ੂਨ ਨਿਕਲਣਾ ਬੰਦ ਹੋ ਗਿਆ। ਉਸਨੇ ਇੱਕ ਪਾਣੀ ਦੀ ਬੋਤਲ ਮੰਗਵਾਈ ਤੇ ਕੁੱਝ ਕਲਮੇ ਜਾਂ ਮੰਤਰ ਪੜ੍ਹ ਕੇ ਉਸ ਬੋਤਲ ਨੂੰ ਫੂਕਾਂ ਮਾਰੀਆਂ ਤੇ ਕਿਹਾ ਕਿ ਜਮੀਲ ਇਸ ਬੋਤਲ ਨੂੰ ਆਪਣੇ ਕਮਰੇ ਵਿੱਚ ਰੱਖੇ ਅਤੇ ਸਵੇਰੇ ਇਮਤਿਹਾਨ ਲਈ ਜਾਣ ਤੋਂ ਪਹਿਲਾਂ ਇਸ ਬੋਤਲ ਨੂੰ ਵੇਖ ਕੇ ਜਾਵੇ ਤੇ ਇੰਝ ਹੀ ਉਹ ਰੋਜ਼ ਕਰੇ। ਜਦ ਤਕ ਸਾਰੇ ਪੇਪਰ ਖਤਮ ਨਹੀਂ ਹੁੰਦੇ, ਉਹ ਇਸ ਅਮਲ ਨੂੰ ਦੁਹਰਾਉਂਦਾ ਰਹੇ। ਜਦੋਂ ਆਖਰੀ ਪਰਚਾ ਦੇ ਕੇ ਆਵੇ ਤਾਂ ਬੋਤਲ ਦੇ ਪਾਣੀ ਨੂੰ ਪੀ ਲਵੇ ਜਾਂ ਵਗਦੇ ਦਰਿਆ ਵਿੱਚ ਰੋੜ ਦੇਵੇ। ਜਮੀਲ ਨੇ ਬਾਕੀ ਸਾਰੇ ਪਰਚੇ ਦਿੱਤੇ ਪਰ ਉਸਦੇ ਫਿਰ ਕਿਸੇ ਦੰਦ ਵਿੱਚੋਂ ਖ਼ੂਨ ਨਹੀਂ ਨਿਕਲਿਆ। ਇਮਤਿਹਾਨ ਦਾ ਨਤੀਜਾ ਨਿਕਲਿਆ ਤਾਂ ਉਸਦੀ ਇੱਕ ਪੇਪਰ ਵਿੱਚ ਰੀਅਪੀਅਰ ਆਈ ਸੀ। ਉਹ ਪਰਚਾ ਉਸਨੇ ਸਪਲੀਮੈਂਟਰੀ ਇਮਤਿਹਾਨ ਵਿੱਚ ਪਾਸ ਕਰ ਲਿਆ। ਅੱਜ ਜਮੀਲ ਸਰਕਾਰੀ ਅਧਿਆਪਕ ਹੈ, ਵਿਆਹਿਆ ਹੈ

ਤੇ ਦੋ ਬੱਚਿਆਂ ਦਾ ਪਿਓ ਹੈ।

ਅਜ਼ੀਜ਼ ਸਾਹਿਬ ਰਾਮਬਨ ਜ਼ਿਲ੍ਹੇ ਦੀ ਤਹਿਸੀਲ ਗੂਲ ਦੇ ਰਹਿਣ ਵਾਲੇ ਇੱਕ ਕਾਮਿਲ ਦਰਵੇਸ਼ ਹਨ। ਉਨ੍ਹਾਂ ਦੇ ਮੁਰੀਦਾਂ ਦੀ ਗਿਣਤੀ ਚੋਖੀ ਹੈ, ਉਨ੍ਹਾਂ ਦੇ ਇੱਕ ਮੁਰੀਦ ਗੁਲਾਮ ਕਾਦਿਰ ਮੁਗਲ ਹਨ। ਮੁਗਲ ਸਾਹਿਬ, ਖ਼ਾਲਿਦ ਦੇ ਸਹਿਕਰਮੀ ਸਨ। ਉਹ ਅਕਸਰ ਖ਼ਾਲਿਦ ਨੂੰ ਅਜ਼ੀਜ਼ ਸਾਹਿਬ ਦੀਆਂ ਕਰਾਮਾਤਾਂ ਸੁਣਾਉਂਦੇ ਰਹਿੰਦੇ। ਇੱਕ ਦਿਨ ਖ਼ਾਲਿਦ ਨੇ ਉਨ੍ਹਾਂ ਦੋਵਾਂ ਨੂੰ ਆਪਣੇ ਘਰ ਖਾਣੇ 'ਤੇ ਬੁਲਾਇਆ। ਜਦ ਉਹ ਪਾਰਕ ਵਿਚੋਂ ਲੰਘ ਰਹੇ ਸਨ ਤਾਂ ਅਜ਼ੀਜ਼ ਸਾਹਿਬ ਨੇ ਕਿਹਾ ਕਿ ਤੁਸੀਂ ਉਨ੍ਹਾਂ ਨੂੰ ਕਬਰਾਂ ਉਤੇ ਚਲਾ ਰਹੇ ਹੋ। ਜਦ ਖ਼ਾਲਿਦ ਨੇ ਦੱਸਿਆ ਕਿ ਇਹ ਤਾਂ ਬਾਗ਼ ਹੈ ਤੇ ਇਥੇ ਕੋਈ ਕਬਰ ਨਹੀਂ ਹੈ ਤਾਂ ਅਜ਼ੀਜ਼ ਸਾਹਿਬ ਨੇ ਕਿਹਾ ਸੀ ਕਿ ਇਸ ਬਾਗ਼ ਵਿੱਚ ਸੈਂਕੜੇ ਕਬਰਾਂ ਹਨ। ਥੋੜ੍ਹਾ ਅੱਗੇ ਚੱਲ ਕੇ ਉਨ੍ਹਾਂ ਇੱਕ ਮਕਾਨ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਸ ਮਕਾਨ ਵਾਲੇ ਨੇ ਜਿਥੇ ਬਾਥਰੂਮ ਬਣਾਇਆ ਹੋਇਆ ਹੈ ਉਹਦੇ ਹੇਠਾਂ ਇੱਕ ਪੀਰ-ਫਕੀਰ ਦੀ ਕਬਰ ਹੈ ਤੇ ਇਹ ਲੋਕ ਉਸ ਦਰਵੇਸ਼ ਦੀ ਬੇਹੁਰਮਤੀ ਕਰ ਰਹੇ ਹਨ। ਇਸ ਕਾਰਨ ਇਨ੍ਹਾਂ ਦੇ ਦੋ ਬੱਚੇ ਵੀ ਮਰੇ ਹਨ ਤੇ ਹੋਰ ਜਾਨੀ ਨੁਕਸਾਨ ਵੀ ਹੋ ਸਕਦਾ ਹੈ। ਇਨ੍ਹਾਂ ਨੂੰ ਕਹਿ ਦਿਉ ਕਿ ਇਹ ਆਪਣਾ ਬਾਥਰੂਮ ਕਿਸੇ ਹੋਰ ਜਗ੍ਹਾ ਬਣਾਉਣ ਤੇ ਇਸ ਜਗ੍ਹਾ ਨੂੰ ਪਵਿੱਤਰ ਕਰਕੇ ਇਥੇ ਰੋਜ਼ ਦੀਵਾ ਬਾਲਣ ਤੇ ਮਾਫ਼ੀ ਵਜੋਂ ਤਿੰਨ ਵੀਰਵਾਰ ਕਿਸੇ ਪੀਰ ਦੀ ਦਰਗਾਹ 'ਤੇ ਛੋਲਿਆਂ ਵਾਲੇ ਚੌਲ ਚਾੜ੍ਹਣ। ਜਦ ਰੋਟੀ ਖਾ ਕੇ ਵਹਿਲੇ ਹੋਏ ਤਾਂ ਖ਼ਾਲਿਦ ਨੇ ਉਨ੍ਹਾਂ ਅੱਗੇ ਬੇਨਤੀ ਕੀਤੀ ਕਿ ਉਸਦਾ ਗੁਜੱਰ ਨਗਰ ਵਾਲਾ ਮਕਾਨ ਨਹੀਂ ਵਿਕ ਰਿਹਾ ਅਤੇ ਜਦ ਤਕ ਉਹ ਆਪਣੇ ਟੱਬਰ ਨਾਲ ਉਸ ਮਕਾਨ ਵਿੱਚ ਰਿਹਾ, ਉਸਨੇ ਬੜੀ ਮੁਸੀਬਤ ਤੇ ਪ੍ਰੇਸ਼ਾਨੀ ਵੇਖੀ। ਅਜ਼ੀਜ਼ ਸਾਹਿਬ ਨੇ ਖ਼ਾਲਿਦ ਨੂੰ ਦੱਸਿਆ ਕਿ ਉਸਨੇ ਇੱਕ ਦਰਵੇਸ਼ ਦੀ ਬੇਹੁਰਮਤੀ ਕੀਤੀ ਹੈ ਤੇ ਉਸਦੇ ਕਰੰਗ ਨੂੰ ਕਬਰ 'ਚੋਂ ਕੱਢ ਕੇ ਦਰਿਆ ਸਪੁਰਦ ਕੀਤਾ ਹੈ। ਹਾਲੇ ਵੀ ਉਥੇ ਇੱਕ ਪੀਰ ਦਾ ਅੱਧਾ ਸਰੀਰ ਦਫਨ ਹੈ। ਉਨ੍ਹਾਂ ਨੇ ਖ਼ਾਲਿਦ ਨੂੰ ਦੂਜੇ ਦਿਨ ਗੁੱਜਰ ਨਗਰ ਵਾਲਾ ਮਕਾਨ ਵਖਾਉਣ ਲਈ ਕਿਹਾ। ਅਜ਼ੀਜ਼ ਸਾਹਿਬ ਦੀ ਗੱਲ ਬਿਲਕੁਲ ਸੱਚ ਸੀ। ਖ਼ਾਲਿਦ ਜਦੋਂ ਗੁੱਜਰ ਨਗਰ ਵਾਲਾ ਮਕਾਨ ਬਣਾ ਰਿਹਾ ਸੀ ਤਾਂ ਬੇਸਮੈਂਟ ਦੀ ਖੁਦਾਈ ਕਰਦਿਆਂ ਮਜ਼ਦੂਰਾਂ ਨੂੰ ਇੱਕ ਪੂਰਾ ਇਨਸਾਨੀ ਢਾਂਚਾ ਤੇ ਇੱਕ ਅੱਧਾ ਕੰਕਾਲ ਮਿਲਿਆ ਸੀ। ਜਦ ਉਨ੍ਹਾਂ ਖ਼ਾਲਿਦ ਨੂੰ ਪੁੱਛਿਆ ਕਿ ਇਨ੍ਹਾਂ ਢਾਂਚਿਆਂ ਦਾ ਕੀ ਕਰੀਏ ਤਾਂ ਉਸਨੇ ਮੁੜ ਦਫਨਾਉਣ ਦੀ ਥਾਂ ਤਵੀ ਵਿੱਚ ਰੋੜਣ ਲਈ ਮਜ਼ਦੂਰ ਨੂੰ ਕਿਹਾ ਸੀ। ਖ਼ੈਰ ਦੂਜੇ ਦਿਨ ਜਦ ਖ਼ਾਲਿਦ ਅਜ਼ੀਜ਼ ਸਾਹਿਬ ਨੂੰ ਮੌਕੇ 'ਤੇ ਲੈ ਗਿਆ ਤਾਂ ਉਨ੍ਹਾਂ ਫਰਮਾਇਆ ਸੀ ਕਿ ਬੇਸਮੈਂਟ ਨੂੰ ਚੰਗੀ ਤਰ੍ਹਾਂ ਧੋ ਕੇ ਤੇ ਸਾਫ਼ ਸੁਥਰਾ ਬਣਾ ਕੇ ਉਸ ਅੰਦਰ ਦੀਵਾ ਬਾਲ ਕੇ ਰੱਖੇ ਅਤੇ ਰੋਸ਼ਨਦਾਨਾਂ ਤੇ ਦਰਵਾਜ਼ੇ ਦੀਆਂ ਚੌਗਾਠਾਂ ਕੱਢ ਕੇ ਉਥੇ ਇੱਟਾਂ ਲਾ

ਦਵੇ ਅਤੇ ਬੇਸਮੈਂਟ ਨੂੰ ਹਮੇਸ਼ਾ ਲਈ ਬੰਦ ਕਰ ਦਵੇ। ਜਦੋਂ ਇਨ੍ਹਾਂ ਕੰਮ ਕਰ ਲਵੇਂਗਾ ਤਾਂ ਤੇਰਾ ਮਕਾਨ ਵਿਕ ਜਾਇਗਾ। ਖ਼ਾਲਿਦ ਨੇ ਅਜ਼ੀਜ਼ ਸਾਹਿਬ ਦਾ ਹੁਕਮ ਮੰਨ ਕੇ ਬੇਸਮੈਂਟ ਨੂੰ ਚਿਣਾਈ ਕਰਾਕੇ ਹਮੇਸ਼ਾ ਲਈ ਬੰਦ ਕਰ ਦਿੱਤਾ ਤੇ ਫਿਰ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਮਕਾਨ ਦਾ ਸੌਦਾ ਹੋ ਗਿਆ। ਬਾਗ਼ ਵਿੱਚ ਕਬਰਾਂ ਬਾਰੇ ਜਦ ਖ਼ਾਲਿਦ ਨੇ ਮੁਹੱਲੇ ਦੇ ਇੱਕ ਬਜ਼ੁਰਗ ਕੋਲੋਂ ਪੁੱਛਿਆ ਤਾਂ ਉਸਨੇ ਕਿਹਾ ਕਿ ਦਰਵੇਸ਼ ਸਾਹਿਬ ਠੀਕ ਕਹਿੰਦੇ ਹਨ, ਕਿਉਂਕਿ 1947 ਦੀ ਵੱਢ-ਟੁੱਕ ਵਿੱਚ ਮੁਸਲਮਾਨ ਮਰਨ ਵਾਲਿਆਂ ਨੂੰ ਰਿਹਾੜੀ ਕਬਰਿਸਤਾਨ ਜਾਂ ਗੁੱਜਰ ਨਗਰ ਵਾਲੇ ਕਬਰਿਸਤਾਨ ਵਿੱਚ ਦਫਨਾਉਣ ਲਈ ਲੈ ਜਾਣ ਤੋਂ ਡਰਦੇ ਸਨ। ਹਰ ਪਾਸੇ ਅੱਗ ਤੇ ਲਹੂ ਦਾ ਬਾਜ਼ਾਰ ਗਰਮ ਸੀ, ਇਸ ਲਈ ਦੋ-ਢਾਈ ਸੌ ਲਾਸ਼ਾਂ ਨੂੰ ਇਸ ਬਾਗ਼ ਵਿੱਚ ਹੀ ਲੋਕਾਂ ਨੇ ਦਫਨਾਇਆ ਸੀ। ਇੰਝ ਹੀ ਜਦੋਂ ਖ਼ਾਲਿਦ ਨੇ ਉਸ ਮਕਾਨ ਮਾਲਕਣ ਨੂੰ ਪੁੱਛਿਆ ਸੀ ਕਿ ਕੀ ਉਨ੍ਹਾਂ ਦੇ ਘਰ ਕੋਈ ਜਾਨੀ ਨੁਕਸਾਨ ਹੋਇਆ ਹੈ ਤਾਂ ਉਸ ਔਰਤ ਨੇ ਦੱਸਿਆ ਸੀ ਬਈ ਉਸਦਾ ਪਤੀ ਅਤੇ ਦੋ ਪੁੱਤਰ ਇਸ ਮਕਾਨ ਵਿੱਚ ਮਰ ਚੁੱਕੇ ਹਨ। ਇੱਕ ਨੇ ਖੁਦਕੁਸ਼ੀ ਕੀਤੀ ਸੀ ਤੇ ਦੂਜੇ ਨੇ ਅੱਗ ਲਾ ਲਈ ਸੀ ਅਤੇ ਜਦ ਖ਼ਾਲਿਦ ਨੇ ਅਜ਼ੀਜ਼ ਸਾਹਿਬ ਵਾਲੀ ਗੱਲ ਦੱਸੀ ਤਾਂ ਉਸਨੇ ਬਾਥਰੂਮ ਢਾਹ ਕੇ ਉਥੇ ਮੁੜ ਕਬਰ ਬਣਾ ਦਿੱਤੀ।

ਇਸ ਤਰ੍ਹਾਂ ਜੰਮੂ ਤੇ ਸ਼੍ਰੀਨਗਰ ਵਿੱਚ ਖ਼ਾਲਿਦ ਨੇ ਕਈ ਪੀਰਾਂ-ਫਕੀਰਾਂ ਦੀਆਂ ਹੈਰਾਨੀਜਨਕ ਕਰਾਮਾਤਾਂ ਆਪਣੀ ਅੱਖੀਂ ਵੇਖੀਆਂ ਸਨ, ਜਿਨ੍ਹਾਂ 'ਤੇ ਇਤਬਾਰ ਕਰਨ ਨੂੰ ਦਿਲ ਤੇ ਦਿਮਾਗ਼ ਨਹੀਂ ਮੰਨਦਾ।

***

# ਨਰਕ ਨਿਵਾਸ

ਡਾ. ਸਾਧੂ ਸਿੰਘ ਹਮਦਰਦ ਇੱਕ ਵਧੀਆ ਮਨੁੱਖ ਸਨ। ਰੋਜ਼ਾਨਾ ਅਜੀਤ ਦੇ ਮਾਲਿਕ ਤੇ ਸੰਪਾਦਕ ਅਤੇ ਅਜੀਤ ਭਵਨ ਜਲੰਧਰ ਦੇ ਮੁਖਤਾਰਕੁਲ। ਯਾਰਾਂ ਦੇ ਯਾਰ ਤੇ ਗਰੀਬਾਂ ਦੇ ਗਮਖਾਰ। ਉਹ ਇੱਕ ਚੰਗੇ ਸ਼ਾਇਰ ਵੀ ਸਨ ਤੇ ਉਸਤਾਦ ਲਭੂ ਰਾਮ ਜੋਸ਼ ਮਲਸਿਆਣੀ ਦੇ ਸ਼ਾਗਿਰਦ। ਇੰਝ ਉਨ੍ਹਾਂ ਦਾ ਉਸਤਾਦੀ-ਸ਼ਾਗਿਰਦੀ ਦਾ ਤਾਲੁਕ ਦਾਗ਼ ਦੇਹਲਵੀ ਨਾਲ ਜੁੜਦਾ ਸੀ। ਇਸ ਸਕੂਲ ਦੇ ਚੇਲੇ ਭਾਸ਼ਾ, ਭਾਸ਼ਾ ਦੀ ਨਾਜ਼ੁਕ ਬਿਆਨੀ ਤੇ ਸਰਲਤਾ ਵੱਲ ਬਹੁਤਾ ਜ਼ੋਰ ਦਿੰਦੇ ਸਨ। ਖਿਆਲਾਂ ਪੱਖੋਂ ਤੇ ਤਖਈਯੁਲ ਵਜੋਂ, ਇਨ੍ਹਾਂ ਦੀ ਸ਼ਾਇਰੀ ਪਰੰਪਰਾਵਾਦੀ ਹੁੰਦੀ ਹੈ, ਪਰ ਭਾਸ਼ਾ ਦੀ ਵਰਤੋਂ ਤੇ ਛੰਦ-ਬੰਦੀ ਅਰੂਜ਼ ਵਜੋਂ ਬੇ-ਮਿਸਾਲ। ਸਾਧੂ ਸਿੰਘ ਹਮਦਰਦ ਹੋਰਾਂ ਵੀ ਉਰਦੂ ਤੋਂ ਛੁਟ ਪੰਜਾਬੀ ਵਿੱਚ ਸ਼ਾਇਰੀ ਕੀਤੀ ਤੇ ਉਨ੍ਹਾਂ ਦਾ ਸਾਰਾ ਪੰਜਾਬੀ ਕਲਾਮ ਕਿਤਾਬੀ ਸੂਰਤ ਵਿੱਚ ਛਪ ਚੁੱਕਿਆ ਹੈ। ਉਨ੍ਹਾਂ ਬਾਰੇ ਇੱਕ ਲਤੀਫ਼ਾ ਇੱਕ ਜ਼ਮਾਨੇ ਵਿੱਚ ਬੜਾ ਮਸ਼ਹੂਰ ਹੋਇਆ ਸੀ। ਲਤੀਫ਼ਾ ਇੰਝ ਦੱਸਿਆ ਜਾਂਦਾ ਹੈ, "ਇੱਕ ਵਾਰੀ ਸਾਧੂ ਸਿੰਘ ਹਮਦਰਦ ਸਾਹਿਬ ਨੂੰ ਹਾਰਟ-ਅਟੈਕ ਹੋਇਆ। ਉਨ੍ਹਾਂ ਦਾ ਸਪੁੱਤਰ ਬਰਜਿੰਦਰ ਹਮਦਰਦ (ਜਿਹੜਾ ਅੱਜ ਰੋਜ਼ਾਨਾ ਅਜੀਤ ਦਾ ਸੰਪਾਦਕ ਹੈ।) ਅਖ਼ਬਾਰੀ ਕਾਗਜ਼ ਦਾ ਕੋਟਾ ਵਧਾਉਣ ਲਈ ਦਿੱਲੀ ਗਿਆ ਹੋਇਆ ਸੀ। ਹਮਦਰਦ ਸਾਹਿਬ ਦੇ ਯਾਰ ਬੇਲੀ ਤੇ ਮੁਲਾਜ਼ਮ ਚਾਹੁੰਦੇ ਸਨ ਕਿ ਬਰਜਿੰਦਰ ਹਮਦਰਦ ਦੇ ਆਉਣ ਤਕ ਕਿਸੇ ਵੀ ਤਰ੍ਹਾਂ ਹਮਦਰਦ ਸਾਹਿਬ ਨੂੰ ਜ਼ਿੰਦਾ ਰੱਖਿਆ ਜਾਏ। ਉਨ੍ਹਾਂ ਦੇ ਇੱਕ ਦੋਸਤ ਨੇ ਇਸ ਜ਼ਿੰਮੇਦਾਰੀ ਨੂੰ ਕਬੂਲ ਕਰਦਿਆਂ ਕਿਹਾ ਕਿ ਉਹ ਪੁੱਤਰ ਬਰਜਿੰਦਰ ਦੇ ਆਉਣ ਤਕ ਹਮਦਰਦ ਸਾਹਿਬ ਨੂੰ ਕੁੱਝ ਵੀ ਨਹੀਂ ਹੋਣ ਦੇਣਗੇ ਤੇ ਫਿਰ ਉਹ ਮਿੱਤਰ ਕਮਰੇ ਅੰਦਰ ਆਇਆ ਤੇ ਦਰਵਾਜ਼ੇ ਨੂੰ ਕੁੰਡੀ ਲਾਈ ਤੇ ਹਮਦਰਦ ਸਾਹਿਬ ਦੇ ਬਿਸਤਰ 'ਤੇ ਬਹਿ ਕੇ ਉਨ੍ਹਾਂ ਦੀ ਸ਼ਾਇਰੀ ਦੀ ਤਾਰੀਫ਼ ਕਰਨ ਲੱਗਾ ਤੇ ਕਹਿਣ ਲੱਗਾ ਕਿ ਉਨ੍ਹਾਂ ਜਿਹਾ ਸ਼ਾਇਰ ਮਾਵਾਂ ਕਦੇ ਨਹੀਂ ਜੰਮ ਸਕਦੀਆਂ ਤੇ ਉਹ ਉੱਚ ਕੋਟੀ ਦੇ ਸ਼ਾਇਰ ਹਨ, ਇਸ ਲਈ ਆਪਣਾ ਕਲਾਮ ਸੁਣਾ ਕੇ ਉਸਦੀ ਰੂਹ ਨੂੰ ਤਾਜ਼ਗੀ ਬਖਸ਼ੋ। ਹਮਦਰਦ ਸਾਹਿਬ ਨੇ ਹੌਲੀ-ਹੌਲੀ ਅੱਖਾਂ ਖੋਲ੍ਹੀਆਂ ਤੇ ਆਪਣੇ ਮਿੱਤਰ ਵੱਲ ਵੇਖਿਆ। ਫਿਰ ਸਰ੍ਹਾਣੇ ਹੇਠੋਂ ਆਪਣੀ ਸ਼ਾਇਰੀ ਦੀ ਬਿਆਜ਼ ਖੋਲ੍ਹੀ ਤੇ ਸ਼ੇਅਰ ਸੁਣਾਉਣ ਲੱਗੇ। ਹਮਦਰਦ ਸਾਹਿਬ ਸ਼ੇਅਰ ਸੁਣਾਉਂਦੇ ਰਹੇ ਤੇ ਮਿੱਤਰ

ਵੇਚਾਰਾ ਸੁਣਦਾ ਰਿਹਾ। ਸਵੇਰੇ ਬਰਜਿੰਦਰ ਦੇ ਆਉਣ 'ਤੇ ਜਦ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਹਮਦਰਦ ਸਾਹਿਬ ਤਾਂ ਬਿਲਕੁਲ ਰਾਜ਼ੀ ਖੁਸ਼ੀ ਸਨ ਤੇ ਉਨ੍ਹਾਂ ਦਾ ਮਿੱਤਰ ਬੇਹੋਸ਼ ਪਿਆ ਸੀ।" ਰੱਬ, ਸਾਧੂ ਸਿੰਘ ਹਮਦਰਦ ਹੋਰਾਂ ਨੂੰ ਸਵਰਗਾਂ ਵਿੱਚ ਜਗ੍ਹਾ ਦਏ ਤਾਂ ਜੋ ਉਹ ਉਥੇ ਅਪਸਰਾਵਾਂ ਨੂੰ ਆਪਣਾ ਕਲਾਮ ਸੁਣਾਉਂਦੇ ਰਹਿਣ।

ਹਮਦਰਦ ਸਾਹਿਬ ਨਾਲ ਜੁੜੇ ਇਸ ਲਤੀਫੇ ਨੂੰ ਬਿਆਨ ਕਰਨ ਦਾ ਮਤਲਬ ਇਹ ਦੱਸਣਾ ਸੀ ਕਿ ਖ਼ਾਲਿਦ ਹੁਸੈਨ ਨਾਲ ਵੀ ਇੱਕ ਵਾਰੀ ਬਿਲਕੁਲ ਇਸੇ ਕਿਸਮ ਦੀ ਘਟਨਾ ਵਾਪਰੀ ਸੀ। ਇਹ ਸ਼ਾਇਦ ਸੰਨ 1974 ਦੀ ਗੱਲ ਹੈ ਕਿ ਖ਼ਾਲਿਦ ਹੁਸੈਨ ਤੇ ਹਰਭਜਨ ਸਿੰਘ ਸਾਗਰ, ਅੰਮ੍ਰਿਤਸਰ ਵਿਖੇ ਸਰਬ ਹਿੰਦ ਪੰਜਾਬੀ ਕਾਨਫਰੰਸ ਵਿੱਚ ਭਾਗ ਲੈਣ ਗਏ ਸਨ। ਉਥੇ ਖ਼ਾਲਿਦ ਹੁਸੈਨ ਦੇ ਮਿੱਤਰ ਤੇ ਪ੍ਰਸਿੱਧ ਨਾਵਲਕਾਰ ਮੋਹਨ ਕਹਾਲੋਂ ਉਸਨੂੰ ਤੇ ਸਾਗਰ ਨੂੰ ਆਪਣੇ ਘਰ ਲੈ ਗਿਆ। ਮੋਹਨ ਕਹਾਲੋਂ ਉਨ੍ਹਾਂ ਦਿਨਾਂ ਵਿੱਚ ਵੇਰਕਾ ਰੇਲਵੇ ਲਾਈਨ ਦੇ ਕੋਲ ਰਹਿੰਦਾ ਸੀ। ਉਸਦੀ ਪਤਨੀ ਦੀਪ ਮੋਹਿਨੀ ਵੀ ਕਹਾਣੀਆਂ ਲਿਖਦੀ ਸੀ ਤੇ ਉਸਦਾ ਪੁੱਤਰ ਪਾਲ (ਜਿਹੜਾ ਅੱਜਕੱਲ੍ਹ ਪੱਛਮੀ ਬੰਗਾਲ ਵਿੱਚ ਆਈ.ਏ.ਐਸ ਅਫ਼ਸਰ ਹੈ।) ਵੀ ਅੰਗਰੇਜ਼ੀ ਵਿੱਚ ਕਵਿਤਾ ਲਿਖਦਾ ਸੀ। ਰਾਤ ਖਾਣਾ ਖਾਣ ਮਗਰੋਂ ਮੋਹਨ ਕਾਹਲੋਂ ਨਾਲ ਉਸਦੇ ਚਰਚਿਤ ਨਾਵਲਾਂ 'ਬੇੜੀ ਤੇ ਬਰੇਤਾ', 'ਮਛਲੀ ਇੱਕ ਦਰਿਆ ਦੀ', 'ਗੋਰੀ ਨਦੀ ਦਾ ਗੀਤ' ਆਦਿ ਬਾਰੇ ਗੱਲਬਾਤ ਹੋਈ, ਫਿਰ ਉਸਨੇ ਆਪਣੇ ਨਵੇਂ ਨਾਵਲ ਦੇ ਦੋ ਚੈਪਟਰ ਸੁਣਾਏ। ਰੋਟੀ ਜ਼ਿਆਦਾ ਖਾਣ ਵਜੋਂ ਖ਼ਾਲਿਦ ਹੁਸੈਨ ਤੇ ਹਰਭਜਨ ਸਾਗਰ ਦੀ ਹਾਲਤ ਬੜੀ ਮਾੜੀ ਤੇ ਰਹਿਮ ਵਾਲੀ ਸੀ। ਉਨ੍ਹਾਂ ਨੂੰ ਬੜੀ ਸਖ਼ਤ ਨੀਂਦ ਆਈ ਹੋਈ ਸੀ, ਪਰ ਇਖ਼ਲਾਕ ਦਾ ਤਕਾਜ਼ਾ ਇਹ ਸੀ ਕਿ ਨਾਵਲ ਦਾ ਕਾਂਡ ਸੁਣਿਆ ਜਾਏ। ਸਾਗਰ ਨੇ ਕਸ਼ਮੀਰੀ ਵਿੱਚ ਖ਼ਾਲਿਦ ਨੂੰ ਕਿਹਾ ਕਿ ਉਹ ਸੌਣ ਲੱਗਾ ਹੈ ਤੇ ਖ਼ਾਲਿਦ ਹੂੰ-ਹਾਂ ਕਰਦਾ ਰਹਿਆ। ਮੋਹਨ ਕਾਹਲੋਂ ਦਾ ਚੈਪਟਰ ਮੁੱਕਿਆ ਤਾਂ ਦੀਪ ਮੋਹਿਨੀ ਨੇ ਆਪਣੀ ਨਵੀਂ ਕਹਾਣੀ ਸੁਣਾਈ, ਫਿਰ ਪਾਲ ਨੇ ਦੋ ਤਿੰਨ ਅੰਗਰੇਜ਼ੀ ਕਵਿਤਾਵਾਂ ਸੁਣਾਈਆਂ। ਰਾਤ ਦੇ 2 ਵੱਜ ਚੁੱਕੇ ਸਨ। ਮੋਹਨ ਕਾਹਲੋਂ ਆਪਣੇ ਨਵੇਂ ਨਾਵਲ ਦਾ ਤੀਜਾ ਕਾਂਡ ਸੁਣਾਉਣ ਲੱਗਾ ਸੀ ਤੇ ਖ਼ਾਲਿਦ ਦੇ ਸਬਰ ਦਾ ਪੈਮਾਨਾ ਡੁੱਲ ਪਿਆ ਸੀ। ਅਦਬ, ਅਦਾਬ ਸਭ ਖ਼ਤਮ ਹੋ ਚੁੱਕੇ ਸਨ ਤੇ ਖ਼ਾਲਿਦ ਵੀ ਨੀਂਦ ਦੀ ਗੋਦ ਵਿੱਚ ਜਾ ਪੁੱਜਾ ਸੀ। ਸਵੇਰੇ ਸੱਤ ਵਜੇ ਉਹ ਦੋਵੇਂ ਉਠੇ ਤੇ ਮੋਹਨ ਕਾਹਲੋਂ ਨੂੰ ਦੱਸੇ ਬਗੈਰ ਤੇ ਕੁੱਝ ਖਾਧੇ ਬਗੈਰ ਉਥੋਂ ਭੱਜ ਗਏ। ਉਨ੍ਹਾਂ ਬੱਸ ਫੜੀ ਤੇ ਅੰਮ੍ਰਿਤਸਰ ਡਾ. ਕੁਲਬੀਰ ਸਿੰਘ ਕਾਂਗ ਦੇ ਘਰ ਆ ਗਏ। ਕਾਂਗ ਸਾਹਿਬ ਨੇ ਜਦ ਖ਼ਾਲਿਦ ਤੇ ਸਾਗਰ ਦੀਆਂ ਅੱਖਾਂ ਸੁੱਜੀਆਂ ਵੇਖੀਆਂ ਤਾਂ ਉਸਨੇ ਪੁੱਛਿਆ ਕਿ ਕੀ ਤੁਸੀਂ ਰਾਤ ਮੋਹਨ ਕਾਹਲੋਂ ਦੇ ਘਰ ਠਹਿਰੇ ਸੀ? ਉਨ੍ਹਾਂ ਹਾਂ ਵਿੱਚ ਗਰਦਨ ਹਿਲਾਈ, ਫਿਰ ਕਾਂਗ ਹੋਰਾਂ ਉਹ ਸਾਰੀ ਘਟਨਾ ਬਿਆਨ ਕੀਤੀ ਜੋ ਖ਼ਾਲਿਦ ਤੇ ਸਾਗਰ

ਨਾਲ ਬੀਤੀ ਸੀ। ਇਹ ਯਾਦਗਾਰੀ ਘਟਨਾ ਖ਼ਾਲਿਦ ਤੇ ਸਾਗਰ ਅਕਸਰ ਗੈਰ-ਸਾਹਿਤਕ ਬੈਠਕਾਂ ਵਿੱਚ ਮਜ਼ੇ ਲੈ ਲੈ ਕੇ ਸੁਣਾਉਂਦੇ ਰਹਿੰਦੇ ਸਨ।

ਇੱਕ ਹੋਰ ਘਟਨਾ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਬਣਦਾ ਹੈ, ਜਿਸਦਾ ਸ਼ਿਕਾਰ ਸਿਰਫ ਖ਼ਾਲਿਦ ਹੁਸੈਨ ਹੀ ਨਹੀਂ ਹੋਇਆ, ਸਗੋਂ ਮੈਂ ਵੀ ਹੋਇਆ ਤੇ ਮੇਰੇ ਨਾਲ ਡਾ. ਸੁਸ਼ੀਲ ਸ਼ਰਮਾ ਤੇ ਹਰਭਜਨ ਸਾਗਰ ਵੀ ਹੋਏ। ਗੱਲ ਇਸ ਤਰ੍ਹਾਂ ਹੋਈ ਕਿ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਆਡੀਟੋਰੀਅਮ ਵਿੱਚ ਹੋ ਰਹੀ ਸੀ, ਜਿਸ ਵਿੱਚ ਪਾਕਿਸਤਾਨ ਸਮੇਤ ਵਿਸ਼ਵ ਭਰ ਦੇ ਪੰਜਾਬੀ ਸ਼ਾਇਰਾਂ, ਫਨਕਾਰਾਂ ਤੇ ਸਾਹਿਤਕਾਰਾਂ ਭਾਗ ਲਿਆ ਸੀ। ਜੰਮੂ ਤੋਂ ਖ਼ਾਲਿਦ ਹੁਸੈਨ ਆਪਣੇ ਮਿੱਤਰਾਂ ਹਰਭਜਨ ਸਿੰਘ ਸਾਗਰ ਤੇ ਪ੍ਰੋ. ਸੁਸ਼ੀਲ ਸ਼ਰਮਾ ਨਾਲ ਕਾਨਫ਼ਰੰਸ ਵਿੱਚ ਭਾਗ ਲੈਣ ਲਈ ਆਇਆ ਸੀ। ਉਸਨੇ ਮੈਨੂੰ ਯਾਨੀ ਬੀਬਾ ਬਲਵੰਤ ਨੂੰ ਗੁਰਦਾਸਪੁਰ ਤੋਂ ਨਾਲ ਲਿਆ ਸੀ। ਕਾਨਫਰੰਸ ਦੇ ਆਖਰੀ ਦਿਨ ਇੱਕ ਸਾਹਿਤਕਾਰ ਤੇ ਸ਼ਾਇਰ ਮਿੱਤਰ ਖੋਜੀ ਕਾਫਰ ਭਾਵੁਕ ਹੋ ਗਿਆ ਤੇ ਸਾਨੂੰ ਆਪਣੇ ਘਰ ਰਾਤ ਗੁਜ਼ਾਰਨ ਦੀ ਜ਼ਿੱਦ ਕਰਨ ਲੱਗਾ। ਉਸਨੇ ਆਪਣਾ ਘਰ ਰੋਪੜ ਵਿੱਚ ਬਣਾਇਆ ਸੀ ਤੇ ਉਥੇ ਖੜ ਕੇ ਸਾਡੀ ਮਹਿਮਾਨ ਨਿਵਾਜੀ ਕਰਨਾ ਚਾਹੁੰਦਾ ਸੀ। ਖ਼ਾਲਿਦ ਰੋਪੜ ਜਾਣ ਲਈ ਬਿਲਕੁਲ ਨਹੀਂ ਸੀ ਮੰਨ ਰਿਹਾ, ਕਿਉਂਕਿ ਉਸਨੂੰ ਪੰਜਾਬ ਯੂਨੀਵਰਸਿਟੀ ਦੇ ਗੈਸਟ ਹਾਊਸ ਵਿੱਚ ਦੋ ਕਮਰੇ ਮਿਲੇ ਸਨ। ਖ਼ਾਲਿਦ ਦਾ ਕਹਿਣਾ ਸੀ ਕਿ ਰਾਤ ਚੰਡੀਗੜ੍ਹ ਵਿੱਚ ਗੁਜ਼ਾਰ ਕੇ ਸਵੇਰੇ ਤੜਕੇ ਜੰਮੂ ਨਿਕਲ ਪਵਾਂਗੇ। ਖੋਜੀ ਕਾਫਰ ਦੇ ਬਾਰ-ਬਾਰ ਕਹਿਣ 'ਤੇ ਮੈਂ ਖ਼ਾਲਿਦ ਨੂੰ ਮਨ੍ਹਾ ਲਿਆ ਤੇ ਇੰਝ ਅਸੀਂ ਉਸ ਨਾਲ ਰੋਪੜ ਉਸਦੇ ਘਰ ਪੁੱਜੇ। ਗੇਟ 'ਤੇ ਸੰਗਮਰਮਰ ਦੇ ਪੱਥਰ 'ਤੇ ਉਕਰਿਆ ਸੀ, 'ਨਰਕ ਨਿਵਾਸ'। ਦੀਵਾਰ ਦੇ ਨਾਲ ਇੱਕ ਜਗ੍ਹਾ ਲਿਖਿਆ ਸੀ, 'ਧਰਮ ਰਾਜ ਦੀ ਕਚਹਿਰੀ' ਤੇ ਦੀਵਰ ਦੇ ਆਖਰੀ ਸਿਰੇ 'ਤੇ ਲਿਖਿਆ ਹੋਇਆ ਸੀ 'ਜੀਉਂਦੇ ਬੰਦਿਆਂ ਦਾ ਕਬਰਿਸਤਾਨ'। ਜਦ ਮਕਾਨ ਅੰਦਰ ਅਸਾਂ ਕਦਮ ਪਾਏ ਤਾਂ ਹਰ ਜ਼ਾਵੀਏ ਨਾਲ ਖੋਜੀ ਕਾਫਰ ਦਾ ਘਰ ਨਰਕ ਨਿਵਾਸ ਹੀ ਲੱਗਾ। ਕਿਤਾਬਾਂ ਕਮਰਿਆਂ ਵਿੱਚ ਖਿੱਲਰੀਆਂ ਹੋਈਆਂ ਤੇ ਸਾਰੇ ਕਮਰੇ ਮਿੱਟੀ-ਘੱਟੇ ਨਾਲ ਪਰੋਚੇ, ਦੀਵਾਰਾਂ 'ਤੇ ਜਾਲੇ ਲੱਗੇ ਹੋਏ, ਕਿਚਨ ਵਿੱਚ ਜੂਠੇ ਭਾਂਡੇ ਖਿੱਲਰੇ ਹੋਏ ਤੇ ਇੱਕ ਬੰਦਾ ਦਾਰੂ ਪੀ ਕੇ ਪੁੱਠਾ ਪਿਆ ਹੋਇਆ ਸੀ। ਧਰਮ ਰਾਜ ਦੀ ਕਚਹਿਰੀ ਵਿੱਚ ਇੱਕ ਮੂਰਤੀ ਰੱਖੀ ਹੋਈ ਅਤੇ ਕੁੱਝ ਖਾਲੀ ਕੁਰਸੀਆਂ ਪਈਆਂ ਹੋਈਆਂ, ਪਰ ਜੀਉਂਦੇ ਬੰਦਿਆਂ ਦੇ ਕਬਰਿਸਤਾਨ ਵਿੱਚ ਕੋਈ ਕਬਰ ਨਹੀਂ ਲੱਭੀ। ਇਸ ਘਰ ਦਾ ਦ੍ਰਿਸ਼ ਕਿਸੇ ਡਰਾਉਣੀ ਫਿਲਮ ਵਰਗਾ ਸੀ। ਖੋਜੀ ਕਾਫਰ ਨੇ ਮੱਛੀ ਤੇ ਸ਼ਰਾਬ ਦੀਆਂ ਦੋ ਬੋਤਲਾਂ ਬਾਜ਼ਾਰੋਂ ਖਰੀਦੀਆਂ ਸਨ ਤੇ ਘਰ ਪਹੁੰਚਦਿਆਂ ਸਾਰ ਹੀ ਦਾਰੂ ਦਾ ਦੌਰ ਸ਼ੁਰੂ ਹੋ ਗਿਆ। ਜਿਹੜਾ ਬੰਦਾ ਸ਼ਰਾਬ ਪੀ ਕੇ ਪੁੱਠਾ ਪਿਆ ਸੀ, ਉਹ ਖੋਜੀ ਕਾਫਰ

ਦੇ ਮਕਾਨ ਦਾ ਚੌਕੀਦਾਰ ਵੀ ਸੀ ਤੇ ਰੋਟੀ ਪਕਾਉਣ ਵਾਲਾ ਬਾਵਰਚੀ ਵੀ। ਖੋਜੀ ਕਾਫਰ ਨੇ ਉਸਨੂੰ ਲੱਤ ਮਾਰ ਕੇ ਜਗਾਇਆ ਤੇ ਕੁੱਝ ਪੈਸੇ ਦੇ ਕੇ ਬਾਜ਼ਾਰ ਘੱਲਿਆ। ਚੌਕੀਦਾਰ ਕੁੱਝ ਚਿਰ ਮਗਰੋਂ ਸਬਜ਼ੀ, ਦਾਲ ਤੇ ਸੋਡੇ ਦੀਆਂ ਬੋਤਲਾਂ, ਅੰਡੇ ਤੇ ਨਮਕੀਨ ਲੈ ਕੇ ਆ ਗਿਆ। ਅਸੀਂ ਦਾਰੂ ਪੀਂਦੇ ਰਹੇ, ਖੋਜੀ ਕਾਫਰ ਆਪਣੇ ਕਿੱਸੇ, ਕਹਾਣੀਆਂ ਤੇ ਸ਼ਾਇਰੀ ਸੁਣਾਉਣ ਲੱਗਾ। ਕੁੱਝ ਚਿਰ ਮਗਰੋਂ ਚੌਕੀਦਾਰ ਵੀ ਆਪਣਾ ਗਲਾਸ ਲੈ ਕੇ ਆ ਗਿਆ ਤੇ ਸ਼ਰਾਬ ਪੀਣ ਲੱਗਾ। ਉਹ ਸ਼ਰਾਬ ਵੀ ਪੀਂਦਾ ਜਾਂਦਾ, ਨਾਲੇ ਰੋਟੀ ਵੀ ਪਕਾਈ ਜਾਂਦਾ। ਖ਼ੈਰ ਨਾਲ ਡੇਢ ਬੋਤਲ ਖੋਜੀ ਕਾਫਰ ਤੇ ਉਸਦਾ ਚੌਕੀਦਾਰ ਪੀ ਗਏ ਤੇ ਬਾਕੀ ਦੀ ਅੱਧੀ ਬੋਲਤ ਮੇਰੇ, ਸਾਗਰ ਤੇ ਸੁਸ਼ੀਲ ਦੇ ਹਿੱਸੇ ਆਈ। ਖ਼ਾਲਿਦ ਦੇ ਹਿੱਸੇ ਪੈਪਸੀ ਦੀ ਬੋਤਲ ਆਈ ਸੀ, ਜਿਸਨੂੰ ਉਹ ਮਜ਼ੇ ਲੈ ਲੈ ਕੇ ਪੀ ਰਿਹਾ ਸੀ, ਨਾਲੇ ਨਰਕ ਨਿਵਾਸ ਦੇ ਵਾਸੀਆਂ ਦਾ ਨਿਰੀਖਣ ਕਰ ਰਿਹਾ ਸੀ। 10 ਵਜੇ ਰੋਟੀ ਖਾਧੀ ਗਈ ਤੇ ਫਿਰ ਸੌਣ ਲਈ ਚੌਕੀਦਾਰ ਨੇ ਬਿਸਤਰੇ ਵਿਛਾਏ। ਬਿਸਤਰਿਆਂ ਵਿੱਚ ਕੀੜੀਆਂ ਤੇ ਕਮਰੇ ਵਿੱਚ ਮੱਛਰਾਂ ਨੇ ਡਾਹਢਾ ਤੰਗ ਕੀਤਾ, ਉਪੱਰੋਂ ਖੋਜੀ ਕਾਫਰ ਤੇ ਚੌਕੀਦਾਰ ਦੇ ਖਰਾਟੇ ਇਨ੍ਹੇ ਜ਼ਿਆਦਾ ਸਨ ਕਿ ਜਾਪਦਾ ਸੀ ਜਿਵੇਂ ਜਨਰੇਟਰ ਚੱਲ ਰਿਹਾ ਹੋਵੇ। ਅਸੀਂ ਸਾਰੇ ਪਾਸੇ ਪਰਤਦੇ ਰਹੇ, ਮੱਛਰਾਂ ਨੇ ਸਰੀਰ 'ਤੇ ਧੱਫੜ ਪਾ ਦਿੱਤੇ ਸਨ। ਸਾਢੇ ਬਾਰ੍ਹਾਂ ਵਜੇ ਅਸੀਂ ਸਾਰੇ ਉਠ ਬੈਠੇ ਤੇ ਇਹ ਫੈਸਲਾ ਲਿਆ ਕਿ ਇਥੋਂ ਚੱਲਿਆ ਜਾਵੇ। ਖ਼ਾਲਿਦ ਦੀ ਕਾਰ ਪੋਰਚ ਵਿੱਚ ਖੜੀ ਸੀ। ਉਸਦੇ ਡਰਾਈਵਰ ਨੇ ਗੇਟ ਖੋਲ੍ਹ ਕੇ ਕਾਰ ਨੂੰ ਧੱਕੇ ਨਾਲ ਬਾਹਰ ਕੱਢਿਆ। ਅਸਾਂ ਸਾਰਿਆਂ ਨੇ ਕੱਪੜੇ ਬਦਲੇ ਤੇ ਚੁੱਪ-ਚਪੀਤੇ ਆ ਕੇ ਕਾਰ ਵਿੱਚ ਬਹਿ ਗਏ। ਖੋਜੀ ਕਾਫਰ ਸ਼ਰਾਬ ਵਿੱਚ ਮਸਤ ਤੇ ਨੀਂਦ ਵਿੱਚ ਗਰਕ ਖਰਾਟੇ ਮਾਰ ਰਿਹਾ ਸੀ ਤੇ ਉਸਦੇ ਖਰਾਟਿਆਂ ਦੀ ਆਵਾਜ਼ ਅਸੀਂ ਬਾਹਰ ਕਾਰ ਵਿੱਚ ਸੁਣ ਰਹੇ ਸਾਂ, ਨਾਲੇ ਆਪਣੇ-ਆਪਣੇ ਸਰੀਰ ਖੁਰਕ ਰਹੇ ਸਾਂ, ਜੋ ਮੱਛਰਾਂ ਨੂੰ ਧੱਫੜੋ-ਧੱਫੜੀ ਕੀਤੇ ਹੋਏ ਸਨ। ਡਰਾਈਵਰ ਨੇ ਕਾਰ ਸਟਾਰਟ ਕੀਤੀ ਤੇ ਅਸੀਂ ਸਾਰੀ ਰਾਤ ਸਫ਼ਰ ਕਰਦੇ ਰਹੇ ਤੇ ਸਵੇਰੇ ਛੇ ਵਜੇ ਖ਼ਾਲਿਦ ਨੇ ਮੈਨੂੰ ਪਠਾਨਕੋਟ ਦੇ ਬੱਸ ਅੱਡੇ ਵਿੱਚ ਉਤਾਰਿਆ ਤੇ ਗੁਰਦਾਸਪੁਰ ਜਾਣ ਵਾਲੀ ਬੱਸ ਵਿੱਚ ਬਿਠਾਇਆ। ਉਹ ਵੀ ਅੱਠ ਵਜੇ ਤਕ ਜੰਮੂ ਪਹੁੰਚ ਗਏ ਸਨ। ਮੈਂ ਤਾਂ ਖ਼ਾਲਿਦ ਜਦ ਵੀ ਮਿਲਦੇ ਸਾਂ ਤਾਂ ਧਰਤੀ 'ਤੇ ਬਣੇ ਨਰਕ ਨਿਵਾਸ ਦੀ ਗੱਲ ਜ਼ਰੂਰ ਕਰਦੇ ਸਾਂ, ਕਿਉਂਕਿ ਰੱਬ ਦੇ ਬਣਾਏ ਹੋਏ ਨਰਕ ਦਾ ਤਾਂ ਸਾਨੂੰ ਕੁੱਝ ਇਲਮ ਨਹੀਂ ਸੀ, ਪਰ ਖੋਜੀ ਕਾਫਰ ਦਾ ਘਰ ਕਿਸੇ ਵੀ ਤਰ੍ਹਾਂ ਨਰਕ ਤੋਂ ਘੱਟ ਨਹੀਂ ਸੀ। ਸ਼ਾਇਦ ਇਸੇ ਕਰਕੇ ਉਸਨੇ ਉਸਦਾ ਨਾਂ 'ਨਰਕ ਨਿਵਾਸ' ਰੱਖਿਆ ਸੀ।

ਜਦੋਂ ਖ਼ਾਲਿਦ ਪੁਣਛ ਵਿੱਚ ਡਿਪਟੀ ਕਮਿਸ਼ਨਰ ਲੱਗਾ ਸੀ ਤਾਂ ਉਸਨੇ ਉਥੇ ਕਈ ਸਾਹਿਤਕ ਪ੍ਰੋਗਰਾਮ ਕਰਵਾਏ ਜਿਨ੍ਹਾਂ ਵਿੱਚ, 'ਇੱਕ ਸ਼ਾਮ ਬਸ਼ੀਰ ਬਦਰ ਦੇ ਨਾਮ'

ਅਤੇ ਨਿਦਾ ਫਾਜ਼ਲੀ ਨਾਲ ਵੀ ਇੱਕ ਸਾਹਿਤਕ ਇੱਕਠ ਕਰਵਾਇਆ ਗਿਆ। ਨਿਦਾ ਫਾਜ਼ਲੀ ਨਾਲ ਸਰਦਾਰ ਪੰਛੀ ਤੇ ਪ੍ਰਿਤਪਾਲ ਸਿੰਘ ਬੇਤਾਬ ਅਤੇ ਮੇਰੇ ਸਮੇਤ ਪੰਜਾਬ ਤੋਂ ਕੁੱਝ ਹੋਰ ਵੀ ਸ਼ਾਇਰ ਕਵੀ ਦਰਬਾਰ ਵਿੱਚ ਭਾਗ ਲੈਣ ਲਈ ਆਏ ਸਨ। ਪੁਣਛ ਤੋਂ ਜੰਮੂ ਦੇ ਵਾਪਸੀ ਸਫਰ ਵਿੱਚ ਖ਼ਾਲਿਦ ਹੁਸੈਨ ਨੇ ਆਪਣੀ ਕਾਰ ਵਿੱਚ ਨਿਦਾ ਫਾਜ਼ਲੀ, ਬੇਤਾਬ ਤੇ ਸਰਦਾਰ ਪੰਛੀ ਨੂੰ ਬਿਠਾਇਆ। ਰਸਤੇ ਵਿੱਚ ਹਰ ਅੱਧੇ ਘੰਟੇ ਮਗਰੋਂ ਸਰਦਾਰ ਪੰਛੀ ਕਾਰ ਰੁਕਵਾ ਕੇ ਪਿਸ਼ਾਬ ਕਰਨ ਲੱਗਦਾ। ਜਦ ਅਸੀਂ ਕਾਲੀਧਾਰ ਕੋਲ ਚਾਹ ਪੀਣ ਲਈ ਕਾਰ ਤੋਂ ਉਤਰੇ ਤਾਂ ਸਰਦਾਰ ਪੰਛੀ ਪਿਸ਼ਾਬ ਕਰਨ ਲਈ ਫਿਰ ਤੁਰ ਗਿਆ। ਚਾਹ ਪੀਣ ਲੱਗਿਆਂ ਸਰਦਾਰ ਪੰਛੀ, ਖ਼ਾਲਿਦ ਨੂੰ ਪੁੱਛਣ ਲੱਗਾ ਕਿ ਇਥੋਂ ਜੰਮੂ ਕਿੰਨੀ ਦੂਰ ਹੈ ਤਾਂ ਖ਼ਾਲਿਦ ਨੇ ਜਵਾਬ ਦਿੱਤਾ ਸੀ ਕਿ 'ਸਿਰਫ ਦੋ ਪਿਸ਼ਾਬ!' ਸਹਿਜੇ ਬਣਿਆ ਇਹ ਲਤੀਫਾ ਨਿਦਾ ਫਾਜ਼ਲੀ ਨੇ ਅਕਸਰ ਅਦਬੀ ਮਹਿਫਲਾਂ ਤੇ ਯਾਰ ਬੇਲੀਆਂ 'ਚ ਬਹਿ ਕੇ ਸੁਣਾਉਂਦਾ ਹੈ। ਸਰਦਾਰ ਪੰਛੀ ਨੇ ਖ਼ਾਲਿਦ ਦੀਆਂ ਕਈ ਕਹਾਣੀਆਂ ਦਾ ਹਿੰਦੀ ਵਿੱਚ ਅਨੁਵਾਦ ਕੀਤਾ ਤੇ ਦੈਨਿਕ ਭਾਸਕਰ, ਦੈਨਿਕ ਜਾਗਰਣ, ਦੈਨਿਕ ਟ੍ਰਿਬਿਊਨ, ਪੰਜਾਬ ਕੇਸਰੀ ਤੇ ਹੋਰ ਅਖ਼ਬਾਰਾਂ ਵਿੱਚ ਛਪਵਾਇਆ। ਖ਼ਾਲਿਦ ਜਦ ਵੀ ਪ੍ਰੇਸ਼ਾਨ ਹੁੰਦਾ ਜਾਂ ਕਿਸੇ ਵੀ ਨਵੀਂ ਰਚਨਾ ਲਈ ਸੋਚ ਰਿਹਾ ਹੁੰਦਾ ਤਾਂ ਉਹ ਮੇਰੇ ਕੋਲ ਗੁਰਦਾਸਪੁਰ ਆ ਜਾਂਦਾ। ਅਸੀਂ ਦੋਵੇਂ ਨਵੀਆਂ ਲਿਖੀਆਂ ਰਚਨਾਵਾਂ ਇੱਕ ਦੂਜੇ ਨੂੰ ਸੁਣਾਉਂਦੇ ਤੇ ਫਿਰ ਲੰਬੇ ਸਫਰ 'ਤੇ ਕਦੇ ਚੰਡੀਗੜ੍ਹ, ਕਦੇ ਸ਼ਿਮਲਾ ਜਾਂ ਧਰਮਸ਼ਾਲਾ ਵੱਲ ਚਲੇ ਜਾਂਦੇ। ਉਹ ਕਈ ਵਾਰੀ ਮੈਨੂੰ ਲੈ ਕੇ ਕਸ਼ਮੀਰ ਗਿਆ ਤੇ ਅਸੀਂ ਦੋਵੇਂ ਉਥੋਂ ਦੇ ਮੌਸਮ ਤੇ ਖੂਬਸੂਰਤੀ ਦਾ ਆਨੰਦ ਮਾਣਦੇ। ਮੈਂ ਉਸਦੀ ਦੋਸਤੀ 'ਤੇ ਹਮੇਸ਼ਾ ਫਖ਼ਰ ਕਰਦਾ ਸਾਂ।

***

# ਮਿੱਤਰਾਂ ਦੀ ਮਜਮਾਨੀ

ਡਾ. ਦੇਵਿੰਦਰ ਸਿੰਘ ਨਾਲ ਮੇਰੀ ਜਾਣ-ਪਛਾਣ ਉਦੋਂ ਦੀ ਸੀ, ਜਦੋਂ ਉਹ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਨਿਯੁਕਤ ਹੋਇਆ। ਉਸ ਵੇਲੇ ਪੰਜਾਬੀ ਵਿਭਾਗ ਦੇ ਮੁਖੀ ਡਾ. ਕਰਤਾਰ ਸਿੰਘ ਸੂਰੀ, ਰੀਡਰ ਡਾ. ਧਰਮਪਾਲ ਸਿੰਗਲ ਅਤੇ ਡਾ. ਦਲਜੀਤ ਸਿੰਘ ਲੈਕਚਰਾਰ ਸਨ। ਜੰਮੂ ਦੇ ਪੰਜਾਬੀਆਂ ਨੇ ਡਾ. ਦੇਵਿੰਦਰ ਦਾ ਨਿੱਘਾ ਸਵਾਗਤ ਕੀਤਾ। ਉਹ ਸ਼ੁਰੂ ਵਿੱਚ ਡਾ. ਦਲਜੀਤ ਸਿੰਘ ਦੇ ਨਾਲ ਬੀ.ਸੀ. ਰੋਡ ਦੇ ਸਰਕਾਰੀ ਕਵਾਟਰ ਵਿੱਚ ਰਹਿੰਦਾ ਸੀ। ਵਿਆਹ ਮਗਰੋਂ ਉਸਨੇ ਵੱਖਰਾ ਕਿਰਾਏ 'ਤੇ ਮਕਾਨ ਲੈ ਲਿਆ। ਡਾ. ਦੇਵਿੰਦਰ ਸਿੰਘ ਵਿੱਚ ਸਾਹਿਤਕ ਰੁਚੀ ਸੀ, ਉਹ ਪੰਜਾਬੀ ਸੰਸਥਾਵਾਂ ਦੀਆਂ ਗੋਸ਼ਟੀਆਂ ਵਿੱਚ ਭਾਗ ਲੈਂਦਾ ਅਤੇ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤਕਾਰਾਂ ਤੇ ਸੂਝਵਾਨਾਂ ਨਾਲ ਮੇਲ-ਮਿਲਾਪ ਰੱਖਦਾ। ਡਾ. ਕਰਤਾਰ ਸਿੰਘ ਸੂਰੀ ਦੇ ਜਾਣ ਮਗਰੋਂ ਡਾ. ਧਰਮਪਾਲ ਸਿੰਗਲ ਵਿਭਾਗ ਦੇ ਮੁਖੀ ਬਣ ਗਏ ਤੇ ਫਿਰ ਡਾ. ਦਲਜੀਤ ਸਿੰਘ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਚਲੇ ਗਏ। ਦੇਵਿੰਦਰ ਸਿੰਘ ਦੇ ਨਾਲ ਹੀ ਡਾ. ਸ਼ਰਨ ਕੌਰ ਵੀ ਲੈਕਚਰਾਰ ਲੱਗੀ ਸੀ, ਫਿਰ ਬਲਦੇਵ ਰਾਜ ਗੁਪਤਾ ਪਟਿਆਲਾ ਤੋਂ ਜੰਮੂ ਪੰਜਾਬੀ ਵਿਭਾਗ ਵਿੱਚ ਰੀਡਰ ਬਣ ਕੇ ਆਏ। ਉਨ੍ਹਾਂ ਦਿਨਾਂ ਵਿੱਚ ਹੀ ਡਾ. ਭੁਪਿੰਦਰ ਸਿੰਘ ਸੂਦਨ ਵੀ ਪੰਜਾਬੀ ਵਿਭਾਗ ਵਿੱਚ ਲੈਕਚਰਾਰ ਨਿਯੁਕਤ ਹੋਏ। ਪੰਜਾਬੀ ਸਭਾਵਾਂ ਦੀਆਂ ਬੈਠਕਾਂ ਲਗਾਤਾਰ ਹੁੰਦੀਆਂ ਸਨ। ਯੂਨੀਵਰਸਿਟੀ ਵਿੱਚ ਪੰਜਾਬੀ ਦੇ ਵੱਖ-ਵੱਖ ਵਿਸ਼ਿਆਂ 'ਤੇ ਸੈਮੀਨਾਰ ਕਰਵਾਏ ਜਾਂਦੇ ਸਨ ਅਤੇ ਦੇਵਿੰਦਰ ਸਿੰਘ ਇਨ੍ਹਾਂ ਸੈਮੀਨਾਰਾਂ ਅਤੇ ਕਾਨਫਰੰਸਾਂ ਨੂੰ ਆਯੋਜਿਤ ਕਰਵਾਉਣ ਵਿੱਚ ਭਰਵਾਂ ਸਹਿਯੋਗ ਦਿੰਦਾ ਸੀ, ਜਿਸ ਕਰਕੇ ਖ਼ਾਲਿਦ ਹੁਸੈਨ ਨਾਲ ਉਸਦੀ ਦੋਸਤੀ ਵਿੱਚ ਨਿੱਘ ਤੇ ਗਰਮਜੋਸ਼ੀ ਪੈਦਾ ਹੋਣੀ ਸੁਭਾਵਿਕ ਸੀ। ਉਨ੍ਹਾਂ ਦੀਆਂ ਸ਼ਾਮਾਂ ਇੱਕਠੀਆਂ ਗੁਜ਼ਰਦੀਆਂ ਤੇ ਉਹ ਇੱਕ ਦੂਜੇ ਦੇ ਰਾਜ਼ਦਾਰ ਅਤੇ ਦੁੱਖ-ਸੁੱਖ ਦੇ ਭਾਈਵਾਲ ਬਣ ਗਏ ਸਨ।

ਇੱਕ ਦਿਨ ਡਾ. ਦੇਵਿੰਦਰ ਸਿੰਘ ਆਪਣੇ ਇੱਕ ਰਿਸਰਚ ਸਕਾਲਰ ਰਾਜਵਿੰਦਰ ਸਿੰਘ (ਜਿਹੜਾ ਅੱਜਕੱਲ੍ਹ ਜਰਮਨੀ ਵਿੱਚ ਰਹਿੰਦਾ ਹੈ।) ਨੂੰ ਨਾਲ ਲੈ ਕੇ ਖ਼ਾਲਿਦ ਦੇ ਘਰ ਉਸਤਾਦ ਮੁਹੱਲੇ ਆਇਆ। ਉਸ ਨਾਲ ਇੱਕ ਜਵਾਨ ਕੁੜੀ ਤੇ ਸੋਹਣਾ ਗੱਭਰੂ ਸੀ। ਮੁੰਡੇ ਦਾ ਨਾਂ ਸੁਖਦੇਵ ਸਿੰਘ ਸੀ ਤੇ ਕੁੜੀ ਐਮ.ਏ. ਦੀ ਵਿਦਿਆਰਥਣ

ਸੀ ਤੇ ਇਹ ਦੋਵੇਂ ਗੋਲ ਗੁਜਰਾਲ ਦੇ ਰਹਿਣ ਵਾਲੇ ਸਨ। ਡਾ. ਦੇਵਿੰਦਰ ਸਿੰਘ ਨੇ ਖ਼ਾਲਿਦ ਨੂੰ ਦੱਸਿਆ ਕਿ ਇਹ ਦੋਵੇਂ ਆਪਣੇ ਘਰੋਂ ਭੱਜੇ ਨੇ ਤੇ ਵਿਆਹ ਕਰਵਾਉਣਾ ਚਾਹੁੰਦੇ ਨੇ। ਇਨ੍ਹਾਂ ਦੇ ਮਾਪੇ ਇਨ੍ਹਾਂ ਦਾ ਵਿਆਹ ਕਰਵਾਉਣ ਨੂੰ ਤਿਆਰ ਨਹੀਂ, ਇਸ ਲਈ ਅਸੀਂ ਇਨ੍ਹਾਂ ਦਾ ਵਿਆਹ ਕਰਵਾਉਣਾ ਚਾਹੁੰਦੇ ਹਾਂ ਤੇ ਇਹ ਇੱਕ ਦੋ ਰਾਤਾਂ ਤੇਰੇ ਘਰ ਰਹਿਣਗੇ। ਬਰਸਾਤਾਂ ਦੇ ਦਿਨ ਸਨ ਤੇ ਖ਼ਾਲਿਦ ਹੁਸੈਨ ਦੇ ਬੀਵੀ-ਬੱਚੇ ਆਪਣੇ ਪਿੰਡ ਲਾਟੀ ਗਏ ਹੋਏ ਸਨ। ਘਰ ਵਿੱਚ ਹੋਰ ਕੋਈ ਨਹੀਂ ਸੀ, ਇਸ ਲਈ ਖ਼ਾਲਿਦ ਨੇ ਇਸ ਆਸ਼ਕ ਤੇ ਮਾਸ਼ੂਕ ਜੋੜੇ ਨੂੰ ਆਪਣੇ ਘਰ ਵਿੱਚ ਪਨਾਹ ਦਿੱਤੀ। ਉਸ ਵੇਲੇ ਖ਼ਾਲਿਦ ਹੁਸੈਨ ਦੀ ਆਰਥਿਕ ਸਥਿਤੀ ਬਹੁਤ ਮਾੜੀ ਸੀ, ਇਸ ਲਈ ਉਹ ਆਪਣੇ ਦੋਸਤ ਨਾਸਿਰ ਹੁਸੈਨ ਕੁਰੇਸ਼ੀ ਕੋਲੋਂ ਪੰਜ ਸੌ ਰੁਪਏ ਉਧਾਰੇ ਲੈ ਕੇ ਬਾਜ਼ਾਰ ਗਿਆ ਤੇ ਬਾਜ਼ਾਰੋਂ ਵਿਆਹ ਦਾ ਨਵਾਂ ਜੋੜਾ, ਨਵੀਂ ਸੈਂਡਲ, ਬਾਹਵਾਂ ਲਈ ਚੂੜਾ ਤੇ ਸੰਧੂਰ ਲੈ ਕੇ ਘਰ ਆਇਆ। ਉਸਨੇ ਕੁੜੀ ਨੂੰ ਵਿਆਹ ਵਾਲਾ ਸੂਹਾ ਜੋੜਾ ਪੁਆਇਆ, ਵਾਲਾਂ ਵਿੱਚ ਸੰਧੂਰ ਲਵਾਇਆ ਤੇ ਦੋਵਾਂ ਨੂੰ ਸਮਝਾਇਆ ਕਿ ਕੋਈ ਵੀ ਪੁੱਛੇ ਤਾਂ ਉਹ ਕਹਿਣ ਕਿ ਅਸੀਂ ਜਲੰਧਰ ਤੋਂ ਹਨੀਮੂਨ ਮਨਾਉਣ ਲਈ ਸ਼੍ਰੀਨਗਰ ਜਾ ਰਹੇ ਸਾਂ ਕਿ ਪਤਾ ਚੱਲਿਆ ਬਈ ਨਾਸ਼ਰੀ ਕੋਲ ਪਸੀਆਂ ਪੈਣ ਕਾਰਨ ਰਸਤਾ ਬੰਦ ਹੈ, ਇਸ ਲਈ ਅਸੀਂ ਖ਼ਾਲਿਦ ਸਾਹਿਬ ਕੋਲ ਆ ਗਏ, ਕਿਉਂਕਿ ਉਹ ਉਨ੍ਹਾਂ ਦੇ ਵੱਡੇ ਭਾਈ ਤੇ ਪ੍ਰਸਿੱਧ ਕਹਾਣੀਕਾਰ ਜਸਵੰਤ ਸਿੰਘ ਵਿਰਦੀ ਦੇ ਨਿੱਕੇ ਭਰਾ ਤੇ ਭਰਜਾਈ ਹਨ। ਦੂਜੀ ਸਵੇਰ ਡਾ. ਦੇਵਿੰਦਰ ਸਿੰਘ ਤੇ ਰਾਜਵਿੰਦਰ ਸਿੰਘ ਬੜੇ ਘਬਰਾਏ ਹੋਏ ਖ਼ਾਲਿਦ ਹੁਸੈਨ ਕੋਲ ਆਏ ਤੇ ਆਉਂਦੇ ਸਾਰ ਹੀ ਕਹਿਣ ਲੱਗੇ ਕਿ ਇਨ੍ਹਾਂ ਨੂੰ ਆਪਣੇ ਘਰੋਂ ਕੱਢ ਦਿਓ, ਕਿਉਂਕਿ ਕੁੜੀ ਦੇ ਭਰਾ ਤੇ ਰਿਸ਼ਤੇਦਾਰ ਤਲਵਾਰਾਂ ਲੈ ਕੇ ਇਨ੍ਹਾਂ ਨੂੰ ਲੱਭ ਰਹੇ ਹਨ। ਖ਼ਾਲਿਦ ਨੇ ਮੁਸਕਰਾ ਕੇ ਜਵਾਬ ਦਿੱਤਾ ਸੀ ਕਿ ਇਹ ਹੁਣ ਖ਼ਾਲਿਦ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਜੋੜੇ ਦੀ ਕਿੰਝ ਹਿਫਾਜ਼ਤ ਕਰੇ। ਡਾ. ਦੇਵਿੰਦਰ ਸਿੰਘ ਤੇ ਰਾਜਵਿੰਦਰ ਡਰੇ-ਸਹਿਮੇ ਉਥੋਂ ਚਲੇ ਗਏ। ਦੂਜੀ ਸਵੇਰ ਖ਼ਾਲਿਦ ਹੁਸੈਨ ਉਨ੍ਹਾਂ ਨੂੰ ਲੈ ਕੇ ਪ੍ਰੀਤ ਨਗਰ, ਅੰਮ੍ਰਿਤਸਰ ਆਪਣੇ ਨਿੱਘੇ ਮਿੱਤਰ ਤੇ ਕਹਾਣੀਕਾਰ ਮੁਖਤਾਰ ਗਿੱਲ ਦੇ ਘਰ ਲੈ ਗਿਆ। ਮੁਖਤਾਰ ਗਿੱਲ ਪੇਸ਼ੇ ਤੋਂ ਅਧਿਆਪਕ ਸੀ ਤੇ ਆਪਣੇ ਮਕਾਨ ਵਿੱਚ ਇੱਕਲਾ ਰਹਿੰਦਾ ਸੀ। ਉਸਦਾ ਘਰ ਯਾਰ-ਬੇਲੀਆਂ ਦਾ ਮਨੋਰੰਜਨ ਕੇਂਦਰ ਸੀ, ਜਿਥੇ ਅਕਸਰ ਸਾਹਿਤਕਾਰ ਮਿੱਤਰ ਰਾਤਾਂ ਗੁਜ਼ਾਰਦੇ, ਦਾਰੂ ਪੀਂਦੇ ਤੇ ਆਪਣੀਆਂ ਰਚਨਾਵਾਂ ਇੱਕ ਦੂਜੇ ਨਾਲ ਸਾਂਝੀਆਂ ਕਰਦੇ। ਖ਼ਾਲਿਦ ਹੁਸੈਨ ਨੇ ਸਾਰੀ ਗੱਲ ਮੁਖਤਾਰ ਨੂੰ ਸਮਝਾਈ ਤੇ ਸੁਖਦੇਵ ਵਾਸਤੇ ਕੋਈ ਨੌਕਰੀ ਲੱਭਣ ਲਈ ਕਿਹਾ, ਨਾਲੇ ਉਨ੍ਹਾਂ ਦੇ ਲਾਵਾਂ-ਫੇਰੇ ਕਰਵਾਉਣ ਦੀ ਵੀ ਬੇਨਤੀ ਕੀਤੀ ਅਤੇ ਕਿਹਾ ਕਿ ਮੁਖਤਾਰ ਗਿੱਲ ਇਸ ਜੋੜੇ ਨੂੰ ਖ਼ਾਲਿਦ ਦੇ ਜਾਤੀ ਮਹਿਮਾਨ ਸਮਝੇ। ਮੁਖਤਾਰ ਗਿੱਲ ਨੇ ਸੁਖਦੇਵ ਨੂੰ ਚੁਗਾਵੇਂ ਤੋਂ ਪ੍ਰੀਤ

ਨਗਰ, ਵੈਗਨ ਚਲਾਉਣ ਲਈ ਡਰਾਈਵਰੀ ਦੀ ਨੌਕਰੀ ਦਿਵਾਈ। ਖ਼ਾਲਿਦ, ਜੰਮੂ ਆ ਗਿਆ, 15-20 ਦਿਨਾਂ ਮਗਰੋਂ ਖ਼ਾਲਿਦ ਜਦ ਮੁੜ ਅੰਮ੍ਰਿਤਸਰ ਗਿਆ ਤਾਂ ਪ੍ਰੀਤ ਨਗਰ ਜਾਣ ਤੋਂ ਪਹਿਲਾਂ ਆਪਣੇ ਮਿੱਤਰ ਪਰਮਿੰਦਰ ਜੀਤ ('ਅੱਖਰ' ਦਾ ਸੰਪਾਦਕ) ਨੂੰ ਮਿਲਣ ਲਈ ਪੰਜਾਬੀ ਮਾਸਿਕ ਪੱਤ੍ਰਿਕਾ 'ਲੋਅ' ਦੇ ਦਫਤਰ ਹੁਸੈਨਪੁਰਾ ਚੌਕ ਵਿੱਚ ਆਇਆ। ਅੱਗੇ ਉਥੇ ਮੁਖਤਾਰ ਗਿੱਲ ਵੀ ਬੈਠਾ ਸੀ। 'ਲੋਅ' ਪਰਚੇ ਦਾ ਮਾਲਿਕ ਅਮਰੀਕ ਸਿੰਘ ਅਮਨ ਸੀ, ਜੋ 'ਫਰੈਂਡਸ ਸਾਈਕਲਜ਼' ਬਣਾਉਣ ਵਾਲੀ ਕੰਪਨੀ ਦਾ ਹਿੱਸੇਦਾਰ ਸੀ ਅਤੇ ਅੰਮ੍ਰਿਤਸਰ ਦੇ ਦੌਲਤਮੰਦ ਲੋਕਾਂ ਵਿੱਚ ਸ਼ੁਮਾਰ ਹੁੰਦਾ ਸੀ। ਉਹ ਸਾਹਿਤ ਵਿੱਚ ਡੂੰਘੀ ਰੁਚੀ ਰੱਖਦਾ ਸੀ ਤੇ ਆਪ ਵੀ ਚੰਗੇ ਸ਼ੇਅਰ ਕਹਿ ਲੈਂਦਾ ਸੀ ਅਤੇ ਯਾਰਾਂ ਦਾ ਯਾਰ ਸੀ। ਪਰਮਿੰਦਰ ਜੀਤ ਨੂੰ ਦੁਨੀਆਦਾਰੀ ਵਿੱਚ ਸਥਾਪਿਤ ਕਰਨ ਵਾਲਾ ਅਮਨ ਹੀ ਸੀ। ਅੱਜ ਵੀ 'ਲੋਅ' ਦਾ ਉਹ ਦਫਤਰ ਪਰਮਿੰਦਰ ਜੀਤ ਕੋਲ ਹੀ ਹੈ ਅਤੇ ਪਾਠਕਾਂ ਦੀ ਦਿਲਚਸਪੀ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਰਮਿੰਦਰ ਜੀਤ ਮੇਰਾ ਹੀ ਨਾਂ ਹੈ ਅਤੇ ਇਸ ਘਟਨਾ ਦਾ ਪਹਿਲਾ ਭਾਗ ਖ਼ਾਲਿਦ ਹੁਸੈਨ ਨੇ ਮੈਨੂੰ ਆਪ ਸੁਣਾਇਆ ਸੀ। 'ਲੋਅ' ਦੇ ਦਫਤਰ ਵਿੱਚ ਬੈਠ ਕੇ ਜਦ ਖ਼ਾਲਿਦ ਨੇ ਮੁਖਤਾਰ ਕੋਲੋਂ ਸੁਖਦੇਵ ਤੇ ਉਸ ਕੁੜੀ ਬਾਰੇ ਪੁੱਛਿਆ ਤਾਂ ਮੈਂ ਉਸਨੂੰ ਦੱਸਿਆ ਕਿ ਉਹ ਦੋਵੇਂ ਅੱਜਕੱਲ੍ਹ ਅੰਮ੍ਰਿਤਸਰ ਵਿੱਚ ਰਹਿੰਦੇ ਹਨ ਤੇ ਮੌਜ਼ਾਂ ਮਾਰ ਰਹੇ ਹਨ। ਕੁੜੀ 'ਫਰੈਂਡਸ ਸਾਈਕਲਜ਼' ਦੇ ਸ਼ੋਰੂਮ ਵਿੱਚ ਸੇਲਜ਼ ਗਰਲ ਹੈ ਅਤੇ ਸੁਖਦੇਵ ਉਨ੍ਹਾਂ ਦਾ ਟਰੱਕ ਚਲਾ ਰਿਹਾ ਹੈ। ਅਮਨ ਸਾਹਿਬ ਨੇ ਉਸ ਕੁੜੀ ਨੂੰ ਆਪਣੀ ਭੈਣ ਬਣਾਇਆ ਹੋਇਆ ਹੈ ਤੇ ਬਾਕਾਇਦਾ ਉਸਨੇ ਉਸ ਕੁੜੀ ਕੋਲੋਂ ਰੱਖੜੀ ਬਨਾਈ ਹੈ ਤੇ ਉਨ੍ਹਾਂ ਨੇ ਉਨ੍ਹਾਂ ਦੋਵਾਂ ਨੂੰ ਦੋ ਕਮਰੇ ਤੇ ਕਿਚਨ ਕਿਰਾਏ 'ਤੇ ਲੈ ਕੇ ਦਿੱਤੇ ਹਨ ਅਤੇ ਉਸ ਕੁੜੀ ਨੂੰ ਪੂਰਾ ਦਾਜ ਜਾਂ ਘਰ ਦੀਆਂ ਚੀਜ਼ਾਂ ਦੇ ਕੇ ਇੱਕ ਭਰਾ ਦਾ ਫਰਜ਼ ਨਿਭਾਇਆ ਹੈ। ਅਸੀਂ ਖ਼ਾਲਿਦ ਨੂੰ ਲੈ ਕੇ ਸੁਖਦੇਵ ਦੇ ਘਰ ਗਏ। ਖ਼ਾਲਿਦ ਉਨ੍ਹਾਂ ਨੂੰ ਮਿਲ ਕੇ ਬਹੁਤ ਖੁਸ਼ ਹੋਇਆ ਤੇ ਦੂਜੇ ਦਿਨ ਉਹ ਜੰਮੂ ਚਲਾ ਗਿਆ। ਅਗਲੇ ਮਹੀਨੇ ਉਹ ਫਿਰ ਅੰਮ੍ਰਿਤਸਰ ਆਇਆ ਤੇ ਮੈਂ ਉਸਨੂੰ ਦੱਸਿਆ ਕਿ ਉਹ ਕੁੜੀ ਲਾਵਾਂ-ਫੇਰੇ ਲੈਣ ਲਈ ਤਿਆਰ ਨਹੀਂ ਹੋ ਰਹੀ ਤੇ ਜਦ ਵੀ ਅਮਨ ਸਾਹਿਬ ਜਾਂ ਅਸੀਂ ਵਿਆਹ ਦੀ ਗੱਲ ਕਰਦੇ ਹਾਂ ਤਾਂ ਉਹ ਟਾਲ ਦਿੰਦੀ ਹੈ ਤੇ ਕਹਿੰਦੀ ਹੈ ਕਿ ਕੁੱਝ ਚਿਰ ਉਡੀਕ ਲੈਣਾ ਬਿਹਤਰ ਰਵੇਗਾ ਤਾਂ ਜੋ ਉਸਦੇ ਮਾਂ-ਪਿਓ ਮੰਨ ਜਾਣ। ਦੋ ਮਹੀਨੇ ਬਾਅਦ ਖ਼ਾਲਿਦ ਜਦ ਮੁੜ ਅੰਮ੍ਰਿਤਸਰ ਆਇਆ ਤਾਂ ਅਸਾਂ ਸਾਰਿਆਂ ਮਿੱਤਰਾਂ ਨੇ ਉਸਨੂੰ ਘੇਰ ਲਿਆ ਤੇ ਉਸ ਮੁਸਲੇ ਖ਼ਾਲਿਦ ਨੂੰ ਢੇਰ ਸਾਰੀਆਂ ਗਾਲ੍ਹਾਂ ਕੱਢੀਆਂ। ਗੁੱਸੇ ਨਾਲ ਨਹੀਂ, ਸਗੋਂ ਪਿਆਰ ਦੀ ਖੰਡ-ਸ਼ੱਕਰ ਵਿੱਚ ਘੁਲੀਆਂ ਗਾਲ੍ਹਾਂ, ਕਿਉਂਕਿ ਇਸ ਸਾਰੇ ਘਟਨਾਕਰਮ ਵਿੱਚ ਖ਼ਾਲਿਦ ਦਾ ਕੋਈ ਕਸੂਰ ਨਹੀਂ ਸੀ, ਉਹ ਵੀ ਸਾਡੇ ਵਾਂਗ ਇੱਕ ਭਾਵੁਕ ਤੇ ਨਿਰਮਲ ਤੇ ਨਿਰਛਲ ਹਿਰਦੇ ਦਾ

ਮਾਲਿਕ ਸੀ ਤੇ ਸਮਾਜ ਤੋਂ ਬਗਾਵਤ ਕਰਨ ਵਾਲੇ ਇਸ ਜੋੜੇ ਨੂੰ ਵਿਆਹ ਦੇ ਅੰਜ਼ਾਮ ਤਕ ਵੇਖਣਾ ਚਾਹੁੰਦਾ ਸੀ, ਪਰ ਮਾਮਲਾ ਕੁੱਝ ਹੋਰ ਸੀ। ਅੰਮ੍ਰਿਤਸਰ ਦੀ ਇੱਕ ਕੁੜੀ ਜੰਮੂ ਵਿਆਹੀ ਗਈ ਸੀ, ਜਿਹੜੀ ਉਸ ਨਾਲ ਜੰਮੂ ਯੂਨੀਵਰਸਿਟੀ ਵਿੱਚ ਪੜ੍ਹਦੀ ਸੀ, ਜਿਸ ਨਾਲ ਉਹ ਬਰਾਬਰ ਸੰਪਰਕ ਵਿੱਚ ਸੀ। ਉਸ ਸਹੇਲੀ ਕਾਰਨ ਉਸਦਾ ਆਪਣੀ ਮਾਂ ਨਾਲ ਸੰਪਰਕ ਕਾਇਮ ਹੋ ਚੁੱਕਾ ਸੀ, ਜਿਹੜੀ ਉਸਨੂੰ ਵਿਆਹ ਕਰਨ ਲਈ ਰੋਕ ਰਹੀ ਸੀ ਤੇ ਫਿਰ ਇੱਕ ਦਿਨ ਉਸ ਕੁੜੀ ਦੀ ਮਾਂ ਅੰਮ੍ਰਿਤਸਰ ਆਈ ਤੇ ਸੁਖਦੇਵ ਕੋਲੋਂ ਚੋਰੀ ਆਪਣੀ ਧੀ ਨੂੰ ਮਿਲੀ ਤੇ ਉਸਨੂੰ ਲੈ ਕੇ ਮੁੜ ਜੰਮੂ ਪਰਤ ਗਈ। ਜੰਮੂ ਆਉਂਦਿਆਂ ਸਾਰ ਹੀ ਉਸਦੇ ਮਾਪਿਆਂ ਨੇ ਉਸਦਾ ਵਿਆਹ ਚੰਡੀਗੜ੍ਹ ਦੇ ਲਾਗੇ ਕਿਸੇ ਪਿੰਡ ਵਿੱਚ ਕਰ ਦਿੱਤਾ। ਦੋ-ਚਾਰ ਦਿਨ ਸੁਖਦੇਵ ਉਸਨੂੰ ਲੱਭਦਾ ਰਿਹਾ ਤੇ ਅਖੀਰ ਮੈਨੂੰ, ਅਮਨ ਸਾਹਿਬ ਤੇ ਮੁਖਤਾਰ ਗਿੱਲ ਨੂੰ ਇਹ ਪਤਾ ਲੱਗਿਆ ਕਿ ਉਹ ਕੁੜੀ ਸੁਖਦੇਵ ਦੀ ਸਕੀ ਮਾਸੀ ਸੀ, ਜਿਸ ਕਰਕੇ ਉਸ ਕੁੜੀ ਦੇ ਮਾਪੇ ਉਨ੍ਹਾਂ ਦੇ ਵਿਆਹ ਲਈ ਤਿਆਰ ਨਹੀਂ ਸਨ। ਜਦ ਇਸ ਗੱਲ ਦਾ ਪਤਾ ਸਾਨੂੰ ਸੁਖਦੇਵ ਕੋਲੋਂ ਲੱਗਾ ਤਾਂ ਅਸਾਂ ਉਸ ਕੰਜ਼ਰ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ ਤੇ ਆਪ ਵੀ ਸ਼ਰਮਸਾਰ ਹੋਏ ਕਿ ਸਾਡੇ ਕਾਰਨ ਕਿੰਨਾ ਵੱਡਾ ਅਨਰਥ ਹੋਣ ਜਾ ਰਿਹਾ ਸੀ, ਜਿਸਦੀ ਸਾਰੀ ਜ਼ਿੰਮੇਵਾਰੀ ਖ਼ਾਲਿਦ ਹੁਸੈਨ ਦੇ ਸਿਰ ਜਾਂਦੀ ਸੀ। ਇਨਸਾਨ ਕਈ ਵਾਰੀ ਜਜ਼ਬਾਤ ਤੇ ਭਾਵੁਕਤਾ ਵਿੱਚ ਐਸੇ ਕੰਮ ਕਰ ਛੱਡਦਾ ਹੈ, ਜਿਸਦਾ ਉਹਨੂੰ ਮਗਰੋਂ ਪਛਤਾਵਾ ਹੁੰਦਾ ਹੈ, ਪਰ ਇਸ ਸਭ ਦੇ ਬਾਵਜੂਦ ਖ਼ਾਲਿਦ ਸਾਡਾ ਮਿੱਤਰ ਸੀ ਤੇ ਮਰਦੇ ਦਮ ਤਕ ਉਹ ਸਾਡੇ ਜਿਗਰ ਦਾ ਟੁਕੜਾ ਰਿਹਾ ਤੇ ਅਸੀਂ ਉਸਦੀਆਂ ਰਚਨਾਵਾਂ ਨੂੰ ਬੜੇ ਸ਼ੌਕ ਨਾਲ ਛਾਪਦੇ। ਉਸ ਨਾਲ ਮਹਿਫਲਾਂ ਸਜਾਉਂਦੇ, ਉਸਦੇ ਲਤੀਫੇ ਸੁਣਦੇ, ਉਸਦੀਆਂ ਕਹਾਣੀਆਂ ਤੇ ਲੇਖ ਸੁਣਦੇ। ਉਸਦੀ ਮਿੱਠੀ ਤੇ ਅਖਾਣਾਂ ਭਰੀ ਭਾਸ਼ਾ ਦਾ ਲੁਤਫ ਉਠਾਉਂਦੇ ਤੇ ਉਸਦੀ ਪੰਜਾਬ ਫੇਰੀ ਦੀ ਉਡੀਕ ਕਰਦੇ ਰਹਿੰਦੇ। ਉਹ ਬੇਸ਼ੱਕ ਜੰਮਿਆਂ ਊਧਮਪੁਰ ਤੇ ਪਲਿਆ ਜੰਮੂ ਵਿੱਚ ਸੀ, ਪਰ ਉਸਦੀ ਰੂਹ ਹਮੇਸ਼ਾ ਪੰਜਾਬ ਵਿੱਚ ਭਟਕਦੀ ਰਹਿੰਦੀ। ਇਸ ਆਵਾਰਾ ਰੂਹ ਨੂੰ ਸਾਡੇ ਸਾਰਿਆਂ ਵੱਲੋਂ ਨਿੱਘੀ ਸ਼ਰਧਾਂਜਲੀ।

***

# ਧੂੰਆਂ ਧੁਖੇ ਮੇਰੇ ਅੰਦਰ ਬਾਹਰ

ਮਹਾਰਾਜਾ ਹਰੀ ਸਿੰਘ ਦੇ ਵੇਲੇ ਜੰਮੂ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਧਾਰਮਿਕ ਵਿੱਦਿਆ (ਤਾਲੀਮ) ਦਿੱਤੀ ਜਾਂਦੀ ਸੀ। ਪੰਜਵੀਂ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤਕ ਦੇ ਬੱਚਿਆਂ ਲਈ ਹਰ ਸਰਕਾਰੀ ਸਕੂਲ ਵਿੱਚ ਮੌਲਵੀ ਤੇ ਪੰਡਿਤ ਟੀਚਰ ਨਿਯੁਕਤ ਕੀਤੇ ਜਾਂਦੇ ਸਨ, ਜਿਹੜੇ ਬੱਚਿਆਂ ਨੂੰ ਦੀਨੀ ਤੇ ਇਖ਼ਲਾਕੀ ਦਰਸ ਦਿੰਦੇ ਸਨ। ਪ੍ਰਾਚੀਨ ਕਾਲ ਤੇ ਉਸ ਤੋਂ ਬਾਅਦ ਮੁਗ਼ਲਾਂ ਦੀ ਹਕੂਮਤ ਵੇਲੇ ਵੀ ਪਾਠਸ਼ਾਲਾਵਾਂ ਤੇ ਮਕਤਬ, ਮੰਦਿਰਾਂ ਤੇ ਮਸੀਤਾਂ ਦੇ ਨਾਲ ਜੁੜੇ ਹੁੰਦੇ ਸਨ, ਜਿੱਥੇ ਬੱਚਿਆਂ ਨੂੰ ਆਪਣੇ-ਆਪਣੇ ਧਰਮ ਦੀ ਤਾਲੀਮ ਦਿੱਤੀ ਜਾਂਦੀ ਸੀ। ਸਾਡੇ ਸਾਰੇ ਸੂਫ਼ੀ ਸੰਤ ਤੇ ਮਹਾਤਮਾ-ਜਨ ਇਨ੍ਹਾਂ ਪਾਠਸ਼ਾਲਾਵਾਂ ਤੇ ਮਦਰਸਿਆਂ ਤੋਂ ਹੀ ਪੜ੍ਹ ਕੇ ਨਿਕਲੇ ਅਤੇ ਉਨ੍ਹਾਂ ਇਨਸਾਨੀਅਤ, ਦੋਸਤੀ, ਮੁਹੱਬਤ ਤੇ ਸ਼ਾਂਤੀ ਦੇ ਦੀਵੇ ਪੂਰੇ ਭਾਰਤੀ ਉਪ-ਮਹਾਦੀਪ ਵਿੱਚ ਜਗਾਏ। ਪਰ ਦੇਸ਼ ਦੀ ਵੰਡ ਮਗਰੋਂ ਭਾਰਤ ਨੇ ਪ੍ਰਜਾਤੰਤਰ ਤੇ ਧਰਮ ਨਿਰਪੱਖਤਾ (Secularism) ਦਾ ਰਸਤਾ ਅਪਣਾਇਆ। ਹਰ ਇੱਕ ਧਰਮ ਦੇ ਮੰਨਣ ਵਾਲਿਆਂ ਨੂੰ ਆਪਣੇ ਧਰਮ 'ਤੇ ਚੱਲਣ ਅਤੇ ਉਸਦੇ ਪ੍ਰਚਾਰ ਦੀ ਖੁੱਲ੍ਹੀ ਆਜ਼ਾਦੀ ਦਿੱਤੀ ਗਈ। ਇਹ ਇੱਕ ਬਹੁਤ ਵਧੀਆ ਕਦਮ ਚੁੱਕਿਆ ਗਇਆ ਸੀ, ਪਰ ਇਸ ਵਿੱਚ ਇੱਕ ਗੱਲ ਦੀ ਘਾਟ ਇਹ ਰਹੀ ਕਿ ਚੈੱਕ ਐਂਡ ਬੈਲੇਂਸ (Check and Balance) ਦਾ ਕੋਈ ਤਰੀਕਾ ਜਾਂ ਨਿਜ਼ਾਮ ਨਹੀਂ ਰੱਖਿਆ ਗਿਆ। ਲੋਕਾਂ ਧਰਮ ਦੇ ਨਾਂ 'ਤੇ ਅਮਨ-ਸ਼ਾਂਤੀ ਦੇ ਬਦਲੇ ਬਦਅਮਨੀ ਫੈਲਾਈ ਤੇ ਕੂੜ ਤਮਾਸ਼ੇ ਕਰਨ ਲੱਗੇ। ਉਂਝ ਤਾਂ ਦੇਸ਼, ਧਰਮ ਦੀ ਨਿਰਪੱਖਤਾ ਦੀ ਪਾਲਸੀ ਦੇ ਚੱਲਣ ਦਾ ਦਾਅਵੇਦਾਰ ਸੀ, ਪਰ ਜਿੰਨ੍ਹੀਆਂ ਵੀ ਚੋਣਾਂ ਹੁੰਦੀਆਂ ਹਨ, ਉਨ੍ਹਾਂ ਵਿੱਚ ਵੀ ਇਨ੍ਹਾਂ ਗੱਲਾਂ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਕਿ ਮੁਸਲਮ, ਦਲਿਤ, ਬ੍ਰਾਹਮਣ, ਰਾਜਪੂਤ, ਈਸਾਈ ਤੇ ਹੋਰ ਜ਼ਾਤਾਂ ਦੇ ਬਹੁਗਿਣਤੀ ਵਾਲੇ ਇਲਾਕਿਆਂ ਵਿੱਚ ਉਸੇ ਕੌਮ ਜਾਂ ਜ਼ਾਤ ਦਾ ਉਮੀਦਵਾਰ ਖੜ੍ਹਾ ਕੀਤਾ ਜਾਏ। ਬਹੁਤ ਘੱਟ ਇੰਝ ਹੋਇਆ ਹੈ ਕਿ ਕਿਸੇ ਦੂਜੇ ਧਰਮ ਜਾਂ ਜ਼ਾਤ ਦਾ ਉਮੀਦਵਾਰ ਕਿਸੇ ਦੂਜੇ ਧਰਮ ਦੇ ਬਹੁਗਿਣਤੀ ਵਾਲੇ ਇਲਾਕੇ ਤੋਂ ਇਲੈਕਸ਼ਨ ਜਿੱਤਿਆ ਹੋਵੇ। ਇਹ ਇਸ ਗੱਲ ਦਾ ਸਬੂਤ ਹੈ ਕਿ ਸੈਕੂਲਰਇਜ਼ਮ (Secularism) ਦੇ ਬਾਵਜੂਦ ਅਸੀਂ ਆਪਣੇ ਅੰਦਰ ਦੇ ਹਿੰਦੂ, ਮੁਸਲਮਾਨ ਜਾਂ ਸਿੱਖ, ਈਸਾਈ ਜਾਂ ਦਲਿਤ ਨੂੰ ਹਮੇਸ਼ਾ ਜ਼ਿੰਦਾ ਰੱਖਿਆ ਹੈ। ਦਲਿਤਾਂ ਲਈ ਅਤੇ ਦਰਜ਼ਾ ਫਹਿਰਿਸਤ ਕਬੀਲਿਆਂ ਅਤੇ ਪੱਛੜੀ ਜ਼ਾਤਾਂ

ਲਈ ਰਿਜ਼ਰਵੇਸ਼ਨ ਦੇ ਕੋਟੇ ਵੀ ਰੱਖੇ ਹਨ। ਇਸ ਗੱਲ ਨੇ ਸਮਾਜ ਵਿੱਚ ਆਰਥਿਕ ਤੌਰ 'ਤੇ ਸੰਤੁਲਨ ਵਿਗਾੜ ਦਿੱਤਾ ਹੈ, ਜਿਸ ਕਰਕੇ ਸਾਡੇ ਦੇਸ਼ ਵਿੱਚ ਧਰਮ ਤੇ ਜ਼ਾਤਾਂ ਨੂੰ ਲੈ ਕੇ ਫਿਰਕੂ ਫਸਾਦ ਹੋਣੇ ਆਮ ਗੱਲ ਹੈ। ਦੇਸ਼ ਦੀ ਵੰਡ ਮਗਰੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਰ ਧਰਮ ਤੇ ਅਕੀਦੇ ਦੇ ਲੋਕੀ ਫਿਰਕੂ ਫਸਾਦਾਂ ਦੀ ਭੇਂਟ ਚੜ੍ਹ ਚੁੱਕੇ ਹਨ। ਸਾਡੇ ਮਲਵਾਣੇ, ਪੁਜਾਰੀ ਤੇ ਗ੍ਰੰਥੀ ਤੇ ਪਾਦਰੀ ਅੱਗ ਬੁਝਾਉਣ ਦੀ ਥਾਂ, ਅੱਗ ਭੜਕਾਉਣ ਦਾ ਕੰਮ ਕਰਦੇ ਹਨ। ਫਿਰਕੂ ਰੌਲਿਆਂ ਵਿੱਚ ਜਾਨੀ ਤੇ ਮਾਲੀ ਨੁਕਸਾਨ ਹੁੰਦਿਆਂ ਮੈਂ ਆਪ ਆਪਣੀ ਅੱਖੀਂ ਵੇਖਿਆ ਹੈ। ਮੇਰਾ ਨਾਂ ਕੇਵਲ ਕ੍ਰਿਸ਼ਨ ਕਪੂਰ ਹੈ ਤੇ ਮੈਂ ਪੁਣਛ ਦਾ ਰਹਿਣ ਵਾਲਾ ਹਾਂ। ਮੈਂ ਟੀਚਰ ਭਰਤੀ ਹੋਇਆ ਸੀ ਅਤੇ ਚੀਫ਼ ਐਜੂਕੇਸ਼ਨ ਅਫਸਰ ਦੀ ਪਦਵੀ ਤੋਂ ਸੇਵਾ ਮੁਕਤ ਹੋਇਆ ਹਾਂ। ਮੈਂ ਖ਼ਾਲਿਦ ਹੁਸੈਨ ਸਾਹਿਬ ਨੂੰ ਬਹੁਤ ਨੇੜਿਓਂ ਜਾਣਦਾ ਸੀ। ਪੁਣਛ ਜ਼ਿਲ੍ਹੇ ਵਿੱਚ ਉਨ੍ਹਾਂ ਦੇ ਦੌਰਿਆਂ ਵਿੱਚ ਮੈਂ ਅਕਸਰ ਉਨ੍ਹਾਂ ਦੇ ਨਾਲ ਹੁੰਦਾ ਸਾਂ। ਉਹ ਇਸ ਗੱਲ ਤੋਂ ਬੜੇ ਦੁਖੀ ਸਨ ਕਿ ਪੈਂਠ ਵਰ੍ਹੇ ਗੁਜ਼ਰਨ ਤੋਂ ਬਾਅਦ ਵੀ ਸਾਡਾ ਦੇਸ਼ ਸਹੀ ਮਾਨ੍ਹਿਆਂ ਵਿੱਚ ਧਰਮ ਨਿਰਪੱਖ ਨਹੀਂ ਬਣ ਸਕਿਆ ਹੈ। ਉਹ ਕਹਿੰਦੇ ਸਨ ਕਿ ਦੇਸ਼ ਵਿੱਚ ਸਿੱਖਿਆ ਦਾ ਮਿਆਰ ਵਧਣ ਅਤੇ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਚੌਗੁਣੀ ਹੋਣ ਦੇ ਬਾਵਜੂਦ ਵੀ ਲੋਕੀ ਮੰਦਿਰ, ਮਸੀਤ, ਗੁਰਦੁਆਰੇ ਤੇ ਗਿਰਜੇ ਦੀਆਂ ਕੋਠੜੀਆਂ ਵਿੱਚ ਬੁਰੀ ਤਰ੍ਹਾਂ ਕੈਦ ਹਨ। ਧਰਮ ਦੇ ਨਾਂ 'ਤੇ ਅੱਜ ਵੀ ਕਿਸੇ ਦਾ ਵੀ ਸੋਸ਼ਣ ਕੀਤਾ ਜਾ ਸਕਦਾ ਹੈ। ਉਹਨੂੰ ਮਾਰਿਆ ਜਾ ਸਕਦਾ ਹੈ ਤੇ ਉਸਦਾ ਘਰ-ਕੋਠਾ ਫੂਕਿਆ ਜਾ ਸਕਦਾ ਹੈ, ਤੇ ਇਹ ਕੰਮ ਕਰਵਾਉਣ ਵਾਲੇ ਕੋਈ ਅਣਪੜ੍ਹ ਨਹੀਂ ਹਨ, ਸਗੋਂ ਚੋਖੇ ਪੜ੍ਹੇ-ਲਿਖੇ ਅਤੇ ਸਿਆਸੀ ਚਾਲਬਾਜ਼ ਹੁੰਦੇ ਹਨ। ਨਿੱਕੇ ਬੱਚਿਆਂ ਨੂੰ ਵਰਗਲਾਇਆ ਜਾਂਦਾ ਹੈ ਤੇ ਉਨ੍ਹਾਂ ਦੇ ਦਿਮਾਗਾਂ ਵਿੱਚ ਨਫਰਤ ਦੇ ਕੀੜੇ ਭਰੇ ਜਾਂਦੇ ਹਨ। ਲੋਕੀ ਬੇਸ਼ੱਕ ਪੜ੍ਹੇ-ਲਿਖੇ ਹਨ, ਪਰ ਧਾਰਮਿਕ ਆਗੂ ਮੁਲਵਾਣੇ ਤੇ ਪੁਜਾਰੀ ਉਨ੍ਹਾਂ ਨੂੰ ਆਪਣੀਆਂ ਉਂਗਲਾਂ 'ਤੇ ਅੱਜ ਵੀ ਨਚਾਉਂਦੇ ਹਨ ਅਤੇ ਰਾਜਨੀਤੀ ਇਸਦਾ ਭਰਪੂਰ ਫਾਇਦਾ ਉਠਾਉਂਦੀ ਹੈ। ਖ਼ਾਲਿਦ ਸਾਹਿਬ ਇਸ ਗੱਲ ਤੋਂ ਬੜੇ ਦੁਖੀ ਸਨ ਕਿ ਖ਼ਾਸਕਰ ਮੁਸਲਮਾਨਾਂ ਵਿੱਚ ਧਰਮ ਦੇ ਨਾਂ 'ਤੇ ਲੋਕਾਂ ਦਾ ਸੋਸ਼ਣ ਹੋ ਰਿਹਾ ਹੈ, ਖ਼ਾਸਕਰ ਬੱਚਿਆਂ ਨੂੰ ਜੰਨਤ ਦੇ ਸਬਜ਼ ਬਾਗ਼ ਵਿਖਾ ਕੇ ਜਹਾਦ ਵੱਲ ਪ੍ਰੇਰਿਆ ਜਾਂਦਾ ਹੈ। ਮਾਸੂਮ ਬੱਚਿਆਂ ਨੂੰ ਮਨੁੱਖੀ ਬੰਬ ਬਣਾ ਕੇ ਇਸਤੇਮਾਲ ਕੀਤਾ ਜਾ ਰਿਹਾ ਹੈ ਅਤੇ ਇਹ ਸਭ ਕੁੱਝ ਧਰਮ ਦਾ ਨਾਂ ਲੈ ਕੇ ਹੋ ਰਿਹਾ ਹੈ ਅਤੇ ਇਸਦਾ ਪ੍ਰਭਾਵ ਹਿੰਦੂ ਕੱਟੜਵਾਦੀਆਂ 'ਤੇ ਚੋਖਾ ਪੈ ਰਿਹਾ ਹੈ ਤੇ ਉਹ ਮੁਸਲਮਾਨਾਂ ਨੂੰ ਦੇਸ਼-ਧਰੋਹੀ ਤੇ ਉਗਰਵਾਦੀ ਕਹਿੰਦੇ ਹਨ ਤੇ ਬਦਲੇ ਵਜੋਂ ਉਹ ਵੀ ਅਜਿਹੀਆਂ ਹਰਕਤਾਂ ਕਰਦੇ ਰਹਿੰਦੇ ਹਨ। ਖ਼ਾਲਿਦ ਸਾਹਿਬ ਅਣਪੜ੍ਹ ਜਾਂ ਘੱਟ ਪੜ੍ਹੇ-ਲਿਖੇ ਮੁਲਵਾਣਿਆਂ ਤੋਂ ਬੜੇ ਔਖੇ ਸਨ। ਇਹ ਲੋਕ ਅੱਠਵੀਂ ਜਾਂ ਦਸਵੀਂ ਜਮਾਤ ਤਕ ਪੜ੍ਹਣ ਮਗਰੋਂ ਦਿਓਬੰਦ, ਬਰੇਲੀ ਜਾਂ ਹੋਰ ਇਸਲਾਮੀ

ਅਦਾਰਿਆਂ ਤੋਂ ਕੁਰਾਨ ਨੂੰ ਜ਼ੁਬਾਨੀ ਯਾਦ ਕਰਨ, ਉਸਦੀ ਤਲਾਵਤ (ਪੜ੍ਹਨਾ), ਨਮਾਜ਼ ਤੇ ਜਨਾਜ਼ਾ ਪੜ੍ਹਾਉਣ ਅਤੇ ਨਿਕਾਹ ਕਰਾਉਣ ਵਾਲੀਆਂ ਆਇਤਾਂ (ਕੁਰਾਨੀ ਸ਼ਬਦ) ਨੂੰ ਰੱਟ ਕੇ ਆਉਂਦੇ ਤੇ ਮਸੀਤਾਂ ਵਿੱਚ ਬਹਿ ਕੇ ਵਾਅਜ਼ (ਪ੍ਰਵਚਨ) ਦਿੰਦੇ ਤੇ ਲੋਕਾਂ ਨੂੰ ਕੁਰਾਹੇ ਪਾਉਂਦੇ ਹਨ। ਉਨ੍ਹਾਂ ਮੈਨੂੰ ਦੱਸਿਆ ਸੀ ਕਿ ਜਦ ਉਹ ਜੰਮੂ ਵਿੱਚ ਓਕਾਫ ਇਸਲਾਮੀਆ ਦੇ ਐਡਮਿਨਿਸਟਰੇਟਰ ਸਨ ਤਾਂ ਉਹ ਮਸੀਤ ਵਿੱਚ ਮੌਲਵੀ ਲੱਗਣ ਲਈ ਉਮੀਦਵਾਰਾਂ ਦਾ ਲਿਖਤੀ ਇਮਤਿਹਾਨ ਲੈਂਦੇ ਸਨ ਅਤੇ ਅਰਬੀ ਦੇ ਨਾਲ ਨਾਲ ਹਿੰਦੀ, ਉਰਦੂ ਤੇ ਅੰਗਰੇਜ਼ੀ ਵੀ ਲਿਖਵਾਉਂਦੇ ਸਨ, ਪਰ ਕੋਈ ਵੀ ਉਮੀਦਵਾਰ ਇਮਤਿਹਾਨ ਵਿੱਚ ਪਾਸ ਨਹੀਂ ਸੀ ਹੁੰਦਾ। ਇੰਝ ਹੀ ਜਦ ਖ਼ਾਲਿਦ ਹੁਸੈਨ ਪੁਣਛ ਵਿੱਚ ਡਿਪਟੀ ਕਮਿਸ਼ਨਰ ਬਣ ਕੇ ਆਏ ਤਾਂ ਉਨ੍ਹਾਂ ਦੇਖਿਆ ਕਿ ਇਸ ਜ਼ਿਲ੍ਹੇ ਵਿੱਚ ਜਿਹੜਾ ਸਾਰੇ ਦਾ ਸਾਰਾ ਪਾਕਿਸਤਾਨੀ ਕਸ਼ਮੀਰ ਨਾਲ ਮਿਲਦਾ ਹੈ ਤੇ ਵਿਚਕਾਰ ਸਿਰਫ ਇੱਕ ਲਕੀਰ ਤੇ ਕੁੱਝ ਬੁਰਜੀਆਂ ਅਤੇ ਫੌਜੀ ਚੌਕੀਆਂ ਹਨ, ਇਸ ਵਿੱਚ ਬੇਸ਼ੁਮਾਰ ਮਦਰਸੇ ਚੱਲ ਰਹੇ ਸਨ, ਜਿਨ੍ਹਾਂ ਵਿੱਚ ਬੱਚਿਆਂ ਨੂੰ ਸਿਰਫ ਅਰਬੀ ਪੜ੍ਹਾਈ ਜਾਂਦੀ ਸੀ। ਪੁਣਛ ਸ਼ਹਿਰ ਵਿੱਚ ਮੌਲਾਣਾ ਗੁਲਾਮ ਕਾਦਰ ਹੁਰਾਂ ਇੱਕ ਬਹੁਤ ਵੱਡਾ ਮਦਰਸਾ ਬਣਾਇਆ ਹੋਇਆ ਸੀ, ਜਿਸ ਵਿੱਚ ਛੇ ਸੌ ਬੱਚੇ ਅਰਬੀ ਪੜ੍ਹਦੇ ਸਨ। ਇੰਝ ਹੀ ਸੁਰਨਕੋਟ, ਮੰਡੀ, ਲੌਰਣ, ਮੈਂਢਰ ਤੇ ਹੋਰ ਥਾਵਾਂ 'ਤੇ ਵੱਡੀਆਂ-ਵੱਡੀਆਂ ਇਮਾਰਤਾਂ ਵਿੱਚ ਅਰਬੀ ਪੜ੍ਹਾਉਣ ਦੇ ਇਹ ਮਦਰਸੇ ਚੱਲ ਰਹੇ ਸਨ। ਇੱਕ ਵਾਰੀ ਖ਼ਾਲਿਦ ਸਾਹਿਬ ਨੂੰ ਕਿਸੇ ਮਦਰਸੇ ਵਾਲਿਆਂ ਆਪਣੇ ਇੱਕ ਸਮਾਗਮ ਵਿੱਚ ਬੁਲਾਇਆ, ਜਿੱਥੇ ਕੁਰਾਨ ਹਿਫਜ਼ (ਜ਼ੁਬਾਨੀ ਯਾਦ ਕਰਨਾ) ਕਰਨ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਜਾਣੇ ਸਨ। ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਬੱਚੇ ਨੂੰ ਕੁਰਾਨ ਦੀ ਤਲਾਵਤ ਕਰਨ ਲਈ ਬੁਲਾਇਆ ਗਿਆ। ਉਸ ਬੱਚੇ ਨੇ ਲੈਅ ਵਿੱਚ ਕੁਰਾਨ ਦੇ ਇੱਕ ਸਪਾਰੇ ਨੂੰ ਜ਼ੁਬਾਨੀ ਪੜ੍ਹਿਆ। ਜਦ ਉਹ ਜਾਣ ਲੱਗਾ ਤਾਂ ਖ਼ਾਲਿਦ ਸਾਹਿਬ ਨੇ ਉਸਨੂੰ ਰੋਕ ਕੇ ਕਿਹਾ ਕਿ ਜੋ ਪੜ੍ਹਿਆ ਹੈ, ਉਹ ਉਸਦਾ ਅਰਥ ਪੰਜਾਬੀ, ਹਿੰਦੀ ਜਾਂ ਉਰਦੂ ਵਿੱਚ ਦੱਸੇ, ਪਰ ਉਸ ਬੱਚੇ ਦਾ ਜਵਾਬ ਸੀ ਕਿ ਉਸਨੂੰ ਸਿਰਫ ਅਰਬੀ ਰਟਾਈ ਗਈ ਹੈ, ਪਰ ਅਰਥ ਨਹੀਂ ਦੱਸੇ ਗਏ। ਖ਼ਾਲਿਦ ਸਾਹਿਬ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰਬੰਧਕਾਂ ਦੀ ਚੰਗੀ ਖ਼ਬਰ ਲਈ ਤੇ ਕਿਹਾ ਕਿ ਇਨ੍ਹਾਂ ਬੱਚਿਆਂ ਨੂੰ ਅਰਬੀ ਵਿੱਚ ਕੁਰਾਨ ਨੂੰ ਜ਼ੁਬਾਨੀ ਯਾਦ ਕਰਾਉਣ ਦਾ ਕੀ ਮਕਸਦ ਹੈ, ਜਦ ਇਨ੍ਹਾਂ ਨੂੰ ਕੁਰਾਨ ਦੀਆਂ ਆਇਤਾਂ ਦਾ ਮਤਲਬ ਹੀ ਨਹੀਂ ਪਤਾ ਅਤੇ ਨਾ ਹੀ ਤੁਹਾਡੇ ਮਦਰਸੇ ਵਿੱਚ ਸਰਕਾਰੀ ਤਾਲੀਮ ਦਾ ਨਸਾਬ ਸ਼ਾਮਿਲ ਹੈ। ਉਨ੍ਹਾਂ ਧਮਕੀ ਦਿੱਤੀ ਕਿ ਦੋ ਮਹੀਨਿਆਂ ਦੇ ਅੰਦਰ-ਅੰਦਰ ਹਿੰਦੀ, ਅੰਗਰੇਜ਼ੀ, ਸਾਇੰਸ ਤੇ ਸੋਸ਼ਲ ਸਾਇੰਸ ਵਰਗੇ ਵਿਸ਼ੇ ਬੱਚਿਆਂ ਨੂੰ ਪੜ੍ਹਾਏ ਜਾਣ, ਨਹੀਂ ਤਾਂ ਉਹ ਮਦਰਸਾ ਬੰਦ ਕਰ ਦੇਣਗੇ। ਖ਼ਾਲਿਦ ਸਾਹਿਬ ਨੇ ਕਈ ਦੂਜੇ ਮਦਰਸਿਆਂ

ਦਾ ਵੀ ਮੁਆਇਨਾ ਕੀਤਾ ਤੇ ਹਰ ਥਾਂ ਬੁਰਾ ਹਾਲ ਸੀ। ਸਿਰਫ਼ ਅਰਬੀ ਵਿੱਚ ਕੁਰਾਨ ਨੂੰ ਰਟਾਇਆ ਜਾਂਦਾ ਸੀ, ਪਰ ਅਰਥ ਕਿਸੇ ਨੂੰ ਨਹੀਂ ਸਨ ਪਤਾ ਅਤੇ ਬੱਚਿਆਂ ਨੂੰ ਭੂਗੋਲ, ਇਤਿਹਾਸ, ਸਾਇੰਸ, ਹਿੰਦੀ ਤੇ ਅੰਗਰੇਜ਼ੀ ਆਦਿ ਕੁੱਝ ਵੀ ਨਹੀਂ ਸੀ ਪੜ੍ਹਾਇਆ ਜਾਂਦਾ। ਉਨ੍ਹਾਂ ਇੱਕ ਸਰਕੂਲਰ ਰਾਹੀਂ ਸਾਰਿਆਂ ਮਦਰਸਿਆਂ ਦੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਅਰਬੀ ਦੇ ਨਾਲ ਨਾਲ ਮਦਰਸਿਆਂ ਵਿੱਚ ਬੱਚਿਆਂ ਨੂੰ ਸਰਕਾਰੀ ਨਸਾਬ ਵੀ ਪੜ੍ਹਾਇਆ ਜਾਵੇ। ਖ਼ਾਲਿਦ ਸਾਹਿਬ ਨੇ ਮੇਰੇ ਨਾਲ ਕਈ ਵਾਰੀ ਆਪਣੇ ਵਿਚਾਰ ਸਾਂਝੇ ਕਰਦਿਆਂ ਮੈਨੂੰ ਦੱਸਿਆ ਕਿ ਦੁਨੀਆ ਅਤੇ ਖ਼ਾਸਕਰ ਭਾਰਤ ਵਿੱਚ ਮੁਸਲਮਾਨ ਆਰਥਿਕ, ਸਮਾਜਿਕ ਤੇ ਵਿਗਿਆਨਕ ਤੌਰ 'ਤੇ ਇਸ ਲਈ ਪਿਛੜੇ ਹੋਏ ਹਨ, ਕਿਉਂਕਿ ਉਨ੍ਹਾਂ ਨੂੰ ਮੁਲਵਾਣਿਆਂ ਨੇ ਧਰਮ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਹੈ ਤੇ ਸਰਕਾਰ ਉਨ੍ਹਾਂ ਦੀ ਤਾਲੀਮ ਅਤੇ ਉਨ੍ਹਾਂ ਨੂੰ ਆਰਥਿਕ ਤੇ ਸਮਾਜਿਕ ਤੌਰ 'ਤੇ ਉੱਪਰ ਚੁੱਕਣ ਲਈ ਕੋਈ ਕਦਮ ਨਹੀਂ ਚੁੱਕਦੀ। ਮੁਸਲਮਾਨ ਸਿਰਫ਼ ਵੋਟ ਬੈਂਕ ਬਣ ਕੇ ਰਹਿ ਗਿਆ ਹੈ ਤੇ ਕੱਟੜਪੰਥੀ ਜਮਾਤਾਂ ਲਈ ਦਹਿਸ਼ਤਗਰਦ। ਖ਼ਾਲਿਦ ਸਾਹਿਬ ਨੇ ਪੁਣਛ ਦੇ ਹਾਲਾਤ ਬਾਰੇ ਆਪਣੇ ਮਿੱਤਰ ਤੇ ਉਸ ਵੇਲੇ ਦੇ ਜੰਮੂ-ਕਸ਼ਮੀਰ ਦੇ ਹੋਮ ਕਮਿਸ਼ਨਰ ਸ੍ਰੀ ਸੁਧੀਰ ਸਿੰਘ ਬਲੌਰੀਆ ਨਾਲ ਇਸ ਸਥਿਤੀ ਬਾਰੇ ਗੱਲਬਾਤ ਕੀਤੀ। ਉਨ੍ਹਾਂ ਖ਼ਾਲਿਦ ਸਾਹਿਬ ਨੂੰ ਇਸ ਹਵਾਲੇ ਨਾਲ ਇੱਕ ਨੋਟ ਲਿਖ ਕੇ ਭੇਜਣ ਲਈ ਕਿਹਾ, ਨਾਲ ਹੀ ਇਹ ਹੁਕਮ ਵੀ ਦਿੱਤਾ ਕਿ ਉਹ ਆਪਣੀਆਂ ਸਿਫ਼ਾਰਸ਼ਾਂ ਵੀ ਲਿਖ ਕੇ ਘੱਲੇ। ਖ਼ਾਲਿਦ ਸਾਹਿਬ ਨੇ ਜਿਹੜਾ ਨੋਟ ਬਲੌਰੀਆ ਸਾਹਿਬ ਨੂੰ ਭੇਜਿਆ ਉਸ ਵਿੱਚ ਉਨ੍ਹਾਂ ਲਿਖਿਆ ਕਿ ਇਨ੍ਹਾਂ ਮਦਰਸਿਆਂ ਵਿੱਚ ਯਤੀਮ ਤੇ ਗ਼ਰੀਬ ਬੱਚੇ ਅਰਬੀ ਪੜ੍ਹਦੇ ਹਨ ਤੇ ਇਨ੍ਹਾਂ ਦੀ ਪੜ੍ਹਾਈ, ਰਹਿਣ ਤੇ ਖਾਣ-ਪੀਣ ਦਾ ਖ਼ਰਚਾ ਲੋਕਾਂ ਦੇ ਚੰਦੇ ਨਾਲ ਚੱਲਦਾ ਹੈ। ਪਰ ਸਰਕਾਰੀ ਜਾਂ ਗ਼ੈਰ-ਸਰਕਾਰੀ ਸਕੂਲਾਂ ਵਿੱਚ ਦਿੱਤੀ ਜਾ ਰਹੀ ਤਾਲੀਮ ਤੇ ਕਿਤਾਬਾਂ ਨਹੀਂ ਪੜ੍ਹਾਈਆਂ ਜਾਂਦੀਆਂ। ਹਿੰਦੀ, ਅੰਗਰੇਜ਼ੀ, ਸਾਇੰਸ ਤੇ ਇਤਿਹਾਸ ਦਾ ਕੋਈ ਵੀ ਵਿਸ਼ਾ ਨਹੀਂ ਪੜ੍ਹਾਇਆ ਜਾਂਦਾ। ਨਾ ਹੀ ਕੰਪਿਊਟਰ ਜਾਂ ਅੱਜ ਦੇ ਯੁੱਗ ਮੁਤਾਬਿਕ ਕੋਈ ਸਿੱਖਿਆ ਦਿੱਤੀ ਜਾਂਦੀ ਹੈ, ਜਿਹੜੀ ਇਨ੍ਹਾਂ ਬੱਚਿਆਂ ਨੂੰ ਅੱਗੇ ਜ਼ਿੰਦਗੀ ਵਿੱਚ ਕੰਮ ਆ ਸਕੇ। ਇਸ ਲਈ ਪੂਰੇ ਦੇਸ਼ ਵਿੱਚ ਅਜਿਹੀਆਂ ਸੰਸਥਾਵਾਂ ਵਿੱਚ ਸਰਕਾਰੀ ਤਾਲੀਮ ਲਾਜ਼ਮੀ ਕਰਾਰ ਦਿੱਤੀ ਜਾਵੇ। ਖ਼ਾਲਿਦ ਸਾਹਿਬ ਨੇ ਇਹ ਵੀ ਲਿਖਿਆ ਕਿ ਮਸੀਤਾਂ ਵਿੱਚ ਮੌਲਵੀ ਨਿਯੁਕਤ ਕਰਨ ਲਈ ਘੱਟ ਤੋਂ ਘੱਟ ਉਮੀਦਵਾਰ ਦਾ ਬੀ.ਏ. ਪਾਸ ਹੋਣਾ ਲਾਜ਼ਮੀ ਕਰਾਰ ਦਿੱਤਾ ਜਾਵੇ। ਮੁਲਕ ਦੇ ਇਸਲਾਮੀ ਅਦਾਰਿਆਂ ਨੂੰ ਨਿਯਮਾਂ ਅਨੁਸਾਰ ਯੂਨੀਵਰਸਿਟੀ ਦਾ ਦਰਜਾ ਦਿੱਤਾ ਜਾਵੇ, ਖ਼ਾਸਕਰ ਦਿਉਬੰਦ ਵਰਗੀਆਂ ਸੰਸਥਾਵਾਂ ਨੂੰ। ਮੌਲਵੀ ਆਲਮ, ਮੌਲਵੀ ਫ਼ਾਜ਼ਲ ਅਤੇ ਬੀ.ਏ. ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਨੂੰ ਦੂਜੇ ਧਰਮਾਂ ਦਾ ਵੀ ਗਿਆਨ ਹੋਣਾ

ਜ਼ਰੂਰੀ ਬਣਾਇਆ ਜਾਵੇ। ਤੇ ਬਾਕੀ ਵਿਸ਼ੇ ਵੀ ਪੜ੍ਹਾਏ ਜਾਣ। ਪਰ ਐਮ.ਏ. ਦੀ ਪੜ੍ਹਾਈ ਵਿੱਚ ਉਹ ਇਸਲਾਮੀ ਸਿੱਖਿਆ ਦੇ ਵਿਭਿੰਨ ਵਿਸ਼ਿਆਂ ਨੂੰ ਲੈ ਸਕਦੇ ਹਨ ਅਤੇ ਉਨ੍ਹਾਂ ਵਿੱਚ ਐਮ.ਫਿਲ ਤੇ ਪੀਐਚ.ਡੀ. ਵੀ ਕਰ ਸਕਦੇ ਹਨ। ਉਨ੍ਹਾਂ ਇੱਕ ਸਿਫਾਰਿਸ਼ ਇਹ ਵੀ ਕੀਤੀ ਕਿ ਪੂਰੇ ਦੇਸ਼ ਵਿੱਚ ਮੁਸਲਮਾਨ ਬੱਚਿਆਂ ਲਈ ਦਸਵੀਂ ਜਮਾਤ ਤਕ ਦੀ ਪੜ੍ਹਾਈ ਜ਼ਰੂਰੀ ਕਰ ਦਿੱਤੀ ਜਾਵੇ। ਫੀਸ ਮਾਅਫ ਤੇ ਕਿਤਾਬਾਂ ਮੁਫਤ ਦਿੱਤੀਆਂ ਜਾਣ। ਜਿਹੜੇ ਮਾਂ-ਪਿਓ ਬੱਚਿਆਂ ਨੂੰ ਸਕੂਲਾਂ ਵਿੱਚ ਦਾਖ਼ਿਲ ਨਾ ਕਰਵਾਉਣ, ਉਨ੍ਹਾਂ ਨੂੰ ਜ਼ੁਰਮਾਨਾ ਜਾਂ ਕੈਦ ਦੀ ਸਜ਼ਾ ਦਿੱਤੀ ਜਾਵੇ, ਫਿਰ ਭਾਵੇਂ ਮੁਸਲਮਾਨਾਂ ਨੂੰ ਰਿਜ਼ਰਵੇਸ਼ਨ ਨਾ ਵੀ ਮਿਲੇ ਤਾਂ ਕੋਈ ਗੱਲ ਨਹੀਂ, ਪਰ ਉਨ੍ਹਾਂ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਤੇ ਤਕਨੀਕੀ ਅਦਾਰਿਆਂ ਵਿੱਚ ਜਾਣ ਲਈ ਮੁਫਤ ਕੋਚਿੰਗ ਦਿੱਤੀ ਜਾਵੇ, ਤਾਂ ਜੋ ਮੁਲਕ ਦੀ ਅਠਾਰ੍ਹਾਂ ਪ੍ਰਤੀਸ਼ਤ ਆਬਾਦੀ ਆਰਥਿਕ, ਸਮਾਜਿਕ ਤੇ ਵਿਗਿਆਨਿਕ ਤੌਰ 'ਤੇ ਪਿਛੜੀ ਨਾ ਰਹੇ ਤੇ ਇਹ ਆਬਾਦੀ ਦੇਸ਼ ਦੀ ਉਨੱਤੀ ਤੇ ਖੁਸ਼ਹਾਲੀ ਲਈ ਆਪਣਾ ਯੋਗਦਾਨ ਪਾਵੇ ਤੇ ਮੁਲਵਾਣੇ ਇਨ੍ਹਾਂ ਦਾ ਸੋਸ਼ਣ ਨਾ ਕਰ ਸਕਣ। ਬਲੌਰੀਆ ਸਾਹਿਬ ਨੇ ਇਹ ਰਿਪੋਰਟ ਭਾਰਤ ਦੀ ਹੋਮ ਮਨਿਸਟਰੀ ਨੂੰ ਘੱਲੀ ਤਾਂ ਕੁੱਝ ਮਹੀਨਿਆਂ ਮਗਰੋਂ ਦਿੱਲੀ ਤੋਂ ਆਈ.ਬੀ. ਦੇ ਇੱਕ ਜਾਇੰਟ ਡਾਇਰੈਕਟਰ ਇੱਕ ਨਿੱਕੇ ਜਹਾਜ਼ ਵਿੱਚ ਪੁਣਛ ਆਏ ਤੇ ਉਨ੍ਹਾਂ ਖ਼ਾਲਿਦ ਸਾਹਿਬ ਦੇ ਨੋਟ ਅਤੇ ਸਿਫਾਰਸ਼ਾਂ ਦੇ ਹਵਾਲੇ ਨਾਲ ਤਫਸੀਲੀ ਗੱਲਬਾਤ ਕੀਤੀ। ਕੁੱਝ ਸਾਲਾਂ ਮਗਰੋਂ ਉਸ ਗੱਲਬਾਤ ਦਾ ਸਿੱਟਾ ਵੀ ਨਿਕਲਿਆ ਤੇ ਸੱਚਰ ਕਮੇਟੀ ਬਣਾਈ ਗਈ ਅਤੇ ਉਸ ਦੀਆਂ ਸਿਫਾਰਸ਼ਾਂ ਨੂੰ ਭਾਰਤ ਸਰਕਾਰ ਨੇ ਮੰਨ ਲਿਆ ਅਤੇ ਮੁਸਲਮ ਬੱਚਿਆਂ ਲਈ ਤਾਲੀਮ ਤੇ ਕੋਚਿੰਗ ਦਾ ਮੁਫਤ ਇੰਤਜ਼ਾਮ ਕਰ ਦਿੱਤਾ, ਪਰ ਮਦਰਸਿਆਂ ਵੱਲ ਅਜੇ ਵੀ ਸਰਕਾਰ ਨੂੰ ਇਨਕਲਾਬੀ ਕਦਮ ਚੁੱਕਣ ਦੀ ਲੋੜ ਹੈ। ਖ਼ਾਲਿਦ ਸਾਹਿਬ ਦਾ ਕਹਿਣਾ ਸੀ ਕਿ ਰਿਜ਼ਰਵੇਸ਼ਨ ਦਾ ਫਾਇਦਾ ਜਿੱਥੇ ਦਲਿਤਾਂ ਅਤੇ ਪਛੜੀਆਂ ਜ਼ਾਤਾਂ ਤੇ ਕਬੀਲਿਆਂ ਨੂੰ ਮਿਲਿਆ ਹੈ ਤੇ ਉਨ੍ਹਾਂ ਦੇ ਸਮਾਜੀ ਢਾਂਚੇ ਵਿੱਚ ਬਹੁਤ ਸੁਧਾਰ ਹੋਇਆ ਹੈ, ਉਥੇ ਉਚੀਆਂ ਜ਼ਾਤਾਂ ਦੇ ਗਰੀਬ ਲੋਕਾਂ ਨੂੰ ਇਸਦਾ ਡਾਹਢਾ ਨੁਕਸਾਨ ਹੋਇਆ ਹੈ। ਕਈ ਥਾਵਾਂ 'ਤੇ ਤਾਂ ਸਵਰਨ ਹਿੰਦੂਆਂ ਦੀ ਹਾਲਤ ਦਲਿਤਾਂ ਤੇ ਮੁਸਲਮਾਨਾਂ ਨਾਲੋਂ ਵੀ ਮਾੜੀ ਹੈ। ਇਸ ਕਰਕੇ ਰਿਜ਼ਰਵੇਸ਼ਨ ਲਈ ਕੋਈ ਆਖਰੀ ਹੱਦ ਮੁਕੱਰਰ ਕਰਨੀ ਲਾਜ਼ਮੀ ਬਣਦੀ ਹੈ, ਨਹੀਂ ਤਾਂ ਦੇਸ਼ ਵਿੱਚ ਰਿਜ਼ਰਵੇਸ਼ਨ ਦੇ ਖ਼ਿਲਾਫ ਲੋਕੀ ਸੜਕਾਂ 'ਤੇ ਆ ਜਾਣਗੇ ਤੇ ਅਫਰਾ-ਤਫਰੀ ਫੈਲ ਜਾਵੇਗੀ, ਜਿਸਦਾ ਦੇਸ਼ ਨੂੰ ਬੜਾ ਨੁਕਸਾਨ ਹੋਵੇਗਾ। ਖ਼ਾਲਿਦ ਸਾਹਿਬ ਦਾ ਕਹਿਣਾ ਸੀ ਕਿ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਮੈਂ ਵੀ ਖ਼ਾਲਿਦ ਸਾਹਿਬ ਦੀ ਇਸ ਗੱਲ ਨਾਲ ਸਹਿਮਤ ਸੀ।

***

# ਬੋਲ ਮਿੱਟੀ ਦਿਆ ਬਾਵਿਆ

ਮੇਰਾ ਨਾਂ ਕਮਲਦੀਪ ਸਿੰਘ ਹੈ। ਮੈਂ ਜੰਮੂ ਯੂਨੀਵਰਸਿਟੀ ਤੋਂ ਪੰਜਾਬੀ ਵਿੱਚ ਪੀਐਚੱ.ਡੀ. ਕਰ ਰਿਹਾ ਹਾਂ ਅਤੇ ਮੇਰੇ ਥੀਸਿਸ ਦਾ ਵਿਸ਼ਾ 'ਪੰਜਾਬੀ ਕਹਾਣੀ ਦਾ ਬਿਰਤਾਂਤ ਸ਼ਾਸਤਰੀ ਅਧਿਐਨ' ਹੈ। ਇੱਕ ਵਿਦਿਆਰਥੀ ਦੇ ਨਾਤੇ ਅਤੇ ਪੰਜਾਬੀ ਸਾਹਿਤ ਦਾ ਸੁਹਿਰਦ ਪਾਠਕ ਹੋਣ ਦੇ ਨਾਤੇ ਤੇ ਇੱਕ ਉਭਰਦੇ ਕਹਾਣੀਕਾਰ ਵਜੋਂ ਮੈਂ ਖ਼ਾਲਿਦ ਹੁਸੈਨ ਸਾਹਿਬ ਨੂੰ ਪੜ੍ਹਿਆ ਹੈ। ਉਨ੍ਹਾਂ ਦੀਆਂ ਕਈ ਕਹਾਣੀਆਂ ਮੈਂ ਲਿਪੀਅਂਤਰ ਕੀਤੀਆਂ ਹਨ। ਉਨ੍ਹਾਂ ਦੀਆਂ ਕਹਾਣੀਆਂ ਦੀ ਸ਼ਬਦਾਵਲੀ ਦਾ ਆਨੰਦ ਮਾਨਿਆ ਹੈ। ਉਨ੍ਹਾਂ ਦੀ ਅਖਾਣਾਂ ਭਰੀ ਤੇ ਮੁਹਾਵਰੇਦਾਰ, ਚੱਟਕਾਰੇਦਾਰ ਤੇ ਸਵਾਦਲੀ ਭਾਸ਼ਾ ਨੂੰ ਪੜ੍ਹ ਕੇ ਉਨ੍ਹਾਂ ਦੇ ਵੱਖਰੇ ਤੇ ਨਿਵੇਕਲੇ ਸਟਾਈਲ ਤੋਂ ਜਾਣੂ ਹੋਇਆ ਹਾਂ। ਮੇਰੀ ਜਾਚੇ ਸ਼ਾਇਦ ਉਹ ਪੰਜਾਬੀ ਦੇ ਇੱਕੋ ਇੱਕ ਅਜਿਹੇ ਕਹਾਣੀਕਾਰ ਸਨ ਜਿਨ੍ਹਾਂ ਦੀਆਂ ਦੋ ਸਤਰਾਂ ਪੜ੍ਹ ਕੇ ਹੀ ਪਾਠਕ ਜਾਣ ਜਾਂਦੇ ਹਨ ਕਿ ਇਹ ਖ਼ਾਲਿਦ ਹੁਸੈਨ ਦੀ ਵਾਰਤਕ ਹੈ, ਭਾਵੇਂ ਰਚਨਾ ਉਤੇ ਉਨ੍ਹਾਂ ਦਾ ਨਾਂ, ਨਾ ਵੀ ਦਿੱਤਾ ਹੋਏ। ਖ਼ਾਲਿਦ ਹੁਸੈਨ ਸਾਹਿਬ ਦੀ ਸ੍ਵੈ-ਜੀਵਨੀ ਨੂੰ ਪਾਠਕਾਂ ਤਕ ਪਹੁੰਚਾਉਣ ਲਈ ਮੇਰਾ ਵੀ ਯੋਗਦਾਨ ਹੈ। ਇਸ ਪੁਸਤਕ ਨੂੰ ਜਦ ਮੈਂ ਅੰਤਿਮ ਰੂਪ ਦੇ ਰਿਹਾ ਸਾਂ ਤਾਂ ਖ਼ਾਲਿਦ ਸਾਹਿਬ ਦੀ ਵੱਡੀ ਸਪੁੱਤਰੀ ਸੱਮੀਆ ਸਬੱਸੁਮ ਨੇ ਮੈਨੂੰ ਖ਼ਾਲਿਦ ਸਾਹਿਬ ਦੇ ਕੁੱਝ ਅਣਛਪੇ ਨਿਬੰਧ ਤੇ ਖਾਕੇ ਦਿੱਤੇ ਜੋ ਉਨ੍ਹਾਂ ਦੀਆਂ ਫਾਈਲਾਂ ਵਿੱਚ ਪਏ ਸਨ। ਇਨ੍ਹਾਂ ਖਾਕਿਆਂ ਵਿੱਚ ਕੁੱਝ ਅਜਿਹੀਆਂ ਹਸਤੀਆਂ ਤੇ ਸ਼ਖ਼ਸੀਅਤਾਂ ਤੇ ਯਾਰਾਂ ਬੇਲੀਆਂ ਬਾਰੇ ਖ਼ਾਲਿਦ ਸਾਹਿਬ ਨੇ ਕਲਮ ਚੁੱਕੀ ਸੀ, ਜਿਹੜੇ ਉਨ੍ਹਾਂ ਦੇ ਜੀਵਨ ਵਿੱਚ ਮਹੱਤਵ ਰੱਖਦੇ ਸਨ। ਇਹ ਖਾਕੇ ਜਾਂ ਲੇਖ ਵੀ ਖ਼ਾਲਿਦ ਸਾਹਿਬ ਦੀ ਸ੍ਵੈ-ਜੀਵਨੀ ਦਾ ਹੀ ਹਿੱਸਾ ਹਨ, ਇਸ ਲਈ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਕਰ ਰਿਹਾ ਹਾਂ।.....

**ਸ਼ੇਖ਼ ਗੁਲਾਮ ਰਸੂਲ (ਆਈ.ਏ.ਐਸੱ. ਤੇ ਰਿਟਾਇਰਡ ਚੀਫ਼ ਸੈਕਟਰੀ):**

ਸ਼ੇਖ਼ ਗੁਲਾਮ ਰਸੂਲ ਸਾਹਿਬ ਨਾਲ ਮੇਰਾ ਪਹਿਲਾ ਟਾਕਰਾ ਉਦੋਂ ਹੋਇਆ, ਜਦੋਂ ਉਹ ਜਨਰਲ ਐਡਮਿਨਿਸਟਰੇਸ਼ਨ ਵਿਭਾਗ ਦੇ ਸਕੱਤਰ ਸਨ ਅਤੇ ਉਨ੍ਹਾਂ ਮੈਨੂੰ ਇੱਕ ਕਹਾਣੀ ਲਿਖਣ ਤੇ ਮੁਅੱਤਲ ਕਰ ਦਿੱਤਾ ਸੀ, ਜਿਸ ਵਿੱਚ ਮੈਂ ਉਸ ਵੇਲੇ ਦੇ ਮਹਿਕਮਾਂ ਕਾਨੂੰਨ ਦੇ ਸਕੱਤਰ ਗੁਲਾਮ ਸ਼ਾਹ ਦੀਆਂ ਕਰਤੂਤਾਂ ਬਿਆਨ ਕੀਤੀਆਂ ਸਨ। ਇਹ ਸਾਬਤ ਕਰਨ ਲਈ ਕਿ ਉਹ ਕਹਾਣੀ ਹੈ ਜਾਂ ਲੇਖ, ਸਰਕਾਰ ਨੇ ਇੱਕ ਕਮਿਸ਼ਨ

ਬਣਾਇਆ। ਕਮਿਸ਼ਨ ਨੇ 9 ਮਹੀਨਿਆਂ ਮਗਰੋਂ ਆਪਣੀ ਰਿਪੋਰਟ ਵਿੱਚ ਮੈਨੂੰ ਬਰੀ ਕਰ ਦਿੱਤਾ। ਸਰਕਾਰ ਨੇ ਮੈਨੂੰ ਮੁੜ ਬਹਾਲ ਕਰ ਦਿੱਤਾ ਤੇ ਇੱਕ ਦਿਨ ਮੈਨੂੰ ਸ਼ੇਖ਼ ਸਾਹਿਬ ਨੇ ਆਪਣੇ ਕਮਰੇ ਵਿੱਚ ਬੁਲਾਇਆ ਤੇ ਕਿਹਾ ਕਿ ਤੂੰ ਚੰਗਾ ਲਿਖਣਾ ਐਂ, ਤੇਰੀ ਭਾਸ਼ਾ ਵਿੱਚ ਵੀ ਦਮ ਹੈ, ਪਰ ਕਲਮ ਨੂੰ ਚੰਗਿਆਂ ਵਿਸ਼ਿਆਂ ਲਈ ਇਸਤੇਮਾਲ ਕਰ, ਨਾਲੇ ਯਾਦ ਰੱਖ ਕਿ ਦਰਿਆ ਵਿੱਚ ਰਹਿਣਾ ਹੋਏ ਤਾਂ ਮਗਰਮੱਛ ਨਾਲ ਵੈਰ ਨਹੀਂ ਪਾਈਦਾ। ਉਨ੍ਹਾਂ ਮੈਨੂੰ ਕਿਹਾ ਕਿ ਕੋਈ ਚੰਗੀ ਜਿਹੀ ਨੌਕਰੀ ਵੇਖ ਤਾਂ ਜੋ ਤੈਨੂੰ ਉਥੇ ਲਾ ਦਿੱਤਾ ਜਾਏ। ਉਸ ਵੇਲੇ ਮੈਂ ਦਿਹਾਤ ਸੁਧਾਰ ਮੈਗਜ਼ੀਨ ਦਾ ਐਸਿਸਟੈਂਟ ਐਡੀਟਰ ਸਾਂ ਤੇ ਮਸ਼ਹੂਰ ਕਹਾਣੀਕਾਰ ਨੂਰਸ਼ਾਹ ਉਸ ਪਰਚੇ ਦਾ ਸੰਪਾਦਕ ਸੀ। ਇੱਕ ਦਿਨ ਸ਼ੇਖ਼ ਸਾਹਿਬ ਨੇ ਮੈਨੂੰ ਫਿਰ ਬੁਲਾਇਆ ਤੇ ਕਿਹਾ ਕਿ ਪਲਾਨਿੰਗ ਡਿਪਾਰਟਮੈਂਟ ਵਿੱਚ ਅਨੁਵਾਦਕ ਦੀ ਪੋਸਟ ਖ਼ਾਲੀ ਹੋਈ ਹੈ ਤੇ ਤੂੰ ਵੀ ਉਸ ਲਈ ਦਰਖ਼ਾਸਤ ਦੇ। ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਮੈਂ ਵੀ ਅਰਜ਼ੀ ਦੇ ਦਿੱਤੀ। ਇੰਟਰਵਿਊ ਕਮੇਟੀ ਦੇ ਚੇਅਰਮੈਨ ਸ਼ੇਖ਼ ਸਾਹਿਬ ਹੀ ਸਨ। ਉਨ੍ਹਾਂ ਮੈਨੂੰ ਚੁਣ ਲਿਆ। ਜਦੋਂ ਡਿਪਟੀ ਚੀਫ਼ ਮਨਿਸਟਰ ਮਿਰਜ਼ਾ ਅਫ਼ਜ਼ਲ ਬੇਗ ਨੂੰ ਪੰਜਾਬੀ, ਡੋਗਰੀ ਤੇ ਕਸ਼ਮੀਰੀ ਬੋਲਣ ਵਾਲੇ ਪੀ.ਏ. ਦੀ ਲੋੜ ਸੀ ਤਾਂ ਸ਼ੇਖ਼ ਗੁਲਾਮ ਰਸੂਲ ਨੇ ਮੈਨੂੰ ਉਥੇ ਘੱਲ ਦਿੱਤਾ। ਸ਼ੇਖ਼ ਸਾਹਿਬ ਨੇ ਹੀ ਮੈਨੂੰ ਤਰੱਕੀ ਦੇ ਕੇ ਦਿਹਾਤ ਸੁਧਾਰ ਪਰਚੇ ਦਾ ਸੰਪਾਦਕ ਬਣਾਇਆ। ਉਨ੍ਹਾਂ ਨੇ ਹੀ ਮੈਨੂੰ ਬੀ.ਡੀ.ਓ. ਬਣਾਇਆ ਅਤੇ ਮੈਨੂੰ ਏ.ਸੀ.ਡੀ. ਵੀ ਉਨ੍ਹਾਂ ਹੀ ਨਿਯੁਕਤ ਕੀਤਾ। ਉਹ ਮੈਨੂੰ ਆਪਣੇ ਬੱਚਿਆਂ ਵਾਂਗ ਸਮਝਦੇ ਸਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਖ਼ਾਲਿਦ ਦਾ ਸਾਰਾ ਖਾਨਦਾਨ 1947 ਵਿੱਚ ਮਾਰ ਦਿੱਤਾ ਗਿਆ ਸੀ ਤੇ ਉਸਨੇ ਯਤੀਮੀ ਤੇ ਮਸਕੀਨੀ ਦੇ ਬਾਵਜੂਦ ਬੀ.ਏ. ਆਨਰਜ਼ ਕੀਤੀ ਤੇ ਪੱਤਰਕਾਰੀ ਦਾ ਡਿਪਲੋਮਾ ਵੀ ਹਾਸਿਲ ਕੀਤਾ। ਉਹ ਕਈ ਵਾਰ ਮੈਨੂੰ ਬੁਲਾ ਕੇ ਅਫ਼ਸਰਸ਼ਾਹੀ ਦੇ ਗੁਰ ਸਮਝਾਉਂਦੇ। ਜਦੋਂ ਉਹ ਜੰਮੂ-ਕਸ਼ਮੀਰ ਦੇ ਚੀਫ਼ ਸੈਕਟਰੀ ਬਣੇ ਤਾਂ ਉਨ੍ਹਾਂ ਮੇਰੀ ਇਨਡਕਸ਼ਨ "ਕਸ਼ਮੀਰ ਐਡਮਿਨਿਸਟਰੇਟਿਵ ਸਰਵਿਸ" ਵਿੱਚ ਕੀਤੀ ਅਤੇ ਮੈਨੂੰ ਡਿਪਟੀ ਡਾਇਰੈਕਟਰ ਐਸਟੇਟਸ ਜੰਮੂ ਲਾਇਆ। ਜੇ ਸੱਚ ਮੰਨੋਂ ਤਾਂ ਸ਼ੇਖ਼ ਗੁਲਾਮ ਰਸੂਲ ਸਾਹਿਬ ਮੇਰੇ ਗਾਡ ਫਾਦਰ ਸਨ ਤੇ ਮੈਨੂੰ ਧਰਤੀ ਤੋਂ ਅਰਸ਼ਾਂ ਤਕ ਪਹੁੰਚਾਉਣ ਵਾਲੇ ਇੱਕ ਫਰਿਸ਼ਤਾ। ਸ਼ੇਖ਼ ਸਾਹਿਬ ਧਾਰਮਿਕ ਰੀਤੀਆਂ ਨੂੰ ਪਾਲਣ ਵਾਲੇ ਵਿਅਕਤੀ ਹਨ, ਉਹ ਪੰਜ ਵਕਤ ਦੇ ਨਮਾਜ਼ੀ ਹਨ ਤੇ ਮੇਰੀ ਜਾਚੇ ਉਨ੍ਹਾਂ ਅੱਜ ਤਕ ਕੋਈ ਵੀ ਨਮਾਜ਼ ਕਜ਼ਾ ਨਹੀਂ ਕੀਤੀ। ਕੋਈ ਵੀ ਰੋਜ਼ਾ ਨਹੀਂ ਛੱਡਿਆ। ਆਪਣੀ ਨੌਕਰੀ ਦੇ ਦੌਰਾਨ ਉਨ੍ਹਾਂ ਕਦੇ ਵੀ ਹਿੰਦੂ, ਮੁਸਲਮਾਣ ਜਾਂ ਜੰਮੂ ਤੇ ਕਸ਼ਮੀਰ ਦੇ ਲੋਕਾਂ ਵਿੱਚ ਫਰਕ ਨਹੀਂ ਕੀਤਾ, ਹਰ ਇੱਕ ਦੀ ਮੱਦਦ ਕੀਤੀ। ਉਹ ਰਿਆਸਤ ਦੇ ਹਰ ਤਬਕੇ ਵਿੱਚ ਮਕਬੂਲ ਹਨ। ਮੈਂ ਅੱਜ ਜੋ ਕੁੱਝ ਵੀ ਹਾਂ, ਉਨ੍ਹਾਂ ਦੇ ਪੈਰਾਂ ਦੀ ਖ਼ਾਕ ਹਾਂ ਤੇ

ਅਜਿਹੀਆਂ ਸ਼ਖ਼ਸੀਅਤਾਂ ਦੁਨੀਆ ਵਿੱਚ ਬਹੁਤ ਘੱਟ ਪੈਦਾ ਹੁੰਦੀਆਂ ਹਨ, ਇਸ ਲਈ ਆਦਰਯੋਗ ਹੁੰਦੀਆਂ ਹਨ। ਅੱਜਕੱਲ੍ਹ ਉਹ ਕਾਨੂੰਨ ਸਾਜ ਕੌਂਸਲ ਦੇ ਮੈਂਬਰ ਹਨ। ਰੱਬ ਉਨ੍ਹਾਂ ਨੂੰ ਸਿਹਤ ਬਖਸ਼ੇ।

**ਮੌਲਾਨਾ ਮੁਹੰਮਦ ਸਈਅਦ ਮਸੂਦੀ:**

ਮਸੂਦੀ ਸਾਹਿਬ, ਸ਼ੇਖ਼ ਮੁਹੰਮਦ ਅਬਦੁੱਲਾ ਦੇ ਸਾਥੀ ਸਨ ਅਤੇ ਮਹਾਰਾਜਾ ਹਰੀ ਸਿੰਘ ਦੇ ਵਿਰੁੱਧ ਸੰਘਰਸ਼ ਸ਼ੁਰੂ ਕਰਨ ਵਾਲਿਆ ਵਿੱਚੋਂ ਇੱਕ ਅਜਿਹੇ ਮੁਜਾਹਿਦ ਸਨ ਜਿਨ੍ਹਾਂ ਇਸ ਤਹਿਰੀਕ ਨੂੰ ਚਲਾਉਣ ਵਿੱਚ ਸ਼ੇਖ਼ ਮੁਹੰਮਦ ਅਬਦੁੱਲਾ ਦਾ ਸਾਥ ਦਿੱਤਾ। 1931 ਵਿੱਚ ਜਦ ਮਹਾਰਾਜਾ ਦੇ ਖਿਲਾਫ ਸਿਆਸੀ ਤਹਿਰੀਕ ਸ਼ੁਰੂ ਹੋਈ ਤਾਂ ਆਮ ਲੋਕਾਂ ਦਾ ਕਹਿਣਾ ਸੀ ਕਿ ਮੌਲਾਨਾ ਮਸੂਦੀ ਅਤੇ ਮਿਰਜ਼ਾ ਅਫ਼ਜ਼ਲ ਬੇਗ, ਸ਼ੇਖ਼ ਸਾਹਿਬ ਦੀਆਂ ਦੋ ਬਾਹਵਾਂ ਹਨ ਅਤੇ ਉਨ੍ਹਾਂ ਦਾ ਸਿਆਸੀ ਦਿਮਾਗ ਵੀ। ਤੇ ਇਹ ਗੱਲ ਸੱਚ ਵੀ ਸੀ। ਮੌਲਾਨਾ ਮਸੂਦੀ ਗ਼ੈਰ ਕਸ਼ਮੀਰੀ ਸਨ ਤੇ ਪੋਠੋਹਾਰੀ (ਪਹਾੜੀ) ਬੋਲਣ ਵਾਲੇ ਵਿਅਕਤੀ ਸਨ। ਉਹ ਕਰਨਾਹ ਦੇ ਰਹਿਣ ਵਾਲੇ ਸਨ, ਤੇ ਜਿਨਾਂ ਗ਼ੈਰ ਕਸ਼ਮੀਰੀਆਂ ਨੇ ਮਹਾਰਾਜਾ ਦੇ ਖਿਲਾਫ ਬਗਾਵਤ ਵਿੱਚ ਹਿੱਸਾ ਲਿਆ, ਉਨ੍ਹਾਂ ਵਿੱਚ ਮਸੂਦੀ ਸਾਹਿਬ ਉਚੱ ਪੱਧਰ ਦੇ ਲੀਡਰ ਸਨ। ਜਦੋਂ ਸ਼ੇਖ਼ ਸਾਹਿਬ ਨੇ ਪੰਡਿਤ ਨਹਿਰੂ ਦੇ ਕਹਿਣ 'ਤੇ ਮੁਸਲਿਮ ਕਾਨਫਰੰਸ ਨੂੰ ਨੈਸ਼ਨਲ ਕਾਨਫਰੰਸ ਵਿੱਚ ਬਦਲਿਆ ਤਾਂ ਉਹ ਨੈਸ਼ਨਲ ਕਾਨਫਰੰਸ ਦੇ ਜਨਰਲ ਸਕੱਤਰ ਬਣਾਏ ਗਏ। ਨੈਸ਼ਨਲ ਕਾਨਫਰੰਸ ਦਾ ਪਾਰਟੀਗਾਨ ਵੀ ਉਨ੍ਹਾਂ ਨੇ ਹੀ ਲਿਖਿਆ ਸੀ ਜਿਸਦੇ ਬੋਲ ਸਨ,

"ਲਹਿਰਾ ਐ ਕਸ਼ਮੀਰ ਕੇ ਝੰਡੇ,
ਤਿੱਫਲ-ਓ-ਜਵਾਨ-ਓ-ਪੀਰ ਕੇ ਝੰਡੇ
ਹਰ ਸੂ ਲਹਿਰਾ ਹਰਦਮ ਲਹਿਰਾ.....।

ਜਦ 1953 ਵਿੱਚ ਸ਼ੇਖ਼ ਸਾਹਿਬ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਮੌਲਾਨਾ ਮਸੂਦੀ ਨੂੰ ਵੀ ਕੈਦ ਕਰ ਲਿਆ ਗਿਆ ਸੀ ਤੇ ਉਨ੍ਹਾਂ ਵੀ ਸ਼ੇਖ਼ ਸਾਹਿਬ ਦੇ ਬਾਕੀ ਸਾਥੀਆਂ ਵਾਂਗ 20 ਸਾਲ ਜੇਲ੍ਹ ਵਿੱਚ ਕੱਟੇ। 1964 ਵਿੱਚ ਪੰਡਿਤ ਨਹਿਰੂ ਨੇ ਸ਼ੇਖ਼ ਅਬਦੁੱਲਾ ਨੂੰ ਪਾਕਿਸਤਾਨ ਦੇ ਰਾਸ਼ਟਰਪਤੀ ਫੀਲਡ ਮਾਰਸ਼ਲ ਆਯੂਬ ਖ਼ਾਨ ਨਾਲ ਗੱਲਬਾਤ ਕਰਨ ਰਾਵਲਪਿੰਡੀ (ਪਾਕਿਸਤਾਨ) ਘੱਲਿਆ ਸੀ ਤਾਂ ਮਿਰਜ਼ਾ ਅਫਜ਼ਲ ਬੇਗ ਅਤੇ ਮੌਲਾਨਾ ਮਸੂਦੀ ਉਨ੍ਹਾਂ ਦੇ ਵਫਦ ਵਿੱਚ ਸ਼ਾਮਿਲ ਸਨ। ਮੌਲਾਨਾ ਮਸੂਦੀ ਨੂੰ ਸ਼ੇਖ਼ ਸਾਹਿਬ ਦੇ ਕਈ ਕਰੀਬੀ ਸਾਥੀ ਜਿਨ੍ਹਾਂ ਵਿੱਚ ਮਿਰਜ਼ਾ ਅਫ਼ਜ਼ਲ ਬੇਗ ਅਤੇ ਸ਼ੇਖ਼ ਸਾਹਿਬ ਦੇ ਜਵਾਈ ਗੁਲ ਸ਼ਾਹ ਪਸੰਦ ਨਹੀਂ ਸਨ ਕਰਦੇ, ਇਸ ਲਈ ਉਹ ਰਾਜਨੀਤੀ ਤੋਂ ਕਿਨਾਰਾ ਕਰਕੇ ਆਪਣੇ ਘਰ ਗਾਂਦਰਬਲ ਆ ਗਏ ਸਨ, ਪਰ ਜਦ ਵੀ ਕਦੇ ਸ਼ੇਖ਼ ਸਾਹਿਬ ਜਾਂ ਉਨ੍ਹਾਂ ਦੀ ਜਮਾਤ ਨੈਸ਼ਨਲ ਕਾਨਫਰੰਸ ਕਿਸੇ ਸੰਕਟ ਵਿੱਚ ਫਸਦੀ ਤਾਂ

ਉਨ੍ਹਾਂ ਕੋਲੋਂ ਸੰਕਟ ਦੇ ਹੱਲ ਲਈ ਸਲਾਹ ਮਸ਼ਵਰਾ ਜ਼ਰੂਰ ਲੈਂਦੇ। 1977 ਵਿੱਚ ਮੌਲਾਨਾ ਮਸੂਦੀ ਨੇ ਆਪਣੀ ਸਿਆਸੀ ਜ਼ਿੰਦਗੀ ਦਾ ਸਭ ਤੋਂ ਗਲਤ ਫੈਸਲਾ ਕੀਤਾ ਤੇ ਉਸ ਅਖਾਣ ਨੂੰ ਸਹੀ ਸਾਬਤ ਕਰ ਦਿੱਤਾ ਕਿ, 'ਸਿਆਣਾ ਕਾਂ ਢੇਰ 'ਤੇ ਜਾ ਬਹਿੰਦਾ ਹੈ'। ਉਨ੍ਹਾਂ ਨੂੰ ਕੇਂਦਰੀ ਮੰਤਰੀ ਚਰਨ ਸਿੰਘ ਅਤੇ ਜਗਜੀਵਨ ਰਾਮ ਨੇ ਮਜਬੂਰ ਕਰਕੇ ਮੁੜ ਰਾਜਨੀਤੀ ਵਿੱਚ ਲਿਆਂਦਾ ਤੇ ਜੰਮੂ-ਕਸ਼ਮੀਰ ਵਿੱਚ ਜਨਤਾ ਪਾਰਟੀ ਦਾ ਪ੍ਰਧਾਨ ਨਿਯੁਕਤ ਕੀਤਾ ਤੇ ਸ਼ੇਖ਼ ਸਾਹਿਬ ਦੇ ਖਿਲਾਫ ਚੋਣਾਂ ਵਿੱਚ ਖੜਾ ਕਰ ਦਿੱਤਾ। ਮਸੂਦੀ ਸਾਹਿਬ ਨੇ ਤਾਂ ਆਪ ਚੋਣ ਨਹੀਂ ਲੜੀ, ਪਰ ਜਨਤਾ ਪਾਰਟੀ ਦੇ ਸਾਰੇ ਉਮੀਦਵਾਰ ਚੋਣਾਂ ਹਾਰ ਗਏ। ਸ਼ੇਖ਼ ਸਾਹਿਬ ਦੋ ਤਿਹਾਈ ਤੋਂ ਵੀ ਵੱਧ ਵੋਟਾ ਲੈ ਕੇ ਬਹੁ-ਗਿਣਤੀ ਨਾਲ ਚੋਣ ਜਿੱਤ ਕੇ ਮੁੱਖ ਮੰਤਰੀ ਬਣ ਗਏ। ਪਰ ਫਿਰ ਸ਼ੇਖ਼ ਸਾਹਿਬ ਮਰਦੇ ਦਮ ਤਕ ਮਸੂਦੀ ਸਾਹਿਬ ਨਾਲ ਨਹੀਂ ਸਨ ਬੋਲੇ ਤੇ ਦੋਵਾਂ ਵਿਚਕਾਰ ਵਿੱਥ ਵਧਦੀ ਗਈ। ਪਰ ਜਦ ਇੰਦਰਾ ਗਾਂਧੀ ਨੇ ਡਾ. ਫਾਰੂਕ ਅਬਦੁੱਲਾ ਦੀ ਸਰਕਾਰ ਨੂੰ ਗਵਰਨਰ ਜਗਮੋਹਨ ਰਾਹੀਂ ਬਰਖਾਸਤ ਕਰਵਾਇਆ ਤਾਂ ਉਸ ਵੇਲੇ ਡਾ. ਫਾਰੂਕ ਅਬਦੁੱਲਾ ਨੂੰ ਲੈ ਕੇ ਉਨ੍ਹਾਂ ਦੀ ਮਾਂ ਬੇਗਮ ਅਕਬਰ ਜਹਾਂ (ਮਾਦਰ-ਏ-ਮੇਹਰਬਾਨ), ਮਸੂਦੀ ਸਾਹਿਬ ਕੋਲ ਗਾਂਦਰਬਲ ਉਨ੍ਹਾਂ ਦੇ ਘਰ ਗਈ ਸੀ ਤੇ ਮਸੂਦੀ ਸਾਹਿਬ ਨੂੰ ਭੁੱਲ ਚੁਕ ਮਾਫ ਕਰਦਿਆਂ ਹੋਇਆਂ ਫਾਰੂਕ ਸਾਹਿਬ ਨੂੰ ਨਸੀਹਤ ਕਰਨ ਲਈ ਕਿਹਾ ਸੀ। ਤਦ ਮੌਲਾਨਾ ਮਸੂਦੀ ਨੇ ਫਾਰੂਕ ਅਬਦੁੱਲਾ ਸਾਹਿਬ ਨੂੰ ਇਹ ਸ਼ਬਦ ਕਹੇ ਸਨ, "ਜਦੋਂ 1953 ਵਿੱਚ ਸ਼ੇਖ਼ ਮੁਹੰਮਦ ਅਬਦੁੱਲਾ ਦੀ ਸਰਕਾਰ ਨੂੰ ਖਤਮ ਕਰਕੇ ਸ਼ੇਖ਼ ਸਾਹਿਬ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਉਸ ਵਕਤ ਲੋਕ ਸਭਾ ਵਿੱਚ ਦੋ ਮੈਂਬਰਾਂ ਨੇ ਸ਼ੇਖ਼ ਸਾਹਿਬ ਦੇ ਹੱਕ ਵਿੱਚ ਬੋਲਿਆ ਸੀ- ਇੱਕ ਮੈਂ ਤੇ ਦੂਜਾ ਅਸ਼ੋਕ ਮਹਿਤਾ। ਪਰ ਅੱਜ ਜਦ ਤੇਰੀ ਸਰਕਾਰ ਨੂੰ, ਗੈਰ-ਕਾਨੂੰਨੀ ਤੇ ਸੰਵਿਧਾਨ ਦੇ ਵਿਰੁੱਧ ਜਾ ਕੇ, ਬਰਖਾਸਤ ਕੀਤਾ ਹੈ ਤਾਂ ਲੋਕ ਸਭਾ ਵਿੱਚ ਤੇਰੀ ਸਰਕਾਰ ਦੇ ਹੱਕ ਵਿੱਚ 147 ਮੈਂਬਰਾਂ ਨੇ ਕੇਂਦਰੀ ਸਰਕਾਰ ਦੇ ਖਿਲਾਫ ਆਵਾਜ਼ ਉਠਾਈ ਹੈ। ਇਸ ਲਈ ਮੇਰੀ ਤੈਨੂੰ ਇਹੋ ਮੱਤ ਹੈ ਕਿ ਇਸ ਟੈਂਪੋ (ਲਹਿਰ) ਨੂੰ ਬਰਕਰਾਰ ਰੱਖੀਂ। ਇਹ ਗੱਲ ਮੈਨੂੰ ਮਸੂਦੀ ਸਾਹਿਬ ਨੇ ਆਪ ਸੁਣਾਈ ਸੀ, ਜਦ ਮੈਂ ਉਨ੍ਹਾਂ ਨੂੰ 1985 ਵਿੱਚ ਮਿਲਣ ਲਈ ਉਨ੍ਹਾਂ ਦੇ ਘਰ ਗਾਂਦਰਬਲ ਗਿਆ ਸਾਂ। ਇੱਕ ਫੂੜੀ 'ਤੇ ਬੈਠਾ ਹੋਇਆ ਦਰਵੇਸ਼ ਜਿਹਾ ਮਨੁੱਖ, ਉਨੇ ਦਾ ਲੰਬਾ ਚੋਲਾ ਪਾਈ (ਕਸ਼ਮੀਰੀ ਫਿਰਨ) ਮੈਨੂੰ ਸ਼ੇਖ਼ ਸਾਹਿਬ, ਬੇਗ ਸਾਹਿਬ, ਗੁਲਾਮ ਮੁਹੰਮਦ ਸਾਦਿਕ, ਸ਼ਾਮ ਲਾਲ ਸਰਾਫ, ਦੁਰਗਾ ਪ੍ਰਸਾਦ ਧਰ ਤੇ ਬਖਸ਼ੀ ਗੁਲਾਮ ਮੁਹੰਮਦ ਦੀਆਂ ਕੂੜ ਕਹਾਣੀਆਂ ਸੁਣਾ ਰਿਹਾ ਸੀ। ਉਹ ਕਸ਼ਮੀਰ ਦੀ ਆਜ਼ਾਦੀ ਦੇ ਸੰਘਰਸ਼ ਦਾ ਇੱਕ ਜੀਊਂਦਾ ਜਾਗਦਾ ਪਾਤਰ ਸੀ। ਪਰ ਉਸਨੇ ਕਸ਼ਮੀਰ ਮਸਲੇ ਬਾਰੇ ਜਾਂ ਆਪਣੇ ਸਾਥੀਆਂ ਬਾਰੇ ਕੁੱਝ ਵੀ ਨਹੀਂ ਲਿਖਿਆ, ਜਦਕਿ ਉਹ ਇੱਕ ਵਧੀਆ ਲੇਖਕ ਸੀ, ਇਹ ਗੱਲ

ਮੇਰੀ ਸਮਝ ਤੋਂ ਬਾਹਰ ਹੈ।

**ਤਾਜ ਮੁਹੀ-ਉ-ਦੀਨ:**

ਤਾਜ ਮੇਰੇ ਬਚਪਨ ਦਾ ਜਿਗਰੀ ਦੋਸਤ ਹੈ। ਤਾਜ ਦੇ ਪਿਤਾ ਚੌਧਰੀ ਖੁਦਾ ਬਖ਼ਸ਼, ਰਿਆਸਤ ਜੰਮੂ-ਕਸ਼ਮੀਰ ਦੀ ਫੌਜ ਦੇ ਚੀਫ ਆਫ ਆਰਮੀ ਸਟਾਫ ਸਨ। ਉਨ੍ਹਾਂ ਦੇ ਵੱਡ-ਵਡੇਰੇ ਪੰਜਾਬ ਦੀ ਤਹਿਸੀਲ ਸ਼ਕਰਗੜ੍ਹ ਦੇ ਰਹਿਣ ਵਾਲੇ ਸਨ, ਜਿਥੇ ਉਹ ਚੱਕਦਾਰ ਸਨ ਤੇ ਹਜ਼ਾਰਾਂ ਕਿਲ੍ਹੇ ਜ਼ਮੀਨ ਦੇ ਮਾਲਿਕ। ਚੌਧਰੀ ਖੁਦਾ ਬਖ਼ਸ਼ ਸਾਹਿਬ ਦੇ ਪਿਤਾ ਨੇ ਕਠੂਏ ਵਿਚ ਇੱਕ ਪੂਰਾ ਚੱਕ ਖਰੀਦਿਆ ਸੀ ਤੇ ਉਥੇ ਆ ਕੇ ਰਹਿਣ ਲੱਗੇ। ਉਸ ਚੱਕ ਦਾ ਨਾਂ "ਚੱਕ ਸੋਨਾ ਨੂਪਾ" ਸੀ ਤੇ ਅੱਜ ਦੇ ਡਿਪਟੀ ਕਮਿਸ਼ਨਰ ਦਾ ਦਫਤਰ, ਡਿਗਰੀ ਕਾਲਜ, ਪੁਲਿਸ ਕਮਿਸ਼ਨਰ ਦਾ ਦਫਤਰ, ਕਾਲੀ ਬੜੀ ਤੇ ਉਸਦੇ ਪਾਰ ਦਾ ਸਾਰਾ ਇਲਾਕਾ ਇਨ੍ਹਾਂ ਦੀ ਮਲਕੀਯਤ ਸੀ। ਚੌਧਰੀ ਖੁਦਾ ਬਖ਼ਸ਼ ਸਟੇਟ ਆਰਮੀ ਵਿਚ ਲੈਫਨੀਨੈਂਟ ਭਰਤੀ ਹੋਏ ਤੇ ਜਦ ਉਹ ਕਰਨਲ ਬਣੇ ਤਾਂ ਦੂਜੀ ਆਲਮੀ ਜੰਗ ਵਿਚ ਹਿੱਸਾ ਲੈਣ ਲਈ ਆਪਣੀ ਬਟਾਲੀਅਨ ਨਾਲ ਮਿਸਰ ਤੇ ਇਰਾਕ ਗਏ, ਜਿਥੇ ਉਨ੍ਹਾਂ ਦਾ ਕਮਾਂਡਰ ਜਨਰਲ ਮਿੰਟ ਗੁਮਰੀ ਸੀ। ਉਨ੍ਹਾਂ ਨੂੰ ਆਨਰ ਆਫ ਬ੍ਰਿਟਿਸ਼ ਇਮਪਾਇਰ ਮਿਲਿਆ, ਖਾਨ ਬਹਾਦੁਰ ਦਾ ਖਿਤਾਬ ਮਿਲਿਆ ਤੇ ਮੁਲਤਾਨ ਵਿਚ ਅੰਗਰੇਜ਼ੀ ਸਰਕਾਰ ਵੱਲੋਂ ਜਗੀਰ ਵੀ ਮਿਲੀ। ਉਹ ਬ੍ਰਿਗੇਡੀਅਰ ਬਣੇ ਤੇ ਫਿਰ ਸਟੇਟ ਆਰਮੀ ਦੇ ਚੀਫ ਵਜੋਂ ਰਿਟਾਇਰਡ ਹੋਏ। ਉਨ੍ਹਾਂ ਦੀ ਸ਼ਾਦੀ ਕਸ਼ਮੀਰ ਦੇ ਇੱਕ ਵੱਡੇ ਘਰਾਣੇ ਵਿਚ ਹੋਈ ਤੇ ਉਨ੍ਹਾਂ ਦੀ ਬੀਵੀ ਨੇ ਬਾਰ੍ਹਾਂ ਬੱਚਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਵਿਚ ਤਾਜ ਮੁਹੀ-ਉ-ਦੀਨ ਛੇਵਾਂ ਬੱਚਾ ਸੀ। ਚੌਧਰੀ ਖੁਦਾ ਬਖ਼ਸ਼ ਸਾਹਿਬ ਦੀ ਕਸ਼ਮੀਰ ਵਿਚ ਵੀ ਬੜੀ ਜਾਇਦਾਦ ਸੀ, ਜਿਸ ਕਾਰਨ ਤਾਜ ਦਾ ਬਚਪਨ ਤੇ ਜਵਾਨੀ ਖੁਸ਼ਹਾਲੀ ਵਿਚ ਗੁਜ਼ਰੀ। ਸ੍ਰੀਨਗਰ ਵਿਚ ਅਸੀਂ ਤਾਜ ਸਾਹਿਬ ਦੇ ਗੁਆਂਢੀ ਸਾਂ ਤੇ ਕਮੇਟੀ ਬਾਗ ਵਿਚ 'ਕੱਠੇ ਖੇਡਦੇ ਸਾਂ। ਅਸੀਂ ਦੋਵੇਂ ਬੜੇ ਸ਼ਰਾਰਤੀ ਸਾਂ। ਤਾਜ ਬਚਪਨ ਵਿਚ ਵੀ ਆਪਣੇ ਜੇਬ ਖ਼ਰਚ ਵਿਚੋਂ ਮੈਨੂੰ ਖੁਵਾਉਂਦਾ ਪਿਉਂਦਾ ਸੀ ਤੇ ਜਵਾਨੀ ਵਿਚ ਵੀ। ਅਸੀਂ ਰੈਜ਼ੀਡੈਂਸੀ ਰੋਡ 'ਤੇ ਬਣੇ ਇੰਡੀਆ ਕੌਫੀ ਹਾਊਸ ਵਿਚ ਜਾਂਦੇ ਤੇ ਤਾਜ ਮੈਨੂੰ ਤੇ ਬਾਕੀ ਦੋਸਤਾਂ ਨੂੰ ਅਕਸਰ ਕੌਫੀ ਪਿਆਉਂਦਾ ਸਗੋਂ ਕਈ ਵਾਰ ਨਾਲ ਦੇ ਆਹਦੂ ਹੋਟਲ ਵਿਚ ਖਾਣਾ ਵੀ ਖੁਵਾਉਂਦਾ। ਤਾਜ ਹਮੇਸ਼ਾ ਅਮੀਰੀ ਠਾਠ ਵਿਚ ਰਹਿੰਦਾ, ਪਰ ਦੋਸਤਾਂ ਨੂੰ ਕਦੀ ਨੀਵਾਂ ਨਹੀਂ ਸਮਝਦਾ। ਉਹਨੇ ਕਦੇ ਕਿਸੇ ਦੀ ਬਦਖੋਈ ਨਹੀਂ ਕੀਤੀ। ਤਾਜ ਉਨ੍ਹਾਂ ਦਿਨਾਂ ਵਿਚ ਫਰਨੀਚਰ ਬਣਾਉਣ ਦੀ ਫੈਕਟਰੀ ਚਲਾਉਂਦਾ ਸੀ। ਆਮਦਨ ਚੰਗੀ ਸੀ, ਉਪਰੋਂ ਬਾਗ਼ਾਂ ਤੇ ਦੁਕਾਨਾਂ ਦੇ ਕਿਰਾਏ ਵੀ ਆਉਂਦੇ ਸਨ, ਇਸ ਲਈ ਬੇ-ਫਿਕਰੀ ਤੇ ਮਸਤੀ ਦਾ ਦੌਰ ਸੀ। ਇੱਕ ਦਿਨ ਤਾਜ ਕਹਿਣ ਲੱਗਾ ਕਿ ਮੈਂ ਸਿਆਸਤ ਵਿਚ ਪੈਰ ਪਾਉਣ ਲੱਗਾ ਹਾਂ ਤੇ ਮੇਰੀ ਗੱਲਬਾਤ ਭਾਰਤੀ ਮੁਸਲਿਮ ਲੀਗ ਦੇ ਚੀਫ

ਨਾਲ ਚੱਲ ਰਹੀ ਹੈ। ਉਹ ਮੈਨੂੰ ਜੰਮੂ-ਕਸ਼ਮੀਰ ਮੁਸਲਿਮ ਲੀਗ ਦਾ ਪ੍ਰਧਾਨ ਬਣਾਉਣ ਲਈ ਤਿਆਰ ਹਨ। ਫਿਰ ਇੱਕ ਦਿਨ ਉਸਨੇ ਇੰਡੀਆ ਕੌਫੀ ਹਾਊਸ ਵਿੱਚ ਟਾਈਮਸ ਆਫ ਇੰਡੀਆ ਅਖ਼ਬਾਰ ਸਾਨੂੰ ਦੱਸੀ, ਜਿਸ ਵਿੱਚ ਤਾਜ ਦੇ ਮੁਸਲਿਮ ਲੀਗ ਵਿੱਚ ਦਾਖਿਲ ਹੋਣ ਦੀ ਖ਼ਬਰ ਛਪੀ ਸੀ। ਪਰ ਛੇਤੀ ਹੀ ਤਾਜ ਨੂੰ ਸਮਝ ਆ ਗਈ ਕਿ ਮੁਸਲਿਮ ਲੀਗ ਦਾ ਕਰੇਲਾ ਕਸ਼ਮੀਰ ਦੀ ਸਿਆਸੀ ਹਾਂਡੀ ਵਿੱਚ ਨਹੀਂ ਪੱਕ ਸਕਦਾ। ਉਸਨੇ ਕਾਂਗਰਸ ਵਿੱਚ ਸ਼ਮੂਲੀਅਤ ਇਖ਼ਤਿਆਰ ਕਰ ਲਈ ਤੇ ਹੌਲੀ-ਹੌਲੀ ਪਰਦੇਸ਼ ਕਾਂਗਰਸ ਦੀ ਧੂੰਨੀ ਵਿੱਚ ਜਾ ਵੜਿਆ। ਦਿੱਲੀ ਵਿੱਚ ਉਸਨੇ ਆਪਣੇ ਗੁੱਜਰ ਭਰਾ ਰਾਜੇਸ਼ ਪਾਇਲਟ ਨਾਲ ਯਾਰੀ ਲਾ ਲਈ ਜਿਹੜਾ, ਉਸ ਵੇਲੇ ਕਾਂਗਰਸ ਦੀ ਕੇਂਦਰੀ ਸਰਕਾਰ ਦਾ ਗ੍ਰਹਿ ਮੰਤਰੀ ਸੀ। ਕਸ਼ਮੀਰ ਵਿੱਚ ਮਿਲੀਟੈਂਸੀ ਦੇ ਕੀੜੇ ਰੁੱਡਾਂ ਵਿਚੋਂ ਬਾਹਰ ਆਉਣਾ ਸ਼ੁਰੂ ਹੋ ਗਏ ਸਨ। ਹਵਾ ਦਾ ਰੁਖ਼ ਤਬਦੀਲ ਹੋ ਰਿਹਾ ਸੀ, ਆਜ਼ਾਦੀ ਦੇ ਨਾਅਰੇ ਵੱਜਣ ਲੱਗੇ ਸਨ। ਕਸ਼ਮੀਰੀ ਪੰਡਿਤ ਤੇ ਹਿੰਦ ਨਵਾਜ਼ ਮੁਸਲਮਾਨ ਕਸ਼ਮੀਰ ਵਿਚੋਂ ਨੱਠ-ਭੱਜ ਗਏ ਸਨ, ਪਰ ਤਾਜ ਨੇ ਉਨ੍ਹਾਂ ਹਾਲਾਤ ਵਿੱਚ ਵੀ ਕਸ਼ਮੀਰ ਨਹੀਂ ਛੱਡਿਆ ਤੇ ਉਥੇ ਰਹਿ ਕੇ ਕੱਲਮ-ਕੱਲਿਆਂ ਕਾਂਗਰਸ ਜਮਾਤ ਨੂੰ ਚਲਾਉਂਦਾ ਰਿਹਾ। ਉਸ ਉਪੱਰ ਖਾੜਕੂਆਂ ਨੇ ਕਈ ਹਮਲੇ ਕੀਤੇ, ਉਸਤੇ ਗ੍ਰਨੇਡ ਸੁੱਟੇ, ਉਸਦੇ ਘਰ ਨੂੰ ਉਡਾਉਣ ਦੀ ਕੋਸ਼ਿਸ਼ ਕੀਤੀ, ਕਈ ਵਾਰ ਉਸਤੇ ਗੋਲੀਆਂ ਚਲਾਈਆਂ, ਪਰ ਜਾ ਕੋ ਰਾਖੇ ਸਾਂਈਆਂ ਮਾਰ ਸਕੇ ਨਾ ਕੋਏ। ਤਾਜ ਹਰ ਹਮਲੇ ਵਿੱਚ ਬਚ ਜਾਂਦਾ ਤੇ ਉਸਦਾ ਵਿਸ਼ਵਾਸ ਹੋਰ ਪੱਕਾ ਹੁੰਦਾ। ਉਹ ਪਹਿਲਾਂ ਨਾਲੋਂ ਵਧ ਕੇ ਕੰਮ ਕਰਦਾ। ਦੂਰ-ਦਰਾਜ਼ ਇਲਾਕਿਆਂ ਵਿੱਚ ਜਾ ਕੇ ਕਾਂਗਰਸ ਦੇ ਜਲਸੇ ਕਰਦਾ ਤੇ ਲੋਕਾਂ ਨੂੰ ਸਮਝਾਉਂਦਾ ਕਿ ਉਗਰਵਾਦ ਵੱਡੀ ਤਬਾਹੀ ਮਚਾਉਂਦਾ ਹੈ। ਉਗਰਵਾਦ ਘਰ ਉਜਾੜਦਾ ਹੈ, ਜ਼ਿੰਦਗੀ ਨੂੰ ਖਤਮ ਕਰਦਾ ਹੈ, ਇਸ ਲਈ ਉਗਰਵਾਦੀਆਂ ਦਾ ਸਾਥ ਨਾ ਦਿਓ। ਉਹ ਲੋਕਾਂ ਨੂੰ ਕਹਿੰਦਾ ਕਿ ਉਨ੍ਹਾਂ ਦਾ ਭਵਿੱਖ ਭਾਰਤ ਨਾਲ ਜੁੜਿਆ ਹੈ। ਭਾਰਤ ਨਾਲ ਰਹਿ ਕੇ ਜੰਮੂ-ਕਸ਼ਮੀਰ ਹਰ ਖੇਤਰ ਵਿੱਚ ਤਰੱਕੀ ਕਰ ਰਿਹਾ ਹੈ, ਇਸ ਲਈ ਪਾਕਿਸਤਾਨੀ ਪਰਾਪੇਗੰਡੇ ਵੱਲ ਨਾ ਜਾਓ ਤੇ ਆਪਣੀਆਂ ਜਾਨਾਂ ਨਾ ਗਵਾਓ। ਉਸਦੇ ਜਲਸਿਆਂ ਵਿੱਚ ਹੌਲੀ-ਹੌਲੀ ਦਿੱਲੀ ਤੋਂ ਕਾਂਗਰਸੀ ਲੀਡਰ ਵੀ ਸ਼ਾਮਿਲ ਹੋਣ ਲੱਗੇ। ਕਈ ਵਾਰੀ ਰਾਜੇਸ਼ ਪਾਇਲਟ ਤੇ ਹੋਰ ਕੇਂਦਰੀ ਮੰਤਰੀ ਉੜੀ, ਕੁਪਵਾੜਾ ਤੇ ਕਰਨਾਹ ਦੇ ਜਲਸਿਆਂ ਵਿੱਚ ਸ਼ਾਮਿਲ ਹੁੰਦੇ। ਇੰਝ ਤਾਜ ਨੇ ਕਸ਼ਮੀਰ ਵਿੱਚ ਭਾਰਤ ਦਾ ਝੰਡਾ ਉਸ ਵੇਲੇ ਚੜ੍ਹਾਈ ਰੱਖਿਆ, ਜਦ ਭਾਰਤ ਮਾਤਾ ਦੇ ਵੱਡੇ-ਵੱਡੇ ਸਪੂਤ ਕਸ਼ਮੀਰ ਛੱਡ ਕੇ ਭੱਜ ਗਏ ਸਨ। ਤਾਜ ਨੇ ਕਸ਼ਮੀਰ ਵਿੱਚ ਮੁਰਦਾ ਕਾਂਗਰਸ ਨੂੰ ਜ਼ਿੰਦਾ ਕੀਤਾ ਤੇ ਸਿਆਸੀ ਗਤੀਵਿਧੀਆਂ ਸ਼ੁਰੂ ਕੀਤੀਆਂ। ਤਾਜ ਨੇ ਪਾਰਲੀਮੈਂਟ ਦਾ ਇਲੈਕਸ਼ਨ ਅਨੰਤਨਾਗ ਤੋਂ ਲੜਿਆ, ਪਰ ਇਖ਼ਵਾਨੀ (ਸਰਕਾਰੀ ਮਿਲੀਟੈਂਟ) ਨੇ ਦਹਿਸ਼ਤ ਫੈਲਾ ਕੇ ਕਾਂਗਰਸੀਆਂ ਨੂੰ ਵੋਟ ਨਹੀਂ

ਪਾਉਣ ਦਿੱਤੀ ਤੇ ਮਕਬੂਲ ਡਾਰ ਨੂੰ ਜਿੱਤਣ ਦਿੱਤਾ, ਜਿਹੜਾ ਬਾਅਦ ਵਿੱਚ ਉਸ ਵੇਲੇ ਦੀ ਕੇਂਦਰੀ ਸਰਕਾਰ ਵਿੱਚ ਉਪ ਗ੍ਰਹਿ ਮੰਤਰੀ ਵੀ ਰਿਹਾ। ਤਾਜ ਨੇ 1996 ਵਿੱਚ ਕਾਂਗਰਸ ਦੀ ਟਿਕਟ 'ਤੇ ਊੜੀ ਸੀਟ ਤੇ ਇਲੈਕਸ਼ਨ ਲੜਿਆ, ਪਰ ਹਾਰ ਗਿਆ। ਹਾਰਨ ਮਗਰੋਂ ਤਾਜ ਪੱਕੀ ਪੈਰੀਂ ਊੜੀ ਵਿੱਚ ਰਹਿਣ ਲੱਗਾ। ਉਹਨੇ ਉਥੇ ਆਪਣਾ ਮਕਾਨ ਬਣਾਇਆ, ਲੋਕਾਂ ਦੇ ਕੰਮ ਕਰਵਾਏ ਤੇ 2002 ਦੀਆਂ ਚੋਣਾਂ ਵਿੱਚ ਮੁੜ ਕਾਂਗਰਸ ਦੀ ਟਿਕਟ 'ਤੇ ਊੜੀ ਤੋਂ ਲੜਿਆ ਤੇ ਕਾਮਯਾਬੀ ਹਾਸਿਲ ਕੀਤੀ ਤੇ ਚੋਣਾਂ ਮਗਰੋਂ ਕਾਂਗਰਸ ਤੇ ਪੀ.ਡੀ.ਪੀ. ਪਾਰਟੀ ਦੀ ਮਿਲੀ-ਜੁਲੀ ਸਰਕਾਰ ਵਿੱਚ ਉਹ ਮੰਤਰੀ ਬਣਿਆ। ਮੰਤਰੀ ਬਣਦਿਆਂ ਸਾਰ ਹੀ ਉਸਨੇ ਸਭ ਤੋਂ ਪਹਿਲਾਂ ਮੈਨੂੰ ਬੁਲਾਇਆ। ਮੈਂ ਉਸਦਾ ਸਾਰਾ ਸਟਾਫ਼ ਆਪ ਚੁਣਿਆ, ਉਸਨੇ ਮੈਨੂੰ ਵੀ ਆਪਣੇ ਮਹਿਕਮੇ ਵਿੱਚ ਸਪੈਸ਼ਲ ਸੈਕਟਰੀ ਨਿਯੁਕਤ ਕਰਵਾਇਆ। 2008 ਵਿੱਚ ਉਹ ਦੁਬਾਰਾ ਊੜੀ ਤੋਂ ਕਾਮਯਾਬ ਹੋਇਆ ਤੇ ਫਿਰ ਮੰਤਰੀ ਬਣਿਆ, ਪਰ ਉਹ ਹਮੇਸ਼ਾ ਜ਼ਮੀਨ ਨਾਲ ਜੁੜਿਆ ਰਿਹਾ ਤੇ ਯਾਰਾਂ ਨਾਲ ਦੋਸਤੀ ਨਿਭਾਉਂਦਾ ਰਿਹਾ। ਤਾਜ ਮੇਰਾ ਔਖੇ-ਸੌਖੇ ਵੇਲੇ ਦਾ ਯਾਰ ਹੈ। ਉਹ ਮੇਰੇ 'ਤੇ ਪੂਰਾ ਭਰੋਸਾ ਕਰਦਾ ਹੈ, ਮੈਂ ਉਸਦਾ ਰਾਜ਼ਦਾਰ ਹਾਂ ਤੇ ਉਹ ਮੇਰਾ। ਜ਼ਿੰਦਗੀ ਦਾ ਹਰ ਵੱਡਾ ਫੈਸਲਾ ਅਸਾਂ ਇੱਕ ਦੂਜੇ ਦੇ ਮਸ਼ਵਰੇ ਨਾਲ ਕੀਤਾ ਹੈ। ਅਜਿਹੇ ਯਾਰ ਕਿਸਮਤ ਨਾਲ ਹੀ ਮਿਲਦੇ ਹਨ। ਰੱਬ ਤਾਜ ਨੂੰ ਸਿਹਤ ਤੇ ਤੰਦਰੁਸਤੀ ਦੇਵੇ, ਬਾਕੀ ਤਾਂ ਹਰ ਚੀਜ਼ ਰੱਬ ਨੇ ਉਸਨੂੰ ਬਖਸ਼ੀ ਹੋਈ ਹੈ। ਤਾਜ ਜਿਥੇ ਦਿਲ ਦਾ ਅਮੀਰ ਹੈ, ਉਥੇ ਉਹ ਮਨ ਦਾ ਫਕੀਰ ਵੀ ਹੈ। ਉਹ ਕਿਸੇ ਵਾਸਤੇ ਬੁਰਾ ਨਹੀਂ ਸੋਚਦਾ ਅਤੇ ਨਾ ਹੀ ਕਿਸੇ ਦੀ ਬੁਰਾਈ ਸੁਣਦਾ ਹੈ। ਉਹ ਸਖ਼ੀ ਹਾਤਮਤਾਈ ਹੈ ਤੇ ਬੇਸ਼ੁਮਾਰ ਲੋਕਾਂ ਦੀ ਮਾਇਕ ਸਹਾਇਤਾ ਕਰਦਾ ਰਹਿੰਦਾ ਹੈ। ਕਈ ਦੋਸਤਾਂ ਦਾ ਘਰ ਚਲਾਉਂਦਾ ਹੈ, ਕਈ ਯਤੀਮਾਂ ਤੇ ਬੇਵ੍ਹਾਂ ਔਰਤਾਂ ਵਿੱਚ ਖੈਰਾਤ ਵੰਡਦਾ ਹੈ, ਪਰ ਕਦੇ ਕਿਸੇ ਨਾਲ ਜ਼ਿਕਰ ਨਹੀਂ ਕਰਦਾ। ਉਹਦੀ ਨਿਯਤ ਸਾਫ਼ ਹੈ ਤੇ ਉਹ ਕਦੇ ਕਿਸੇ ਲਈ ਮਾੜਾ ਨਹੀਂ ਸੋਚਦਾ, ਇਸ ਲਈ ਰੱਬ ਨੇ ਉਸਨੂੰ ਇੱਜ਼ਤ, ਦੌਲਤ ਤੇ ਸ਼ੌਹਰਤ ਬਖਸ਼ੀ ਹੈ।

ਤਾਜ ਬੜਾ ਪੜਾਕੂ ਵਿਅਕਤੀ ਹੈ। ਸਾਹਿਤ, ਇਤਿਹਾਸ ਤੇ ਕਾਨੂੰਨ ਦੀਆਂ ਕਿਤਾਬਾਂ ਉਹ ਬੜੇ ਸ਼ੌਕ ਨਾਲ ਪੜ੍ਹਦਾ ਹੈ। ਉਹ ਤੇਜ਼ ਦਿਮਾਗ ਤੇ ਅਗਾਂਹਵਧੂ ਸੋਚ ਦਾ ਮਾਲਿਕ ਹੈ। ਉਹ ਇੱਕ ਸੂਝਵਾਨ ਹੈ ਅਤੇ ਉਸਦਾ ਦਿਮਾਗ਼ ਕੰਪਿਊਟਰ ਵਾਂਗ ਚੱਲਦਾ ਹੈ। ਪਾਣੀ, ਸਿੰਚਾਈ ਤੇ ਹੜ੍ਹਾਂ 'ਤੇ ਕਾਬੂ ਪਾਉਣ ਵਾਲੇ ਮਹਿਕਮਿਆਂ ਦਾ ਮੰਤਰੀ ਬਣਦੇ ਸਾਰ ਹੀ ਉਸਨੇ ਤਵੀ ਦਰਿਆ 'ਤੇ ਝੀਲ ਬਣਾਉਣ ਦਾ ਫੈਸਲਾ ਲਿਆ। ਇਹ ਝੀਲ ਗੁੱਜਰ ਨਗਰ ਤੇ ਗੋਰਖਾ ਨਗਰ ਤੋਂ ਲੈ ਕੇ ਤਵੀ ਉਤੇ ਬਣੇ ਤੀਜੇ ਪੁੱਲ ਤਕ ਬਣੇਗੀ ਤੇ ਇਸ ਦੀ ਲੰਬਾਈ ਦੋ ਕਿਲੋਮੀਟਰ ਤਕ ਹੋਵੇਗੀ। ਤਵੀ ਦੇ ਤੀਜੇ ਪੁੱਲ ਨਾਲ ਹੀ 15 ਫੁੱਟ ਦਾ ਉਚਾ ਬੇਰਾਜ ਬਣਾਇਆ ਜਾਇਗਾ ਅਤੇ ਤੀਜੇ ਪੁਲ ਦੇ ਨਾਲ ਜੋ

ਟਾਪੂ ਹੈ, ਉਸ ਵਿੱਚ ਪਾਰਕ, ਬਾਗ ਤੇ ਰੇਸਟੋਰੈਂਟ ਬਣਾਏ ਜਾਣਗੇ। ਇਸ ਪ੍ਰਜੈਕਟ 'ਤੇ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਆਸ ਹੈ ਕਿ ਤਿੰਨ ਸਾਲਾਂ ਦੇ ਅੰਦਰ-ਅੰਦਰ ਜੰਮੂ ਸ਼ਹਿਰ ਨੂੰ ਇੱਕ ਨਵਾਂ ਪਿਕਨਿਕ ਸਪਾਟ ਮਿਲ ਜਾਇਗਾ ਤੇ ਝੀਲ ਵਿੱਚ ਨਿੱਕੀਆਂ ਕਿਸ਼ਤੀਆਂ ਚੱਲਣਗੀਆਂ। ਇਹ ਮਨਸੂਬਾ ਤਾਜ਼ ਦੀ ਆਪਣੀ ਕਾਢ ਹੈ। ਇੰਝ ਹੀ ਪੰਜਾਬ ਸਰਕਾਰ ਨੂੰ ਚਿੱਠੀ-ਪੱਤਰਾਂ ਰਾਹੀਂ ਇਸ ਗੱਲ 'ਤੇ ਮਜਬੂਰ ਕਰ ਦਿੱਤਾ ਗਿਆ ਕਿ ਉਹ ਸਮਝੌਤੇ ਅਨੁਸਾਰ ਜੰਮੂ-ਕਸ਼ਮੀਰ ਨੂੰ ਰਣਜੀਤ ਸਾਗਰ ਡੈਮ ਤੋਂ 20% ਬਿਜਲੀ ਦੇਵੇ, ਕਿਉਂਕਿ ਡੈਮ ਬਣਨ ਮਗਰੋਂ ਪੰਜਾਬ ਨੇ ਜੰਮੂ-ਕਸ਼ਮੀਰ ਦੀ ਸਰਕਾਰ ਨਾਲ ਕੀਤੇ ਸਮਝੌਤੇ 'ਤੇ ਕੋਈ ਅਮਲ ਨਹੀਂ ਕੀਤਾ। ਮਾਮਲਾ ਕੇਂਦਰੀ ਸਰਕਾਰ ਕੋਲ ਗਿਆ ਤਾਂ ਕੇਂਦਰ ਨੇ ਜੰਮੂ-ਕਸ਼ਮੀਰ ਦੇ ਹੱਕ ਵਿੱਚ ਫੈਸਲਾ ਦਿੱਤਾ। ਇਸ ਫੈਸਲੇ ਅਨੁਸਾਰ ਪੰਜਾਬ ਸਰਕਾਰ ਨੇ ਸ਼ਾਹਪੁਰ ਕੰਡੀ ਨਹਿਰ ਬਣਾਉਣੀ ਸੀ ਤੇ ਉਸ ਵਿਚੋਂ ਜੰਮੂ-ਕਸ਼ਮੀਰ ਸਰਕਾਰ ਨੂੰ ਸਿੰਚਾਈ ਲਈ ਪਾਣੀ ਦੇਣਾ ਸੀ, ਜੋ ਅੱਜ ਤਕ ਨਹੀਂ ਮਿਲਿਆ, ਕਿਉਂਕਿ ਸ਼ਾਹਪੁਰ ਕੰਡੀ ਨਹਿਰ ਬਣੀ ਹੀ ਨਹੀਂ। ਤਾਜ ਮੋਹੀ-ਉ-ਦੀਨ ਨੇ ਰਿਆਸਤੀ ਸਰਕਾਰ ਵੱਲੋਂ ਆਪਣੀ ਨਹਿਰ ਬਣਾਉਣ ਦਾ ਫੈਸਲਾ ਕਰਵਾਇਆ, ਜਿਸ ਲਈ ਪਾਣੀ ਰਾਵੀ ਤੋਂ ਲਿਆ ਜਾਇਗਾ। ਇਸ ਕਿਸਮ ਦੇ ਇਤਿਹਾਸਕ ਫੈਸਲੇ ਲੈਣਾ ਤਾਜ ਦਾ ਹੀ ਕੰਮ ਸੀ, ਕਿਉਂਕਿ ਪਿਛਲੇ 65 ਸਾਲਾਂ ਤੋਂ ਕੋਈ ਵੀ ਸਰਕਾਰ ਜਾਂ ਮੰਤਰੀ ਲੋਕਾਈ ਦੇ ਹੱਕ ਵਿੱਚ ਅਜਿਹੇ ਫੈਸਲੇ ਨਹੀਂ ਸੀ ਲੈ ਸਕੀ, ਜੋ ਤਾਜ਼ ਨੇ ਕਰਕੇ ਦਿਖਾ ਦਿੱਤਾ। ਇੱਕ ਹੋਰ ਕੰਮ ਤਾਜ ਨੇ ਸ਼ਲਾਘਾਯੋਗ ਕੀਤਾ, ਜਿਸ ਅਨੁਸਾਰ ਐਨੱ.ਐਚੱ.ਪੀ.ਸੀ. ਨੂੰ ਰਿਆਸਤੀ ਦਰਿਆਵਾਂ ਤੋਂ ਬਿਜਲੀ ਪੈਦਾ ਕਰਨ ਲਈ ਪਾਣੀ ਇਸਤੇਮਾਲ ਕਰਨ ਦੇ ਬਦਲੇ ਵਾਟਰ ਟੈਕਸ ਲਾਉਣ ਦਾ ਫੈਸਲਾ ਕੀਤਾ ਤੇ ਇੱਕ ਐਕਟ ਜਾਂ ਕਾਨੂੰਨ ਇਸ ਸਿਲਸਿਲੇ ਵਿੱਚ ਐਸੰਬਲੀ ਤੋਂ ਪਾਸ ਕਰਵਾ ਕੇ ਲਾਗੂ ਕਰਵਾਇਆ। ਨਾਲ ਹੀ ਐਨੱ.ਐਚੱ.ਪੀ.ਸੀ. ਨੂੰ ਸਲਾਲ ਤੇ ਊੜੀ ਦੇ ਬਿਜਲੀ ਪ੍ਰਜੈਕਟ ਰਿਆਸਤ ਨੂੰ ਵਾਪਿਸ ਕਰਨ ਲਈ ਜ਼ੋਰ ਪਾ ਰਿਹਾ ਹੈ। ਬਹੁਤ ਘੱਟ ਅਜਿਹੇ ਦੂਰਦਰਸ਼ੀ ਵਿਅਕਤੀ ਆਪਣੇ ਲੋਕਾਂ ਦੇ ਹਿਤਾਂ ਲਈ ਬੇਖ਼ੌਫ਼ੀ ਨਾਲ ਕਦਮ ਚੁੱਕਣ ਵਾਲੇ ਹੁੰਦੇ ਹਨ ਤੇ ਤਾਜ ਮੋਹੀ-ਉ-ਦੀਨ ਦਾ ਨਾਂ ਅਜਿਹੇ ਕਦਮ ਚੁੱਕਣ ਕਾਰਨ ਹਮੇਸ਼ਾ ਯਾਦ ਰਹੇਗਾ।

**ਮੁਹੰਮਦ ਇਕਬਾਲ ਖਾਂਡੇ:**

1978 ਬੈਚ ਦਾ ਸਭ ਤੋਂ ਨਿੱਕੀ ਉਮਰ ਵਾਲਾ ਆਈ.ਏ.ਐਸ. ਅਫਸਰ ਬਣਿਆ ਸੀ। ਆਪਣੇ ਵੇਲੇ ਦਾ ਖੂਬਸੂਰਤ ਗੱਭਰੂ, ਮਨ ਦਾ ਵੀ ਖੂਬਸੂਰਤ ਹੈ। ਉਸਦੀ ਦਿਆਨਤਦਾਰੀ ਦੀ ਕਸਮ ਖਾਧੀ ਜਾ ਸਕਦੀ ਹੈ। ਉਹ ਰੱਜ ਕੇ ਇਮਾਨਦਾਰ ਹੈ ਤੇ ਇਸ ਇਮਾਨਦਾਰੀ ਦੇ ਐਬ ਕਾਰਨ ਕਈ ਵਾਰੀ ਅਜ਼ਾਬ ਵਿੱਚ ਫਸਿਆ ਹੈ। ਮੇਰੀ ਉਸ ਨਾਲ ਪਹਿਲੀ ਮੁਲਾਕਾਤ 1985 ਵਿੱਚ ਹੋਈ, ਜਦ ਉਹ ਜ਼ਿਲ੍ਹਾ ਡੋਡਾ ਦਾ ਡਿਪਟੀ

ਕਮਿਸ਼ਨਰ ਸੀ ਤੇ ਮੇਰੀ ਨਿਯੁਕਤੀ ਬਤੌਰ ਪ੍ਰਾਜੈਕਟ ਅਫਸਰ ਜ਼ਿਲ੍ਹਾ ਤਰੱਕਿਆਤੀ ਏਜੰਸੀ ਵਿੱਚ ਹੋਈ ਸੀ। ਇਕਬਾਲ ਖਾਂਡੇ ਇਸ ਏਜੰਸੀ ਦਾ ਚੇਅਰਮੈਨ ਸੀ, ਇਸ ਲਈ ਹਰ ਇੱਕ ਫਾਇਲ ਤੇ ਮੰਜ਼ੂਰੀ ਲੈਣ ਲਈ ਖਾਂਡੇ ਸਾਹਿਬ ਕੋਲ ਦਿਹਾੜੀ ਵਿੱਚ ਦੋ-ਤਿੰਨ ਵਾਰੀ ਜਾਣਾ ਪੈਂਦਾ ਸੀ। ਇਕਬਾਲ ਖਾਂਡੇ ਚੰਗੀ ਸ਼ਾਇਰੀ ਤੇ ਚੰਗੇ ਸੰਗੀਤ ਦਾ ਆਸ਼ਿਕ ਸੀ। ਉਹ ਸਾਹਿਤਕਾਰਾਂ ਤੇ ਸ਼ਾਇਰਾਂ ਦੀ ਬੜੀ ਇੱਜ਼ਤ ਕਰਦਾ ਸੀ ਤੇ ਜਦ ਉਸਨੂੰ ਇਹ ਪਤਾ ਚੱਲਿਆ ਕਿ ਖ਼ਾਲਿਦ ਹੁਸੈਨ ਉਰਦੂ ਤੇ ਪੰਜਾਬੀ ਦਾ ਕਹਾਣੀਕਾਰ ਹੈ ਅਤੇ ਹਿੰਦ-ਪਾਕ ਵਿੱਚ ਛਪਦਾ ਰਹਿੰਦਾ ਹੈ ਤਾਂ ਉਸਨੇ ਮੇਰੇ ਨਾਲ ਯਾਰੀ ਲਾ ਲਈ। ਇਕਬਾਲ ਖਾਂਡੇ ਮਹਿਫਲ ਪ੍ਰਸਤ ਸੀ ਤੇ ਯਾਰਾਂ ਦਾ ਯਾਰ। ਰੋਜ਼ ਸ਼ਾਮੀਂ ਉਹਦੀ ਸਰਕਾਰੀ ਕੋਠੀ 'ਤੇ ਮਹਿਫਲ ਲੱਗਦੀ, ਜਿਸ ਵਿੱਚ ਚਾਹ ਤੇ ਦਾਰੂ ਦਾ ਦੌਰ ਚੱਲਦਾ। ਚਾਰ-ਪੰਜ ਪੈਗ ਪੀਣ ਮਗਰੋਂ ਇਕਬਾਲ ਖਾਂਡੇ ਅਕਸਰ ਕਸ਼ਮੀਰੀ, ਉਰਦੂ ਤੇ ਹਿੰਦੀ ਦੇ ਗੀਤ ਤੇ ਗ਼ਜ਼ਲਾਂ ਆਪ ਗਾਉਂਦਾ, ਉਸਦੀ ਆਵਾਜ਼ ਬੜੀ ਸੋਹਣੀ ਸੀ, ਖਾਸਕਰ ਜਦ ਉਹ ਇਹ ਗੀਤ ਗਾਉਂਦਾ,

"ਅਬ ਕੇ ਸਾਲ ਪੂਨਮ ਮੇਂ ਜਬ ਤੂੰ ਆਏਗੀ ਮਿਲਣੇ,
ਹਮ ਨੇ ਸੋਚ ਰਖਾ ਹੈ ਰਾਤ ਯੂੰ ਗੁਜਾਰੇਂ ਗੇ,
ਧੜਕਣੇ ਬਿਛਾ ਦੇਗੇਂ ਸ਼ੌਂਕ ਤੇਰੇ ਕਦਮੋਂ ਮੇਂ,
ਹਮ ਨਿਗਾਹੋਂ ਸੇ ਤੇਰੀ ਆਰਤੀ ਉਤਾਰੇ ਗੇਂ,
ਅਬ ਕੇ ਸਾਲ ਪੂਨਮ ਮੇਂ ਜਬ ਤੂ ਆਏਗੀ ਮਿਲਣੇ।"

ਪੂਰੀ ਮਹਿਫਲ ਵਿੱਚ ਮਸਤੀ ਛਾ ਜਾਂਦੀ। ਉਹ ਕਿਸ਼ਤਵਾੜ ਦੇ ਪ੍ਰਸਿੱਧ ਗਾਇਕ ਤੇ ਕਸ਼ਮੀਰੀ ਸ਼ਾਇਰ ਗੁਲਾਮ ਨਬੀ ਡੋਲਵਾਲ ਦੇ ਗਾਏ ਹੋਏ ਗੀਤ ਵੀ ਗਾਉਂਦਾ। ਦਿਨੇ ਦਫਤਰ ਵਿੱਚ ਉਹ ਡਟ ਕੇ ਕੰਮ ਕਰਦਾ। ਲੋਕਾਂ ਦੀ ਦਾਦਰੱਸੀ ਕਰਦਾ। ਜ਼ਿਲ੍ਹੇ ਦੇ ਅਫਸਰਾਂ ਦੀ ਮੀਟਿੰਗਾਂ ਲੈਂਦਾ ਤੇ ਦੂਰ ਦੁਰਾਡੇ ਇਲਾਕਿਆਂ ਦਾ ਦੌਰਾ ਵੀ ਕਰਦਾ। ਇਕਬਾਲ ਖਾਂਡੇ ਸ਼ਾਇਦ ਪਹਿਲਾ ਡਿਪਟੀ ਕਮਿਸ਼ਨਰ ਸੀ ਜਿਨ੍ਹੇ ਦੋ ਵਾਰੀ ਪਾਡਰ ਦਾ ਪੈਦਲ ਦੌਰਾ ਕੀਤਾ ਅਤੇ ਦੋ ਵਾਰੀ ਮੜਵਾ ਤੇ ਵਾੜਵਨ ਵੀ ਪੈਦਲ ਗਿਆ। ਇਨ੍ਹਾਂ ਦੋਵਾਂ ਇਲਾਕਿਆਂ ਵਿੱਚ ਪਹੁੰਚਣ ਦਾ ਤਿੰਨ ਦਿਨ ਦਾ ਪੈਦਲ ਸਫਰ ਕਰਨਾ ਪੈਂਦਾ ਸੀ ਤੇ ਮੈਂ ਇਕਬਾਲ ਖਾਂਡੇ ਦੇ ਹਰ ਇੱਕ ਦੌਰੇ ਵਿੱਚ ਉਸਦੇ ਨਾਲ ਹੁੰਦਾ ਸਾਂ। ਉਸਨੇ ਦਿਨੇ ਡਟ ਕੇ ਕੰਮ ਕਰਨਾ ਤੇ ਸ਼ਾਮੀ ਰੱਜ ਕੇ ਪੀਣੀ। ਪੀਣ ਦੇ ਬਾਵਜੂਦ ਕਦੇ ਸ਼ਰਾਬ ਨੂੰ ਆਪਣੇ ਸਰੀਰ ਜਾਂ ਦਿਮਾਗ ਉਤੇ ਸਵਾਰ ਨਹੀਂ ਹੋਣ ਦਿੰਦਾ। ਬਤੌਰ ਡਿਪਟੀ ਕਮਿਸ਼ਨਰ ਉਸਨੇ ਬੜਾ ਨਾਂ ਕਮਾਇਆ। ਆਮ ਲੋਕ ਉਸ ਤੋਂ ਬਹੁਤ ਖੁਸ਼ ਸਨ, ਕਿਉਂਕਿ ਉਨ੍ਹਾਂ ਦਾ ਕੰਮ ਰੁਕਦਾ ਨਹੀਂ ਸੀ। ਇਕਬਾਲ ਖਾਂਡੇ ਕੋਈ ਨਾਜਾਇਜ਼ ਤੇ ਪੁੱਠਾ ਕੰਮ ਨਹੀਂ ਸੀ ਕਰਦਾ ਅਤੇ ਕੋਈ ਜਾਇਜ਼ ਤੇ ਸਹੀ ਕੰਮ ਰੋਕਦਾ ਨਹੀਂ ਸੀ।

ਉਸਦੇ ਮੇਜ਼ ’ਤੇ ਕੋਈ ਵੀ ਫਾਇਲ ਰੁਕਦੀ ਨਹੀਂ ਸੀ। 1987 ਦੀਆਂ ਰਿਆਸਤੀ ਚੋਣਾਂ ਉਸਨੇ ਬੜੇ ਸੁਚੱਜੇ ਢੰਗ ਤੇ ਨਿਰਪੱਖਤਾ ਨਾਲ ਕਰਵਾਈਆਂ। ਉਸਦੀ ਪਤਨੀ ਕਨੀਜ਼ ਫਾਤਮਾ ਇੱਕ ਜੱਜ ਸੀ ਤੇ ਇਸ ਗੱਲ ਦਾ ਉਹਨੂੰ ਬੜਾ ਘੁਮੰਡ ਸੀ। ਮੀਆ-ਬੀਵੀ ਵਿੱਚ ਇੱਟ ਖੜਕਾ ਲੱਗਿਆ ਰਹਿੰਦਾ। ਉਹ ਇਕਬਾਲ ਦੇ ਮਾਪਿਆਂ ਤੇ ਭੈਣ-ਭਰਾਵਾਂ ਨੂੰ ਇੱਜ਼ਤ-ਮਾਣ ਨਹੀਂ ਸੀ ਦਿੰਦੀ, ਜਦਕਿ ਇਹ ਸਾਰੇ ਕਈ ਰਿਸ਼ਤਿਆਂ ਵਿੱਚ ਬੱਝੇ ਹੋਏ ਸਨ। ਇਕਬਾਲ ਦੇ ਦੋ ਬੱਚੇ ਸਨ। ਬੇਟੀ ਦਾ ਨਾਂ ਸਹਿਰ ਇਕਬਾਲ ਤੇ ਪੁੱਤਰ ਦਾ ਨਾਂ ਸਾਜਿਦ ਇਕਬਾਲ ਸੀ। 1987 ਵਿੱਚ ਜਦ ਸਰਕਾਰ ਬਣੀ ਤਾਂ ਉਸਨੂੰ ਸਿੱਖਿਆ ਵਿਭਾਗ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ। ਉਥੇ ਆਉਂਦਿਆਂ ਹੀ ਇਕਬਾਲ ਨੇ ਅੱਠ-ਨੌਂ ਹਜ਼ਾਰ ਟੀਚਰਾਂ ਦਾ ਤਬਾਦਲਾ ਕਰ ਦਿੱਤਾ, ਜਿਸ ਵਿੱਚ ਉਸਦੀ ਮਾਂ ਵੀ ਸ਼ਾਮਿਲ ਸੀ, ਜਿਹੜੀ 25 ਸਾਲ ਦੀ ਇੱਕੋ ਸਕੂਲ ਵਿੱਚ ਕੰਮ ਕਰ ਰਹੀ ਸੀ। ਇਕਬਾਲ ਖਾਂਡੇ ਬੜਾ ਅਸੂਲ ਪ੍ਰਸਤ ਸੀ ਤੇ ਉਸਨੇ ਕਦੇ ਵੀ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ। ਜਦੋਂ ਗੁਲਾਮ ਮੁਹੰਮਦ ਸ਼ਾਹ, ਜਿਹਨੂੰ ਕਸ਼ਮੀਰੀ ਗੁਲ ਸ਼ਾਹ ਕਹਿੰਦੇ ਸਨ, ਮੁੱਖ ਮੰਤਰੀ ਸੀ ਤਾਂ ਇਕਬਾਲ ਨੇ ਪਹਿਲਾ ਪੰਗਾ ਗੁਲ ਸ਼ਾਹ ਨਾਲ ਹੀ ਲਿਆ ਸੀ। ਉਸਨੇ ਗੁਲ ਸ਼ਾਹ ਨੂੰ ਖਰੀਆਂ-ਖਰੀਆਂ ਸੁਣਾਈਆਂ ਅਤੇ ਅਸਤੀਫਾ ਲਿਖਕੇ ਉਹਦੇ ਹੱਥ ਫੜਾਇਆ ਸੀ। ਦੂਜੀ ਵਾਰੀ ਉਸਨੇ ਇੱਕ ਮੰਤਰੀ ਰਾਜਿੰਦਰ ਸਿੰਘ ਚਿਬ ਨਾਲ ਪੰਗਾ ਲਿਆ, ਜਿਹੜਾ ਉਸ ਕੋਲੋਂ ਗਲਤ ਕੰਮ ਕਰਵਾਉਣਾ ਚਾਹੁੰਦਾ ਸੀ, ਪਰ ਇਕਬਾਲ ਨੇ ਸਾਫ ਇਨਕਾਰ ਕਰ ਦਿੱਤਾ ਸੀ। ਗੱਲ ਇਥੇ ਤਕ ਵਧ ਗਈ ਕਿ ਚਿਬ ਸਾਹਿਬ ਨੇ ਮੰਤਰੀ ਮੰਡਲ ’ਚੋਂ ਅਸਤੀਫਾ ਦੇ ਦਿੱਤਾ ਸੀ, ਜਿਹੜਾ ਮੁੱਖ ਮੰਤਰੀ ਨੇ ਕਾਬੂਲ ਕਰ ਲਿਆ ਸੀ। ਇਕਬਾਲ ਖਾਂਡੇ ਦੋ ਵਾਰੀ ਮੁੱਖ ਮੰਤਰੀਆਂ ਦਾ ਪ੍ਰਿੰਸੀਪਲ ਸੈਕਟਰੀ ਵੀ ਰਿਹਾ, ਫਾਰੂਕ ਅਬਦੁੱਲਾ ਅਤੇ ਮੁਫਤੀ ਮੁਹੰਮਦ ਸਈਅਦ ਨਾਲ। ਉਹ ਕਦੇ ਕਿਸੇ ਦਬਾਅ ਵਿੱਚ ਨਹੀਂ ਆਇਆ ਅਤੇ ਨਾ ਹੀ ਕਦੇ ਗਲਤ ਕੰਮ ਕੀਤਾ ਅਤੇ ਨਾ ਹੀ ਮੁੱਖ ਮੰਤਰੀਆ ਜਾਂ ਮੰਤਰੀਆਂ ਨੂੰ ਗਲਤ ਕੰਮ ਕਰਨ ਦਿੱਤਾ। ਇਸ ਕਾਰਨ ਉਸਨੂੰ ਕਈ ਵਾਰੀ ਚੀਫ ਸੈਕਟਰੀ, ਮੰਤਰੀਆਂ ਅਤੇ ਮੁੱਖ ਮੰਤਰੀ ਦਾ ਰੋਸ ਵੀ ਸਹਿਣਾ ਪਿਆ। ਇੱਕ ਵਾਰੀ ਤਾਂ ਉਹਨੂੰ ਕੇਂਦਰ ਵਿੱਚ ਭੇਜ ਦਿੱਤਾ ਗਿਆ ਤੇ ਦੂਜੀ ਵਾਰੀ ਉਸਨੂੰ ਜਬਰੀ ਛੁੱਟੀ ’ਤੇ ਭੇਜਿਆ ਗਿਆ, ਪਰ ਉਹ ਕਦੇ ਵੀ ਸਮਝੌਤਾ ਕਰਨ ਲਈ ਤਿਆਰ ਨਹੀਂ ਹੋਇਆ। ਇੱਕ ਵਾਰੀ ਮੈਂ ਕਿਸੇ ਕੰਮ ਲਈ ਦਿੱਲੀ ਗਿਆ ਸਾਂ ਤਾਂ ਇਕਬਾਲ ਨੂੰ ਮਿਲਣ ਲਈ ਕਸ਼ਮੀਰ ਹਾਊਸ ਚਾਣਕਿਆ ਪੁਰੀ ਚਲਾ ਗਿਆ। ਇਕਬਾਲ ਖਾਂਡੇ ਦਫਤਰ ਗਿਆ ਹੋਇਆ ਸੀ ਤੇ ਉਸਦੇ ਨੌਕਰ ਜਮਾਲ ਨੇ ਦੱਸਿਆ ਕਿ ਇਕਬਾਲ ਸਾਹਿਬ ਰੋਜ਼ ਪੈਦਲ ਦਫਤਰ ਆਉਂਦੇ-ਜਾਂਦੇ ਨੇ, ਉਨ੍ਹਾਂ ਕੋਲ ਕੋਈ ਸਰਕਾਰੀ ਗੱਡੀ ਨਹੀਂ ਹੈ, ਉਸਨੇ ਇਹ ਵੀ ਦੱਸਿਆ ਕਿ ਪਿਛਲੇ ਚਾਰ ਦਿਨ ਤੋਂ ਇਕਬਾਲ ਨੇ ਸ਼ਰਾਬ

ਨਹੀਂ ਪੀਤੀ, ਕਿਉਂਕਿ ਸ਼ਰਾਬ ਪੀਣ ਜੋਗੇ ਪੈਸੇ ਨਹੀਂ ਹਨ। ਕਿਚਨ ਵਾਲਿਆਂ ਵੀ ਰੋਟੀ ਦੇਣੀ ਬੰਦ ਕਰ ਦਿੱਤੀ ਹੈ, ਕਿਉਂਕਿ ਉਨ੍ਹਾਂ ਦਾ ਬਿੱਲ ਵੀ ਪੰਜ ਹਜ਼ਾਰ ਤੋਂ ਵੱਧ ਹੋ ਗਿਆ ਹੈ। ਇਹ ਹਾਲਤ ਵੇਖ ਕੇ ਮੈਨੂੰ ਬੜਾ ਅਫਸੋਸ ਹੋਇਆ। ਮੈਂ ਬਾਜ਼ਾਰ ਗਿਆ ਤੇ ਸ਼ਰਾਬ ਦਾ ਇੱਕ ਪੂਰਾ ਕਰੇਟ ਖ਼ਰੀਦ ਲਿਆ ਅਤੇ ਕਿਚਨ ਵਾਲਿਆਂ ਦਾ ਸਾਰਾ ਬਿੱਲ ਚੁਕਾਇਆ। ਜਦ ਉਹਦਾ ਡੈਪੂਟੇਸ਼ਨ ਖਤਮ ਹੋਇਆ ਤੇ ਉਹ ਮੁੜ ਰਿਆਸਤ ਵਿੱਚ ਆਇਆ ਤਾਂ ਉਹਦੀ ਨਿਯੁਕਤੀ ਬਤੌਰ ਕਮਿਸ਼ਨਰ (ਹੈਲਥ) ਹੋਈ। ਮੈਂ ਉਸਨੂੰ ਮਿਲਣ ਉਸਦੇ ਕਵਾਟਰ ਵਿੱਚ ਗਿਆ ਤੇ ਉਸਨੂੰ ਬਾਹਰ ਘੁੰਮਣ ਲਈ ਕਿਹਾ ਤਾਂ ਉਹ ਕਹਿਣ ਲੱਗਾ ਕਿ ਹਰੀ ਨਿਵਾਸ ਹੋਟਲ ਵਿੱਚ ਬਹਿ ਕੇ ਦਾਰੂ ਪੀਂਦੇ ਹਾਂ। ਜਦ ਅਸੀਂ ਚੱਲਣ ਲੱਗੇ ਤਾਂ ਇਕਬਾਲ ਨੇ ਮੈਲੀ ਜਹੀ ਸਲਵਾਰ-ਕਮੀਜ਼ ਤੇ ਨਾਈਲਨ ਦੀ ਚਪਲ ਪਾਈ ਸੀ ਤੇ ਮੈਂ ਉਹਨੂੰ ਕੱਪੜੇ ਬਦਲਣ ਲਈ ਕਿਹਾ ਤਾਂ ਉਸਨੇ ਜਵਾਬ ਦਿੱਤਾ ਕਿ ਉਸ ਕੋਲ ਕੋਈ ਕੱਪੜਾ ਨਹੀਂ ਹੈ ਤੇ ਉਹ ਸਾਰੇ ਕੱਪੜੇ ਦਿੱਲੀ ਵਿੱਚ ਕਸ਼ਮੀਰ ਗੈਸਟ ਹਾਊਸ ਦੇ ਮੁਲਾਜ਼ਮਾਂ ਵਿੱਚ ਵੰਡ ਆਇਆ ਹੈ। ਅਸੀਂ ਦੋਵੇਂ ਪਹਿਲਾਂ ਰਘੁਨਾਥ ਬਾਜ਼ਾਰ ਗਏ, ਮੋਨਾਲੀਜ਼ਾ ਤੋਂ ਦੋ ਪੈਂਟਾਂ ਤੇ ਦੋ ਕਮੀਜ਼ਾਂ ਖਰੀਦੀਆਂ ਤੇ ਬਾਟੇ ਵਾਲਿਆਂ ਤੋਂ ਬੂਟ ਖਰੀਦੇ। ਇਕਬਾਲ ਨੇ ਦੁਕਾਨ 'ਤੇ ਹੀ ਕੱਪੜੇ ਬਦਲੇ। ਮੈਂ ਬਿੱਲ ਦੀ ਰਕਮ ਚੁਕਾਈ ਤੇ ਫਿਰ ਅਸੀਂ ਹਰੀ ਨਿਵਾਸ ਚਲੇ ਗਏ। ਜਦ ਮਹੀਨੇ ਦੀ ਪਹਿਲੀ ਤਾਰੀਕ ਚੜ੍ਹੀ ਤਾਂ ਇਕਬਾਲ ਨੇ ਮੈਨੂੰ ਸਾਰੀ ਰਕਮ ਵਾਪਿਸ ਕਰ ਛੱਡੀ ਜੋ ਮੈਂ ਦਿੱਲੀ ਅਤੇ ਜੰਮੂ ਉਸ ਉਤੇ ਖ਼ਰਚੀ ਸੀ।

ਜ਼ਿੰਦਗੀ ਨੇ ਇਕਬਾਲ ਨੂੰ ਬੜੇ ਡਾਹਢੇ ਝਟਕੇ ਦਿੱਤੇ। ਉਹਨੂੰ ਛਾਤੀ ਵਿੱਚ ਦਰਦ ਉਠੀ ਤਾਂ ਡਾਕਟਰਾਂ ਨੇ ਦਿੱਲੀ ਜਾ ਕੇ ਟੈਸਟ ਕਰਵਾਉਣ ਲਈ ਕਿਹਾ। ਦਿੱਲੀ ਵਾਲਿਆਂ ਮੁੰਬਈ ਭੇਜ ਦਿੱਤਾ। ਉਥੇ ਇਕਬਾਲ ਨੂੰ ਮੁੰਬਈ ਹਸਪਤਾਲ ਵਿੱਚ ਦਾਖਿਲ ਕਰ ਲਿਆ ਗਿਆ ਤੇ ਡਾਕਟਰ ਦੇਸਾਈ ਨੇ ਦੱਸਿਆ ਕਿ ਉਸਨੂੰ ਫੇਫੜਿਆਂ ਦਾ ਕੈਂਸਰ ਹੈ। ਡਾ. ਦੇਸਾਈ ਨੇ ਆਪਰੇਸ਼ਨ ਕਰਕੇ ਅੱਧਾ ਫੇਫੜਾ ਕੱਢ ਦਿੱਤਾ। ਉਹ ਡੇਢ ਮਹੀਨੇ ਤਕ ਹਸਪਤਾਲ ਵਿੱਚ ਰਿਹਾ, ਜਦ ਜੰਮੂ ਆਇਆ ਤਾਂ ਦੋ-ਤਿੰਨ ਮਹੀਨਿਆਂ ਮਗਰੋਂ ਮੁੜ ਛਾਤੀ ਵਿੱਚ ਦਰਦ ਨਿਕਲ ਆਈ। ਉਹ ਫਿਰ ਮੁੰਬਈ ਗਿਆ। ਡਾ. ਦੇਸਾਈ ਨੇ ਮੁੜ ਆਪਰੇਸ਼ਨ ਕੀਤਾ ਤੇ ਦੋ ਪਸਲੀਆਂ ਕੱਢ ਦਿੱਤੀਆਂ, ਨਾਲੇ ਕਿਹਾ ਕੈਂਸਰ ਫੈਲ ਰਿਹਾ ਹੈ। ਦਵਾਈਆਂ ਚੱਲਦੀਆਂ ਰਹੀਆਂ ਤੇ ਦੋ ਮਹੀਨੇ ਮਗਰੋਂ ਇਕਬਾਲ ਨੂੰ ਇਹ ਕਹਿ ਕੇ ਹਸਪਤਾਲੋਂ ਛੁੱਟੀ ਦੇ ਦਿੱਤੀ ਕਿ ਉਹ ਸਿਰਫ ਦੋ ਮਹੀਨੇ ਦਾ ਮਹਿਮਾਨ ਹੈ, ਇਸ ਲਈ ਘਰ ਜਾਵੇ। ਇਕਬਾਲ ਨੇ ਡਾ. ਦੀਆਂ ਮਿਨਤਾਂ ਕੀਤੀਆਂ ਕਿ ਉਹ ਉਸਨੂੰ ਇਲਾਜ ਲਈ ਅਮਰੀਕਾ ਜਾਣ ਦੀ ਸਿਫਾਰਿਸ਼ ਕਰ ਦੇਵੇ। ਡਾ. ਦੇਸਾਈ ਦੀ ਸਿਫਾਰਿਸ਼ 'ਤੇ ਜੰਮੂ-ਕਸ਼ਮੀਰ ਸਰਕਾਰ ਨੇ ਆਪਣੇ ਖ਼ਰਚੇ 'ਤੇ ਇਕਬਾਲ ਨੂੰ ਇਲਾਜ ਲਈ

ਅਮਰੀਕਾ ਘੱਲਿਆ। ਇਕਬਾਲ ਦਾ ਦੋਸਤ ਤੇ ਸਹਿ-ਕਰਮੀ ਅਨਿਲ ਗੋਸਵਾਮੀ ਤੇ ਇਕਬਾਲ ਦੀ ਪਤਨੀ ਉਸ ਨਾਲ ਅਮਰੀਕਾ ਗਏ। ਉਥੇ ਦੋ ਡਾਕਟਰਾਂ, ਇਕਬਾਲ ਦਾ ਚੰਗੀ ਤਰ੍ਹਾਂ ਮੁਆਇਨਾਂ ਕੀਤਾ ਅਤੇ ਸਾਰੇ ਟੈਸਟ ਦੁਬਾਰਾ ਕੀਤੇ। ਉਨ੍ਹਾਂ ਦੀਆਂ ਰਿਪੋਰਟਾਂ ਅਨੁਸਾਰ ਇਕਬਾਲ ਨੂੰ ਕੈਂਸਰ ਨਹੀਂ ਸੀ। ਬਹੁਤੀਆਂ ਸਿਗਰੇਟਾਂ ਪੀਣ ਨਾਲ, ਉਸਦੇ ਫੇਫੜੇ 'ਤੇ ਕਾਲਾ ਦਾਗ ਪੈ ਗਿਆ ਸੀ, ਜਿਸਨੂੰ ਭਾਰਤੀ ਡਾਕਟਰਾਂ ਨੇ ਕੈਂਸਰ ਸਮਝ ਲਿਆ। ਉਨ੍ਹਾਂ ਇਕਬਾਲ ਨੂੰ ਖੁਸ਼ਖ਼ਬਰੀ ਸੁਣਾਈ ਤੇ ਜ਼ਖ਼ਮ ਭਰਨ ਦੀ ਇੱਕ ਦਵਾਈ ਲਿਖ ਕੇ ਦਿੱਤੀ ਤੇ ਉਸਨੂੰ ਵਾਪਿਸ ਜਾਣ ਲਈ ਕਹਿ ਦਿੱਤਾ।

ਇਕਬਾਲ ਨਾਲ ਇੱਕ ਹੋਰ ਗੰਭੀਰ ਘਟਨਾ ਵਾਪਰੀ। ਕੁੱਝ ਅਫਸਰਾਂ ਨੇ ਮਿਲ ਕੇ ਸਾਜਿਸ਼ ਰਚੀ ਤੇ ਉਸਨੂੰ ਸੈਕਸ ਸਕੈਂਡਲ ਵਿੱਚ ਫਸਾ ਦਿੱਤਾ। ਸੈਕਸ ਸਕੈਂਡਲ ਵਿੱਚ ਫਸਾਣ ਵਾਲੇ ਜਾਂ ਇਸ ਸਾਜ਼ਿਸ਼ ਨੂੰ ਜਾਣਨ ਵਾਲੇ ਉਸਦੇ ਕਰੀਬੀ ਮਿੱਤਰ ਤੇ ਰਿਸ਼ਤੇਦਾਰ ਵੀ ਸਨ, ਪਰ ਉਨ੍ਹਾਂ ਕਿਸੇ ਨੇ ਵੀ ਇਕਬਾਲ ਨੂੰ ਇਹ ਨਹੀਂ ਦੱਸਿਆ ਕਿ ਉਸਦੇ ਖਿਲਾਫ ਇੱਕ ਵੱਡੀ ਸਾਜ਼ਿਸ਼ ਰਚੀ ਗਈ ਹੈ ਤੇ ਉਸਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਇੱਕ ਦਿਨ ਜਦ ਉਹ ਸ਼੍ਰੀਨਗਰ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਵਿੱਚ ਭਾਗ ਲੈਣ ਮਗਰੋਂ ਘਰ ਵਾਪਿਸ ਆ ਰਿਹਾ ਸੀ ਤਾਂ ਸੀ.ਬੀ.ਆਈ. ਨੇ ਉਸਨੂੰ ਗ੍ਰਿਫਤਾਰ ਕਰ ਲਿਆ। ਦੋਸ਼ ਇਹ ਲਗਾਇਆ ਗਿਆ ਕਿ ਦੋ ਸਾਲ ਪਹਿਲੇ ਉਸਨੇ ਪੈਸੇ ਦੇ ਕੇ ਕਿਸੇ ਕੁੜੀ ਨਾਲ ਸੈਕਸ ਕੀਤਾ ਸੀ ਤੇ ਉਸ ਕੁੜੀ ਨੇ ਸ਼ਿਕਾਇਤ ਦਰਜ ਕਰਵਾਈ ਹੈ। ਉਦੋਂ ਸੈਕਸ ਸਕੈਂਡਲ ਵਿੱਚ ਸ਼ਾਮਿਲ ਪੁਲਿਸ ਤੇ ਸਿਵਲ ਅਫਸਰਾਂ ਦੀ ਇੱਕ ਲਿਸਟ ਬਣਾਈ ਗਈ, ਜਿਸ ਵਿੱਚ ਪੰਜਾਹ ਤੋਂ ਉੱਪਰ ਨਾਂ ਸਨ। ਇੱਕ ਮੰਤਰੀ ਰਮਨ ਮੱਟੂ ਤੇ ਇੱਕ ਐਮ.ਐਲ.ਏ. ਗੁਲਾਮ ਅਹਿਮਦ ਮੀਰ ਦਾ ਨਾਂ ਵੀ ਸ਼ਾਮਿਲ ਸੀ। ਗੁਲਾਮ ਮੁਹੰਮਦ ਮੀਰ ਪ੍ਰਦੇਸ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਨ ਵਾਲਾ ਸੀ, ਜੋ ਕੁੱਝ ਲੋਕਾਂ ਨੂੰ ਪਸੰਦ ਨਹੀਂ ਸੀ। ਹੌਲੀ-ਹੌਲੀ ਲਿਸਟ ਵਿਚੋਂ ਨਾਂ ਨਿਕਲਣੇ ਸ਼ੁਰੂ ਹੋ ਗਏ, ਲੋਕੀ ਉਨ੍ਹਾਂ ਔਰਤਾਂ ਨੂੰ ਪੈਸੇ ਦੇ ਕੇ ਆਪਣੇ ਨਾਂ ਕੱਢਵਾਉਣ ਲੱਗੇ, ਪਰ ਇਕਬਾਲ ਖਾਂਡੇ ਨੇ ਜ਼ਿੰਦਗੀ ਵਿੱਚ ਨਾ ਕਦੇ ਪੈਸਾ ਲਿਆ ਸੀ ਅਤੇ ਨਾ ਕਦੇ ਪੈਸਾ ਦਿੱਤਾ ਸੀ, ਇਸ ਲਈ ਉਸਨੂੰ ਸ਼੍ਰੀਨਗਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਪੰਜਾਹ ਦਿਨਾਂ ਮਗਰੋਂ ਉਸਦੀ ਜ਼ਮਾਨਤ ਹੋਈ ਤੇ ਅਦਾਲਤ ਵਿੱਚ ਮੁਕਦਮਾਂ ਸ਼ੁਰੂ ਹੋਇਆ। ਉਸ ਕੁੜੀ ਤੇ ਉਸਦਾ ਪੇਸ਼ਾ ਕਰਵਾਉਣ ਵਾਲੀ ਦਲਾਲਣ ਦੇ ਬਿਆਨ ਹੋਏ ਤੇ ਉਨ੍ਹਾਂ ਦੋਵਾਂ ਆਪਣੇ ਬਿਆਨਾਂ ਵਿੱਚ ਦੱਸਿਆ ਕਿ ਉਹ ਇਕਬਾਲ ਨੂੰ ਨਹੀਂ ਜਾਣਦੀਆਂ ਅਤੇ ਨਾ ਹੀ ਉਨ੍ਹਾਂ, ਉਸਦਾ ਨਾਂ ਦਿੱਤਾ ਹੈ, ਇੰਝ ਇਹ ਮੁਕਦਮਾ ਖ਼ਾਰਿਜ ਹੋ ਗਿਆ ਤੇ ਇਕਬਾਲ ਨੂੰ ਚੀਫ ਸੈਕਟਰੀ ਦਾ ਗ੍ਰੇਡ ਮਿਲ ਗਿਆ। ਤੇ ਸਾਜਿਸ਼ ਵੀ ਇਹੋ ਸੀ ਕਿ ਉਹ ਕਦੇ ਚੀਫ ਸੈਕਟਰੀ ਨਾ ਬਣ ਸਕੇ ਤੇ ਇਸ ਸਾਜਿਸ਼ ਵਿੱਚ ਜੋ ਲੋਕੀ ਸ਼ਾਮਲ ਸਨ, ਉਨ੍ਹਾਂ ਦਾ

ਮੂੰਹ ਕਾਲਾ ਹੋ ਗਿਆ। ਇਕਬਾਲ ਦੇ ਦੋ ਔਰਤਾਂ ਨਾਲ ਦੋਸਤਾਨਾ ਸੰਬੰਧ ਸਨ ਤੇ ਮੈਂ ਉਨ੍ਹਾਂ ਨੂੰ ਜਾਣਦਾ ਵੀ ਸਾਂ, ਕਿਉਂਕਿ ਉਨ੍ਹਾਂ ਵਿੱਚ ਇੱਕ ਡਾਕਟਰ ਸੀ ਤੇ ਦੂਜੀ ਪ੍ਰੋਫੈਸਰ, ਪਰ ਕੋਠੇ 'ਤੇ ਬਹਿਣ ਵਾਲੀਆਂ ਬਦਮਾਸ਼ ਔਰਤਾਂ ਨਾਲ ਉਸਦਾ ਨਾਂ ਜੋੜਣਾ ਬੜੀ ਗੰਦੀ ਸਾਜ਼ਿਸ਼ ਸੀ।

2011 ਵਿੱਚ ਇਕਬਾਲ ਦੀ ਜ਼ਿੰਦਗੀ ਵਿੱਚ ਇੱਕ ਵੱਡਾ ਭੂਚਾਲ ਆਇਆ, ਉਸਦਾ ਇਕੋ ਇੱਕ ਪੁੱਤਰ ਤੇ ਜਿਗਰ ਦਾ ਟੁਕੜਾ ਕਾਰ ਹਾਦਸੇ ਵਿੱਚ ਮੌਤ ਦੇ ਮੂੰਹ ਵਿੱਚ ਚਲਾ ਗਿਆ। ਉਹ ਆਪਣੇ ਇੱਕ ਦੋਸਤ ਦੇ ਵਿਆਹ ਵਿੱਚ ਅਨੰਤਨਾਗ ਗਿਆ ਸੀ ਤੇ ਵਾਪਸ ਮੁੜਦਿਆਂ ਹੋਇਆਂ ਉਸਦੀ ਕਾਰ ਦਾ ਐਕਸੀਡੈਂਟ ਹੋ ਗਿਆ ਤੇ ਉਹ ਮੌਕੇ 'ਤੇ ਹੀ ਰੱਬ ਨੂੰ ਪਿਆਰਾ ਹੋ ਗਿਆ। ਇਹ ਇੱਕ ਬਹੁਤ ਵੱਡਾ ਸਦਮਾ ਸੀ, ਜਿਸ ਨਾਲ ਇਕਬਾਲ ਖਾਂਡੇ ਪੂਰੀ ਤਰ੍ਹਾਂ ਟੁੱਟ ਗਿਆ। ਉਹਦੇ ਅੰਦਰ ਤਰੇੜਾਂ ਪੈ ਗਈਆਂ, ਉਹ ਜਵਾਨ ਪੁੱਤਰ ਦੀ ਫੌਤਗੀ ਨੂੰ ਵੀ ਬਰਦਾਸ਼ਤ ਕਰ ਗਿਆ। ਇਸ ਲੋਹੇ ਦੇ ਦਿਲ ਵਾਲੇ ਬੰਦੇ ਦੀ ਬਰਦਾਸ਼ਤ ਦੀ ਹੱਦ ਵੇਖੋ ਕਿ ਇੰਨੇ ਵੱਡੇ ਹਾਦਸੇ ਨੂੰ ਸਹਿਣ ਦੇ ਬਾਵਜੂਦ ਅੱਜ ਵੀ ਉਹ ਲੋਕਾਂ ਦੀ ਸੇਵਾ ਕਰ ਰਿਹਾ ਹੈ ਤੇ ਆਪਣੇ ਅਸੂਲਾਂ ਨਾਲ ਕੋਈ ਸਮਝੌਤਾ ਨਹੀਂ ਕਰਦਾ। ਮੇਰੀ ਅਰਦਾਸ ਹੈ ਕਿ ਖੁਦਾਵੰਦ ਕਰੀਮ ਉਸਨੂੰ ਸਬਰ ਤੇ ਸਕੂਨ ਬਖਸ਼ੇ। ਮੈਂ ਉਸਦੇ ਦੁੱਖ ਦਰਦ ਵਿੱਚ ਹਮੇਸ਼ਾ ਸ਼ਾਮਿਲ ਰਿਹਾ ਹਾਂ, ਇਸ ਲਈ ਮੈਂ ਉਸਨੂੰ ਗਮ ਵਿੱਚ ਝੂਰਦਿਆਂ ਨਹੀਂ ਵੇਖ ਸਕਦਾ।

**ਡਾ. ਅਜ਼ਹਰ ਮਹਿਮੂਦ ਗੁਜਰਾਤੀ:**

ਡਾ. ਸਾਹਿਬ ਨਾਲ ਮੇਰੀ ਪਹਿਲੀ ਮੁਲਾਕਾਤ 2004 ਵਿੱਚ ਲਾਹੌਰ ਦੇ ਅਲਹਮਰਾ ਸੱਭਿਆਚਾਰਕ ਕੇਂਦਰ ਵਿੱਚ ਹੋਈ। ਮੈਂ ਵੀ ਭਾਰਤੀ ਸਾਹਿਤਕਾਰਾਂ ਦੇ ਉਸ ਡੈਲੀਗੇਸ਼ਨ ਵਿੱਚ ਸ਼ਾਮਿਲ ਸਾਂ ਜਿਹੜਾ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਭਾਗ ਲੈਣ ਗਿਆ ਸੀ ਤੇ ਕਾਨਫਰੰਸ ਦੀ ਪਹਿਲੀ ਰਾਤ ਨੂੰ ਗੀਤ-ਸੰਗੀਤ ਦਾ ਪ੍ਰੋਗਰਾਮ ਸੁਣਨ ਲਈ ਅਲਹਮਰਾ ਆਡੀਟੋਰੀਅਮ ਵਿੱਚ ਭਾਰਤੀ ਡੈਲੀਗੇਟਾਂ ਨਾਲ ਬੈਠਾ ਸਾਂ। ਉਥੇ ਮੈਂ ਪਹਿਲੀ ਵਾਰੀ ਡਾ. ਅਜ਼ਹਰ ਮਹਿਮੂਦ ਨੂੰ ਸਟੇਜ 'ਤੇ ਦੋ ਪੰਜਾਬੀ ਗਾਣੇ ਗਾਉਂਦਿਆਂ ਸੁਣਿਆ। ਇਸ ਦਿਲਚਸਪ ਪ੍ਰੋਗਰਾਮ ਵਿੱਚ ਪਾਕਿਸਤਾਨ ਦੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਤੇ ਕਲਾਕਾਰਾਂ ਨੇ ਗਾਇਕੀ ਦਾ ਅਨਮੋਲ ਨਮੂਨਾ ਪੇਸ਼ ਕੀਤਾ ਸੀ ਤੇ ਭਾਰਤ ਵੱਲੋਂ ਪੰਮੀ ਭਾਈ ਨੇ ਆਪਣੇ ਪੂਰੇ ਗਰੁੱਪ ਨਾਲ ਪੰਜਾਬੀ ਲੋਕ ਨਾਚਾਂ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਸਨ। ਦੂਜੇ ਦਿਨ ਕਾਨਫਰੰਸ ਹਾਲ ਵਿੱਚ ਪ੍ਰਬੰਧਕਾਂ ਨੇ ਮੇਰਾ ਤਾਰੁਫ ਡਾ. ਸਾਹਿਬ ਨਾਲ ਕਰਵਾਇਆ ਸੀ ਤੇ ਕੁੱਝ ਹੀ ਪਲਾਂ ਵਿੱਚ ਉਨ੍ਹਾਂ ਦੇ ਖਲੂਸ, ਮਿਲਾਪੜੇ ਸੁਭਾਅ ਤੇ ਹੱਸਮੁੱਖ ਵਰਤਾਰੇ ਨੇ ਮੇਰਾ ਮਨ ਮੋਹ ਲਿਆ ਸੀ। ਮੈਂ ਉਸਨੂੰ ਆਪਣੀਆਂ ਸ਼ਾਹਮੁਖੀ ਵਿੱਚ ਛਪੀਆਂ ਕਿਤਾਬਾਂ ਦਿੱਤੀਆਂ। ਉਸਨੇ ਮੇਰੀਆਂ

ਕਾਫੀ ਕਹਾਣੀਆਂ ਪਾਕਿਸਤਾਨੀ ਸਾਹਿਤਕ ਪਰਚਿਆਂ ਵਿੱਚ ਪੜ੍ਹੀਆਂ ਸਨ। ਉਹ ਪੰਜਾਬੀ ਸਾਹਿਤ ਦਾ ਪੜ੍ਹਹਾਰ ਸੀ ਤੇ ਮੋਹਨ ਸਿੰਘ ਮਾਹਿਰ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ਤੇ ਸੁਰਜੀਤ ਪਾਤਰ ਦਾ ਚੋਖਾ ਕਲਾਮ ਉਸਨੂੰ ਜ਼ੁਬਾਨੀ ਯਾਦ ਸੀ। ਅਲਹਮਰਾ ਵਿੱਚ ਵੀ ਉਸਨੇ ਮੋਹਨ ਸਿੰਘ ਮਾਹਿਰ ਦੇ ਹੀ ਦੋ ਗੀਤ ਗਾਏ ਸਨ। ਅਸੀਂ ਦੋ ਦਿਨ ਇੱਕੱਠੇ ਰਹੇ। ਡਾ. ਸਾਹਿਬ ਖੁੱਲੀ ਡੁੱਲੀ ਤਾਬੀਅਤ ਦੇ ਮਾਲਿਕ ਤੇ ਜ਼ਮੀਨ ਨਾਲ ਜੁੜੇ ਇਨਸਾਨ ਹਨ। ਉਹ ਪੇਸ਼ੇ ਤੋਂ ਡਾਕਟਰ ਹਨ ਤੇ ਸਕਿਨ ਸਪੈਸ਼ਲਿਸਟ ਹਨ। ਗੁਜਰਾਤ ਵਿੱਚ ਉਨ੍ਹਾਂ ਦਾ ਆਪਣਾ ਇੱਕ ਵੱਡਾ ਕਲੀਨਿਕ ਹੈ ਤੇ ਉਹ ਗੁਜਰਾਤ ਦੇ ਜ਼ਿਲ੍ਹਾ ਹਸਪਤਾਲ ਵਿੱਚ ਚਮੜੀ ਦੇ ਰੋਗਾਂ ਦੇ ਮਾਹਿਰ ਵਜੋਂ ਸਰਕਾਰੀ ਨੌਕਰੀ ਵੀ ਕਰਦੇ ਹਨ। ਉਹ ਗੁਜਰਾਤ ਦੇ ਲਾਗੇ ਹੀ ਇੱਕ ਪਿੰਡ ਦੇ ਵੱਡੇ ਜ਼ਿੰਮੀਦਾਰ ਹਨ ਤੇ ਉਨ੍ਹਾਂ ਦੇ ਮਾਪੇ ਤੇ ਭੈਣ-ਭਰਾ ਆਪਣੇ ਪਿੰਡ ਵਿੱਚ ਹੀ ਰਹਿੰਦੇ ਹਨ। ਉਹ ਵੀ ਛੁੱਟੀਆਂ ਵਿੱਚ ਪਿੰਡ ਵਾਲੇ ਘਰ ਵਿੱਚ ਰਹਿੰਦੇ ਹਨ। ਕਲੀਨਿਕ ਤੋਂ ਫਾਰਗ ਹੁੰਦਿਆਂ ਹੀ ਉਹ ਸੰਗੀਤਕਾਰਾਂ, ਸ਼ਾਇਰਾਂ, ਗਾਇਕਾਂ ਤੇ ਫਨਕਾਰਾਂ ਦੀ ਮਹਿਫਲ ਵਿੱਚ ਜਾ ਬਹਿੰਦੇ ਹਨ। ਉਥੇ ਗਾਇਕੀ ਦੀਆਂ ਬਾਰੀਕੀਆਂ ਨੂੰ ਸਮਝਣ ਦਾ ਆਹਰ ਕਰਦੇ ਹਨ। ਡਾ. ਅਜ਼ਹਰ ਮਹਿਮੂਦ 2005 ਵਿੱਚ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਭਾਗ ਲੈਣ ਲਈ ਪਟਿਆਲੇ ਵੀ ਆਏ ਸਨ ਤੇ ਮੈਂ ਵੀ ਉਸ ਕਾਨਫਰੰਸ ਵਿੱਚ ਇੱਕ ਡੈਲੀਗੇਟ ਵਜੋਂ ਸ਼ਿਰਕਤ ਕੀਤੀ ਸੀ। ਅਸੀਂ ਦੋਵੇਂ ਦੋ-ਤਿੰਨ ਦਿਨ ਪੰਜਾਬੀ ਯੂਨੀਵਰਸਿਟੀ ਦੇ ਵਾਰਿਸ ਭਵਨ ਵਿੱਚ ਇੱਕੱਠੇ ਰਹੇ। ਉਥੇ ਹੀ ਮੈਂ ਸੁਰਜੀਤ ਪਾਤਰ ਨਾਲ ਡਾ. ਸਾਹਿਬ ਦੀ ਮੁਲਾਕਾਤ ਕਰਵਾਈ। ਅਸੀਂ ਤਿੰਨੋਂ ਵਾਰਿਸ ਭਵਨ ਦੇ ਬਾਹਰ ਲੱਗੇ ਟੈਂਟ ਵਿੱਚ ਆ ਕੇ ਬਹਿ ਗਏ ਤੇ ਡਾ. ਸਾਹਿਬ ਦੀ ਫਰਮਾਇਸ਼ 'ਤੇ ਸੁਰਜੀਤ ਪਾਤਰ ਆਪਣੀਆਂ ਕਵਿਤਾਵਾਂ ਸੁਣਾਉਣ ਲੱਗਾ। ਸੁਰਜੀਤ ਪਾਤਰ ਦਾ ਤਰੱਨੁਮ ਬਹੁਤ ਹੀ ਵਧੀਆ ਤੇ ਸੁੰਦਰ ਹੈ, ਉਹਨੇ ਆਪਣਾ ਕਲਾਮ ਜਦ ਤਰੱਨੁਮ ਵਿੱਚ ਸੁਣਾਉਣਾ ਸ਼ੁਰੂ ਕੀਤਾ ਤਾਂ ਪਾਕਿਸਤਾਨ ਤੋਂ ਆਏ ਕਈ ਹੋਰ ਮਹਿਮਾਨ ਵੀ ਪਾਤਰ ਨੂੰ ਸੁਣਨ ਲਈ ਆ ਗਏ। ਪਾਤਰ ਨੇ ਉਥੇ ਇੱਕ ਗੀਤ, "ਕੱਚ ਦਾ ਗਿਲਾਸ" ਵੀ ਗਾਇਆ। ਕਾਨਫਰੰਸ ਦੇ ਖਤਮ ਹੋਣ 'ਤੇ ਮੈਂ ਪਾਕਿਸਤਾਨੀ ਮਹਿਮਾਨਾਂ ਨਾਲ ਅੰਮ੍ਰਿਤਸਰ ਤੋੜੀ ਗਿਆ ਤੇ ਉਥੋਂ ਜੰਮੂ ਆ ਗਿਆ। ਡਾ. ਸਾਹਿਬ ਨਾਲ ਚਿੱਠੀ ਪੱਤਰ ਰਾਹੀਂ ਅਤੇ ਟੈਲੀਫੋਨ ਰਾਹੀਂ ਰਾਬਤਾ ਹਮੇਸ਼ਾ ਕਾਇਮ ਰਿਹਾ। ਇੱਕ ਦਿਨ ਮੈਨੂੰ ਡਾ. ਅਜ਼ਹਰ ਮਹਿਮੂਦ ਦਾ ਦਿੱਲੀ ਤੋਂ ਟੈਲੀਫੋਨ ਆਇਆ ਤੇ ਉਨ੍ਹਾਂ ਦੱਸਿਆ ਕਿ ਉਹ ਦਿੱਲੀ ਵਿੱਚ ਇੱਕ ਹੈਲਥ ਕਾਨਫਰੰਸ ਵਿੱਚ ਭਾਗ ਲੈਣ ਲਈ ਪਾਕਿਸਤਾਨੀ ਵਫਦ ਨਾਲ ਆਏ ਹਨ ਤੇ ਕੱਲ੍ਹ ਅੰਮ੍ਰਿਤਸਰ ਪਹੁੰਚ ਰਹੇ ਹਨ। ਉਨ੍ਹਾਂ ਮੈਨੂੰ ਅੰਮ੍ਰਿਤਸਰ ਬੁਲਾਇਆ ਤਾਂ ਜੋ ਰਾਤ ਇੱਕੱਠਿਆਂ ਗੁਜ਼ਾਰ ਸਕੀਏ ਤੇ ਗੱਪਾਂ ਮਾਰ ਸਕੀਏ। ਮੈਂ ਆਪਣੇ ਦੋਸਤ ਡਾ. ਸੁਸ਼ੀਲ ਸ਼ਰਮਾ ਨੂੰ ਨਾਲ ਲੈ ਕੇ ਅੰਮ੍ਰਿਤਸਰ

ਪਹੁੰਚ ਗਿਆ। ਮੈਨੂੰ ਵੇਖ ਕੇ ਡਾ. ਅਜ਼ਹਰ ਮਹਿਮੂਦ ਬਹੁਤ ਖੁਸ਼ ਹੋਇਆ। ਉਸਨੇ ਮੈਨੂੰ ਆਪਣੀ ਨਵੀਂ ਐਲਬਮ ਦੀ ਸੀ.ਡੀ. ਦਿੱਤੀ, ਜਿਸਦਾ ਨਾਂ ਸੀ, "ਕੱਚ ਦਾ ਗਿਲਾਸ"। ਤੇ ਕਹਿਣ ਲੱਗੇ ਕਿ ਮੈਂ ਸੁਰਜੀਤ ਪਾਤਰ ਦੇ ਗੀਤ ਦੀ ਤਰਜ਼ ਆਪ ਬਣਾਈ ਹੈ ਤੇ ਮੇਰੀ ਐਲਬਮ ਵਿੱਚ ਪਹਿਲਾ ਗੀਤ ਪਾਤਰ ਦਾ ਹੀ ਹੈ। ਗੀਤ ਦੇ ਬੋਲ ਸਨ,

"ਅੱਜ ਮੇਰੇ ਕੋਲੋਂ ਕੱਚ ਦਾ ਗਿਲਾਸ ਟੁੱਟਿਆ,
ਤੇ ਮੇਰੀ ਅੰਬੜੀ ਨੇ,
ਮੇਰੀ ਅੰਬੜੀ ਨੇ ਦਿੱਤੀਆਂ ਨੇ ਲੱਖ ਝਿੜਕਾਂ ਤੇ ਮੇਰੇ ਨੈਣਾਂ ਵਿੱਚੋਂ
ਮੇਰੇ ਨੈਣਾਂ ਵਿੱਚੋਂ ਛਮ-ਛਮ ਨੀਰ ਫੁੱਟਿਆ
ਤੇ ਮੇਰੇ ਨੈਣਾਂ ਵਿੱਚੋਂ
ਮੇਰੀ ਅੰਬੜੀਏ ਮੈਨੂੰ ਇੱਕ ਗੱਲ ਦੱਸ ਦੇ
ਲੋਕੀ ਦਿਲ ਤੋੜ ਦਿੰਦੇ ਨੇ ਤੇ ਕਿੱਦਾਂ ਹੱਸਦੇ?"

ਡਾ. ਸਾਹਿਬ ਨਾਲ ਪਾਕਿਸਤਾਨ ਦੇ ਮਸ਼ਹੂਰ ਗਾਇਕ ਇਕਬਾਲ ਬਾਹੂ ਵੀ ਸਨ, ਜਿਨ੍ਹਾਂ ਸੁਲਤਾਨ ਬਾਹੂ ਦਾ ਕਲਾਮ ਗਾਇਆ ਹੈ ਤੇ ਉਨ੍ਹਾਂ ਦੀਆਂ ਕੈਸਟਾਂ ਅਤੇ ਸੀ.ਡੀਆਂ ਲੱਖਾਂ ਦੀ ਗਿਣਤੀ ਵਿੱਚ ਵਿਕੀਆਂ ਹਨ ਤੇ ਉਨ੍ਹਾਂ ਦਾ ਨਾਂ ਮੁਹੰਮਦ ਇਕਬਾਲ ਤੋਂ ਇਕਬਾਲ ਬਾਹੂ ਪੈ ਗਿਆ। ਖਾਣਾ ਖਾਣ ਦੇ ਬਾਅਦ ਡਾ. ਅਜ਼ਹਰ ਮਹਿਮੂਦ ਚਾਹ ਪੀਣ ਦੀ ਫਰਮਾਇਸ਼ ਕਰਨ ਲੱਗੇ ਤੇ ਕਹਿਣ ਲੱਗੇ ਕਿ ਚਾਹ ਕਿਸੇ ਢਾਬੇ ਜਾਂ ਰੈਸਟੋਰੈਂਟ ਵਿੱਚ ਬਹਿ ਕੇ ਪੀਣ ਦਾ ਇੱਕ ਵੱਖਰਾ ਹੀ ਸਵਾਦ ਆਉਂਦਾ ਹੈ। ਇਕਬਾਲ ਬਾਹੂ, ਸੁਸ਼ੀਲ, ਡਾ. ਅਜ਼ਹਰ ਮਹਿਮੂਦ ਤੇ ਮੈਂ ਪੁਤਲੀ ਘਰ ਦੇ ਕੋਲ ਇੱਕ ਟੀ-ਸਟਾਲ 'ਤੇ ਚਾਹ ਪੀਣ ਲਈ ਬਹਿ ਗਏ। ਉਥੇ ਚਾਹ ਪੀਂਦਿਆਂ ਮੈਂ ਡਾ. ਸਾਹਿਬ ਨੂੰ ਕੁੱਝ ਸੁਣਾਉਣ ਲਈ ਕਿਹਾ ਤਾਂ ਉਨ੍ਹਾਂ ਸੁਰਜੀਤ ਪਾਤਰ ਦਾ ਇਹੋ ਗੀਤ ਗਾ ਕੇ ਸੁਣਾਇਆ। ਡਾ. ਸਾਹਿਬ ਨੂੰ ਗਾਉਂਦਿਆਂ ਵੇਖ ਕੇ ਉਥੇ ਚੋਖੀ ਭੀੜ ਇੱਕਠੀ ਹੋ ਗਈ। ਇਕਬਾਲ ਬਾਹੂ ਜੱਗ ਵਜਾ ਰਿਹਾ ਸੀ ਤੇ ਡਾ. ਸਾਹਿਬ ਨੇ ਥਾਲੀ ਫੜੀ ਹੋਈ ਸੀ। ਡਾ. ਸਾਹਿਬ ਮਸਤੀ ਵਿੱਚ ਗਾ ਰਹੇ ਸਨ। ਮੈਂ ਪ੍ਰਸਿੱਧ ਤੇ ਮਹਾਨ ਗਾਇਕ ਇਕਬਾਲ ਬਾਹੂ ਨੂੰ ਸੁਲਤਾਨ ਬਾਹੂ ਦਾ ਕਲਾਮ ਸੁਣਾਉਣ ਲਈ ਅਰਜ਼ ਕੀਤੀ। ਉਨ੍ਹਾਂ ਵੀ ਸੁਲਤਾਨ ਬਾਹੂ ਤੋਂ ਛੁਟ ਹੀਰ ਵਾਰਿਸ-ਸ਼ਾਹ 'ਚੋਂ ਕੁੱਝ ਬੰਦ ਸੁਣਾਏ। ਸਾਰੇ ਲੋਕੀ ਬੜੇ ਸ਼ੌਂਕ ਨਾਲ ਸੁਣਦੇ ਰਹੇ। ਰਾਤ ਦੇ ਇੱਕ ਵੱਜ ਚੁੱਕੇ ਸਨ, ਜਦ ਅਸੀਂ ਟੀ-ਸਟਾਲ ਤੋਂ ਨਿਕਲੇ। ਅਸੀਂ ਸਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੈਸਟ-ਹਾਊਸ ਵਿੱਚ ਠਹਿਰੇ ਸਾਂ। ਸਾਰੀ ਰਾਤ ਸ਼ੇਅਰ-ਓ-ਸ਼ਾਇਰੀ ਚੱਲਦੀ ਰਹੀ, ਗੱਪਾਂ ਵੱਜਦੀਆਂ ਰਹੀਆਂ ਤੇ ਚਾਨਣ ਹੋ ਗਿਆ। ਨਾਸ਼ਤਾ ਕਰਨ ਮਗਰੋਂ ਮੈਂ ਉਨ੍ਹਾਂ ਨਾਲ ਵਾਹਗੇ ਬਾਰਡਰ ਤਕ ਗਿਆ ਤੇ ਜਦ ਤਕ ਉਹ ਅੱਖੋਂ ਓਹਲੇ ਨਹੀਂ ਹੋਏ, ਤਦ ਤਕ ਮੈਂ ਉਥੇ ਠਹਿਰਿਆ ਰਿਹਾ, ਮਗਰੋਂ ਵਾਹਗੇ ਤੋਂ ਸਿੱਧਾ

ਜੰਮੂ ਆ ਗਿਆ। ਅਕਤੂਬਰ 2011 ਵਿੱਚ ਜਦ ਮੈਂ ਇੱਕ ਰਿਸ਼ਤੇਦਾਰ ਦੇ ਬੱਚੇ ਦੀ ਸ਼ਾਦੀ ਵਿੱਚ ਭਾਗ ਲੈਣ ਅਤੇ ਜਸ਼ਨ-ਏ-ਫੈਜ਼ ਪ੍ਰੋਗਰਾਮ ਦੀ ਦਾਅਵਤ ਪਾਕਿਸਤਾਨੀ ਸ਼ਾਇਰਾਂ ਅਤੇ ਕਲਾਕਾਰਾਂ ਨੂੰ ਦੇਣ ਲਾਹੌਰ ਗਿਆ ਤਾਂ ਮੈਂ ਡਾ. ਅਜ਼ਹਰ ਮਹਿਮੂਦ ਨੂੰ ਗੁਜਰਾਤ ਫੋਨ ਕੀਤਾ ਤੇ ਦੱਸਿਆ ਕਿ ਮੈਂ ਈਦ ਦੇ ਦੂਜੇ ਦਿਨ ਵਾਪਿਸ ਜੰਮੂ ਜਾ ਰਿਹਾ ਹਾਂ। ਡਾ. ਅਜ਼ਹਰ ਮਹਿਮੂਦ ਨੇ ਯਾਰੀ ਦਾ ਹੱਕ ਅਦਾ ਕੀਤਾ ਤੇ ਈਦ ਦੇ ਬਾਵਜੂਦ ਮੈਨੂੰ ਮਿਲਣ ਲਈ ਲਾਹੌਰ ਆਇਆ। ਉਹ ਆਪਣੇ ਨਾਲ ਮੇਰੇ ਤੇ ਮੇਰੇ ਪਰਿਵਾਰ ਲਈ ਢੇਰ ਸਾਰੇ ਤੋਹਫੇ ਵੀ ਲੈ ਕੇ ਆਇਆ ਸੀ। ਫਿਰ ਅਸੀਂ ਲਾਹੌਰ ਦੇ ਇੱਕ ਖੂਬਸੂਰਤ ਰੈਸਟੋਰੈਂਟ 'ਵਿਲੇਜ' ਵਿੱਚ ਸ਼ੁੱਧ ਪੰਜਾਬੀ ਖਾਣਾ ਖਾਦਾ ਤੇ ਬਾਰ੍ਹਾਂ ਵਜੇ ਤਕ ਗੱਪਾਂ ਮਾਰਦੇ ਰਹੇ। ਰਾਤ ਬਾਰ੍ਹਾਂ ਵਜੇ ਉਸਨੇ ਮੈਨੂੰ ਗੁਲਬਰਗ ਆਪਣੇ ਰਿਸ਼ਤੇਦਾਰਾਂ ਦੇ ਘਰ ਛੱਡਿਆ ਤੇ ਆਪ ਗੁਜਰਾਤ ਵਾਪਿਸ ਚਲਾ ਗਿਆ, ਕਿਉਂਕਿ ਦੂਜੇ ਦਿਨ ਸਵੇਰੇ ਈਦ ਸੀ। ਅਜਿਹੇ ਯਾਰ ਬੇਲੀ ਨਸੀਬਾਂ ਵਾਲਿਆਂ ਨੂੰ ਹੀ ਮਿਲਦੇ ਹਨ। ਕਾਸ਼! ਸਰਕਾਰਾਂ ਵੀਜ਼ਾ ਸਿਸਟਮ ਵਿੱਚ ਨਰਮੀ ਕਰੇ ਤੇ ਡਾ. ਅਜ਼ਹਰ ਮਹਿਮੂਦ ਵਰਗੇ ਬੇਲੀ ਜੰਮੂ ਆਉਣ ਤੇ ਮੈਨੂੰ ਵੀ ਸੇਵਾ ਦਾ ਮੌਕਾ ਦੇਣ

**ਅਫ਼ਜ਼ਲ ਸਾਹਿਰ:**

ਅਫ਼ਜ਼ਲ ਸਾਹਿਰ ਬੜਾ ਬੀਬਾ ਤੇ ਮੁਹੱਬਤਾਂ ਵੰਡਣ ਵਾਲਾ ਪੰਜਾਬੀ ਸ਼ਾਇਰ ਹੈ। ਉਸਦੀਆਂ ਨਜ਼ਮਾਂ ਤੇ ਗਜ਼ਲਾਂ ਵਿੱਚ ਪੱਕਿਆਈ ਹੈ। ਉਹ ਸ਼ਬਦਾਂ ਦੀ ਤਹਿਜ਼ੀਬ ਅਤੇ ਉਨ੍ਹਾਂ ਦੇ ਵਰਤਣ ਦਾ ਚੱਜ ਜਾਣਦਾ ਹੈ। ਭਾਸ਼ਾ ਨਿਰੋਲ ਮਾਝੀ ਵਰਤਦਾ ਹੈ। ਕਲਪਨਾ ਤੇ ਸੋਚ ਉਡਾਰੀ ਨਿਵੇਕਲੀ ਹੈ। ਉਹ ਦੋਵਾਂ ਪੰਜਾਬਾਂ ਵਿੱਚ ਬਤੌਰ ਪੰਜਾਬੀ ਸ਼ਾਇਰ ਜਾਣਿਆ ਤੇ ਪਛਾਣਿਆ ਜਾਂਦਾ ਹੈ। ਉਸਦੇ ਯਾਰ ਬੇਲੀ ਲਹਿੰਦੇ ਤੇ ਚੜ੍ਹਦੇ ਪੰਜਾਬ ਵਿੱਚ ਚੋਖੀ ਗਿਣਤੀ ਵਿੱਚ ਹਨ ਤੇ ਯਾਰਾਂ ਦੀ ਇਸ ਸੂਚੀ ਵਿੱਚ ਮੇਰਾ ਨਾਂ 2005 ਵਿੱਚ ਜੁੜਿਆ, ਜਦ ਉਹ ਮੈਨੂੰ ਲਾਹੌਰ ਦੇ ਅਲਹਮਰਾ ਆਡੀਟੋਰੀਅਮ ਵਿੱਚ ਮਿਲਿਆ, ਜਿਥੇ ਮੇਰੀ ਕਹਾਣੀਆਂ ਦੀ ਪੁਸਤਕ 'ਬਲਦੀ ਬਰਫ਼ ਦਾ ਸੇਕ' (ਸ਼ਾਹਮੁਖੀ ਅੱਖਰਾਂ ਵਿੱਚ) ਦੀ ਮੂੰਹ ਵਿਖਾਲੀ ਹੋਈ ਸੀ। ਉਹ ਮੈਨੂੰ ਆਪਣੇ ਨਾਲ ਲਾਹੌਰ ਦੇ ਐਫੱ.ਐਮੱ.-ਵਨ ਰੇਡੀਓ ਸਟੇਸ਼ਨ ਲੈ ਗਿਆ ਤੇ ਉਥੇ 'ਮੌਜ਼ ਮੇਲਾ' ਪ੍ਰੋਗਰਾਮ ਵਿੱਚ ਮੇਰਾ ਇੱਕ ਲੰਬਾ ਇੰਟਰਵਿਊ ਲਿਆ। ਇੰਟਰਵਿਊ ਮੁੱਕਦਿਆਂ ਹੀ ਉਸਨੇ ਚਾਹ ਮੰਗਵਾਈ ਤੇ ਸਾਡੇ ਚਾਹ ਪੀਣ ਤਕ ਉਨ੍ਹਾਂ ਦਾ ਰਿਕਾਰਡਿੰਗ ਇਜ਼ੀਨੀਅਰ ਮੇਰੇ ਇੰਟਰਵਿਊ ਦੀ ਸੀ.ਡੀ. ਵੀ ਲੈ ਕੇ ਆ ਗਿਆ। ਉਹ ਮੈਨੂੰ ਆਪਣੇ ਕਈ ਦੋਸਤਾਂ ਨਾਲ ਮਿਲਾਉਣ ਲੈ ਗਿਆ। ਫਿਰ ਅਸੀਂ ਦੋਵੇਂ 'ਸਾਂਝ' ਦੇ ਦਫ਼ਤਰ ਗਏ, ਜਿਥੇ ਪੰਜਾਬ ਦੀ ਨਵੀਂ ਨਸਲ ਦੇ ਪੰਜਾਬੀ ਸਾਹਿਤਕਾਰ ਤੇ ਸ਼ਾਇਰਾਂ ਨਾਲ ਮੇਰੀ ਮੁਲਾਕਾਤ ਰੱਖੀ ਗਈ ਸੀ। ਉਥੇ ਮੈਂ, ਆਪਣੀਆਂ ਦੋ ਨਵੀਆਂ ਕਹਾਣੀਆਂ ਪੜ੍ਹੀਆਂ, ਜਿਨ੍ਹਾਂ 'ਤੇ ਭਰਵੀਂ ਬਹਿਸ ਹੋਈ

ਤੇ ਫਿਰ ਉਹ ਸੱਜਣ ਜੰਮੂ-ਕਸ਼ਮੀਰ ਤੇ ਚੜ੍ਹਦੇ ਪੰਜਾਬ ਦੇ ਪੰਜਾਬੀ ਸਾਹਿਤ ਬਾਰੇ ਗੱਲਬਾਤ ਕਰਦੇ ਰਹੇ। ਉਥੇ ਹੀ ਮੇਰੀ ਮੁਲਾਕਾਤ ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਆਲੋਚਕ ਸਈਅਦ ਭੁੱਟਾ ਨਾਲ ਹੋਈ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਵਿੱਚ ਪ੍ਰੋਫੈਸਰ ਹਨ ਅਤੇ ਸਰਾਇਕੀ ਬੋਲੀ ਨੂੰ ਮੁਕੰਮਲ ਭਾਸ਼ਾ ਦਾ ਰੂਪ ਦਿਵਾਉਣ ਤੇ ਪੰਜਾਬੀ ਨਾਲੋਂ ਵੱਖ ਕਰਨ ਅਤੇ ਸਰਾਇਕੀ ਪ੍ਰਦੇਸ਼ ਬਣਾਉਣ ਦੇ ਸੰਘਰਸ਼ ਵਿੱਚ ਸ਼ਾਮਿਲ ਹਨ। ਉਨ੍ਹਾਂ ਮੈਨੂੰ ਆਪਣੀਆਂ ਕੁੱਝ ਕਿਤਾਬਾਂ ਦਿੱਤੀਆਂ। 'ਸਾਂਝ' ਦੀ ਬੈਠਕ ਰੂਹ ਖਿੱਚਵੀਂ ਸੀ, ਉਥੇ ਸਾਹਿਤਕਾਰਾਂ ਨਾਲ ਗੱਲਬਾਤ ਕਰਕੇ ਮੈਂ ਬਹੁਤ ਖੁਸ਼ ਹੋਇਆ ਤੇ ਮੇਰੇ ਮਨ ਨੂੰ ਬਹੁਤ ਸਕੂਨ ਮਿਲਿਆ। 'ਸਾਂਝ' ਦੇ ਕਰਤਾ-ਧਰਤਾ ਅਮਜਦ ਸਲੀਮ ਨੇ ਮੇਰੀ ਸੇਵਾ ਵਿੱਚ ਕੋਈ ਕਮੀ ਨਹੀਂ ਰੱਖੀ। ਅਫਜ਼ਲ ਸਾਹਿਰ ਨਾਲ ਟੈਲੀਫੋਨ 'ਤੇ ਗੱਲਾਂਬਾਤਾਂ ਹੁੰਦੀਆਂ ਰਹਿੰਦੀਆਂ। ਉਹ ਮਨ ਮੌਜੀ ਬੰਦਾ ਟੈਲੀਫੋਨ 'ਤੇ ਵੀ ਪਿਆਰ ਮੁਹੱਬਤ ਦੇ ਸ਼ਬਦਾਂ ਦਾ ਗੁਲਕੰਦ ਖਵਾਉਂਦਾ ਰਹਿੰਦਾ। ਦੂਜੀ ਵਾਰੀ ਉਸ ਨਾਲ ਮੁਲਾਕਾਤ ਅਕਤੂਬਰ 2011 ਵਿੱਚ ਹੋਈ, ਉਹ ਮੈਨੂੰ ਫਿਰ ਐਫ.ਐਮੱ.-ਵਨ ਰੇਡੀਓ ਸਟੇਸ਼ਨ ਇੰਟਰਵਿਊ ਕਰਨ ਲਈ ਲੈ ਗਿਆ ਤੇ ਪ੍ਰੋਗਰਾਮ ਖਤਮ ਹੋਣ ਮਗਰੋਂ ਬਾਗ਼-ਏ-ਜਿੰਨ੍ਹਾ ਵਿੱਚ ਹੋਣ ਵਾਲੀ ਸਾਹਿਤਕ ਗੋਸ਼ਟੀ ਵਿੱਚ ਅਦੀਬਾਂ ਤੇ ਸ਼ਾਇਰਾਂ ਨਾਲ ਮਿਲਾਉਣ ਲਿਆਇਆ। ਉਸ ਗੋਸ਼ਟੀ ਦੀ ਪ੍ਰਧਾਨਗੀ ਪ੍ਰਸਿੱਧ ਉਰਦੂ ਕਹਾਣੀਕਾਰ ਇੰਤਜ਼ਾਰ ਹੁਸੈਨ ਕਰ ਰਹੇ ਸਨ। ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਮੈਂ ਆਪਣੀ ਇੱਕ ਉਰਦੂ ਕਹਾਣੀ ਪੜ੍ਹੀ, ਕਿਉਂਕਿ ਗੋਸ਼ਟੀ ਉਰਦੂ ਦੇ ਸਾਹਿਤਕਾਰਾਂ ਦੀ ਸੀ। ਇੰਝ ਇਹ ਤੀਜਾ ਮੌਕਾ ਸੀ, ਜਦ ਮੈਂ ਅੰਤਰ-ਰਾਸ਼ਟਰੀ ਪੱਧਰ ਦੇ ਕਹਾਣੀਕਾਰ ਇੰਤਜ਼ਾਰ ਹੁਸੈਨ ਦੀ ਸਦਾਰਤ ਵਿੱਚ ਕਹਾਣੀ ਪੜ੍ਹੀ ਸੀ। ਇਸ ਤੋਂ ਪਹਿਲਾਂ, ਪਹਿਲੀ ਵਾਰ ਮੈਂ 1973 ਵਿੱਚ ਵਿਸ਼ਵ ਪੱਧਰ ਦੇ ਉਰਦੂ ਕਹਾਣੀਕਾਰ ਕ੍ਰਿਸ਼ਨ ਚੰਦਰ ਦੀ ਪ੍ਰਧਾਨਗੀ ਵਿੱਚ ਇੱਕ ਉਰਦੂ ਕਹਾਣੀ ਪੜ੍ਹ ਚੁੱਕਿਆ ਸਾਂ ਤੇ ਦੂਜੀ ਵਾਰ ਉਰਦੂ ਦੇ ਮੰਨੇ ਪ੍ਰਮੰਨੇ ਸ਼ਾਇਰ ਤੇ ਸੂਝਵਾਨ ਅਲੀ ਸਰਦਾਰ ਜਾਫਰੀ ਦੀ ਸਦਾਰਤ ਵਿੱਚ ਆਪਣੀ ਪੰਜਾਬੀ ਕਹਾਣੀ ਪੜ੍ਹ ਚੁੱਕਿਆ ਸਾਂ। ਉਥੋਂ ਫਾਰਗ ਹੋਣ ਮਗਰੋਂ ਅਸੀਂ 'ਪੰਚਮ' ਪੰਜਾਬੀ ਮਾਸਿਕ ਪਰਚੇ ਦੇ ਦਫਤਰ ਗਏ ਤੇ 'ਪੰਚਮ' ਦੇ ਸੰਪਾਦਕ ਮਸੂਦ ਸਾਕਿਬ ਨੂੰ ਮਿਲੇ। ਦੂਜੇ ਦਿਨ ਅਫਜ਼ਲ ਸਾਹਿਰ ਨਾਲ ਮੈਂ 'ਇੰਟਰਨੈਸ਼ਨਲ ਸਵੇਰ' (ਪੰਜਾਬੀ) ਦੇ ਸੰਪਾਦਕ ਜਮੀਲ ਅਹਿਮਦ ਪਾਲ ਨੂੰ ਮਿਲਿਆ। ਫਿਰ ਮੈਂ ਅਮਜਦ ਇਸਲਾਮ ਅਮਜਦ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਡਿਫੈਂਸ ਕਾਲੋਨੀ ਗਿਆ। ਅਮਜਦ ਸਾਹਿਬ ਇੱਕ ਮਸ਼ਹੂਰ ਸ਼ਾਇਰ ਤੇ ਪਾਕਿਸਤਾਨ ਟੈਲੀਵਿਜ਼ਨ ਦੇ ਡਰਾਮਾ ਨਿਗਾਰ ਵਜੋਂ ਇੱਕ ਬਹੁਤ ਵੱਡਾ ਨਾਂ ਹੈ, ਜਿਨ੍ਹਾਂ ਵਾਰਿਸ ਵਰਗਾ ਸੀਰੀਅਲ ਲਿਖ ਕੇ ਬੜਾ ਨਾਮ ਕਮਾਇਆ। ਉਨ੍ਹਾਂ ਦੇ ਕਈ ਹੋਰ ਡਰਾਮੇ ਵੀ ਪੀ.ਟੀ.ਵੀ. ਤੋਂ ਟੈਲੀਕਾਸਟ ਹੋਏ, ਜਿਹੜੇ ਅਸਾਂ ਜੰਮੂ ਵਿੱਚ ਵੇਖੇ। ਫਿਰ

ਅਫਜ਼ਲ ਸਾਹਿਰ ਮੈਨੂੰ ਆਪਣੇ ਮਿੱਤਰ ਤੇ ਡੀ.ਆਈ.ਜੀ. ਜੇਲ੍ਹ ਖਾਨਾ ਲਾਹੌਰ ਦੇ ਘਰ ਲੈ ਗਿਆ, ਉਥੋਂ ਉਹ ਮੈਨੂੰ ਲੈ ਕੇ ਪਹਿਲਾਂ ਪੰਜਾਬੀ ਦੀ ਵਧੀਆ ਕਹਾਣੀਕਾਰ ਜ਼ੋਇਆ ਸਾਜਿਦ ਦੇ ਘਰ ਗਿਆ, ਫਿਰ ਅਸੀਂ ਤਿੰਨੋਂ ਰਾਤ ਦੇ ਖਾਣੇ ਲਈ ਕੱਥਕ ਦੀ ਵਿਸ਼ਵ ਪ੍ਰਸਿੱਧ ਨ੍ਰਿਤਕੀ ਆਇਸ਼ਾ ਸਦੀਕੀ ਦੇ ਘਰ ਗਏ। ਆਇਸ਼ਾ ਸਦੀਕੀ ਹਾਲੀਵੁੱਡ, ਲਾਲੀਵੁੱਡ ਤੇ ਪਾਕਿਸਤਾਨ ਟੈਲੀਵਿਜ਼ਨ ਦੇ ਮਸ਼ਹੂਰ ਅਦਾਕਾਰ ਤੇ ਕਲਾਕਾਰ ਜ਼ਿਆ ਮੁਹੀ-ਉ-ਦੀਨ ਦੀ ਪਤਨੀ ਹੈ। ਉਥੇ ਸ਼ਾਇਰੀ, ਅਦਬ ਤੇ ਸੰਗੀਤ ਦਾ ਬੜਾ ਖੂਬਸੂਰਤ ਮਾਹੌਲ ਬਣ ਗਿਆ। ਆਇਸ਼ਾ ਸਦੀਕੀ ਨੇ ਸੰਗੀਤ ਤੇ ਕੱਥਕ ਦੀਆਂ ਬਾਰੀਕੀਆ ਬਾਰੇ ਬੜੀ ਭਰਵੀਂ ਜਾਣਕਾਰੀ ਦਿੱਤੀ। ਰਾਤ ਇੱਕ ਵਜੇ ਇਹ ਵਧੀਆ ਮਹਿਫਲ ਸਮਾਪਤ ਹੋਈ। ਮੇਰੀ ਜ਼ਿੰਦਗੀ ਦੀਆਂ ਚੰਦ ਖੂਬਸੂਰਤ ਸ਼ਾਮਾਂ ਵਿੱਚ ਇਹ ਇੱਕ ਸ਼ਾਮ ਵੀ ਸ਼ਾਮਿਲ ਸੀ, ਜਿਸ ਲਈ ਮੈਂ ਆਪਣੇ ਯਾਰ ਅਫਜ਼ਲ ਸਾਹਿਰ ਦਾ ਧੰਨਵਾਦੀ ਹਾਂ। ਅਫਜ਼ਲ ਸਾਹਿਰ, ਸ਼ਿਵ ਕੁਮਾਰ ਬਟਾਲਵੀ ਤੇ ਅੰਮ੍ਰਿਤਾ ਪ੍ਰੀਤਮ ਦਾ ਸ਼ਦਾਈ ਹੈ ਤੇ ਮੇਰੀ ਉਸ ਨਾਲ ਨਿੱਘੀ ਸਾਂਝ ਇਸ ਕਰਕੇ ਵੀ ਹੈ। ਅਸੀਂ ਦੋਵੇਂ ਸ਼ਿਵ ਕੁਮਾਰ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਤੇ ਸੁਰਜੀਤ ਪਾਤਰ ਦੀ ਸ਼ਾਇਰੀ ਗੁਣ ਗੁਣਾਉਂਦੇ ਰਹਿੰਦੇ। ਉਹ ਇੱਕ ਵਧੀਆ ਪ੍ਰੋਗਰਾਮ ਸੰਚਾਲਕ ਹੈ। ਪੂਰੇ ਪੰਜਾਬ ਤੋਂ ਸਾਹਿਤਕਾਰਾਂ, ਸ਼ਾਇਰਾਂ, ਕਲਾਕਾਰਾਂ, ਸੰਗੀਤਕਾਰਾਂ, ਲੋਕ-ਗਾਇਕਾਂ ਤੇ ਸੂਝਵਾਨਾਂ ਨੂੰ ਲੱਭਣ ਤੇ ਇੰਟਰਵਿਊ ਕਰਨਾ ਉਸਦਾ ਸ਼ੌਕ ਵੀ ਹੈ ਤੇ ਰੋਟੀ ਰੋਜ਼ੀ ਦਾ ਸਾਧਨ ਵੀ। ਅਫਜ਼ਲ ਸਾਹਿਰ ਵਰਗੇ ਯਾਰ ਬੇਲੀ ਨਸੀਬਾਂ ਨਾਲ ਹੀ ਮਿਲਦੇ ਹਨ। ਉਰਦੂ ਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਅਨਵਰ ਮਸੂਦ, ਕਿਸ਼ਵਰ ਨਾਹੀਦ, ਆਯੂਬ ਖ਼ਾਵਰ, ਮੰਜ਼ਰ ਆਜ਼ਮੀ ਇਫਤਿਖਾਰ ਆਰਿਫ ਤੇ ਅਲੀ ਅਕਬਰ ਨਾਤਿਕ ਨੂੰ ਜੰਮੂ ਆਉਣ ਲਈ ਤੇ ਜਸ਼ਨ-ਏ-ਫੈਜ਼ ਪ੍ਰੋਗਰਾਮ ਵਿੱਚ ਸ਼ਮਿਲ ਹੋਣ ਦੀ ਦਾਅਵਤ ਦੇਣ ਲਈ ਜਦ ਮੈਂ ਇਸਲਾਮਾਬਾਦ ਜਾਣ ਲੱਗਾ ਤਾਂ ਅਫਜ਼ਲ ਸਾਹਿਰ ਨੇ ਮੈਨੂੰ ਕਿਹਾ ਕਿ ਮੈਂ ਉਥੇ ਪੰਜਾਬੀ ਦੇ ਕਹਾਣੀਕਾਰ ਮੀਰ ਤਨਹਾ ਯੂਸਫੀ ਅਤੇ ਮਲਿਕ ਮਿਹਰ ਅਲੀ ਨੂੰ ਵੀ ਮਿਲਾਂ। ਉਸਨੇ ਕਿਹਾ ਕਿ ਅਲੀ ਅਕਬਰ ਨਾਤਿਕ ਮੇਰੀ ਉਨ੍ਹਾਂ ਨਾਲ ਮੁਲਾਕਾਤ ਦਾ ਪ੍ਰਬੰਧ ਕਰ ਦੇਵੇਗਾ। ਜਦ ਮੈਂ ਇਸਲਾਮਬਾਦ ਪਹੁੰਚਿਆ ਤਾਂ ਅਲੀ ਅਕਬਰ ਨਾਤਿਕ ਨੇ ਆਪਣੇ ਤੱਕੀਏ (ਘਰ) ਤੇ ਸਾਹਿਤਕਾਰਾਂ ਦੀ ਇੱਕ ਗੋਸ਼ਟੀ ਰੱਖੀ ਜਿੱਥੇ ਮੀਰ ਤਨਹਾ ਯੂਸਫੀ, ਮਿਹਰ ਅਲੀ ਤੇ ਮੈਂ ਆਪਣੀਆਂ ਪੰਜਾਬੀ ਕਹਾਣੀਆਂ ਸੁਣਾਈਆਂ। ਇਸਲਾਮਾਬਾਦ ਦੇ ਉਰਦੂ ਅਤੇ ਪੰਜਾਬੀ ਸਾਹਿਤਕਾਰਾਂ ਨੇ ਇਸ ਗੋਸ਼ਟੀ ਵਿੱਚ ਭਾਗ ਲਿਆ ਸੀ। ਅਫਜ਼ਲ ਸਾਹਿਰ ਦੀ ਦੋਸਤੀ ਦਾ ਘੇਰਾ ਬੜਾ ਲੰਬਾ ਚੌੜਾ ਹੈ। ਪੰਜਾਬ ਤੋਂ ਛੁੱਟ ਕਰਾਚੀ, ਹੈਦਰਾਬਾਦ ਤੇ ਪਿਸ਼ਾਵਰ ਤਕ ਉਹਦੀ ਮਿੱਠੜੀ ਸ਼ਾਇਰੀ ਤੇ ਦਿਲ ਖਿੱਚਵੀਂ ਆਵਾਜ਼ ਨੂੰ ਸੁਣਨ ਵਾਲੇ ਮੌਜੂਦ ਹਨ।

ਖ਼ਾਲਾ ਰਜ਼ੀਆ:

ਇਹ ਮਾਰਚ 1985 ਦੀ ਗੱਲ ਹੈ, ਜਦੋਂ ਮੇਰੇ ਸੱਸ ਤੇ ਸੋਹਰਾ ਪਹਿਲੀ ਵਾਰੀ ਜੰਮੂ ਤੋਂ ਲਾਹੌਰ ਗਏ। ਲਾਹੌਰ ਮੇਰੀ ਸੱਸ ਦੀਆਂ ਤਿੰਨ ਫੁਫੇਰੀਆਂ ਭੈਣਾਂ ਰਹਿੰਦੀਆਂ ਸਨ ਤੇ ਮੇਰੇ ਸੌਹਰੇ ਦੀ ਸਕੀ ਭੈਣ ਵਜ਼ੀਰਾਂ ਬੇਗਮ, ਮੀਰਪੁਰ ਵਿੱਚ ਆਪਣੇ ਟੱਬਰ ਨਾਲ ਰਹਿੰਦੀ ਸੀ। ਲਾਹੌਰ ਦੇ ਇਸ ਸਫ਼ਰ ਵਿੱਚ ਮੇਰੀ ਵੱਡੀ ਬੇਟੀ ਸਿੰਮੀ ਵੀ ਆਪਣੇ ਨਾਨਾ ਨਾਨੀ ਨਾਲ ਗਈ ਸੀ। ਉਹ ਲੋਕ ਇੱਕ ਮਹੀਨੇ ਤੋਂ ਵੱਧ ਪਾਕਿਸਤਾਨ ਦੇ ਕਈ ਸ਼ਹਿਰਾਂ ਵਿੱਚ ਘੁੰਮੇ ਤੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਦੇ ਮਿਲਾਉਂਦੇ ਰਹੇ। ਵਾਪਿਸ ਪਰਤਣ ’ਤੇ ਰਾਵਲਪਿੰਡੀ ਵਿੱਚ ਆਪਣੇ ਰਿਸ਼ਤੇਦਾਰਾਂ ਦਾ ਜ਼ਿਕਰ ਕੀਤਾ ਤੇ ਉਨ੍ਹਾਂ ਦੀ ਮਹਿਮਾਨ ਨਿਵਾਜ਼ੀ ਦੀ ਰੱਜ ਕੇ ਤਾਰੀਫ਼ ਕੀਤੀ। ਖਾਸਕਰ ਖ਼ਾਲਾ ਰਜ਼ੀਆ ਦੀ ਜੋ ਲਾਹੌਰ ਦੀ ਗੁਲਬਰਗ ਕਾਲੋਨੀ ਵਿੱਚ ਰਹਿੰਦੀ ਹੈ, ਉਨ੍ਹਾਂ ਦੇ [illegible]ੜੀ ਮਸੂਦ ਕੁਰੇਸ਼ੀ ਉਂਝ ਤਾਂ ਸਰਕਾਰੀ ਮੁਲਾਜ਼ਮ ਸਨ, ਪਰ ਅਸਲ ਵਿੱਚ ਉਹ ਫਿਲਮ ਪ੍ਰੋਡਿਊਸਰ ਸਨ। ਉਨ੍ਹਾਂ ਪਾਕਿਸਤਾਨ ਦੀਆਂ ਕਈ ਫਿਲਮਾਂ ਪ੍ਰੋਡਿਊਸ ਕੀਤੀਆਂ, ਜਿਨ੍ਹਾਂ ਵਿੱਚ, ’ਚੂੜੀਆਂ’, ‘ਸਲਾਖੇਂ’ ਤੇ ‘ਦਹਿਲੀਜ਼’ ਬਹੁਤ ਮਸ਼ਹੂਰ ਹੋਈਆਂ। ਉਨ੍ਹਾਂ ਕੋਈ 13 ਫਿਲਮਾਂ ਬਣਾਈਆਂ। ਉਨ੍ਹਾਂ ਫਿਲਮਾਂ ਤੋਂ ਇਨ੍ਹਾਂ ਪੈਸਾ ਕਮਾਇਆ ਕਿ ਗੁਲਬਰਗ ਜਿਹੇ ਪਾਸ਼ ਇਲਾਕੇ ਵਿੱਚ ਕੋਠੀ ਖਰੀਦੀ ਤੇ ਉਥੇ ਰਹਿਣ ਲੱਗੇ। ਉਨ੍ਹਾਂ ਦੇ ਤਿੰਨ ਪੁੱਤਰ, ‘ਸ਼ਾਹਿਦ’, ‘ਤਾਰਿਕ’ ਤੇ ‘ਜ਼ਾਹਿਦ’ ਹਨ ਅਤੇ ਧੀਆਂ ਸਾਰੀਆਂ ਆਪਣੇ-ਆਪਣੇ ਘਰ ਆਬਾਦ ਹਨ। ਜਦੋਂ ਮੈਂ 2004 ਵਿੱਚ ਪਹਿਲੀ ਵਾਰੀ ਪਾਕਿਸਤਾਨ ਗਿਆ ਤਾਂ ਮੇਰੀ ਸੱਸ ਨੇ ਮੈਨੂੰ ਖਾਲਾ ਰਜ਼ੀਆ ਦੇ ਘਰ ਜਾਣ ਲਈ ਕਿਹਾ ਸੀ ਤੇ ਉਨ੍ਹਾਂ ਦਾ ਫੋਨ ਨੰਬਰ ਵੀ ਦਿੱਤਾ ਸੀ। ਲਾਹੌਰ, ਮੈਂ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਭਾਗ ਲੈਣ ਲਈ ਗਿਆ ਸਾਂ ਅਤੇ ਫਲੈਟੀ ਤੇ ਸ਼ਾਹ ਤਾਜ ਹੋਟਲ ਵਿੱਚ ਰਿਹਾ ਸਾਂ। ਮੇਰੇ ਨਾਲ ਡਾ. ਅਵਤਾਰ ਸਿੱਧੂ ਤੇ ਬੀਬਾ ਬਲਵੰਤ ਵੀ ਸਨ। ਮੈਂ ਖਾਲਾ ਰਜ਼ੀਆ ਨੂੰ ਫੋਨ ਕਰਕੇ ਲਾਹੌਰ ਆਉਣ ਦੀ ਸੂਚਨਾ ਦਿੱਤੀ, ਕੁੱਝ ਹੀ ਚਿਰ ਮਗਰੋਂ ਉਨ੍ਹਾਂ ਦਾ ਛੋਟਾ ਬੇਟਾ ਜ਼ਾਹਿਦ, ਮੈਨੂੰ ਲੈਣ ਲਈ ਹੋਟਲ ’ਤੇ ਆ ਗਿਆ। ਅਸੀਂ ਤਿੰਨੋਂ ਭਾਈ ਜ਼ਾਹਿਦ ਨਾਲ ਉਨ੍ਹਾਂ ਦੇ ਘਰ ਗਏ। ਉਥੇ ਖਾਲਾ, ਉਨ੍ਹਾਂ ਦੀਆਂ ਨੂੰਹਾਂ ਤੇ ਪੋਤਰੇ-ਪੋਤਰੀਆਂ ਨੇ ਨਿੱਘਾ ਪਿਆਰ ਦਿੱਤਾ ਤੇ ਰੂਹ ਨਾਲ ਸਾਡੀ ਸੇਵਾ ਕੀਤੀ। ਦੂਜੇ ਦਿਨ ਈਦ ਸੀ ਤੇ ਖਾਲਾ ਨੇ ਬਿਰਿਆਨੀ ਤੇ ਹੋਰ ਸਾਲਣ ਬਣਾ ਕੇ ਇੱਕ ਪੂਰੀ ਦੇਗ ਸਾਡੇ ਹੋਟਲ ’ਤੇ ਭੇਜ ਦਿੱਤੀ ਤੇ ਅਸਾਂ ਸਾਰਿਆਂ ਮਿਲ ਕੇ ਹੋਟਲ ਵਿੱਚ ਈਦ ਦਾ ਖਾਣਾ ਖਾਧਾ। ਦੂਜੀ ਵਾਰੀ ਮੈਂ ਖਾਲਾ ਰਜ਼ੀਆ ਨੂੰ 2005 ਵਿੱਚ ਮਿਲਿਆ, ਜਦੋਂ ਮੈਂ ਸ਼੍ਰੀਨਗਰ ਤੋਂ ਮੁਜ਼ਫਰਾਬਾਦ ਜਾਣ ਵਾਲੀ ਬੱਸ ਵਿੱਚ ਮੀਰਪੁਰ ਗਿਆ ਸੀ। ਮੇਰੀ ਪਤਨੀ ਮੇਰੇ ਨਾਲ ਸੀ ਤੇ ਉਹ ਆਪਣੀ ਫੁਫੇਰੀ ਭੈਣ ਪਰਵੀਨ ਤੇ ਉਹਦੇ ਪਤੀ ਕਰਨਲ ਡਾ. ਅਨਾਇਤ ਅਤੇ ਮੀਰਪੁਰ ਵਿੱਚ ਤਸੱਵਰ,

ਆਸ਼ਿਕ ਤੇ ਉਨ੍ਹਾਂ ਦੀਆਂ ਬੀਵੀਆਂ ਤਨਜ਼ੀਲਾ ਤੇ ਸਾਈਮਾ ਅਤੇ ਬੱਚਿਆਂ ਨੂੰ ਮਿਲ ਕੇ ਬਹੁਤ ਖੁਸ਼ ਸੀ। ਫਿਰ ਅਸੀਂ ਉਥੋਂ ਸਿੱਧਾ ਲਾਹੌਰ, ਖਾਲਾ ਰਜ਼ੀਆ ਦੇ ਘਰ ਆ ਗਏ। ਕੁੱਝ ਦਿਨ ਉਨ੍ਹਾਂ ਨਾਲ ਰਹੇ, ਉਨ੍ਹਾਂ ਦੀ ਪ੍ਰਾਹੁਣਾਚਾਰੀ ਵਿੱਚ ਅਪਣਾਪਣ ਸੀ। ਉਨ੍ਹਾਂ ਦੇ ਸਾਰੇ ਜਵਾਈ ਜੀਊਣ-ਯੋਗੇ ਹਨ। ਉਨ੍ਹਾਂ ਸਾਰਿਆ ਨੇ ਸਾਡੀ ਬੜੀ ਸੇਵਾ ਕੀਤੀ ਤੇ ਸਾਨੂੰ ਇੰਝ ਜਾਪਿਆ ਕਿ ਅਸੀਂ ਆਪਣੇ ਹੀ ਘਰ ਵਿੱਚ ਹਾਂ। ਖਾਲਾ ਰਜ਼ੀਆ ਨੇ ਪੂਰੇ ਘਰ ਨੂੰ ਜੋੜ ਕੇ ਰੱਖਿਆ ਹੋਇਆ ਹੈ। ਨੂੰਹਾਂ-ਪੁੱਤਰਾਂ ਨੂੰ ਤੇ ਪੋਤਰੇ-ਪੋਤਰੀਆਂ ਨੂੰ ਜਿਸ ਤਰ੍ਹਾਂ ਜੋੜ ਕੇ ਰੱਖਿਆ ਹੈ, ਉਹ ਅੱਜ ਦੇ ਜ਼ਮਾਨੇ ਵਿੱਚ ਬਹੁਤ ਹੀ ਮੁਸ਼ਕਿਲ ਕੰਮ ਹੈ। ਸਭ ਤੋਂ ਵੱਡਾ ਬੇਟਾ ਸ਼ਾਹਿਦ, ਅਮਰੀਕਾ ਵਿੱਚ ਨੌਕਰੀ ਕਰਦਾ ਹੈ ਤੇ ਇੱਕ ਜਵਾਈ ਖ਼ਾਲਿਦ ਭੱਟ ਵੀ ਜਾਪਾਨ ਵਿੱਚ ਆਪਣਾ ਕਾਰੋਬਾਰ ਕਰਦਾ ਹੈ। ਖਾਲਾ ਰਜ਼ੀਆ ਦਾ ਇੱਕ ਪੋਤਰਾ ਵੀ ਅਮਰੀਕਾ ਚਲਾ ਗਿਆ ਹੈ। ਮੈਂ ਤੇ ਮੇਰੀ ਪਤਨੀ 2011 ਵਿੱਚ ਜ਼ਾਹਿਦ ਦੇ ਦੋ ਬੇਟਿਆਂ ਦੀ ਸ਼ਾਦੀ ਵਿੱਚ ਸ਼ਿਰਕਤ ਕਰਨ ਲਈ ਲਾਹੌਰ ਗਏ ਸੀ। ਖਾਲਾ ਰਜ਼ੀਆ ਨੇ ਆਪਣੀਆਂ ਭੈਣਾਂ ਜ਼ੁਬੈਦਾ ਤੇ ਸੁਰਈਆ ਦੇ ਸਿਰ ਉਤੇ ਵੀ ਮਾਂ ਵਾਲਾ ਹੱਥ ਰੱਖਿਆ ਹੋਇਆ ਹੈ। ਖਾਲਾ ਸੁਰਈਆ (ਮਰਹੂਮ) ਦੀ ਬੇਟੀ ਆਪਣੇ ਛੋਟੇ ਪੁੱਤਰ ਜ਼ਾਹਿਦ ਨਾਲ ਵਿਆਹੀ ਤੇ ਇੰਝ ਹੀ ਖਾਲਾ ਜ਼ੁਬੈਦਾ ਦੀ ਬੇਟੀ ਸਿਆਲਕੋਟ ਵਿਆਹੀ। ਜਦ ਤਕ ਖਾਲੂ ਮਸੂਦ ਕੁਰੈਸ਼ੀ ਜ਼ਿੰਦਾ ਰਹੇ, ਉਨ੍ਹਾਂ ਆਪਣੀ ਸਾਲੀਆਂ ਨੂੰ ਭੈਣਾਂ ਵਾਂਗ ਪਾਲਿਆ ਤੇ ਉਨ੍ਹਾਂ ਦੇ ਵਿਆਹ ਕਰਵਾਏ। ਖਾਲਾ ਰਜ਼ੀਆ, ਮੈਨੂੰ ਹਮੇਸ਼ਾ ਆਪਣੀ ਸਕੀ ਮਾਂ ਵਾਂਗ ਲੱਗੀ। ਮੇਰੀ ਬੜੀ ਇੱਛਾ ਹੈ ਕਿ ਉਹ ਜੰਮੂ ਮੇਰੇ ਕੋਲ ਆਵੇ ਤੇ ਮੈਂ ਉਸਦੀ ਆਪਣੀ ਮਾਂ ਵਾਂਗ ਸੇਵਾ ਕਰਾਂ ਤੇ ਉਸਦੀਆਂ ਦੁਆਵਾਂ ਲਵਾਂ, ਪਰ ਖਬਰੇ ਇਹ ਨਸੀਬ ਵਿੱਚ ਲਿਖਿਆ ਹੈ ਜਾਂ ਨਹੀਂ?

**ਅਵਤਾਰ ਸਿੰਘ ਚੰਦਨ:**

ਚੰਦਨ ਸਿੱਧਾ-ਸਾਧਾ, ਸਾਫ਼-ਸੁਥਰਾ ਤੇ ਮੁਹੱਬਤਾਂ ਦੇ ਸਾਗਰ ਵਿੱਚੋਂ ਯਾਰ ਬੇਲੀਆਂ ਲਈ ਪਿਆਰ ਦੀਆਂ ਗਾਗਰਾਂ ਭਰਣ ਵਾਲਾ ਵਿਅਕਤੀ ਸੀ। ਮੇਰੀ ਉਸ ਨਾਲ ਬੜੀ ਸਾਂਝ ਸੀ। ਉਹ ਇੱਕ ਸਫੈਦਪੋਸ਼ ਬੰਦਾ ਸੀ, ਪਰ ਆਪਣੇ ਸਲੂਕ ਤੇ ਖਲੂਸ ਕਾਰਨ ਸਭਨਾਂ ਦਾ ਹਰਮਨ ਪਿਆਰਾ ਸੀ। ਮੇਰੀ ਉਸ ਨਾਲ ਪਹਿਲੀ ਮੁਲਾਕਾਤ 1971 ਵਿੱਚ ਪੰਜਾਬੀ ਸਾਹਿਤ ਸਭਾ, ਸ੍ਰੀਨਗਰ ਦੇ ਦਫਤਰ ਵਿੱਚ ਹੋਈ, ਜਿਥੇ ਉਸਨੇ ਆਪਣਾ ਇੱਕ ਗੀਤ ਗਾ ਕੇ ਸੁਣਾਇਆ ਸੀ, ਜਿਸ ਵਿੱਚ ਪੋਠੋਹਾਰੀ ਸ਼ਬਦ ਬੜੀ ਖੂਬਸੂਰਤੀ ਨਾਲ ਵਰਤੇ ਗਏ ਸਨ। ਗੀਤ ਦੇ ਬੋਲਾਂ ਦੀ ਇੱਕ ਪੰਕਤੀ ਮੈਨੂੰ ਅੱਜ ਵੀ ਯਾਦ ਹੈ:

"ਮੇਰੇ ਮਾਹੀਆ ਢੋਲ ਸਿਪਾਹੀਆ,
ਜੁਲ ਜੁਲੀਏ ਵੇ ਬਾਰ੍ਹਾਂਮੂਲੇ।"

ਅਵਤਾਰ ਸਿੰਘ ਚੰਦਨ ਹਰ ਐਤਵਾਰ ਨੂੰ ਸਭਾ ਦੀ ਗੋਸ਼ਟੀ ਵਿੱਚ ਸ਼ਾਮਿਲ

ਹੁੰਦਾ ਤੇ ਆਪਣੀ ਨਵੀਂ ਕਵਿਤਾ ਸੁਣਾਉਂਦਾ। ਉਹ ਸਭਾ ਦੇ ਕੰਮ ਕਾਜ ਵਿੱਚ ਵੀ ਭਰਵਾਂ ਹਿੱਸਾ ਲੈਂਦਾ, ਪਰ ਸਭਾ ਦੇ ਮੋਢੀ ਤੇ ਆਖੌਤੀ ਗਿਆਨੀ ਧਿਆਨੀ ਉਸਨੂੰ ਹਮੇਸ਼ਾ ਖੌਰੀ ਅੱਖ ਨਾਲ ਵੇਖਦੇ, ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਚੰਦਨ ਚਿੱਟਾ ਅਨਪੜ੍ਹ ਸੀ, ਪਰ ਮੇਰੀ ਸੋਚ ਮੁਤਾਬਿਕ ਉਹ ਉਨ੍ਹਾਂ ਸਾਰਿਆਂ ਨਾਲੋਂ ਬਹੁਤਾ ਪੜ੍ਹਿਆ ਸੀ। ਕਿਉਂਕਿ ਉਸਨੇ ਬੁੱਲ੍ਹੇ ਸ਼ਾਹ ਵਾਲੇ ਅਲਫ ਦਾ ਸਬਕ ਜੰਮਦਿਆਂ ਹੀ ਪੜ੍ਹ ਲਿਆ ਸੀ, ਤਾਹੀਓਂ ਉਹ ਇੱਕ ਸ਼ਾਇਰ ਬਣ ਗਿਆ ਸੀ ਤੇ ਸ਼ਾਇਰੀ ਉਸਦੇ ਅੰਦਰੋਂ ਫੁੱਟਦੀ ਸੀ। ਉਸਦੀ ਸ਼ਾਇਰੀ ਵਿੱਚ ਕਿਤੇ ਕਿਤੇ ਤੋਲ ਤੁਕਾਂਤ ਦੀਆਂ ਖ਼ਾਮੀਆਂ ਸਨ, ਪਰ ਉਸਦੇ ਖਿਆਲ ਤੇ ਉਸਦੀ ਕਲਪਨਾ ਦਾ ਪੰਛੀ ਉਚੀਆਂ ਉਡਾਰੀਆਂ ਮਾਰਦਾ ਸੀ। ਸ਼ਾਇਦ ਇੱਕ ਕਵੀ ਦੇ ਤੌਰ ਤੇ ਉਸਦੀ ਸ਼ੋਹਰਤ ਸਭਾ ਦੇ ਮੋਢੀਆਂ ਨੂੰ ਹਜ਼ਮ ਨਹੀਂ ਸੀ ਹੁੰਦੀ। ਚੰਦਨ ਇੱਕ ਯਤੀਮ ਬੱਚਾ ਸੀ, ਜਿਸਦੇ ਮਾਂ-ਬਾਪ ਬਾਕੀ ਸਾਰੇ ਸਾਕ-ਸੰਬੰਧੀ 1947 ਵਿੱਚ ਸ਼ਹੀਦ ਹੋ ਗਏ ਸਨ ਤੇ ਉਹ ਆਪਣੀ ਦਾਦੀ ਨਾਲ ਬਚਦਾ ਬਚਾਉਂਦਾ ਮੁਜ਼ਫਰਾਬਾਦ ਤੋਂ ਸ੍ਰੀਨਗਰ ਆ ਗਿਆ ਸੀ ਤੇ ਅਮੀਰਾ ਕਦਲ ਦੇ ਨੇੜੇ 'ਬੰਦੂਕ ਦੀ ਛਾਉਣੀ' ਵਿੱਚ ਰਹਿਣ ਲੱਗਾ ਜੋ ਮਹਾਰਾਜਾ ਹਰੀ ਸਿੰਘ ਦੇ ਕਸ਼ਮੀਰੋਂ ਭੱਜਣ ਵਜੋਂ ਖਾਲੀ ਪਈ ਸੀ। ਉਸਦੀ ਦਾਦੀ ਨੇ ਬੜੀਆਂ ਮੁਸੀਬਤਾਂ ਨਾਲ ਚੰਦਨ ਨੂੰ ਪਾਲਿਆ। ਦਰ ਅਸਲ ਉਸਦੀ ਦਾਦੀ ਦੇ ਸਾਹਾਂ ਦੀ ਡੋਰ ਚੰਦਨ ਨਾਲ ਬੱਝੀ ਹੋਈ ਸੀ। ਚੰਦਨ ਜ਼ਾਤ ਦਾ ਸੁਨਿਆਰਾ ਸੀ ਤੇ ਦਾਦੀ ਨੇ ਉਸਨੂੰ ਸੁਨਿਆਰੇ ਦਾ ਕੰਮ ਸਿੱਖਣ ਲਈ ਆਪਣੇ ਹੀ ਰਿਸ਼ਤੇਦਾਰ ਦੀ ਦੁਕਾਨ 'ਤੇ ਭੇਜਿਆ ਸੀ। ਚੰਦਨ ਨੇ ਦਿਲ ਲਾ ਕੇ ਕੰਮ ਸਿੱਖਿਆ ਤੇ ਛੇਤੀ ਹੀ ਉਹ ਆਪ ਇੱਕ ਪੀਰ ਕਾਰੀਗਰ ਬਣ ਗਿ.ਾ। ਪਰ ਇਆਣ ਉਮਰ 'ਚ ਹੀ ਸ਼ਾਇਰੀ ਦੀ ਬਿਮਾਰੀ ਲੱਗਣ ਕਾਰਨ, ਉਹ ਦੁਕਾਨ ਤੋਂ ਖਿਸਕਦਾ ਰਹਿੰਦਾ ਸੀ ਤੇ ਜਿਥੇ ਕੋਈ ਕਵੀ ਦਰਬਾਰ ਹੁੰਦਾ ਉਥੇ ਜਾ ਪਹੁੰਚਦਾ। ਵਿਆਹ ਸ਼ਾਦੀਆਂ ਵਿੱਚ, ਗੁਰਦੁਆਰਿਆਂ ਵਿੱਚ ਤੇ ਹੋਰ ਧਾਰਮਿਕ ਸਮਾਗਮਾਂ ਵਿੱਚ ਉਹ ਕਵਿਤਾਵਾਂ ਪੜ੍ਹਦਾ ਤੇ ਸਾਹਿਤ ਸਮਾਗਮਾਂ ਵਿੱਚ ਆਪਣੀ ਰਿਵਾਇਤੀ ਤੇ ਰੁਮਾਨੀ ਸ਼ਾਇਰੀ ਨਾਲ ਸਭਨਾ ਦਾ ਦਿਲ ਮੋਹ ਲੈਂਦਾ। ਉਸਨੂੰ ਹਿੰਦੀ, ਉਰਦੂ ਤੇ ਕਸ਼ਮੀਰੀ ਸਾਹਿਤ ਸੰਸਥਾਵਾਂ ਵਿੱਚ ਵੀ ਕਵਿਤਾਵਾਂ ਪੜ੍ਹਣ ਲਈ ਬੁਲਾਇਆ ਜਾਂਦਾ। ਦਾਦੀ ਨੇ ਉਸਦਾ ਵਿਆਹ ਆਪਣੀ ਬਰਾਦਰੀ ਵਿੱਚ ਹੀ ਕੀਤਾ, ਪਰ ਉਸਦੇ ਘਰ ਕੋਈ ਬੱਚਾ ਨਹੀਂ ਹੋਇਆ। ਉਸਨੇ ਆਪਣੇ ਰਿਸ਼ਤੇਦਾਰ ਦਾ ਬੱਚਾ ਮੰਗ ਲਿਆ ਤੇ ਉਸਨੂੰ ਪਾਲਿਆ, ਪੜ੍ਹਾਇਆ ਤੇ ਰੋਜ਼ਗਾਰ ਦੇ ਕਾਬਿਲ ਬਣਾਇਆ। ਫਿਲਮ ਐਕਟਰ ਤੇ ਸੂਝਵਾਨ ਬਲਰਾਜ ਸਾਹਨੀ ਨਾਲ ਮੇਰੀ ਪਹਿਲੀ ਮੁਲਾਕਾਤ ਅਵਤਾਰ ਸਿੰਘ ਚੰਦਨ ਨੇ ਹੀ ਕਰਵਾਈ ਸੀ। ਬਲਰਾਜ ਸਾਹਨੀ, ਚੰਦਨ ਦੀ ਸ਼ਾਇਰੀ ਤੇ ਉਸਦੇ ਸੁਭਾਅ ਨੂੰ ਪਸੰਦ ਕਰਦਾ ਸੀ।

ਕਵੀ ਦਰਬਾਰਾਂ ਵਿੱਚ ਭਾਗ ਲੈਣ ਕਾਰਨ ਉਹ ਅਕਸਰ ਦੁਕਾਨ ਤੋਂ ਗਾਇਬ

ਰਹਿੰਦਾ। ਗਾਹਕਾਂ ਦਾ ਕਿੰਨਾ ਵੀ ਜ਼ਰੂਰੀ ਕੰਮ ਹੋਏ, ਉਹ ਸ਼ਾਇਰੀ ਲਈ ਸਭ ਕੁੱਝ ਛੱਡ ਛਡਾ ਕੇ ਮੁਸ਼ਾਇਰਾ ਪੜ੍ਹਣ ਚਲਾ ਜਾਂਦਾ। ਇਸ ਗੱਲ ਤੋਂ ਉਸਦਾ ਮਾਲਕ ਜੋ ਰਿਸ਼ਤੇ ਵਿੱਚ ਉਸਦਾ ਚਾਚਾ ਵੀ ਲੱਗਦਾ ਸੀ, ਬੜਾ ਦੁਖੀ ਸੀ। ਇੱਕ ਵਾਰ ਉਸਨੇ ਚੰਦਨ ਨੂੰ ਗੁੱਸੇ ਵਿੱਚ ਉਲਟਾ-ਸਿੱਧਾ ਕੀ ਕਹਿ ਦਿੱਤਾ ਕਿ ਚੰਦਨ ਦੁਕਾਨ ਤੋਂ ਉੱਤਰ ਕੇ ਸਿੱਧਾ ਆਪਣੇ ਘਰ ਆ ਗਿਆ। ਜਦ ਪੰਜ ਸੱਤ ਦਿਨ ਉਹ ਮੈਨੂੰ ਨਾ ਮਿਲਿਆ ਤਾਂ ਇੱਕ ਦਿਨ ਮੈਂ ਤੇ ਹਰਭਜਨ ਸਿੰਘ ਸਾਗਰ ਉਸਨੂੰ ਮਿਲਣ ਬੰਦੂਕ ਛਾਉਣੀ ਗਏ। ਸਾਨੂੰ ਵੇਖਦਿਆਂ ਹੀ ਉਹ ਰੋਣ ਲੱਗ ਪਿਆ ਤੇ ਕਹਿਣ ਲੱਗਾ ਕਿ ਮੈਨੂੰ ਕਿਸੇ ਕੋਲ ਮਜ਼ਦੂਰੀ 'ਤੇ ਰਖਾਓ, ਕਿਉਂਕਿ ਚਾਚੇ ਨੇ ਮੈਨੂੰ ਦੁਕਾਨ ਤੋਂ ਕੱਢ ਦਿੱਤਾ ਹੈ। ਉਸਨੂੰ ਰੋਂਦਿਆਂ ਵੇਖ ਕੇ ਮੇਰੇ ਦਿਲ ਨੂੰ ਡਾਹਢੀ ਸੱਟ ਵੱਜੀ ਤੇ ਮੈਂ ਬਟਮਾਲੂ ਬਾਜ਼ਾਰ ਵਿੱਚ ਆਪਣੇ ਇੱਕ ਦੁਕਾਨਦਾਰ ਦੋਸਤ ਕੋਲ ਗਿਆ ਤੇ ਉਸ ਕੋਲੋਂ ਇੱਕ ਖਾਲੀ ਦੁਕਾਨ ਬਾਰੇ ਪੁੱਛਿਆ। ਉਸਨੇ ਇੱਕ ਬੰਦੇ ਨੂੰ ਬੁਲਾਇਆ ਜਿਸਦੀ ਦੁਕਾਨ ਖ਼ਾਲੀ ਪਈ ਸੀ। ਉਹ ਬੰਦਾ ਦੁਕਾਨ ਦੀ ਪਗੜੀ ਮੰਗਣ ਲੱਗਾ ਜਾਂ ਪਗੜੀ ਦੇ ਬਦਲੇ ਆਪਣੇ ਬੱਚੇ ਲਈ ਨੌਕਰੀ। ਮੈਂ ਉਸ ਵੇਲੇ ਡਿਪਟੀ ਚੀਫ ਮਨਿਸਟਰ ਮਿਰਜ਼ਾ ਅਫਜ਼ਲ ਬੇਗ ਦਾ ਪੀ.ਏ. ਸਾਂ, ਇਸ ਲਈ ਨੌਕਰੀ ਦੇਣ ਦਾ ਵਾਇਦਾ ਕਰਕੇ ਦੁਕਾਨ ਦੀ ਚਾਬੀ ਫੜ ਲਈ। ਦੂਜੇ ਦਿਨ ਚੰਦਨ ਨੂੰ ਲੈ ਕੇ ਮੈਂ ਤੇ ਸਾਗਰ ਬਾਜ਼ਾਰ ਗਏ ਤੇ ਉਸਦੀ ਕਾਰੀਗਰੀ ਵਾਲਾ ਸਾਰਾ ਸਾਮਾਨ ਖਰੀਦਿਆ। ਕੁੱਝ ਸਾਮਾਨ ਉਸ ਕੋਲ ਪਹਿਲਾਂ ਹੀ ਘਰ ਪਿਆ ਸੀ, ਅਸੀਂ ਸਾਰਾ ਸਾਮਾਨ ਲੈ ਕੇ ਬਟਮਾਲੂ ਵਾਲੀ ਦੁਕਾਨ 'ਤੇ ਗਏ। ਦੁਕਾਨ ਖੋਲ੍ਹ ਕੇ ਚੰਦਨ ਨੂੰ ਬਿਠਾਇਆ, ਫਿਰ ਅਸਾਂ ਸਾਰਾ ਸਾਮਾਨ ਚੱਜ ਨਾਲ ਲਾਇਆ। ਹੁਣ ਮਸਲਾ ਇਹ ਸੀ ਕਿ ਸੋਨਾ ਕਿਥੋਂ ਲਿਆਂਦਾ ਜਾਏ, ਕਿਉਂਕਿ ਸੋਨਾ ਖਰੀਦਣ ਲਈ ਨਾ ਚੰਦਨ ਕੋਲ ਪੈਸੇ ਸਨ, ਨਾ ਸਾਡੇ ਕੋਲ। ਅਸਾਂ ਦੁਕਾਨ ਬੰਦ ਕੀਤੀ ਤੇ ਚੰਦਨ ਨੂੰ ਹੌਂਸਲਾ ਰੱਖਣ ਲਈ ਕਿਹਾ। ਚੰਦਨ ਨੂੰ ਘਰ ਛੱਡ ਕੇ ਜਦ ਅਸੀਂ ਤਰਲੋਕ ਸਿੰਘ ਰਾਹੀ ਦੀ ਦੁਕਾਨ 'ਤੇ ਆਏ ਤਾਂ ਅਸਾਂ ਦੋਵਾਂ ਇੱਕ ਫੈਸਲਾ ਕੀਤਾ ਤੇ ਦੂਜੇ ਦਿਨ ਸਾਗਰ, ਆਪਣੀ ਬੀਵੀ ਦੇ ਸਾਰੇ ਗਹਿਣੇ ਅਤੇ ਮੈਂ ਵੀ ਆਪਣੀ ਪਤਨੀ ਦੇ ਸਾਰੇ ਗਹਿਣੇ ਲੈ ਕੇ ਚੰਦਨ ਕੋਲ ਗਏ। ਦੁਕਾਨ 'ਤੇ ਆ ਕੇ ਅਸਾਂ ਆਪਣੇ ਗਹਿਣੇ ਤੁਲਾਏ ਤੇ ਉਸਨੂੰ ਕਿਹਾ ਕਿ ਤੂੰ ਇਸ ਸੋਨੇ ਨੂੰ ਆਪਣੇ ਕੰਮ ਲਈ ਵਰਤ ਤੇ ਜਦੋਂ ਅਸੀਂ ਵਾਪਿਸ ਮੰਗਾਂਗੇ ਤਾਂ ਸਾਨੂੰ ਆਪਣੀ ਪਸੰਦ ਦੇ ਗਹਿਣੇ ਬਣਾ ਕੇ ਦੇਵੀਂ। ਚੰਦਨ ਸੁਨਿਆਰਿਆਂ ਦਾ ਕੰਮ ਕਰਨ ਲੱਗਾ। ਬਟਮਾਲੂ ਤੇ ਦੂਜੇ ਇਲਾਕਿਆਂ ਤੋਂ ਤੀਵੀਆਂ ਗਹਿਣੇ ਬਣਵਾਉਣ ਆਉਣ ਲੱਗੀਆਂ ਤੇ ਹੌਲੀ-ਹੌਲੀ ਉਹ ਗਾਹਕ ਵੀ ਚੰਦਨ ਕੋਲ ਆਉਣ ਲੱਗੇ ਜਿਹੜੇ ਉਸਦੇ ਚਾਚੇ ਦੀ ਦੁਕਾਨ 'ਤੇ ਜਾਂਦੇ ਸਨ। ਹੁਣ ਉਹੀ ਮਸਲਾ ਖੜਾ ਹੋ ਗਿਆ ਕਿ ਚੰਦਨ ਨੂੰ ਦੁਕਾਨ ਉਤੇ ਟਿਕ ਕੇ ਕਿੰਝ ਬਿਠਾਇਆ ਜਾਏ। ਇਥੇ ਵੀ ਚੰਦਨ ਨੇ ਚਾਚੇ ਦੀ ਦੁਕਾਨ

ਵਾਲੀਆਂ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਦੁਕਾਨ ਬੰਦ ਕਰਕੇ ਕਵਿਤਾਵਾਂ ਪੜ੍ਹਣ ਲਈ ਕਵੀ ਦਰਬਾਰਾਂ ਵਿੱਚ ਚਲੇ ਜਾਣਾ। ਉਹ ਗਾਹਕਾਂ ਨੂੰ ਲਾਰੇ ਲਾਉਣ ਲੱਗਾ। ਵੇਲੇ ਸਿਰ ਗਹਿਣੇ ਨਾ ਮਿਲਣ ਕਾਰਨ ਲੋਕ ਉਸ ਨਾਲ ਔਖਾ ਬੋਲਣ ਲੱਗੇ। ਆਖਿਰ ਮੈਂ ਤੇ ਸਾਗਰ ਨੇ ਇੱਕ ਫੈਸਲਾ ਕੀਤਾ। ਅਸੀਂ ਦੋਵੇਂ ਰੋਜ਼ ਦਫ਼ਤਰੋਂ ਛੁੱਟੀ ਹੋਣ ਮਗਰੋਂ ਉਸਦੀ ਦੁਕਾਨ 'ਤੇ ਆ ਬਹਿੰਦੇ ਤੇ ਉਸਨੂੰ ਕੰਮ ਕਰਨ 'ਤੇ ਮਜ਼ਬੂਰ ਕਰਦੇ। ਸਾਡੇ ਬਹਿਣ ਨਾਲ ਇਹ ਹੋਇਆ ਕਿ ਗਾਹਕਾਂ ਨੂੰ ਵੇਲੇ ਸਿਰ ਸਾਮਾਨ ਮਿਲਣਾ ਸ਼ੁਰੂ ਹੋ ਗਿਆ। ਚੰਦਨ ਦੇ ਕਹਿਣ 'ਤੇ ਮੈਂ ਉਸਨੂੰ ਆਪਣੇ ਦਾਜ ਦੀਆਂ ਕੁਰਸੀਆਂ ਵੀ ਦੇ ਦਿੱਤੀਆਂ ਤਾਂ ਜੋ ਗਾਹਕ ਦੁਕਾਨ 'ਤੇ ਕੁਰਸੀਆਂ ਉਤੇ ਬੈਠਣ। ਚੰਦਨ ਨੇ ਸਾਇਕਲ ਦੀ ਫਰਮਾਇਸ਼ ਕੀਤੀ ਤਾਂ ਮੈਂ ਉਸਨੂੰ ਆਪਣਾ ਜ਼ਾਤੀ ਸਾਇਕਲ ਦੇ ਦਿੱਤੀ। ਚੰਦਨ ਰੱਜ ਕੇ ਕਮਾਈ ਕਰਨ ਲੱਗਾ ਤੇ ਉਸਦੇ ਦਿਨ ਸੌਖੇ ਹੋ ਗਏ ਤੇ ਫਿਰ 1989 ਦਾ ਸਾਲ ਆਇਆ। ਕਸ਼ਮੀਰ ਵਿੱਚ ਬੇਚੈਨੀ ਫੈਲੀ, ਖਾੜਕੂਆਂ ਨੇ ਆਪਣੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਫੌਜ ਨੇ ਖਾੜਕੂਆਂ ਨੂੰ ਰੋਕਣ ਲਈ ਤਾਕਤ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਗਰੀਬ ਲੋਕ ਮਰਨ ਲੱਗੇ। ਹੜਤਾਲਾਂ ਕਾਰਨ ਦੁਕਾਨਾਂ ਬੰਦ ਰਹਿਣ ਲੱਗੀਆਂ। ਚੰਦਨ ਨੇ ਦੋ ਤਿੰਨ ਸਾਲ ਦਮ ਰੱਖਿਆ, ਪਰ ਆਖੀਰ ਭੱਜ ਕੇ ਜੰਮੂ ਆ ਗਿਆ। ਇਥੇ ਆ ਕੇ ਉਸਨੇ ਇੱਕ ਨਿੱਕਾ ਜਿਹਾ ਮਕਾਨ ਖਰੀਦਿਆ, ਜਿਸਦੀ ਰਜਿਸਟਰੀ ਦਾ ਖ਼ਰਚ ਮੈਂ ਦਿੱਤਾ, ਕਿਉਂਕਿ ਮੈਂ ਆਪਣੇ ਇਸ ਫ਼ਕੀਰ ਸਾਇਰ ਨੂੰ ਮੁਸੀਬਤ ਵਿੱਚ ਫਸਿਆ ਨਹੀਂ ਸੀ ਦੇਖ ਸਕਦਾ। ਇੱਕ ਦਿਨ ਉਹ ਮੇਰੇ ਕੋਲ ਆਇਆ ਤੇ ਕੁੱਝ ਪੈਸੇ ਵਾਪਿਸ ਕਰਨ ਲੱਗਾ, ਪਰ ਮੈਂ ਉਹ ਪੈਸੇ ਨਹੀਂ ਲਏ ਤਾਂ ਉਹ ਫੁੱਟ ਫੁੱਟ ਕੇ ਰੋਣ ਲੱਗਾ ਤੇ ਕਹਿਣ ਲੱਗਾ ਕਿ ਜਿਸ ਮੰਗਤੇ ਪੁੱਤਰ ਲਈ ਮੈਂ ਆਪਣੀ ਸਾਰੀ ਜ਼ਿੰਦਗੀ ਘਾਲੀ, ਉਹ ਵੀ ਮੇਰਾ ਨਹੀਂ ਬਣਿਆ। ਉਹ ਮੈਨੂੰ ਘਰੋਂ ਕੱਢਣਾ ਚਾਹੁੰਦਾ ਹੈ, ਇਸ ਲਈ ਮੇਰਾ ਮਰਨਾ ਹੀ ਚੰਗਾ ਹੈ। ਫਿਰ ਇੱਕ ਦਿਨ ਸਾਗਰ ਦਾ ਫੋਨ ਆਇਆ ਤੇ ਉਸਨੇ ਦੱਸਿਆ ਕਿ ਅਵਤਾਰ ਸਿੰਘ ਚੰਦਨ ਅਕਾਲ ਚਲਾਨਾ ਕਰ ਗਿਆ ਹੈ। ਮੈਂ ਅਰਦਾਸ ਕਰਨਾ ਕਿ ਰੱਬ ਉਸਨੂੰ ਸਵਰਗਾਂ ਵਿੱਚ ਜਗ੍ਹਾ ਦਏ।

**ਸਿੰਦਰਜੀਤ ਕੌਰ:**

ਕਵਿਤਰੀ, ਕਹਾਣੀਕਾਰ ਤੇ ਰੰਗਮੰਚ ਦੀ ਕਲਾਕਾਰ ਅਤੇ ਮੇਰੀ ਭੈਣਾਂ ਵਰਗੀ ਦੋਸਤ ਬੀਬਾ ਕੁਲਵੰਤ ਦਾ ਵਿਆਹ ਸੀ। ਮੈਨੂੰ ਤੇ ਮੁਖਤਾਰ ਗਿੱਲ ਨੂੰ ਸੱਦਾ-ਪੱਤਰ ਮਿਲਿਆ ਸੀ। ਮੈਂ ਸ੍ਰੀਨਗਰ ਤੋਂ ਅੰਮ੍ਰਿਤਸਰ ਪਹੁੰਚਿਆ। ਉਥੋਂ ਅਸੀਂ ਦੋਵੇਂ ਨਵਾਂ ਸ਼ਹਿਰ ਦੇ ਪਿੰਡ ਸਲੋਹ, ਬੀਬਾ ਕੁਲਵੰਤ ਦੇ ਘਰ ਪਹੁੰਚੇ। ਸਾਨੂੰ ਵੇਖ ਕੇ ਬੀਬਾ ਬਹੁਤ ਖੁਸ਼ ਹੋਈ। ਉਹ ਇੱਕ ਵੱਡੇ ਜ਼ਿਮੀਦਾਰ ਦੀ ਇਕਲੌਤੀ ਧੀ ਸੀ ਤੇ ਮਾਪਿਆਂ ਨੇ ਬੜੀ ਠਾਠ-ਬਾਠ ਨਾਲ ਉਹਦੇ ਵਿਆਹ ਦਾ ਪ੍ਰਬੰਧ ਕੀਤਾ ਸੀ। ਸਾਹਿਤਕਾਰ ਬਰਾਦਰੀ ਵਿੱਚੋਂ ਨਵਾਂ

ਜ਼ਮਾਨਾ ਦੇ ਸੰਪਾਦਕ ਜਗਜੀਤ ਸਿੰਘ ਆਨੰਦ ਤੇ ਉਨ੍ਹਾਂ ਦੀ ਪਤਨੀ ਵੀ ਵਿਆਹ ਵਿੱਚ ਸ਼ਾਮਿਲ ਹੋਣ ਲਈ ਆਏ ਸਨ। ਉਥੇ ਪਹਿਲੀ ਵਾਰੀ ਮੈਨੂੰ ਸਿੰਦਰਜੀਤ ਮਿਲੀ। ਉਨ੍ਹਾਂ ਦਿਨਾਂ ਵਿੱਚ ਮੈਂ ਪੰਜਾਬੀ ਅਖ਼ਬਾਰਾਂ ਅਤੇ ਮਾਸਿਕ ਪਰਚਿਆਂ ਵਿੱਚ ਚੋਖਾ ਛਪਦਾ ਸਾਂ ਅਤੇ ਮੇਰੀਆਂ ਦੋ ਕਹਾਣੀਆਂ, 'ਬੇਡੇ ਦੀ ਲੰਕਾ' ਤੇ 'ਇਸ਼ਤਿਹਾਰਾਂ ਵਾਲੀ ਹਵੇਲੀ', ਪੰਜਾਬੀ ਸਾਹਿਤਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਸਨ। ਸਿੰਦਰਜੀਤ ਉਨ੍ਹਾਂ ਦਿਨਾਂ ਵਿੱਚ ਕੰਨਿਆ ਮਹਾ-ਵਿਦਿਆਲੇ ਜਲੰਧਰ ਵਿੱਚ ਬੀ.ਏ. ਫਾਈਨਲ ਦੀ ਵਿਦਿਆਰਥਣ ਸੀ ਤੇ ਉਹਨੇ ਮੇਰੀਆਂ ਕਾਫੀ ਕਹਾਣੀਆਂ ਪੜ੍ਹੀਆਂ ਹੋਈਆਂ ਸਨ। ਉਹ ਮੈਨੂੰ ਮਿਲ ਕੇ ਬਹੁਤ ਖੁਸ਼ ਹੋਈ ਤੇ ਆਨੰਦ ਕਾਰਜ ਮੁੱਕਣ ਮਗਰੋਂ ਮੈਨੂੰ ਤੇ ਮੁਖਤਾਰ ਨੂੰ ਆਪਣੇ ਘਰ ਲੈ ਗਈ। ਉਸਦੇ ਖਲੂਸ ਅਤੇ ਪਿਆਰ-ਮੁਹੱਬਤ ਨੂੰ ਵੇਖ ਕੇ ਮੈਂ ਉਸਨੂੰ ਆਪਣੀ ਭੈਣ ਬਣਾ ਲਿਆ ਤੇ ਉਸਦੇ ਬਾਪੂ ਸ. ਕੁਲਵੰਤ ਸਿੰਘ ਨੂੰ ਕਿਹਾ ਕਿ ਅੱਜ ਤੋਂ ਬਾਅਦ ਤੁਹਾਡੇ ਤਿੰਨ ਪੁੱਤਰ ਹਨ, ਜਿਨ੍ਹਾਂ ਵਿੱਚੋਂ ਇੱਕ ਮੈਂ ਹਾਂ। ਸਿੰਦਰਜੀਤ ਨਾਲ ਭੈਣ-ਭਰਾ ਦਾ ਰਿਸ਼ਤਾ ਅੱਜ ਮੈਂ ਪਿਛਲੇ 36 ਸਾਲਾਂ ਤੋਂ ਨਿਭਾਹ ਰਿਹਾ ਹਾਂ। ਉਸਦਾ ਖਾਵੰਦ ਸ. ਜਗਤਾਰ ਸਿੰਘ ਤੂਰ ਦਿੱਲੀ ਪੁਲਿਸ ਵਿੱਚ ਵੱਖ-ਵੱਖ ਆਹੁਦਿਆਂ 'ਤੇ ਕੰਮ ਕਰਦਾ ਰਿਹਾ ਤੇ ਆਖੀਰ ਐਸਿਸਟੈਂਟ ਕਮਿਸ਼ਨਰ ਪੁਲਿਸ ਦਿੱਲੀ ਦੀ ਅਸਾਮੀ ਤੋਂ ਸੇਵਾ ਮੁਕਤ ਹੋਇਆ। ਜਗਤਾਰ ਸਿੰਘ ਤੂਰ ਤੇ ਸਿੰਦਰਜੀਤ, ਦੋਵਾਂ ਦੇ ਪਰਿਵਾਰ 1947 ਵਿੱਚ ਲਹਿੰਦੇ ਪੰਜਾਬ ਦੇ ਸ਼ਹਿਰ ਲਾਇਲਪੁਰ (ਅੱਜ ਦਾ ਫੈਸਲਾਬਾਦ) ਤੋਂ ਹਿਜਰਤ ਕਰਕੇ ਚੜ੍ਹਦੇ ਪੰਜਾਬ ਵਿੱਚ ਆਏ ਸਨ ਤੇ ਉਨ੍ਹਾਂ ਨੂੰ ਆਪਣੀ ਉਪਜਾਊ ਜ਼ਮੀਨ ਦੇ ਬਦਲੇ ਪੰਜਾਬ ਅਤੇ ਹਰਿਆਣੇ ਵਿੱਚ ਜ਼ਮੀਨ ਅਲਾਟ ਹੋਈ। ਸਿੰਦਰਜੀਤ ਦੀ ਇੱਕ ਭੈਣ ਅਤੇ ਭਰਾ ਟਰਾਂਟੋ (ਕੈਨੇਡਾ) ਤੇ ਲੰਦਨ (ਇੰਗਲੈਂਡ) ਵਿੱਚ ਪੱਕੇ ਪੈਰੀਂ ਵੱਸ ਗਏ ਹਨ ਤੇ ਇੱਕ ਭਰਾ ਗੁਰਿੰਦਰ ਸਿੰਘ ਸਲੋਹ ਪਿੰਡ ਵਿੱਚ ਹੀ ਰਹਿੰਦਾ ਹੈ। ਸਿੰਦਰਜੀਤ ਵਿਆਹ ਮਗਰੋਂ ਦਿੱਲੀ ਵਿੱਚ ਰਹਿੰਦੀ ਹੈ ਤੇ ਉਨ੍ਹਾਂ ਦਾ ਆਪਣਾ ਫਲੈਟ ਦੁਵਾਰਕਾ ਵਿੱਚ ਹੈ। ਸਿੰਦਰਜੀਤ ਸਾਹਿਤ ਤੇ ਸਾਹਿਤਕ ਗਤੀਵਿਧੀਆਂ ਵਿੱਚ ਵੀ ਰੁਚੀ ਰੱਖਦੀ ਹੈ। ਉਸਦੇ ਦੋ ਬੱਚੇ ਹਨ। ਇੱਕ ਬੇਟੀ ਅਰਸ਼ਿੰਦ ਰਾਜ ਕੌਰ ਤੇ ਬੇਟਾ ਸੌਰਬ ਹੈ। ਬੇਟੀ ਦੀ ਸ਼ਾਦੀ ਹੋ ਚੁੱਕੀ ਹੈ ਤੇ ਸੌਰਬ ਲਈ ਕੁੜੀ ਵੇਖੀ ਜਾ ਰਹੀ ਹੈ। ਸਿੰਦਰਜੀਤ ਤੇ ਉਸਦੇ ਪਤੀ ਨੇ ਮੇਰੇ ਨਾਲ ਅਤੇ ਮੇਰੇ ਪਰਿਵਾਰ ਨਾਲ ਬੜੀ ਨਿੱਘੀ ਸਾਂਝ ਬਣਾਈ ਹੋਈ ਹੈ। ਜਦੋਂ ਮੇਰੀ ਨਿੱਕੀ ਧੀ ਬੈਂਗਲੋਰ ਵਿੱਚ ਡਾਕਟਰੀ ਪੜ੍ਹ ਰਹੀ ਸੀ, ਤਾਂ ਉਸਨੂੰ ਦਿੱਲੀ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਜਾਣਾ ਇਨ੍ਹਾਂ ਦੋਵਾਂ ਪਤੀ-ਪਤਨੀ ਦੀ ਡਿਊਟੀ ਵਿੱਚ ਸ਼ਾਮਿਲ ਸੀ। ਮੇਰੇ ਸਾਰੇ ਬੱਚਿਆਂ ਦੇ ਵਿਆਹ ਵਿੱਚ ਸਿਰਫ ਸਿੰਦਰਜੀਤ ਤੇ ਜਗਤਾਰ ਹੀ ਸ਼ਾਮਿਲ ਨਹੀਂ ਹੋਏ, ਸਗੋਂ ਉਨ੍ਹਾਂ ਦੇ ਮਾਪੇ ਤੇ ਭੈਣ-ਭਰਾ ਵੀ ਸ਼ਾਮਿਲ ਹੁੰਦੇ ਰਹੇ ਤੇ ਮੈਂ ਵੀ ਸਿੰਦਰਜੀਤ ਨਾਲ ਉਨ੍ਹਾਂ ਦੇ ਹਰ ਦੁੱਖ-

ਸੁੱਖ ਵਿੱਚ ਭਰਾਵਾਂ ਵਾਂਗ ਵਰਤਦਾ ਰਿਹਾ। ਦਿੱਲੀ ਵਿੱਚ ਅਸੀਂ ਜੇ ਕਿਤੇ ਹੋਰ ਜਾ ਕੇ ਰਹੀਏ ਤਾਂ ਸਾਡੇ ਲਈ ਬਹੁਤ ਮੁਸ਼ਕਿਲ ਹੋ ਜਾਂਦੀ ਹੈ ਕਿ ਅਸੀਂ ਉਨ੍ਹਾਂ ਦੀ ਨਾਰਾਜ਼ਗੀ ਨਹੀਂ ਲੈ ਸਕਦੇ। ਇਹ ਦੋਵੇਂ ਮੀਆਂ-ਬੀਵੀ ਦਿਲ ਤੇ ਦਿਮਾਗ਼ ਦੇ ਬਾਦਸ਼ਾਹ ਹਨ, ਮਨ ਦੇ ਅਮੀਰ ਹਨ ਤੇ ਮੇਰੀ ਅਰਦਾਸ ਹੈ ਕਿ ਉਹ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿਣ ਤੇ ਆਪਣਿਆਂ ਬੱਚਿਆਂ ਨਾਲ ਜ਼ਿੰਦਗੀ ਦਾ ਸੁੱਖ ਭੋਗਣ।

**ਅਜਬ ਸਿੰਘ ਤੇ ਰਾਜਾ ਮਹਿਮੂਦ ਅਹਿਮਦ:**

ਇਹ ਦੋਵੇਂ ਮੇਰੇ ਲੰਗੋਟੀਆ ਯਾਰ ਹਨ। ਮਹਿਮੂਦ ਅਹਿਮਦ ਲਤੀਫੇਬਾਜ਼ ਅਤੇ ਹਸਾਉਣ ਲਈ ਨਵੇਂ-ਨਵੇਂ ਟੋਟਕੇ ਘੜਣ ਵਾਲਾ, ਮਹਿਫਲਾਂ ਨੂੰ ਸੱਤਰੰਗੀ ਬਣਾਉਣ ਵਾਲਾ, ਰੌਣਕੀ ਤੇ ਯਾਰਾਂ ਦੇ ਦੁੱਖ-ਸੁੱਖ ਵੇਲੇ ਸਭ ਤੋਂ ਅੱਗੇ ਰਹਿਣ ਵਾਲਾ ਇਨਸਾਨ ਹੈ। ਦੂਜੇ ਪਾਸੇ ਅਜਬ ਸਿੰਘ ਮਹਿਫਲ ਪ੍ਰਸਤ, ਗੱਪਾਂ ਸੁਣਨ ਤੇ ਸੁਣਾਉਣ ਦਾ ਸ਼ੌਂਕੀ, ਯਾਰਾਂ ਨੂੰ ਦਾਰੂ ਪਿਲਾਉਣ ਤੇ ਦਾਅਵਤਾਂ ਖਵਾਉਣ ਦੇ ਮੌਕੇ ਲੱਭਦਾ ਰਹਿੰਦਾ। ਅਮੀਰੀ ਦੀ ਮੰਜ਼ਿਲ 'ਤੇ ਪਹੁੰਚਣ ਲਈ ਆਪਣਿਆਂ ਪ੍ਰਤਿਦਵੰਦੀਆਂ ਨੂੰ ਪਛਾੜਣਾ ਉਸਦੇ ਸੁਭਾਅ ਵਿੱਚ ਸ਼ਾਮਿਲ ਹੈ, ਪਰ ਉਹ ਬੇਈਮਾਨ ਨਹੀਂ, ਉਸਨੇ ਕਦੀ ਕਿਸੇ ਦਾ ਪੈਸਾ ਨਹੀਂ ਖਾਧਾ। ਆਪਣੇ ਮਾੜੇ ਯਾਰ ਬੇਲੀਆਂ ਨੂੰ ਆਪਣੇ ਕੰਮ 'ਤੇ ਵਪਾਰ ਵਿੱਚ ਭਾਈਵਾਲ ਬਣਾਉਣਾ ਤੇ ਉਨ੍ਹਾਂ ਨੂੰ ਫਾਇਦਾ ਪਹੁੰਚਾਉਣਾ ਤੇ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਕੰਮ ਆਉਣਾ ਉਸਦੀ ਫਿਤਰਤ ਵਿੱਚ ਸ਼ਾਮਿਲ ਹੈ। ਜੀਵਨ ਦੇ ਪਿੜ ਵਿੱਚ ਰਾਜਾ ਮਹਿਮੂਦ ਤੇ ਅਜਬ ਸਿੰਘ ਇੱਕੋ ਲੰਗੋਟ ਵਿੱਚ ਕੁਸ਼ਤੀ ਲੜਣ ਉਤਰੇ। ਇਨ੍ਹਾਂ ਦੋਵਾਂ ਮਿਲ ਕੇ ਨਿੱਕੇ-ਵੱਡੇ ਠੇਕੇ ਲੈਣੇ ਸ਼ੁਰੂ ਕੀਤੇ, ਖ਼ਾਸਕਰ ਚੋਖੇ ਚਿਰ ਤਕ ਇਹ ਦੋਵੇਂ ਰਿਆਸਤੀ ਸਰਕਾਰ ਦੇ ਸਰਦੀਆਂ ਤੇ ਗਰਮੀਆਂ ਵਾਲੇ ਸੈਕਟਰੇਟ ਦੀ ਮੁਰੰਮਤ ਅਤੇ ਕਲੀ ਕਰਨ ਦੇ ਠੇਕੇ ਲੈਂਦੇ ਰਹੇ। ਮਹਿਮੂਦ ਦੀ ਸੋਚ ਕੰਮ-ਕਾਜ ਵੱਲੋਂ ਮਹਿਦੂਦ ਸੀ ਤੇ ਉਹ ਥੋੜ੍ਹੀ ਕਮਾਈ ਵਿੱਚ ਸੰਤੁਸ਼ਟ ਸੀ, ਇਹੋ ਕਾਰਨ ਹੈ ਕਿ ਉਹ ਅੱਜ ਤਕ ਸੈਕਟਰੇਟ ਨੂੰ ਰੰਗ ਰੋਗਣ ਕਰਨ ਅਤੇ ਮੁਰੰਮਤ ਦਾ ਕੰਮ ਨਿਰੰਤਰ ਕਰਦਾ ਆ ਰਿਹਾ ਹੈ। ਇਸੇ ਕੰਮ ਵਿੱਚ ਹੀ ਮਹਿਮੂਦ ਨੇ ਆਪਣੇ ਭਰਾਵਾਂ ਤੇ ਭੈਣਾਂ ਨੂੰ ਪਾਲਿਆ, ਉਨ੍ਹਾਂ ਦੇ ਵਿਆਹ ਕਰਵਾਏ, ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ ਦਿਵਾਈ ਅਤੇ ਆਪਣੀਆਂ ਬੇਟੀਆਂ ਦੀਆਂ ਸ਼ਾਦੀਆਂ ਬੜੇ ਸੋਹਣੇ ਢੰਗ ਨਾਲ ਕੀਤੀਆਂ ਤੇ ਅੱਜ ਵੀ ਜ਼ਾਤ-ਬਰਾਦਰੀ ਤੇ ਯਾਰ-ਬੇਲੀਆਂ ਦੇ ਸਮਾਜੀ ਕੰਮਾਂ ਵਿੱਚ ਹਰ ਤਰ੍ਹਾਂ ਦਾ ਯੋਗਦਾਨ ਪਾ ਰਿਹਾ ਹੈ। ਜਦਕਿ ਅਜਬ ਸਿੰਘ ਨੇ ਸਰਕਾਰੀ ਠੇਕੇ ਛੱਡ ਕੇ ਜ਼ਮੀਨਾਂ ਦਾ ਕੰਮ ਕਰਨਾ ਸ਼ੁਰੂ ਕੀਤਾ ਤੇ ਕਾਲੋਨੀਆਂ ਬਣਾ ਕੇ ਪਲਾਟ ਵੇਚੇ। ਇਸ ਕੰਮ ਵਿੱਚ ਉਸਨੂੰ ਚੋਖਾ ਫਾਇਦਾ ਹੋਇਆ ਤੇ ਉਹ ਅਮੀਰੀ ਦੀ ਪੌੜੀ ਚੜ੍ਹਣ ਲੱਗਾ। ਉਸਨੇ ਕੁੱਝ ਭਾਈਵਾਲਾਂ ਨਾਲ ਮਿਲਕੇ ਸ਼ਰਾਬ ਦੇ ਸਰਕਾਰੀ ਠੇਕੇ ਲਏ, ਫਿਰ ਫੂਡ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਜੰਮੂ-ਕਸ਼ਮੀਰ ਦੇ ਵੱਖ-

ਵੱਖ ਗੋਦਾਮਾਂ ਤਕ ਅਨਾਜ ਪਹੁੰਚਾਉਣ ਦੇ ਠੇਕੇ ਲਏ। ਟਰਾਂਸਪੋਰਟ ਨਗਰ ਵਿੱਚ ਜ਼ਮੀਨ ਅਲਾਟ ਕਰਵਾ ਕੇ ਆਪਣੀ ਟਰਾਂਸਪੋਰਟ ਕੰਪਨੀ ਦਾ ਦਫਤਰ ਬਣਾਇਆ। ਫਿਰ ਸਿਮੇਂਟ ਦੀਆਂ ਫੈਕਟਰੀਆਂ ਲਾਈਆਂ, ਜਿਨ੍ਹਾਂ ਵਿੱਚ ਇੱਕ ਕਰਥੋਲੀ, ਦੂਜੀ ਉਧਮਪੁਰ ਤੇ ਤੀਜੀ ਸਾਂਬਾ ਵਿੱਚ ਸੀ। ਫਿਰ ਉਸਨੇ ਇਨ੍ਹਾਂ ਫੈਕਟਰੀਆਂ ਵਿੱਚ ਆਪਣੇ ਹਿੱਸੇ ਵੇਚ ਦਿੱਤੇ ਤੇ ਤੇਲ ਦੇ ਟੈਂਕਰ ਤੇ ਨਵੇਂ ਟਰੱਕ ਖਰੀਦ ਲਏ ਤੇ ਨਾਲ ਹੀ ਨਰਵਾਲ ਬਾਈਪਾਸ ਵਾਲੀ ਜ਼ਮੀਨ 'ਤੇ ਬਿਲਡਿੰਗ, ਸ਼ੋਰੂਮ ਤੇ ਵਰਕਸ਼ਾਪ ਬਣਾ ਲਈ। ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਅਜਬ ਸਿੰਘ ਯਾਰਾਂ ਦਾ ਯਾਰ ਹੈ, ਇਸ ਗੱਲ ਦਾ ਸਬੂਤ ਇਹ ਹੈ ਕਿ ਅਸਾਂ ਦੋਵਾਂ ਮਿਲ ਕੇ 30 ਸਾਲ ਪਹਿਲਾਂ ਨਰਵਾਲ ਬਾਈਪਾਸ 'ਤੇ ਹੀ ਡੇਢ ਕਨਾਲ ਜਗ੍ਹਾ ਖਰੀਦੀ ਸੀ। ਅਜਬ ਸਿੰਘ ਦੇ ਮਜਬੂਰ ਕਰਨ 'ਤੇ ਹੀ ਅਸਾਂ ਉਥੇ ਇੱਕ ਸ਼ੋਰੂਮ ਬਣਾਇਆ, ਜਿਥੇ ਅੱਜਕੱਲ੍ਹ ਮਹਿੰਦਰਾ ਵਾਲਿਆਂ ਦੀਆਂ ਕਾਰਾਂ ਤੇ ਦੂਜੀਆਂ ਗੱਡੀਆਂ ਵਿਕਦੀਆਂ ਹਨ ਤੇ ਇਸ ਸ਼ੋਰੂਮ ਦਾ ਕਿਰਾਇਆ ਸਾਨੂੰ ਦੋਵਾਂ ਨੂੰ ਬਰਾਬਰ ਮਿਲਦਾ ਹੈ ਤੇ ਪੈਂਸ਼ਨ ਤੋਂ ਛੁਟ ਇਸ ਕਿਰਾਏ ਨਾਲ ਮੇਰੀ ਗ੍ਰਹਿਸਥੀ ਵਧੀਆ ਚੱਲ ਰਹੀ ਹੈ। ਅਜਬ ਸਿੰਘ ਨੇ ਮਹਿਮੂਦ ਨੂੰ ਵੀ ਕਈ ਪਲਾਟ ਖਰੀਦਣ ਲਈ ਜ਼ੋਰ ਪਾਇਆ ਜੋ ਉਸਦੀ ਬੱਚੀਆਂ ਦੇ ਵਿਆਹ ਵੇਲੇ ਮਹਿਮੂਦ ਦੇ ਕੰਮ ਆਏ। ਅਜਬ ਸਿੰਘ ਤੇ ਮੈਂ ਮਿਲ ਕੇ ਇੱਕ ਪਲਾਟ ਸ਼੍ਰੀਨਗਰ ਵਿੱਚ ਵੀ ਖਰੀਦਿਆ ਹੈ। ਜਦੋਂ ਜ਼ਾਕਿਰ ਹੁਸੈਨ ਕਾਰਨ ਮੇਰਾ ਸਾਰਾ ਪਰਿਵਾਰ ਮੁਸੀਬਤ ਤੇ ਪ੍ਰੇਸ਼ਾਨੀ ਵਿੱਚ ਫਸਿਆ ਸੀ ਤਾਂ ਉਸ ਸਮੇਂ ਅਜਬ ਸਿੰਘ ਇੱਕ ਦੀਵਾਰ ਵਾਂਗ ਮੇਰੇ ਪਿੱਛੇ ਖੜਾ ਰਿਹਾ ਤੇ ਮੇਰੇ ਬੁਰੇ ਵਕਤ ਦਾ ਭਾਈਵਾਲ ਬਣਿਆ ਰਿਹਾ। ਸੰਨ 2011 ਵਿੱਚ ਅਜਬ ਸਿੰਘ ਨੂੰ ਇੱਕ ਕਤਲ ਕੇਸ ਵਿੱਚ ਫਸਾਇਆ ਗਿਆ, ਜਦਕਿ ਕਤਲ ਵੀ ਉਸਦੇ ਦੋਸਤ ਤੇ ਦੋਸਤ ਦੀ ਪਤਨੀ ਤੇ ਧੀ ਦਾ ਹੋਇਆ ਸੀ। ਇਸ ਕਤਲ ਵਿੱਚ ਉਸਦੇ ਨਿੱਕੇ ਭਰਾ ਤਿਰਲੋਚਨ ਸਿੰਘ ਵਜ਼ੀਰ ਨੂੰ ਵੀ ਫਸਾਇਆ ਗਿਆ। ਅੱਜ ਉਹ ਦੋਵੇਂ ਜ਼ਮਾਨਤ 'ਤੇ ਬਾਹਰ ਹਨ, ਪਰ ਮੁਕਦਮਾ ਅਦਾਲਤ ਵਿੱਚ ਚੱਲ ਰਿਹਾ ਹੈ। ਇਨ੍ਹਾਂ ਦੇ ਖਿਲਾਫ ਸਾਜ਼ਿਸ਼ ਦੀਆਂ ਤਾਰਾਂ ਬੜੀ ਦੂਰ ਤਕ ਜਾਂਦੀਆਂ ਹਨ ਤੇ ਇਸ ਬਾਰੇ ਮੈਂ ਹੋਰ ਕੁੱਝ ਨਹੀਂ ਕਹਿਣਾ ਚਾਹੁੰਦਾ, ਕਿਉਂਕਿ ਮਾਮਲਾ ਅਦਾਲਤ ਵਿੱਚ ਹੈ। ਅਜਬ ਸਿੰਘ ਦੇ ਜੇਲ੍ਹ ਜਾਣ ਮਗਰੋਂ ਮਹਿਮੂਦ ਤੇ ਬਾਕੀ ਯਾਰ ਬੇਲੀਆਂ ਦੀਆ ਮਹਿਫਲਾਂ ਉਜੜ ਗਈਆਂ। ਰੌਣਕਾਂ ਖ਼ਤਮ ਹੋ ਗਈਆਂ ਸਨ, ਪਰ ਮਹਿਮੂਦ ਫਿਰ ਵੀ ਕਦੇ-ਕਦੇ ਆਪਣੀ ਆਦਤ ਵਜੋਂ ਹੱਸਦਾ, ਹਸਾਂਦਾ ਰਹਿੰਦਾ ਹੈ, ਲਤੀਫੇ ਸੁਣਾਉਂਦਾ ਰਹਿੰਦਾ ਹੈ। ਮਹਿਮੂਦ ਅਹਿਮਦ ਕਿਸ਼ਤਵਾੜ ਦੇ ਪੁਰਾਣੇ ਰਾਜਪੂਤ ਰਾਜਿਆਂ ਦੀ ਵੰਸ਼ ਵਿੱਚੋਂ ਹੈ ਅਤੇ ਅਜਬ ਸਿੰਘ ਭੋਟ ਭਾਈਆਂ (ਜ਼ਿਲ੍ਹਾ ਬਾਗ ਪਾਕਿਸਤਾਨੀ ਕਸ਼ਮੀਰ ਵਿੱਚ) ਦੇ ਜਗੀਰਦਾਰਾਂ ਦਾ ਪੁੱਤ ਹੈ। ਮਹਿਮੂਦ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਜੰਮੂ ਸ਼ਹਿਰ ਦੀ ਮੁਸਲਿਮ ਬਰਾਦਰੀ ਵਿੱਚ ਕਿਸੇ ਵੀ ਘਰ

ਕੋਈ ਮਰ ਜਾਏ ਤਾਂ ਉਹ ਗੁਸਲ ਦੇਣ, ਕੱਫਣ ਸੀਣ, ਕਬਰ ਬਣਾਉਣ ਤੇ ਜਨਾਜ਼ਾ ਪੜ੍ਹਾਣ ਦੇ ਕੰਮਾਂ ਵਿੱਚ ਸਭ ਤੋਂ ਅੱਗੇ ਰਹਿੰਦਾ ਹੈ ਅਤੇ ਗ਼ਰੀਬ ਮਸਕੀਨਾਂ ਦੇ ਮੁਰਦਿਆਂ ਨੂੰ ਦਫਨਾਉਣ ਦਾ ਸਾਰਾ ਖ਼ਰਚ ਆਪ ਕਰਦਾ ਹੈ ਅਤੇ ਹਿੰਦੂ-ਸਿੱਖ ਭਰਾਵਾਂ ਦੇ ਨਤ੍ਹੋਏ ਵੀ ਜ਼ਰੂਰ ਜਾਂਦਾ ਹੈ। ਇੰਝ ਹੀ ਆਪਣੀ ਬਰਾਦਰੀ, ਰਿਸ਼ਤੇਦਾਰ ਤੇ ਯਾਰ ਦੋਸਤਾਂ ਦੇ ਘਰਾਂ ਵਿੱਚ ਹੋਣ ਵਾਲੀਆਂ ਸ਼ਾਦੀਆਂ ਦਾ ਸਾਰਾ ਇੰਤਜ਼ਾਮ ਵੀ ਉਹ ਆਪ ਕਰਦਾ ਹੈ। ਰੱਬ ਇਸ ਜੀਊਣਯੋਗੇ ਰੌਣਕੀ ਬੰਦੇ ਨੂੰ ਸਦਾ ਬਾਗ਼ ਬਹਾਰਾਂ ਦੱਸੇ ਤੇ ਉਹ ਹਮੇਸ਼ਾ ਹੱਸਦਾ ਤੇ ਹੱਸਾਂਦੇ ਰਹੇ।

ਖ਼ਾਲਿਦ ਸਾਹਿਬ ਦੀ ਬੇਟੀ ਡਾ. ਸਿੰਮੀ (ਸੱਮੀਆ) ਨੇ ਖ਼ਾਲਿਦ ਸਾਹਿਬ ਦੀ ਜ਼ਾਤੀ ਜ਼ਿੰਦਗੀ ਦੀਆਂ ਕਈ ਪਰਤਾਂ ਵੀ ਖੋਲੀਆਂ ਸਨ ਤੇ ਦੱਸਿਆ ਸੀ ਕਿ ਖ਼ਾਲਿਦ ਸਾਹਿਬ ਇੱਕ ਜ਼ਿੰਮੇਦਾਰ ਵਿਅਕਤੀ ਸਨ। ਬੀਵੀ, ਬੱਚਿਆਂ ਨੂੰ ਪਿਆਰ ਕਰਨ ਵਾਲੇ ਤੇ ਉਨ੍ਹਾਂ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਣ ਤੇ ਉਨ੍ਹਾਂ ਦੀਆਂ ਰੀਝਾਂ ਪੂਰੀਆਂ ਕਰਨ ਵਾਲੇ ਇਨਸਾਨ ਸਨ। ਉਹ ਇੱਕ ਵੱਡੇ ਦਿਲ-ਗੁਰਦੇ ਦੇ ਮਾਲਿਕ ਸਨ ਤੇ ਬੁਰੇ ਵਕਤ ਨੂੰ ਵੀ ਹੱਸ ਕੇ ਗੁਜ਼ਾਰਨਾ ਜਾਣਦੇ ਸਨ। ਉਨ੍ਹਾਂ ਆਪਣੀ ਬੇਟੀ ਨੂੰ ਕਈ ਵਾਰੀ ਕਿਹਾ ਸੀ ਕਿ ਜਦ ਵੀ ਉਹ ਆਪਣੀ ਸ੍ਵੈਜੀਵਨੀ ਲਿਖਣਗੇ ਤਾਂ ਆਪਣੇ ਮਿੱਤਰਾਂ ਬਾਰੇ ਸੱਚੀਆਂ ਤੇ ਸਿਰਫ ਸੱਚੀਆਂ ਗੱਲਾਂ ਹੀ ਲਿਖਣਗੇ ਤੇ ਆਪਣੇ ਕਿਰਦਾਰ ਦੇ ਜੁੱਸੇ ਨੂੰ ਨੰਗਿਆ ਕਰਨ ਵਿੱਚ ਜ਼ਰਾ ਵੀ ਸੰਕੋਚ ਨਹੀਂ ਕਰਨਗੇ। ਇਹ ਜਾਣਦਿਆਂ ਹੋਇਆਂ ਵੀ ਕਿ ਕਿਸੇ ਵੀ ਯੁੱਗ ਵਿੱਚ, ਕਿਸੇ ਵੀ ਵਿਅਕਤੀ ਨੇ ਸੱਚ ਕਦੇ ਵੀ ਬਰਦਾਸ਼ਤ ਨਹੀਂ ਕੀਤਾ, ਫਿਰ ਵੀ ਉਹ ਆਪਣੀ ਪਤਨੀ ਤੇ ਬੱਚਿਆਂ ਦੇ ਸਮਝਾਉਣ ਦੇ ਬਾਵਜੂਦ ਵੀ ਮਨਫੀ ਗੱਲਾਂ ਵੀ ਲਿਖਣੀਆਂ ਚਾਹੁੰਦੇ ਸਨ, ਪਰ ਸ਼ਾਇਦ ਰੱਬ ਨੇ ਉਨ੍ਹਾਂ ਨੂੰ ਇਨੀ ਵਿਹਲ ਨਹੀਂ ਦਿੱਤੀ ਕਿ ਉਹ ਆਪਣੇ ਆਪ ਨੂੰ ਤੇ ਯਾਰ ਬੇਲੀਆਂ ਨੂੰ ਨੰਗਿਆਂ ਕਰਦੇ। ਸ਼ਾਇਦ ਰੱਬ ਦੀ ਇਹੋ ਰਜ਼ਾ ਹੋਵੇਗੀ। ਪਰ ਸਾਨੂੰ ਉਨ੍ਹਾਂ ਦੇ ਲੇਖ ਤੇ ਕਹਾਣੀਆਂ ਪੜ੍ਹ ਕੇ ਇਹ ਗੱਲ ਮੰਨਣੀ ਪਵੇਗੀ ਕਿ ਉਹ ਕਦੇ ਵੀ ਕਿਸੇ ਲਈ ਬੁਰਾ ਨਹੀਂ ਸਨ ਲਿਖ ਸਕਦੇ ਤੇ ਨਾ ਹੀ ਬੁਰਾ ਸੁਣ ਜਾ ਬੋਲ ਸਕਦੇ ਸਨ। ਉਹ ਸਾਰਿਆਂ ਦੇ ਹਰਮਨ ਪਿਆਰੇ ਸਨ ਤੇ ਸਭਨਾ ਦੇ ਦਿਲਾਂ ਵਿੱਚ ਉਨ੍ਹਾਂ ਦੀਆਂ ਯਾਦਾਂ ਜ਼ਿੰਦਾ ਰਹਿਣਗੀਆਂ, ਕਿਉਂਕਿ ਇੱਕ ਜ਼ਿੰਦਾ ਦਿਲ, ਨੇਕ, ਹਮਦਰਦ ਤੇ ਕਰਮਯੋਗੀ ਆਤਮਾ ਹਮੇਸ਼ਾ ਜ਼ਿੰਦਾ ਰਹਿੰਦੀ ਹੈ। ਖ਼ਾਲਿਦ ਸਾਹਿਬ ਧਰਤੀ ਨਾਲ ਜੁੜੇ ਵਿਅਕਤੀ ਸਨ। ਉਨ੍ਹਾਂ ਜ਼ਿੰਦਗੀ ਦੀਆਂ ਥੁੜਾਂ, ਮਾਯੂਸੀਆਂ, ਉਦਾਸੀਆਂ ਤੇ ਮੁਸੀਬਤਾਂ ਝੱਲੀਆਂ। ਸੰਘਰਸ਼-ਮਈ ਜੀਵਨ ਜੀਊਂਦਿਆਂ ਤੇ ਮਿੱਟੀ ਵਿੱਚ ਰੁਲਦਿਆਂ-ਰੁਲਦਿਆਂ ਧੁਰ ਟੀਸੀ ਤਕ ਪਹੁੰਚੇ ਤੇ ਫਿਰ ਵੇਖਦੇ ਹੀ ਵੇਖਦੇ ਉਨ੍ਹਾਂ ਆਪਣੇ ਹਿੱਸੇ ਦਾ ਅਸਮਾਨ ਛੂਹ ਲਿਆ। ਉਹ ਆਪਣੇ ਪਰਿਵਾਰ ਤੇ ਦੋਸਤਾਂ ਲਈ ਇੱਕ ਵੱਡਾ ਬਿਰਖ ਬਣ ਕੇ ਉਭਰੇ, ਜਿਸਦੀ ਛਾਂ ਸਾਰਿਆਂ ਨੇਂ ਮਾਣੀ।

ਉਨ੍ਹਾਂ ਦੀਆਂ ਕਹਾਣੀਆਂ ਜੇ ਆਪਣੇ ਵੇਲੇ ਦੀ ਤਰਜ਼ਮਾਨੀ ਕਰਦੀਆਂ ਹਨ ਤਾਂ ਅੱਜ ਦੇ ਸਮੇਂ ਤੇ ਹਾਲਾਤ ’ਤੇ ਵੀ ਪੂਰੀ ਤਰ੍ਹਾਂ ਢੁੱਕਦੀਆਂ ਹਨ। ਨੌਜਵਾਨ ਪੰਜਾਬੀ ਲਿਖਾਰੀ ਉਨ੍ਹਾਂ ਦੀਆਂ ਕਹਾਣੀਆਂ ਪੜ੍ਹ ਕੇ ਭਾਸ਼ਾ, ਕਹਾਣੀ ਦੀ ਬੁਣਤਰ, ਕਲਾ-ਕੁਸ਼ਲਤਾ ਅਤੇ ਹੋਰ ਦੂਜੇ ਗੁਣਾਂ ਤੋਂ ਬਹੁਤ ਕੁੱਝ ਸਿੱਖ ਸਕਦੇ ਹਨ, ਖ਼ਾਸਕਰ ਮੇਰੇ ਜਿਹੇ ਨਵੇਂ ਕਹਾਣੀਕਾਰ। ਉਨ੍ਹਾਂ ਦੇ ‘ਕੁੱਲ’ (ਸੋਗ ਦਾ ਤੀਜਾ ਦਿਨ ਜਿਸ ਵਿੱਚ ਮਰਨ ਵਾਲੇ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਜਾਂਦੀ ਹੈ ਅਤੇ ਕੁਰਾਨ ਮਜੀਦ ਨੂੰ ਪੂਰਾ ਪੜ੍ਹਿਆ ਜਾਂਦਾ ਹੈ ਤੇ ਫੇਰ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ।) ਦੀ ਰਸਮ ਮੁੱਕਣ ’ਤੇ ਸਾਰੇ ਰਿਸ਼ਤੇਦਾਰ ਤੇ ਯਾਰ-ਬੇਲੀ ਆਪਣੇ-ਆਪਣੇ ਘਰਾਂ ਨੂੰ ਜਾ ਚੁੱਕੇ ਸਨ, ਪਰ ਪਰਿਵਾਰਕ ਬੰਦਿਆਂ ਦੇ ਸਿਰਾਂ ਉਤੇ ਖ਼ਾਲਿਦ ਸਾਹਿਬ ਦੇ ਨਾਂ ਦੀ ਛਾਂ ਕਾਇਮ ਰਹੇ, ਉਸ ਲਈ ਉਹ ਪਰਿਵਾਰ ਲਈ ਇੱਕ ਚੁਣੌਤੀ ਛੱਡ ਗਏ ਹਨ। ਉਹ ਚੁਣੌਤੀ ਇਹ ਹੈ ਕਿ ਉਨ੍ਹਾਂ ਦੀ ਸਾਹਿਤਕ ਵਿਰਾਸਤ ਨੂੰ ਅੱਗੇ ਤੋਰਨ ਵਾਲਾ ਜ਼ਰੂਰ ਕੋਈ ਜਾਨਸ਼ੀਨ ਹੋਣਾ ਚਾਹੀਦਾ ਹੈ, ਉਹ ਭਾਵੇਂ ਉਨ੍ਹਾਂ ਦੇ ਬੱਚੇ ਹੋਣ ਜਾਂ ਪੋਤਰੇ, ਪੋਤਰੀਆਂ ਜਾਂ ਦੋਤਰੇ, ਤਾਂ ਜੋ ਇਹ ਸਾਹਿਤਕ ਬਿਰਖ ਹਰਾ-ਭਰਾ ਰਹਿ ਸਕੇ ਤੇ ਇਸ ਦੀ ਛਾਂ ਲੰਬੇ ਸਮੇਂ ਤਕ ਪਰਿਵਾਰਕ ਮੈਂਬਰ, ਰਿਸ਼ਤੇਦਾਰ ਤੇ ਯਾਰ-ਬੇਲੀ ਮਾਣ ਸਕਣ।


ਪੰਜਾਬੀ ਭਾਸ਼ਾ, ਸਾਹਿਤ ਪ੍ਰਤੀ ਉਨ੍ਹਾਂ ਦਾ ਸਾਰਾ ਜੀਵਨ ਹੀ ਸਮਰਪਿਤ ਸੀ, ਇਸ ਗੱਲ ਦਾ ਪਤਾ ਇੱਥੋਂ ਵੀ ਲੱਗਦਾ ਹੈ ਕਿ ਉਨ੍ਹਾਂ ਆਪਣੇ ਖ਼ਰਚੇ ’ਤੇ ਸਾਹਿਤਕਾਰ ਮਿੱਤਰਾਂ ਬੇਲੀਆਂ ਲਈ ‘ਬਾਬਾ ਫਰੀਦ ਭਵਨ’ ਵੀ ਉਸਾਰਿਆ, ਜਿਸ ਵਿੱਚ ਲਗਭਗ 70-80 ਬੰਦੇ ਖੁੱਲ੍ਹੇ-ਡੁੱਲ੍ਹੇ ਬਹਿ ਸਕਦੇ ਹਨ ਤੇ ਸਾਹਿਤਕ ਮਿਲਣੀਆਂ, ਗੋਸ਼ਟੀਆਂ ਤੇ ਕਵੀ ਸੰਮੇਲਨ ਕਰ ਸਕਦੇ ਹਨ। ਉਨ੍ਹਾਂ ਇਸ ਹਾਲ ਵਿੱਚ ਸੋਫੇ, ਕੁਰਸੀਆਂ, ਮਿਊਜ਼ਿਕ ਸਿਸਟਮ ਤੇ ਏਅਰ ਕੰਡੀਸ਼ਨਰ ਵੀ ਲਵਾਏ ਤਾਂ ਜੋ ਸਾਹਿਤਕਾਰ ਮਿੱਤਰਾਂ ਨੂੰ ਬਿਨਾਂ ਕੋਈ ਪੈਸਾ ਖ਼ਰਚਿਆਂ ਪੂਰੀ ਸਹੂਲਤ ਮਿਲ ਸਕੇ। ‘ਬਾਬਾ ਫਰੀਦ ਸੈਮੀਨਾਰ ਹਾਲ’ ਵਿੱਚ ਕਈ ਵਧੀਆ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ। ਇਸ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਦੇ ਜੀਵਨ ਦਾ ਮਕਸਦ ਆਪਣੀ ਜ਼ਾਤ ਨੂੰ ਦੂਜਿਆਂ ਲਈ ਸਮਰਪਿਤ ਕਰਨਾ ਸੀ। ਮੇਰੀ ਨਜ਼ਰ ਵਿੱਚ ਉਹ ਇੱਕ ਵਧੀਆ ਇਨਸਾਨ, ਸਾਹਿਤਕਾਰ ਤੇ ਚਿਰਜੀਵੀ ਕਹਾਣੀਕਾਰ ਸਨ ਤੇ ਉਹ ਸਦਾ ਜ਼ਿੰਦਾ ਰਹਿਣਗੇ, ਕਿਉਂਕਿ ਉਨ੍ਹਾਂ ਦੇ ਮੁਰਸ਼ਦ ਬੁੱਲ੍ਹੇ ਸ਼ਾਹ ਨੇ ਕਿਹਾ ਸੀ-

“ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ
ਗੋਰ ਪਇਆ ਕੋਈ ਹੋਰ।”


*** *** ***



ਪੁੰਣਛ ਵਿਖੇ ਫੌਜੀ ਸਮਾਗਮ ਦੌਰਾਨ ਭਾਸ਼ਨ ਕਰਦੇ ਹੋਏ



ਹਰਿੰਦਰ ਸਿੰਘ ਮਹਿਬੂਬ, ਅਵਤਾਰ ਸਿੱਧੂ ਅਤੇ ਖ਼ਾਲਿਦ ਹੁਸੈਨ



ਡਾ. ਹਰਨਾਮ ਸਿੰਘ ਸ਼ਾਨ, ਡਾ. ਅਨੂਪ ਸਿੰਘ, ਖ਼ਾਲਿਦ ਹੁਸੈਨ, ਜਸਵੰਤ ਸਿੰਘ ਕੰਵਲ ਅਤੇ ਹੋਰ




ਮਸੂਦ ਖ਼ੱਦਰਪੋਸ਼ ਵੱਲੋਂ ਸਨਮਾਨ ਲੈਂਦੇ ਹੋਏ




ਵਿਸ਼ਵ ਪੰਜਾਬੀ ਕਾਨਫਰੰਸ ਲਾਹੌਰ ਵਿਖੇ ਪਾਕਿਸਤਾਨੀ ਪੰਜਾਬੀ ਅਦੀਬਾਂ ਨਾਲ



ਜੰਮੂ ਵਿਚ ਜਸ਼ਨ-ਏ-ਫ਼ੈਜ਼ ਦੇ ਮੁਸ਼ਾਇਰੇ ਦਾ ਅਨੰਦ ਲੈਂਦੇ ਹੋਏ



ਅਫ਼ਜਲ ਅਹਿਸਨ ਰੰਧਾਵਾ, ਹਰਭਜਨ ਸਿੰਘ ਭਾਟੀਆ, ਤਰਲੋਕ ਸਿੰਘ ਤੇ ਅਵਤਾਰ ਸਿੱਧੂ ਦੇ ਨਾਲ



ਪ੍ਰਸਿੱਧ ਨਾਵਲਕਾਰ ਜਸਵੰਤ ਕੰਵਲ ਨਾਲ



ਜਸ਼ਨ-ਏ-ਫ਼ੈਜ਼ ਵਿਚ ਸ਼ਾਮਲ ਹੋਏ ਪਾਕਿਸਤਾਨੀ ਸ਼ਾਇਰ ਤੇ ਗਾਇਕ, ਕਿਸ਼ਵਰ ਨਾਹੀਦ, ਆਯੂਬ ਖ਼ਾਵਰ, ਅਨਵਰ ਮਸੂਦ, ਐਜ਼ਾਜ਼ ਅਹਿਮਦ, ਆਜ਼ਰ, ਉਸਤਾਦ ਹਾਮਦ ਅਲੀ ਤੇ ਨਾਯਾਬ ਅਲੀ ਨਾਲ





ਪ੍ਰਸਿੱਧ ਇਤਿਹਾਸਕਾਰ ਤੇ ਕਵੀ ਵਲੀ ਮਹੁੰਮਦ ਅਸੀਰ ਨਾਲ




ਹੀਰਾ ਸਿੰਘ ਗਾਬੜੀਆ ਮੰਤਰੀ, ਰਕੇਸ਼ ਪਾਂਡੇ ਐਮ.ਐਲ.ਏ., ਸਰੂਪ ਸਿੰਘ ਅਲੱਗ ਵੱਲੋਂ ਸਨਮਾਨ ਲੈਂਦੇ ਹੋਏ



ਲਹਿਰਾਂ ਪੰਜਾਬੀ ਲਾਹੌਰ ਦੇ ਸੰਪਾਦਕ ਅਖ਼ਤਰ ਹੁਸੈਨ ਅਖ਼ਤਰ ਦੇ ਨਾਲ





ਪਾਕਿਸਤਾਨ ਰਾਈਟਰਜ਼ ਗਿਲਡ ਦੇ ਅਹੁਦੇਦਾਰ ਇਲਿਆਸ ਘੁੰਮਣ ਤੇ ਰਾਜਾ ਰਸਾਲੂ ਨਾਲ



ਬਚਪਨ ਦੇ ਯਾਰ ਤੇ ਕੈਬਨਿਟ ਮੰਤਰੀ ਤਾਜ਼ ਮਹੁ-ਊ-ਦੀਨ



ਸੁਰਜੀਤ ਪਾਤਰ, ਡਾ. ਸਿੱਧੂ ਅਤੇ ਖ਼ਲਿਦ ਹੁਸੈਨ




ਸ੍ਰੀ ਇਕਬਾਲ ਖਾਂਡੇ ਤੇ ਮਹਿਮੂਦ ਨਾਲ




ਪਾਕਿਸਤਾਨੀ ਅਦੀਬਾਂ ਨਾਲ ਫਲੈਟੀ ਹੋਟਲ ਲਾਹੌਰ ਵਿਖੇ



ਲਾਹੌਰ ਵਿਖੇ ਪ੍ਰਸਿੱਧ ਗਾਇਕ ਪਰਵੇਜ਼ ਮੇਹੰਦੀ ਤੇ ਸ਼ਾਇਰ ਅਸਲਮ ਗੁਰਦਾਸਪੁਰੀ ਨਾਲ



ਪਿਤੰਬਰ ਲਾਲ ਗੁਪਤਾ ਆਈ.ਏ.ਐਸ., ਸੁਧੀਰ ਸਿੰਘ ਬਲੋਰੀਆ ਆਈ.ਏ.ਐਸ. ਅਤੇ ਪੀਧਰ ਚਕਰਵਰਤੀ ਆਈ.ਐਸ. ਨਾਲ ਪੁੰਣਛ ਦੇ ਇਕ ਸਮਾਗਮ ਵਿਚ



ਪ੍ਰੋ. ਆਸ਼ਿਕ ਰਹੀਲ ਨਾਲ





ਪ੍ਰਸਿੱਧ ਉਰਦੂ ਤੇ ਪੰਜਾਬੀ ਦੇ ਸ਼ਾਇਰ ਮੁਨੀਰ ਨਿਆਜ਼ੀ ਤੇ ਹਕੀਮ ਸ਼ਹਿਜ਼ਾਦ ਨਾਲ ਲਾਹੌਰ ਦੇ ਇਕ ਸਮਾਗਮ ਵਿਚ



ਮਿਸ ਸੁਸ਼ਮਾ ਚੌਧਰੀ ਆਈ.ਏ.ਐਸ., ਅਸ਼ੋਕ ਅੰਗੂਰਾਣਾ ਆਈ.ਏ.ਐਸ. ਤੇ ਹੋਰ ਸਾਥੀਆਂ ਨਾਲ



ਡਾ. ਸਤੀਸ਼ ਕੁਮਾਰ ਵਰਮਾਂ, ਤਰਲੋਕ ਸਿੰਘ, ਬੀਬਾ ਬਲਵੰਤ ਨਾਲ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ



ਸੁਰਜੀਤ ਸੱਖੀ ਨਾਲ



ਸੁਰਜੀਤ ਸਖੀ, ਸਰਦਾਰ ਪੰਛੀ ਤੇ ਹੋਰ ਸ਼ਾਇਰਾਂ ਨਾਲ ਡੋਡਾ ਸ਼ਹਿਰ ਵਿਖੇ




ਆਪਣੀ ਕਿਤਾਬ 'ਨੂਰੀ ਰਿਸ਼ਮਾਂ' ਦੀ ਘੁੰਡ ਚੁਕਾਈ ਸਮੇਂ ਮੌਲਾਨਾ ਫਸੀਲ-ਉਲ-ਰਹਿਮਾਨ,
ਮੁਫਤੀਆਜ਼ਮ ਪੰਜਾਬ ਤੇ ਹੋਰ ਸਾਥੀਆਂ ਨਾਲ




ਆਪਣੇ ਦੋਸਤਾਂ ਹਾਜੀ ਰਸ਼ੀਦ, ਅਜਬ ਸਿੰਘ ਤੇ ਮਹਿਮੂਦ ਨਾਲ



ਸੁਖਵਿੰਦਰ ਅੰਮ੍ਰਿਤ ਤੇ ਸੁਰਜੀਤ ਪਾਤਰ ਨਾਲ



ਪਾਕਿਸਤਾਨੀ ਕਸ਼ਮੀਰ ਦੇ ਸ਼ਹਿਰ ਮੀਰਪੁਰ ਵਿਖੇ ਇਕ ਸਮਾਗਮ ਨੂੰ ਖ਼ਤਾਬ ਕਰਦਿਆਂ ਹੋਇਆਂ




ਪਾਕਿਸਤਾਨੀ ਸ਼ਾਇਰ ਕੰਵਲ ਮੁਸ਼ਤਾਕ ਨਾਲ ਲਾਹੌਰ ਵਿਖੇ




ਮੀਰਪੁਰ, ਪਕਿਸਤਾਨ ਦੇ ਇਕ ਸਮਾਗਮ ਵਿਚ ਰੀਟਾਇਰਡ ਚੀਫ਼ ਜਸ਼ਟਿਸ ਅਬਦੁੱਲ ਮਜੀਦ ਮਲਕ ਵੱਲੋਂ ਸਨਮਾਨ ਲੈਂਦੇ ਹੋਏ





ਪੁੰਣਛ ਵਿਖੇ ਪ੍ਰਸਿਧ ਉਰਦੂ ਕਵੀ ਬਸ਼ੀਰ ਬਦਰ ਦਾ ਤਾਅਰੁਫ਼ ਕਰਵਾਉਂਦਿਆਂ ਹੋਇਆਂ




ਆਪਣੀ ਪਤਨੀ ਨਸੀਮ ਫਿਰਦੌਸ, ਬੇਟੀ ਹੁਮਾ ਅਤੇ ਵੱਡੇ ਦਾਮਾਦ ਆਯੂਬ ਨਾਲ



ਖ਼ਾਲਿਦ ਹੁਸੈਨ ਦੇ ਬੱਚੇ ਜ਼ਾਕਿਰ, ਹੁਮਾ, ਸਿਮੀ ਤੇ ਯਾਸਿਰ



ਸ੍ਰੀ ਨਗਰ ਵਿਖੇ 1975 ਵਿਚ ਹੋਈ ਕੁੱਲ ਹਿੰਦ ਪੰਜਾਬੀ ਕਾਨਫਰੰਸ ਦੇ ਮੁੱਖ ਪ੍ਰਾਹੁਣੇ ਗਿਆਨੀ ਜੈਲ ਸਿੰਘ ਮੁੱਖ ਮੰਤਰੀ ਪੰਜਾਬ ਦਾ ਸਵਾਗਤ ਕਰਦਿਆਂ ਹੋਇਆਂ




ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਗੋਲਡਨ ਜੂਬਲੀ ਦੇ ਸਮਾਗਮ ਦੌਰਾਨ ਸਨਮਾਨ ਦਿੰਦੇ ਹੋਏ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਵਾਈਸ ਚਾਂਸਲਰ ਜਸਪਾਲ ਸਿੰਘ ਜੀ



ਕਮਲਦੀਪ ਸਿੰਘ ਅਤੇ ਖ਼ਾਲਿਦ ਹੁਸੈਨ ਆਪਣੀ ਕਿਤਾਬ ਦੀ ਪਰੂਫ ਗੀਡਿੰਗ ਕਰਦੇ ਹੋਏ



ਪੰਜਾਬੀ ਅਤੇ ਉਰਦੂ ਦੇ ਪ੍ਰਸਿੱਧ ਸ਼ਾਇਰ ਤੇ ਆਪਣੇ ਪਰਮ ਮਿੱਤਰ ਵਿਦਿਆ ਰਤਨ ਆਸੀ ਤੇ ਸਤੀਸ਼ ਗੁਲਾਟੀ ਨਾਲ




ਹਿੰਦ ਪਾਕ ਅਦੀਬਾਂ ਤੇ ਕਲਾਕਾਰਾਂ ਨਾਲ ਲਾਹੌਰ ਵਿਚ




ਖ਼ਾਲਿਦ ਦਾ ਪੋਤਰਾ ਯਸ਼ੱਬ



ਖ਼ਾਲਿਦ ਦੇ ਦੋਹਤਰੇ ਗੋਹਰ ਤੇ ਅਹਿਮਰ




ਡਾ. ਸੁਦੀਰ ਸਿੰਘ ਬਲੌਰੀਆ (ਵਾਈਸ ਚਾਂਸਲਰ ਸੈਨਟਰਲ ਯੂਨੀਵਰਸਿਟੀ ਜੰਮੂ) ਅਤੇ ਪ੍ਰੋ. ਮੋਹਨਪਾਲ ਸਿੰਘ ਈਸ਼ਰ (ਵਾਈਸ ਚਾਂਸਲਰ ਜੰਮੂ ਯੂਨੀਵਰਸਿਟੀ) ਖ਼ਾਲਿਦ ਹੁਸੈਨ ਦੀ ਉਰਦੂ ਪੁਸਤਕ 'ਸਤੀਸਰ ਕਾ ਸੂਰਜ' ਦੀ ਮੂੰਹ ਵਿਖਾਲੀ ਕਰਦੇ ਹੋਏ




ਸ੍ਰੀ ਪਰਵੇਜ਼ ਦੀਵਾਨ ਆਈ.ਏ.ਐਸ. ਤੇ ਖ਼ਾਲਿਦ ਕਿਫਾਇਤ ਨਾਲ




ਕਸੂਰ ਵਿਚ ਬੁੱਲ੍ਹੇ ਸ਼ਾਹ ਦੇ ਮਜ਼ਾਰ ਤੇ ਚਾਦਰ ਚੜ੍ਹਾਉਂਦੇ ਹੋਏ




ਅਲਾਮਾ ਇਕਬਾਲ ਦੇ ਮਜ਼ਾਰ 'ਤੇ ਹਾਜ਼ਰੀ ਦਿੰਦੇ ਹੋਏ ਆਪਣੀ ਪਤਨੀ ਨਾਲ




ਆਪਣੀ ਖਾਲਾ ਰਜ਼ੀਆ ਤੇ ਜ਼ੁਬੈਦਾ ਨਾਲ ਗੁਲਬਰਗ ਲਾਹੌਰ ਵਿਚ



ਡਾ. ਲਲਿਤ ਗੁਪਤਾ ਤੇ ਡਾ. ਲਿਆਕਤ ਜ਼ਾਫ਼ਰੀ ਨਾਲ



ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਲਾਹੌਰ ਵਿਖੇ



ਆਪਣੇ ਬੇਟੇ ਜ਼ਾਕਿਰ, ਨੂੰਹ ਫਰਹਤ ਬਾਨੋ ਤੇ ਪੋਤਰੀਆਂ ਜ਼ਾਰਾ ਅਤੇ ਰਮਸ਼ਾ

ਖ਼ਾਲਿਦ ਸਾਹਿਬ ਦੀ ਸਵੈਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' 'ਚ ਦਰਅਸਲ ਵਕਤਿਆਂ ਰਾਹੀਂ ਸਵੈਜੀਵਨੀਕਾਰ ਦੀ 'ਮੈਂ' ਹੀ ਬੋਲਦੀ ਹੈ ਪਰ ਨਿੱਜ ਤੋਂ ਵਿੱਥ ਹੋਣ ਕਾਰਨ ਭਾਵ ਦੂਜੇ/ਹੋਰ ਦੇ ਪਰਿਪੇਖ ਤੋਂ ਦੇਖਦਿਆਂ ਸਬਜੈਕਟ ਦੀ ਹੋਂਦ ਬਹੁਬਚਨੀ ਹੋ ਨਿਬੜਦੀ ਹੈ ਕਿਉਂ ਕਿ ਇਹ 'ਮੈਂ' ਸੰਬੋਧਕ ਵੀ ਹੈ ਤੇ ਸੰਬੋਧਨ ਵੀ। ਇਸ ਨੂੰ ਜੀਵਨ/ ਤੱਥ ਤੇ ਸਿਰਜਣਾ/ਗਲਪ ਵਿਚਲੀ ਹੱਦ ਸਮਝਣੀ ਪੈਂਦੀ ਹੈ ਇਸ ਲਈ ਕਿ 'ਮੈਂ' ਕਦੋਂ ਗਲਪ ਹੋ ਜਾਂਦੀ ਹੈ ਤੇ ਕਦੋਂ ਯਥਾਰਥ, ਇਸੇ ਕਾਰਨ ਇਸ ਸੰਤੁਲਨ ਨੂੰ ਬਣਾਏ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਇਥੇ ਹੀ ਖ਼ਾਲਿਦ ਸਾਹਿਬ ਦੀ ਲੇਖਕੀਯ ਰਾਜਨੀਤੀ ਉਭਰਦੀ ਹੈ। ਉਸਨੂੰ ਇਸ ਰਾਜਨੀਤੀ ਦਾ ਗਿਆਨ ਵੀ ਹੈ ਤੇ ਅਧਿਕਾਰ ਵੀ। ਰੋਲਾਂ ਬਾਰਥ ਇਸਨੂੰ ਆਪਣੀ ਕਿਤਾਬ 'ਛਓਮਏਰਓ ਲੁਚਦਿਓ (1984)' ਵਿਚ ਕਹਿੰਦਾ ਹੈ; 'It is my political right to be a subject which i must protect'।

ਪਰ ਖ਼ਾਲਿਦ ਸਾਹਿਬ ਦੀ ਸਵੈਜੀਵਨੀ ਇਸ ਤੋਂ ਵੀ ਪਰ੍ਹਾਂ ਦੀ ਇਕ ਜੁਗਤ ਸਥਾਪਿਤ ਕਰਦੀ ਹੈ ਕਿ ਇਸ 'ਚ ਅੰਨਯਪੁਰਖੀ 'ਮੈਂ' ਦੀ ਥਾਂ ਖ਼ਾਲਿਦ ਸਾਹਿਬ ਆਪਣੀ ਗੱਲ ਆਪਣੇ ਰਿਸ਼ਤੇਦਾਰਾਂ, ਸਹਿਕਰਮੀਆਂ, ਲੇਖਕ ਦੋਸਤਾਂ/ਯਾਰਾਂ ਨੂੰ ਵਕਤੇ ਦੇ ਰੂਪ 'ਚ ਪੇਸ਼ ਕਰਕੇ ਉਨ੍ਹਾਂ ਦੇ ਮੂੰਹੋਂ ਕਹਿਲਵਾਈ ਹੈ। ਇਹ ਵਕਤੇ ਹਨ; ਜ਼ੁਬੈਦਾ (ਭੈਣ), ਨਸੀਰ ਅਹਿਮਦ ਮੀਰ (ਬਾਲੜੀ ਉਮਰ ਦਾ ਦੋਸਤ), ਹਰਭਜਨ ਸਿੰਘ ਸਾਗਰ (ਬਜ਼ਾਤੇ ਖ਼ੁਦ ਕਹਾਣੀਕਾਰ ਤੇ ਖ਼ਾਲਿਦ ਸਾਹਿਬ ਨਾਲ ਕਲੱਰਕ ਦੀ ਨੌਕਰੀ ਦੀ ਸ਼ੁਰੂਆਤ ਕਰਨ ਦਾ ਸਾਥੀ), ਵਲੀ ਮੁਹੰਮਦ ਬੱਟ (ਛੇ ਸਾਲ ਇਕੱਠੇ ਨੌਕਰੀ ਕਰਨ ਦਾ ਸਹਿਕਰਮੀ), ਮੁਹੰਮਦ ਯਾਸੀਨ ਹਮਦਾਨੀ (1975-76 ਦੌਰਾਨ ਦਾ ਸਹਿਕਰਮੀ) ਨੂਰ ਸ਼ਾਹ (ਉਰਦੂ ਅਦੀਬ ਤੇ ਉਸਤਾਦ), ਕੁਲਦੀਪ ਸਿੰਘ ਬੇਦੀ (ਪੱਤਰਕਾਰ ਦੋਸਤ), ਡਾ. ਲਿਆਕਤ ਅਲੀ (ਪੁਣਛ ਤੋਂ ਲੈਕਚਰਾਰ ਦੋਸਤ), ਤਸੱਵਰ ਸਲਾਰੀਆ (ਨਜ਼ਦੀਕੀ ਰਿਸ਼ਤੇਦਾਰ), ਅਖ਼ਤਰ ਹੁਸੈਨ ਗੱਤੂ (ਸਹਿਕਰਮੀ ਤੇ ਸ਼ਾਗਿਰਦ), ਮੁਹੰਮਦ ਸਲੀਮ ਬੇਗ (ਅਫ਼ਸਰ ਦੋਸਤ), ਮੁਸਤਕੀਮ ਬੇਗ (ਪੋਤਰੇ ਦਾ ਮਾਮਾ), ਪਰਵੇਜ਼ ਖ਼ਤੀਬ (ਹੱਜ ਯਾਤਰਾ ਦਾ ਸਾਥੀ), ਯਾਸਿਰ ਇਮਰਾਨ (ਬੇਟਾ), ਸੁਸ਼ੀਲ ਸ਼ਰਮਾ (ਲੇਖਕ ਯਾਰ), ਭੋਲਾ ਨਾਥ (ਦਫ਼ਤਰ ਦਾ ਕਲੱਰਕ) ਜਾਵੇਦ ਅਹਿਮਦ ਨਰਵਰੀ (ਉਰਦੂ-ਕਸ਼ਮੀਰੀ ਲੇਖਕ) ਮੁਹੰਮਦ ਅਸ਼ਰਫ਼ (ਗਵਾਂਢੀ), ਬੀਬਾ ਬਲਵੰਤ, ਪ੍ਰਮਿੰਦਰਜੀਤ (ਲੇਖਕ ਦੋਸਤ), ਕੇਵਲ ਕ੍ਰਿਸ਼ਨ ਕਪੂਰ (ਨੇੜਿਓਂ ਜਾਣਕਾਰ) ਤੇ ਕਮਲਦੀਪ ਸਿੰਘ (ਪੰਜਾਬੀ ਖੋਜ ਵਿਦਿਆਰਥੀ ਤੇ ਅਜ਼ੀਜ਼)। ਮੇਰੀ ਸਮਝ ਮੁਜਬ ਇਹ ਪੰਜਾਬੀ ਸਵੈਜੀਵਨੀ ਸਾਹਿਤ ਵਿਚ ਪਹਿਲੀ ਵਾਰ ਇਸ ਤਰ੍ਹਾਂ ਦਾ ਬਿਰਤਾਂਤੀ ਜੁਗਤ ਘੜ੍ਹਨ ਦਾ ਤਜੁਰਬਾ ਹੈ।

-ਮਨਮੋਹਨ

ISBN 938285105-4

Maati Kudam Karendi Yaar

Chetna Parkashan
Punjabi Bhawan, Ludhiana-141001
(Pb.) INDIA. Ph. 0161-2413613, 2404928
B.O.: Qila Road, Opp. Bus Stand, Kotkapura.
e-mail: chetnaparkashan@gmail.com
website: www.chetnaparkashan.com